
ਮਿੰਟੂ ਬਰਾੜ
ਕੈਂਗਰੂਨਾਮਾ
ਟਾਪੂ ਤੇ ਵਿਚਰਦਿਆਂ
NEXT
85 km
MINTU BRAR
KANGAROONAMA
TAAPOO TE VICHERDIYAN
www.PunjabiLibrary.com

# ਕੈਂਗਰੂਨਾਮਾ

ਮਿੰਟੂ ਬਰਾੜ

**ਲੇਖਕ ਦੇ ਹੋਰ ਰੁਝੇਵੇਂ :**

1. ਮੁੱਖ ਸੰਪਾਦਕ 'ਪੰਜਾਬੀ ਅਖ਼ਬਾਰ' ਆਸਟ੍ਰੇਲੀਆ
2. ਮੈਨੇਜਰ ਹਰਮਨ ਰੇਡੀਓ ਆਸਟ੍ਰੇਲੀਆ
3. ਨਿਰਦੇਸ਼ਕ 'ਕੂਕਾਬਾਰਾ' ਮਾਸਿਕ ਮੈਗਜ਼ੀਨ ਆਸਟ੍ਰੇਲੀਆ
4. ਸਬ-ਐਡੀਟਰ 'ਦੀ ਪੰਜਾਬ' ਆਸਟ੍ਰੇਲੀਆ
5. ਪ੍ਰਧਾਨ, ਪੰਜਾਬੀ ਕਲਚਰਲ ਐਸੋਸੀਏਸ਼ਨ, ਸਾਊਥ ਆਸਟ੍ਰੇਲੀਆ

# ਕੈਂਗਰੂਨਾਮਾ

ਮਿੰਟੂ ਬਰਾੜ

ਤਸਵੀਰ ਪ੍ਰਕਾਸ਼ਨ, ਕਾਲਾਂਵਾਲੀ (ਸਿਰਸਾ)

Book Cover Designed by Vick Singh Adelaide

***KANGAROONAMA***

**(Articles)**

**Mintu Brar**

©– Mintu Brar
22 Kimvu Court
Munno Para West
South Australia 5115
Email : mintubrar@gmail.com
www.mintubrar.com
www.punjabiakhbar.com
www.harmanradio.com
www.kookaburamagazine.com
Australia Mob. +61 434 289 905
India Mob. +91 94678 00004

**First Edition 2014**
**Second Edition 2015**
**Rs. 350/-**
***Printed and Bound in India***
***Published by:***
**TASVEER PARKASHAN**
**Guirdwara Basti**
**Mandi Kalanwali -125201**
**Distt. Sirsa (Haryana)**
**Mob. 094161-24729**
**E-mail: panniwalia@gmail.com**
**Printer: R.K. Offset Prosses, Delhi**

**All rights reserved:**

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced stored in or introduced in to a retrieval system, or transmitted in any form or by any means (electronic, mechanical, photo copying, Recording or otherwise), without the prior written permission of both the copyright owner and the publisher of this book.

# ਸਮਰਪਣ



Late. Sr. Raghubir Singh Brar
1945 to 24.02.2010

ਆਪਣੇ ਪਿਤਾ ਜੀ ਸ੍ਰ. ਰਘੁਬੀਰ ਸਿੰਘ ਬਰਾੜ ਦੇ ਨਾਂ



ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਹਰਪਾਲ ਸਿੰਘ ਪੰਨੂੰ ਨਾਲ ਲੇਖਕ



ਆਸਟ੍ਰੇਲੀਆ ਵਿਖੇ ਡਾ. ਹਰਪਾਲ ਸਿੰਘ ਪੰਨੂੰ ਅਤੇ
ਲੇਖਕ ਆਪਣੇ ਪਰਿਵਾਰਕ ਮੈਂਬਰਾਂ ਨਾਲ

# ਤਤਕਰਾ


1. ਮਿੰਟੂ ਬਰਾੜ ਦਾ 'ਕੈਂਗਰੂਨਾਮਾ'- ਡਾ. ਹਰਪਾਲ ਸਿੰਘ ਪੰਨੂੰ ....................................9
2. ਆਤਮ ਚਿੰਤਨ ਬਨਾਮ ਕੰਗਾਰੂਨਾਮਾ- ਜਸਵੰਤ ਜ਼ਫਰ ....................................12
3. ਸਾਂਝਾਂ ਦੀ ਜਾਗੋ ਕੱਢਦੀ ਪੁਸਤਕ-ਕੈਂਗਰੂਨਾਮਾ- ਡਾ. ਜਗਦੀਸ਼ ਕੌਰ ........................13
4. ਲਕੀਰ ਤੋਂ ਹਟਕੇ ਰਚੀ ਲੇਖਣੀ ਵਾਲਾ ਲੋਕ ਲੇਖਕ ਬਾਈ ਮਿੰਟੂ ਬਰਾੜ-ਬਲਜੀਤ ਬੱਲੀ......15
5. ਦੇਸ਼ ਅਤੇ ਪਰਦੇਸ਼ ਦੀ ਗਾਥਾ- ਕੈਂਗਰੂਨਾਮਾ-ਭੁਪਿੰਦਰ ਪੰਨੀਵਾਲੀਆ .......................17
6. ਕੰਗਾਰੂ, ਕੈਂਗਰੂ ਅਤੇ ਜੁਗਨੂੰਆਂ ਦੇ ਨਾਂ-ਮਿੰਟੂ ਬਰਾੜ .......................................19
7. ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ ਉੱਤੇ ਹੋਏ ਹਮਲਿਆਂ ਪਿਛਲਾ ਸੱਚ ............21
8. ਮੈਲਬਰਨ ਵਿਚ ਭੰਨੇ ਸ਼ੀਸ਼ੇ ਦੀ ਗੂੰਜ ਭਾਰਤੀ ਵਿਦਿਆਰਥੀਆਂ ਨੂੰ ਸੁਣਨ ਲੱਗੀ............31
9. ਮੈਨੂੰ ਕੀ ?.......................................................................................41
10. 'ਯੇਹ ਕੰਬਖ਼ਤ ਇਸ਼ਕ' .........................................................................51
11. ਚਮਤਕਾਰ ਕੋ ਨਮਸਕਾਰ ......................................................................55
12. ਆਸਟ੍ਰੇਲੀਆ 'ਚ ਭੰਗ ਭੁੱਜਦੀ..................................................................63
13. ਦੇਸਾਂ ਵਰਗਾ ਦੇਸ ਹੁੰਦਾ, ਅਸੀਂ ਕਿਉਂ ਜਾਂਦੇ ਪਰਦੇਸ ? ....................................71
14. ਕਿਹੜੀ ਐਨਕ ਨਾਲ ਦੇਖਿਆ ਡਾ. ਹਰਸ਼ਿੰਦਰ ਕੌਰ ਨੇ ਆਸਟ੍ਰੇਲੀਆ ?..................79
15. ਫੇਸਬੁੱਕ ਛਡਾਓ ਕੈਂਪ ...........................................................................85
16. ਫੇਸਬੁੱਕ ਦੇ ਡਾਕੀਏ .............................................................................93
17. ਗੁਰਦਾਸ ਮਾਨ ਨੂੰ ਮਿਲੀ ਡਾਕਟਰੇਟ ਦੀ ਉਪਾਧੀ ਨਾਲ ਮਾਨ ਤੇ ਪੰਜਾਬੀਆਂ ............101
18. ਬੇਬਾਕ ਤੇ ਫ਼ੱਕਰ ਲੇਖਕ ਸੀ 'ਗੁਰਮੇਲ ਸਰਾ' .............................................107
19. ਹਾਅ ਦਾ ਨਾਅਰਾ ..............................................................................117
20. ਹੁਣ ਸਾਡੇ ਰਾਜ ਗਾਇਕ ਸਸਤਾ ਆਟਾ-ਦਾਲ ਵੇਚਿਆ ਕਰਨਗੇ ........................123
21. ਮੌਜਾਂ ਲੈ ਗਿਆ ਬਠਿੰਡੇ ਵਾਲਾ ਭੋਲਾ......................................................129
22. ਠੱਗ ਜੀ..........................................................................................137
23. ਬਚਾਓ-ਬਚਾਓ ਇਹਨਾਂ ਅਖੌਤੀਆਂ ਤੋਂ ਬਚਾਓ ........................................ 145
24. ਸਾਨੂੰ ਨਸਲਵਾਦ ਨਹੀਂ; ਅਸਲਵਾਦ ਨੇ ਮਾਰਿਆ ........................................ 155
25. ਅਲਵਿਦਾ ਕੱਚੀ ਪਹਿਲੀ ਦਿਆ ਪੱਕਿਆ ਯਾਰਾ !........................................ 163
26. ਕਵੀਸ਼ਰ ਤੋਂ ਫ਼ਿਲਮ ਸਟਾਰ ਤਕ- ਹਰਭਜਨ ਮਾਨ ......................................... 169
27. ਸਿਆਸੀ ਕਾਂ......................................................................................177
28. 'ਸ਼ਬਦ ਗੁਰੂ ਦੇ ਵਾਰਿਸ ਭਾਈ ਮਨੀ ਸਿੰਘ ਤੋਂ ਯੋ-ਯੋ ਹੈ-ਨਈ ਸਿੰਘ ਤੱਕ'................. 183
29. ਜਸਪਾਲ ਭੱਟੀ ਨਾਲ ਮੇਰੀ ਅੰਤਿਮ ਸਾਂਝ ................................................193

30. ਜੰਤਰ-ਮੰਤਰ ਗਂਢਾਤੰਤਰ.........................................................,199
31. 'ਰਿਵਰਲੈਂਡ' ਇਕ ਪੰਜਾਬੀ ਝਾਤ..................................................,207
32. 'ਰਿਵਰਲੈਂਡ' ਫ਼ੀਲਡ ਡੇ..........................................................213
33. ਗ੍ਰਿਫ਼ਥ ਖੇਡਾਂ ਮੇਰੀ ਨਜ਼ਰੇ.........................................................217
34. ਨਾ ਖੇਡਾਂ ਨਾ ਖੇਡਣ ਦੇਵਾਂ ਮੈਂ ਤਾਂ ਘੁੱਤੀ 'ਚ ਮੂ.........................................229
35. ਸਚਿਨ ਅਹੂਜਾ ...............................................................233
36. ਕੁਝ ਪੱਖੋਂ ਅਣਗੌਲੀਆਂ ਆਸਟ੍ਰੇਲੀਅਨ ਸਿੱਖ ਖੇਡਾਂ.................................. 241
37. 'ਕੀ ਸਰਤਾਜ ਕੋਈ ਬੰਦੈ'.........................................................249
38. ਲੱਚਰਤਾ ਤੋਂ ਕੋਹਾਂ ਦੂਰ ਅੱਜ ਦੀ ਪੰਜਾਬੀ ਫ਼ਿਲਮ....................................257
39. ਖੁੱਲ੍ਹੀ ਚਿੱਠੀ ਪੰਥ ਦੇ ਲੰਬੜਦਾਰਾਂ ਦੇ ਨਾਂ..............................................265
40. ਦੋਸਤਾਂ ਦੇ ਵਿਚਾਰ........................................................... 271-291

# ਮਿੰਟੂ ਬਰਾੜ ਦਾ 'ਕੈਂਗਰੂਨਾਮਾ'

ਮਈ 2012 ਵਿੱਚ ਮੈਲਬਰਨ ਦੀ ਸਿੱਖ ਸੰਗਤ ਦੇ ਸੱਦੇ ਤੇ ਮੈਂ ਆਸਟ੍ਰੇਲੀਆ ਗਿਆ। ਵਿਭਿੰਨ ਵਿਸ਼ਿਆਂ ਉੱਪਰ ਸਥਾਨਕ ਗੁਰਦੁਆਰਿਆਂ ਦੀ ਸੰਗਤ ਦੇ ਰੂਬਰੂ ਹੋ ਕੇ, ਦਿੱਤਾ ਗਿਆ ਸਿਲੇਬਸ ਮੁਕਾ ਕੇ ਮੈਂ ਐਡੀਲੇਡ ਆ ਗਿਆ ਜਿੱਥੇ ਮੇਰਾ ਛੋਟਾ ਬੇਟਾ ਸੁਖਨਬੀਰ ਸਿੰਘ ਰਹਿੰਦਾ ਹੈ ਤਾਂ ਕਿ ਬਾਕੀ ਦਾ ਸਮਾਂ ਆਪਣੇ ਪਰਿਵਾਰ ਵਿਚ ਬਿਤਾ ਸਕਾਂ। ਮੈਂ ਮਿੰਟੂ ਬਰਾੜ ਨੂੰ ਕਦੀ ਨਹੀਂ ਮਿਲਿਆ ਸਾਂ ਪਰ ਉਹ ਦੁਨੀਆਂ ਭਰ ਦੀ ਖ਼ਬਰ-ਸਾਰ ਲੈਂਦਾ ਹੈ, ਉਸਨੂੰ ਪਤਾ ਲੱਗ ਗਿਆ ਕਿ ਪ੍ਰੋਫੈਸਰ ਪੰਨੂ ਐਡੀਲੇਡ ਆਇਆ ਹੋਇਆ ਹੈ, ਉਹ ਮੇਰੇ ਤੱਕ ਪੁੱਜ ਗਿਆ। ਆਪਣੇ ਬਾਬਤ ਦੱਸਿਆ, ਕੁਝ ਉਤਸ਼ਾਹੀ ਜੁਆਨ ਮੇਰੇ ਇਲਾਕੇ ਦੇ ਸਨ, ਉਨ੍ਹਾਂ ਨਾਲ ਮਿਲਾਉਂਦਿਆਂ ਕਿਹਾ, ''ਆਉਂਦੇ ਸੰਡੇ ਤੁਹਾਡੇ ਨਾਲ ਸਥਾਨਕ ਕਾਲਜ ਦੇ ਹਾਲ ਵਿਚ ਸਰੋਤਿਆਂ ਨਾਲ ਰੂਬਰੂ ਕਰਵਾਉਣੀ ਹੈ।'' ਮਿਥੇ ਦਿਨ ਤੇ ਅਸੀਂ ਦੱਸੇ ਹਾਲ ਵਿਚ ਪੁੱਜ ਗਏ ਜਿੱਥੇ ਸੌ ਦੇ ਲਗਭਗ ਵਡੀ ਛੋਟੀ ਉਮਰ ਦੇ ਉਡੀਕਵਾਨ ਦੇਖੇ। ਘੰਟਾ ਕੁ ਮੈਂ ਗੱਲਾਂ ਕੀਤੀਆਂ, ਘੰਟਾ ਕੁ ਸਵਾਲ ਜਵਾਬ ਹੋਏ। ਮਿੰਟੂ ਵੱਲੋਂ ਸੱਦੀ ਸੰਗਤ ਚੇਤੰਨ ਲੋਕਾਂ ਦੀ ਸੀ। ਉਨ੍ਹਾਂ ਨੂੰ ਮਿਲਕੇ ਮੈਂ ਤੇ ਮੈਨੂੰ ਮਿਲਕੇ ਉਹ ਖੁਸ਼ ਹੋਏ ਜਿਸ ਦੀ ਖ਼ਬਰ-ਸਾਰ ਮੈਨੂੰ ਬਾਅਦ ਵਿੱਚ ਵਾਪਸ ਆ ਕੇ ਮਿਲਦੀ ਰਹੀ।

ਬਰਾੜ ਕਿੱਤੇ ਵਜੋਂ ਇੰਜੀਨੀਅਰ ਹੈ ਪਰ ਇਸ ਤੋਂ ਇਲਾਵਾ ਉਹ ਬਹੁਤ ਕੁੱਝ ਹੋਰ ਵੀ ਹੈ। ਆਪਣੀ ਮਿਹਨਤ ਸਦਕਾ ਹੁਣ ਉਹ ਆਸਟ੍ਰੇਲੀਆ ਦਾ ਪ੍ਰਸਿੱਧ ਪੱਤਰਕਾਰ, ਅਖ਼ਬਾਰ ਦਾ ਸੰਪਾਦਕ, ਜਾਣਿਆ ਪਛਾਣਿਆ ਪ੍ਰਵਾਨਿਤ ਵਾਰਤਾਕਾਰ, ਲੋੜਵੰਦਾਂ ਦਾ ਮਦਦਗਾਰ ਤੇ ਸਭ ਤੋਂ ਵੱਧ, ਸੁਹਿਰਦ ਇਨਸਾਨ ਹੈ। ਸ਼ਕਲ ਸੂਰਤ ਤੋਂ ਸਫ਼ਾਚੱਟ ਪਰ ਸਿੱਖੀ ਲਈ ਪੂਰਾ ਪ੍ਰੇਮ। ਉਸਦੀ ਲਿਖਤ ਵਿਚਲਾ ਵਿਅੰਗ ਸਾਧੇ ਗਏ ਨਿਸ਼ਾਨੇ ਤੇ ਸਹੀ ਲਗਦਾ ਹੈ। ਉਸਦੀ ਲਿਖਤ ਅਤੇ ਬੋਲਾਂ ਵਿੱਚ ਬਠਿੰਡੇ ਦੀ ਮਲਵਈ ਬੋਲੀ ਦਿਸਦੀ ਹੈ। ਉਸਨੂੰ ਆਪਣੇ ਸਿੱਖੀ ਪਿਛੋਕੜ ਤੇ ਮਾਣ ਹੈ ਅਤੇ ਟਕਸਾਲੀ ਮਲਵਈ ਹੋਣ ਦਾ ਫ਼ਖਰ ਹੈ। ਜਦੋਂ ਕੋਈ ਦੁਆਬੀਆ ਵਿਅੰਗ ਕਰਦਾ ਹੈ ਕਿ ਮਲਵਈਆਂ ਨੇ ਤਾਂ ਅਖੌਤੀ ਸਾਧ ਬਾਬਿਆਂ ਅੱਗੇ ਸਮਰਪਣ ਕਰ ਦਿੱਤਾ ਹੈ ਤਦ ਉਹ ਤੁਰੰਤ ਉੱਤਰ ਦਿੰਦਾ ਹੈ, ''ਨੂਰਮਹਿਲ ਮਾਲਵੇ ਵਿਚ ਨਹੀਂ।''

ਕਿਸੇ ਵਡੇਰੇ ਨੇ ਜ਼ਫ਼ਰਨਾਮਾ ਲਿਖਿਆ ਤਾਂ ਕਿਸੇ ਨੇ ਸਫ਼ਰਨਾਮਾ ਲਿਖ ਦਿੱਤਾ। ਸੋਢੀ ਸੁਲਤਾਨ ਸਿੰਘ ਨੇ ਸਾਈਕਲਨਾਮਾ ਲਿਖ ਦਿੱਤਾ ਕਿਉਂਕਿ ਉਸਨੇ ਸਾਈਕਲ ਤੇ ਚੜ੍ਹਕੇ ਗਲੋਬ ਦਾ ਚੱਕਰ ਲਾਇਆ। ਮਿੰਟੂ ਨੇ ਕੈਂਗਰੂਨਾਮਾ ਲਿਖਿਆ ਜਿਸ ਨੂੰ ਹੁਣੇ ਪੜ੍ਹਕੇ ਹਟਿਆ ਹਾਂ। ਇਸ ਕਿਤਾਬ ਵਿੱਚ ਜਿੱਥੇ ਪੰਜਾਬੀ ਭਾਈਚਾਰੇ ਦੇ ਸਰੋਕਾਰਾਂ ਨੂੰ ਪੂਰੀ ਮੁਹਾਰਤ ਨਾਲ ਚਿਤਰਿਆ ਹੈ ਉਥੇ ਪਤਾ ਲਗਦਾ ਹੈ ਕਿ ਉਸਦੀ ਜਾਣਕਾਰੀ ਦਾ ਦਾਇਰਾ ਕਿੰਨਾ ਵਿਸ਼ਾਲ ਹੈ। ਉਹ ਪੰਜਾਬ ਦੇ ਨਾਮਵਰ ਗਾਇਕਾਂ ਨੂੰ ਕੇਵਲ ਜਾਣਦਾ ਹੀ ਨਹੀਂ, ਉਨ੍ਹਾਂ ਨਾਲ ਦੋਸਤੀ ਮਾਣਦਾ ਹੈ, ਚੰਗੇ ਨੂੰ ਚੰਗਾ ਤੇ ਮਾੜੇ ਨੂੰ ਮਾੜਾ ਕਹਿਣ ਦੀ ਦਲੇਰੀ ਦਿਖਾਉਂਦਾ ਹੈ। ਉਹ ਹੰਸ ਰਾਜ ਹੰਸ ਦਾ ਫੈਨ ਸੀ ਪਰ ਜਦੋਂ ਅਕਾਲੀ ਦਲ ਤੋਂ ਟਿਕਟ ਲੈਕੇ ਚੋਣ ਲੜਨ ਲੱਗਾ, ਆਟਾ ਦਾਲ ਵੇਚਣ ਲੱਗਾ, ਬਾਦਲਕਿਆਂ ਦੀ ਸਿਫ਼ਤ ਵਿਚ

ਗਾਉਣ ਲੱਗਿਆ ਤਦ ਮਿੰਟੂ ਦੀ ਕਲਮ ਕਾ.ਗਜ਼ ਉੱਪਰ ਦੌੜਨ ਲਗਦੀ ਹੈ। ਅਤਿ ਪੁਰਾਣੀ ਪੰਜਾਬੀ ਫਿਲਮ 'ਪਿੰਡ ਦੀ ਕੁੜੀ' ਤੋਂ ਲੈਕੇ ਹੁਣ ਹਰਭਜਨ ਮਾਨ ਤੇ ਗੁਰਦਾਸ ਮਾਨ ਤੱਕ ਦੀਆਂ ਬਣਾਈਆਂ ਫਿਲਮਾਂ ਉੱਪਰ ਸਾਰਥਿਕ ਟਿੱਪਣੀ ਕਰਦਾ ਹੈ।

ਲੱਚਰ ਗਾਇਕੀ ਬਾਰੇ ਲੰਮੇ ਲੇਖ ਨਹੀਂ ਲਿਖਦਾ, ਇਸਨੂੰ ਬੱਸ ਨਜ਼ਰਅੰਦਾਜ਼ ਕਰਦਾ ਹੈ ਜਦੋਂ ਕਿ ਵਡਮੁੱਲੀ ਗਾਇਕੀ ਦੇ ਮਾਹਿਰਾਂ ਉੱਪਰ ਲੰਮੇ ਲੇਖ ਲਿਖਕੇ ਖ਼ੁਦ ਪ੍ਰਸੰਨਤਾ ਹਾਸਲ ਕਰਦਾ ਹੈ ਤੇ ਬਾਕੀਆਂ ਨੂੰ ਪ੍ਰੇਰਨਾ ਦਿੰਦਾ ਹੈ ਕਿ ਇਨ੍ਹਾਂ ਨੂੰ ਸੁਣੋ। ਹਾਕੀ ਮੈਚ, ਕਬੱਡੀ ਮੈਚ ਜਾਂ ਹੋਰ ਹਰ ਕਿਸਮ ਦੀਆਂ ਸਿੱਖ ਖੇਡਾਂ ਦੇਖਣ ਹਜ਼ਾਰਾਂ ਮੀਲਾਂ ਤੱਕ ਜਾਂਦਾ ਹੈ, ਇਨ੍ਹਾਂ ਖੇਡਾਂ ਪਿੱਛੇ ਨਿਕੰਮੀ ਤਿਕੜਮ, ਘਟੀਆ ਸਿਆਸਤ ਦੀਆਂ ਪਰਤਾਂ ਖੋਲ੍ਹਦਾ ਹੈ। ਉਸ ਕੋਲ ਮਲਵਈ ਮੁਹਾਵਰੇ ਅਤੇ ਅਖਾਉਤਾਂ ਦੀ ਕਮੀ ਨਹੀਂ, ਜਿਵੇਂ, ''ਮੇਲੇ ਵਿਚ ਅਮਰੂਦਾਂ ਦੀ ਰੇਹੜੀ ਨੂੰ ਕੋਣ ਪੁਛਦੈ ?'' ਉਸਦਾ ਕੋਈ ਵਾਕ ਸਰਸ਼ਾਰ ਕਰ ਜਾਂਦਾ ਹੈ, "ਕੋਈ ਕਹੇ ਆਪਣੇ ਦੁਖ ਮੈਨੂੰ ਦੇ ਦੇ, ਅਸਲ ਵਿਚ ਉਹ ਤੁਹਾਨੂੰ ਹੋਰ ਦੁਖ ਦੇਣ ਆਇਆ ਹੁੰਦੈ।''

ਵਿਦੇਸ਼ ਵਿਚ ਬੈਠੇ ਨੂੰ ਪੰਜਾਬੀਆਂ ਦੇ ਸਨਮਾਨ ਪ੍ਰਤੀ ਅਪਣੱਤ ਤਾਂ ਹੈ ਹੀ, ਉਹ ਚੇਤੰਨ ਪਹਿਰੇਦਾਰ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਡਾ. ਹਰਸ਼ਿੰਦਰ ਕੌਰ ਦੋ ਕੁ ਹ.ਫਤਿਆਂ ਲਈ ਆਸਟ੍ਰੇਲੀਆ ਗਈ, ਵਾਪਸ ਆਕੇ ਜਿਹੜਾ ਸ.ਫਰਨਾਮਾ ਛਪਵਾਇਆ ਉਸ ਵਿਚ ਮੁੰਡਿਆਂ ਨੂੰ ਚੋਰ ਅਤੇ ਕੁੜੀਆਂ ਨੂੰ ਬਦਇਖ਼ਲਾਕੀ ਹੋਣ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ। ਮਿੰਟੂ ਸਖ਼ਤ ਸਟੈਂਡ ਲੈਂਦਾ ਹੈ ਤੇ ਆਪਣਾ ਲੰਮਾ ਪ੍ਰਤੀਕਰਮ ਛਾਪਦਾ ਹੈ, ਫਲਸਰੂਪ, ਬੀਬੀ ਜੀ ਆਪਣੀ ਲਿਖਤ ਤੋਂ ਮੁਨਕਰ ਹੋਕੇ
ਅਖ਼ਬਾਰ ਵਾਸਤੇ ਮੁਸੀਬਤ ਖੜ੍ਹੀ ਕਰ ਦਿੰਦੇ ਹਨ।

ਸਭ ਤੋਂ ਵਧੀਕ ਜਜ਼ਬਾਤੀ ਹੋ ਕੇ ਉਸਨੇ ਜਸਪਾਲ ਭੱਟੀ ਉੱਪਰ ਸ਼ਰਧਾਂਜਲੀ ਲਿਖੀ ਹੈ। ਦਿਲ ਦੀ ਡੂੰਘਾਣ ਵਿਚੋਂ ਨਿਕਲੀ ਇਹ ਲਿਖਤ ਪੜ੍ਹਕੇ ਮੈਨੂੰ ਲਾਓਤਸੇ ਦਾ ਵਾਕ ਯਾਦ ਆਇਆ, ''ਆਪਣੇ ਹੱਥੀਂ ਆਪਣੇ ਪਿਆਰਿਆਂ ਨੂੰ ਸ਼ਮਸ਼ਾਨਘਾਟ ਵਿਚ ਛੱਡ ਕੇ ਖਾਲੀ ਹੱਥ ਜਦੋਂ ਘਰ ਪਰਤਦੇ ਹਾਂ ਤਦ ਪਤਾ ਲਗਦਾ ਹੈ ਦੌਲਤ, ਤਾਕਤ ਅਤੇ ਸ਼ੁਹਰਤ ਕਿੰਨੀਆਂ ਵਿਅਰਥ ਚੀਜ਼ਾਂ ਹਨ।''

ਮਿੰਟੂ ਸ਼ਰਾਬ ਨਹੀਂ ਪੀਂਦਾ, ਪੀਣ ਵਾਲਿਆਂ ਨੂੰ ਹਕਾਰਤ ਨਾਲ ਨਹੀਂ ਦੇਖਦਾ। ਕਬੱਡੀ ਮੈਚ ਦੇ ਦਰਸ਼ਕ ਆਪੋ ਆਪਣੇ ਰੰਗਾਂ ਵਿਚ ਮਸਤ ਸਨ, ਮਿੰਟੂ ਲਿਖਦਾ ਹੈ, ''ਪਰ ਅਸੀਂ ਦਸ ਕੁ ਪਤਿਤ ਸਿੱਖ ਅੱਧੀ ਰਾਤ ਤੱਕ ਬੈਠੇ ਗੁਰਮਤੇ ਕਰਦੇ ਰਹੇ।'' .ਗੈਰਜ਼ਿੰਮੇਵਾਰ ਲੋਕ ਕੂੜਾ ਖਲਾਰ ਰਹੇ ਹਨ, ਇਕ ਬਜ਼ੁਰਗ ਸਤੀਸ਼ ਕੁਮਾਰ ਮੈਚ ਦੇਖਣ ਦੀ ਥਾਂ ਇਹ ਕੂੜਾ ਚੁੱਕ-ਚੁੱਕ ਕੂੜੇਦਾਨ ਵਿਚ ਪਾ ਰਿਹਾ ਹੈ, ਮਿੰਟੂ ਪੁੱਛਦਾ ਹੈ, ''ਲੋਕ ਏਨੀ ਦੂਰੋਂ ਆ ਕੇ ਮੈਚ ਦੇਖਦੇ ਹਨ ਤੁਸੀਂ ਕੰਮ ਕਰ ਰਹੇ ਹੋ।'' ਸਤੀਸ਼ ਜੀ ਦੱਸਦੇ ਹਨ, ''ਇਕ ਲੇਖ ਪੜ੍ਹਿਆ ਸੀ ਕਿਸੇ ਮਿੰਟੂ ਦਾ, ਅਸੀਂ ਕਈਆਂ ਨੇ ਫੈਸਲਾ ਕੀਤਾ ਸੀ ਕਿ ਜਿੱਥੇ ਕਿਤੇ ਕੁੱਝ ਗਲਤ ਦੇਖੀਏ, ਸਹੀ ਕਰ ਦਈਏ।''

ਸੰਗੀਤਕਾਰ ਸਚਿਨ ਬਾਰੇ ਇਕ ਵਾਕ ਹੈ, ''ਉਸ ਦਿਨ ਤੋਂ ਲੈਕੇ ਅੱਜ ਤੱਕ ਉਸਨੇ ਪਿੱਛੇ ਮੁੜ ਕੇ ਨਹੀਂ ਦੇਖਿਆ,'' ਭਾਵ ਹੈ ਹੋਰ ਉਚਾਈਆਂ ਸਰ ਕਰਦਾ ਰਿਹਾ ਹੈ। ਇਹ ਵਾਕ ਪੜ੍ਹਕੇ ਮੈਨੂੰ

ਹੈਦਰਾਬਾਦ ਦੇ ਸ਼ਾਇਰ, ਮੁਜਤਬਾ ਹੁਸੈਨ ਵੱਲੋਂ ਆਪਣੇ ਆਪ ਉੱਪਰ ਲਿਖੇ ਲੇਖ ਆਪਣੀ ਯਾਦ ਵਿਚ ਦਾ ਇਕ ਵਾਕ ਯਾਦ ਆ ਗਿਆ। ਲਿਖਦਾ ਹੈ, ''ਕਦੇ ਪਿੱਛੇ ਮੁੜਕੇ ਨਹੀਂ ਦੇਖਿਆ, ਕੀ ਦੇਖਦਾ ਪਿੱਛੇ ਦੇਖਣਯੋਗ ਕੁੱਝ ਹੈ ਹੀ ਨਹੀਂ ਸੀ।''

ਪੰਜਾਬੀ ਪਾਠਕਾਂ ਲਈ ਇਸ ਕਿਤਾਬ ਨੂੰ ਨਵੇਂ ਸਾਲ 2014 ਦਾ ਤੋਹ.ਫ਼ਾ ਸਮਝੋ। ਪੰਜਾਬੀ ਪਿਆਰੇ ਇਸ ਲਿਖਤ ਦਾ ਸਵਾਗਤ ਕਰਨਗੇ, ਮੈਨੂੰ ਪੂਰੀ ਆਸ ਹੈ।

6 ਜਨਵਰੀ, 2014

- ਹਰਪਾਲ ਸਿੰਘ ਪੰਨੂ
ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
0946420-
51454

# ਆਤਮ ਚਿੰਤਨ ਬਨਾਮ ਕੈਂਗਰੂਨਾਮਾ

ਜਦ ਅੰਗਰੇਜ਼ ਲੋਕ ਨਵੇਂ-ਨਵੇਂ ਆਸਟ੍ਰੇਲੀਆ ਆਏ ਤਾਂ ਉਨ੍ਹਾਂ ਪਿਛਲੀਆਂ ਦੋ ਲੱਤਾਂ ਤੇ ਦੌੜਨ ਵਾਲਾ ਇੱਕ ਅਨੋਖਾ ਜਾਨਵਰ ਪਹਿਲੀ ਵਾਰ ਦੇਖਿਆ। ਉਨ੍ਹਾਂ ਸਥਾਨਕ ਲੋਕਾਂ ਤੋਂ ਅੰਗਰੇਜ਼ੀ ਵਿੱਚ ਇਸ ਜਾਨਵਰ ਦਾ ਨਾਂ ਪੁੱਛਿਆ ਤਾਂ ਸਥਾਨਕ ਲੋਕਾਂ ਨੂੰ ਅੰਗਰੇਜ਼ੀ ਸਮਝ ਨਾ ਆਵੇ। ਜਦ ਅੰਗਰੇਜ਼ਾਂ ਨੇ ਛਾਤੀ ਅੱਗੇ ਹੱਥ ਲਟਕਾ ਕੇ ਛੜੱਪੇ ਮਾਰ ਕੇ ਇਸ਼ਾਰਿਆਂ ਨਾਲ ਇਸ ਜਾਨਵਰ ਬਾਰੇ ਪੁੱਛਣਾ ਚਾਹਿਆ ਤਾਂ ਆਸਟ੍ਰੇਲੀਅਨ ਆਦਿਵਾਸੀਆਂ ਨੇ ਕਿਹਾ,''ਕੰਗ ਹੂਅ ਰੂਹ।'' ਉਨ੍ਹਾਂ ਦੀ ਭਾਸ਼ਾ ਵਿੱਚ 'ਕੰਗ ਹੂਅ ਰੂਹ' ਦਾ ਮਤਲਬ ਸੀ- ''ਗੱਲ ਸਮਝ ਨਹੀਂ ਆ ਰਹੀ।'' ਪਰ ਅੰਗਰੇਜ਼ਾਂ ਨੇ ਸੋਚਿਆ ਕਿ ਇਸ ਜਾਨਵਰ ਦਾ ਨਾਂ ਕੈਂਗਰੂ ਹੈ। ਕੈਂਗਰੂ ਹੁਣ ਸਾਰੀ ਦੁਨੀਆਂ ਵਿੱਚ ਆਸਟ੍ਰੇਲੀਆ ਦੇ ਪ੍ਰਤੀਕ ਵਜੋਂ ਜਾਣਿਆਂ ਜਾਂਦਾ ਹੈ। ਮਿੰਟੂ ਬਰਾੜ ਆਸਟ੍ਰੇਲੀਆ ਵਿੱਚ ਰਹਿੰਦਾ ਹੈ ਅਤੇ ਉਸ ਨੇ ਉਥੋਂ ਦੇ ਜਨ ਜੀਵਨ ਅਤੇ ਪ੍ਰਬੰਧ ਬਾਰੇ ਲਿਖੇ ਲੇਖਾਂ ਦੇ ਸੰਗ੍ਰਹਿ ਨੂੰ 'ਕੈਂਗਰੂਨਾਮਾ' ਕਿਹਾ ਹੈ। ਉਸ ਨੂੰ ਉਥੇ ਵੱਸਦੇ ਵਿਚਰਦੇ ਪੰਜਾਬੀਆਂ ਦੇ ਕਾਰ, ਵਿਹਾਰ, ਆਚਾਰ, ਵਪਾਰ, ਪਿਆਰ, ਸਤਿਕਾਰ, ਪਰਿਵਾਰ, ਨਿਘਾਰ, ਪ੍ਰਚਾਰ, ਰਫ਼ਤਾਰ, ਮਾਰਾ-ਮਾਰ ਅਤੇ ਹਾਹਾਕਾਰ ਜਾਣੀ ਕਿ ਹਰ ਪੱਖ ਦੀ 'ਗੱਲ ਪੂਰੀ ਤਰ੍ਹਾਂ ਸਮਝ ਆ ਰਹੀ ਹੈ'। ਇਹ ਲੇਖ 'ਕਿੰਜ ਹੈ' ਅਤੇ 'ਕਿੰਜ ਹੋਣਾ ਚਾਹੀਦਾ ਹੈ' ਦੇ ਵਿਚਕਾਰਲੇ ਪਾੜੇ ਵਿੱਚ ਤੜਫਦੇ ਲਫ਼ਜ਼ਾਂ ਦਾ ਸੰਗ੍ਰਹਿ ਹਨ। ਪਰ ਇਹ ਤੜਪ ਕਿਸੇ ਤਰ੍ਹਾਂ ਦੀ ਭਟਕਣ ਜਾਂ ਨਿਰਾਸ਼ਾ ਦੀ ਬਜਾਏ ਆਤਮ ਚਿੰਤਨ ਰਾਹੀਂ ਰੌਸ਼ਨੀ ਪੈਦਾ ਕਰਨ ਵਾਲੀ ਹੈ। ਸੁਹਿਰਦ ਅਤੇ ਕਰਮਯੋਗੀ ਬੰਦਿਆਂ ਦੀ ਵੇਦਨਾ ਵਿਚ ਆਪਣੇ ਭਾਈਚਾਰੇ ਨੂੰ ਚੰਗੇਰੀ ਦਿਸ਼ਾ ਵਿੱਚ ਲਿਜਾਣ ਦੀ ਊਰਜਾ ਹੁੰਦੀ ਹੈ। ਬੋਲ ਚਾਲ ਦੀ ਦਿਲਚਸਪ ਭਾਸ਼ਾ ਵਿਚ ਹੋਣ ਕਰਕੇ ਪੁਸਤਕ ਪੜ੍ਹਦਿਆਂ ਲੱਗਦਾ ਜਿਵੇਂ ਮਿੰਟੂ ਤੁਹਾਡੇ ਨਾਲ ਬੈਠ ਕੇ ਗੱਲਾਂ ਸੁਣਾ ਰਿਹਾ ਹੋਵੇ। ਇਸ ਨੂੰ ਪੜ੍ਹ ਮੇਰੇ ਦਿਲ ਵਿੱਚ ਮਿੰਟੂ ਬਰਾੜ ਪ੍ਰਤੀ ਬਹੁਤ ਆਦਰ ਪੈਦਾ ਹੋਇਆ ਹੈ।

**ਜਸਵੰਤ ਜ਼ਫ਼ਰ**

**ਲੁਧਿਆਣਾ**

# ਸਾਂਝਾਂ ਦੀ ਜਾਗੋ ਕੱਢਦੀ ਪੁਸਤਕ-ਕੈਂਗਰੂਨਾਮਾ

'ਕੈਂਗਰੂਨਾਮਾ' ਮਿੰਟੂ ਬਰਾੜ ਦੀ ਪਹਿਲੀ ਪੁਸਤਕ ਹੈ ਜੋ ਪੱਤਰਕਾਰੀ, ਭਾਸ਼ਾ, ਸੱਭਿਆਚਾਰ, ਰਾਜਨੀਤੀ, ਇਤਿਹਾਸ, ਜੋਤਿਸ਼, ਫਿਲਮ ਅਤੇ ਖੇਡ-ਜਗਤ ਦੇ ਖੇਤਰਾਂ ਦੇ ਨਾਲ-ਨਾਲ ਆਧੁਨਿਕ ਇੰਟਰਨੈੱਟ ਅਤੇ ਸੋਸ਼ਲ-ਨੈੱਟਵਰਕਿੰਗ ਦੇ ਮਸਲਿਆਂ ਅਤੇ ਗੌਰਵ ਬਾਰੇ ਚਰਚਾ ਛੇੜਦੀ ਹੈ। ਨਿਰਸੰਦੇਹ, ਇਹ ਲੇਖਕ ਦੇ ਸਮੇਂ-ਸਮੇਂ ਲਿਖੇ ਉਨ੍ਹਾਂ ਆਰਟੀਕਲਾਂ ਦਾ ਸੰਕਲਨ ਹੈ ਜਿਨ੍ਹਾਂ ਦਾ ਵਿਸ਼ਾ-ਵਸਤੂ ਭਾਵੇਂ ਸਮੇਂ ਦੇ ਚਲੰਤ ਮਸਲੇ ਹਨ ਪਰ ਲੇਖਕ ਦੀ ਗੰਭੀਰਤਾ ਉਨ੍ਹਾਂ ਨਾਲ ਦੋ-ਚਾਰ ਹੋਣ ਵਿੱਚ ਹੈ। ਉਹ ਚੰਗੇਰੇ ਮਨੁੱਖੀ ਸਮਾਜ ਦੀ ਤਾਂਘ ਲੈ ਕੇ ਆਸਟ੍ਰੇਲੀਆ ਜਾਂਦਾ ਹੈ ਤੇ ਦੱਸਦਾ ਹੈ 'ਜੇ ਹੁੰਦਾ ਦੇਸਾਂ ਵਰਗਾ ਦੇਸ ਕਿਉਂ ਜਾਂਦੇ ਪਰਦੇਸ' ਪਰ ਓਥੇ ਜਾ ਪਹੁੰਚਣ ਨਾਲ ਹੀ ਉਹਦਾ ਮਿਸ਼ਨ ਖਤਮ ਨਹੀਂ ਹੋ ਜਾਂਦਾ। ਪੰਜਾਬੀ ਬਾਗ਼ਬਾਨ ਦਾ ਇਹ ਸਿਰੜੀ ਪੁੱਤਰ ਆਪਣੀਆਂ ਜੜ੍ਹਾਂ ਪ੍ਰਤੀ ਮਸਲਿਆਂ ਦੇ ਰੂਬਰੂ ਹੁੰਦਾ ਹੈ ਅਤੇ ਹੁਣ ਉਸਦਾ ਸੰਦਰਭ ਕੇਵਲ ਇੱਕ ਰਾਜ ਜਾਂ ਇੱਕ ਕੌਮ ਦੇ ਲੋਕ ਨਹੀਂ ਰਹਿੰਦੇ ਬਲਕਿ ਇਨ੍ਹਾਂ ਤੋਂ ਉੱਪਰ ਉੱਠ ਉਹ ਸਮੁੱਚੀ ਮਾਨਵਤਾ ਦੀ ਭਲਾਈ ਨੂੰ ਸੰਬੋਧਿਤ ਹੁੰਦਾ ਹੈ। ਨਿਤ ਵਰਤੀਦੇ ਮਸਲਿਆਂ ਉੱਪਰ ਉਸਦੀ ਇਹ ਸਸ਼ਕਤ ਕਲਮ ਅਜ਼ਮਾਈ ਉਸ ਲਈ ਪ੍ਰਿੰਟ-ਮੀਡੀਆ ਅਤੇ ਇਲੈੱਕਟ੍ਰਾਨਿਕ ਮੀਡੀਆ ਵਿੱਚ ਰਾਹ ਬਣਾਉਂਦੀ ਹੈ। ਗਾਇਕੀ, ਫਿਲਮਾਂ, ਜੋਤਿਸ਼, ਸਭਿਆਚਾਰਕ ਵਖਰੇਵੇਂ, ਸਮਾਜਿਕ ਕਦਰਾਂ-ਕੀਮਤਾਂ ਉੱਪਰ ਉਹ ਰੌਚਕ ਇਤਿਹਾਸਕ ਮਿਥਿਹਾਸਿਕ ਹਵਾਲਿਆਂ ਨਾਲ ਆਪਣੀ ਗੱਲ ਨੂੰ ਦਲੀਲਮਈ ਢੰਗ ਨਾਲ ਪਾਠਕ ਮੂਹਰੇ ਇਉਂ ਰਖਦਾ ਹੈ ਕਿ ਉਸ ਮਸਲੇ ਦੇ ਅਨੇਕਾਂ ਪਸਾਰ ਪਾਠਕ ਦੀਆਂ ਅੱਖਾਂ ਨੂੰ ਚੁੰਧਿਆ ਕੇ ਰੱਖ ਦਿੰਦੇ ਹਨ। ਉਹ ਬੇਬਾਕੀ ਨਾਲ ਆਪਣੀ ਗੱਲ ਕਹਿਣ ਦੀ ਦਲੇਰੀ ਰਖਦਾ ਹੈ ਚਾਹੇ ਉਹ ਕਿਸੇ ਰਾਜ-ਕਵੀ ਬਾਰੇ ਹੋਵੇ ਜਾਂ ਆਪਣੀ ਆਤਮਲਿਪਸਾ ਦੀ ਸਿਖਰ ਤੇ ਬੈਠੀ ਕੋਈ ਨਾਮਵਰ ਹਸਤੀ। ਉਹ ਲੇਖਕ ਹੋਣ ਦਾ ਭਰਮ ਨਹੀਂ, ਧਰਮ ਪਾਲਣਾ ਚਾਹੁੰਦਾ ਹੈ। ਉਸਦੀ ਸਰਲ ਤੇ ਲੋਕਧਾਰਾਈ ਆਧਾਰਾਂ ਵਾਲੀ ਭਾਸ਼ਾ, ਅਖਾਣਾਂ-ਮੁਹਾਵਰਿਆਂ ਦੇ ਪੱਕੇ ਭਾਂਡਿਆਂ ਵਾਂਗ ਖਣਕਦੀ ਪਾਠਕ ਦੇ ਦਿਲ ਤੱਕ ਉੱਤਰਦੀ ਹੈ। ਪੰਜਾਬੀ ਵਾਰਤਕ ਵਿਚ ਸ਼ੈਲੀ ਪੱਖੋਂ ਇਹ ਪੁਸਤਕ ਇਸ ਲਈ ਵੀ ਵੱਖਰੀ ਹੈ ਕਿ ਇਸ ਵਿੱਚ ਹਰ ਆਰਟੀਕਲ ਮੂਹਰੇ ਉਸਦਾ ਸਮਾਂ, ਸੰਦਰਭ ਸਿਰਜਿਆ ਗਿਆ ਹੈ ਜੋ ਇਸ ਦੀ ਇਤਿਹਾਸਕ ਸਾਰਥਿਕਤਾ ਦੇ ਨਾਲ-ਨਾਲ ਲੇਖਕ ਦੇ ਦ੍ਰਿਸ਼ਟੀਕੋਣ ਦੇ ਦਰਸ਼ਨ ਵੀ ਕਰਵਾਉਂਦਾ ਹੈ। ਜਿੱਥੇ ਕਿਤੇ ਵੀ ਇਹ ਲੇਖ ਛਪੇ ਤੇ ਵਾਦ-ਵਿਵਾਦ ਛਿੜੇ ਉਨ੍ਹਾਂ ਦੇ ਲਿੰਕ ਵੀ ਪਾਠਕ ਦੀ ਜਾਣਕਾਰੀ ਲਈ ਨਾਲ-ਨਾਲ ਦਿੱਤੇ ਗਏ ਹਨ। ਉਸ ਕੋਲ ਦੋ ਵੱਖਰੇ ਸਭਿਆਚਾਰਾਂ ਦਾ ਅਨੁਭਵ ਹੈ ਸੋ ਇਹਨਾਂ ਦੀ ਤੁਲਨਾ ਭਾਰਤੀ ਸਮਾਜ ਦੀ ਬੇਹਤਰੀ ਦੀ ਤਾਂਘ ਲੇਖਾਂ ਦਾ ਹਿੱਸਾ ਬਣੀ ਰਹਿੰਦੀ ਹੈ। ਆਧੁਨਿਕਤਾ ਦਾ ਬੋਲਬਾਲਾ ਹੈ ਸੂਚਨਾ ਸੰਸਾਰ ਰਫ਼ਤਾਰ ਫੜ੍ਹ ਰਿਹਾ ਹੈ, ਪਰ ਕਿਵੇਂ ਇਹ ਆਧੁਨਿਕਤਾ ਮਨੁੱਖ 'ਤੇ ਕਾਬਜ਼ ਹੋ ਉਸਦਾ ਸਕੂਨ ਲੈ ਬਹਿੰਦੀ ਹੈ, ਉਸ ਦੇ 'ਫੇਸਬੁੱਕ ਛਡਾਓ ਕੈਂਪ' ਅਤੇ 'ਫੇਸਬੁੱਕ ਦੇ ਡਾਕੀਏ' ਵਰਗੇ ਵਿਅੰਗਮਈ ਸ਼ੈਲੀ 'ਚ ਲਿਖੇ ਲੇਖਾਂ ਵਿੱਚ ਇਸ ਨੂੰ ਦੇਖਿਆ ਜਾ ਸਕਦਾ ਹੈ। ਕਿਤੇ ਇਹ ਸ਼ੈਲੀ ਬਿਰਤਾਂਤਿਕ, ਕਿਤੇ ਵਿਅੰਗਮਈ, ਕਿਤੇ ਰੇਖਾ-ਚਿੱਤਰ ਤੇ ਕਿਧਰੇ ਸਫ਼ਰਨਾਮੇ ਵਰਗੀ ਹੋ ਨਿੱਬੜਦੀ ਹੈ। ਉਸ ਵਿਚ ਤਾਂਘ ਹੈ-ਜਾਨਣ ਤੇ ਮਾਣਨ ਦੀ,

ਉਸ ਵਿੱਚ ਜਾਚ ਹੈ ਦਲੇਰੀ ਨਾਲ ਗੱਲ ਕਹਿਣ ਦੀ। ਉਹ ਬਾਗ਼ਬਾਨ ਦਾ ਪੁੱਤਰ ਹੈ-ਸੋ ਸ਼ਾਨਦਾਰ ਮਨੁੱਖੀ ਸਮਾਜ ਦੀ ਆਸ ਦਾ ਪੱਲਾ ਫੜ੍ਹੀ ਰੱਖਦਾ ਹੈ। ਮਾਲਵੇ ਦੀ ਮਿੱਟੀ ਦੀ ਮਹਿਕ ਉਸਦੀ ਸਰਲ ਅਤੇ ਮੋਹ ਭਿੱਜੀ ਭਾਸ਼ਾ ਵਿੱਚ ਹੈ ਤੇ ਬੇਬਾਕੀ ਉਸਦੀ ਮੂੰਹ-ਫਟ ਸ਼ੈਲੀ ਵਿੱਚ। ਲਿਹਾਜ਼ ਉਹ ਸਿਰਫ਼ ਆਪਣੀ ਕਲਮ ਦੀ ਕਰਦਾ ਹੈ ਜਿਸਦੇ ਮੋਢੇ ਬਹਿ ਉਹ ਮਾਨਵੀ ਸਰੋਕਾਰਾਂ ਦਾ ਇਤਿਹਾਸ ਕਲਮਬੰਦ ਵੀ ਕਰਦਾ ਹੈ ਤੇ ਖਲਬਲੀ ਸਮੇਟੀ ਬੈਠੇ ਖ਼ਤਰਿਆਂ ਦਾ ਪੂਰਵ-ਸੰਕੇਤ ਵੀ। ਨਿਰਸੰਦੇਹ ਪੰਜਾਬੀ ਵਾਰਤਕ-ਸਾਹਿਤ ਵਿਚ ਅਜਿਹੀਆਂ ਪੁਸਤਕਾਂ ਦੀ ਆਮਦ ਸ਼ੁੱਭ ਸ਼ਗਨ ਹੈ ਅਤੇ ਇਸ ਦਾ ਸਵਾਗਤ ਕਰਨਾ ਬਣਦਾ ਹੈ।


**ਜਗਦੀਸ਼ ਕੌਰ (ਡਾ.)**

ਪੱਤਰਕਾਰੀ, ਭਾਸ਼ਾਵਾਂ ਅਤੇ ਸਭਿਆਚਾਰ ਵਿਭਾਗ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

# ਲਕੀਰ ਤੋਂ ਹਟਕੇ ਰਚੀ ਲੇਖਣੀ ਵਾਲਾ ਲੋਕ ਲੇਖਕ ਬਾਈ ਮਿੰਟੂ ਬਰਾੜ

ਤਿੰਨ ਕੁ ਸਾਲ ਦੀ ਗੱਲ ਹੈ। ਆਸਟ੍ਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ’ਤੇ ਹਮਲਿਆਂ ਦੀਆਂ ਖ਼ਬਰਾਂ ਆਈਆਂ। ਆਮ ਪ੍ਰਭਾਵ ਇਹੀ ਦਿੱਤਾ ਗਿਆ ਕਿ ਇਹ ਨਿਰੋਲ ਨਸਲੀ ਹਮਲੇ ਨੇ। ਭਾਰਤ ਭਰ ਅਤੇ ਖ਼ਾਸ ਕਰਕੇ ਪੰਜਾਬ ਵਿੱਚ ਬਹੁਤ ਤਿੱਖਾ ਪ੍ਰਤੀਕਰਮ ਹੋਇਆ। ਇੱਕ ਪਾਸੜ ਪ੍ਰਚਾਰ ਨੇ ਆਸਟ੍ਰੇਲੀਆ ਵਿੱਚ ਰਹਿੰਦੇ ਪੰਜਾਬੀਆਂ ਦੇ ਪਰਿਵਾਰਾਂ ਨੂੰ ਚਿੰਤਾ ਵਿੱਚ ਪਾ ਦਿੱਤਾ। ਆਸਟ੍ਰੇਲੀਆ ਵੱਲ ਵਹੀਰਾਂ ਘੱਤ ਕੇ ਜਾਂ ਰਹੇ ਨੌਜਵਾਨਾਂ ਦੇ ਕਦਮ ਵੀ ਰੁਕਣੇ ਸ਼ੁਰੂ ਹੋ ਗਏ। ਇੱਕ ਪਾਸੜ ਪ੍ਰਚਾਰ ਨੇ ਆਸਟ੍ਰੇਲੀਆ ਅਤੇ ਉਥੋਂ ਦੇ ਲੋਕਾਂ ਦਾ ਅਕਸ ਵੀ ਵਿਗਾੜਨਾ ਸ਼ੁਰੂ ਕਰ ਦਿੱਤਾ। ਏਸ ਗਰਦੋਂ-ਗ਼ੁਬਾਰ ਦੇ ਮਾਹੌਲ ਵਿੱਚ ਕੁਝ ਆਵਾਜ਼ਾਂ ਉਸ ਮੁਲਕ ਦੇ ਅੰਦਰੋਂ ਸੁਣਾਈ ਦਿੱਤੀਆਂ ਜੋ ਇਸ ਤੋਂ ਵੱਖਰੀਆਂ ਸਨ ਜਿਨ੍ਹਾਂ ਵਿੱਚ ਇਹ ਗੱਲ ਉੱਭਰੀ ਕਿ ਇਹ ਕੇਵਲ ਨਸਲੀ ਹਮਲੇ ਨਹੀਂ ਸਗੋਂ ਇਸ ਦੇ ਬਹੁਪੱਖੀ ਕਾਰਨ ਹਨ ਤੇ ਇਹ ਵੀ ਕਿ ਬਹੁਤ ਸਾਰੇ ਝਗੜਿਆਂ ਵਿੱਚ ਸਾਡੇ ਭਾਰਤੀਆਂ ਦਾ ਕਸੂਰ ਵਧੇਰੇ ਹੈ। ਇਨ੍ਹਾਂ ਵਿਚੋਂ ਬਹੁਤ ਉੱਭਰਵੀਂ ਅਤੇ ਬੇਬਾਕ ਆਵਾਜ਼ ਆਸਟ੍ਰੇਲੀਆ ਵਿੱਚ ਵਸੇ ਨਾਮਵਰ ਪੰਜਾਬੀ ਭਾਰਤੀ ਮਿੰਟੂ ਬਰਾੜ ਦੀ ਸੀ। ਉਨ੍ਹਾਂ ਦਿਨਾਂ ਵਿੱਚ ਉਹ ਪੰਜਾਬ ਆਏ ਸਨ। ਪੀ.ਟੀ.ਸੀ. ਨਿਊਜ਼ ਦੇ ਤਿਰਛੀ ਨਜ਼ਰ ਸ਼ੋਅ ਵਿੱਚ ਮੈਂ ਉਨ੍ਹਾਂ ਨੂੰ ਸਕਰੀਨ ’ਤੇ ਲਿਆਂਦਾ। ਮਿੰਟੂ ਬਰਾੜ ਨੇ ਆਸਟ੍ਰੇਲੀਆ ਵਿੱਚ ਭਾਰਤੀ ਅਤੇ ਖ਼ਾਸ ਕਰਕੇ ਪੰਜਾਬੀ ਵਿਦਿਆਰਥੀਆਂ ਜਾਂ ਹੋਰਨਾਂ ’ਤੇ ਹੋਏ ਹਮਲਿਆਂ ਦੇ ਕਾਰਨਾਂ ਅਤੇ ਉਥੋਂ ਦੇ ਵਾਤਾਵਰਨ ਅਤੇ ਆਸਟ੍ਰੇਲੀਅਨ ਲੋਕਾਂ ਅਮਨਪਸੰਦ ਸੁਭਾਅ ਬਾਰੇ ਬਹੁਤ ਖੁੱਲ੍ਹ ਕੇ ਗੱਲਾਂ ਕੀਤੀਆਂ।

ਸਿਰਫ਼ ਮੈਂ ਹੀ ਨਹੀਂ ਜਿਸ ਨੇ ਵੀ ਉਹ ਸ਼ੋਅ ਦੇਖਿਆ ਉਸ ਦਾ ਇਹੀ ਕਹਿਣਾ ਸੀ “ਅੱਛਾ, ਅਸੀਂ ਐਵੇਂ ਹੀ ਸਾਰੇ ਕੁਛ ਨੂੰ ਸਿਰਫ਼ ਨਸਲੀ ਵਿਤਕਰੇ ਦਾ ਨਾਂ ਦਿੰਦੇ ਰਹੇ।’’ ਕਹਿਣ ਤੋਂ ਭਾਵ ਇਹ ਹੈ ਕਿ ਘਟਨਾਵਾਂ ਦੇ ਵਹਿਣ ਵੇਗ ਵਿੱਚ ਵਹਿਣ ਵਾਲੀ ਹਸਤੀ ਨਹੀਂ। ਉਸਦੀ ਸਾਰੀ ਲੇਖਣੀ ਵਿੱਚ ਵੀ ਇਹੋ ਗੱਲ ਭਾਰੂ ਹੈ। ਜਿੰਨਾ ਕੁ ਮੈਂ ਮਿੰਟੂ ਨੂੰ ਪੜ੍ਹਿਆ ਹੈ, ਮੈਨੂੰ ਏਸ ਤਰ੍ਹਾਂ ਲਗਦੈ ਕਿ ਉਹ ਭਾਵੇਂ ਵਿਅੰਗ ਲਿਖੇ, ਭਾਵੇਂ ਕਵਿਤਾ ਲਿਖੇ ਜਾਣ ਫਿਰ ਹੱਡ-ਬੀਤੀ ਲਿਖੇ ਜਾਣ ਜੱਗ-ਬੀਤੀ, ਉਹ ਹਮੇਸ਼ਾ ਲਕੀਰ ਤੋਂ ਹਟਵੀਂ ਗੱਲ ਕਰਦਾ ਹੈ। ਹਥਲੀ ਕਿਤਾਬ ਦੀਆਂ ਲਿਖਤਾਂ ਗਵਾਹ ਨੇ ਕੀ ਮਿੰਟੂ ਨੇ ਆਪਣੀ ਮਲਵਈ ਜਨਮ ਭੋਂ ਅਤੇ ਠੇਠ ਮਲਵਈ ਬੋਲੀ ਨੂੰ ਐਨ ਹਿੱਕ ਨਾਲ ਲਾਕੇ ਰੱਖਿਐ। ਇੱਕ ਵੱਖਰੇ ਮਹਾਂਦੀਪ ਵਿੱਚ, ਵੰਨ ਸੁਵੰਨੇ ਸੱਭਿਆਚਾਰ ਵਿੱਚ ਰਹਿ ਕੇ ਵੀ ਅੱਜ ਵੀ ਮੈਨੂੰ ਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਬਾਈ ਕਹਿਕੇ ਹੀ ਬੁਲਾਉਂਦਾ ਤੇ ਲਿਖਦੈ। ਉਹ ਆਪਣੇ ਦੁਆਲੇ ਅਤੇ ਸੰਸਾਰ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਜੋ ਮਹਿਸੂਸ ਕਰਦਾਈ, ਉਸ ਦਾ ਕਾਫ਼ੀ ਹਿੱਸਾ ਸ਼ਬਦਾਂ ਰਾਹੀਂ ਪਾਠਕਾਂ ਨਾਲ ਸਾਂਝਾ ਕਰ ਲੈਂਦੈ।

ਮਿੰਟੂ ਬਰਾੜ ਦੀ ਲੇਖਣੀ ਦੀ ਇੱਕ ਹੋਰ ਖ਼ਾਸੀਅਤ ਹੈ ਕਿ ਉਹ ਸਰਲ ਅਤੇ ਆਮ ਬੋਲ-ਚਾਲ ਵਾਲੀ ਭਾਸ਼ਾ ਦੀ ਵਰਤੋਂ ਕਰਦਾਈ , ਆਪਣੇ ਆਪ ਨੂੰ ਵਿਦਵਾਨ ਦਿਖਾਉਣ ਲਈ ਉਸਨੇ ਔਖੇ ਅਤੇ ਗੂੜ੍ਹ ਸ਼ਬਦਾਂ ਦੀ ਵਰਤੋਂ ਕਰਨ ਦੀ ਆਦਤ ਨਹੀਂ ਪਾਈ। ਮਿੰਟੂ ਨੂੰ ਲੋਕ ਲੇਖਕ ਦਾ ਨਾਮ ਦਿੱਤਾ

ਜਾ ਸਕਦਾ ਹੈ।

ਆਸਟ੍ਰੇਲੀਆ ਅਤੇ ਖ਼ਾਸ ਕਰਕੇ ਦੱਖਣੀ ਆਸਟ੍ਰੇਲੀਆ ਵਿੱਚ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਨੂੰ ਆਪਣੀਆਂ ਲਿਖਤਾਂ ਅਤੇ ਸਰਗਰਮੀਆਂ ਰਾਹੀਂ ਸਜਿੰਦ ਰੱਖਣ ਅਤੇ ਭਾਈਚਾਰਕ ਮਾਹੌਲ ਬਣਾਈ ਰੱਖਣ ਦੀਆਂ ਮਿੰਟੂ ਦੀਆਂ ਕੋਸ਼ਿਸ਼ਾਂ ਦੀ ਚਰਚਾ ਵੀ ਹੁੰਦੀ ਰਹਿੰਦੀ ਹੈ ਅਤੇ ਸ਼ਲਾਘਾ ਵੀ।

**ਬਲਜੀਤ ਬੱਲੀ**

ਸੰਪਾਦਕ

ਬਾਬੂਸ਼ਾਹੀ ਡਾਟ ਕਾਮ

ਤਿਰਛੀ ਨਜ਼ਰ ਮੀਡੀਆ

ਚੰਡੀਗੜ੍ਹ

# ਦੇਸ਼ ਅਤੇ ਪਰਦੇਸ ਦੀ ਗਾਥਾ- ਕੈਂਗਰੂਨਾਮਾ

ਬਾਈ ਮਿੰਟੂ ਬਰਾੜ ਦੀ ਪੁਸਤਕ 'ਕੈਂਗਰੂਨਾਮਾ' ਦੇਸ਼ ਅਤੇ ਪਰਦੇਸ ਦੀ ਗਾਥਾ ਕਹੀ ਜਾ ਸਕਦੀ ਹੈ ਕਿਉਂਕਿ ਇਸ ਪੁਸਤਕ ਵਿੱਚ ਉਹਨਾਂ ਆਪਣੇ ਅਤੀਤ ਅਤੇ ਵਰਤਮਾਨ ਨਾਲ ਜੁੜੀਆਂ ਗੱਲਾਂ ਨੂੰ ਲੇਖਾਂ ਦੇ ਰੂਪ ਵਿੱਚ ਪਾਠਕਾਂ ਦੇ ਰੂਬਰੂ ਕੀਤਾ ਹੈ ਜੋ ਕਿ ਦੇਸ਼ ਅਤੇ ਪਰਦੇਸ਼ ਨਾਲ ਸੰਬੰਧਿਤ ਹਨ। ਉਹਨਾਂ ਦੇ ਇੱਕ ਲੇਖ 'ਸਿਆਸੀ ਕਾਂ' ਨੂੰ ਪੜ੍ਹਕੇ ਇੰਜ ਲੱਗਦਾ ਹੈ ਕਿ ਪਾਠਕ ਮਿੰਟੂ ਬਰਾੜ ਦੇ ਨਾਲ ਹੀ ਉਸ ਦੀ ਭੂਆ ਦੇ ਘਰ ਚੁਲ੍ਹੇ ਮੂਹਰੇ ਬੈਠ ਕੇ ਸਾਰਾ ਦ੍ਰਿਸ਼ ਦੇਖ ਰਿਹਾ ਹੋਵੇ। ਇਸ ਲੇਖ ਦੀ ਸ਼ੈਲੀ ਬਾਕਮਾਲ ਹੈ। ਇਸ ਤਰ੍ਹਾਂ ਹੀ ਹੋਰਨਾਂ ਲੇਖਾਂ ਵਿੱਚ ਜੋ ਦ੍ਰਿਸ਼ ਵਰਣਨ ਹਨ ਉਹ ਕਮਾਲ ਦੇ ਹਨ ਜਿਸ ਕਰ ਕੇ ਇਹ ਲੇਖ ਪਾਠਕਾਂ ਲਈ ਰੌਚਕ ਬਣ ਜਾਂਦੇ ਹਨ। ਇਹਨਾਂ ਲੇਖਾਂ ਰਾਹੀਂ ਮਿੰਟੂ ਬਰਾੜ ਨੇ ਬਹੁਤ ਸਾਰੀਆਂ ਗੱਲਾਂ ਤੋਂ ਜਾਣੂੰ ਕਰਵਾਉਣ ਦਾ ਯਤਨ ਕੀਤਾ ਹੈ ਅਤੇ ਨਾਲ ਹੀ ਪਰਦੇਸ਼ ਬਾਰੇ ਉਹ ਜਾਣਕਾਰੀ ਦਿੱਤੀ ਹੈ ਜੋ ਕਿ ਅਸੀਂ ਪਰਵਾਸ ਕਰਕੇ ਵੀ ਹਾਸਿਲ ਨਹੀਂ ਕਰ ਸਕਦੇ। ਆਪਣੇ ਲੇਖਾਂ ਵਿੱਚ ਮਿੰਟੂ ਬਰਾੜ ਨੇ ਜਿਸ ਬੇਬਾਕੀ ਨਾਲ ਆਪਣੇ ਮਨ ਦੀ ਗੱਲ ਕਹੀ ਹੈ ਉਸ ਲਈ ਉਹ ਵਧਾਈ ਦਾ ਪਾਤਰ ਹੈ।

ਬਾਈ ਮਿੰਟੂ ਬਰਾੜ ਨਾਲ ਮੇਰੀ ਮੁਲਾਕਾਤ ਪਹਿਲੀ ਵਾਰ 1987 ਵਿੱਚ ਹੋਈ ਸੀ। ਉਹਨਾਂ ਦਿਨਾਂ ਵਿੱਚ ਮੈਂ ਕਾਲਾਂਵਾਲੀ ਤੋਂ ਪੰਜਾਬੀ ਟ੍ਰਿਬਿਊਨ ਅਤੇ ਰੋਜ਼ਾਨਾ ਅਜੀਤ ਲਈ ਕੰਮ ਕਰਦਾ ਸੀ ਜੋ ਕਿ ਹੁਣ ਤੱਕ ਜਾਰੀ ਹੈ। ਬਾਈ ਮਿੰਟੂ ਬਰਾੜ ਇਹਨਾਂ ਦਿਨਾਂ 'ਚ ਪਿੰਡ ਕਾਲਾਂਵਾਲੀ ਰੋਡ 'ਤੇ ਸਕੂਟਰ ਸਪੇਅਰ ਪਾਰਟਸ ਦੀ ਦੁਕਾਨ ਕਰਦਾ ਸੀ। ਇਸ ਸਮੇਂ ਦੌਰਾਨ ਮੈਂ ਉਸ ਨਾਲ ਅਸਕਰ ਹੀ ਮੇਰੀ ਮੁਲਾਕਾਤ ਹੁੰਦੀ ਰਹਿੰਦੀ ਸੀ। ਬਾਈ ਮਿੰਟੂ ਬਰਾੜ ਦਾ ਸੁਭਾਅ ਮੈਨੂੰ ਪਹਿਲੀ ਮਿਲਣੀ ਵਿੱਚ ਹੀ ਵਧੀਆ ਲੱਗਾ ਸੀ। ਜਿਸ ਕਰਕੇ ਐਨੇ ਲੰਬੇ ਸਮੇਂ ਤੋਂ ਸਾਡੇ ਵਿਚਾਲੇ ਦੋਸਤੀ ਦੀ ਸਾਂਝ ਬਣੀ ਹੋਈ ਹੈ। ਅਸਲ 'ਚ ਮਿੰਟੂ ਬਰਾੜ ਦੀ ਦੋਸਤੀ 'ਚ ਕਿਸੇ ਤਰ੍ਹਾਂ ਦਾ ਵਲ ਫੇਰ ਨਹੀਂ ਹੈ ਜਿਸ ਕਰਕੇ ਉਸ ਨਾਲ ਦੋਸਤੀ ਕਰਕੇ ਹਰ ਕੋਈ ਖੁਸ਼ ਰਹਿੰਦਾ ਹੈ। 1992 ਵਿੱਚ ਮੈਂ ਪਿੰਡ ਛੱਡ ਕੇ ਮੰਡੀ ਕਾਲਾਂਵਾਲੀ ਆ ਗਿਆ ਸੀ। ਇਸ ਦੌਰਾਨ ਮੈਂ ਉਹਨਾਂ ਦੇ ਗੁਆਂਢ ਵਿੱਚ ਕਈ ਸਾਲ ਰਹਿਣ ਦਾ ਮੌਕਾ ਮਿਲਿਆ ਅਤੇ ਸਾਡੇ ਵਿਚਾਲੇ ਪਰਿਵਾਰਕ ਰਿਸ਼ਤਾ ਬਣ ਗਿਆ ਜੋ ਕਿ ਹੁਣ ਹੋਰ ਵੀ ਨੇੜੇ ਹੋ ਗਿਆ ਹੈ। ਮੇਰੇ ਯਾਦ ਹੈ ਕਿ 1993 ਵਿੱਚ ਮੇਰੇ ਅਖ਼ਬਾਰ ਸਪਤਾਹਿਕ 'ਮੁੱਖਪਾਲ' ਵਿੱਚ ਮੈਂ ਬਾਈ ਮਿੰਟੂ ਬਰਾੜ ਦੀ ਇੱਕ ਕਹਾਣੀ ਪ੍ਰਕਾਸ਼ਿਤ ਕੀਤੀ ਸੀ ਜੋ ਸ਼ਾਇਦ ਉਸ ਦੀ ਪਹਿਲੀ ਕਹਾਣੀ ਸੀ। ਇਸ ਤੋਂ ਬਾਅਦ ਬਾਈ ਮਿੰਟੂ ਨੇ ਸਾਹਿਤ ਵਾਲੇ ਪਾਸੇ ਜ਼ਿਆਦਾ ਧਿਆਨ ਨਾ ਦਿੱਤਾ। ਉਹ ਆਪਣੇ ਕੰਮ ਧੰਦੇ ਕਰਦਾ ਰਿਹਾ। ਇਸ ਦੌਰਾਨ ਹੀ ਉਸ ਨੂੰ ਆਸਟ੍ਰੇਲੀਆ ਜਾਣ ਦਾ ਮੌਕਾ ਮਿਲ ਗਿਆ। ਆਸਟ੍ਰੇਲੀਆ ਵਿੱਚ ਉਸ ਨੇ ਜਿਸ ਤੇਜ਼ੀ ਨਾਲ ਲਿਖਣ ਵਾਲੇ ਪਾਸੇ ਮੱਲਾਂ ਮਾਰੀਆਂ ਉਸ ਸਾਡੇ ਵਰਗਿਆਂ ਨੂੰ ਵੀ ਪਿੱਛੇ ਛੱਡ ਗਿਆ। ਬੜੀ ਛੇਤੀ ਹੀ ਉਸ ਦੇ ਲੇਖ ਅੰਤਰਰਾਸ਼ਟਰੀ ਪੱਧਰ ਦੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਣ ਲੱਗ ਪਏ ਅਤੇ ਕੁੱਝ ਹੀ ਸਮੇਂ ਵਿੱਚ ਉਹ ਵਿਸ਼ਵ ਪੱਧਰ ਦਾ ਲੇਖਕ ਬਣ ਗਿਆ। ਜਿਸ ਵਿੱਚ ਉਸ ਦੀ ਮਿਹਨਤ ਅਤੇ

ਲਗਨ ਨਜ਼ਰ ਆ ਰਹੀ ਹੈ। ਜਦੋਂ ਤੋਂ ਮੈਂ ਮਿੰਟੂ ਨੂੰ ਜਾਣਦਾ ਹਾਂ ਉਸ ਦੇ ਅੰਦਰ ਸਿਰੜ ਅਤੇ ਕੰਮ ਕਰਨ ਦੀ ਇੱਛਾ ਸ਼ਕਤੀ ਲੋਹੜਿਆਂ ਦੀ ਹੈ ਜੋ ਕਿ ਇਸ ਕਾਮਯਾਬੀ ਪਿੱਛੇ ਦੀ ਸੱਚਾਈ ਹੈ।

ਇਸ ਪੁਸਤਕ ਵਿੱਚ ਮਿੰਟੂ ਬਰਾੜ ਦੇ ਕੁੱਲ 33 ਲੇਖ ਹਨ ਅਤੇ ਇਹਨਾਂ ਲੇਖਾਂ ਵਿੱਚੋਂ ਬਹੁਤੇ ਲੇਖ ਉਸ ਦੇ ਅਤੀਤ ਨਾਲ ਜੁੜੇ ਹਨ ਅਤੇ ਕੁੱਝ ਲੇਖ ਉਸ ਦੇ ਵਰਤਮਾਨ ਦੀ ਕਹਾਣੀ ਬਿਆਨ ਕਰਦੇ ਹਨ। ਉਸ ਦੇ ਲੇਖਾਂ ਦੀ ਸਾਰੇ ਹੀ ਲੋਕਾਂ ਨੇ ਤਾਰੀਫ਼ ਕੀਤੀ ਹੈ ਕਿਉਂਕਿ ਇਸ ਪੁਸਤਕ ਦਾ ਪ੍ਰਕਾਸ਼ਕ ਹੋਣ ਦੇ ਨਾਤੇ ਮੈਂ ਸਾਰੇ ਦੋਸਤਾਂ ਅਤੇ ਬੁੱਧੀਜੀਵੀਆਂ ਵੱਲੋਂ ਭੇਜੀਆਂ ਟਿੱਪਣੀਆਂ ਪੜ੍ਹੀਆਂ ਹਨ। ਸਾਰੇ ਹੀ ਦੋਸਤਾਂ ਨੇ ਉਸ ਦੇ ਲੇਖਾਂ ਦੀ ਦੱਬ ਕੇ ਤਾਰੀਫ਼ ਹੀ ਕੀਤੀ ਹੈ ਆਲੋਚਨਾ ਵਾਲਾ ਵਰਕਾ ਕਿਸੇ ਨੇ ਵੀ ਨਹੀਂ ਲਿਖਿਆ। ਪਰ ਮੈਂ ਬਾਈ ਮਿੰਟੂ ਬਰਾੜ ਨੂੰ ਕੁੱਝ ਲੇਖਾਂ ਬਾਰੇ ਟੋਕਿਆ ਵੀ ਹੈ ਕਿ ਇਹਨਾਂ ਵਿਚਲਾ ਸੱਚ ਤਾਂ ਖਰਾ ਸੱਚ ਹੈ ਪਰ ਕਈ ਗੱਲਾਂ ਸਿੱਧੀਆਂ ਨਹੀਂ ਕਹੀਆਂ ਜਾਂਦੀਆਂ ਕਿਤੇ ਵਿੰਗ ਵਲਾਵਾਂ ਵੀ ਪਾ ਲਈਦਾ ਹੈ। ਇਹਨਾਂ ਲੇਖਾਂ ਵਿੱਚ ਅਨੇਕ ਗੱਲਾਂ ਅਜਿਹੀਆਂ ਹਨ ਜਿਹਨਾਂ ਨਾਲ ਮੈਂ ਸਹਿਮਤ ਨਹੀਂ ਹਾਂ। ਬਾਈ ਮਿੰਟੂ ਬਰਾੜ ਦੇ ਇਹ ਲੇਖ ਉਸ ਦੀ ਨਿੱਜੀ ਸੋਚ ਹਨ ਜਿਸ ਕਰਕੇ ਮੈਨੂੰ ਕੋਈ ਅਧਿਕਾਰ ਵੀ ਨਹੀਂ ਹੈ ਕਿ ਕਿਸੇ ਤਰ੍ਹਾਂ ਦੀ ਕੱਟ ਵੱਢ ਕਰਕੇ ਮੈਂ ਉਹਨਾਂ ਲੇਖਾਂ ਦੇ ਸਰੂਪ ਨੂੰ ਹੀ ਬਿਗਾੜ ਦੇਵਾਂ ਸੋ ਮੈਂ ਉਸ ਨੂੰ ਆਪਣੇ ਨਾਲ ਸਹਿਮਤ ਕਰਕੇ ਇਹਨਾਂ ਲੇਖਾਂ ਵਿਚਲੇ ਕਈ ਕੌੜੇ ਸ਼ਬਦਾਂ ਦੀ ਥਾਂ ਪਿਆਰ ਭਰੇ ਸ਼ਬਦ ਪਾਉਣ ਦੀ ਕੋਸ਼ਿਸ਼ ਕੀਤੀ ਹੈ।

ਬਾਈ ਮਿੰਟੂ ਬਰਾੜ ਦੀ ਇਹ ਪੁਸਤਕ ਸਾਡੇ ਆਲੇ ਦੁਆਲੇ ਵੀ ਘੁੰਮਦੀ ਹੈ ਅਤੇ ਸਾਨੂੰ ਆਸਟ੍ਰੇਲੀਆ ਦੀ ਸੈਰ ਵੀ ਕਰਵਾਉਂਦੀ ਹੈ। ਜਿਸ ਕਰਕੇ ਮੈਂ ਇਸ ਦੇਸ਼ ਅਤੇ ਪਰਦੇਸ ਦੀ ਗਾਥਾ ਕਿਹਾ ਹੈ। ਉਸ ਨੇ ਇਸ ਪੁਸਤਕ ਲਈ ਬੇਹੱਦ ਮਿਹਨਤ ਕੀਤੀ ਹੈ। ਇੱਕ ਵਾਰ ਬਾਈ ਮਿੰਟੂ ਦਾ ਫੋਨ ਆਇਆ ਕਿ ਮੇਰਾ ਲੈਪਟਾਪ ਚੋਰੀ ਹੋ ਗਿਆ। ਉਸ ਨੇ ਕਿਹਾ ਕਿ ਯਾਰ ਮੈਨੂੰ ਲੈਪਟਾਪ ਚੋਰੀ ਹੋਣ ਦਾ ਦੁੱਖ ਨਹੀਂ ਪਰ ਉਸ ਵਿੱਚ ਸਾਰੀ ਕਿਤਾਬ ਕੰਪੋਜ ਕੀਤੀ ਹੋਈ ਸੀ ਉਸ ਵੀ ਨਾਲ ਗਈ। ਇੱਕ ਲੇਖਕ ਦੀ ਕ੍ਰਿਤ ਦੇ ਚੋਰੀ ਹੋਣ ਦਾ ਦੁੱਖ ਉਹੋ ਹੀ ਜਾਣਦਾ ਹੇ। ਪਰ ਬਾਈ ਮਿੰਟੂ ਨੇ ਫੇਰ ਮਿਹਨਤ ਕਰਕੇ ਅਤੇ ਸ਼ਬਦ-ਸ਼ਬਦ ਜੋੜ ਕੇ 'ਕੈਂਗਰੂਨਾਮਾ' ਤਿਆਰ ਕਰ ਲਿਆ ਹੈ ਜਿਸ ਦੇ ਪ੍ਰਕਾਸ਼ਿਤ ਹੋਣ ਲਈ ਉਹ ਵਧਾਈ ਦਾ ਪਾਤਰ ਹੈ। ਮੈਂ ਉਮੀਦ ਕਰਦਾ ਹਾਂ ਕਿ ਪਾਠਕ ਇਸ ਪੁਸਤਕ ਵਿਚਲੇ ਲੇਖਾਂ ਨੂੰ ਜ਼ਰੂਰ ਪਸੰਦ ਕਰਨਗੇ। ਇਸ ਦੇ ਨਾਲ ਹੀ ਮੇਰੀ ਦੁਆ ਹੈ ਕਿ ਬਾਈ ਮਿੰਟੂ ਬਰਾੜ ਇੰਜ ਹੀ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁਟਿਆ ਰਹੇ।


ਭੁਪਿੰਦਰ ਪੰਨੀਵਾਲੀਆ

ਤਸਵੀਰ ਪ੍ਰਕਾਸ਼ਨ

ਮੰਡੀ ਕਾਲਾਂਵਾਲੀ-125201

ਜ਼ਿਲ੍ਹਾ ਸਿਰਸਾ, ਹਰਿਆਣਾ

# ਕੰਗਾਰੂ, ਕੈਂਗਰੂ ਅਤੇ ਜੁਗਨੂੰਆਂ ਦੇ ਨਾਂ

ਹਨੇਰੇ ਵਿੱਚ
ਮਾਰਦਾ ਹਾਂ ਆਵਾਜ਼
ਜੁਗਨੂੰ ਨਜ਼ਰ ਆਉਂਦੇ ਹਨ
ਪਛਾਣ ਨਹੀਂ ਆਉਂਦੀ

ਕਾਲਖ ਹੋਂਦ ਗੁਆਉਣ ਲਗਦੀ ਹੈ

ਰੌਸ਼ਨੀ 'ਚ ਆ ਸ਼ਕ ਹੋਇਆ
ਕਿ ਉਹ ਟਿਮਟਿਮਾਹਟ
ਮੇਰੀ ਹਮਰਾਜ਼ ਹੈ

ਹਨੇਰੇ ਦਾ ਧੰਨਵਾਦ
ਜੁਗਨੂੰ ਵਿਖਾਉਣ ਲਈ।

ਮਿੱਤਰਾਂ ਨੇ ਕਿਹਾ ਕਿ ਪੰਜਾਬੀ ਵਿੱਚ ਕਿਹਾ ਜਾਣ ਵਾਲਾ ਕੰਗਾਰੂ ਤੇਰੀ ਕਿਤਾਬ ਵਿੱਚ ਕੈਂਗਰੂ ਕਿਵੇਂ ? ਇਸ ਟਾਪੂ 'ਤੇ ਵਿਚਰਦਿਆਂ ਜਿੱਥੇ ਇਸ ਦੀ ਹਵਾ ਦੀਆਂ ਰਮਜ਼ਾਂ ਫੜ੍ਹਨ ਦੀ ਕੋਸ਼ਿਸ਼ ਕੀਤੀ ਉਥੇ ਇੱਥੋਂ ਦੀ ਬੋਲੀ ਦੀ ਖਣਕ ਅਤੇ ਧੁਨੀ ਵੀ ਫੜ੍ਹਨੀ ਚਾਹੀ ਹੈ। ਪੁਰਾਤਨ ਸੱਚ ਹੈ ਕਿ ਹਰ 20 ਕੋਹ 'ਤੇ ਬੋਲੀ ਬਦਲ ਜਾਂਦੀ ਹੈ। ਸੋ ਇਹੀ ਪੁਰਾਤਨ ਸੱਚ ਹਜ਼ਾਰਾਂ ਕੋਹਾਂ 'ਚ ਫੈਲ ਕੇ ਕੰਗਾਰੂ ਤੋਂ ਕੈਂਗਰੂ ਹੋ ਗਿਆ। ਲਿਖਿਆ ਜਾ ਪੜ੍ਹਿਆ ਕੁਝ ਵੀ ਜਾਵੇ ਪਰ ਕੈਂਗਰੂ ਦੀ ਥੈਲੀ 'ਚ ਪਿਆ ਸੱਚ ਬਦਲ ਨਹੀਂ ਜਾਣਾ। ਸੱਚ ਆਪਣੇ-ਆਪਣੇ ਹੁੰਦੇ ਹਨ ਸੱਚ ਅਨੇਕ ਹੁੰਦੇ ਹਨ ਪਰ ਇਸ ਦੀ ਜੜ੍ਹ ਇੱਕ ਹੁੰਦੀ ਹੈ।

ਇਸ ਕਿਤਾਬ ਨੂੰ ਕਿਤਾਬ ਕਹਿਣ ਤੋਂ ਹਾਲੇ ਵੀ ਝਿਜਕਦਾ ਹਾਂ। ਇਸ ਦੇ ਕਈ ਕਾਰਨ ਹੋਣਗੇ। ਮਿੱਤਰਾਂ ਦੇ ਕਹੇ ਖਿੱਲਰੇ ਵਰਕੇ ਇਕੱਠੇ ਤਾਂ ਕਰ ਲਏ ਪਰ ਅੱਗੇ ਕੀ ? ਮਨੁੱਖ ਦੀ ਹੋਣੀ ਹੈ ਕਿ ਸੁਭਾਅ ਤਾਂ ਉਥੇ ਹੀ ਖੜ੍ਹਾ। ਫੇਰ ਇਹੀ ਖਰੜਾ ਉਨ੍ਹਾਂ ਸਾਰੇ ਮਿੱਤਰਾਂ ਨੂੰ ਹੀ ਭੇਜਿਆ। 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ', ਹੁਣ ਭੁਗਤੋ। ਮੈਨੂੰ ਲੱਗਿਆ ਸੀ ਕਿ ਇਹਨਾਂ ਵਰਕਿਆਂ ਨੂੰ ਪੜ੍ਹ ਕੇ ਉਹ ਮੇਰਾ ਤੇ ਆਪਣਾ ਵਹਿਮ ਦੂਰ ਕਰ ਲੈਣਗੇ ਕਿਉਂਕਿ ਮੈਨੂੰ ਲਗਦਾ ਸੀ ਕਿ ਅਜੇ ਕੈਂਗਰੂ ਦਾ ਛੜੱਪਾ ਸਹੀ ਥਾਂ 'ਤੇ ਨਹੀਂ ਡਿੱਗਿਆ। ਮਿੱਤਰ ਕੁਝ ਜ਼ਿਆਦਾ ਹੀ ਵਫ਼ਾਦਾਰ ਨਿਕਲੇ, ਔਗੁਣ ਢੱਕ ਗਏ। ਜਿਸ ਦਾ ਮਲਾਲ ਤਾਂ ਹੈ ਪਰ ਇੱਕ ਗੁੱਝੀ ਖ਼ੁਸ਼ੀ ਵੀ ਹੈ ਜੋ ਮੈਨੂੰ ਘੱਟ ਤੇ ਅੰਦਰਲੀ ਕਾਹਲ ਨੂੰ ਜ਼ਿਆਦਾ।

ਸੋ ਹੁਣ ਇਹਨਾਂ ਵਫ਼ਾਦਾਰ ਮਿੱਤਰਾਂ ਦਾ ਵਫ਼ਾਦਾਰੀ ਨਾਲ ਧੰਨਵਾਦ ਕਰਨਾ ਤਾਂ ਬਣਦਾ ਹੈ। ਸੋ ਸਾਰੀਆਂ ਜੁੜੀਆਂ-ਅਜੁੜੀਆਂ ਰੂਹਾਂ ਦਾ ਧੰਨਵਾਦ।

**ਮਿੰਟੂ ਬਰਾੜ**

# ਮੇਰੀ ਅਤੇ ਮਿੰਟੂ ਦੀ ਰਿਸ਼ਤੇਦਾਰੀ

ਮਿੰਟੂ ਬਰਾੜ ਨਾਲ ਮੇਰੀ ਪਹਿਲੀ ਮੁਲਾਕਾਤ ਚਾਰ ਕੁ ਸਾਲ ਪਹਿਲਾਂ ਹੋਈ ਜਦੋਂ ਉਨ੍ਹਾਂ ਨੂੰ ਆਸਟ੍ਰੇਲੀਆ ਸੰਬੰਧੀ ਤਜ਼ਰਬਿਆਂ ਨੂੰ ਵਿਦਿਆਰਥੀਆਂ ਨਾਲ ਸਾਂਝੇ ਕਰਨ ਲਈ ਡੀ.ਏ.ਵੀ. ਕਾਲਜ ਵਿੱਚ ਬੁਲਾਇਆ। ਉਸ ਦੀ ਇਮਾਨਦਾਰੀ ਅਤੇ ਬੇਬਾਕੀ ਵਿੱਚ ਖਿੱਚ ਮਹਿਸੂਸ ਹੋਈ। ਜਿਸ ਨੇ ਇੱਕ ਲੰਮੀ ਰਿਸ਼ਤੇਦਾਰੀ ਨੂੰ ਜਨਮ ਦਿੱਤਾ। ਅੱਜ ਮੇਰਾ ਤੇ ਮਿੰਟੂ ਦਾ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਹੈ। ਮਿੰਟੂ ਨੂੰ ਮੈਂ ਇੱਕ ਵਧੀਆ ਇਨਸਾਨ ਦੇ ਰੂਪ ਵਿੱਚ ਦੇਖਿਆ ਹੈ। ਪੰਜਾਬੀ ਮਾਂ ਬੋਲੀ ਲਈ ਪਿਆਰ, ਹਰ ਮਨੁੱਖ ਦੀ ਸਹਾਇਤਾ ਲਈ ਤਤਪਰ ਅਤੇ ਚਲੰਤ ਮਾਮਲਿਆਂ ਤੇ ਬੁਲੰਦ ਆਵਾਜ਼ ਰੱਖਣ ਵਾਲਾ ਮਿੰਟੂ ਬਰਾੜ ਅੱਜ 'ਕੈਂਗਰੂਨਾਮਾ' ਲੈ ਕੇ ਪੰਜਾਬੀ ਦੁਨੀਆ ਦੇ ਦਰਵਾਜੇ 'ਤੇ ਦਸਤਕ ਦੇ ਰਿਹਾ ਹੈ। 'ਕੈਂਗਰੂਨਾਮਾ' ਸਿਰਫ਼ ਆਸਟ੍ਰੇਲੀਆ ਨਾਲ ਸੰਬੰਧਿਤ ਨਹੀਂ ਹੈ, ਇਹ ਮਿੰਟੂ ਬਰਾੜ ਦੀ ਸਮੁਚੀ ਸ਼ਖ਼ਸੀਅਤ ਦਾ ਸ਼ੀਸ਼ਾ ਹੈ। ਜਿਸ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਸਮਾਏ ਹੋਏ ਹਨ। ਇਸ ਵਿਸ਼ਾਲ ਚਿਤਰਪਟ ਤੇ ਉਹ ਕਦੀ 'ਸਚਿਨ ਅਹੂਜਾ' ਬਾਰੇ ਲਿਖਦਾ ਹੈ ਕਦੇ 'ਭੂਆ' ਬਾਰੇ ਅਤੇ ਕਦੀ ਠੱਗਾਂ ਬਾਰੇ। ਮਿੰਟੂ ਬਰਾੜ ਦੀ ਸ਼ੈਲੀ ਨਿਰਾਲੀ ਅਤੇ ਨਿਵੇਕਲੀ ਹੈ। ਭਾਸ਼ਾ ਵਿੱਚ ਰਿਵਾਨਗੀ ਹੈ ਤੇ ਗੱਲਾਂ-ਬਾਤਾਂ ਵਾਲੀ ਭਾਸ਼ਾ ਵਿਸ਼ੇ ਨੂੰ ਹੋਰ ਵੀ ਰਸੀਲਾ ਬਣਾਉਂਦੀ ਹੈ। ਵੱਡੀ ਗੱਲ ਇਹ ਹੈ ਕਿ 'ਮਿੰਟੂ ਬਰਾੜ' ਪੰਜਾਬ ਦੀ ਇੱਕ ਨਿਵੇਕਲੀ ਆਵਾਜ਼ ਹੈ ਤੇ ਜਿਸ ਦੀ ਗੂੰਜ ਵਿਦੇਸ਼ਾਂ ਵਿੱਚ ਸੁਣੀ ਜਾ ਸਕਦੀ ਹੈ। ਕੈਂਗਰੂਨਾਮਾ ਇੱਕ ਸਾਹਿਤਕ ਮੀਲ ਪੱਥਰ ਹੈ, ਜਿਸ ਨੇ ਪੰਜਾਬੀ ਦਾ ਸਿਰ ਹੋਰ ਉੱਚਾ ਕਰਨਾ ਹੈ ਤੇ ਮਿੰਟੂ ਬਰਾੜ ਦੇ ਸਿਰਜਣਾਤਮਿਕ ਕੱਦ ਵਿੱਚ ਵੀ ਵਾਧਾ ਕਰਨਾ ਹੈ। ਵਧਾਈ ਅਤੇ ਹੋਰ ਵੀ ਸਫਲਤਾਵਾਂ ਲਈ ਸ਼ੁੱਭ ਇੱਛਾਵਾਂ ਨਾਲ।

ਡਾ. ਜੇ ਐਸ ਆਨੰਦ

ਪ੍ਰਿੰਸੀਪਲ, ਡੀ.ਏ.ਵੀ. ਕਾਲਜ ਬਠਿੰਡਾ

# ਤਿਹੁ ਦਾ ਭੁੱਖਾ ਮਿੰਟੂ ਬਰਾੜ

ਮਿੰਟੂ ਬਰਾੜ ਦੇ ਕੁਝ ਲੇਖ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ। ਸੱਚੀ ਗੱਲ, ਵਧੀਆ ਤਰੀਕੇ ਨਾਲ ਤੇ ਨਵੇਂ ਢੰਗ ਨਾਲ ਕਹੀ ਗਈ। ਇਹ ਇੱਕ ਸਫਲ ਲੇਖਕ ਦਾ ਗੁਣ ਹੈ। ਦੂਜਾ ਉਸ ਦੀ ਸ਼ਖ਼ਸੀਅਤ ਬਾਰੇ; ਮੈਂ ਜਦ ਵੀ ਆਸਟ੍ਰੇਲੀਆ ਸ਼ੋਅ ਕਰਨ ਲਈ ਗਿਆ ਹਾਂ ਤਾਂ ਮਿੰਟੂ ਬਰਾੜ ਹਰ ਵਾਰੀ ਬੜੀ ਤਿਹੁ ਨਾਲ ਮਿਲਿਆ ਤੇ ਉਸਦੀ ਆਓ ਭਗਤ ਤੇ ਅਣਮੁੱਲਾ ਪਿਆਰ, ਮਾਣ ਦਿਲ ਉੱਤੇ ਸਦੀਵੀ ਉੱਕਰਿਆ ਗਿਆ।

ਮੈਨੂੰ ਪਤਾ ਹੈ ਇੱਕ ਉਹ ਲੋਕਾਂ ਲਈ ਉਥੇ ਹਰ ਵੇਲੇ ਸਮਰਪਿਤ ਹੈ। ਪੰਜਾਬੀ ਮਾਂ ਬੋਲੀ ਦੀ ਮਹਿਕ ਤੇ ਮਹਿਮਾ ਉਨ੍ਹਾਂ ਮੁਲਕਾਂ ਵਿੱਚ ਜਿਸ ਕਦਰ ਦੁੱਗਣੀ ਚੁਗਣੀ ਕੀਤੀ ਹੈ, ਉਸ ਨਾਲ ਸਾਡੇ ਸਿਰ ਮਾਣ ਨਾਲ ਉੱਚਾ ਹੁੰਦਾ ਹੈ। ਮਿੰਟੂ ਜੀ ਦੀ ਕਿਤਾਬ ਛਪਣ ਬਾਰੇ ਜਦ ਮੈਨੂੰ ਪਤਾ ਚੱਲਿਆ ਤਾਂ ਮੇਰੀ ਖ਼ੁਸ਼ੀ ਵਿੱਚ ਹੋਰ ਵੀ ਵੱਡਾ ਵਾਧਾ ਹੋ ਗਿਆ ਕਿ ਉਨ੍ਹਾਂ ਨੇ ਆਪਣੇ ਲੇਖਾਂ ਨੂੰ ਕਿਤਾਬੀ ਰੂਪ ਵਿੱਚ ਸਾਂਭ ਲਿਆ ਹੈ। ਸ਼ੁੱਭ ਕਾਮਨਾਵਾਂ ਨਾਲ।

ਹਰਭਜਨ ਮਾਨ ਮੋਹਾਲੀ

# ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ ਉੱਤੇ ਹੋਏ ਹਮਲਿਆਂ ਪਿਛਲਾ ਸੱਚ

ਇਹ ਗੱਲ 2009 ਦੇ ਸ਼ੁਰੂ ਦੀ ਹੈ ਜਦੋਂ ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ 'ਤੇ ਹੋ ਰਹੇ ਹਮਲਿਆਂ ਤੇ ਆ ਰਹੇ ਇਕ ਤਰਫ਼ਾ ਬਿਆਨ ਮੁਸੀਬਤ ਘਟਾਉਣ ਦੀ ਥਾਂ ਵਧਾ ਰਹੇ ਸਨ। ਆਸਟ੍ਰੇਲੀਆ ਰਹਿੰਦਿਆਂ ਇਹਨਾਂ ਹਮਲਿਆਂ ਦਾ ਦੂਜਾ ਪੱਖ ਸਾਡੇ ਸਾਰਿਆਂ ਦੇ ਸਾਹਮਣੇ ਸੀ ਤੇ ਮੈਂ ਇੱਕ ਲੇਖ ਲਿਖ ਕੇ ਇਸ ਸੱਚ ਨੂੰ ਸਾਰਿਆਂ ਦੇ ਸਾਹਮਣੇ ਲਿਆਉਣਾ ਚਾਹੁੰਦਾ ਸੀ। ਪਰ ਬਿਨਾਂ ਕਿਸੇ ਸ਼ਰਤ ਅਤੇ ਘੜੇ-ਘੜਾਏ ਬਿਆਨ ਤੋਂ। ਜਦੋਂ ਮੈਂ ਇਹ ਲਿਖਿਆ ਤਾਂ ਬਹੁਤ ਸਾਰੇ ਅਖ਼ਬਾਰ ਸਾਹਮਣੇ ਆਏ, ਸਿਵਾਏ ਕੁਝ ਰੈਗੂਲਰ ਅਖ਼ਬਾਰਾਂ ਦੇ। ਜਿਨ੍ਹਾਂ 'ਚ ਮੈਂ ਪਹਿਲਾਂ ਤੋਂ ਛਪਦਾ ਆ ਰਿਹਾ ਸੀ, ਜਿਨ੍ਹਾਂ 'ਤੇ ਮੈਨੂੰ ਉਮੀਦ ਸੀ, ਉਨ੍ਹਾਂ ਨੇ ਇਸ ਲੇਖ ਤੋਂ ਪੈਰ ਪਿਛਾਂਹ ਨੂੰ ਖਿੱਚੇ। ਹੋ ਸਕਦਾ ਉਨ੍ਹਾਂ ਦੀ ਕੋਈ ਦੂਰ ਅੰਦੇਸ਼ੀ ਰਹੀ ਹੋਵੇ ਮੈਂ ਨਹੀਂ ਜਾਣਦਾ। ਬਾਅਦ 'ਚ ਇਹ ਲੇਖ ਹੋਰ ਵੀ ਕਈ ਭਾਸ਼ਾਵਾਂ 'ਚ ਛਪਿਆ ਜਿਸ ਦੀ ਕਿ ਮੈਨੂੰ ਜਾਣਕਾਰੀ ਮਿਲਦੀ ਰਹੀ। ਜੇਕਰ ਇਸ ਲੇਖ ਬਾਰੇ ਗੱਲ ਕਹਿਣੀ ਹੋਵੇ ਤਾਂ ਇਹੀ ਕਹਾਂਗਾ ਕਿ ਮੀਡੀਆ ਦਾ ਕੁਝ ਵਰਗ ਜਿੱਥੇ ਇਸ ਵਰਤਾਰੇ ਨੂੰ ਨਸਲੀ ਕਰਾਰ ਦੇਣ 'ਚ ਮਸਰੂਫ਼ ਸੀ ਪਰ ਇਥੇ ਵਸਦਾ ਆਮ ਇਨਸਾਨ ਸੱਚ ਤੋਂ ਵਾਕਫ਼ ਸੀ। ਸੱਚ ਦੇ ਚਿਹਰੇ ਹੁੰਦੇ ਹਨ ਜਿੰਨਾ ਨੂੰ ਦੇਖਣਾ ਤੇ ਦਿਖਾਉਣਾ ਹੀ ਮੇਰਾ ਉਦੇਸ਼ ਸੀ।

ਪਰ ਮੇਰੇ ਲਈ ਇਹ ਹਾਲੇ ਵੀ ਬੁਝਾਰਤ ਹੈ ਕਿ ਕਿਉਂ ਸੱਚ ਦੀ ਬਾਤ ਪਾਉਣ ਵਾਲੇ ਕੁਝ ਅਖ਼ਬਾਰਾਂ ਨੂੰ ਇਹ ਸੱਚ ਹਜ਼ਮ ਨਹੀਂ ਸੀ ਹੋਇਆ।



ਆਸਟ੍ਰੇਲੀਆ ਦੇ ਉਸ ਵਕਤ ਦੇ ਪਰਧਾਨ ਮੰਤਰੀ ਕੇਵਿਨ ਰੱਡ ਅਤੇ ਸਾਊਥ ਆਸਟ੍ਰੇਲੀਆ ਦੇ ਪ੍ਰੀਮੀਅਰ ਮਾਇਕ ਰੈਨ ਨਾਲ ਲੇਖਕ

# ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ ਉੱਤੇ ਹੋਏ ਹਮਲਿਆਂ ਪਿਛਲਾ ਸੱਚ

ਅੱਜ ਦੇ ਇਸ ਗਲੋਬਲ ਵਰਲਡ ਵਿਚ ਕੋਈ ਚੀਜ਼ ਕਿਸੇ ਤੋਂ ਲੁਕੀ ਨਹੀਂ ਰਹਿ ਸਕਦੀ। ਕਿਤੇ ਵੀ ਕੋਈ ਦੁਖਾਂਤ ਵਾਪਰਦਾ ਹੈ ਤਾਂ ਮਿੰਟੋ-ਮਿੰਟੀ ਗੱਲ ਸਾਰੇ ਜਹਾਨ ਵਿੱਚ ਪੁੱਜ ਜਾਂਦੀ ਹੈ। ਭਾਵੇਂ ਅੱਜ ਦਾ ਮੀਡੀਆ ਇਸ ਲਈ ਸ਼ਾਬਾਸ਼ ਦਾ ਹੱਕਦਾਰ ਹੈ। ਪਰ ਸਿਆਣਿਆਂ ਦਾ ਕਥਨ ਹੈ ਕਿ ਜੇ ਕਿਸੇ ਚੀਜ਼ ਦਾ ਫ਼ਾਇਦਾ ਹੁੰਦਾ ਹੈ ਤਾਂ ਉਹ ਕਿਸੇ ਨਾ ਕਿਸੇ ਪੱਖੋਂ ਖ਼ਤਰਨਾਕ ਵੀ ਸਾਬਤ ਹੋ ਸਕਦਾ ਹੈ। ਅੱਜ ਦੇ ਇਸ ਕੰਪੀਟੀਸ਼ਨ ਦੇ ਯੁੱਗ ਵਿਚ ਜੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨਾ ਹੋਵੇ ਤਾਂ ਕੁਝ ਨਾ ਕੁਝ ਖ਼ਾਸ ਤੇ ਮਸਾਲੇਦਾਰ ਲੋਕਾਂ ਸਾਹਮਣੇ ਪਰੋਸਣਾ ਹੀ ਪੈਂਦਾ ਹੈ। ਇੰਝ ਕਰਨ ਲਈ ਖ਼ਬਰ ਦੇ ਨਾਲ ਮਸਾਲੇ ਲਾਉਣੇ ਵੀ ਜ਼ਰੂਰੀ ਹੋ ਜਾਂਦੇ ਹਨ। ਸਾਡਾ ਮੀਡੀਆ ਹੁਣ ਇਸੇ ਲੀਹ 'ਤੇ ਤੁਰ ਰਿਹਾ ਹੈ। ਬਿਨਾਂ ਲੰਬੀ ਸੋਚੇ ਤੇ ਬਿਨਾਂ ਕਿਸੇ ਖ਼ਬਰ ਦੀ ਤਹਿ ਤਕ ਗਿਆਂ, ਸ਼ੋਹਰਤ ਤੇ ਪੈਸੇ ਲਈ ਅਤੇ ਬੱਸ ਇਹੀ ਜਤਾਉਣ ਲਈ ਕਿ ਅਸੀਂ ਹੀ ਸਭ ਤੋਂ ਪਹਿਲਾਂ ਇਹ ਖ਼ਬਰ ਦਿਖਾਈ ਹੈ, ਆਪਣੀਆਂ ਜ਼ਿੰਮੇਵਾਰੀਆਂ ਕਿੱਲੇ 'ਤੇ ਟੰਗ ਰਿਹਾ ਹੈ।

ਪਿਛਲੇ ਕੁਝ ਦਿਨਾਂ ਤੋਂ ਜੋ ਕੁਝ ਵੀ ਆਸਟ੍ਰੇਲੀਆ ਵਿਚ ਵਾਪਰ ਰਿਹਾ ਹੈ, ਪੂਰੀ ਦੁਨੀਆਂ ਉਸ ਤੋਂ ਚੰਗੀ ਤਰ੍ਹਾਂ ਵਾਕਫ਼ ਹੈ। ਭਾਵੇਂ ਦੁਨੀਆਂ ਭਰ ਵਿਚ ਇਹਨਾਂ ਹਮਲਿਆਂ ਦੀ ਨਿਖੇਧੀ ਹੋ ਰਹੀ ਹੈ ਤੇ ਡਿਪਲੋਮੈਟਿਕ ਪੱਧਰ 'ਤੇ ਵੀ ਗੱਲਬਾਤ ਹੋ ਰਹੀ ਹੈ। ਹੋਣੀ ਵੀ ਚਾਹੀਦੀ ਹੈ ਕਿਉਂ ਜੋ ਮਸਲਾ ਬਹੁਤ ਗੰਭੀਰ ਹੈ ਪਰ ਕਿਸੇ ਨੇ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹ ਸਭ ਕਿਉਂ ਹੋਇਆ ? ਆਸਟ੍ਰੇਲੀਆ 'ਚ ਪਿਛਲੀ ਇਕ ਸਦੀ ਤੋਂ ਵੀ ਜ਼ਿਆਦਾ ਸਮੇਂ ਤੋਂ ਵੱਸਦੇ ਹਿੰਦੁਸਤਾਨੀਆਂ ਨਾਲ਼ ਅੱਜ ਤੱਕ ਤਾਂ ਕਦੇ ਇਹੋ ਜਿਹਾ ਵਰਤਾਰਾ ਨਹੀਂ ਹੋਇਆ ਸੀ। ਵਿਚਾਰਨ ਦੀ ਲੋੜ ਹੈ ਕਿ ਇਸ ਦੇ ਪਿੱਛੇ ਅਸਲੀ ਦੋਸ਼ੀ ਕੌਣ ਹਨ ? ਕਿਸੇ ਨੂੰ ਦੋਸ਼ ਦੇਣ ਤੋਂ ਪਹਿਲਾਂ ਕਦੇ ਅਸੀਂ ਆਪਣੇ ਉਤੇ ਵੀ ਝਾਤ ਮਾਰੀ ਕਿ ਨਹੀਂ ? ਇਸ ਦੁਖਾਂਤ ਦੇ ਪਿੱਛੇ ਬਹੁਤ ਸਾਰੇ ਸਵਾਲ ਹਨ। ਅੱਗੇ ਤੋਂ ਇਹੋ ਜਿਹਾ ਦੁਖਾਂਤ ਨਾ ਵਾਪਰੇ, ਇਸ ਲਈ ਸਾਨੂੰ ਆਪਾ ਪੜਚੋਲਣ ਦੀ ਲੋੜ ਹੈ, ਨਾ ਕਿ ਐਵੇਂ ਜੋਸ਼ 'ਚ ਆ ਕੇ ਮਾਹੌਲ ਖ਼ਰਾਬ ਕਰਨਾ ਚਾਹੀਦਾ ਹੈ। ਇਹ ਗੱਲ ਸਭ ਤੋਂ ਖ਼ਾਸ ਹੈ ਕਿ ਜਦੋਂ ਵੀ ਕੋਈ ਹਾਦਸਾ ਹੁੰਦਾ ਹੈ, ਉਦੋਂ ਸ਼ਰਾਰਤੀ ਅਨਸਰ ਤਾਂ ਬਚ ਨਿਕਲਦੇ ਹਨ ਤੇ ਬੇਕਸੂਰ 'ਉਪਕਾਰ ਸਿੰਘ' ਤੇ 'ਸਰਵਣ ਕੁਮਾਰ' ਜਿਹੇ ਇਸ ਦੀ ਬਲੀ ਚੜ੍ਹ ਜਾਂਦੇ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਹੁਣ ਤੱਕ ਦੇ ਸਾਰੇ ਪੀੜਤ 'ਕਰੇ ਕੋਈ ਤੇ ਭਰੇ ਕੋਈ' ਦੇ ਸ਼ਿਕਾਰ ਹੋਏ ਹਨ।

ਅੰਕੜੇ ਦੱਸਦੇ ਹਨ ਕਿ ਇਸ ਵਕਤ ਸਾਰੇ ਆਸਟ੍ਰੇਲੀਆ ਵਿਚ ਨੱਬੇ ਹਜ਼ਾਰ ਦੇ ਕਰੀਬ ਭਾਰਤੀ ਵਿਦਿਆਰਥੀ ਉਚੇਰੀ ਵਿੱਦਿਆ ਅਤੇ ਸੁਨਹਿਰੀ ਭਵਿੱਖ ਲਈ ਬੜੇ ਜ਼ੋਰ ਸ਼ੋਰ ਨਾਲ ਮਿਹਨਤ ਕਰ ਰਹੇ ਹਨ। ਇਕ ਬਹੁਤ ਹੀ ਘੱਟ ਆਬਾਦੀ ਵਾਲੇ ਮੁਲਕ 'ਚ ਇਹ ਹਾਜ਼ਰੀ ਆਪਣੇ ਆਪ ਨੂੰ ਦਰਸਾਉਂਦੀ ਹੈ। ਜ਼ਿਆਦਾਤਰ ਵਿਦਿਆਰਥੀਆਂ ਦਾ ਮਕਸਦ ਇੱਥੇ ਇਕੱਲਾ ਪੜ੍ਹਨ ਆਉਣਾ ਨਹੀਂ

ਬਲਕਿ ਪੱਕੇ ਤੌਰ 'ਤੇ ਰਹਿਣਾ ਹੀ ਹੈ। ਹੁਣ ਤਕ ਉਹ ਆਪਣੀ ਮਿਹਨਤ ਨਾਲ ਸਫ਼ਲ ਵੀ ਹੋ ਰਹੇ ਸਨ ਪਰ ਪਿਛਲੇ ਕੁਝ ਸਮੇਂ ਤੋਂ ਵੀਜ਼ਾ ਸੌਖਾ ਮਿਲਣ ਕਰ ਕੇ ਪੰਜ-ਸੱਤ ਪ੍ਰਤੀਸ਼ਤ ਇਹੋ ਜਿਹੇ ਲੋਕ ਇੱਥੇ ਆਉਣ 'ਚ ਕਾਮਯਾਬ ਹੋ ਗਏ, ਜਿਨ੍ਹਾਂ ਬਾਕੀ ਦੇ ਪਚਾਨਵੇਂ ਪ੍ਰਤੀਸ਼ਤ ਲੋਕਾਂ ਦੇ ਮੂੰਹ 'ਤੇ ਕਾਲਖ ਮਲ਼ ਦਿੱਤੀ ਹੈ। ਗ਼ਲਤੀ ਇੱਕ ਕਰਦਾ ਹੈ ਤੇ ਨਤੀਜੇ ਸਭ ਭੁਗਤ ਰਹੇ ਹਨ। ਹਰ ਵਿਦਿਆਰਥੀ ਨੂੰ ਇੱਥੇ ਆ ਕੇ ਦੁਨੀਆਦਾਰੀ ਦਾ ਪਤਾ ਚਲਦਾ ਹੈ ਕਿ 'ਬਾਪ ਦੀ ਕਮਾਈ ਤੇ ਆਪ ਦੀ ਕਮਾਈ' 'ਚ ਕੀ ਫ਼ਰਕ ਹੁੰਦਾ ਹੈ । ਮੈਂ ਉਨ੍ਹਾਂ ਲੋਕਾਂ ਨੂੰ ਵੀ ਹੱਡ ਭੰਨਵੀਂ ਮਿਹਨਤ ਕਰਦਿਆਂ ਅੱਖੀਂ ਦੇਖਿਆ ਹੈ, ਜਿਨ੍ਹਾਂ ਕਦੇ ਇੰਡੀਆ 'ਚ ਪਾਣੀ ਦਾ ਗਲਾਸ ਚੁੱਕ ਕੇ ਵੀ ਨਹੀਂ ਪੀਤਾ ਹੁੰਦਾ। ਪਰ ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਕੁਝ ਕੁ ਲੋਕਾਂ ਨੂੰ ਇਹ ਸ਼ਾਂਤੀ ਭਰੀ ਜ਼ਿੰਦਗੀ ਤੇ ਇੰਞ ਮਿਹਨਤ ਕਰਨ ਦੀ ਗੱਲ ਭਾਉਂਦੀ ਨਹੀਂ। ਉਹ ਤਾਂ ਅਸ਼ਾਂਤੀ ਪਸੰਦ ਕਰਦੇ ਹਨ।

ਮੈਂ ਕੁਝ ਇਹੋ ਜਿਹੀਆਂ ਘਟਨਾਵਾਂ ਆਪ ਦੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ, ਜਿਨ੍ਹਾਂ ਕਰ ਕੇ ਸਾਡੇ ਭਾਈਚਾਰੇ ਪ੍ਰਤੀ ਨਫ਼ਰਤ ਪੈਦਾ ਹੋ ਰਹੀ ਹੈ। ਦੰਦ ਕਥਾਵਾਂ ਤਾਂ ਬਹੁਤ ਹਨ ਪਰ ਮੈਂ ਆਪਣਾ ਇਖ਼ਲਾਕੀ ਫ਼ਰਜ਼ ਸਮਝਦਾ ਹੋਇਆ, ਇੱਥੇ ਬੱਸ ਉਹ ਹੀ ਬਿਆਨ ਕਰਾਂਗਾ ਜੋ ਮੈਂ ਅੱਖੀਂ ਦੇਖਿਆ। ਸੁਣੀ ਸੁਣਾਈ ਗੱਲ 'ਚ ਤਾਂ ਇਕ ਮੂੰਹ ਤੋਂ ਦੂਜੇ ਮੂੰਹ ਤਕ ਜਾਂਦੇ-ਜਾਂਦੇ ਫ਼ਰਕ ਆ ਹੀ ਜਾਂਦਾ ਹੈ। ਸੋ, ਕੁਝ ਹੱਡਬੀਤੀਆਂ ਵਿਚੋਂ ਸਭ ਤੋਂ ਪਹਿਲਾਂ ਮੈਂ ਇਸ ਸਾਲ ਨਵੇਂ ਸਾਲ ਦਾ ਦ੍ਰਿਸ਼ ਤੁਹਾਨੂੰ ਦਿਖਾਉਣ ਦੀ ਕੋਸ਼ਿਸ਼ ਕਰਦਾ ਹਾਂ।

ਜਿਵੇਂ ਕਿ ਸਾਰੀ ਦੁਨੀਆਂ ਨੂੰ ਪਤਾ ਹੀ ਹੈ ਕਿ ਸਿਡਨੀ ਦਾ ਨਵਾਂ ਸਾਲ ਆਪਣੇ ਆਪ 'ਚ ਦੇਖਣ ਵਾਲਾ ਹੁੰਦਾ ਹੈ। ਇਸ ਨੂੰ ਮੌਕੇ 'ਤੇ ਦੇਖਣ ਲਈ ਹਰ ਸਾਲ ਕਰੀਬ ਇਕ ਮਿਲੀਅਨ ਲੋਕ ਦੂਰੋਂ-ਨੇੜੇ ਤੋਂ ਪਹੁੰਚਦੇ ਹਨ। ਇਸ ਵਾਰ ਇਹ ਗਿਣਤੀ ਇਸ ਤੋਂ ਵੀ ਕੁਝ ਜ਼ਿਆਦਾ ਸੀ, ਜਿਸ ਵਿੱਚ ਮੇਰੇ ਹਮ-ਵਤਨਾਂ ਦੀ ਗਿਣਤੀ ਵੀ ਕਈ ਹਜ਼ਾਰਾਂ 'ਚ ਸੀ । ਮੇਰੇ ਮਨ 'ਚ ਬੜੇ ਚਿਰ ਤੋਂ ਇਸ ਨੂੰ ਨੇੜੇ ਤੋਂ ਦੇਖਣ ਦੀ ਲਾਲਸਾ ਸੀ। ਸੋ, ਇਸ ਬਾਰ ਮੈਂ ਵੀ ਸਿਡਨੀ ਜਾ ਪਹੁੰਚਿਆ। ਉਥੇ ਨਵੇਂ ਸਾਲ ਤੋਂ ਦੋ ਦਿਨ ਪਹਿਲਾਂ ਜਦੋਂ ਮੈਂ ਹਾਰਬਰ ਬ੍ਰਿਜ 'ਤੇ ਗਿਆ ਤਾਂ ਪ੍ਰਸ਼ਾਸਨ ਦੇ ਇੰਤਜ਼ਾਮ ਦੇਖ ਕੇ ਹੈਰਾਨ ਰਹਿ ਗਿਆ ਕਿ ਕਿਵੇਂ ਉਨ੍ਹਾਂ ਇੱਕ ਥੋੜ੍ਹੇ ਜਿਹੇ ਥਾਂ 'ਤੇ ਬਾਰ੍ਹਾਂ-ਤੇਰ੍ਹਾਂ ਲੱਖ ਇਨਸਾਨਾਂ ਨੂੰ ਬੜੇ ਸਲੀਕੇ ਨਾਲ ਸਾਂਭਣ ਦਾ ਇੰਤਜ਼ਾਮ ਕੀਤਾ ਹੋਇਆ ਸੀ। ਸਾਲ ਦੇ ਆਖ਼ਰੀ ਦਿਨ ਲੋਕਾਂ ਨੇ ਸਵੇਰੇ ਤੋਂ ਹੀ ਆਪਣੇ ਥਾਂ ਮੱਲਣੇ ਸ਼ੁਰੂ ਕਰ ਦਿੱਤੇ ਸਨ। ਭਾਵੇਂ ਆਤਿਸ਼ਬਾਜ਼ੀ ਰਾਤ ਦੇ ਬਾਰਾਂ ਵਜੇ ਹੋਣੀ ਸੀ ਪਰ ਸ਼ਾਮ ਦੇ ਚਾਰ ਵੱਜਦੇ-ਵੱਜਦੇ ਇਸ ਸਾਰੇ ਇਲਾਕੇ ਵਿਚ ਕਿਤੇ ਤਿਲ ਧਰਨ ਨੂੰ ਥਾਂ ਨਹੀਂ ਸੀ। ਬੱਸ ਇੱਕ ਐਮਰਜੈਂਸੀ ਵਰਤੋਂ ਲਈ ਛੋਟਾ ਜਿਹਾ ਰਾਹ ਰੱਖਿਆ ਹੋਇਆ ਸੀ। ਸਭ ਲੋਕਾਂ ਨੇ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਲਈ ਸ਼ਾਂਤੀ ਨਾਲ ਆਪਣਾ ਥਾਂ ਮੱਲਿਆ ਹੋਇਆ ਸੀ । ਕੋਈ ਭੋਰਾ ਵੀ ਹਿਲਜੁੱਲ ਨਹੀਂ ਸੀ ਕਰ ਸਕਦਾ, ਕਿਉਂ ਜੋ ਭੀੜ ਹੀ ਇੰਨੀ ਸੀ ਕਿ ਕੋਈ ਚਾਹੁੰਦਾ ਹੋਇਆ ਵੀ ਕਿਤੇ ਆ ਜਾ ਨਹੀਂ ਸੀ ਸਕਦਾ। ਜੇ ਕੋਈ ਚੀਜ਼ ਪ੍ਰਭਾਵਿਤ ਕਰ ਰਹੀ ਸੀ ਤਾਂ ਉਹ ਸੀ ਸ਼ਾਂਤੀ। ਇਤਨਾ ਇਕੱਠ ਹੋਣ ਦੇ ਬਾਵਜੂਦ ਕਿਤੇ ਕੋਈ ਰੌਲਾ ਨਹੀਂ ਸੀ ਪੈ ਰਿਹਾ। ਅਚਾਨਕ ਇਕ ਪਾਸੇ ਤੋਂ ਉੱਚੀ ਉੱਚੀ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਸਭ ਵਾਂਗ ਮੇਰਾ ਧਿਆਨ ਵੀ ਉਸ ਪਾਸੇ ਗਿਆ ਤਾਂ ਦੇਖਿਆ ਤੀਹ-ਚਾਲੀ ਕੁ ਦੇ ਕਰੀਬ ਮੇਰੇ ਹਮ-

ਵਤਨੀ, ਇਕੱਠ ਵਿੱਚ ਦੀ ਧੱਕੇ ਮਾਰਦੇ ਹੋਏ ਤੇ ਜੈਕਾਰੇ ਲਾਉਂਦੇ ਹੋਏ ਅੱਗੇ ਵੱਧ ਰਹੇ ਸਨ। ਇਕ ਬਾਰ ਤਾਂ ਇੰਜ ਮਹਿਸੂਸ ਹੋਇਆ ਕਿ ਜਿਵੇਂ ਸਿਡਨੀ ਦਾ ਨਵਾਂ ਸਾਲ ਨਾ ਹੋ ਕੇ 'ਤਲਵੰਡੀ ਸਾਬੋ ਕੀ' ਦਾ ਵਿਸਾਖੀ ਮੇਲਾ ਹੋਵੇ ! ਇਹ ਮਾਜਰਾ ਦੇਖ ਕੇ ਬਾਕੀ ਸਾਰੇ ਹੈਰਾਨ ਸਨ ਤੇ ਮੇਰੇ ਜਿਹੇ ਹਜ਼ਾਰਾਂ ਭਾਰਤੀ ਸ਼ਰਮਸਾਰ ਸਨ, ਜਿਨ੍ਹਾਂ ਦਾ ਸਿਰ ਕੁਝ ਸਿਰ-ਫਿਰੇ ਲੋਕਾਂ ਨੇ ਆਪਣੀਆਂ ਅਸੱਭਿਅਕ ਹਰਕਤਾਂ ਨਾਲ ਝੁਕਾਅ ਦਿਤਾ ਸੀ। ਇਹ ਗਰੁੱਪ ਹਾਲੇ ਪਰਿਕਰਮਾ ਕਰ ਹੀ ਰਿਹਾ ਸੀ ਕਿ ਇੰਨੇ ਨੂੰ ਇਕ ਹੋਰ ਟੋਲਾ ਗਲ਼ਾਂ 'ਚ ਢੋਲਕੀਆਂ ਪਾ ਕੇ ਭੀੜ ਨੂੰ ਚੀਰਦਾ ਹੋਇਆ 'ਹਰੇ ਰਾਮਾ ਹਰੇ ਕ੍ਰਿਸ਼ਨਾ' ਦੇ ਰਾਗ ਗਾਉਂਦਾ ਆ ਰਿਹਾ ਸੀ। ਇਹ ਤਮਾਸ਼ਾ ਰਾਤ ਦੇ ਬਾਰਾਂ ਵਜੇ ਤੱਕ ਨਿਰਵਿਘਨ ਚਲਦਾ ਰਿਹਾ। ਜੋ ਲੋਕ ਇੱਥੇ ਹੋਣ ਵਾਲੀ ਆਤਿਸ਼ਬਾਜ਼ੀ ਦੇ ਅਲੌਕਿਕ ਦ੍ਰਿਸ਼ ਦੇਖਣ ਲਈ ਮੋਟੇ ਡਾਲਰ ਖ਼ਰਚ ਕੇ ਆਏ ਸਨ, ਉਹ ਪਛਤਾ ਰਹੇ ਸਨ ਕਿ ਕਿਉਂ ਨਾ ਟੀ.ਵੀ. ਮੂਹਰੇ ਬੈਠ ਕੇ ਦੇਖ ਲਿਆ ? ਲੋਕਾਂ ਨੂੰ ਇੰਝ ਕਹਿੰਦੇ ਆਮ ਹੀ ਸੁਣਿਆ ਗਿਆ ਕਿ ਇਸ ਤੋਂ ਪਹਿਲਾਂ ਤਾਂ ਇੰਝ ਕਦੇ ਨਹੀਂ ਸੀ ਹੋਇਆ। ਜ਼ਿਕਰਯੋਗ ਹੈ ਕਿ ਆਸਟ੍ਰੇਲੀਆ 'ਚ ਅੱਜ ਕੱਲ੍ਹ ਇਕੱਲੇ ਭਾਰਤੀ ਹੀ ਨਹੀਂ ਸਗੋਂ ਤਕਰੀਬਨ ਸੌ ਦੇ ਕਰੀਬ ਮੁਲਕਾਂ ਤੋਂ ਲੋਕ ਆ ਰਹੇ ਹਨ। ਪਰ ਇਹੋ ਜਿਹੀ ਹਰਕਤ ਕਿਸੇ ਹੋਰ ਮੁਲਕ ਦੇ ਲੋਕਾਂ ਨੇ ਨਹੀਂ ਕੀਤੀ। ਆਪਣੇ ਮੁਲਕ ਦੀ ਇਹ 'ਇੱਜ਼ਤ' ਹਜ਼ਾਰਾਂ ਵਿਚੋਂ ਸਿਰਫ਼ ਇਨ੍ਹਾਂ ਦੋ ਟੋਲੀਆਂ ਨੇ ਹੀ ਬਣਾਈ ਪਰ 'ਬਲੱਡੀ ਇੰਡੀਅਨ' ਸਾਰਿਆਂ ਨੂੰ ਕਹਾਉਣਾ ਪਿਆ।

ਇਹ ਤਮਾਸ਼ਾ ਇੱਥੇ ਹੀ ਖ਼ਤਮ ਨਹੀਂ ਹੋਇਆ। ਸਰਕਾਰ ਵੱਲੋਂ ਲੋਕਾਂ ਦੀ ਸੁਵਿਧਾ ਲਈ ਮੁਫ਼ਤ ਵਿਚ ਪਬਲਿਕ ਟਰਾਂਸਪੋਰਟ ਦਾ ਪ੍ਰਬੰਧ ਕੀਤਾ ਹੋਇਆ ਸੀ। ਅੱਧੀ ਰਾਤ ਨੂੰ ਇਹ ਪ੍ਰੋਗਰਾਮ ਖ਼ਤਮ ਹੋਣ ਤੋਂ ਬਾਅਦ ਮੈਂ ਵੀ ਇਕ ਟ੍ਰੇਨ ਰਾਹੀਂ ਆਪਣੀ ਮੰਜ਼ਿਲ ਵੱਲ ਨੂੰ ਜਾ ਰਿਹਾ ਸੀ। ਕੁਝ ਸਮਾਂ ਪਹਿਲਾਂ ਵਾਪਰੇ ਉਹੀ ਹਾਲਤ ਇੱਥੇ ਵੀ ਸਨ। ਕੁਝ ਕੁ ਪੰਜਾਬੀ ਪੁੱਤਰ ਆਪਣੇ ਮੋਬਾਇਲ ਫੋਨਾਂ 'ਤੇ ਉਚੀ ਆਵਾਜ਼ 'ਚ ਗਾਣੇ ਲਾ ਕੇ ਟ੍ਰੇਨ ਵਿਚ ਭੜਥੂ ਪਾ ਰਹੇ ਸਨ। ਇਹਨਾਂ ਮਨਚਲਿਆਂ ਦੀ ਕੁਝ ਸ਼ਰਾਬੀ ਗੋਰਿਆਂ ਤੇ ਗੋਰੀਆਂ ਨਾਲ਼ ਤੂੰ-ਤੂੰ ਮੈਂ-ਮੈਂ ਹੋ ਗਈ, ਕਿਉਂਕਿ ਇਹ ਲੋਕ ਆਪਣੇ ਸਭਿਆਚਾਰ ਮੁਤਾਬਿਕ, ਨਾ ਕਿਸੇ ਨੂੰ ਕੁਝ ਫ਼ਾਲਤੂ ਕਹਿੰਦੇ ਹਨ ਤੇ ਨਾ ਸੁਣਦੇ ਹਨ। ਖ਼ਾਸ ਕਰ ਕੇ ਗੋਰੇ ਨੌਜਵਾਨ ਆਪਣੀ ਗਰਲਫ੍ਰੈਂਡ ਦੇ ਮਾਮਲੇ 'ਚ ਕੁਝ ਵੀ ਬਰਦਾਸ਼ਤ ਨਹੀਂ ਕਰਦੇ। ਇੱਥੇ ਇਕ ਕਹਾਵਤ ਵੀ ਹੈ ਕਿ ਗੋਰਿਆਂ ਦੀ ਮਾਂ ਭੈਣ ਨੂੰ ਭਾਵੇਂ ਕੁਝ ਕਹਿ ਲਓ, ਪਰ ਉਹ ਆਪਣੀ ਗਰਲਫ੍ਰੈਂਡ ਨੂੰ ਕਿਹਾ ਕੁਝ ਵੀ ਬਰਦਾਸ਼ਤ ਨਹੀਂ ਕਰਦੇ। ਇਸੇ ਕਰ ਕੇ ਗੱਲ ਹੱਥੋ ਪਾਈ ਤਕ ਪਹੁੰਚ ਗਈ। ਇਤਨੇ ਸਮੇਂ 'ਚ ਗੋਰਿਆਂ ਦਾ ਸਟੇਸ਼ਨ ਆ ਗਿਆ ਤੇ ਉਹ ਉੱਤਰ ਗਏ ਪਰ ਉਸ ਤੋਂ ਬਾਅਦ ਸਾਡੇ ਭਰਾਵਾਂ ਨੇ ਇਸ ਜਿੱਤ ( ?) ਦੀ ਖ਼ੁਸ਼ੀ ਇੰਝ ਮਨਾਈ ਕਿ ਸ਼ਾਇਦ ਅੰਗਰੇਜ਼ਾਂ ਤੋਂ ਭਾਰਤ ਦੇ ਆਜ਼ਾਦ ਹੋਣ ਵੇਲੇ ਨਾ ਮਨਾਈ ਹੋਵੇ।

ਦੂਜਾ ਹਾਦਸਾ, ਜੋ ਮੇਰੇ ਸਾਹਮਣੇ ਵਾਪਰਿਆ ਉਹ ਇਹ ਸੀ; ਸੰਨ 2008 ਦੇ ਕ੍ਰਿਸਮਿਸ ਵਾਲੇ ਦਿਨ ਜਦੋਂ ਮੈਂ ਆਸਟ੍ਰੇਲੀਆ ਦਰਸ਼ਨ 'ਤੇ ਐਡੀਲੇਡ ਤੋਂ ਨਿਕਲਿਆ ਸੀ ਤਾਂ ਮਨ ਵਿਚ ਇਹ ਵਿਚਾਰ ਸੀ ਕਿ ਸਾਰੇ ਸਫ਼ਰ ਨੂੰ ਕਲਮਬੱਧ ਕਰ ਕੇ ਪਾਠਕਾਂ ਨਾਲ ਸਾਂਝਾ ਕਰਾਂਗਾ। ਇਸ ਟੂਰ ਦੀਆਂ ਮਿੱਠੀਆਂ ਯਾਦਾਂ ਤਾਂ ਕਿਸੇ ਕਾਰਨ ਪਾਠਕਾਂ ਦੇ ਨਾਲ਼ ਸਾਂਝੀਆਂ ਨਹੀਂ ਕਰ ਸਕਿਆ ਪਰ ਇਸ ਦੌਰਾਨ ਹੋਏ ਆਪਣੇ ਕੌੜੇ ਅਨੁਭਵ ਜ਼ਰੂਰ ਮਜ਼ਬੂਰੀ ਵੱਸ ਸਾਂਝੇ ਕਰਨੇ ਪੈ ਰਹੇ ਹਨ। ਚਲੋ ! ਜੋ ਵੀ ਹੈ, ਸਮੇਂ ਦੀ

ਨਜ਼ਾਕਤ ਨੂੰ ਦੇਖਦਿਆਂ ਆਪਣੀਆਂ ਕਮੀਆਂ ਦੀ ਪੜਤਾਲ ਕਰਨੀ ਵੀ ਜ਼ਰੂਰੀ ਹੈ ।

ਹੋਇਆ ਇੰਝ ਕਿ ਮੈਂ ਬ੍ਰਿਸਬੇਨ ਦੇ ਇਕ ਬੱਸ ਸਟਾਪ 'ਤੇ ਬੱਸ ਦੀ ਉਡੀਕ ਕਰ ਰਿਹਾ ਸੀ। ਦਸ ਕੁ ਬੰਦੇ ਬੁੜ੍ਹੀਆਂ ਦੀ ਲਾਈਨ ਲੱਗੀ ਹੋਈ ਸੀ। ਕੁਝ ਮੇਰੇ ਹਮ ਵਤਨੀ ਕੋਲ ਹੀ ਖੜੇ ਆਪਣੇ ਸੁਭਾਅ ਮੁਤਾਬਿਕ ਉੱਚੀ-ਉੱਚੀ ਰੌਲਾ ਪਾ ਰਹੇ ਸਨ। ਇੰਨੇ ਨੂੰ ਬੱਸ ਆ ਗਈ। ਬੱਸ ਰੁਕਣ ਦੀ ਦੇਰ ਸੀ ਕਿ ਹਮਵਤਨੀਆਂ 'ਚੋਂ ਇੱਕ ਲਾਈਨ ਦੀ ਪਰਵਾਹ ਕੀਤੇ ਬਿਨਾਂ ਬੱਸ ਅੰਦਰ ਚੜ੍ਹ ਗਿਆ। ਸਾਰਿਆਂ ਨੇ ਉਸ ਨੂੰ ਇੰਝ ਕਰਦਿਆਂ ਦੇਖ ਕੇ ਹੈਰਾਨੀ ਤਾਂ ਪ੍ਰਗਟਾਈ ਪਰ ਕੋਈ ਕੁਝ ਨਾ ਬੋਲਿਆ। ਪਰ ਉਹ ਜਨਾਬ ਇੰਨੇ ਨਾਲ ਸਬਰ ਕਰਨ ਵਾਲੇ ਕਿੱਥੇ ਸਨ ਤੇ ਆਪਣਾ ਮੋਬਾਇਲ ਫੋਨ ਚਲਾ ਕੇ, ਲੱਗ ਪਏ ਉੱਚੀ ਆਵਾਜ਼ 'ਚ ਗੱਲਾਂ ਕਰਨ। ਉਸ ਬੱਸ ਵਿੱਚ ਮੇਰੇ ਤੋਂ ਬਿਨਾਂ ਚਾਰ ਕੁ ਇੰਡੀਅਨ ਹੋਰ ਸਨ ਪਰ ਉਹ ਨੌਜਵਾਨ ਆਪਣੇ ਸਾਥੀ ਨੂੰ ਬੱਸ ਦਾ ਅੱਖੀਂ ਡਿੱਠਾ ਹਾਲ ਸੁਣਾ ਰਿਹਾ ਸੀ। ਉਸ ਨੇ ਆਪਣੀ ਗੱਲ ਦੀ ਸ਼ੁਰੂਆਤ ਇੰਝ ਕੀਤੀ ਕਿ ਸਾਰੀ ਬੱਸ ਵਾਲੇ ਮੇਰੇ ਵੱਲ ਇੰਝ ਦੇਖ ਰਹੇ ਹਨ ਜਿਵੇਂ ਮੈਂ ਇਨ੍ਹਾਂ ਦੀ ਕੁੜੀ ਛੇੜ ਦਿੱਤੀ ਹੋਵੇ। ਉਸ ਤੋਂ ਬਾਅਦ ਤਾਂ ਹੱਦ ਹੀ ਹੋ ਗਈ ਜਦੋਂ ਉਸ ਨੇ ਸਾਹਮਣੇ ਬੈਠੀਆਂ ਦੋ ਗੋਰੀਆਂ 'ਤੇ ਕਮੈਂਟਰੀ ਕਰਨੀ ਸ਼ੁਰੂ ਕਰ ਦਿੱਤੀ। ਵਿਚਾਰਯੋਗ ਹੈ ਕਿ ਭਾਵੇਂ ਕੋਈ ਤੁਹਾਡੀ ਭਾਸ਼ਾ ਸਮਝ ਰਿਹਾ ਹੋਵੇ ਜਾਂ ਨਹੀਂ, ਪਰ ਰੱਬ ਨੇ ਸਭ ਨੂੰ ਹਾਵ-ਭਾਵ ਸਮਝਣ ਦੀ ਸਮਝ ਦਿੱਤੀ ਹੈ। ਸੋ, ਸਾਰੀ ਬੱਸ ਭਾਸ਼ਾ ਨਾ ਸਮਝਦੇ ਹੋਏ ਵੀ ਸਭ ਸਮਝ ਰਹੀ ਸੀ ਕਿ ਕੀ ਹੋ ਰਿਹਾ ਹੈ। ਜਦੋਂ ਜਨਾਬ ਹੋਰੀਂ ਹੱਦਾਂ ਬੰਨੇ ਹੀ ਟੱਪ ਗਏ ਤਾਂ ਪਿੱਛੇ ਬੈਠੀ ਇੱਕ ਪੰਜਾਬਣ ਕੁੜੀ ਨੇ ਜੇਰਾ ਕਰ ਕੇ ਉਸ ਨੂੰ ਸਮਝਾਉਣਾ ਚਾਹਿਆ ਪਰ ਉਹ ਤਾਂ ਇੰਝ ਭੂਤਰ ਗਿਆ ਜਿਵੇਂ ਕਿਸੇ ਉਸ ਦੇ ਰਾਜ-ਕਾਜ 'ਚ ਵਿਘਨ ਪਾ ਦਿੱਤਾ ਹੋਵੇ ਤੇ ਲੱਗ ਪਿਆ ਉਸ ਕੁੜੀ ਨੂੰ ਬੁਰਾ ਭਲਾ ਕਹਿਣ। ਕਿਹਾ ਤਾਂ ਉਸ ਨੇ ਇਹੋ ਜਿਹਾ, ਜਿਸ ਨੂੰ ਲਿਖਣ ਲੱਗਿਆਂ ਮੇਰੀ ਕਲਮ ਵੀ ਸ਼ਰਮ ਮਹਿਸੂਸ ਕਰ ਰਹੀ ਹੈ ਪਰ ਜੋ ਇਕ ਖ਼ਾਸ ਇਲਜ਼ਾਮ ਉਸ ਨੇ ਇਸ ਹਿੰਮਤ ਵਾਲੀ ਤੇ ਸ਼ਰੀਫ਼ ਕੁੜੀ 'ਤੇ ਲਾਇਆ, ਉਹ ਇਹ ਸੀ ਕਿ ਤੁਹਾਨੂੰ ਹੁਣ ਗੋਰੇ ਹੀ ਚੰਗੇ ਲਗਦੇ ਆ, ਪੰਜਾਬੀ ਮੁੰਡੇ ਨਹੀਂ। ਉਸ ਦੀਆਂ ਇਹਨਾਂ ਗੱਲਾਂ ਤੋਂ ਤੰਗ ਹੋ ਕੇ ਅਸੀਂ ਅੱਗੇ ਆਏ ਹੀ ਸੀ ਕਿ ਗੋਰੇ ਵੀ ਸਮਝ ਗਏ ਕਿ ਮਸਲਾ ਕੀ ਹੈ। ਸੋ, ਸਾਨੂੰ ਤਾਂ ਕੋਈ ਖੇਚਲ ਨਹੀਂ ਕਰਨੀ ਪਈ, ਕੁਝ ਗੋਰਿਆਂ ਹੀ ਉਸ ਦੀ ਮੁਰੰਮਤ ਕਰ ਦਿੱਤੀ ਤੇ ਅਸੀਂ ਆਪਣੇ ਸਾਹਮਣੇ ਆਪਣੇ ਹਿੰਦੁਸਤਾਨੀ ਭਰਾ ਤੇ ਛਿੱਤਰ ਵਰ੍ਹਦੇ ਦੇਖ ਰਹੇ ਸੀ। ਅਖੀਰ ਉਸੇ ਕੁੜੀ ਨੇ ਫੇਰ ਹਿੰਮਤ ਕਰ ਕੇ ਉਸ ਨੂੰ ਗੋਰਿਆਂ ਤੋਂ ਛੁਡਵਾਇਆ। ਜਨਾਬ ਹੋਰੀਂ ਬੱਸ 'ਚੋਂ ਉੱਤਰ ਕੇ ਉੱਚੀ-ਉੱਚੀ ਗਾਲ੍ਹਾਂ ਕੱਢ ਕੇ ਆਪਣੀ ਹੋਈ ਮੁਰੰਮਤ ਨੂੰ ਝਾੜ ਰਹੇ ਸਨ ਤੇ ''ਫੇਰ ਦੇਖੂੰਗਾ ਤੁਹਾਨੂੰ ਤਾਂ'' ਦੀਆਂ ਗਿੱਦੜ ਭਬਕੀਆਂ ਦੇ ਰਹੇ ਸਨ।

ਹੁਣ ਦੇਖੋ! ਇਕੱਲੇ ਬ੍ਰਿਸਬੇਨ ਵਿੱਚ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀ ਵਿਦਿਆਰਥੀ ਰਹਿੰਦੇ ਹਨ ਤੇ ਤਕਰੀਬਨ ਪਚੰਨਵੇਂ ਪ੍ਰਤੀਸ਼ਤ ਨੂੰ ਆਪਣੇ ਭਵਿੱਖ ਦੀ ਸੋਚ ਹੈ। ਪਰ ਇਹੋ ਜਿਹੇ ਮੁੱਠੀ ਭਰ ਬੰਦਿਆਂ ਨੇ ਸਾਰੇ ਦੇ ਸਾਰੇ ਭਾਰਤੀ ਭਾਈਚਾਰੇ ਨੂੰ ਬਦਨਾਮ ਕਰ ਕੇ ਰੱਖ ਦਿਤਾ ਹੈ। ਹਾਲੇ ਤਾਂ ਇਹ ਬਹੁਤ ਛੋਟੀਆਂ ਘਟਨਾਵਾਂ ਹਨ, ਜੋ ਬਿਆਨ ਕਰ ਰਿਹਾ ਹਾਂ, ਕਿਉਂ ਜੋ ਮੈਂ ਲੇਖ ਦੇ ਸ਼ੁਰੂ ਵਿੱਚ ਹੀ ਲਿਖਿਆ ਹੈ ਕਿ ਅੱਖੀਂ ਦੇਖਿਆ ਹੀ ਬਿਆਨ ਕਰਾਂਗਾ। ਜੇ ਹੋਰਾਂ ਦੇ ਹਵਾਲੇ ਨਾਲ਼ ਗੱਲ ਕਰਾਂ ਤਾਂ ਬ੍ਰਿਸਬੇਨ ਦੇ ਪ੍ਰਮੁੱਖ ਅਖ਼ਬਾਰ 'ਦੀ ਕੋਰੀਅਰ ਮੇਲ' ਅਨੁਸਾਰ ਪੂਰੇ ਪੰਦਰਾਂ ਦਿਨ ਅਸੀਂ

ਸੁਰਖ਼ੀਆਂ 'ਚ ਰਹੇ ਹਾਂ। ਸਾਡੇ ਸਪੂਤਾਂ ਨੇ ਅਜਿਹਾ ਅਪਰਾਧ ਵੀ ਕੀਤਾ, ਜਿਸ ਨੂੰ ਭਾਰਤ ਵਿਚ ਵੀ ਕਬੂਲ ਨਹੀਂ ਕੀਤਾ ਜਾ ਸਕਦਾ। ਅਖ਼ਬਾਰ ਅਨੁਸਾਰ ਇਕ ਵੀਹ ਸਾਲਾ ਮੁੰਡੇ ਨੇ ਇਕ ਨਾਬਾਲ.ਗ ਨਾਲ ਬਲਾਤਕਾਰ ਕੀਤਾ। ਇਕ ਹੋਰ ਖ਼ਬਰ ਅਨੁਸਾਰ ਇਕ ਭਾਰਤੀ ਮੁੰਡੇ ਨੇ .ਗਲਤ ਢੰਗ ਨਾਲ ਟੈਕਸੀ ਚਲਾ ਕੇ ਇੱਕੋ ਪਰਵਾਰ ਦੇ ਤਿੰਨ ਜੀਅ ਮਾਰ ਮੁਕਾਏ। ਉਸ ਵਕਤ ਸਾਡਾ ਮੀਡੀਆ ਪਤਾ ਨਹੀਂ ਕਿੱਥੇ ਚਲਿਆ ਜਾਂਦਾ! ਕਿਸੇ ਭਾਰਤੀ ਅਖ਼ਬਾਰ ਤੇ ਟੀ.ਵੀ. ਨੇ ਇਨ੍ਹਾਂ ਖ਼ਬਰਾਂ ਨੂੰ ਦਿਖਾਉਣ 'ਚ ਦਿਲਚਸਪੀ ਨਹੀਂ ਦਿਖਾਈ। ਖ਼ਾਸ ਕਰ ਕੇ ਗਿਲਾ ਉਨ੍ਹਾਂ ਪੱਤਰਕਾਰਾਂ ਨਾਲ਼ ਵੀ ਹੈ, ਜੋ ਆਸਟ੍ਰੇਲੀਆ 'ਚ ਰਹਿ ਕੇ ਪਲ ਪਲ ਦੀ ਖ਼ਬਰ ਭਾਰਤ ਭੇਜਦੇ ਹਨ, ਪਰ ਪਤਾ ਨਹੀਂ ਕਿਉਂ ਉਨ੍ਹਾਂ ਦੀ ਨਿਗ੍ਹਾ ਇਹੋ ਜਿਹੀਆਂ ਖ਼ਬਰਾਂ ਤੇ ਨਹੀਂ ਜਾਂਦੀ। ਜੇ ਉਹ ਜਾਣਬੁੱਝ ਕੇ ਅਜਿਹੀਆਂ ਖ਼ਬਰਾਂ ਨੂੰ ਅੱਖੋਂ ਪਰੋਖੇ ਕਰਦੇ ਹਨ ਤੇ ਸੋਚਦੇ ਹਨ ਕਿ ਉਹ ਆਪਣੇ ਭਾਈਚਾਰੇ ਦਾ ਭਲਾ ਕਰ ਰਹੇ ਹਨ ਤਾਂ ਉਨ੍ਹਾਂ ਦੀ ਇਹ ਸੋਚ ਹਜ਼ਮ ਹੋਣ ਯੋਗ ਨਹੀਂ ਹੈ। ਸਾਡੇ ਬਜ਼ੁਰਗਾਂ ਨੇ ਤਾਂ ਇਹੀ ਸਿੱਖਿਆ ਦਿੱਤੀ ਹੈ ਕਿ ਜੇ ਕਿਸੇ ਚੀਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰੋਗੇ ਤਾਂ ਉਹ ਵਕਤ ਨਾਲ਼ ਧਮਾਕੇ ਦੇ ਰੂਪ 'ਚ ਤੁਹਾਡੇ ਸਾਹਮਣੇ ਹੋਵੇਗੀ।

ਆਪਾਂ ਫੇਰ ਆਪਣੇ ਅਸਲੀ ਮੁੱਦੇ ਤੇ ਆਉਂਦੇ ਹਾਂ। ਇਹ ਲੇਖ ਲਿਖਣ ਦਾ ਮੇਰਾ ਮਕਸਦ ਨਾ ਤਾਂ ਜਨਮ-ਭੂਮੀ ਨੂੰ ਭੰਡਣਾ ਤੇ ਨਾ ਕਰਮ-ਭੂਮੀ ਨੂੰ ਬੇਵਜ੍ਹਾ ਸਲਾਹੁਣਾ ਹੈ। ਹਮੇਸ਼ਾ ਹੀ ਕਲਮ ਦਾ ਫ਼ਰਜ਼ ਸੱਚ ਨੂੰ ਲੋਕਾਂ ਦੇ ਸਾਹਮਣੇ ਰੱਖਣਾ ਹੁੰਦਾ ਹੈ। ਉਸੇ ਫ਼ਰਜ਼ ਦੇ ਤਹਿਤ ਮੈਂ ਕੁਝ ਲੋਕਾਂ ਦੇ ਕਹਿਣ ਦੀ ਇਸ ਗੱਲ ਦਾ ਖੰਡਨ ਕਰਦਾ ਹਾਂ ਕਿ ਆਸਟ੍ਰੇਲੀਆ ਵਿਚ ਗੋਰੇ ਫੇਰ ਭਾਰਤੀਆਂ ਤੋਂ .ਗੁਲਾਮੀ ਕਰਵਾ ਰਹੇ ਹਨ ਕਿਉਂਕਿ ਉਨ੍ਹਾਂ ਦੇ ਦਿਲਾਂ 'ਚ ਹਾਲੇ ਵੀ ਉਹੀ ਨ.ਫ਼ਰਤ ਹੈ, ਜੋ ਸਾਡੇ ਆਜ਼ਾਦ ਹੋਣ ਵੇਲੇ ਸੀ। ਯਕੀਨਨ ਇਹ ਗੱਲਾਂ ਆਧਾਰ ਹੀਣ ਹਨ ਕਿਉਂਕਿ ਆਸਟ੍ਰੇਲੀਆ ਨਾ ਤਾਂ ਗੋਰਿਆਂ ਦਾ ਆਪਣਾ ਮੁਲਕ ਹੈ ਤੇ ਨਾ ਹੀ ਇਕੱਲੇ ਗੋਰੇ ਹੀ ਇੱਥੇ ਰਹਿੰਦੇ ਹਨ। ਇੱਥੇ ਤਾਂ ਦੁਨੀਆਂ ਦੇ ਹਰ ਖ਼ਿੱਤੇ 'ਚੋਂ ਲੋਕ ਆਣ ਕੇ ਵਸੇ ਹਨ। ਲੋਕਾਂ ਦਾ ਇਕ ਦੂਜੇ ਪ੍ਰਤੀ ਵਤੀਰਾ ਬੜਾ ਸਹਿਯੋਗ ਭਰਪੂਰ ਹੈ । ਇਹ ਇਕ ਅਸਲੀ ਧਰਮ ਨਿਰਪੱਖ ਮੁਲਕ ਹੈ, ਜਿਸ ਦਾ ਨਾਅਰਾ ਸਮਾਨਤਾ ਹੈ । ਇੱਥੇ ਨਾ ਕੋਈ ਜਾਤ-ਪਾਤ ਹੈ, ਨਾ ਕੋਈ ਵੱਡਾ-ਛੋਟਾ ਹੈ। ਕਾਨੂੰਨ ਸਭ ਵਾਸਤੇ ਇਕ ਸਮਾਨ ਹੈ ਭਾਵੇਂ ਉਹ ਸਾਧਾਰਣ ਵਸਨੀਕ ਹੋਵੇ ਜਾਂ ਮੁਲਕ ਦਾ ਪ੍ਰਧਾਨ ਮੰਤਰੀ। ਹਾਲੇ ਤਕ ਕਿਤੇ ਭ੍ਰਿਸ਼ਟਾਚਾਰ ਦੇਖਣ ਨੂੰ ਨਹੀਂ ਮਿਲਦਾ, ਹਰੇਕ ਆਪਣੇ ਰਾਸ਼ਟਰ ਪ੍ਰਤੀ ਵ.ਫ਼ਾਦਾਰ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਲੋਕ ਇੰਨੇ ਜ਼ਿੰਮੇਵਾਰ ਹਨ ਕਿ ਇਹ ਲਿਖੇ ਹੋਏ ਹਰ ਸਾਈਨ ਨੂੰ ਮੰਨਦੇ ਹਨ, ਭਾਵੇਂ ਉੱਥੇ ਉਨ੍ਹਾਂ ਨੂੰ ਕੋਈ ਦੇਖਣ ਵਾਲਾ ਨਹੀਂ ਹੁੰਦਾ। ਜੇ ਕਿਤੇ ਇਹ ਲਿਖਿਆ ਹੈ ਕਿ ਇੱਥੇ ਤੁਹਾਡੀ ਕਾਰ ਦੀ ਸਪੀਡ ਪੰਜਾਹ ਕਿੱਲੋਮੀਟਰ ਪ੍ਰਤੀ ਘੰਟਾ ਹੋਣੀ ਚਾਹੀਦੀ ਹੈ ਤਾਂ ਉਥੇ ਕਾਰ ਦੀ ਸਪੀਡ ਪੰਜਾਹ 'ਤੇ ਹੀ ਹੋਵੇਗੀ। 'ਸੌ ਹੱਥ ਰੱਸਾ ਸਿਰੇ 'ਤੇ ਗੰਢ' ਮੁਤਾਬਿਕ ਇਸ ਮੁਲਕ 'ਚ ਰਹਿ ਕੇ ਕਈ ਵਾਰ ਤਾਂ ਇੰਝ ਲੱਗਦਾ ਹੈ ਕਿ ਇਹ ਲੋਕ 'ਬਾਬਾ ਗੁਰੂ ਨਾਨਕ ਦੇਵ ਜੀ' ਦੇ ਅਸੂਲਾਂ ਦੇ ਸਾਡੇ ਨਾਲੋਂ ਜ਼ਿਆਦਾ ਨੇੜੇ ਹਨ ਤੇ ਜੇਕਰ ਅਸੀਂ ਕੁਰੀਤੀਆਂ ਦੀ ਗਿਣਤੀ ਕਰਨ ਲੱਗ ਜਾਈਏ ਤਾਂ ਸਾਡੇ 'ਚ ਇਨ੍ਹਾਂ ਨਾਲੋਂ ਕਈ ਗੁਣਾ ਜ਼ਿਆਦਾ ਕੁਰੀਤੀਆਂ ਮਿਲਣਗੀਆਂ।

ਇਕ ਛੋਟੀ ਪਰ ਅਹਿਮ ਘਟਨਾ ਦਾ ਜ਼ਿਕਰ ਹੋਰ ਕਰਨਾ ਚਾਹੁੰਦਾ ਹਾਂ । ਇਸ ਘਟਨਾ ਨੇ ਵੀ ਬਹੁਤ ਸ਼ਰਮਸਾਰ ਕੀਤਾ ਸੀ। ਇਕ ਦਿਨ ਅਸੀਂ ਕੰਮ ਤੇ ਦੁਪਹਿਰ ਦਾ ਭੋਜਨ ਖਾ ਰਹੇ ਸੀ ਤਾਂ ਉਥੇ

ਕੁਝ ਗਰੀਕ, ਕੁਝ ਤੁਰਕੀ ਤੇ ਕੁਝ ਗੋਰੇ ਰੋਜ਼ਾਨਾ ਵਾਂਗ ਆਪੋ ਆਪਣੇ ਸੱਭਿਆਚਾਰ ਨੂੰ ਇਕ ਦੂਜੇ ਨਾਲ਼ ਸਾਂਝਾ ਕਰ ਰਹੇ ਸਨ। ਇਕ ਭਾਰਤੀ ਭਰਾ ਇਕ ਗੋਰੇ ਨੂੰ ਦੱਸ ਰਿਹਾ ਸੀ ਕਿ ਭਾਰਤ 'ਚ ਤਾਂ ਏਨੀ ਭੁੱਖਮਰੀ ਹੈ ਕਿ ਦੋ-ਦੋ ਡਾਲਰ 'ਚ ਤੁਸੀਂ ਕਿਸੇ ਤੋਂ ਕੁਝ ਵੀ ਕਰਵਾ ਸਕਦੇ ਹੋ। ਇੱਥੋਂ ਤੱਕ ਕਿ ਔਰਤਾਂ ਆਪਣਾ ਸਰੀਰ ਤੱਕ ਵੇਚਣ ਨੂੰ ਤਿਆਰ ਹੋ ਜਾਂਦੀਆਂ ਹਨ। ਅਜਿਹੀਆਂ ਗੱਲਾਂ ਸੁਣ ਕੇ ਸਾਰਿਆਂ ਨੇ ਧੌਣਾਂ 'ਤਾਂਹ ਚੁੱਕ ਲਈਆਂ। ਉਹ ਇੰਝ ਉੱਧੜ ਰਿਹਾ ਸੀ, ਜਿਵੇਂ ਕਿਤੇ ਇਨ੍ਹਾਂ ਗੱਲਾਂ ਨਾਲ ਉਸ ਦਾ ਕੱਦ ਉੱਚਾ ਹੋ ਰਿਹਾ ਹੋਵੇ। ਜਦੋਂ ਤੱਕ ਮੈਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਦਾ, ਉਦੋਂ ਤੱਕ ਇਸ ਜਨਾਬ ਨੇ ਇਹ ਵੀ ਕਹਿ ਦਿਤਾ ਕਿ ਅੱਜਕੱਲ੍ਹ ਜੋ ਕੁੜੀਆਂ ਸਟੂਡੈਂਟ ਵੀਜ਼ੇ 'ਤੇ ਇੱਥੇ ਆ ਰਹੀਆਂ ਹਨ, ਤੁਸੀਂ ਉਨ੍ਹਾਂ ਨੂੰ ਪੱਕਾ ਕਰਵਾ ਦਿਓ ਭਾਵੇਂ ਉਨ੍ਹਾਂ ਨਾਲ ਜੋ ਮਰਜ਼ੀ ਕਰੀ ਜਾਓ। ਕਿਵੇਂ ਨਾ ਕਿਵੇਂ ਇਸ ਭੱਦਰ ਪੁਰਸ਼ ਨੂੰ ਚੁੱਪ ਕਰਵਾਇਆ। ਵਿਚਾਰਨਯੋਗ ਹੈ ਕਿ ਅਸੀਂ ਦੂਜੇ ਲੋਕਾਂ ਨੂੰ ਆਪਣੇ ਮੁਲਕ ਦੀ ਕਿਹੋ ਜਿਹੀ ਤਸਵੀਰ ਦਿਖਾ ਰਹੇ ਹਾਂ ? ਜੇ ਕੱਲ੍ਹ ਨੂੰ ਇਹਨਾਂ ਕਿਸੇ ਸਾਡੀ ਧੀ ਭੈਣ ਨੂੰ ਰਾਹ ਜਾਂਦੇ ਰੋਕ ਲਿਆ ਤੇ ਉਸ ਨੂੰ ਦੋ ਡਾਲਰ ਦਿਖਾ ਕੇ ਮੰਦਾ ਚੰਗਾ ਬੋਲਿਆ ਤਾਂ ਕਸੂਰ ਉਸ ਡਾਲਰਾਂ ਵਾਲੇ ਦਾ ਹੋਵੇਗਾ ਕਿ ਸਾਡੇ ਆਪਣੇ ਇਸ ਕਲਯੁਗੀ ਸਪੂਤ ਦਾ ਜਿਸ ਨੇ ਆਪਣੀਆਂ ਧੀਆਂ-ਭੈਣਾਂ ਦੀ ਇਹ ਪਰਿਭਾਸ਼ਾ ਦੱਸੀ ਹੈ। ਅਜਿਹੀਆਂ ਘਟਨਾਵਾਂ ਨਾਲ਼ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ ਪਰ ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੋਵੇਗਾ।

ਵਿਦੇਸ਼ੀਂ ਵਿਚਰਨ ਵੇਲੇ ਇਨਸਾਨ ਦੀ ਪਹਿਲੀ ਪਹਿਚਾਣ ਇਹ ਨਹੀਂ ਹੁੰਦੀ ਕਿ ਤੁਸੀਂ ਫ਼ਲਾਣਾ ਸਿਉਂ ਦੇ ਪੁੱਤਰ ਹੋ। ਇੱਥੇ ਤਾਂ ਤੁਸੀਂ ਆਪਣੇ ਮੁਲਕ ਦੀ ਨੁਮਾਇੰਦਗੀ ਕਰ ਰਹੇ ਹੁੰਦੇ ਹੋ। ਜੇ ਕਦੇ ਕੁਝ ਚੰਗਾ ਮਾੜਾ ਕਰਦੇ ਹੋ ਤਾਂ ਸਭ ਤੋਂ ਪਹਿਲਾਂ ਮੁਲਕ ਦਾ ਨਾਂ, ਫੇਰ ਕੌਮ ਤੇ ਰਾਜ ਦਾ ਨਾਂ, ਫੇਰ ਜ਼ਿਲ੍ਹੇ ਤੇ ਪਿੰਡ ਦਾ ਨਾਂ ਸਾਹਮਣੇ ਆਉਂਦਾ ਹੈ। ਖ਼ਾਨਦਾਨ ਦਾ ਨੰਬਰ ਤਾਂ ਇਨ੍ਹਾਂ ਸਭਨਾਂ ਤੋਂ ਬਾਅਦ ਆਉਂਦਾ ਹੈ। ਸੋ, ਜਦੋਂ ਇੰਨੀ ਜ਼ਿੰਮੇਵਾਰੀ ਸਿਰ 'ਤੇ ਹੋਵੇ ਤਾਂ ਕੀ ਜ਼ੁੰਮੇਵਾਰ ਬਣਨ ਦਾ ਫ਼ਰਜ਼
ਨਹੀਂ ਬਣਦਾ ? ਇਹਨਾਂ ਗੱਲਾਂ ਦਾ ਨਤੀਜਾ ਹੀ 'ਉਪਕਾਰ ਸਿੰਘ' ਤੇ 'ਸਰਵਣ ਕੁਮਾਰ' ਹੋਰਾਂ ਨੇ ਭੋਗਿਆ, ਉਨ੍ਹਾਂ 'ਤੇ ਹਮਲੇ ਇਸ ਲਈ ਨਹੀਂ ਹੋਏ ਕਿ ਉਨ੍ਹਾਂ ਨੇ ਕੋਈ ਨਿੱਜੀ ਕਸੂਰ ਕੀਤਾ ਸੀ। ਇਹ ਹਮਲੇ ਤਾਂ ਉਨ੍ਹਾਂ ਦੇ ਭਾਰਤੀ ਹੋਣ ਕਰ ਕੇ ਹੀ ਹੋਏ ਕਿਉਂਕਿ ਮੁੱਠੀ ਭਰ ਲੋਕਾਂ ਨੇ ਸਭ ਨਵੇਂ ਪੁਰਾਣੇ ਲੋਕਾਂ 'ਤੇ ਮੋਹਰ ਲਾ ਦਿੱਤੀ ਹੈ ਕਿ ਉਹ ਸੱਭਿਅਕ ਨਹੀਂ ਹਨ। ਸਾਰੇ ਪੁਰਾਣੇ ਬੰਦਿਆਂ ਨੂੰ ਡਰ ਤਾਂ ਸੀ, ਕੁਝ ਮੰਦਭਾਗਾ ਹੋਣ ਦਾ ਪਰ ਇਹ ਉਮੀਦ ਨਹੀਂ ਸੀ ਕਿ ਅਜਿਹਾ ਏਨੀ ਛੇਤੀ ਹੋਣ ਲੱਗ ਪਵੇਗਾ।

ਆਸਟ੍ਰੇਲੀਆ ਹਾਲੇ ਤੱਕ ਆਪਣੀ ਸ਼ਾਂਤੀ ਭਰੀ ਜ਼ਿੰਦਗੀ ਲਈ ਮਸ਼ਹੂਰ ਸੀ। ਪਰ ਜੇ ਆਪਣਾ ਆਪ ਨਾ ਸੰਭਾਲਿਆ ਗਿਆ ਤਾਂ ਜਾਪਦਾ ਹੈ ਉਹ ਦਿਨ ਦੂਰ ਨਹੀਂ, ਜਦੋਂ ਕੈਨੇਡਾ ਵਾਂਗੂੰ ਤੀਜੇ ਦਿਨ ਕਤਲ ਤੇ ਹਰ ਰੋਜ਼ ਗੈਂਗਵਾਰ ਦੀ ਲੜਾਈ ਦੀਆਂ ਖ਼ਬਰਾਂ ਸਾਨੂੰ ਪੜ੍ਹਨ ਨੂੰ ਮਿਲਣਗੀਆਂ। ਧਿਆਨ ਰਹੇ ਕਿ ਜੇਕਰ ਨਾ ਸੰਭਲਿਆ ਗਿਆ ਤਾਂ ਇਸ ਮੁਲਕ 'ਚ ਕਾਨੂੰਨ ਬਣਦੇ ਤੇ ਲਾਗੂ ਹੁੰਦੇ ਦੇਰ ਨਹੀਂ ਲਗਦੀ। ਇਹ ਨਾ ਹੋਵੇ ਕਿ ਅਸੀਂ ਆਪਣੇ ਰਾਹ ਆਪ ਹੀ ਬੰਦ ਕਰ ਲਈਏ।

ਇਹ ਵੀ ਅਟੱਲ ਸਚਾਈ ਹੈ ਕਿ ਆਸਟ੍ਰੇਲੀਆ ਨੂੰ ਵਿਦਿਆਰਥੀਆਂ ਦਾ ਘਾਟਾ ਨਹੀਂ, ਹੋਰ ਬਹੁਤ ਮੁਲਕ ਹਨ ਜੋ ਆਸਟ੍ਰੇਲੀਆ ਦੀ ਇਸ ਇੰਡਸਟਰੀ ਨੂੰ ਚਲਾ ਸਕਦੇ ਹਨ। ਮੈਲਬਰਨ ਵਿੱਚ ਅਮਨ

ਅਮਾਨ ਨਾਲ ਚੱਲ ਰਹੀ ਰੋਸ ਰੈਲੀ ਵਿਚ ਕੁਝ ਸ਼ਰਾਰਤੀ ਲੋਕਾਂ ਨੇ ਜਿਸ ਤਰ੍ਹਾਂ ਭੰਗ ਪਾਉਣ ਦੀ ਕੋਸ਼ਿਸ਼ ਕੀਤੀ, ਉਸ ਤੋਂ ਇੰਝ ਲਗਦਾ ਹੈ ਕਿ ਅਸੀਂ ਕਿਸੇ ਡੂੰਘੀ ਸਿਆਸਤ ਦੀਆਂ ਕੋਝੀਆਂ ਚਾਲਾਂ ਦਾ ਸ਼ਿਕਾਰ ਹੋ ਰਹੇ ਹਾਂ। ਕੋਈ ਇਕ ਖ਼ਾਸ ਤਬਕਾ ਸਾਨੂੰ ਕਾਮਯਾਬ ਹੁੰਦਿਆਂ ਨਹੀਂ ਦੇਖ ਸਕਦਾ ਤੇ ਉਹ ਇਹੋ ਜਿਹੀਆਂ ਚਾਲਾਂ ਚੱਲ ਰਿਹਾ ਹੈ। ਮੇਰੀ ਤਾਂ ਇਕੋ ਇਕ ਇਹੀ ਤਮੰਨਾ ਹੈ ਕਿ ਜੋ ਵੀ ਘਾਲਣਾ-ਘਾਲ ਕੇ ਅਤੇ ਆਪਣੇ ਸੁਨਹਿਰੀ ਭਵਿੱਖ ਦੇ ਸੁਪਨੇ ਸੰਜੋ ਕੇ ਆਸਟ੍ਰੇਲੀਆ ਪਹੁੰਚਣ ਵਿਚ ਕਾਮਯਾਬ ਹੋ ਗਿਆ, ਉਸ ਨੂੰ ਇਹੋ ਜਿਹਾ ਦਿਨ ਨਾ ਦੇਖਣਾ ਪਵੇ, ਜਦੋਂ ਉਸ ਨੂੰ ਖ਼ਾਲੀ ਹੱਥੀਂ ਵਾਪਸ ਪਰਤਣਾ ਪਵੇ। ਜਿੱਥੋਂ ਤੱਕ ਮੈਨੂੰ ਆਸਟ੍ਰੇਲੀਅਨ ਕਾਨੂੰਨਾਂ ਬਾਰੇ ਜਾਣਕਾਰੀ ਹੈ, ਉਸ ਮੁਤਾਬਿਕ ਕੁਝ ਨਹੀਂ ਕਿਹਾ ਜਾ ਸਕਦਾ ਕਿ ਕਦੋਂ ਇਹ ਲੋਕ ਅਜਿਹਾ ਕੋਈ ਕਾਨੂੰਨ ਲੈ ਆਉਣ, ਜਿਸ ਨਾਲ ਕਿ ਇੱਥੇ ਪੱਕਾ ਹੋਣਾ ਮੁਸ਼ਕਿਲ ਹੋ ਜਾਵੇ। ਇਹ ਮੁਲਕ ਕਦੇ ਜ਼ੁਬਾਨੀ ਲੜਾਈ ਨਹੀਂ ਲੜਦੇ ਇਹ ਤਾਂ ਡਿਪਲੋਮੈਟਿਕ ਮਾਰ ਮਾਰਦੇ ਹਨ। ਇਹ ਨਾ ਹੋਵੇ ਕਿ ਮੈਲਬਰਨ 'ਚ ਭੰਨੇ ਇੱਕ ਸ਼ੀਸ਼ੇ ਦੀ ਗੂੰਜ ਸਾਡੀਆਂ ਆਉਣ ਵਾਲੀਆਂ ਚਾਰ ਪੀੜ੍ਹੀਆਂ ਤੱਕ ਨੂੰ ਸੁਣਾਈ ਪਵੇ।

ਮੇਰੇ ਵਾਂਗ ਪਹਿਲਾਂ ਵੀ ਕੁਝ ਲੇਖਕਾਂ ਨੇ ਇਨ੍ਹਾਂ ਮਸਲਿਆਂ ਨੂੰ ਉਠਾਇਆ ਸੀ ਪਰ ਉਨ੍ਹਾਂ ਨੂੰ ਮੁੱਠੀ ਭਰ ਲੋਕਾਂ ਦੀ ਨਾਰਾਜ਼ਗੀ ਦਾ ਸ਼ਿਕਾਰ ਹੋਣਾ ਪਿਆ ਸੀ। ਮੈਨੂੰ ਵੀ ਇਹਨਾਂ ਲੋਕਾਂ ਤੋਂ ਇਹੀ ਉਮੀਦ ਹੈ ਪਰ ਕੋਈ ਪਰਵਾਹ ਨਹੀਂ। ਸੱਚ ਦੇ ਰਸਤੇ 'ਤੇ ਚੱਲਦਿਆਂ ਔਕੜਾਂ ਆਉਣੀਆਂ ਤਾਂ ਸੁਭਾਵਿਕ ਹੀ ਹਨ। ਅੰਤ 'ਚ ਮੈਂ ਨਿਮਰਤਾ ਨਾਲ ਹੱਥ ਜੋੜ ਕੇ ਮੇਰੇ ਇਹਨਾਂ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਾਕੀ ਦੇ ਪਚੰਨਵੇਂ ਪ੍ਰਤੀਸ਼ਤ ਲੋਕਾਂ ਤੇ ਤਰਸ ਖਾਓ ਤੇ ਜਿਨ੍ਹਾਂ ਆਸਾਂ ਨਾਲ ਤੁਹਾਨੂੰ ਤੁਹਾਡੇ ਮਾਂ ਬਾਪ ਨੇ ਇੱਥੇ ਭੇਜਿਆ ਹੈ, ਉਨ੍ਹਾਂ ਨੂੰ ਧਿਆਨ 'ਚ ਰੱਖ ਕੇ ਆਪਣੀ ਤੇ ਆਪਣੇ ਮੁਲਕ ਦੀ ਲਾਜ ਰੱਖੋ। ਕਿਸੇ ਨੂੰ ਬੁਰਾ ਕਹਿਣ ਤੋਂ ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟਾ ਜ਼ਰੂਰ ਮਾਰੋ ਕਿਉਂਕਿ ਸਾਡੇ ਗੁਰੂ ਸਹਿਬਾਨਾਂ ਨੇ ਸਾਨੂੰ ਦੱਸਿਆ ਹੈ ਕਿ 'ਹਮ ਨਹੀ ਚੰਗੇ ਬੁਰਾ ਨਹੀ ਕੋਇ'।

****

# ਸਰਬਪੱਖੀ ਸ਼ਖ਼ਸੀਅਤ ਮਿੰਟੂ ਬਰਾੜ

ਸਾਡੇ ਪਰਮ ਮਿੱਤਰ ਮਿੰਟੂ ਬਰਾੜ ਦੀ ਸਰਬਪੱਖੀ ਸ਼ਖ਼ਸੀਅਤ ਨੇ ਹਮੇਸ਼ਾ ਸਾਨੂੰ ਪ੍ਰਭਾਵਿਤ ਕੀਤਾ ਹੈ। ਉਸਦਾ ਸਾਹਿਤ ਨਾਲ ਪਿਆਰ, ਪੱਤਰਕਾਰਿਤਾ ਦੀ ਸਿਖਰ ਸਮਾਜ ਨੂੰ ਸੋਹਣਾ ਬਣਾਉਣ ਦੀ ਦਿੱਲੀ ਤਾਂਘ ਤੇ ਲੋੜਵੰਦ ਕਲਾਕਾਰਾਂ, ਭਾਵੇਂ ਉਹ ਕਿਸੇ ਵੀ ਕਲਾ ਨਾਲ ਸੰਬੰਧ ਰੱਖਦੇ ਹੋਣ, ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰਨਾ ਵਰਨਣਯੋਗ ਹਨ। ਮਿੰਟੂ ਸਾਡੇ ਸਮਾਜ ਵਿੱਚ ਕੁਰੀਤੀਆਂ ਪ੍ਰਤੀ ਸਿਰਫ਼ ਜਾਗਰੂਕ ਹੀ ਨਹੀਂ ਸਗੋਂ ਯਤਨਸ਼ੀਲ ਵੀ ਹਨ। ਇਹਨਾਂ ਦੀ ਇਹ ਸੋਚ ਸਲਾਮਤ ਰਹੇ, ਸਾਡੇ ਸਾਰਿਆਂ ਵੱਲੋਂ ਪਿਆਰ ਨਾਲ ਪਿਆਰੇ ਵੀਰ ਮਿੰਟੂ ਬਰਾੜ ਦੀ ਕਿਤਾਬ ਕੰਗਰੂਨਾਮਾ ਨੂੰ ਖੁਸ਼ਆਮਦੀਦ ਕਹਿੰਦੇ ਹਾਂ।

ਮਨਮੋਹਨ ਵਾਰਿਸ, ਸੰਗਤਾਰ, ਕਮਲ ਹੀਰ ਅਤੇ ਦੀਪਕ ਬਾਲੀ

# ਲਿਖਾਰੀ ਅਤੇ ਇਕ ਸੋਸ਼ਲ ਐਕਟਿਵਿਸਟ

ਮੈਂ ਮਿੰਟੂ ਬਰਾੜ ਸਾਹਿਬ ਬਾਰੇ ਜੋ ਵੀ ਕਹਾ ਉਹ ਘੱਟ ਹੈ  ਇਕ ਬਹੁਤ ਹੀ ਵਧੀਆ ਇਨਸਾਨ, ਇਕ ਬਿਹਤਰੀਨ ਲਿਖਾਰੀ ਅਤੇ ਇਕ ਸੋਸ਼ਲ ਐਕਟਿਵਿਸ। ਮੇਰੇ ਬਾਰੇ ਇਕ ਆਰਟੀਕਲ ਲਿਖਿਆ ਸੀ ਕੁਝ ਸਮਾਂ ਪਹਿਲਾਂ ਜਿਸ ਦੀ ਸ਼ਬਦਾਵਲੀ ਅਤੇ ਵਿਸਥਾਰਤਾ ਕਮਾਲ ਦੀ ਸੀ। ਮੈਂ ਮਿੰਟੂ ਭਾਜੀ ਨੂੰ ਉਨ੍ਹਾਂ ਦੀ ਇਸ ਕਿਤਾਬ ਲਈ ਅਤੇ ਆਉਣ ਵਾਲੀ ਜ਼ਿੰਦਗੀ ਲਈ ਸ਼ੁੱਭ ਇੱਛਾਵਾਂ ਦਿੰਦਾ ਹਾਂ

ਆਲ ਦੀ ਬੈੱਸਟ, ਵਾਰਮ ਰੀਗਾਰਡਸ,

ਸਚਿਨ ਅਹੂਜਾ

# ਸ਼ੌਂਕ ਦੇ ਕਬੂਤਰ ਉਡਾਉਣ ਵਾਲਾ ਲੇਖਕ

ਅੱਜ ਤੋਂ ਦੋ ਕੁ ਸਾਲ ਪਹਿਲਾਂ ਮਿੰਟੂ ਬਰਾੜ ਦਾ ਨਾਮ ਮੇਰੇ ਰਿਸ਼ਤਿਆਂ ਦੀ ਲਿਸਟ 'ਚ ਸ਼ਾਮਿਲ ਨਹੀਂ ਸੀ। ਫੇਰ ਇਹ ਬੰਦਾ ਖ਼ੁਦ ਦਸਤਕ ਦੇ ਕੇ ਮੇਰੀ ਜ਼ਿੰਦਗੀ 'ਚ ਸ਼ਾਮਿਲ ਹੋਇਆ। ਹੁਣ ਮੈਂ ਮਿੰਟੂ ਦਾ ਦਰ ਖੜਕਾਉਣਾ ਆਪਣਾ ਹੱਕ ਸਮਝਦਾ ਹਾਂ। ਮਿੰਟੂ ਨਾਲ ਬਰਾੜ ਲੱਗਿਆ ਜ਼ਰੂਰ ਹੈ, ਇੱਕ ਅੱਲ ਵਾਂਗ ਪਰ ਇਹ ਗੋਤਰਾਂ ਦੀ ਪੂਛ ਨੂੰ ਮੰਨਣ ਵਾਲਾ ਬੰਦਾ ਹੈ ਨਹੀਂ। ਇੱਕ ਲੇਖਕ ਦੇ ਤੌਰ 'ਤੇ ਮਿੰਟੂ ਸਿਰਫ਼ ਕਲਮ ਘਸਾਈ ਨਹੀਂ ਕਰਦਾ ਅਤੇ ਨਾ ਹੀ ਸ਼ੌਂਕ ਦੇ ਕਬੂਤਰ ਉਡਾਉਂਦਾ ਹੈ, ਵਰਕਿਆਂ 'ਤੇ ਇਹ ਤਾਂ ਆਪਣੀ ਕਲਮ ਨਾਲ ਚੰਗਿਆੜੇ ਛੱਡਦਾ ਤੇ ਸ਼ਬਦ ਬੀਜਦਾ ਹੈ। ਜਿਹੜੇ ਆਪਣੀ ਰੌਸ਼ਨੀ ਨਾਲ ਸਾਨੂੰ ਆਸੇ ਪਾਸੇ ਫੈਲੇ ਹਨੇਰਿਆਂ 'ਚ ਝਾਕਣ ਲਾਉਂਦੇ ਨੇ ਤੇ ਸਾਡੀਆਂ ਬਾਂਹਾਂ, ਜ਼ਬਾਨ ਤੇ ਕਦਮਾਂ 'ਚ ਕਰੰਟ ਪੈਦਾ ਕਰਦੇ ਨੇ। ਮਿੰਟੂ ਬੇਝਿਜਕ, ਨਿਡਰ, ਸੁਚੇਤ, ਰੌਸ਼ਨ ਦਿਮਾਗ਼ ਅਤੇ ਜ਼ਿੰਮੇਵਾਰ ਲੇਖਕ ਹੈ। ਇਹਦੇ ਕੋਲੋਂ ਸਾਨੂੰ ਹੋਰ ਬਹੁਤ ਲਿਖਤਾਂ ਦੀ ਲੋੜ ਹੈ। ਇਹੋ ਜਿਹੇ ਦੀਵੇ ਜਗਾਉਣ ਦੀ ਹੋਰ ਬਹੁਤ ਲੋੜ ਹੈ। ਕਿਤਾਬ ਪੜ੍ਹ ਕੇ ਦੁਬਾਰਾ ਫੇਰ ਪੜ੍ਹ ਲਿਓ ਮੇਰਾ ਬਿਆਨ, ਐਨ ਭੋਰਾ ਗ਼ਲਤ ਨੀ ਕਿਹਾ।

ਰਾਣਾ ਰਣਬੀਰ ਪਟਿਆਲਾ

# ਮੈਲਬਰਨ ਵਿਚ ਭੰਨੇ ਸ਼ੀਸ਼ੇ ਦੀ ਗੂੰਜ ਭਾਰਤੀ ਵਿਦਿਆਰਥੀਆਂ ਨੂੰ ਸੁਣਨ ਲੱਗੀ

ਇਹ ਲੇਖ 2009 'ਚ ਉਸੇ ਕੜੀ ਦੇ ਦੂਜੇ ਹਿੱਸੇ ਵਜੋਂ ਲਿਖਿਆ ਸੀ, ਜਦੋਂ ਵਰਜਣ ਦੇ ਬਾਵਜੂਦ ਕੁਝ ਕੁ ਸ਼ਰਾਰਤੀ ਅਨਸਰਾਂ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਗ਼ਲਤ ਰਾਹ ਪਾ ਕੇ ਕੁਝ ਇਹੋ ਜਿਹੀਆਂ ਗ਼ਲਤੀਆਂ ਕਾਰਵਾਈਆਂ, ਜਿੰਨਾ ਦਾ ਖ਼ਮਿਆਜ਼ਾ ਸਾਨੂੰ ਭੁਗਤਣਾ ਹੀ ਪੈਣਾ ਸੀ। ਜੋ ਡਰ ਮੈਂ ਆਪਣੇ ਪਿਛਲੇ ਲੇਖ 'ਆਸਟ੍ਰੇਲੀਆ 'ਚ ਹੋਏ ਹਮਲਿਆਂ ਪਿਛਲਾ ਸੱਚ' 'ਚ ਜ਼ਾਹਿਰ ਕੀਤਾ ਸੀ, ਉਸ ਦੇ ਨਤੀਜੇ ਭਾਰਤੀ ਵਿਦਿਆਰਥੀਆਂ ਨੂੰ ਮਿਲਣੇ ਸ਼ੁਰੂ ਹੋ ਗਏ ਸਨ। ਹੁਣ ਵੀ ਇਸ ਲੇਖ ਦੀ ਚਰਚਾ ਗਾਹੇ-ਬਗਾਹੇ ਉਦੋਂ ਛਿੜ ਜਾਂਦੀ ਹੈ ਜੱਦੋ ਆਸਟ੍ਰੇਲੀਆ ਆਪਣੇ ਪਰਵਾਸ ਕਾਨੂੰਨਾਂ ਨੂੰ ਸਖ਼ਤ ਕਰਦਾ ਹੈ। ਜਦੋਂ ਕਦੇ ਕਿਸੇ ਨੂੰ ਆਸਟ੍ਰੇਲੀਆ 'ਚ ਪੱਕੇ ਹੋਣ ਲਈ ਜੱਦੋ-ਜਹਿਦ ਕਰਦੇ ਦੇਖਦਾ ਹਾਂ ਤਾਂ 2009 ਦੇ ਭੰਨੇ ਉਸ ਸ਼ੀਸ਼ੇ ਦੀਆਂ ਕਿਰਚਾਂ ਜ਼ਿਹਨ ਨੂੰ ਕੁਰੇਦ ਦੀਆਂ ਮਹਿਸੂਸ ਹੁੰਦੀਆਂ ਹਨ।



ਆਸਟ੍ਰੇਲੀਆ ਦੀ ਮੂਲ ਆਦਿ-ਵਾਸੀ ਮਹਿਲਾ ਨਾਲ ਇਤਿਹਾਸ ਫੋਲਦਿਆਂ ਲੇਖਕ



ਮੈਲਬਾਰਨ ਦੇ ਰਲਵੇਂ ਸਟੇਸ਼ਨ ਤੇ ਮੁਜ਼ਾਹਿਰਾ ਕਰਦੇ ਭਾਰਤੀ ਵਿਦਿਆਰਥੀ।

# ਮੈਲਬਰਨ ਵਿੱਚ ਭੰਨੇ ਸ਼ੀਸ਼ੇ ਦੀ ਗੂੰਜ ਭਾਰਤੀ ਵਿਦਿਆਰਥੀਆਂ ਨੂੰ ਸੁਣਨ ਲੱਗੀ

ਅਖੀਰ ਉਹੀ ਕੁਝ ਹੋਣਾ ਸ਼ੁਰੂ ਹੋ ਗਿਆ, ਜਿਸ ਦਾ ਡਰ ਸੀ । ਪਿਛਲੇ ਦਿਨੀਂ ਆਸਟ੍ਰੇਲੀਆ 'ਚ ਵਿਦਿਆਰਥੀਆਂ ਨਾਲ ਵਾਪਰੇ ਹਾਦਸਿਆਂ ਨੂੰ ਜੋ ਰੰਗਤ ਦੇ ਕੇ ਸਾਡੇ ਮੀਡੀਆ ਤੇ ਕੁਝ ਕੁ ਮੌਕਾਪ੍ਰਸਤ ਲੋਕਾਂ ਨੇ ਜੋ 'ਪੁੰਨ ਦਾ ਕੰਮ' ਕਰਨ ਦੀ ਕੋਸ਼ਿਸ਼ ਕੀਤੀ ਸੀ, ਅੱਜ ਉਸ ਪੁੰਨ ਦਾ ਫਲ ਮਿਲਣਾ ਸ਼ੁਰੂ ਹੋ ਗਿਆ ਹੈ। ਬੱਸ ਫ਼ਰਕ ਇੰਨਾ ਕੁ ਹੈ ਕਿ ਇਹ ਫਲ ਮੀਡੀਆ ਤੇ ਇਹਨਾਂ ਆਪੂੰ ਬਣੇ ਅਖੌਤੀ ਵਿਦਿਆਰਥੀ ਲੀਡਰਾਂ ਦੀ ਬਜਾਏ ਨਾ ਸਮਝ ਵਿਦਿਆਰਥੀਆਂ ਨੂੰ ਮਿਲ ਰਿਹਾ ਹੈ। ਉਸ ਵਕਤ ਵੀ ਸਾਡੇ ਬਹੁਤ ਸਾਰੇ ਉਮਰ ਭੋਗ ਚੁੱਕੇ ਬੁੱਧੀਜੀਵੀਆਂ ਨੇ ਆਪਣੇ ਤਜ਼ੁਰਬੇ ਦੇ ਆਧਾਰ 'ਤੇ ਸਹੀ ਸੇਧ ਦੇਣ ਦੀ ਕੋਸ਼ਿਸ਼ ਕੀਤੀ ਸੀ। ਪਰ ਕੁਝ ਕੁ ਲੋਕਾਂ ਨੇ ਇਹਨਾਂ ਦੀ ਗੱਲ ਨੂੰ ਆਮ ਆਦਮੀ ਤੱਕ ਨਹੀਂ ਪਹੁੰਚਣ ਦਿੱਤਾ, ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਇਸ ਸੰਵੇਦਨਸ਼ੀਲ ਮਸਲੇ ਨੂੰ ਸ਼ਾਂਤੀ ਨਾਲ ਨਜਿੱਠ ਲਿਆ ਜਾਵੇ। ਇਹਨਾਂ ਲੋਕਾਂ ਸਾਡੇ ਵਿਦਿਆਰਥੀਆਂ ਦੀ ਜੋਸ਼ ਨਾਲ ਭਰੀ ਜਵਾਨੀ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਤੇ ਉਹ ਇਸ ਵਿਚ ਕਾਮਯਾਬ ਵੀ ਹੋਏ। ਜਵਾਨੀ ਦੀ ਉਮਰ ਹੁੰਦੀ ਹੀ ਇਸ ਤਰ੍ਹਾਂ ਦੀ ਹੈ ਕਿ ਉਸ ਨੂੰ ਸ਼ਾਂਤੀ ਘੱਟ ਹੀ ਪਸੰਦ ਆਉਂਦੀ ਹੈ। ਸੋ, ਹੁਣ ਕੀਤੇ ਦਾ ਫਲ ਮਿਲਣਾ ਸ਼ੁਰੂ ਹੋ ਗਿਆ ਹੈ। ਇਸ ਫਲ ਨੇ ਕੌੜਾ ਤਾਂ ਹੋਣਾ ਹੀ ਸੀ ਕਿਉਂਕਿ 'ਜਿਹੋ ਜਿਹਾ ਬੀਜਾਂਗੇ, ਓਹੋ ਜਿਹਾ ਹੀ ਵੱਢਣਾ ਪਊ'। ਪਰ ਅ਼ਫ਼ਸੋਸ ਇਸ ਗੱਲ ਦਾ ਹੈ ਕਿ ਕਸੂਰ ਮੁੱਠੀ ਭਰ ਲੋਕਾਂ ਦਾ ਸੀ ਤੇ ਹੁਣ ਭੁਗਤਣਗੇ ਲੱਖਾਂ ਬੇਕਸੂਰ ਵਿਦਿਆਰਥੀ ਤੇ ਉਨ੍ਹਾਂ ਦੇ ਬੇਬਸ ਮਾਪੇ।

ਮੀਡੀਆ ਨੂੰ ਤਾਂ ਮੈਂ ਉਂਝ ਹੀ ਬੁਰਾ ਭਲਾ ਕਹੀ ਜਾਂਦਾ ਹਾਂ। ਉਨ੍ਹਾਂ ਦਾ ਕੀ ਕਸੂਰ ? ਇਹ ਤਾਂ ਉਨ੍ਹਾਂ ਦਾ ਕਾਰੋਬਾਰ ਹੈ, ਤੇ ਜੇ 'ਡੱਬੂ ਅੱਗ ਨਾ ਲਾਊ ਤਾਂ ਕੰਧ ਉੱਤੇ ਬੈਠ ਕੇ ਕੀ ਸਵਾਹ ਦੇਖੂ ?' ਸੋ ਉਨ੍ਹਾਂ ਨੇ ਤਾਂ ਆਪਣੇ ਕੰਮ ਨੂੰ ਬਾਖ਼ੂਬੀ ਅੰਜਾਮ ਦਿੱਤਾ । ਚੰਗੇ-ਮਾੜੇ ਨਤੀਜਿਆਂ ਬਾਰੇ ਸੋਚਣਾ ਤਾਂ ਵਿਦਿਆਰਥੀਆਂ ਦਾ ਕੰਮ ਸੀ। ਇੱਥੇ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਕੋਈ ਮੀਡੀਆ ਦਾ ਵੈਰੀ ਨਹੀਂ, ਸਗੋਂ ਮੈਂ ਵੀ ਇਸ ਦਾ ਅੰਗ ਹਾਂ। ਬੱਸ ਤੁਸੀ ਇੰਝ ਕਹਿ ਸਕਦੇ ਹੋ ਕਿ ਹਰ ਇਕ ਥਾਂ ਤੇ
ਗ਼ੱਦਾਰ ਹੁੰਦੇ ਹਨ । ਸੋ, ਇੱਥੇ ਇਹ ਭੂਮਿਕਾ ਮੈਂ ਨਿਭਾ ਰਿਹਾ ਹਾਂ। ਪਰ ਪਤਾ ਨਹੀਂ ਕਿਉਂ ਗ਼ੱਦਾਰੀ ਕਰਨ 'ਚ ਮਾਣ ਜਿਹਾ ਮਹਿਸੂਸ ਹੋ ਰਿਹਾ ਹੈ। ਇੱਥੇ ਮੈਂ ਆਪਣੇ ਆਪ ਨੂੰ ਗ਼ੱਦਾਰ ਲਿਖ ਕੇ ਕੋਈ ਮੱਲ੍ਹਾਂ ਨਹੀਂ ਮਾਰ ਰਿਹਾ । ਪਰ ਕੀ ਕਰਾਂ ? ਜਦੋਂ ਇੱਕ ਮੀਡੀਆ ਵਾਲੇ ਨੇ ਮੈਨੂੰ ਇਹ ਅਹੁਦਾ ਮੇਰੇ ਪਿਛਲੇ ਲੇਖ 'ਆਸਟ੍ਰੇਲੀਆ 'ਚ ਵਿਦਿਆਰਥੀਆਂ ਤੇ ਹੋ ਰਹੇ ਹਮਲੇ ਪਿਛਲਾ ਸੱਚ' ਤੋਂ ਬਾਅਦ ਦਿੱਤਾ ਤਾਂ ਇੱਕ ਵਾਰ ਤਾਂ ਮੈਂ ਸੋਚਣ 'ਤੇ ਮਜਬੂਰ ਹੋ ਗਿਆ ਸੀ ਕਿ ਕੀ ਵਾਕਿਆ ਹੀ ਮੈਂ ਗ਼ੱਦਾਰ ਹਾਂ ? ਪਰ ਅਗਲੇ ਹੀ ਪਲ ਮੇਰੀ ਆਤਮਾ ਨੇ ਮੈਨੂੰ ਝੰਜੋੜਿਆ ਕਿ ਜੇ ਗ਼ਲਤ ਰਸਤੇ ਜਾਂਦੇ ਨੂੰ ਰਸਤਾ ਦਿਖਾਉਣਾ ਤੇ ਲੱਖਾਂ ਬੇਕਸੂਰ ਮਾਪਿਆਂ ਦੇ ਅਰਮਾਨਾਂ ਨੂੰ ਪੂਰਾ ਕਰਨ 'ਚ ਮਦਦ ਕਰਨ ਨੂੰ ਗ਼ੱਦਾਰੀ ਕਹਿੰਦੇ ਹਨ ਤਾਂ ਇਹ ਗ਼ੱਦਾਰੀ ਮੈਂ ਸਾਰੀ ਉਮਰ ਕਰਨ ਨੂੰ ਤਿਆਰ ਹਾਂ।

ਮੈਂ ਇੱਥੇ ਸੰਖੇਪ ਵਿਚ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਆਸਟ੍ਰੇਲੀਆ ਵਿੱਚ ਵਿਦਿਆਰਥੀਆਂ ਉੱਤੇ ਹਮਲਿਆਂ ਦੀ ਅੱਗ ਬਲ ਰਹੀ ਸੀ ਤਾਂ ਸਾਡੇ ਤਕਰੀਬਨ ਸਾਰੇ ਟੀ.ਵੀ. ਚੈਨਲ ਇਸ ਅੱਗ ਤੇ ਨਸਲਵਾਦ ਦਾ ਤੇਲ ਪਾ-ਪਾ ਕੇ ਸੇਕ ਰਹੇ ਸਨ। ਪਹਿਲਾਂ ਤਾਂ ਮੈਂ ਉਹ ਲੇਖ ਲਿਖਿਆ

ਉਸ ਨੂੰ ਲੋਕਾਂ ਬਹੁਤ ਹੁੰਗਾਰਾ ਦਿੱਤਾ ਤੇ ਮੇਰੀ ਆਸ ਦੇ ਉਲਟ ਸਿਰਫ਼ ਇਕ ਫ਼ੋਨ ਕਾਲ ਨੂੰ ਛੱਡ ਕੇ ਦੁਨੀਆਂ ਭਰ ਤੋਂ ਮੈਨੂੰ ਹੱਲਾਸ਼ੇਰੀ ਮਿਲੀ। ਸ਼ਾਇਦ ਹੀ ਕੋਈ ਇਹੋ ਜਿਹਾ ਪੰਜਾਬੀ ਅਖ਼ਬਾਰ ਜਾ ਵੈੱਬਸਾਈਟ ਹੋਵੇਗੀ, ਜਿੱਥੇ ਇਹ ਛਪਿਆ ਨਾ ਹੋਵੇ। ਇੱਥੋਂ ਤਕ ਕਿ ਇਹ ਲੇਖ ਭਾਰਤ ਵਿੱਚ ਚੌਦਾਂ ਭਾਸ਼ਾਵਾਂ ਵਿੱਚ ਛਪਿਆ। ਇਸੇ ਹੱਲਾਸ਼ੇਰੀ ਨਾਲ ਮੇਰੇ ਅੰਦਰ ਹੋਰ ਹੌਸਲਾ ਆ ਗਿਆ ਤੇ ਮੈਂ ਇੱਕ ਨਿਊਜ਼ ਚੈਨਲ ਨੂੰ ਫ਼ੋਨ ਮਿਲਾ ਲਿਆ ਤੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਸਾਨੂੰ ਆਰਾਮ ਨਾਲ ਕਿਉਂ ਨਹੀਂ ਰਹਿਣ ਦਿੰਦੇ ? ਤੁਹਾਨੂੰ ਵੀ ਪਤਾ ਹੈ ਕਿ ਆਸਟ੍ਰੇਲੀਆ 'ਚ ਅੱਗ ਧੁਖ ਰਹੀ ਹੈ। ਕਿਉਂ ਵਾਰ-ਵਾਰ ਬੇਤੁਕੀਆਂ ਖ਼ਬਰਾਂ ਦਿਖਾ ਕੇ ਤੇਲ ਪਾ ਰਹੇ ਹੋ ? ਤਾਂ ਅੱਗੋਂ ਮਹਾਸ਼ਾ ਕਹਿੰਦੇ ਕਿ ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਸਲੀ ਗੱਲ ਕੀ ਹੈ ? ਪਰ ਅਸੀਂ ਤਾਂ ਉਹ ਹੀ ਦਿਖਾਉਣਾ ਹੈ ਜੋ ਪਬਲਿਕ ਪਸੰਦ ਕਰਦੀ ਹੈ। ਸਾਨੂੰ ਸੱਚ ਝੂਠ ਨਾਲ ਕੋਈ ਮਤਲਬ ਨਹੀਂ। ਇੰਨਾ ਸੁਣਦਿਆਂ ਸਾਰ ਹੀ ਮੈਂ ਉਸ ਨੂੰ ਉਸ ਦੀਆਂ ਜ਼ਿੰਮੇਵਾਰੀਆਂ ਯਾਦ ਕਰਵਾਉਣ ਲੱਗ ਪਿਆ ਤਾਂ ਸਾਹਿਬ ਕਹਿੰਦੇ, ''ਸਾਡਾ ਮੀਡੀਆ ਇਸੇ ਲਈ ਹੀ ਤਾਂ ਤਰੱਕੀ ਨਹੀਂ ਕਰ ਰਿਹਾ, ਕਿਉਂਕਿ ਤੇਰੇ ਜਿਹੇ ਗ਼ੱਦਾਰ ਇਸ ਵਿਚ ਆ ਗਏ ਹਨ।'' ਚੱਲੋ ! ਇਸ ਵਾਰਤਾਲਾਪ ਦਾ ਜੋ ਵੀ ਅੰਤ ਹੋਇਆ ਪਰ ਅਗਲੇ ਕੁਝ ਕੁ ਮਿੰਟਾਂ ਬਾਅਦ ਉਸ ਚੈਨਲ ਤੇ ਇੱਕ ਕੈਪਸ਼ਨ ਵਾਰ ਵਾਰ ਚੱਲ ਰਿਹਾ ਸੀ; 'ਜੇ ਤੁਸੀ ਆਸਟ੍ਰੇਲੀਆ ਜਾ ਰਹੇ ਹੋ ਤਾਂ ਉੱਥੋਂ ਦੇ ਕਾਇਦੇ ਕਾਨੂੰਨ ਤੇ ਰਹਿਣ ਸਹਿਣ ਦਾ ਢੰਗ ਜ਼ਰੂਰ ਸਿੱਖ ਕੇ ਜਾਓ।'

ਖੈਰ ! ਅੱਜ ਦਾ ਅਸਲੀ ਮੁੱਦਾ ਇਹ ਹੈ ਕਿ ਸਾਨੂੰ ਡਰ ਕਿਸ ਗੱਲ ਦਾ ਸੀ ਤੇ ਹੁਣ ਕਿੰਝ ਅਮਲੀ ਰੂਪ ਵਿਚ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ ? ਜਦੋਂ ਵਿਦਿਆਰਥੀਆਂ 'ਤੇ ਹਮਲੇ ਹੋ ਰਹੇ ਸਨ ਤਾਂ ਹਰੇਕ ਦੀ ਹਮਦਰਦੀ ਸਾਡੇ ਨਾਲ ਸੀ, ਕਿਉਂ ਜੋ ਇਹ ਬਹੁਤ ਹੀ ਮੰਦਭਾਗਾ ਹੋ ਰਿਹਾ ਸੀ। ਬੱਸ ! ਇਸ ਭਖਦੇ ਮਸਲੇ ਨੂੰ ਕੁਝ ਕੁ ਲੋਕਾਂ ਨੇ ਨਸਲੀ ਰੂਪ ਦੇਣ ਤੇ ਲੱਕ ਬੰਨ੍ਹ ਲਿਆ। ਭਾਵੇਂ ਅਸੀਂ ਪੂਰਨ ਰੂਪ ਵਿਚ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ, ਪਰ ਇਹ ਪੂਰਨ ਰੂਪ ਵਿਚ ਨਸਲੀ ਵੀ ਨਹੀਂ ਸਨ। ਜ਼ਿਆਦਾਤਰ ਹਮਲੇ ਨਸ਼ੇੜੀ ਕਿਸਮ ਦੇ ਲੋਕਾਂ ਵੱਲੋਂ ਕੀਤੇ ਗਏ ਸਨ। ਸੋ, ਇਸ ਨੂੰ ਰੋਕਣ ਦਾ ਫ਼ਰਜ਼ ਆਸਟ੍ਰੇਲੀਆ ਗੌਰਮਿੰਟ ਦਾ ਸੀ ਅਤੇ ਸਾਡਾ ਫ਼ਰਜ਼ ਸੀ ਇਸ ਗੱਲ ਨੂੰ ਸਰਕਾਰ ਤੱਕ ਪਹੁੰਚਾਉਣਾ। ਸਭ ਕੁਝ ਠੀਕ ਠਾਕ ਚੱਲ ਰਿਹਾ ਸੀ ਪਰ ਇਸ ਕੰਮ ਲਈ ਜੋ ਰਾਹ ਸਾਡੇ ਲੋਕਾਂ ਨੇ ਚੁਣਿਆ ਕੀ ਉਹ ਸਹੀ ਸੀ ? ਚਲੋ, ਰੋਸ ਕਰਨਾ ਵੀ ਆਪਣਾ ਹੱਕ ਬਣਦਾ ਹੈ ਪਰ ਕੀ ਇਸ ਮੁਲਕ ਦੇ ਮਾਹੌਲ ਮੁਤਾਬਿਕ ਆਮ ਜਨਤਾ ਦੇ ਕੰਮਾਂ-ਕਾਰਾਂ 'ਚ ਵਿਘਨ ਪਾਉਣਾ, ਸਰਕਾਰੀ ਤੇ ਗ਼ੈਰਸਰਕਾਰੀ ਜਾਇਦਾਦ ਦਾ ਨੁਕਸਾਨ ਕਰਨਾ ਆਦਿ ਕੀ ਇਹ ਜਾਇਜ਼ ਸੀ ? ਡਿਪਲੋਮੈਟਿਕ ਪੱਧਰ ਤੇ ਗੱਲਬਾਤ ਹੋ ਰਹੀ ਸੀ ਤੇ ਭਾਰਤੀ ਸਰਕਾਰ ਆਪਣਾ ਦਬਾਅ ਬਣਾ ਰਹੀ ਸੀ। ਇਹਨਾਂ ਗੱਲਾਂ ਤੇ ਸਬਰ ਨਾ ਕੀਤਾ ਗਿਆ। ਨਤੀਜਿਆਂ ਦਾ ਇੰਤਜ਼ਾਰ ਕਰਨ ਦੀ ਥਾਂ ਗ਼ਲਤ ਰਸਤਾ ਚੁਣ ਲਿਆ। ਜਿਸ ਦੀ ਇਸ ਮੁਲਕ 'ਚ ਕੋਈ ਲੋੜ ਨਹੀਂ ਸੀ। ਜੋਸ਼ ਵਿਚ ਆ ਕੇ 1859 ਵਿੱਚ ਬਣੇ ਮੈਲਬਰਨ ਦੇ ਫਿਲਿੰਡਰ ਰੇਲਵੇ ਸਟੇਸ਼ਨ ਦੀ ਇਤਿਹਾਸਿਕ ਇਮਾਰਤ ਉੱਤੇ ਆਸਟ੍ਰੇਲੀਆ ਦੇ ਝੰਡੇ ਦੀ ਥਾਂ ਭਾਰਤੀ ਝੰਡਾ ਲਹਿਰਾ ਦਿੱਤਾ ਅਤੇ ਸ਼ੀਸ਼ੇ ਭੰਨ ਦਿੱਤੇ। ਇਹ ਤਾਂ ਸ਼ੁਕਰ ਹੈ ਕਿ ਇੱਥੇ ਇਸ ਗੱਲ ਦਾ ਜ਼ਿਆਦਾ ਫ਼ਰਕ ਨਹੀਂ, ਕਿਉਂਕਿ ਇੱਥੋਂ ਦੇ ਸੱਭਿਆਚਾਰ ਵਿਚ ਇਹ ਲੋਕ ਆਪ ਹੀ ਝੰਡੇ ਦੀਆ ਕੱਛਾਂ ਸੁਆ ਕੇ ਪਾਈ ਫਿਰਦੇ ਹਨ। ਜੇ ਇਹੀ ਕੁਝ ਭਾਰਤ 'ਚ ਭਾਰਤੀ ਝੰਡੇ ਨਾਲ ਹੋਇਆ ਹੁੰਦਾ ਤਾਂ ਤੁਹਾਨੂੰ ਪਤਾ ਹੀ ਹੈ ਕਿ ਇਹ ਗੱਲ ਕਿੱਥੇ ਜਾ ਕੇ ਮੁੱਕਣੀ ਸੀ। ਹੁਣ ਮੈਲਬਰਨ ਵਿੱਚ ਭੰਨੇ ਸ਼ੀਸ਼ੇ ਦਾ ਕੱਚ ਸਾਰੇ ਆਸਟ੍ਰੇਲੀਆ ਵਿੱਚ ਖਿੱਲਰ ਗਿਆ ਲੱਗਦਾ ਹੈ ਕਿਉਂਕਿ ਹੁਣ ਵਿਦਿਆਰਥੀਆਂ ਵੱਲੋਂ ਪੁੱਟੇ ਹਰ ਕਦਮ 'ਚ ਇਸ ਦੀ ਰੜਕ

ਪੈਣੀ ਸ਼ੁਰੂ ਹੋ ਚੁੱਕੀ ਹੈ।

ਮੈਲਬਰਨ ਰੈਲੀ ਵਿੱਚ ਸ਼ੀਸ਼ੇ ਤੇ ਪੱਥਰ ਮਾਰਨ ਵਾਲੇ ਨੇ ਉਹ ਪੱਥਰ ਸ਼ੀਸ਼ੇ ਤੇ ਨਹੀਂ ਸੀ ਮਾਰਿਆ, ਉਹ ਤਾਂ ਉਸ ਨੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ 'ਤੇ ਮਾਰਿਆ ਸੀ। ਬੱਸ ਇਹੀ ਗੱਲ ਇੱਥੇ ਸਮਝ ਨਹੀਂ ਆਉਂਦੀ ਕਿ ਜੋ ਮੁਲਕ ਸੌਰੀ, ਥੈਂਕ ਯੂ ਅਤੇ ਐੱਕਸਕਿਊਜ਼ ਮੀ, ਪਲੀਜ਼ 'ਤੇ ਚਲਦਾ ਹੋਵੇ, ਉੱਥੇ ਭੰਨ-ਤੋੜ ਦੀ ਕੀ ਨੌਬਤ ਆ ਗਈ ਸੀ! ਸ਼ਾਇਦ ਇਹਨਾਂ ਸੋਚਿਆ ਕਿ ਸ਼ੀਸ਼ੇ ਫੁੱਟਣ ਦੀ ਗੂੰਜ ਨਾਲ ਆਸਟ੍ਰੇਲੀਆ ਦੀ ਸਰਕਾਰ ਛੇਤੀ ਜਾਗ ਪਵੇਗੀ। ਪਰ ਉਸ ਵਕਤ ਗੋਰਿਆਂ ਸਿਰਫ਼ ਇਕ ਹੀ ਗੱਲ ਕਹੀ ਸੀ ਕਿ ਸਾਡੀ ਸਦੀਆਂ ਪੁਰਾਣੀ ਇਮਾਰਤ ਨਾਲ ਦੁਰਵਿਹਾਰ ਹੋਣ ਨਾਲ ਸਾਡਾ ਦਿਲ ਦੁਖਿਆ ਹੈ। ਉਸੇ ਵਕਤ ਹੀ ਆਸਟ੍ਰੇਲੀਆ 'ਚ ਪੁਰਾਣੇ ਰਹਿ ਰਹੇ ਬੰਦਿਆਂ ਦੀ ਸਮਝ ਵਿਚ ਇਹ ਗੱਲ ਆ ਗਈ ਸੀ ਕਿ ਹੁਣ ਕੀ ਹੋਣ ਵਾਲਾ ਹੈ! ਉਨ੍ਹਾਂ ਦਾ ਤਜ਼ੁਰਬਾ ਕਹਿੰਦਾ ਸੀ ਕਿ ਇੱਥੋਂ ਦੀਆਂ ਸਰਕਾਰਾਂ ਰੌਲਾ ਪਾਉਣ ਦੀ ਥਾਂ ਤੇ ਨਤੀਜੇ ਦੇਣ 'ਚ ਵਿਸ਼ਵਾਸ ਕਰਦੀਆਂ ਹਨ। ਸ਼ੀਸ਼ੇ ਫੁੱਟਣ ਦੀ ਉਸ ਗੂੰਜ ਨੇ ਗੋਰਿਆਂ ਦਾ ਤਾਂ ਇਕੱਲਾ ਦਿਲ ਹੀ ਦੁਖਾਇਆ ਸੀ ਪਰ ਸਾਡੇ ਲੱਖਾਂ ਬੇਕਸੂਰ ਵਿਦਿਆਰਥੀਆਂ ਦਾ ਪਤਾ ਨਹੀਂ ਹੁਣ ਕੀ-ਕੀ ਦੁਖੇਗਾ! ਹੁਣ ਤਾਂ ਲਗਦਾ ਹੈ ਕਿ 'ਬਹੁਤਾ ਖਾਂਦੀ ਥੋੜ੍ਹੇ ਤੋਂ ਵੀ ਜਾਂਦੀ' ਵਾਲੀ ਗੱਲ ਹੋਣ ਵਾਲੀ ਹੈ।

ਆਸਟ੍ਰੇਲੀਆ ਸਰਕਾਰ ਨੇ ਵਿਦਿਆਰਥੀਆਂ ਦੀਆਂ ਚੂੜੀਆਂ ਕੱਸਣੀਆਂ ਸ਼ੁਰੂ ਕਰ ਦਿੱਤੀ ਹਨ, ਜਿਸ ਨਾਲ ਵਿਦਿਆਰਥੀ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰਨ ਲੱਗ ਗਏ ਹਨ। ਹਰ ਕੋਈ ਜੋੜ-ਤੋੜ ਲਾ ਰਿਹਾ ਹੈ ਕਿ ਉਸ ਦਾ ਅਸਲੀ ਮਕਸਦ ਆਸਟ੍ਰੇਲੀਆ ਵਿੱਚ ਪੱਕਾ ਹੋਣਾ ਸੀ, ਉਹ ਹੁਣ ਕਿਵੇਂ ਪੂਰਾ ਹੋਵੇਗਾ ਕਿਉਂਕਿ ਸਰਕਾਰ ਨੇ ਕੁਝ ਕੁ ਕੋਰਸਾਂ ਵਿੱਚ ਪੱਕਾ ਹੋਣ ਲਈ ਆਈਲਟਸ ਵਿੱਚ ਸੱਤ-ਸੱਤ ਬੈਂਡ ਲਾਜ਼ਮੀ ਕਰ ਦਿੱਤੇ ਹਨ। ਕੰਮ ਦਾ ਤਜ਼ੁਰਬਾ ਸਰਟੀਫਿਕੇਟ ਜੋ ਅੱਗੇ ਇੱਧਰੋ-ਉੱਧਰੋਂ ਬਣਾ ਕੇ ਚੱਲ ਜਾਂਦਾ ਸੀ, ਉਹ ਹੁਣ ਗ਼ਲਤ ਹੋਣ ਦੀ ਹਾਲਤ ਵਿੱਚ ਕੁਝ ਵਿਦਿਆਰਥੀ ਕ੍ਰਿਮੀਨਲ ਕੇਸ ਦਾ ਸਾਹਮਣਾ ਕਰ ਰਹੇ ਹਨ। ਆਈਲਟਸ ਦੇ ਵਿੱਚ ਫੜੇ ਗਏ ਫਰਾਡ ਤੋਂ ਬਾਅਦ ਹੁਣ ਇਸ ਉੱਤੇ ਤੇਜ਼ ਨਿਗਾਹ ਰੱਖੀ ਜਾ ਰਹੀ ਹੈ।

ਬਹੁਤ ਸਾਰੇ ਨਵੇਂ ਪੁਰਾਣੇ ਵਿਦਿਆਰਥੀਆਂ ਨਾਲ ਗੱਲ ਕਰਨ ਤੇ ਨਵੇਂ-ਨਵੇਂ ਖ਼ੁਲਾਸੇ ਸਾਹਮਣੇ ਆ ਰਹੇ ਹਨ। ਇਸ ਤੋਂ ਪਹਿਲਾਂ ਜੋ ਵਿਦਿਆਰਥੀ ਇੱਕ ਹਫ਼ਤੇ ਵਿੱਚ ਵੀਹ ਘੰਟਿਆਂ ਦੀ ਥਾਂ ਤੇ ਚਾਲੀ-ਪੰਜਾਹ ਘੰਟੇ ਕੰਮ ਕਰਦੇ ਸਨ, ਸਭ ਤੇ ਲਗਾਮ ਕਸ ਦਿੱਤੀ ਹੈ। ਪਹਿਲਾਂ ਵਿਦਿਆਰਥੀਆਂ ਦੇ ਸ਼ੋਸ਼ਣ ਦੀਆਂ ਇੱਕਾ-ਦੁੱਕਾ ਖ਼ਬਰਾਂ ਸੁਣਦੇ ਸੀ, ਹੁਣ ਇਹ ਹਰ ਮੋੜ 'ਤੇ ਸੁਣਾਈ ਦੇ ਰਹੀਆਂ ਹਨ। ਵਿਦਿਆਰਥੀਆਂ ਲਈ ਟੈਕਸੀ ਚਲਾਉਣਾ ਪਹਿਲਾਂ ਇਕੱਲੇ ਸਿਡਨੀ ਵਿੱਚ ਬੰਦ ਸੀ ਪਰ ਹੁਣ ਹਰ ਕਿਤੇ ਲਾਇਸੈਂਸ ਲੈਣ ਲਈ ਮੁਸ਼ਕਲਾਂ ਆ ਰਹੀਆਂ ਹਨ। ਇਸ ਸੰਬੰਧੀ ਐਡੀਲੇਡ ਦੀ ਇੱਕ ਹਕੀਕਤ ਸੁਣੋ। ਐਸ. ਆਈ.ਆਰ. ਵੀਜ਼ਾ 'ਤੇ ਆਇਆ ਇੱਕ ਭਾਰਤੀ ਆਪਣਾ ਲਾਇਸੈਂਸ ਦਾ ਪਤਾ ਬਦਲਾਉਣ ਅਥਾਰਿਟੀ ਦੇ ਦਫ਼ਤਰ ਗਿਆ ਤਾਂ ਉਸ ਤੋਂ ਪੰਝੱਤਰ ਸੌ ਡਾਲਰ ਜੁਰਮਾਨਾ ਇਸ ਲਈ ਮੰਗਿਆ ਗਿਆ ਕਿਉਂਕਿ ਉਹ ਆਪਣਾ ਪਤਾ ਬਦਲਾਉਣ ਵਿੱਚ ਕੁਝ ਦਿਨ ਲੇਟ ਹੋ ਗਿਆ ਸੀ। ਉਸ ਨੇ ਸਾਰੀ ਗੱਲ ਮੈਨੂੰ ਫ਼ੋਨ ਕਰ ਕੇ ਦੱਸੀ ਤਾਂ ਜਦ ਮੈਂ ਉਸ ਅਫ਼ਸਰ ਨਾਲ ਗੱਲ ਕੀਤੀ ਤੇ ਕਿਹਾ ਕਿ ਐਨਾ ਜ਼ਿਆਦਾ ਜੁਰਮਾਨਾ ਕਿਉਂ ? ਕਿਤੇ ਇਹ ਤਾਂ ਨਹੀਂ ਕਿ ਅਸੀਂ ਭਾਰਤੀ ਹਾਂ ? ਉਹ ਕਹਿੰਦਾ ਬੱਸ ਇੰਝ ਹੀ ਸਮਝ ਲਓ। ਬੱਸ ਇੰਨਾ ਸੁਣਦੇ ਮੈਂ ਭੜਕ ਪਿਆ ਕਿ ਮੈਂ ਆਸਟ੍ਰੇਲੀਆ ਦੀ ਵਕਾਲਤ ਕਰ ਰਿਹਾ ਹਾਂ ਤੇ ਤੁਸੀਂ ਇਹ ਹਰਕਤ ਕਰ ਕੇ ਮੈਨੂੰ ਸੋਚਣ ਤੇ ਮਜਬੂਰ ਕਰ ਦਿਤਾ ਕਿ ਤੁਸੀਂ ਵਾਕਿਆ ਹੀ

ਭੇਦਭਾਵ ਕਰਦੇ ਹੋ। ਤਾਂ ਉਸ ਅਫ਼ਸਰ ਨੇ ਮੈਨੂੰ ਕਿਹਾ ਨਹੀਂ ਇਹ ਕੋਈ ਨਸਲਵਾਦ ਕਰ ਕੇ ਨਹੀਂ ਇਹ ਤਾਂ ਇਸ ਲਈ ਹੈ ਕਿ ਕਾਨੂੰਨ ਤੋੜਨ ਤੇ ਫਰਾਡ ਕਰਨ ਵਿਚ ਇੱਥੇ ਭਾਰਤੀ ਸਭ ਤੋਂ ਮੂਹਰੇ ਹਨ। ਇਸ ਲਈ ਸਾਨੂੰ ਅੱਜਕੱਲ੍ਹ ਵਿਸ਼ੇਸ਼ ਹਿਦਾਇਤਾਂ ਮਿਲੀਆਂ ਹਨ ਕਿ ਜਿੱਥੇ ਵੀ ਭਾਰਤੀ ਸ਼ਬਦ ਆ ਜਾਵੇ ਉਸ ਦੀ ਪੜਤਾਲ ਗਹਿਰਾਈ ਨਾਲ ਕਰੋ। ਸੋ, ਅਸੀਂ ਤਾਂ ਆਪਣਾ ਫ਼ਰਜ਼ ਨਿਭਾ ਰਹੇ ਹਾਂ ਕਿਉਂਕਿ ਅਸੀਂ ਨਹੀਂ ਚਾਹੁੰਦੇ ਕਿ ਕੋਈ ਬੁਰਾਈ ਸਾਡੇ ਮੁਲਕ 'ਚ ਆਵੇ। ਉਸ ਦੀ ਇਹ ਦਲੀਲ ਸੁਣਕੇ ਮੇਰੇ ਕੋਲ ਕੋਈ ਸ਼ਬਦ ਨਹੀਂ ਸਨ ਕਿਉਂਕਿ ਉਹ ਕੋਈ ਜ਼ੁਬਾਨੀ ਗੱਲਾਂ ਹੀ ਨਹੀਂ ਕਰ ਰਿਹਾ ਸੀ, ਸਗੋਂ ਸਭ ਕੁਝ ਤੱਥਾਂ ਦੇ ਆਧਾਰਿਤ ਹੀ ਬੋਲ ਰਿਹਾ ਸੀ। ਮੈਨੂੰ ਦੋ ਮਿੰਟ ਰੁਕਣ ਲਈ ਕਹਿ ਕੇ ਜਦ ਉਹ ਵਾਪਸ ਆਇਆ ਤਾਂ ਉਸ ਨੇ ਅਖ਼ਬਾਰਾਂ ਦਾ ਥੱਬਾ ਮੇਰੇ ਮੂਹਰੇ ਰੱਖ ਦਿੱਤਾ ਤੇ ਕਹਿੰਦਾ ਜੇ ਤੁਹਾਡੇ ਕੋਲ ਟਾਈਮ ਹੈ ਤਾਂ ਹੁਣੇ ਪੜ੍ਹ ਲਓ ਨਹੀਂ ਤਾਂ ਮੈਂ ਤੁਹਾਨੂੰ ਖ਼ਾਸ ਖ਼ਬਰਾਂ ਦੀਆਂ ਫ਼ੋਟੋ ਕਾਪੀਆਂ ਕਰ ਦਿੰਦਾ ਹਾਂ। ਮੈਂ ਸਭ ਜਾਣਦਾ ਹੋਇਆ ਅਣਜਾਣ ਜਿਹਾ ਬਣ ਕੇ ਉਥੋਂ ਤੁਰਦਾ ਬਣਿਆ।

ਜਿਵੇਂ ਭਾਰਤੀ ਮੀਡੀਆ ਨੇ ਆਸਟ੍ਰੇਲੀਆ ਨੂੰ ਦੁਨੀਆ ਭਰ ਮੂਹਰੇ ਨਸਲਵਾਦੀ ਬਣਾਉਣ ਦੀ ਕੋਈ ਕਸਰ ਨਹੀਂ ਛੱਡੀ ਸੀ ਤੇ ਹੁਣ ਇਸੇ ਕੰਮ ਦੀ ਭਾਜੀ ਆਸਟ੍ਰੇਲੀਆ ਮੀਡੀਆ ਬਾਖ਼ੂਬੀ ਮੋੜ ਰਿਹਾ ਹੈ। ਜਿਸ ਦੇ ਸਬੂਤ ਤੁਹਾਡੇ ਸਾਹਮਣੇ ਹਨ। ਪਿਛਲੇ ਇਕ ਹਫ਼ਤੇ ਦੇ ਆਸਟ੍ਰੇਲੀਆ ਦੇ ਮੋਢੀ ਅਖ਼ਬਾਰ ਚੁੱਕ ਕੇ ਦੇਖ ਲਵੋ। ਉਹ ਇਕ ਵੀ ਇਹੋ ਜਿਹੀ ਖ਼ਬਰ ਅੱਖੋਂ ਓਹਲੇ ਨਹੀਂ ਹੋਣ ਦਿੰਦੇ, ਜਿਸ ਵਿੱਚ ਭਾਰਤੀਆਂ ਦੀ ਸ਼ਮੂਲੀਅਤ ਹੋਵੇ। ਭਾਵੇਂ ਮੈਲਬਰਨ ਤੋਂ ਛਪਦਾ ਰੋਜ਼ਾਨਾ ਅਖ਼ਬਾਰ 'ਦ ਹੈਰਲਡਸਨ' ਹੋਵੇ ਤੇ ਭਾਵੇਂ ਆਸਟ੍ਰੇਲੀਆ ਦਾ ਮੁੱਖ ਅਖ਼ਬਾਰ 'ਦ ਆਸਟ੍ਰੇਲੀਅਨ' ਜਾਂ 'ਦ ਏਜ਼' ਹੋਵੇ। ਛੋਟੇ ਮੋਟੇ ਝਗੜੇ ਭਾਵੇਂ ਪਹਿਲਾਂ ਵੀ ਹੁੰਦੇ ਰਹਿੰਦੇ ਸਨ। ਪਰ ਇਸ ਵਾਰ ਅਖ਼ਬਾਰਾਂ ਨੇ ਪੰਜ ਚਾਰ ਡਾਲਰ ਪਿੱਛੇ ਘਸੁੰਨ-ਮੁੱਕੀ ਹੁੰਦੇ ਦੋ ਟੈਕਸੀ ਡਰਾਈਵਰਾਂ ਦੀ ਫ਼ੋਟੋ ਮੂਹਰਲੇ ਪੰਨੇ 'ਤੇ ਛਾਪ ਕੇ ਸਾਰੇ ਜੱਗ ਨੂੰ ਸਾਡੇ ਵਿਵਹਾਰ ਤੋਂ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ। ਇਕ ਹੋਰ ਖ਼ਬਰ ਮੁਤਾਬਿਕ ਇਕ ਪੰਜਾਬੀ ਪਰਿਵਾਰ ਦੀ ਇਕ ਵਿਆਹ ਦੌਰਾਨ ਖਿੱਚੀ ਫ਼ੋਟੋ ਅਖ਼ਬਾਰ ਨੇ ਬੜੇ ਚਾਅ ਨਾਲ ਪਹਿਲੇ ਪੰਨੇ 'ਤੇ ਲਾਈ ਹੈ ਤੇ ਲਿਖਿਆ ਹੈ ਕਿ ਇਸ ਪਰਿਵਾਰ ਨੂੰ ਪੰਜਾਹ ਹਜ਼ਾਰ ਡਾਲਰ ਦੇ ਫਰਾਡ ਵਿਚ ਸਜ਼ਾ ਹੋਈ ਹੈ। 'ਦ ਆਸਟ੍ਰੇਲੀਅਨ' ਵਿੱਚ ਛਪੀ ਇੱਕ ਰਿਪੋਰਟ ਨੇ ਤਾਂ ਸਾਡਾ ਕੱਚਾ ਚਿੱਠਾ ਹੀ ਖੋਲ੍ਹ ਕੇ ਰੱਖ ਦਿੱਤਾ ਹੈ। ਜਿਸ ਦਾ ਸਿਰਲੇਖ ਹੀ ਇਹ ਦਿਤਾ ਹੈ ਕਿ 'ਝੂਠ ਤੇ ਬੇਈਮਾਨੀ ਦੇ ਸਹਾਰੇ ਪੜ੍ਹਾਈ'। ਛੇਤੀ ਹੀ ਇਸ ਵਿਸ਼ੇ 'ਤੇ ਡਾਕੂਮੈਂਟਰੀ ਫ਼ਿਲਮ ਵੀ ਟੀ.ਵੀ. ਉਤੇ ਦਿਖਾਈ ਜਾਵੇਗੀ। ਇਸ ਲੇਖ ਵਿੱਚ ਇੱਕੋ-ਇੱਕ ਗੱਲ ਸਾਰੀ ਦੁਨੀਆਂ ਮੂਹਰੇ ਰੱਖ ਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਹੁਣ ਇਹ ਦੱਸੋ ਗ਼ਲਤ ਆਸਟ੍ਰੇਲੀਅਨ ਹਨ ਕਿ ਭਾਰਤੀ ? ਹੁਣ ਇਮਾਨਦਾਰੀ ਨਾਲ ਸੋਚ ਕੇ ਦੇਖੋ ਕਿ, ਕੀ ਉਦੋਂ ਹਿੰਦੁਸਤਾਨੀ ਮੀਡੀਆ ਠੀਕ ਸੀ ਜਾਂ ਹੁਣ ਆਸਟ੍ਰੇਲੀਅਨ ਮੀਡੀਆ ਠੀਕ ਕਹਿ ਰਿਹਾ ਹੈ ? ਬੱਸ ! ਇਹ ਸਵਾਲ ਮੈਂ ਹੁਣ ਤੁਹਾਡੇ 'ਤੇ ਛੱਡਦਾ ਹਾਂ। ਮੇਰੇ ਤੋਂ ਹੁਣ ਹੋਰ ਉਪਾਧੀ ਨਹੀਂ ਲਈ ਜਾਂਦੀ, ਪਹਿਲਾਂ ਗ਼ੱਦਾਰ ਵਾਲੀ ਹੀ ਕਾਫ਼ੀ ਹੈ। ਮੇਰੇ ਦਿਮਾਗ਼ 'ਚ ਤਾਂ ਬੱਸ ਬਾਬਾ ਫ਼ਰੀਦ ਜੀ ਦਾ ਇਹ ਸਲੋਕ ਹੀ ਘੁੰਮ ਰਿਹਾ ਕਿ;

'ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ।।'

ਹੁਣ ਇਕ ਹੋਰ ਪਹਿਲੂ ਇਸੇ ਨਾਲ ਮੇਲ ਖਾਂਦਾ ਹੋਇਆ। ਪਿਛਲੇ ਕੁਝ ਦਿਨਾਂ ਤੋਂ ਵਿਦੇਸ਼ਾਂ 'ਚ ਵਾਪਰ ਰਹੇ ਹਾਦਸਿਆਂ ਨੇ ਇਕ ਵਾਰ ਫੇਰ ਸਾਨੂੰ ਸੋਚਣ ਤੇ ਮਜਬੂਰ ਕਰ ਦਿਤਾ ਕਿ, ਕੀ ਵਾਕਿਆ ਹੀ ਦੂਜੇ ਮੁਲਕਾਂ ਦੇ ਲੋਕ ਹਿੰਦੁਸਤਾਨੀਆਂ ਨੂੰ ਪਸੰਦ ਨਹੀਂ ਕਰਦੇ ? ਭਾਵੇਂ ਸਦੀਆਂ ਤੋਂ ਹਿੰਦੁਸਤਾਨੀ

ਵਿਦੇਸ਼ਾਂ 'ਚ ਵੱਸ ਰਹੇ ਹਨ। ਪਰ ਅਜਿਹੀ ਨੌਬਤ ਪਹਿਲਾਂ ਤਾਂ ਕਦੇ ਨਹੀਂ ਸੀ ਆਈ, ਕਿਉਂਕਿ ਪਹਿਲਾਂ ਵਿਦੇਸ਼ ਆਉਣ ਵਾਲੇ ਕਿਸ਼ਤਾਂ 'ਚ ਆਉਂਦੇ ਸਨ। ਪਰ ਹੁਣ ਹਰ ਰੋਜ਼ ਵੱਡੀ ਤਾਦਾਦ ਵਿੱਚ ਲੋਕੀ ਵਿਦੇਸ਼ ਆ ਰਹੇ ਹਨ। ਆਸਟ੍ਰੇਲੀਆ ਵਰਗੇ ਘੱਟ ਆਬਾਦੀ ਵਾਲੇ ਮੁਲਕ 'ਚ ਆਪਣੀ ਹਾਜ਼ਰੀ ਦਰਸਾ ਰਹੇ ਹਨ। ਇਸ ਲੇਖ ਦਾ ਅਗਲਾ ਕਾਂਡ ਲਿਖਣ ਦਾ ਕਾਰਨ ਇਕ ਰੇਡੀਉ ਟਾਕ ਸ਼ੋਅ ਵਿਚ ਮੇਰੇ ਤੋਂ ਕੀਤਾ ਗਿਆ ਇਕ ਸਵਾਲ ਬਣਿਆ। ਜਿਸ ਵਿਚ ਇੱਕ ਸਰੋਤੇ ਨੇ ਕਿਹਾ ਸੀ ਕਿ ਹੁਣ ਆਪਾਂ ਸਾਰੀ ਉਮਰ ਇੰਨਾਂ ਗੋਰਿਆਂ ਦੀ ਗ਼ੁਲਾਮੀ ਤਾਂ ਨਹੀਂ ਕਰਦੇ ਰਹਾਂਗੇ ? ਸਾਰਿਆਂ ਤੋਂ ਪਹਿਲਾਂ ਤਾਂ ਮੈਂ ਇਸ ਸਵਾਲ ਨਾਲ ਸਹਿਮਤ ਹੀ ਨਹੀਂ ਕਿ ਅਸੀਂ ਹੁਣ ਗ਼ੁਲਾਮੀ ਕਰ ਰਹੇ ਹਾਂ। ਪਰ ਜੇ ਤੁਹਾਡੀ ਸੋਚ ਭਾਜੀ ਮੋੜਨ ਦੀ ਹੈ ਤਾਂ ਵੱਖਰੀ ਗੱਲ ਹੈ। ਭਾਵੇਂ ਇਸ ਗੱਲ ਨਾਲ ਵੀ ਮੈਂ ਪੂਰੀ ਤਰ੍ਹਾਂ ਸਹਿਮਤ ਤਾਂ ਨਹੀਂ ਪਰ ਹਾਂ ਜੇ ਇਹ ਭਾਜੀ ਸਹੀ ਢੰਗ ਨਾਲ ਮੋੜਨ ਦੀ ਯੋਜਨਾ ਬਣਾਈ ਜਾਵੇ ਤਾਂ ਜ਼ਰੂਰ ਕਦਮ ਨਾਲ ਕਦਮ ਮਿਲਾ ਕੇ ਚੱਲਣ ਨੂੰ ਤਿਆਰ ਹਾਂ। ਭਾਵੇਂ ਵੇਲੇ-ਵੇਲੇ ਸਿਰ ਬਹੁਤ ਸਾਰੇ ਲੋਕਾਂ ਨੇ ਗੋਰਿਆਂ ਨੂੰ ਇਹ ਭਾਜੀ ਮੋੜਨ ਦੀ ਕੋਸ਼ਿਸ਼ ਕੀਤੀ। ਪਰ ਕਹਿੰਦੇ ਹਨ ਵਕਤ ਸਿਰ ਹੀ ਸਭ ਸੋਂਹਦਾ ਹੈ ਤੇ ਜਾਂ ਕਹਿ ਸਕਦੇ ਹਾਂ ਕਿ ਠੰਢਾ ਲੋਹਾ ਕੁੱਟਣ ਦਾ ਕੋਈ ਫ਼ਾਇਦਾ ਨਹੀਂ ਹੁੰਦਾ। ਅੱਜ ਵਤਨ ਆਜ਼ਾਦ ਹੋਣ ਦੇ ਸੱਠ ਸਾਲਾਂ ਪਿੱਛੋਂ ਮੈਨੂੰ ਲੋਹਾ ਗਰਮ ਹੋਇਆ ਲਗਦਾ ਹੈ। ਜੇ ਹੁਣ ਸਹੀ ਥਾਂ ਤੇ ਸੱਟ ਮਾਰੀ ਜਾਵੇ ਤਾਂ ਹੋ ਸਕਦਾ ਅਸੀਂ ਸਾਡੇ ਇਨ੍ਹਾਂ ਰਿਸਦੇ ਜ਼ਖ਼ਮਾਂ ਤੇ ਮਲ੍ਹਮ ਲਾ ਸਕੀਏ। ਮੇਰਾ ਇੱਥੇ ਲੋਹਾ ਗਰਮ ਹੋਣਾ ਲਿਖਣ ਦਾ ਕਾਰਨ ਇਹ ਹੈ ਕਿ ਇਕ ਗ਼ਲਤੀ ਸਤਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਸਾਡੇ ਵੱਡ-ਵਡੇਰਿਆਂ ਨੇ ਕੀਤੀ ਸੀ ਤੇ ਹੁਣ ਉਹੀ ਗ਼ਲਤੀ ਗੋਰਿਆਂ ਤੋਂ ਹੋਈ ਹੈ। ਹੁਣ ਸਮੇਂ ਦਾ ਸਦ ਉਪਯੋਗ ਕਰਨ ਦਾ ਅਸਲੀ ਵਕਤ ਹੈ। ਇਸ ਲਈ ਜੋਸ਼ ਦੀ ਵੀ ਜ਼ਰੂਰਤ ਹੈ ਪਰ ਬਾ-ਸ਼ਰਤ ਇਹ ਜੋਸ਼ ਹੋਸ਼ ਵਿਚ ਰਹਿ ਕੇ ਵਰਤਿਆ ਜਾਵੇ। ਇਸ ਸਾਰੇ ਕਾਂਡ ਨੂੰ ਸਮਝਣ ਲਈ ਇਤਿਹਾਸ ਦੇ ਪੰਨੇ ਫਰੋਲ੍ਹਨ ਦੀ ਲੋੜ ਹੈ। ਸੋ, ਪਹਿਲਾਂ ਆਪਾਂ ਝਾਤ ਮਾਰਦੇ ਹਾਂ ਕਿ ਆਪਣੇ ਵਡੇਰਿਆਂ ਤੋਂ ਕੀ ਗ਼ਲਤੀ ਹੋਈ ਸੀ।

ਸੰਨ 1588 ਦੀ ਗੱਲ ਹੈ ਜਦੋਂ ਈਸਟ ਇੰਡੀਆ ਕੰਪਨੀ ਹੋਂਦ ਵਿਚ ਆਈ ਤੇ ਥੋੜ੍ਹੇ ਸਮੇਂ 'ਚ ਹੀ ਇਸ ਨੇ ਆਪਣਾ ਜਾਲ ਦੁਨੀਆਂ ਭਰ ਦੇ ਦੁਆਲੇ ਬੁਣਨਾ ਸ਼ੁਰੂ ਕਰ ਦਿਤਾ। ਸੰਨ 1600 ਤੱਕ ਇਸ ਨੇ ਆਪਣਾ ਜਾਲ ਭਾਰਤ ਤੇ ਵੀ ਸੁੱਟ ਦਿਤਾ। ਵਪਾਰ ਕਰਨ ਦਾ ਝਾਂਸਾ ਦੇ ਕੇ ਸਾਡੇ ਹਾਕਮਾਂ ਤੋਂ ਉਸ ਵਕਤ ਦੇ ਮਹਾਂ ਹਿੰਦੁਸਤਾਨ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਲੈ ਲਈ। ਜੇ ਇਹੀ ਗੱਲ ਅੱਜ ਦੀ ਭਾਸ਼ਾ 'ਚ ਕਹੀਏ ਤਾਂ ਸਾਡੇ ਮੁਲਕ ਨੇ ਉਸ ਵਕਤ ਆਪਣੇ ਚੰਗੇ ਲਈ ਵੀਜ਼ੇ 'ਚ ਖੁੱਲ੍ਹ ਦੇ ਦਿੱਤੀ ਸੀ। ਪਰ ਚੰਗੇ ਨੂੰ ਕੀਤਾ ਇਹ ਕੰਮ ਵਕਤ ਨਾਲ ਪੈਰਾਂ ਦੀਆਂ ਬੇੜੀਆਂ ਸਾਬਤ ਹੋਇਆ। ਜੇ ਹੁਣ ਆਪਾਂ ਕਹੀਏ ਕਿ ਆਪਣੇ ਹਾਕਮਾਂ ਬਿਨਾਂ ਸੋਚੇ ਸਮਝੇ ਉਨ੍ਹਾਂ ਨੂੰ ਹਿੰਦੁਸਤਾਨ 'ਚ ਦਾਖ਼ਲ ਹੋਣ ਦੀ ਇਜਾਜ਼ਤ ਦੇ ਦਿੱਤੀ ਹੋਣੀ ਹੈ, ਤਾਂ ਇਹ ਵੀ ਗ਼ਲਤ ਹੈ। ਕਿਉਂਕਿ ਉਸ ਵੇਲੇ ਦੇ ਹਾਕਮਾਂ ਨੇ ਬੜੀ ਸੋਚ ਵਿਚਾਰ ਬਾਅਦ ਇਹ ਫ਼ੈਸਲਾ ਲਿਆ ਸੀ। ਇਸ ਵਿਚ ਉਨ੍ਹਾਂ ਨੂੰ ਮੁਲਕ ਦੀ ਭਲਾਈ ਦਿੱਖ ਰਹੀ ਸੀ। ਪਰ ਵਕਤ ਦੇ ਨਾਲ ਗੋਰਿਆਂ ਨੇ ਸਾਡੀਆਂ ਕਮਜ਼ੋਰੀਆਂ ਨੂੰ ਫੜ੍ਹ ਲਿਆ ਅਤੇ ਹੌਲੀ-ਹੌਲੀ ਆਪਣੀ ਫ਼ੌਜ ਖੜੀ ਕਰ ਲਈ ਸੀ। ਇਸ ਦਾ ਨਤੀਜਾ ਸਭ ਨੂੰ ਪਤਾ ਹੀ ਹੈ 'ਗ਼ੁਲਾਮੀ', ਜੋ ਕਿ ਅੱਜ ਤੱਕ ਸਾਡੇ ਜ਼ਿਹਨ ਵਿਚ ਨਾਸੂਰ ਦੀ ਤਰ੍ਹਾਂ ਰਿਸ ਰਹੀ ਹੈ।

ਅੱਜ ਉਹੀ ਗ਼ਲਤੀ ਫੇਰ ਦੁਹਰਾਈ ਜਾ ਰਹੀ ਹੈ। ਪਰ ਹੁਣ ਫ਼ਰਕ ਇਹ ਹੈ ਕਿ ਇਸ ਵਾਰ ਗ਼ਲਤੀ ਕਰਨ ਵਾਲੇ ਗੋਰੇ ਹਨ ਤੇ ਲਾਹਾ ਲੈਣ ਦਾ ਮੌਕਾ ਸਾਨੂੰ ਮਿਲਿਆ ਹੈ। ਬੱਸ, ਹੁਣ ਹੋਸ਼ 'ਚ ਰਹਿ ਕੇ ਸਹੀ ਕਦਮ ਪੁੱਟਣ ਦੀ ਲੋੜ ਹੈ। ਆਓ ! ਮਿਲ ਕੇ ਵਿਸ਼ਲੇਸ਼ਣ ਕਰੀਏ ਕਿ ਕਿਹੜਾ ਮੌਕਾ ਸਾਨੂੰ

ਮਿਲਿਆ ਤੇ ਕਿੰਝ ਇਸ ਦਾ ਲਾਹਾ ਲੈ ਕੇ ਅਸੀਂ ਦੁਨੀਆਂ ਭਰ 'ਚ ਆਪਣੀ ਤੂਤੀ ਬੁਲਵਾ ਸਕਦੇ ਹਾਂ ? ਪਿਛਲੇ ਤਕਰੀਬਨ ਇਕ-ਦੋ ਦਹਾਕਿਆਂ ਤੋਂ ਦੁਨੀਆਂ ਨੇ ਇਹ ਮੰਨ ਲਿਆ ਹੈ ਕਿ ਹਿੰਦੁਸਤਾਨੀ ਬੱਚੇ ਪੜ੍ਹਨ ਲਿਖਣ 'ਚ ਦੁਨੀਆਂ ਭਰ ਦੇ ਬੱਚਿਆਂ ਨਾਲੋਂ ਮੂਹਰੇ ਹਨ। ਹੁਣ ਤਾਂ ਮਹਾਂ ਸ਼ਕਤੀ ਅਮਰੀਕਾ ਦੇ ਰਾਸ਼ਟਰਪਤੀ ਸ਼੍ਰੀਮਾਨ ਬਾਰਿਕ ਓਬਾਮਾ ਨੇ ਵੀ ਇਹ ਮੰਨ ਲਿਆ ਹੈ ਕਿ ਸਾਡੇ ਬੱਚੇ ਤਾਂ ਵੀਡੀਓ ਗੇਮ ਖੇਡਦੇ ਹੀ ਰਹਿ ਗਏ ਤੇ ਏਸ਼ੀਅਨ ਮੁਲਕਾਂ ਦੇ ਬੱਚੇ ਸਾਡੇ ਤੋਂ ਅੱਗੇ ਨਿਕਲ ਗਏ। ਸੋ, ਹੁਣ ਅਸੀਂ ਇਸ ਨੂੰ ਆਪਣਾ ਭਰਮ ਹੀ ਨਹੀਂ ਕਹਿ ਸਕਦੇ ਕਿ ਸਾਡੇ ਬੱਚੇ ਹੁਸ਼ਿਆਰ ਹਨ। ਜਦੋਂ ਸਾਰੀ ਦੁਨੀਆਂ ਨੇ ਇਹ ਮੰਨ ਲਿਆ ਤਾਂ ਕੁਝ ਵਿਕਸਤ ਮੁਲਕਾਂ ਵਿੱਚ ਦੌੜ ਜਿਹੀ ਲੱਗ ਗਈ ਕਿ ਕਿਉਂ ਨਾ ਭਾਰਤ ਵਿਚ ਫਲ-ਫੁੱਲ ਰਹੀ ਪੜ੍ਹਾਈ ਦਾ ਆਪਣੇ ਪੈਸੇ ਦੇ ਜ਼ੋਰ 'ਤੇ ਲਾਹਾ ਲਿਆ ਜਾਏ। ਬੱਸ ਫੇਰ ਕੀ ਸੀ, ਇਹਨਾਂ ਖੋਲ੍ਹ ਦਿੱਤੇ ਆਪਣੇ ਮੁਲਕਾਂ ਦੇ ਦਰਵਾਜ਼ੇ ਤੇ ਉਸ ਦਾ ਨਤੀਜਾ ਸਾਹਮਣੇ ਹੈ। ਨੌਜਵਾਨਾਂ ਨੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਲਈਆਂ। ਇਹ ਇਜਾਜ਼ਤ ਦੇਣ ਦੇ ਮਗਰ ਇਹਨਾਂ ਮੁਲਕਾਂ ਦੀ ਇੱਕ ਹੋਰ ਮਨਸ਼ਾ ਇਹ ਸੀ ਕਿ ਇਹਨਾਂ ਨੂੰ ਪਲ਼ੇ-ਪਲ਼ਾਏ ਗੱਭਰੂ ਤੇ ਮੁਟਿਆਰਾਂ ਮਿਲ ਰਹੇ ਸਨ ਕਿਉਂਕਿ ਗੋਰਿਆਂ ਦੇ ਮੁਲਕਾਂ 'ਚ ਇਕ ਇੰਜੀਨੀਅਰ ਜਾਂ ਡਾਕਟਰ ਬਣਾਉਣ ਲਈ ਲੱਖਾਂ ਡਾਲਰ ਖ਼ਰਚਣੇ ਪੈਂਦੇ ਹਨ। ਆਪਣੇ ਮੁਲਕ 'ਚ ਤਾਂ ਬੱਚੇ ਦੀ ਸਾਰੀ ਜ਼ੁੰਮੇਵਾਰੀ ਮਾਂ-ਬਾਪ 'ਤੇ ਹੁੰਦੀ ਹੈ। ਪਰ ਇਹਨਾਂ ਮੁਲਕਾਂ 'ਚ ਬੱਚੇ ਦੇ ਮਾਂ ਦੇ ਗਰਭ 'ਚ ਆਉਣ ਤੋਂ ਲੈ ਕੇ ਉਸ ਦੇ ਆਪਣੇ ਪੈਰੀਂ ਖੜ੍ਹਾ ਹੋਣ ਤੱਕ ਯਾਨੀ ਤਕਰੀਬਨ ਚੌਵੀ ਸਾਲਾਂ ਤਕ ਸਾਰੀ ਜ਼ੁੰਮੇਵਾਰੀ ਸਰਕਾਰ ਦੀ ਹੁੰਦੀ ਹੈ।

ਇੱਥੇ ਮੈਂ ਮੋਟੇ ਜਿਹੇ ਤੌਰ ਤੇ ਆਸਟ੍ਰੇਲੀਆ ਵਿੱਚ ਜਨਮ ਲੈਣ ਵਾਲੇ ਬੱਚੇ ਦੇ ਜਵਾਨ ਹੋਣ ਤੱਕ ਦੇ ਖ਼ਰਚੇ ਦਾ ਹਿਸਾਬ ਤੁਹਾਨੂੰ ਦੱਸਦਾ ਹਾਂ। ਇੱਥੇ ਜਦ ਪਹਿਲੇ ਦਿਨ ਕਿਸੇ ਔਰਤ ਨੂੰ ਗਰਭਵਤੀ ਹੋਣ ਦਾ ਪਤਾ ਚਲਦਾ ਹੈ ਤਾਂ ਉਸੇ ਦਿਨ ਤੋਂ ਉਹ ਸਰਕਾਰ ਦੀ ਪਰਾਹੁਣੀ ਬਣ ਜਾਂਦੀ ਹੈ। ਉਸ ਔਰਤ ਨੂੰ ਕੁਝ ਵਾਧੂ ਖਾਣ-ਪੀਣ ਲਈ ਪੰਜ ਹਜ਼ਾਰ ਡਾਲਰ ਦਿੱਤਾ ਜਾਂਦਾ ਹੈ। ਉਸੇ ਦਿਨ ਤੋਂ ਜੇ ਉਹ ਕੰਮ ਨਾ ਕਰਨਾ ਚਾਹੇ ਤਾਂ ਉਸ ਨੂੰ ਘਰ ਬੈਠਿਆਂ ਹੀ ਡੋਲ ਯਾਨੀ ਕਿ ਇਕ ਹਫ਼ਤੇ ਦੇ ਤਿੰਨ ਸੌ ਦੇ ਕਰੀਬ ਡਾਲਰ ਮਿਲਣੇ ਸ਼ੁਰੂ ਹੋ ਜਾਂਦੇ ਹਨ। ਉਸ ਤੋਂ ਮਗਰੋਂ ਬੱਚੇ ਦੇ ਲਾਲਣ-ਪਾਲਨ ਦਾ ਖ਼ਰਚਾ ਸ਼ੁਰੂ ਹੋ ਜਾਂਦਾ ਹੈ। ਜਿਸ ਦੇ ਤਹਿਤ ਜੇ ਤੁਸੀਂ ਕਿਰਾਏ ਦੇ ਘਰ 'ਚ ਰਹਿੰਦੇ ਹੋ ਤਾਂ ਅੱਧ ਤੋਂ ਜ਼ਿਆਦਾ ਕਿਰਾਇਆ, ਫੈਮਲੀ ਅਸਿਸਟੈਂਟ ਦੇ ਨਾਂ ਤੇ ਹਰ ਹਫ਼ਤੇ ਦੋ ਤਿੰਨ ਸੌ ਡਾਲਰ, ਮੁਫ਼ਤ 'ਚ ਸਿਹਤ ਸਹੂਲਤਾਂ, ਤਕਰੀਬਨ ਮੁਫ਼ਤ ਪੜ੍ਹਾਈ, ਸਮੇਂ-ਸਮੇਂ ਸਿਰ ਬੱਚੇ ਨੂੰ ਜ਼ਰੂਰੀ ਚੀਜ਼ਾਂ ਲਈ ਫੰਡ ਮਿਲਦੇ ਹਨ, ਜਿਵੇਂ ਕਿ ਇਸ ਸਾਲ ਬੱਚਿਆਂ ਨੂੰ ਦੋ ਵਾਰ ਨਕਦ ਮਦਦ ਤੇ ਨਵਾਂ ਕੰਪਿਊਟਰ ਆਦਿ ਲਈ ਮਦਦ ਦਿੱਤੀ। ਉਸ ਤੋਂ ਬਾਅਦ ਜੇ ਬੱਚਾ ਯੂਨੀਵਰਸਿਟੀ 'ਚ ਜਾ ਕੇ ਪੜ੍ਹਨਾ ਚਾਹੇ ਤਾਂ ਫ਼ੀਸ ਦੇ ਨਾਲ-ਨਾਲ ਅੱਠ ਕੁ ਸੌ ਡਾਲਰ ਨਕਦ ਹਰ ਮਹੀਨੇ ਦਿੱਤੇ ਜਾਂਦੇ ਹਨ। ਇਹਨਾਂ ਸਾਰੀਆਂ ਗੱਲਾਂ ਦਾ ਖ਼ਾਤਮਾ ਬੱਸ ਇੱਕ ਗੱਲ ਨਾਲ ਹੁੰਦਾ ਹੈ ਕਿ ਇੱਕ ਜੁਆਕ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਸਰਕਾਰ ਨੂੰ ਚਾਰ ਪੰਜ ਲੱਖ ਡਾਲਰ ਖ਼ਰਚਣਾ ਪੈਂਦਾ ਹੈ। ਅੱਗੇ ਜਾ ਕੇ ਜੁਆਕ ਪਤਾ ਨਹੀਂ ਕਦੋਂ ਕਹਿ ਦੇਵੇ ਕਿ ਮੈਨੂੰ ਤਾਂ ਇਹ ਕੰਮ ਕਰਨ 'ਚ ਮਜ਼ਾ ਨਹੀਂ ਆ ਰਿਹਾ ਕਿਉਂਕਿ ਇਸ ਜੌਬ 'ਚ ਫ਼ਨ ਨਹੀਂ ਹੈ। ਸੋ ਸਭ ਕੁਝ ਧਰਿਆ ਧਰਾਇਆ ਰਹਿ ਜਾਂਦਾ ਹੈ ਕਿਉਂਕਿ ਇੱਥੋਂ ਦੇ ਕਾਨੂੰਨ ਮੁਤਾਬਿਕ ਤੁਸੀ ਧੱਕੇ ਨਾਲ ਕਿਸੇ ਤੋਂ ਕੁਝ ਨਹੀਂ ਕਰਵਾ ਸਕਦੇ।

ਇਹਨਾਂ ਸਾਰੀਆਂ ਗੱਲਾਂ ਦੇ ਬਿਲਕੁਲ ਉਲਟ ਸਾਡੇ ਮੁਲਕ 'ਚ ਇਹ ਸਾਰਾ ਕੁਝ ਪਰਿਵਾਰ ਨੂੰ ਆਪਣੇ ਦਮ 'ਤੇ ਹੀ ਕਰਨਾ ਪੈਂਦਾ ਹੈ ਤੇ ਨਾ ਹੀ ਕੋਈ ਇਹੋ ਜਿਹਾ ਮਸਲਾ ਆਉਂਦਾ ਹੈ ਕਿ ਪੜ੍ਹ ਲਿਖ ਕੇ ਜੁਆਕ ਉਸ ਲਾਈਨ 'ਚ ਕੰਮ ਨਾ ਕਰੇ, ਚਾਹੇ ਇਸ ਵਿੱਚ ਫ਼ਨ ਹੋਵੇ ਭਾਵੇਂ ਨਾ ਹੋਵੇ। ਇਸ

ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਸਾਡਾ ਪਾਲਨ ਪੋਸ਼ਣ ਹੀ ਇਸ ਢੰਗ ਨਾਲ ਹੁੰਦਾ ਹੈ ਕਿ ਸਾਡੀ ਆਪਣੀ ਪਸੰਦ ਤੇ ਨਾਪਸੰਦ ਦਾ ਕੋਈ ਮੁੱਲ ਨਹੀਂ ਹੁੰਦਾ। ਜੋ ਮਾਂ ਬਾਪ ਨੂੰ ਚੰਗਾ ਲੱਗਿਆ ਬੱਚਾ ਵੀ ਉਸੇ ਲਾਈਨ 'ਚ ਆਪਣੀ ਉਮਰ ਲੰਘਾ ਲਏਗਾ।

ਹੁਣ ਤੁਸੀਂ ਮੁਕਾਬਲਾ ਕਰ ਕੇ ਦੇਖੋ ਕਿ ਇੱਕ ਆਸਟ੍ਰੇਲੀਅਨ ਜੁਆਕ 'ਤੇ ਸਰਕਾਰ ਨੂੰ ਦੋ ਕਰੋੜ ਰੁਪਿਆ ਖ਼ਰਚਣਾ ਪੈਂਦਾ ਹੈ ਅਤੇ ਜੋ ਜੁਆਕ ਹਿੰਦੁਸਤਾਨ 'ਚੋਂ ਪੜ੍ਹ ਲਿਖ ਕੇ ਵਿਦੇਸ਼ ਆਉਂਦਾ ਹੈ ਉਸ ਉੱਤੇ ਸਰਕਾਰ ਨੂੰ ਧੇਲਾ ਵੀ ਨਹੀਂ ਖ਼ਰਚਣਾ ਪੈਂਦਾ। ਉਲਟਾ ਉਹ ਪਹਿਲੇ ਦਿਨ ਤੋਂ ਹੀ ਸਰਕਾਰ ਦਾ ਕਮਾਊ ਪੁੱਤ ਬਣ ਜਾਂਦਾ ਹੈ ਕਿਉਂਕਿ ਉਸ ਦੇ ਅੰਦਰ ਇੱਕੋ ਗੱਲ ਹੁੰਦੀ ਹੈ ਕਿ ਕਿੰਨੀ ਮਿਹਨਤ ਨਾਲ ਮੇਰੇ ਮਾਂ ਬਾਪ ਨੇ ਮੈਨੂੰ ਇਸ ਯੋਗ ਬਣਾਇਆ ਹੈ ਤੇ ਹੁਣ ਕਿਉਂ ਨਾ ਮਿਹਨਤ ਕਰ ਕੇ ਉਨ੍ਹਾਂ ਦੀਆਂ ਸੱਧਰਾਂ ਨੂੰ ਸਾਕਾਰ ਕੀਤਾ ਜਾਵੇ। ਇਸ ਲਈ ਉਹ ਰੱਜ ਕੇ ਮਿਹਨਤ ਕਰਦਾ ਹੈ ਤੇ ਉਸ ਦੀ ਮਿਹਨਤ ਦਾ ਫਲ ਉਸ ਦੇ ਕੁੜਮ-ਕਬੀਲੇ ਤੋਂ ਲੈ ਕੇ ਸਰਕਾਰ ਤੱਕ ਨੂੰ ਮਿਲਦਾ ਹੈ।

ਇਸੇ ਲਾਲਚ ਨੇ ਗੋਰਿਆਂ ਨੂੰ ਵੀਜ਼ੇ ਵਿੱਚ ਖੁੱਲ੍ਹ ਦੇਣ ਲਈ ਮਜਬੂਰ ਕੀਤਾ ਤੇ ਹੁਣ ਗੇਂਦ ਆਪਣੇ ਪਾਲੇ 'ਚ ਹੈ। ਸੋ, ਗੱਲ ਹੁਣ ਇੱਥੇ ਆ ਗਈ ਕਿ ਹੁਣ ਕਿਉਂ ਨਾ ਘਿਉ ਸਿੱਧੀ ਉਂਗਲ ਨਾਲ ਕੱਢਿਆ ਜਾਵੇ ? ਰੋਸ ਰੈਲ਼ੀਆਂ ਛੱਡ ਦੱਬ ਕੇ ਪੜ੍ਹਿਆ ਜਾਵੇ ਤੇ ਚੰਗੀਆਂ-ਚੰਗੀਆਂ ਨੌਕਰੀਆਂ 'ਤੇ ਕਬਜ਼ਾ ਕਰ ਕੇ ਗੋਰਿਆਂ 'ਤੇ ਰਾਜ ਕੀਤਾ ਜਾਵੇ। ਜਿੰਨੀ ਤਾਦਾਦ ਵਿੱਚ ਹੁਣ ਨੌਜਵਾਨ ਵਿਦੇਸ਼ਾਂ 'ਚ ਆ ਰਹੇ ਹਨ, ਉਸ ਨਾਲ ਹੁਣ ਉਹ ਦਿਨ ਦੂਰ ਨਹੀਂ ਜਦੋਂ ਹਰ ਦਫ਼ਤਰ ਵਿਚ ਕੋਈ ਨਾ ਕੋਈ ਹਿੰਦੁਸਤਾਨੀ ਕੰਮ ਕਰਦਾ ਮਿਲ ਜਾਵੇਗਾ।

ਅਖੀਰ ਵਿਚ ਤੁਹਾਨੂੰ ਦਸ ਦੇਵਾਂ ਕਿ ਮੇਰੀ ਇਸ ਸੋਚ ਨੂੰ ਵੀ ਹਾਲੇ ਬੂਰ ਨਹੀਂ ਸੀ ਪਿਆ ਕਿ ਮੇਰਾ ਇਕ ਦੋਸਤ ਮੈਨੂੰ ਫੇਰ ਸੋਚਾਂ ਦੇ ਖੂਹ ਵਿਚ ਧੱਕਾ ਦੇ ਕੇ ਚਲਾ ਗਿਆ। ਹੋਇਆ ਇੰਝ ਕਿ ਮੈਂ ਆਪਣੀ ਇਹ ਸੋਚ ਇਕ ਦੋਸਤ ਨੂੰ ਸੁਣਾਈ ਤੇ ਉਹ ਮੂਹਰੋਂ ਕਹਿੰਦਾ ਹਾਂ ਜੀ ਵੀਰ ਨਾਲੇ ਸਾਰੇ ਦਫ਼ਤਰਾਂ 'ਚ ਦੇ-ਲੈ ਕੇ ਕੰਮ ਹੋ ਜਾਇਆ ਕਰੂ।

ਹੁਣ ਤਾਂ ਲਗਦਾ ਹੈ ਕਿ ਨੌਜਵਾਨ ਸ਼ਾਇਰ ਮਨਜੀਤ ਕੋਟੜਾ ਦੀਆਂ ਹੇਠ ਲਿਖੀਆਂ ਸਤਰਾਂ 'ਤੇ ਅਮਲ ਕਰਨਾ ਚਾਹੀਦਾ ਹੈ :

ਕਮਲਿਆ ਸ਼ਾਇਰਾ ਗੱਲ ਦਿਲ 'ਤੇ ਨਾ ਲਾਇਆ ਕਰ,
ਬਦਲੇ ਜਦ ਮੌਸਮ ਤੂੰ ਵੀ ਬਦਲ ਜਾਇਆ ਕਰ,
ਪਾਸੇ ਹੋ ਕੇ ਲੋਕਾਂ ਵਾਂਗੂੰ ਦੇਖੀ ਜਾਇਆ ਕਰ ਹਾਦਸੇ,
ਐਵੇਂ ਨਾ ਹਰ ਹਾਦਸੇ ਵਿਚੋਂ ਗੁਜ਼ਰ ਜਾਇਆ ਕਰ।

****

# 25 ਵਰ੍ਹੇ ਪੁਰਾਣਾ ਰਿਸ਼ਤਾ

ਮਿੰਟੂ ਬਰਾੜ ਨਾਲ ਮੇਰਾ ਤਕਰੀਬਨ 25 ਸਾਲ ਪੁਰਾਣਾ ਰਿਸ਼ਤਾ ਹੈ। ਮਿੰਟੂ ਦੇ ਭੂਆ ਦਾ ਪੁੱਤ ਬੱਬੀ ਚੱਠਾ ਤੇ ਮੈਂ ਜਮਾਤੀ ਹੋਣ ਕਾਰਨ ਤਲਵੰਡੀ ਸਾਬੋ (ਦਮਦਮਾ ਸਾਹਿਬ) ਦੀ ਇਤਿਹਾਸਿਕ ਧਰਤੀ ਦੀਆਂ ਗਲੀਆਂ ਵਿੱਚ ਸਾਡਾ ਇਕੱਠਿਆਂ ਦਾ ਕਾਫ਼ੀ ਸਮਾਂ ਬੀਤਿਆ। ਸਾਡਾ ਬਾਵਾਸਤਾ ਤਿੰਨ ਪੜ੍ਹਾਵਾਂ ਵਿਚੋਂ ਗੁਜ਼ਰਿਆ, ਤਲਵੰਡੀ ਸਾਬੋ ਤੋਂ ਬਠਿੰਡਾ, ਬਠਿੰਡੇ ਤੋਂ ਵਿਦੇਸ਼। ਇਹਨਾਂ ਤਿੰਨ ਪੜ੍ਹਾਵਾਂ 'ਚੋਂ ਜੇ ਫ਼ਰਕ ਆਇਆ ਤਾਂ ਸਿਰਫ਼ ਏਨਾ ਕਿ ਵਿਦੇਸ਼ ਵਿੱਚ ਸਾਡੀ ਦੂਰੀ ਆਧੁਨਿਕ ਸਾਧਨਾ ਨੇ ਮਿਟਾਈ ਯਾਨੀ ਫ਼ੋਨ ਅਤੇ ਫੇਸਬੁੱਕ ਨਾਲ ਸਾਡਾ ਰਿਸ਼ਤਾ ਕਾਇਮ ਰਿਹਾ। ਪੜ੍ਹਾਈ ਦੇ ਨਾਲ ਮਿੰਟੂ ਬਠਿੰਡੇ ਗੈਸ ਏਜੰਸੀ ਸੰਭਾਲਦਾ ਸੀ। ਚੰਗੀ ਮੌਜ ਸੀ। ਮੇਰੀ ਵੀ ਡਿੱਕ ਡੋਲ ਖਾਂਦੀ ਗੱਡੀ ਉਦੋਂ ਲੀਹ 'ਤੇ ਆ ਚੜ੍ਹੀ ਜਦੋਂ ਮੇਰੀ ਟੇਪ ਹਿੱਟ ਹੋ ਗਈ ਤੇ ਮੈਂ ਵੀ ਬਠਿੰਡੇ ਆ ਬਸੇਰਾ ਕੀਤਾ। ਗੈਸ ਏਜੰਸੀ ਤੇ ਸਾਡੀਆਂ ਫੇਰ ਮਹਿਫ਼ਲਾਂ ਲੱਗਣੀਆਂ ਸ਼ੁਰੂ ਹੋ ਗਈਆਂ। ਮਿੰਟੂ ਸ਼ੁਰੂ ਤੋਂ ਅਲੱਗ ਅਤੇ ਆਜ਼ਾਦ ਵਿਚਾਰ, ਸਾਹਿਤਕ ਸੋਚ ਦਾ ਮਾਲਕ ਸੀ। ਦੇਖਦੇ-ਦੇਖਦੇ ਮਿੰਟੂ ਜਹਾਜ਼ ਚੜ੍ਹ ਗਿਆ। ਫ਼ੋਨ 'ਤੇ ਰਾਬਤਾ ਰਿਹਾ। ਥੋੜ੍ਹੇ ਚਿਰ ਬਾਅਦ ਮੈਂ ਵੀ ਨਿਊਜ਼ੀਲੈਂਡ ਆ ਗਿਆ। ਭਾਵੇਂ ਹੁਣ ਸਾਡੀਆਂ ਮਿਲਣੀਆਂ ਫੇਸਬੁੱਕ ਅਤੇ ਫ਼ੋਨ ਤੱਕ ਸੀਮਤ ਹੋ ਕੇ ਰਹਿ ਗਈਆਂ ਪਰ ਦਿਲਾਂ ਦੀਆਂ ਨਜ਼ਦੀਕੀਆਂ ਹੋਰ ਵੱਧੀਆਂ। ਆਪਣੀ ਦੂਰ ਅੰਦੇਸ਼ੀ ਸੋਚ ਅਤੇ ਮਿਹਨਤ ਸਦਕਾ ਮਿੰਟੂ ਉਹ ਕੁਝ ਕਰ ਸਕਿਆ ਜੋ ਉਸ ਦੇ ਦਿਲ 'ਚ ਸੀ। ਆਪਣੇ ਕਿੱਤੇ ਤੋਂ ਬਾਅਦ ਰੇਡੀਓ, ਅਖ਼ਬਾਰ, ਲੋਕ ਸੇਵਾ ਅਤੇ ਮਿਲਾਪੜੇ ਸੁਭਾਅ ਕਰਕੇ ਆਸਟ੍ਰੇਲੀਆ ਹੀ ਨਹੀਂ ਉਹ ਪੂਰੇ ਸੰਸਾਰ ਵਿੱਚ ਵੱਸਦੇ ਉਸਾਰੂ ਸੋਚ ਰੱਖਣ ਵਾਲੇ ਪੰਜਾਬੀਆਂ ਦੇ ਦਿਲਾਂ ਵਿੱਚ ਥਾਂ ਬਣਾ ਸਕਿਆ। ਮੇਰੇ ਦਿਲ ਵਿੱਚ ਉਸਦੀ ਥਾਂ ਦਾ ਗਵਾਹ 25 ਸਾਲ ਪੁਰਾਣਾ ਰਿਸ਼ਤਾ ਹੈ। ਮਿੰਟੂ ਸੱਚਾ ਇਨਸਾਨ ਹੈ। ਮਿੰਟੂ ਝੂਠ ਦੇ ਮਹਿਲਾਂ ਨੂੰ ਠੋਕਰ ਮਾਰਨ ਵਾਲਾ ਅਤੇ ਸੱਚ ਦੀ ਕੁੱਲੀ ਨੂੰ ਪਿਆਰ ਕਰਨ ਵਾਲਾ ਇਨਸਾਨ ਹੈ। ਮਿੰਟੂ ਦੇ 'ਕੈਂਗਰੂਨਾਮਾ' 'ਤੇ ਤਹਿ ਦਿਲੋਂ ਵਧਾਈ।

ਹਰਦੇਵ ਮਾਹੀਨੰਗਲ
ਪੱਕੀ ਕੋਹੀ
ਨਿਊਜ਼ੀਲੈਂਡ
021026125

# ਮੈਂ ਵੀ ਸਹੀ ਸੋਚ ਲੈਂਦਾ ਹਾਂ...

ਮੈਂ ਅਕਸਰ ਮਿੰਟੂ ਬਰਾੜ ਨੂੰ ਹਰਮਨ ਰੇਡਿਓ ਆਸਟ੍ਰੇਲੀਆ ਤੋਂ ਸੁਣਦਾ ਰਹਿੰਦਾ ਹਾਂ। ਉਸ ਦੇ ਉਸਾਰੂ ਲੇਖ ਵੱਖ-ਵੱਖ ਰਸਾਲੇ ਅਖ਼ਬਾਰਾਂ ਵਿੱਚ ਪੜ੍ਹਦਾ ਰਹਿੰਦਾ ਹਾਂ। ਆਸਟ੍ਰੇਲੀਆ ਤੋਂ ਛਪਦੇ ਪੰਜਾਬੀ ਅਖ਼ਬਾਰ ਵਿੱਚ ਉਸ ਦੀ ਸੰਪਾਦਕੀ ਇੱਕ ਦੂਰ ਅੰਦੇਸ਼ੀ ਸੋਚ ਦੀ ਗਵਾਹੀ ਭਰਦੀ ਰਹਿੰਦੀ ਹੈ ਅਤੇ ਮੈਂ ਸੋਚਦਾ ਹੁੰਦਾ ਸੀ ਕਿ ਮਿੰਟੂ ਬਹੁਤ ਹੀ ਸੁਲਝਿਆ ਲੇਖਕ ਹੈ ਪਰ ਪਿਛਲੇ ਦਿਨੀਂ ਜਦ ਮੈਂ ਉਸ ਨੂੰ ਮਿਲਿਆ ਤਾਂ ਮੈਨੂੰ ਆਪਣੇ ਆਪ 'ਤੇ ਬਹੁਤ ਮਾਣ ਹੋਇਆ ਕਿ ਮੈਂ ਵੀ ਸਹੀ ਸੋਚ ਲੈਂਦਾ ਹਾਂ... ਇਹ ਕਿਤਾਬ ਪੜ੍ਹ ਕੇ ਤਾਂ ਸਿਰਫ ਇਹੀ ਕਹਾਂਗਾ ਕਲਮ ਨੂੰ ਸਲਾਮ...

ਖੀਵਾ ਮਾਹੀ
ਡੁਬਈ

# ਮੈਨੂੰ ਕੀ ?

ਇਸ ਲੇਖ ਦਾ ਖ਼ਿਆਲ ਤਾਂ ਮੈਨੂੰ 2009 ਦੇ ਆਖੀਰ 'ਚ ਮੇਰੀ ਪਹਿਲੀ ਭਾਰਤ ਫੇਰੀ ਦੌਰਾਨ ਆਇਆ ਸੀ, ਜਦੋਂ ਲਗਾਤਾਰ ਤਿੰਨ ਵਰ੍ਹੇ ਆਸਟ੍ਰੇਲੀਆ 'ਚ ਗੁਜ਼ਾਰਨ ਦੇ ਬਾਅਦ ਦੋਹਾਂ ਮੁਲਕਾਂ ਵਿਚਲੇ ਰਹਿਣ ਸਹਿਣ ਤੇ ਸਮਾਜਿਕ ਵਾਤਾਵਰਣ ਵਿਚਲੇ ਪਾੜੇ ਦਾ ਫ਼ਰਕ ਮਹਿਸੂਸ ਹੋਇਆ ਸੀ।

ਪਰ ਪਹਿਲੀ ਵਾਰ ਇਹ ਲੇਖ 2011 'ਚ ਸਾਊਥ ਆਸਟ੍ਰੇਲੀਆ ਦੀ ਰਾਜਧਾਨੀ ਐਡੀਲੇਡ ਵਿਖੇ 24ਵੀਆਂ ਸਿੱਖ ਖੇਡਾਂ ਦੇ ਮੌਕੇ 'ਤੇ ਕੱਢੇ ਗਏ ਸੋਵੀਨੀਅਰ 'ਚ ਤੇ ਬਾਅਦ 'ਚ ਅਣਗਿਣਤ ਥਾਵਾਂ 'ਤੇ ਛਪਿਆ। ਇਸ ਦੌਰਾਨ ਮੈਨੂੰ ਇਹ ਦੇਖ ਕੇ ਬਹੁਤ ਹੈਰਾਨੀ ਅਤੇ ਦੁੱਖ ਹੋਇਆ, ਜਦੋਂ ਮੇਰਾ ਇਹ ਲੇਖ ਕੁਝ ਮੁਲਕਾਂ ਵਿੱਚ ਮੇਰੇ ਨਾਂ ਦੀ ਥਾਂ ਕਿਸੇ ਹੋਰ ਨਾਂ ਥੱਲੇ ਛਪਿਆ। ਹਾਲਾਂਕਿ ਅੱਜ ਦੇ ਇਸ ਯੁੱਗ ਵਿੱਚ ਚਾਹੁੰਦਿਆਂ ਹੋਇਆਂ ਵੀ ਕੁਝ ਲੁਕੋਣਾ ਸੰਭਵ ਨਹੀਂ। ਜਦੋਂ ਮੈਂ ਅਜਿਹੇ ਇੱਕ ਅਖ਼ਬਾਰ ਦੇ ਸੰਪਾਦਕ ਨਾਲ ਸੰਪਰਕ ਕੀਤਾ ਤਾਂ ਮੂਹਰੋਂ ਉਸ ਕਿਹਾ ਕਿ ਇਸ ਨਾਲ 'ਮੈਨੂੰ ਕੀ', ਜਾਓ ਉਸ ਲੇਖਕ ਨਾਲ ਸੰਪਰਕ ਕਰੋ, ਜਿਸ ਨੇ ਇਹ ਕਰਤੂਤ ਕੀਤੀ ਹੈ। ਚਲੋ ਜੀ ! ਮੂਹਰੋਂ ਮੈਂ ਵੀ ਕਹਿ ਦਿੱਤਾ ਕਿ 'ਜਿਸ ਦੀਆਂ ਦੁਖਣਗੀਆਂ, ਉਹ ਆਪੇ ਪੱਟੀਆਂ ਕਰੂ', ਚੰਗਾ ਭਰਾਵਾ 'ਤੈਨੂੰ ਕੀ' ?



ਸਿਡਨੀ ਸਿੱਖ ਖੇਡਾਂ ਦੌਰਾਨ ਅਮਨਦੀਪ ਸਿੱਧੂ, ਜਸਵਿੰਦਰ ਸਿੰਘ ਮਾਨ, ਬਲਜੀਤ ਖੇਲਾ ਅਤੇ ਮਲਵਿੰਦਰ ਪੰਧੇਰ ਨਾਲ ਲੇਖਕ



ਸਹਾਰਾ ਕਲੱਬ ਕਾਲਾਂਵਾਲੀ ਦੇ ਮਿੱਤਰਾਂ ਨਾਲ ਆਸਟ੍ਰੇਲੀਆ ਪਲਾਇਨ ਕਰਨ ਤੋਂ ਪਹਿਲਾਂ ਲੇਖਕ

# ਮੈਨੂੰ ਕੀ ?

'ਮੈਨੂੰ ਕੀ' ਇਹ ਦੇਖਣ ਨੂੰ ਸਿਰਫ਼ ਦੋ ਸ਼ਬਦ ਲਗਦੇ ਹਨ। ਪਰ ਅਸਲ 'ਚ ਇਹਨਾਂ ਦੋ ਸ਼ਬਦਾਂ ਵਿਚ ਜਿੰਨੀ ਕੁ ਲਾਪਰਵਾਹੀ ਕੁੱਟ ਕੁੱਟ ਕੇ ਭਰੀ ਹੋਈ ਹੈ, ਉਹ ਇੱਕ ਘਰ ਤਾਂ ਕੀ ਪੂਰਾ ਮੁਲਕ ਤਬਾਹ ਕਰ ਸਕਦੀ ਹੈ। ਸੋਚਣ ਦੀ ਗੱਲ ਹੈ ਕਿ ਜੇ 'ਮੈਨੂੰ ਕੀ' ਐਨੀ ਖ਼ਤਰਨਾਕ ਚੀਜ਼ ਹੈ ਤਾਂ ਫੇਰ ਕੋਈ ਇਸ ਦਾ ਕੁਝ ਕਰਦਾ ਕਿਉਂ ਨਹੀਂ ? ਜੇਕਰ ਇਹੀ ਚਰਚਾ ਕਿਸੇ ਨਾਲ਼ ਕੀਤੀ ਜਾਏ ਕਿ ਇਹ ਦੋ ਸ਼ਬਦ ਦੇਸ਼ ਬਰਬਾਦ ਕਰ ਰਹੇ ਹਨ ਤਾਂ ਮੂਹਰਲੇ ਬੰਦੇ ਦਾ ਇਹੀ ਜਵਾਬ ਹੋਵੇਗਾ ਕਿ ਜਦੋਂ ਸਾਰਿਆਂ ਦਾ ਹੀ ਆਵਾ ਊਤਿਆ ਪਿਆ ਹੈ ਤਾਂ ਕੋਈ ਇਕੱਲਾ ਕੀ ਕਰ ਸਕਦਾ ਹੈ । ਸੋ, 'ਮੈਨੂੰ ਕੀ' ਜੋ ਹੋਈ ਜਾਂਦਾ, ਹੋਈ ਜਾਵੇ । ਸਾਡੀ ਤਾਂ ਬਾਹਲ਼ੀ ਨਿੱਬੜ ਗਈ, ਥੋੜ੍ਹੀ ਰਹਿ ਗਈ। ਇਹ ਗੱਲ ਖ਼ਾਸ ਕਰ ਮੇਰੀ ਜਨਮ ਭੂਮੀ ਯਾਨੀ ਕਿ ਹਿੰਦੁਸਤਾਨ ਨੂੰ ਸਹਿਜੇ-ਸਹਿਜੇ ਨਿਗਲ਼ ਰਹੀ ਹੈ। ਸ਼ੁਕਰ ਹੈ ! ਹਾਲੇ ਇਸ ਦਾ ਪ੍ਰਕੋਪ ਮੇਰੀ ਕਰਮ ਭੂਮੀ ਆਸਟ੍ਰੇਲੀਆ 'ਤੇ ਨਹੀਂ ਪਿਆ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਜਦੋਂ ਅਜਿਹਾ ਕੁਝ ਆਸਟ੍ਰੇਲੀਆ 'ਚ ਹੋ ਹੀ ਨਹੀਂ ਰਿਹਾ ਤਾਂ ਇੱਥੇ ਇਹ ਰੋਣੇ ਰੋਣ ਦਾ ਕੀ ਫ਼ਾਇਦਾ। ਪਰ ਜਿਵੇਂ-ਜਿਵੇਂ ਸਾਡੇ ਭਾਈਚਾਰੇ ਦੀ ਗਿਣਤੀ ਇੱਥੇ ਵਧਦੀ ਜਾ ਰਹੀ ਹੈ, ਉਵੇਂ-ਉਵੇਂ ਕੁਝ ਊਣਤਾਈਆਂ ਇੱਥੇ ਵੀ ਦਿਖਾਈ ਦੇਣ ਲੱਗ ਪਈਆਂ ਹਨ। ਸੋ, ਲੋੜ ਹੈ ਵਕਤ ਤੋਂ ਪਹਿਲਾਂ ਸੁਚੇਤ ਹੋਣ ਦੀ, ਨਹੀਂ ਤਾਂ ਜਿਨ੍ਹਾਂ ਕਾਰਨਾਂ ਕਰ ਕੇ ਅਸੀਂ ਆਪਣੀ ਜਨਮ ਭੂਮੀ ਛੱਡ ਕੇ ਇੱਥੇ ਆਏ ਹਾਂ। ਕਿਤੇ ਉਹੀ ਸੱਪ ਇੱਥੇ ਨਾ ਫ਼ਨ ਚੁੱਕ ਲਵੇ।

ਕਿਸੇ ਜ਼ਮਾਨੇ 'ਚ ਸੋਨੇ ਦੀ ਚਿੜੀ ਕਹਾਉਣ ਵਾਲਾ ਹਿੰਦੁਸਤਾਨ ਅੱਜ ਫੇਰ ਇਕ ਮਜ਼ਬੂਤ ਰਾਸ਼ਟਰ ਦੇ ਤੌਰ 'ਤੇ ਦੁਨੀਆਂ ਦੇ ਨਕਸ਼ੇ 'ਤੇ ਉੱਭਰ ਕੇ ਆ ਰਿਹਾ ਹੈ। ਪਰ ਫੇਰ ਵੀ ਅਸੀਂ ਚੰਗੀ ਜ਼ਿੰਦਗੀ ਦੀ ਭਾਲ 'ਚ ਵਿਦੇਸ਼ਾਂ ਨੂੰ ਭੱਜਦੇ ਹਾਂ। ਜਿਸ ਪਿੱਛੇ ਇੱਕੋ ਇੱਕ ਕਾਰਨ 'ਮਾੜਾ ਸਿਸਟਮ' ਸਾਹਮਣੇ ਆਉਂਦਾ ਹੈ। ਸਿਸਟਮ ਕੋਈ ਇੱਕ ਚੀਜ਼ ਦਾ ਨਾਂ ਨਹੀਂ ਹੁੰਦਾ, ਉਸ ਵਿਚ ਮੈਂ-ਤੂੰ ਤੋਂ ਲੈ ਕੇ ਹਰ ਇਕ ਸ਼ਾਮਿਲ ਹੁੰਦਾ ਹੈ। ਕਹਿਣ ਦਾ ਮਤਲਬ ਇਹ ਕਿ ਜੇਕਰ ਇਕ ਚੀਜ਼ ਵੀ ਸਹੀ ਕੰਮ ਨਾ ਕਰੇ ਤਾਂ ਉਹ ਸਾਰੇ ਸਿਸਟਮ ਨੂੰ ਪ੍ਰਭਾਵਿਤ ਕਰ ਦਿੰਦੀ ਹੈ। ਅੱਜ ਹਿੰਦੁਸਤਾਨ ਦੁਨੀਆਂ ਦੇ ਚੋਟੀ ਦੇ ਮੁਲਕਾਂ 'ਚ ਗਿਣਿਆ ਜਾਂਦਾ ਹੈ। ਪਰ ਜ਼ਿੰਦਗੀ ਜਿਉਣ ਲਈ ਇਸ ਦਾ ਨੰਬਰ 130ਵੇਂ ਨੰਬਰ ਤੇ ਆਉਂਦਾ ਹੈ। ਕਿਉਂ ? ਕਿਉਂਕਿ ਉੱਥੇ ਹਰ ਕਿਸੇ ਦੇ ਅੰਦਰ 'ਮੈਨੂੰ ਕੀ' ਘਰ ਕਰੀ ਬੈਠੀ ਹੈ।

ਅੱਜ ਦੇ ਇਸ ਪ੍ਰੇਸ਼ਾਨੀਆਂ ਭਰੇ ਜੀਵਨ 'ਚ ਬੰਦਾ ਬੇਪਰਵਾਹ ਤਾਂ ਹੋਣਾ ਚਾਹੀਦਾ ਹੈ, ਪਰ ਲਾਪਰਵਾਹ ਨਹੀਂ। ਇਕ ਛੋਟੀ ਜਿਹੀ ਲਾਪਰਵਾਹੀ ਬਹੁਤ ਬੜਾ ਨੁਕਸਾਨ ਕਰ ਸਕਦੀ ਹੈ। ਪਰ ਅੱਜ ਤਾਂ ਹਾਲਾਤ ਇਹ ਬਣ ਚੁੱਕੇ ਹਨ ਕਿ ਹਰ ਮੋੜ ਤੇ ਅਸੀਂ ਲਾਪਰਵਾਹੀ ਕਰਦੇ ਹਾਂ। ਜੇ ਅਸੀਂ ਸਿਰਫ਼ ਆਪਣੇ ਆਪ 'ਚ ਹੀ ਜ਼ੁੰਮੇਵਾਰ ਬਣ ਜਾਈਏ ਤਾਂ ਸਭ ਕੁਝ ਸਹੀ ਹੋ ਜਾਵੇਗਾ। ਜ਼ਰਾ ਦੇਖੋ ! ਅਸੀਂ ਹਰ ਦਿਨ ਇਹੋ ਜਿਹਾ ਕੁਝ ਦੇਖਦੇ ਹਾਂ, ਜਿਸ ਨੂੰ ਅਸੀਂ ਦੇਖਣਾ ਨਹੀਂ ਚਾਹੁੰਦੇ ਹੁੰਦੇ। ਪਰ ਅਸੀਂ ਸਿਰਫ਼ ਤੇ ਸਿਰਫ਼ ਸੋਚਦੇ ਹਾਂ, ਉਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕਰਦੇ। ਕੁਝ ਅਜਿਹੇ ਵਿਚਾਰ ਇੱਥੇ ਆਪ ਜੀ ਨਾਲ ਸਾਂਝੇ ਕਰ ਰਿਹਾ ਹਾਂ। ਜੇ ਅਸੀਂ ਸਿਰਫ਼ ਇਹ 'ਮੈਨੂੰ ਕੀ' ਨੂੰ ਛੱਡ ਦੇਈਏ ਤਾਂ ਅਸੀਂ ਇਕ

ਨਿਰੋਏ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਲਾਹਨਤ ਸਾਡੇ ਵਿੱਚ ਉਂਝ ਹੀ ਨਹੀਂ ਆ ਗਈ। ਸਗੋਂ ਸਾਡੀ ਜਨਮ ਭੂਮੀ ਦੇ ਕਾਨੂੰਨ ਵਿੱਚ ਅਨੇਕਾਂ ਅਜਿਹੀਆਂ ਊਣਤਾਈਆਂ ਹਨ, ਜਿਨ੍ਹਾਂ ਨੇ ਸਾਨੂੰ ਸਮਾਜ ਸੇਵਾ ਵਾਲੇ ਪਾਸਿਉਂ ਅੱਖਾਂ ਮੀਚਣ ਲਈ ਮਜ਼ਬੂਰ ਕੀਤਾ ਹੋਇਆ ਹੈ। ਜਿਵੇਂ ਕਿ ਸੜਕ ਹਾਦਸਿਆਂ ਦੀ ਗੱਲ ਹੀ ਦੇਖ ਲਵੋ। ਇਕ ਮੇਰੀ ਹੱਡਬੀਤੀ ਤੁਹਾਨੂੰ ਸਭ ਦੱਸ ਦੇਵੇਗੀ। 1996 ਦੀ ਗੱਲ ਹੈ, ਸਾਡੇ ਕੁਝ ਮਿੱਤਰਾਂ ਨੇ ਰਲ ਕੇ 'ਸਹਾਰਾ ਕਲੱਬ' ਨਾਂ ਦੀ ਇੱਕ ਸੰਸਥਾ ਬਣਾਈ, ਜਿਸ ਦਾ ਮੁੱਖ ਉਦੇਸ਼ ਬੇ-ਸਹਾਰਾ ਲੋਕਾਂ ਨੂੰ ਸਹਾਰਾ ਦੇਣਾ ਤੇ ਖ਼ਾਸ ਕਰ ਕੇ ਸੜਕ ਹਾਦਸਿਆਂ ਦੇ ਸ਼ਿਕਾਰ ਲੋਕਾਂ ਨੂੰ ਮੁੱਢਲੀ ਸਹਾਇਤਾ ਦੇਣਾ ਰੱਖਿਆ ਗਿਆ। ਪਰ ਸਾਡੇ ਨਾਲ 'ਸਿਰ ਮੁਨਾਉਂਦੇ ਗੜੇ ਪੈਣ' ਵਾਲੀ ਗੱਲ ਵਾਪਰ ਗਈ। ਹੋਇਆ ਇੰਝ ਕਿ ਅਸੀਂ ਨੇੜੇ-ਤੇੜੇ ਦੇ ਏਰੀਏ 'ਚ ਆਪਣੇ ਕਲੱਬ ਦੇ ਫ਼ੋਨ ਨੰਬਰ ਲਾ ਦਿੱਤੇ ਕਿ ਜੇ ਕਿਤੇ ਵੀ ਕੋਈ ਹਾਦਸਾ ਵਾਪਰਦਾ ਹੈ ਤਾਂ ਸਾਨੂੰ ਇਸ ਨੰਬਰ 'ਤੇ ਕਾਲ ਕਰੋ ਤੇ ਅਸੀਂ ਉਸੇ ਵਕਤ ਉੱਥੇ ਹਾਜ਼ਰ ਹੋਣ ਦੀ ਕੋਸ਼ਿਸ਼ ਕਰਾਂਗੇ। ਸਾਨੂੰ ਪਹਿਲੀ ਕਾਲ ਮਿਲੀ ਕਿ ਰੇਲ ਗੱਡੀ ਥੱਲੇ ਕੋਈ ਨੌਜਵਾਨ ਆ ਗਿਆ। ਅਸੀਂ ਮੌਕੇ 'ਤੇ ਉੱਥੇ ਪਹੁੰਚ ਗਏ। ਬਦਕਿਸਮਤੀ ਨਾਲ ਉਸ ਨੌਜਵਾਨ ਦੀ ਮੌਤ ਹੋ ਚੁੱਕੀ ਸੀ। ਅਸੀਂ ਉਸ ਦੀ ਪਹਿਚਾਣ ਖ਼ਾਤਰ ਉਸ ਦੀ ਜੇਬ ਵਿਚੋਂ ਕੁਝ ਕਾ.ਗਜ਼ ਪੱਤਰ ਕੱਢੇ ਤਾਂ ਸਾਨੂੰ ਉਸ ਮੁੰਡੇ ਦੇ ਘਰ ਬਾਰ ਦਾ ਪਤਾ ਚੱਲ ਗਿਆ ਤੇ ਪੁਲਿਸ ਤੇ ਉਸ ਦੇ ਘਰਦਿਆਂ ਨੂੰ ਸੁਨੇਹਾ ਘੱਲ ਦਿਤਾ। ਆਪਣੇ ਸੁਭਾਅ ਮੁਤਾਬਿਕ ਪੁਲਿਸ ਕਾ.ਫ਼ੀ ਚਿਰ ਬਾਅਦ ਉੱਥੇ ਪਹੁੰਚੀ। ਇੱਕ ਹੌਲਦਾਰ ਸਾਹਿਬ ਨੂੰ ਸਾਡੀ ਸਹਾਰਾ ਕਲੱਬ ਦੀ ਇਹ ਮੁ.ਫ਼ਤ 'ਚ ਸਹਾਇਤਾ ਪਸੰਦ ਨਹੀਂ ਆਈ ਤੇ ਜਨਾਬ ਹੋਰਾਂ ਨੇ ਸਾਡੇ 'ਤੇ ਹੀ ਪਰਚਾ ਦਰਜ ਕਰ ਦਿੱਤਾ ਕਿ ਇਸ ਨੌਜਵਾਨ ਨੂੰ ਮਾਰ ਕੇ ਇਸ ਦੀ ਜੇਬ ਵਿਚੋਂ ਸਬੂਤ ਖ਼ੁਰਦ-ਬੁਰਦ ਕਰ ਦਿੱਤੇ ਹਨ। ਸਾਨੂੰ ਪੁਲਿਸ ਦੇ ਨਾਲ-ਨਾਲ ਆਪਣੇ ਘਰਦਿਆਂ ਦੀ ਵੀ ਮਾਰ ਚੱਲਣੀ ਪਈ। ਘਰ ਦੇ ਕਹਿਣ ਕਿਉਂ ਤੁਸੀਂ ਮਰਿਆ ਸੱਪ ਗਲ਼ ਪਾ ਲਿਆ। ਪਰ ਇਸ ਪ੍ਰੀਖਿਆ ਦੀ ਘੜੀ 'ਚੋਂ ਅਸੀਂ ਹੋਰ ਮਜ਼ਬੂਤ ਹੋ ਕੇ ਨਿਕਲੇ । ਜਿਸ ਦਿਨ ਕਲੱਬ ਬਣਾਇਆ ਸੀ, ਉਸ ਦਿਨ ਇਕ ਸੌਂਹ ਖਾਧੀ ਸੀ ਕਿ ਅਸੀਂ ਆਹ 'ਮੈਨੂੰ ਕੀ' ਨੂੰ ਆਪਣੇ ਨੇੜੇ ਨਹੀਂ ਲੱਗਣ ਦੇਣਾ। ਅੱਜ ਇਸ ਸਹਾਰਾ ਕਲੱਬ ਦਾ ਆਲਮ ਇਹ ਹੈ ਕਿ ਪਿਛਲੇ ਪੰਦਰ੍ਹਾਂ ਵਰ੍ਹਿਆਂ 'ਚ ਤਕਰੀਬਨ ਦੋ ਹਜ਼ਾਰ ਦੇ ਕਰੀਬ ਸੜਕ ਹਾਦਸਿਆਂ ਦੇ ਸ਼ਿਕਾਰ ਲੋਕਾਂ ਨੂੰ ਮਦਦ ਦੇ ਨਾਲ-ਨਾਲ ਹੋਰ ਅਣਗਿਣਤ ਕੰਮ ਇਸ ਸਹਾਰਾ ਦੇ ਝੰਡੇ ਥੱਲੇ ਅਸੀਂ ਕਰ ਚੁੱਕੇ ਹਾਂ।

ਅੰਕੜੇ ਦੱਸਦੇ ਹਨ ਕਿ ਦੁਨੀਆਂ ਭਰ 'ਚ ਦੇਸ਼ ਭਗਤ ਹੋਣ ਦਾ ਸਭ ਤੋਂ ਵੱਧ ਰੌਲਾ ਭਾਰਤੀ ਪਾਉਂਦੇ ਹਨ। ਪਰ ਸਚਾਈ ਇਸ ਦੇ ਬਿਲਕੁਲ ਉਲਟ ਹੈ। ਜੇ ਸਾਡੇ 'ਚ ਦੇਸ਼ ਭਗਤੀ ਹੁੰਦੀ ਤਾਂ ਅਸੀਂ ਇਸ ਨਾਂ ਦੀ ਸੋਨੇ ਦੀ ਚਿੜੀ ਨੂੰ ਸੱਚਮੁੱਚ ਦੀ ਬਣਾ ਸਕਦੇ ਸੀ। ਥਾਂ-ਥਾਂ ਗੰਦ ਪਾਉਣ ਤੋਂ ਲੈ ਕੇ ਸਰਕਾਰੀ ਜਾਇਦਾਦਾਂ ਨੂੰ ਤੋੜਨਾ ਭੰਨਣਾ, ਹਰ ਵਕਤ ਕਾਨੂੰਨ ਨਾਲ ਖਿਲਵਾੜ ਕਰਨਾ, ਟਰੈ.ਫ਼ਿਕ ਦੇ ਨਿਯਮਾਂ ਦੀਆਂ ਧੱਜੀਆਂ ਉਡਾਉਣੀਆਂ, ਰਿਸ਼ਵਤ ਦੇਣਾ ਤੇ ਲੈਣਾ, ਹਰ ਥਾਂ ਧੱਕੇਸ਼ਾਹੀ,

ਜਾਤ-ਪਾਤ, ਅਮੀਰੀ-.ਗਰੀਬੀ, ਟੈਕਸ ਚੋਰੀ, ਭਾਈ ਭਤੀਜਾਵਾਦ ਜਿਹੀਆਂ ਅਣਗਿਣਤ ਬਿਮਾਰੀਆਂ ਨਾਲ ਗ੍ਰਸਤ ਮੇਰੀ ਇਸ ਜਨਮ ਭੂਮੀ ਦਾ ਇਕੱਲੇ ਦੇਸ਼ ਭਗਤੀ ਦੇ ਗੀਤਾਂ ਨਾਲ ਕੁਝ ਨਹੀਂ ਸੰਵਰਨਾ। ਜੇ ਇਸ ਨੂੰ ਸੱਚਮੁੱਚ ਸੰਵਾਰਨਾ ਚਾਹੁੰਦੇ ਹੋ ਤਾਂ ਇਸ 'ਮੈਨੂੰ ਕੀ' ਨਾਮ ਦੀ ਲਾਹਨਤ ਤੋਂ ਖਹਿੜਾ ਛਡਾਉਣਾ ਪਵੇਗਾ। ਜਿਤਨੀ ਵੱਡੀ ਇਹ ਸਮੱਸਿਆ ਲਗਦੀ ਹੈ, ਉਤਨੀ ਹੈ ਨਹੀਂ, ਜੇ ਹਰੇਕ

ਇਨਸਾਨ ਬੱਸ ਇਕ ਨਿਸ਼ਚਾ ਕਰ ਲਵੇ ਕਿ 'ਮੈਨੂੰ ਕਿਉਂ ਨਹੀਂ' ? ਫੇਰ ਦੇਖੋ ! ਇਕ ਦਿਨ 'ਚ ਹੀ ਕਿਵੇਂ ਤੇ ਕਿੰਨਾ ਸੁਧਾਰ ਹੁੰਦਾ ਹੈ।

ਜੇਕਰ ਆਮ ਇਨਸਾਨ ਸਿਰਫ਼ ਤੇ ਸਿਰਫ਼ ਆਪਣੀ ਬੁੱਧੀ ਨਾਲ ਸੋਚੇ ਤੇ ਧੁਰ ਅੰਦਰੋਂ ਚਾਹੇ ਕਿ ਇਸੇ ਪਲ ਹੀ ਇਨ੍ਹਾਂ ਲਾਪਰਵਾਹੀਆਂ ਤੋਂ ਤੌਬਾ ਕਰਨੀ ਹੈ ਤਾਂ ਅੱਧੀ ਸਮੱਸਿਆ ਤਾਂ ਉਸੇ ਪਲ ਹੀ ਹੱਲ ਹੋ ਸਕਦੀ ਹੈ। ਪਰ 'ਡੁੱਬੀ ਤਾਂ, ਜੇ ਸਾਹ ਨਾ ਆਇਆ' ਵਾਲੀ ਗੱਲ ਹੈ। ਆਮ ਆਦਮੀ ਨੂੰ ਆਪਣੇ ਦਿਮਾਗ਼ ਨਾਲ ਸੋਚਣ ਕਿਹੜਾ ਦਿੰਦਾ ਹੈ ? ਆਮ ਆਦਮੀ ਦਾ ਕੁਝ ਦਿਮਾਗ਼ ਤਾਂ ਨੇਤਾਵਾਂ ਨੇ ਕੱਢ ਰੱਖਿਆ ਤੇ ਰਹਿੰਦਾ-ਖੂੰਹਦਾ ਬਾਬਿਆਂ ਨੇ ਧੋ ਛੱਡਿਆ। ਆਹ ਤਾਜ਼ਾ ਮਿਸਾਲ ਹੀ ਦੇਖ ਲਵੋ; ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਜੋ ਮੁਹਿੰਮ ਵਿੱਢੀ ਸੀ, ਉਸ ਵਿੱਚ ਫੇਰ ਕੁਝ ਦਮ ਦਿੱਖ ਰਿਹਾ ਸੀ ਕਿਉਂਕਿ ਉਸ ਦੀ ਨੀਅਤ ਸਾਫ਼ ਤੇ ਨੀਤੀ ਸਪੱਸ਼ਟ ਸੀ। ਉਸ ਦੇ ਅੰਦੋਲਨ ਤੋਂ ਲੱਗਿਆ ਸੀ ਕਿ ਉਹ ਦਿਨ ਦੂਰ ਨਹੀਂ ਜਦੋਂ ਅੱਤ ਤੇ ਖ਼ੁਦਾ ਦੇ ਵੈਰ ਵਾਲੀ ਕਹਾਵਤ ਸੱਚ ਸਿੱਧ ਹੋ ਜਾਵੇਗੀ ਪਰ ਵਿਚਾਰਾ ਅੰਨਾ ! ਜਿਸ ਕੋਲ ਸਾਫ਼ ਨੀਅਤ ਤੇ ਸਪੱਸ਼ਟ ਨੀਤੀ ਤੋਂ ਸਿਵਾਏ ਹੋਰ ਕੁਝ ਨਹੀਂ ਸੀ, ਉਨ੍ਹਾਂ ਲੋਕਾਂ ਨੂੰ ਹਜ਼ਮ ਨਹੀਂ ਹੋਇਆ, ਜਿਨ੍ਹਾਂ ਕੋਲ ਇਹ ਦੋਹਾਂ ਚੀਜ਼ਾਂ ਤੋਂ ਬਿਨਾਂ ਹੋਰ ਸਭ ਕੁਝ ਹੈ। ਉਨ੍ਹਾਂ ਨੂੰ ਇਸ ਭੁੱਖ ਨੰਗ ਨਾਲ ਘੁਲਦੇ ਸਮਾਜ ਸੇਵਕ ਦੀ ਜੈ-ਜੈ ਕਾਰ ਚੰਗੀ ਨਹੀਂ ਲੱਗੀ। ਤਾਂ ਹੀ ਰਾਤੋ ਰਾਤ ਗੰਢ ਤੁੱਪ ਕਰ ਕੇ ਅੰਨਾ ਹਜ਼ਾਰੇ ਦੀ 'ਇਕ ਆਦਰਸ਼ ਹਿੰਦੁਸਤਾਨ ਬਣਾਉਣ' ਦੀ ਸੋਚ ਨੂੰ ਆਪਣੀ ਬਦਨੀਤੀ ਵਿੱਚ ਢਾਲ ਲਿਆ। ਵਿਰੋਧੀ ਧਿਰਾਂ ਜਦੋਂ ਆਪ ਰਾਜ-ਕਾਜ 'ਚ ਹੁੰਦੀਆਂ ਉਦੋਂ ਇਹਨਾਂ ਨੂੰ ਕੋਈ ਮਸਲੇ ਨਹੀਂ ਦਿਸਦੇ ਤੇ ਜਦੋਂ ਵਿਰੋਧੀ ਧਿਰ 'ਚ ਬੈਠਣਾ ਪੈਂਦਾ, ਫੇਰ ਗੱਜਦੇ ਨੇ । ਬੱਸ ਇਸੇ ਦਾ ਨਤੀਜਾ, ਵਿਰੋਧੀ ਧਿਰ ਨੇ ਧਰ ਲਈ ਬੰਦੂਕ ਬਾਬੇ ਰਾਮਦੇਵ ਦੇ ਮੋਢੇ 'ਤੇ।

ਹੁਣ ਬਾਬੇ ਰਾਮਦੇਵ ਦੀ ਸੁਣ ਲਓ, ਜਿਹੜਾ ਸਾਰੀ ਦੁਨੀਆ ਨੂੰ ਆਪਣੇ ਮਗਰ ਲਾਈ ਬੈਠਾ ਹੈ। ਹਰ ਰੋਜ਼ ਅਹਿੰਸਾ ਦੀ ਦੁਹਾਈ ਦੇਣ ਵਾਲਾ ਬਾਬਾ ਅੱਜ ਆਪਣੀ ਲੜਾਕੂ ਫ਼ੌਜ ਬਣਾਉਣ ਦੀ ਤਿਆਰੀ 'ਚ ਹੈ। ਜਿਹੜਾ ਟੈਲੀਵਿਜ਼ਨ 'ਤੇ ਬੈਠਾ ਲੋਕਾਂ ਨੂੰ ਸ਼ਾਂਤੀ ਦਾ ਸੰਦੇਸ਼ ਦਿੰਦਾ ਸੀ, ਅੱਜ ਉਹ ਕਹਿ ਰਿਹਾ ਕਿ ਆਪਣੀ ਫ਼ੌਜ 'ਚ ਗਿਆਰ੍ਹਾਂ ਹਜ਼ਾਰ ਲੜਾਕੇ ਭਰਤੀ ਕਰਨੇ ਹਨ। ਵਿਚਾਰਯੋਗ ਹੈ ਕਿ ਕੀ ਇਹ ਸਭ ਕੁਝ ਬਾਬਾ ਕਰ ਰਿਹਾ ਹੈ ? ਨਹੀਂ ! ਉਸ ਦਾ ਤਾਂ ਇਕੱਲਾ ਮੋਢਾ ਹੈ, ਜਿਸ 'ਤੇ ਬੰਦੂਕ ਧਰ ਕੇ ਨਿਸ਼ਾਨੇ ਤਾਂ ਕੋਈ ਹੋਰ ਹੀ ਲਾ ਰਿਹਾ ਹੈ। ਬਾਕੀ ਬਾਬੇ ਮਗਰ ਭਾਵੇਂ ਸਾਰੀ ਦੁਨੀਆ ਲੱਗੀ ਹੋਵੇ ਤੇ ਭਾਵੇਂ ਬਾਬਾ ਬਹੁਤ ਸਾਰੀਆਂ ਕਲਾਵਾਂ ਵਿੱਚ ਮੁਹਾਰਤ ਰੱਖਦਾ ਹੋਵੇ, ਪਰ ਉਸ ਦਾ ਕੱਦ ਕਦੇ ਵੀ ਅੰਨਾ ਹਜ਼ਾਰੇ ਦੇ ਬਰਾਬਰ ਦਾ ਨਹੀਂ ਹੋ ਸਕਦਾ ਕਿਉਂਕਿ ਰਾਮਦੇਵ ਰੂਪੀ ਸੰਨਿਆਸੀ ਦੇ ਕੋਲ ਇੱਕ ਵਪਾਰੀ ਦਾ ਦਿਮਾਗ਼ ਹੈ ਤੇ ਇਹ ਗੱਲ ਜੱਗ ਜ਼ਾਹਿਰ ਹੈ ਕਿ ਵਪਾਰੀ ਲਾਲਚ 'ਚ ਕਦੋਂ ਵੀ ਫਸ ਸਕਦਾ ਹੈ, ਤੇ ਇਹ ਹੋ ਵੀ ਚੁੱਕਿਆ ਹੈ।

ਦੋਸਤੋ ! ਤੁਸੀਂ ਕਹੋਗੇ ਕਿ ਮੈਂ ਵਿਸ਼ੇ ਤੋਂ ਭਟਕ ਗਿਆ ਹਾਂ। ਨਹੀਂ ਇਹ ਗੱਲ ਨਹੀਂ। ਇਹ ਕਾਂਡ ਆਪ ਜੀ ਨਾਲ ਸਾਂਝਾ ਕਰਨ ਦਾ ਇਹੀ ਕਾਰਨ ਹੈ ਕਿ ਸਾਨੂੰ ਆਪਣੇ ਆਪ ਨੂੰ ਸੁਧਾਰਨ ਲਈ ਇਹਨਾਂ ਨੇਤਾਵਾਂ ਤੇ ਬਾਬਿਆਂ ਦੀ ਕਿਉਂ ਲੋੜ ਪੈਂਦੀ ਹੈ ? ਕਿਉਂਕਿ ਅਸੀਂ ਆਪਣੇ ਦਿਮਾਗ਼ ਤੋਂ ਕੰਮ ਹੀ ਨਹੀਂ ਲੈਂਦੇ। ਸੁਧਾਰ ਅਸੀਂ ਆਪਣੇ ਆਪ 'ਚ ਕਰਨਾ ਹੁੰਦਾ ਤੇ ਸਹਾਰਾ ਚਾਲਬਾਜ਼ ਤੇ ਜਾਲਸਾਜ਼ ਲੋਕਾਂ ਦਾ ਤੱਕਦੇ ਹਾਂ। ਪਤਾ ਨਹੀਂ ਕਿਉਂ ਸਾਨੂੰ ਨਾਅਰੇ ਤੇ ਮੁਜ਼ਾਹਰਿਆਂ ਦਾ ਰਾਹ ਫੜ੍ਹਨਾ ਪੈਂਦਾ ਹੈ।

ਸੋਚੋ ! ਕਦੇ ਕਿਸੇ ਇਹੋ ਜਿਹੇ ਰੋਸ ਪ੍ਰਦਰਸ਼ਨ ਨਾਲ ਕਿਸੇ ਇੱਕ ਦਾ ਵੀ ਕੁਝ ਸੰਵਰਿਆ ? ਰਿਸ਼ਵਤ ਲੈਣ ਵਾਲਾ ਮਨ੍ਹਾ ਨਹੀਂ ਕਰਦਾ, ਪਰ ਦੇਣ ਵਾਲਾ ਤਾਂ ਕਰ ਸਕਦਾ ਹੈ। ਦੇਣ ਵਾਲਾ ਕੌਣ ਹੈ ? ਆਮ ਇਨਸਾਨ, ਜੋ ਕਿਸੇ ਚਮਤਕਾਰੀ ਬੰਦੇ ਦੀ ਉਡੀਕ 'ਚ ਬੈਠਾ ਹੈ ਕਿ ਇਕ ਦਿਨ ਇਹੋ ਜਿਹਾ ਚਮਤਕਾਰੀ ਆਵੇਗਾ ਤੇ ਇਕ ਮਿੰਟ 'ਚ ਸਭ ਦਰੁਸਤ ਕਰ ਦੇਵੇਗਾ ! ਇਹ ਚਮਤਕਾਰ ਕਿਸੇ ਇਕ ਦੇ ਵੱਸ ਦੀ ਗੱਲ ਨਹੀਂ ਹੈ। ਹਰ ਇਨਸਾਨ ਨੂੰ ਇਸ ਚੰਦਰੀ 'ਮੈਨੂੰ ਕੀ' ਦਾ ਖਹਿੜਾ ਛੱਡਣਾ ਹੀ ਪਵੇਗਾ। ਜਦੋਂ ਆਮ ਇਨਸਾਨ 'ਚ ਰਾਣੀ ਨੂੰ ਅੱਗਾ ਢੱਕਣ ਕਹਿਣ ਦੀ ਜ਼ੁਰੱਅਤ ਆ ਗਈ, ਉਸ ਦਿਨ ਸਮਝਿਓ ਕਿ ਸੁਧਾਰ ਹੋਣਾ ਸ਼ੁਰੂ ਹੋ ਜਾਵੇਗਾ। ਇਸ ਗੱਲ ਤੇ ਇੱਕ ਵਾਕਿਆ ਯਾਦ ਆ ਗਿਆ, ਜਾਂਦੇ-ਜਾਂਦੇ ਇਹ ਵੀ ਸੁਣ ਲਵੋ।

ਗੱਲ ਇਸ ਸਦੀ ਦੇ ਸ਼ੁਰੂ ਦੀ ਹੈ। ਬਾਦਲ ਪਰਿਵਾਰ ਨਾਲ ਸਾਡੀਆਂ ਦੂਰ ਨੇੜ ਤੋਂ ਕਈ ਰਿਸ਼ਤੇਦਾਰੀਆਂ ਪੈਂਦੀਆਂ ਹਨ। ਬਾਦਲ ਸਾਹਿਬ ਦੇ ਚਾਚੇ ਜਗਰਾਜ ਸਿੰਘ ਦੇ ਵੱਡੇ ਸਪੁੱਤਰ ਮੇਜਰ ਭੁਪਿੰਦਰ ਸਿੰਘ ਢਿੱਲੋਂ ਦੀ ਬੇਟੀ ਦਾ ਵਿਆਹ ਸੀ ਤੇ ਇਹ ਵਿਆਹ ਕਈ ਦਿਨ ਚੱਲਿਆ। ਚੰਡੀਗੜ੍ਹ ਵਿਖੇ ਹਰ ਰੋਜ ਸ਼ਾਮ ਨੂੰ ਕੋਈ ਨਾ ਕੋਈ ਪਾਰਟੀ ਪਰਿਵਾਰ ਵੱਲੋਂ ਰੱਖੀ ਜਾਂਦੀ। ਮੇਜਰ ਸਾਹਿਬ ਭਾਵੇਂ ਕਾਫ਼ੀ ਲੰਮਾ ਚਿਰ ਮੁੱਖ ਮੰਤਰੀ ਦੇ ਓ.ਐਸ.ਡੀ. ਰਹੇ ਹਨ, ਪਰ ਉਨ੍ਹਾਂ ਨੂੰ ਨੇੜੇ ਤੋਂ ਜਾਣਨ ਵਾਲੇ ਜਾਣਦੇ ਹਨ ਕਿ ਉਨ੍ਹਾਂ 'ਚ ਸਿਆਸਤੀ ਬੰਦਿਆਂ ਵਾਲੀਆਂ ਚਾਲਾਂ ਦੇਖਣ ਨੂੰ ਨਹੀਂ ਮਿਲਦੀਆਂ। ਉਨ੍ਹਾਂ ਸਾਡੀ ਡਿਊਟੀ ਵੀ ਪਾਰਟੀਆਂ ਦੇ ਕੰਮ-ਕਾਰ ਦੇਖਣ 'ਤੇ ਲਾ ਦਿੱਤੀ। ਇਕ ਰਾਤ ਪਾਰਟੀ ਵਿੱਚ ਕਿਸੇ ਵੇਲੇ ਬਠਿੰਡੇ ਦਾ ਐਸ.ਪੀ.(ਡੀ) ਰਿਹਾ ਅਧਿਕਾਰੀ ਵੀ ਪੂਰੇ ਪਰਿਵਾਰ ਸਮੇਤ ਪਹੁੰਚਿਆ ਹੋਇਆ ਸੀ। ਇਸ ਪਰਿਵਾਰ ਨਾਲ ਸਾਡੇ ਕਾਫ਼ੀ ਗੂੜ੍ਹੇ ਪਰਿਵਾਰਕ ਸੰਬੰਧ ਹਨ। ਐਸ.ਪੀ. ਸਾਹਿਬ ਦੀ ਧਰਮ-ਪਤਨੀ ਕਹਿੰਦੇ ਅੱਜ ਮੈਂ ਸੁਰਿੰਦਰ ਕੌਰ ਬਾਦਲ ਨੂੰ ਨੇੜੇ ਤੋਂ ਦੇਖਣਾ ਤੇ ਹੋ ਸਕੇ ਤਾਂ ਮਿਲਣਾ ਵੀ ਹੈ। ਪਾਰਟੀ ਵਿਚ ਆਮ ਇਨਸਾਨ ਸ਼ਾਇਦ ਅਸੀਂ ਕੁਝ ਕੰਮ-ਕਾਰ ਕਰਨ ਵਾਲੇ ਹੀ ਹੋਵਾਂਗੇ ਨਹੀਂ ਤਾਂ ਬਾਕੀ ਸਾਰੇ ਵੀ.ਵੀ.ਆਈ.ਪੀ. ਹੀ ਦਿਸਦੇ ਸਨ। ਪਰ ਮੈਨੂੰ ਹੈਰਾਨੀ ਇਸ ਗੱਲ ਦੀ ਸੀ ਕਿ ਖਾਣੇ ਤੋਂ ਬਾਅਦ ਆਈਸ ਕਰੀਮ ਵਾਲੇ ਸਟਾਲ ਤੇ ਐਨੀ ਕੁ ਲੰਬੀ ਲਾਈਨ ਲੱਗੀ ਸੀ, ਜਿਵੇਂ ਕਿਸੇ ਕੁਦਰਤੀ ਆਫ਼ਤ ਦੇ ਸ਼ਿਕਾਰ ਲੋਕਾਂ ਨੂੰ ਕਈ ਦਿਨਾਂ ਬਾਅਦ ਕੁਝ ਖਾਣ ਨੂੰ ਦਿਸਿਆ ਹੋਵੇ। ਬੱਸ ! ਫ਼ਰਕ ਇੰਨਾ ਕੁ ਸੀ ਇਸ ਲਾਈਨ 'ਚ ਪੰਜਾਬ ਦੀ ਅੱਧੀ ਵਜ਼ਾਰਤ ਤੋਂ ਲੈ ਕੇ ਆਈ.ਪੀ.ਐਸ. ਤੇ ਆਈ.ਏ.ਐਸ. ਅਧਿਕਾਰੀ ਖੜ੍ਹੇ ਸੀ। ਥੋੜ੍ਹਾ ਜਿਹਾ ਫ਼ਰਕ ਇਹ ਸੀ ਪੜ੍ਹੇ ਲਿਖੇ ਜਾਂ ਫੇਰ ਅਨਪੜ੍ਹ ਪਰ 'ਪੂਛਾਂ' ਲੱਗੀਆਂ ਵਾਲੇ ਹੋਣ ਕਾਰਨ ਇਹ ਲੋਕ ਆਪੋ ਆਪਣੀ ਪੂੱਛ ਨੂੰ ਧਿਆਨ 'ਚ ਰੱਖ ਕੇ ਹੀ ਧੱਕਾ ਮੁੱਕੀ ਕਰ ਰਹੇ ਸਨ।

ਮੈਨੂੰ ਸਾਡੇ ਐਸ.ਪੀ. ਸਾਹਿਬ ਦੀ ਧਰਮ-ਪਤਨੀ ਕਹਿੰਦੇ "ਵੀਰ ਜੀ ! ਆਈਸ ਕਰੀਮ ਖਾਣ ਨੂੰ ਤਾਂ ਮੇਰਾ ਵੀ ਜੀਅ ਕਰ ਰਿਹਾ, ਪਰ ਲਾਈਨ ਦੇਖ ਕੇ ਲੱਗਦਾ ਵਾਰੀ ਹੀ ਨਹੀਂ ਆਉਣੀ।"

ਮੈਂ ਕਿਹਾ "ਤੁਹਾਨੂੰ ਲਾਈਨ 'ਚ ਲੱਗਣ ਦਾ ਇਕ ਫ਼ਾਇਦਾ ਤਾਂ ਹੋ ਜਾਊ ਜੀ, ਕਿਉਂਕਿ ਬੀਬੀ ਬਾਦਲ ਵੀ ਉੱਥੇ ਜਿਹੇ ਹੀ ਗੇੜੇ ਕੱਢ ਰਹੇ ਨੇ। ਨਾਲੇ ਮਿਲ ਲਓ ਤੇ ਨਾਲੇ ਆਈਸ ਕਰੀਮ ਮਿਲ ਜਾਊ।"

"ਨਹੀਂ ਵੀਰ ਜੀ ! ਐਸ.ਪੀ. ਸਾਹਿਬ ਨੂੰ ਚੰਗਾ ਨਹੀਂ ਲੱਗਣਾ, ਇੰਝ ਆਈਸ ਕਰੀਮ ਪਿੱਛੇ ਲਾਈਨ 'ਚ ਖੜ੍ਹਨਾ।" ਉਨ੍ਹਾਂ ਕਿਹਾ।

ਚਲੋ ਜੀ ! ਮੈਂ ਸਿੱਧਾ ਸਪਲਾਈ ਵਾਲੇ ਥਾਂ ’ਤੇ ਗਿਆ ਤੇ ਇਕ ਵੇਟਰ ਨੂੰ ਆਈਸ ਕਰੀਮ ਦੁਆ ਕੇ ਨਾਲ ਲੈ ਆਇਆ। ਵੇਟਰ ਪੂਰਾ ਗੁਰਸਿੱਖ ਮੁੰਡਾ ਸੀ (ਅਜਿਹਾ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ)। ਇੰਨੇ ਇਕੱਠ ਚੋਂ ਬਚ-ਬਚਾ ਕੇ ਉਹ ਆਈਸ ਕਰੀਮ ਐਸ.ਪੀ. ਸਾਹਿਬ ਦੇ ਪਰਿਵਾਰ ਤੱਕ ਲਿਆਉਣ ’ਚ ਕਾਮਯਾਬ ਹੋ ਗਿਆ। ਹਾਲੇ ਉਹ ਵੇਟਰ ਆਈਸ ਕਰੀਮ ਫੜ੍ਹਾ ਹੀ ਰਿਹਾ ਸੀ ਕਿ ਅਸੀਂ ਹੈਰਾਨ ਜਿਹੇ ਹੋ ਗਏ ਜਦੋਂ ਬੀਬੀ ਬਾਦਲ ਸਾਡੇ ਕੋਲ ਆ ਕੇ ਉਸ ਵੇਟਰ ਵੱਲ ਦੇਖ ਕੇ ਕਹਿੰਦੇ;

“ਓ ਕਾਕਾ ! ਆਈਸ ਕਰੀਮ ਤਾਂ ਸਟਾਲ ’ਤੇ ਵੀ ਨਹੀਂ ਮਿਲ ਰਹੀ, ਤੂੰ ਇਹ ਕਿੱਥੋਂ ਲੈ ਆਇਆ !”

ਅਸੀਂ ਅਚਨਚੇਤ ਜਿਹੇ ਬੀਬੀ ਨੂੰ ਦੇਖ ਕੇ ਖੜ੍ਹੇ ਹੋ ਗਏ। ਪਰ ਉਹ ਗੁਰਸਿੱਖ ਵੇਟਰ ਦੇ ਪਤਾ ਨਹੀਂ ਕਿਹੜੀ ਗੱਲ ਦਿਲ ਨੂੰ ਲੱਗੀ ਹੋਈ ਸੀ ? ਜਦੋਂ ਨੂੰ ਅਸੀਂ ਕੁਝ ਬੋਲਦੇ, ਉਹ ਬੜੇ ਸਰਦਾਰ ਭਗਤ ਸਿੰਘ ਵਾਲੇ ਅੰਦਾਜ਼ ’ਚ ਕਹਿੰਦਾ;

“ਬੀਬੀ ਜੀ ਤੁਹਾਡਾ ਰਾਜ ਹੈ। ਵੀਹ ਰੁਪਏ ਦਿਓ ਕਿਸੇ ਵੀ ਵੇਟਰ ਨੂੰ, ਜੋ ਕਹੋਗੇ ਉਹੀ ਬੈਠਿਆਂ ਨੂੰ ਟੇਬਲ ਤੇ ਹਾਜ਼ਰ ਕਰ ਦੇਊ।”

ਵੇਟਰ ਦਾ ਇਹ ਜਵਾਬ ਸੁਣ ਕੇ ਬੀਬੀ ਇੰਝ ਮਹਿਸੂਸ ਕਰ ਰਹੀ ਸੀ, ਜਿਵੇਂ ਉਹ ਵੇਟਰ ਨਾ ਹੋ ਕੇ ਉਸ ਦਾ ਬੌਸ ਹੋਵੇ। ਵੇਟਰ ਹਾਲੇ ਵੀ ਅੱਖਾਂ ’ਚ ਅੱਖਾਂ ਪਾ ਕੇ ਗੱਲ ਕਰ ਰਿਹਾ ਸੀ ਤੇ ਬੀਬੀ ਜੀ ਵਿਚਾਰੇ ਅੱਖ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਜਦੋਂ ਬੀਬੀ ਜੀ ਥੋੜ੍ਹਾ ਜਿਹਾ ਪਾਸੇ ਹੋਏ ਮੇਰੇ ਮੂੰਹੋਂ ਅਚਨਚੇਤ ਹੀ ਨਿਕਲ ਗਿਆ “ਯਾਰ ! ਸੁਣਿਆ ਸੀ ਕਿ ਕਈ ਲੋਕਾਂ ’ਚ ਰਾਣੀ ਨੂੰ ਅੱਗਾ ਢੱਕਣ ਲਈ ਕਹਿਣ ਦੀ ਜ਼ੁਰੱਅਤ ਹੁੰਦੀ ਹੈ ਪਰ ਅੱਜ ਜਾ ਦੇਖੀ। ‘ਬੱਲੇ ਓਏ ਸ਼ੇਰਾ’ !

ਦੋਸਤੋ ! ਇਹ ਤਾਂ ਕੁਝ ਹੱਡਬੀਤੀਆਂ ਸਨ। ਜੇ ਜੱਗ ਬੀਤੀਆਂ ਸੁਣਾਉਣ ਲਗ ਪਏ ਤਾਂ ਇੱਥੇ ਹੀ ਪ੍ਰਭਾਤ ਹੋ ਜਾਣੀ ਹੈ। ਬੱਸ ਹੁਣ ਤਾਂ ਇਸ ਮਸਲੇ ਨੂੰ ਲਪੇਟਣ ’ਚ ਹੀ ਫ਼ਾਇਦਾ ਹੈ। ਉਪਰੋਕਤ ਜੋ ਗੱਲਾਂ ਤੁਹਾਡੇ ਨਾਲ ਸਾਂਝੀਆਂ ਕੀਤੀਆਂ, ਉਹ ਜ਼ਿਆਦਾਤਰ ਮੇਰੀ ਜਨਮ ਭੂਮੀ ਨਾਲ ਹੀ ਸੰਬੰਧਿਤ ਹਨ। ਹਾਲੇ ਮੇਰੀ ਕਰਮ ਭੂਮੀ ਇਸ ਤੋਂ ਬਚੀ ਹੋਈ ਹੈ। ਹੁਣ ਤੁਸੀਂ ਕਹੋਗੇ ਕਿ ਆਸਟ੍ਰੇਲੀਆ ’ਚ ਇਹਨਾਂ ਗੱਲਾਂ ਦਾ ਕੀ ਕੰਮ ? ਪਰ ਕਹਿੰਦੇ ਨਹੀਂ ਹੁੰਦੇ ਕਿ ‘ਵਾਰਿਸ ਸ਼ਾਹ ਆਦਤਾਂ ਜਾਂਦੀਆਂ ਨਾ, ਭਾਵੇ ਕੱਟੀਏ ਪੋਰੀਆਂ ਪੋਰੀਆਂ ਜੀ’। ਸੋ ਦੋਸਤੋ ! ਜੇ ਅਸੀਂ ਆਪਣੇ ਸੁਪਨਿਆਂ ਦੇ ਸੰਸਾਰ ’ਚ ਆਉਣ ’ਚ ਕਾਮਯਾਬ ਹੋ ਗਏ ਹਾਂ ਤਾਂ ਸਾਡੀ ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਇਸ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਕੁਝ ਜ਼ਿੰਮੇਵਾਰ ਬਣਿਆ ਜਾਵੇ। ਕਿਉਂ ਨਾ ਆਪਣੀਆਂ ਆਦਤਾਂ ਨੂੰ ਮਜਬੂਰੀ ਵੱਸ ਬਦਲਣ ਦੀ ਥਾਂ ਦਿਲੋਂ ਹੀ ‘ਮੈਨੂੰ ਕੀ’ ਨੂੰ ਕੱਢ ਦੇਈਏ ਤੇ ਆਪਣਾ ਇਖ਼ਲਾਕੀ ਫ਼ਰਜ਼ ਸਮਝਦੇ ਹੋਏ ਇਸ ਚੰਗੇ ਸਿਸਟਮ ਦਾ ਇਕ ਚੰਗਾ ਹਿੱਸਾ ਬਣੀਏ। ਉਂਝ ਮੈਨੂੰ ਇਸ ਲੇਖਣੀ ਦਾ ਸਿਲਾ ਛਪਣ ਤੋਂ ਪਹਿਲਾਂ ਹੀ ਮਿਲ ਚੁੱਕਾ ਹੈ। ਜਦੋਂ ਮੈਂ ਇਹ ਵਿਸ਼ਾ ਆਪਣੇ ਇਕ ਹਮਦਰਦ ਨਾਲ ਸਾਂਝਾ ਕੀਤਾ ਤਾਂ ਮੂਹਰੋਂ ਉਸ ਨੇ ਇਹ ਕਹਿੰਦਿਆਂ ਸਿਰਫ਼ ਦੋ ਅੱਖਰਾਂ ’ਚ ਹੀ ਇਸ ਦਾ ਮੁੱਲ ਪਾ ਦਿੱਤਾ ਕਿ ਜੋ ਹੁੰਦਾ ਹੋਈ ਜਾਣ ਦੇ, ਦਸ ਭਲਾ ‘ਤੈਨੂੰ ਕੀ’ ?

****

# ਇਨਸਾਨੀਅਤ ਲਈ ਆਵਾਜ਼ ਬੁਲੰਦ ਕਰਨ ਵਾਲਾ ਸ਼ਖ਼ਸ ਮਿੰਟੂ ਬਰਾੜ

ਕੁੱਝ ਵਰ੍ਹੇ ਪਹਿਲਾਂ ਪੰਜਾਬ ਤੋਂ ਪ੍ਰਵਾਸ ਕਰ ਕੇ ਆਸਟ੍ਰੇਲੀਆ ਪਹੁੰਚ ਕੇ ਇੱਥੋਂ ਦੇ ਪ੍ਰਾਂਤ ਸਾਊਥ ਆਸਟ੍ਰੇਲੀਆ 'ਚ ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਦਾ ਬੂਟਾ ਲਗਾ ਕੇ ਇੱਥੋਂ ਹੋਣ ਵਾਲੀਆਂ ਹਰ ਤਰ੍ਹਾਂ ਦੀਆਂ ਸਰਗਰਮੀਆਂ ਨੂੰ ਦੁਨੀਆ ਭਰ ਦੇ ਪੰਜਾਬੀਆਂ ਤੱਕ ਪਹੁੰਚਾਉਣ ਵਾਲ਼ੇ ਗੁਰਸ਼ਮਿੰਦਰ ਸਿੰਘ ਬਰਾੜ (ਮਿੰਟੂ ਬਰਾੜ) ਨੂੰ ਸਾਡੇ ਵੱਲੋਂ ਉਨ੍ਹਾਂ ਦੀ ਇਸ ਪਹਿਲੀ ਕਿਤਾਬ 'ਕੈਂਗਰੂਨਾਮਾ' ਲਈ ਸੁਨੇਹਾ ਲਿਖਦਿਆਂ ਬਹੁਤ ਹੀ ਖੁਸ਼ੀ ਮਹਿਸੂਸ ਹੋ ਰਹੀ ਹੈ ਅਤੇ 'ਕੈਂਗਰੂਨਾਮਾ' ਨੂੰ ਖੁਸ਼ਆਮਦੀਦ। ਮਿੰਟੂ ਬਰਾੜ ਉਨ੍ਹਾਂ ਚੰਦ ਕੁ ਸ਼ਖ਼ਸਾਂ ਵਿਚੋਂ ਹੈ ਜੋ ਦਿਨ ਰਾਤ ਇਨਸਾਨੀਅਤ ਲਈ ਆਵਾਜ਼ ਬੁਲੰਦ ਕਰਨ ਵਿੱਚ ਕੋਈ ਝਿਜਕ ਨਹੀਂ ਦਿਖਾਉਂਦੇ ਅਤੇ ਸ਼ਾਇਦ ਇਹੋ ਕਾਰਨ ਹੈ ਇਹ ਨੇਕ ਇਨਸਾਨ ਜਿੱਥੇ ਕਈਆਂ ਦੇ ਦਿਲਾਂ 'ਚ ਘਰ ਬਣਾਈ ਬੈਠਾ ਹੈ ਉੱਥੇ ਕਈਆਂ ਦੀਆਂ ਅੱਖਾਂ 'ਚ ਚੁੱਭਦਾ ਵੀ ਹੈ ਪਰ ਉਹ ਫਿਰ ਵੀ ਜਗਤਾਰ ਦੇ ਸ਼ੇਅਰ 'ਹਰ ਮੋੜ 'ਤੇ ਸਲੀਬਾਂ ਹਰ ਪੈਰ 'ਤੇ ਹਨੇਰਾ ਫਿਰ ਵੀ ਅਸੀਂ ਰੁਕੇ ਨਾ ਦੇਖ ਸਾਡਾ ਵੀ ਤੂੰ ਜੇਰਾ' ਵਾਂਗ ਨਿਡਰਤਾ ਨਾਲ਼ ਆਪਣੇ ਰਾਹੇ ਮਸਤ ਚੱਲਿਆ ਜਾ ਰਿਹਾ ਹੈ। ਮਿੰਟੂ ਬਰਾੜ ਦੇ ਇਸ ਰਸਤੇ 'ਚ ਉਸਦੀ ਉਂਗਲ ਫੜ੍ਹ ਬਹੁਤ ਜਣੇ ਉਸਦੇ ਇਸ ਸਫ਼ਰ ਦੇ ਸਾਥੀ ਬਣਨ ਲਈ ਆਏ ਅਤੇ ਗਏ ਪਰ ਮਿੰਟੂ ਬਰਾੜ ਦੀ ਰਫ਼ਤਾਰ ਨੂੰ ਕੋਈ ਫ਼ਰਕ ਨਹੀਂ ਪਿਆ। ਮਿੰਟੂ ਬਰਾੜ ਆਪਣੀ ਕਲਮ ਅਤੇ ਗਤੀਵਿਧੀਆਂ ਰਾਹੀਂ ਹਰ ਵਾਰ ਕਿਸੇ ਨਾ ਕਿਸੇ ਝੂਠ ਤੋਂ ਪਰਦਾ ਉਠਾਉਂਦਾ ਰਹਿੰਦਾ ਹੈ ਉਦਾਹਰਨ ਵਜੋਂ ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ ਦੇ ਹਮਲਿਆਂ ਤੋਂ ਬਾਅਦ ਭਾਰਤੀ ਮੀਡੀਆ 'ਚ ਵਧਾ ਚੜ੍ਹਾ ਕੇ ਦੱਸਣ ਵਾਲ਼ੀਆਂ ਖ਼ਬਰਾਂ ਤੋਂ ਪਰਦਾ ਉਠਾਉਣਾ, ਪੰਜਾਬ ਦੇ ਸ਼ਹਿਰ ਪਟਿਆਲ਼ੇ ਤੋਂ ਆਸਟ੍ਰੇਲੀਆ ਆ ਕੇ ਥੋੜੇ ਦਿਨ ਆਸਟ੍ਰੇਲੀਆ 'ਚ ਗੁਜ਼ਾਰ ਕੇ ਵਾਪਸ ਪੰਜਾਬ ਪਰਤ ਕੇ ਆਪਣੇ ਲੇਖਾਂ ਵਿੱਚ ਇੱਥੇ ਰਹਿੰਦੇ ਮਿਹਨਤਕਸ਼ ਨੌਜਵਾਨ ਗੱਭਰੂਆਂ ਅਤੇ ਮੁਟਿਆਰਾਂ ਵਾਰੇ ਕੁਫ਼ਰ ਤੋਲਣ ਵਾਲੀ (ਹਰ ਤੀਜੀ ਮੁਟਿਆਰ ਨੂੰ ਵੇਸਵਾ ਘਰਾਂ 'ਚ ਕੰਮ ਕਰਦੀ ਅਤੇ ਗੱਭਰੂਆਂ ਨੂੰ ਚੋਰ ਉਚੱਕੇ ਲਿਖਣ ਵਾਲ਼ੀ) ਡਾਕਟਰ ਲੇਖਕਾ ਦੇ ਝੂਠ ਵਿਰੁੱਧ ਆਵਾਜ਼ ਉਠਾਉਣ ਦਾ ਆਗਾਜ਼ ਅਤੇ ਪੰਜਾਬੀ ਸੰਗੀਤ ਜਗਤ 'ਚ ਗੰਦੇ ਗੀਤ ਗਾਉਣ ਦੇ ਬਾਦਸ਼ਾਹ ਹਨੀ ਸਿੰਘ ਦੇ ਆਸਟ੍ਰੇਲੀਆ ਦੌਰੇ ਦੌਰਾਨ ਉਸ ਨੂੰ ਘੇਰ ਉਸ ਵੱਲ ਸਵਾਲਾਂ ਦੇ ਅਜਿਹੇ ਬਾਣ ਕੀਤੇ ਕਿ ਹਨੀ ਸਿੰਘ ਨੂੰ ਐਡੀਲੇਡ ਤੋਂ ਬਿਨਾਂ ਸ਼ੋਅ ਕੀਤੇ ਹੀ ਬੇਰੰਗ ਪਰਤਣ ਪਿਆ ਸੀ। ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਮੁੱਦੇ ਹਨ ਜਿਨ੍ਹਾਂ ਬਾਰੇ ਮਿੰਟੂ ਬਰਾੜ ਨੇ ਸਮੇਂ ਅਤੇ ਲੋੜ ਅਨੁਸਾਰ ਆਵਾਜ਼ ਉਠਾ ਕੇ ਮਾਂ ਬੋਲੀ ਪੰਜਾਬੀ ਅਤੇ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਦੇ ਇੱਕ ਸੱਚੇ ਸਪੂਤ ਹੋਣ ਦਾ ਫ਼ਰਜ਼ ਨਿਭਾਇਆ ਹੈ ਅਤੇ ਅਖੀਰ 'ਚ ਅਜਿਹੇ ਨੇਕ ਇਨਸਾਨ ਨੂੰ ਜਨਮ ਦੇਣ ਵਾਲ਼ੀ ਮਾਂ ਨੂੰ ਨਤਮਸਤਕ ਹੁੰਦੇ ਹੋਏ ਇਹੀ ਦੁਆ ਕਰਾਂਗੇ ਕਿ ਮਿੰਟੂ ਬਰਾੜ ਨੂੰ ਇੰਝ ਹੀ ਨਿਡਰਤਾ ਨਾਲ਼ ਲਿਖਣ ਅਤੇ ਸਮਾਜ ਭਲਾਈ ਦੇ ਕੰਮਾਂ ਨੂੰ ਕਰਨ ਦਾ ਹੌਂਸਲਾ ਅਤੇ ਹਿੰਮਤ ਬਖ਼ਸ਼ਦਾ ਰਹੇ ਅਤੇ ਸਾਡੇ ਸਮੇਤ ਸਾਰੇ ਹੀ ਪਾਠਕਾਂ ਨੂੰ ਮਿੰਟੂ ਬਰਾੜ ਦੇ ਇੱਕ ਨਹੀਂ ਸਗੋਂ ਅਣਗਿਣਤ 'ਕੈਂਗਰੂਨਾਮਾ' ਦਾ ਇੰਤਜ਼ਾਰ ਰਹੇਗਾ।ਆਮੀਨ !

ਮਨਮੋਹਨ ਸਿੰਘ ਖੇਲਾ, ਅਮਰਜੀਤ ਖੇਲਾ, ਬਲਜੀਤ ਖੇਲਾ

## 'ਯੇਹ ਕੰਬਖ਼ਤ ਇਸ਼ਕ'

ਇਹ ਲੇਖ ਸੰਨ 2008 'ਚ ਰਿਵਰਲੈਂਡ (ਸਾਊਥ ਆਸਟ੍ਰੇਲੀਆ) ਦੇ ਇੱਕ ਨਿੱਕੇ ਜਿਹੇ ਕਸਬੇ ਬੇਰੀ 'ਚ ਰਹਿੰਦੇ ਹੋਏ ਉਸ ਵਕਤ ਲਿਖਿਆ ਸੀ, ਜਦੋਂ ਉਸ ਵਕਤ ਦੇ ਹਰਿਆਣਾ ਦੇ ਉਪ ਮੁੱਖ ਮੰਤਰੀ ਚੰਦਰ ਮੋਹਨ ਨੂੰ ਇਸ਼ਕ ਨੇ ਨਿਕੰਮਾ ਕਰ ਦਿੱਤਾ ਸੀ। ਦੁਨੀਆਂ ਭਰ 'ਚ ਛਪਿਆ ਮੇਰਾ ਇਹ ਲੇਖ ਪੜ੍ਹ ਕੇ ਬਹੁਤ ਸਾਰੇ ਲੋਕਾਂ ਨੇ ਹੈਰਾਨੀ ਪ੍ਰਗਟਾਈ ਸੀ ਕਿ ਆਸਟ੍ਰੇਲੀਆ ਦੇ ਇੱਕ ਛੋਟੇ ਜਿਹੇ ਕਸਬੇ 'ਚ ਬੈਠਾ ਬੰਦਾ ਭਜਨ ਲਾਲ ਦੇ ਪਰਿਵਾਰ ਬਾਰੇ ਐਨਾ ਕਿਵੇਂ ਜਾਣਦਾ ਹੈ ! ਪਰ ਸੱਚ ਇਹ ਹੈ ਕਿ ਮੈਂ ਉਸੇ ਕਾਲਾਂਵਾਲੀ ਮੰਡੀ 'ਚ ਪਲ ਕੇ ਵੱਡਾ ਹੋਇਆ ਹਾਂ, ਜਿੱਥੇ ਕਿਸੇ ਵਕਤ ਚੌਧਰੀ ਭਜਨ ਲਾਲ ਸਾਈਕਲ ਤੇ ਕੱਪੜੇ ਵੇਚਦਾ ਹੁੰਦਾ ਸੀ।



ਸਾਊਥ ਆਸਟ੍ਰੇਲੀਆ ਦੇ ਪ੍ਰੀਮੀਅਰ ਮਾਨਯੋਗ ਜੈ ਵੈਦਰਲ ਨਾਲ ਲੇਖਕ



ਸਾਊਥ ਆਸਟ੍ਰੇਲੀਆ ਦੇ ਸਾਬਕਾ ਪ੍ਰੀਮੀਅਰ
ਮਾਨਯੋਗ ਮਾਇਕ ਰੈਨ ਨਾਲ ਲੇਖਕ

# ‘ਯੇਹ ਕੰਬਖ਼ਤ ਇਸ਼ਕ’

ਇਸ਼ਕ ਨੇ ਗ਼ਾਲਿਬ ਨਿਕੰਮਾ ਕਰ ਦੀਆ,
ਵਰਨਾ ਹਮ ਵੀ ਆਦਮੀ ਥੇ ਕਾਮ ਕੇ।

ਮਿਰਜ਼ਾ ਗ਼ਾਲਿਬ ਸਾਹਿਬ ਨੇ ਸ਼ਾਇਦ ਜਦੋਂ ਇਹ ਸ਼ੇਅਰ ਲਿਖਿਆ ਹੋਣਾ ਤਾਂ ਉਨ੍ਹਾਂ ਕਦੇ ਨਹੀਂ ਸੋਚਿਆ ਹੋਣਾ ਕਿ ਇਹ ਰਹਿੰਦੀ ਦੁਨੀਆਂ ਤੱਕ ਸਿਰ ਚੜ੍ਹ ਕੇ ਬੋਲਦਾ ਰਹੇਗਾ। ਉਂਝ ਤਾਂ ਕਹਿੰਦੇ ਹਨ ਕਿ ਚੰਗਾ ਸ਼ੇਅਰ ਉਹ ਹੁੰਦਾ ਹੈ, ਜੋ ਹਰ ਇੱਕ ਨੂੰ ਆਪਣਾ-ਆਪਣਾ ਜਿਹਾ ਲੱਗੇ ਤੇ ਸੱਚ ਦੇ ਕਰੀਬ ਹੋਵੇ।

ਮੌਜੂਦਾ ਵਕਤ ’ਚ ਜੇ ਇਹ ਸ਼ੇਅਰ ਪੜ੍ਹਨ ਦਾ ਹੱਕਦਾਰ ਸੱਚਮੁੱਚ ਕੋਈ ਹੈ ਤਾਂ ਉਹ ਹੈ ਬਜ਼ੁਰਗ ਕਾਂਗਰਸੀ ਨੇਤਾ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਭਜਨ ਲਾਲ ਤੇ ਸਾਬਕਾ ਮੰਤਰੀ ਸ਼੍ਰੀਮਤੀ ਜਸਮਾਂ ਦੇਵੀ ਜੀ ਦਾ ਸਭ ਤੋਂ ਵੱਡਾ ਹੋਣਹਾਰ ਪੁੱਤਰ, ਕਾਲਕਾ ਹਲਕੇ ਤੋਂ ਲਗਾਤਾਰ ਤਿੰਨ ਵਾਰ ਜਿੱਤਿਆ ਐਮ.ਐਲ.ਏ. ਅਤੇ ਭੁਪਿੰਦਰ ਸਿੰਘ ਹੁੱਡਾ ਸਰਕਾਰ ਦਾ ਉਪ ਮੁੱਖ ਮੰਤਰੀ ਚੰਦਰ ਮੋਹਨ ਉਰਫ਼ ਚਾਂਦ ਮੁਹੰਮਦ ਹੀ ਹੈ। ਜਾਪਦਾ ਨਹੀਂ ਕਿ ਕਿਸੇ ਨੂੰ ਇਸ ਗੱਲ ’ਤੇ ਕਿੰਤੂ ਕਰਨਾ ਪਵੇ ਕਿਉਂਕਿ ਜਨਾਬ ਹੋਰਾਂ ਦਾ ਇਸ਼ਕ ਹੁਣ ਕਿਤੇ ਲੁਕਿਆ ਨਹੀਂ ਹੈ। ਜੇ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਖ਼ਬਰਾਂ ਵਾਲੇ ਚੈਨਲਾਂ ਕੋਲ ਕੋਈ ਮਸਾਲੇਦਾਰ ਖ਼ਬਰ ਹੈ ਤਾਂ ਉਹ ਚੰਦਰ ਮੋਹਨ ਉਰਫ਼ ਚਾਂਦ ਮੁਹੰਮਦ ਤੇ ਅਨੁਰਾਧਾ ਬਾਲੀ ਉਰਫ਼ ਫ਼ਿਜ਼ਾ ਦੇ ਇਸ਼ਕ ਦੇ ਕਿੱਸੇ ਹੀ ਤਾਂ ਹਨ। ਹੋਵੇ ਵੀ ਕਿਉਂ ਨਾ, ਇਹੋ ਜਿਹੇ ਕਿੱਸੇ ਕੋਈ ਰੋਜ਼-ਰੋਜ਼ ਥੋੜ੍ਹਾ ਹੀ ਬਣਦੇ ਹਨ। ਸਦੀਆਂ ਲੱਗ ਜਾਂਦੀਆਂ ਹਨ ਇਨ੍ਹਾਂ ਨੂੰ ਹੋਂਦ ’ਚ ਆਉਂਦਿਆਂ।

ਪਤਾ ਨਹੀਂ ਕਿਹੜੇ ਜੁੱਗੜਿਆਂ ਦੀ ਗੱਲ ਹੈ, ਜਦੋਂ ਰਾਂਝੇ ਨੇ ਤਖ਼ਤ ਹਜ਼ਾਰਾ ਛੱਡਿਆ ਸੀ, ਪਤਾ ਨਹੀਂ ਛੱਡਿਆ ਵੀ ਸੀ ਜਾਂ ਨਹੀਂ। ਰੱਬ ਜਾਣੇ ਕਦੇ ਮਿਰਜ਼ੇ ਨੇ ਆਪਣਾ ਰਾਜ ਭਾਗ ਤਿਆਗਿਆ ਵੀ ਸੀ ਕਿ ਨਹੀਂ। ਸਾਡੇ ਮਹਾਨ ਕਿੱਸਾਕਾਰਾਂ ’ਤੇ ਸ਼ੱਕ ਕਰਨਾ ਜਾਂ ਕੋਈ ਉਂਗਲੀ ਉਠਾਉਣ ਦਾ ਮੇਰਾ ਮਕਸਦ ਕੋਈ ਨਹੀਂ, ਪਰ ਜੋ ਆਪਾਂ ਅੱਖੀਂ ਨਹੀਂ ਦੇਖਿਆ ਉਸ ’ਤੇ ਥੋੜ੍ਹਾ ਬਹੁਤ ਤਾਂ ਕਿੰਤੂ-ਪ੍ਰੰਤੂ ਹੋ ਹੀ ਜਾਂਦਾ ਹੈ। ਉਨ੍ਹਾਂ ਆਸ਼ਕਾਂ ਦੀਆਂ ਤਾਂ ਉਹੀ ਬਿਹਤਰ ਜਾਣਦੇ ਹੋਣਗੇ ਪਰ ਅੱਜ ਦੇ ਇਸ ਇੰਦਰ ਨੇ ਸੱਚਮੁੱਚ ਹੀ ਆਪਣੀ ਬੇਗੋ ਲਈ ਆਪਣੀ ਹੱਟੀ ਨੂੰ ਅੱਗ ਲਾ ਲਈ ਹੈ। ਰਾਂਝੇ ਤੇ ਮਿਰਜ਼ੇ ਵਰਗੇ ਤਾਂ ਹਾਲੇ ਰਾਜ ਭਾਗ ਦੇ ਦਾਅਵੇਦਾਰ ਹੀ ਸਨ, ਪਰ ਇਹ ਜਨਾਬ ਤਾਂ ਆਪਣੇ ਸਿਰੋਂ ਤਾਜ ਸੁੱਟ ਵਗ੍ਹਾ ਆਏ ਹਨ। ਇਸ ਨੂੰ ਕਹਿੰਦੇ ਹਨ ਤਿਆਗ। 21ਵੀਂ ਸਦੀ ’ਚ ਹੋ ਰਹੇ ਅਜਿਹੇ ਕਿੱਸਿਆਂ ਨੂੰ ਟੀ.ਵੀ. ਚੈਨਲਾਂ ਵਾਲੇ ਨਾ ਦਿਖਾਉਣ ਤਾਂ ਵਿਚਾਰੇ ਆਸ਼ਕ ਸਾਹਿਬ ਦੀ ਕੁਰਬਾਨੀ ਤਾਂ ਅਜਾਈਂ ਹੀ ਚਲੀ ਜਾਏਗੀ।

ਜੇ ਇਸ ਘਟਨਾ ਤੇ ਇਸ ਦੇ ਕਾਰਨਾਂ ਨੂੰ ਵਿਸਥਾਰਪੂਰਵਕ ਜਾਣਨਾ ਹੋਵੇ ਤਾਂ ਚਾਰ ਕੁ ਦਹਾਕੇ ਪਿੱਛੇ ਮੁੜਨਾ ਪਏਗਾ। ਇਹ ਗੱਲ ਸੱਠਵਿਆਂ ਦੇ ਦਹਾਕੇ ਦੀ ਹੈ, ਜਦੋਂ ਹਰਿਆਣਾ ਹਾਲੇ ਨਵਾਂ-ਨਵਾਂ ਹੀ ਹੋਂਦ ’ਚ ਆਇਆ ਸੀ। ਉਸ ਸਮੇਂ ਬਿਸ਼ਨੋਈ ਭਾਈਚਾਰੇ ਨਾਲ ਸੰਬੰਧ ਰੱਖਣ ਵਾਲਾ ਇੱਕ ਪਰਿਵਾਰ, ਜੋ ਕਿ ਦੇਸ਼ ਦੀ ਵੰਡ ਸਮੇਂ ਜ਼ਿਲ੍ਹਾ ਬਹਾਵਲਪੁਰ (ਪਾਕਿਸਤਾਨ) ਤੋਂ ਉੱਠ ਕੇ ਉਦੋਂ ਦੇ ਸਾਂਝੇ ਪੰਜਾਬ ਦੇ ਹਿਸਾਰ ਜ਼ਿਲ੍ਹੇ ਦੀ ਆਦਮਪੁਰ ਮੰਡੀ ਵਿਚ ਆ ਵਸਿਆ ਸੀ ਤੇ ਹੌਲੀ-ਹੌਲੀ ਆਪਣੇ ਪੈਰ ਜਮਾਉਣ ਲਈ ਵਪਾਰ ਕਰਨ ਲੱਗਿਆ ਸੀ। ਇਸੇ ਪਰਿਵਾਰ ਦੇ ਇੱਕ ਅਣਥੱਕ ਤੇ ਮਿਹਨਤੀ ਨੌਜਵਾਨ ਨੇ ਬੜੀ ਮਿਹਨਤ ਕੀਤੀ। ਪ੍ਰਤੱਖ ਦਰਸ਼ੀ ਅੱਜ ਵੀ ਦੱਸਦੇ ਹਨ ਕਿ ਭਜਨ ਲਾਲ ਨਾਂ ਦਾ

ਇਹ ਨੌਜਵਾਨ ਬੱਸਾਂ ਰਾਹੀਂ ਘਿਉ ਦੇ ਪੀਪੇ ਪੰਜਾਬ ਦੇ ਬਾਰਡਰ ਨਾਲ ਲਗਦੀ ਕਾਲਾਂਵਾਲੀ ਮੰਡੀ 'ਚ ਲਿਆ ਕੇ ਵੇਚਦਾ ਸੀ ਤੇ ਵਟਾਂਦਰੇ 'ਚ ਛੋਲੇ ਇੱਥੋਂ ਲੈ ਕੇ ਜਾਂਦਾ ਸੀ।(ਕੁਝ ਲੋਕ ਇਹ ਵੀ ਕਹਿੰਦੇ ਨੇ ਕਿ ਭਜਨ ਲਾਲ ਸਾਈਕਲ ਉਤੇ ਪਿੰਡਾਂ ਵਿਚ ਕੱਪੜੇ ਵੇਚਿਆ ਕਰਦਾ ਸੀ) ਐਨੀ ਮਿਹਨਤ ਸਦਕਾ ਭਜਨ ਲਾਲ ਨੂੰ ਚੌਧਰੀ ਭਜਨ ਲਾਲ ਬਣਦੇ ਦੇਰ ਨਾ ਲੱਗੀ। ਜਦੋਂ ਪੰਜਾਬ ਤੇ ਹਰਿਆਣਾ ਵੱਖ ਹੋਏ ਤਾਂ ਗ਼ੈਰ ਜਾਟ ਲੋਕਾਂ 'ਚ ਚੌਧਰੀ ਸਾਹਿਬ ਦੀ ਤੂਤੀ ਬੋਲਣ ਲੱਗ ਗਈ ਸੀ। ਉਸ ਤੋਂ ਬਾਅਦ ਤਾਂ ਚੱਲ ਸੋ ਚੱਲ। ਸੰਨ 1979 'ਚ ਉਹ ਹਰਿਆਣਾ ਦੇ ਪਹਿਲੀ ਵਾਰ ਮੁੱਖ ਮੰਤਰੀ ਬਣੇ। ਫਿਰ ਰਾਜੀਵ ਗਾਂਧੀ ਸਰਕਾਰ 'ਚ ਕੇਂਦਰੀ ਖੇਤੀ ਮੰਤਰੀ ਰਹੇ ਤੇ ਮੁੜ 1991 'ਚ ਦੂਜੀ ਵਾਰ ਹਰਿਆਣਾ ਦੇ ਮੁੱਖ ਮੰਤਰੀ ਬਣੇ। ਮੁੱਖ ਮੰਤਰੀ ਬਣਨ ਦੀ ਵਾਰੀ ਤਾਂ ਤੀਜੀ ਵੀ ਇਨ੍ਹਾਂ ਦੀ ਆ ਗਈ ਸੀ ਪਰ ਇਸ ਵਾਰ ਕਾਂਗਰਸ ਕਿਸੇ ਜਾਟ ਨੂੰ ਮੁੱਖ ਮੰਤਰੀ ਦੀ ਗੱਦੀ 'ਤੇ ਬੈਠਾ ਦੇਖਣਾ ਚਾਹੁੰਦੀ ਸੀ। ਸੋ, ਬਾਜ਼ੀ ਮਾਰ ਗਿਆ ਭੁਪਿੰਦਰ ਸਿੰਘ ਹੁੱਡਾ। ਪਰ ਦੂਜੇ ਪਾਸੇ ਪੁਰਾਣੇ ਤੇ ਟਕਸਾਲੀ ਕੱਦਾਵਰ ਭਜਨ ਲਾਲ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ ਸੀ। ਸੋ, ਕਿਸਮਤ ਨੇ ਗੇੜਾ ਖਾਧਾ ਤੇ ਸਾਡੀ ਅੱਜ ਦੀ ਕਹਾਣੀ ਦੇ ਮੁੱਖ ਪਾਤਰ ਯਾਨੀ ਕਿ ਚੰਦਰ ਮੋਹਨ ਉਰਫ਼ ਚਾਂਦ ਮੁਹੰਮਦ ਦੇ ਹਿੱਸੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੀ ਕੁਰਸੀ ਆ ਗਈ। ਹੁਣ ਇਸ ਕਹਾਣੀ ਤੋਂ ਸਹਿਜੇ ਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਚਾਹੇ ਭਜਨ ਲਾਲ ਨੂੰ ਭਜਨੇ ਤੋਂ ਚੌਧਰੀ ਭਜਨ ਲਾਲ ਬਣਨ ਲਈ ਲੱਖ ਪਾਪੜ ਵੇਲਣੇ ਪਏ ਹੋਣ ਪਰ ਇਨ੍ਹਾਂ ਦੇ ਘਰ ਜੰਮੇ ਦੋਹਾਂ ਪੁੱਤਰਾਂ ਨੂੰ ਤਾਂ 'ਸਾਉਣ ਦੇ ਅੰਨ੍ਹੇ' ਕਿਹਾ ਜਾ ਸਕਦਾ ਹੈ, ਜਿਨ੍ਹਾਂ ਜਨਮ ਤੋਂ ਲੈ ਕੇ ਅੱਜ ਤੱਕ ਹਰਾ ਹੀ ਹਰਾ ਦੇਖਿਆ।

ਆਪਾਂ ਫੇਰ ਆਪਣੇ ਅੱਜ ਦੇ ਹੀਰੋ ਤੇ ਆਉਂਦੇ ਹਾਂ, ਜਨਾਬ ਹੋਰਾਂ ਨੂੰ ਜੰਮਦਿਆਂ ਹੀ ਸਾਰੇ ਸੁਖ ਮਿਲੇ ਤੇ ਛੋਟੀ ਉਮਰੇ ਹੀ ਚੌਧਰ ਵੀ ਹੱਥ ਆ ਗਈ, ਜਦੋਂ ਕਾਂਗਰਸ ਨੇ ਕਾਲਕਾ ਤੋਂ ਇਨ੍ਹਾਂ ਨੂੰ ਟਿਕਟ ਨਾਲ ਨਿਵਾਜ਼ ਦਿਤਾ। ਬਾਪ ਦੇ ਲਾਏ ਰੁੱਖ ਨੂੰ ਫਲ ਲੱਗਿਆ ਤੇ ਇਹ ਐਮ.ਐਲ.ਏ. ਦੀ ਚੋਣ ਜਿੱਤ ਗਏ। ਬੱਸ ਫੇਰ ਕੀ ਸੀ ? ਚੌਧਰ ਬਾਪ ਕੋਲੋਂ ਆਪ ਕੋਲ ਆਉਣ ਲੱਗ ਪਈ। ਬੱਸ ! ਇਸ ਤੋਂ ਬਾਅਦ ਹੀ ਕੋਈ ਘਾਲਾ-ਮਾਲਾ ਹੋਇਆ, ਜਦੋਂ ਇੱਕ ਵਕੀਲ ਕੁੜੀ 37 ਸਾਲਾ ਅਨੁਰਾਧਾ ਬਾਲੀ ਨੇ ਆ ਕੇ 43 ਸਾਲਾ ਜਨਾਬ ਚੰਦਰ ਮੋਹਨ ਸਾਹਿਬ ਹੋਰਾਂ ਦੇ ਦਿਲ 'ਤੇ ਦਸਤਕ ਦੇ ਦਿੱਤੀ। ਪਤਾ ਨਹੀਂ ਲੱਗਾ ਕਦੋਂ ਜਨਾਬ ਚੰਦਰ ਮੋਹਨ ਹੋਰੀਂ ਬੱਬੂ ਮਾਨ ਦਾ ਗੀਤ 'ਮੈਨੂੰ ਪਤਾ ਹੀ ਨਹੀਂ ਲੱਗਿਆ, ਕਦ ਪਿਆਰ ਹੋ ਗਿਆ' ਗੁਣਗੁਣਾਉਣ ਲੱਗ ਪਏ। ਜੇ ਹੁਣ ਉਹ ਚੋਰੀ ਦਾ ਗੁੜ ਬੁੱਕਲ ਵਿੱਚ ਭੰਨ ਕੇ ਖਾਈ ਜਾਂਦੇ ਤਾਂ ਕੀਹਨੂੰ ਇਤਰਾਜ਼ ਹੋਣਾ ਸੀ ? ਪਰ ਜਦੋਂ ਦੋ ਜਵਾਕਾਂ ਦਾ ਪਿਉ ਤੇ 18 ਵਰ੍ਹਿਆਂ ਤੋਂ ਵਿਚਾਰੀ ਸੀਮਾ ਰਾਣੀ ਨਾਲ ਵਿਆਹਿਆ ਬੰਦਾ ਸ਼ਰ੍ਹੇਆਮ ਇਸ਼ਕ ਫ਼ਰਮਾਏਗਾ ਤਾਂ ਇਹ ਵਿਚਾਰਾ ਮੀਡੀਆ ਕਿੱਥੇ ਜਾਵੇਗਾ ? ਇੱਕ ਦਿਨ ਕਿਸੇ ਪੱਤਰਕਾਰ ਵੀਰ ਦੀ ਨਿਗਾਹ ਪੈ ਗਈ ਕਿ ਕਈ ਦਿਨ ਹੋ ਗਏ, ਉਪ ਮੁੱਖ ਮੰਤਰੀ ਸਾਹਿਬ ਨੂੰ ਆਪਣੇ ਦਫ਼ਤਰ ਆਇਆਂ ਹੋਇਆਂ। ਲੋਕਾਂ ਨੇ ਸ਼ੁਰੂ-ਸ਼ੁਰੂ 'ਚ ਤਾਂ ਇਨ੍ਹਾਂ ਖ਼ਬਰਾਂ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ। ਪਰ ਜਦੋਂ ਵਕਤ ਗੁਜ਼ਰਦਾ ਗਿਆ ਤਾਂ ਹਰ ਇੱਕ ਦਾ ਧਿਆਨ ਇਸ ਪਾਸੇ ਨੂੰ ਗਿਆ। ਬੇਸ਼ੱਕ ਪਰਿਵਾਰ ਕੋਲੋਂ ਇਹ ਗੱਲ ਲੁਕੀ ਨਹੀਂ ਸੀ ਪਰ ਇਹ ਉਦੋਂ ਜੱਗ ਜ਼ਾਹਿਰ ਹੋ ਗਈ ਜਦੋਂ ਇੱਕ ਦਿਨ ਮਜਨੂੰ ਜੀ ਆਪਣੀ ਲੈਲਾ ਨੂੰ ਲੈ ਕੇ ਮੀਡੀਆ ਦੇ ਸਾਹਮਣੇ ਆ ਗਏ ਤੇ ਕਹਿਣ ਲੱਗੇ 'ਛੋੜ ਆਏ ਹਮ ਵੋ ਗਲੀਆਂ'।

ਹੁਣ ਗੱਲ ਆ ਗਈ ਗਲੀਆਂ ਛੱਡਣ ਦੀ। ਘਰਦਿਆਂ ਤੋਂ ਬਿਨਾਂ ਕਿਸੇ ਨੂੰ ਕੀ ਇਤਰਾਜ਼ ਸੀ ਗਲੀਆਂ ਛੱਡਣ ਦਾ, ਬਾਕੀਆਂ ਲਈ ਤਾਂ ਇਹ ਕਾਂਡ ਮਸਾਲੇਦਾਰ ਖ਼ਬਰ ਹੀ ਸੀ। ਪਰ ਜਨਾਬ ਨੇ

ਤਾਂ ਹੱਦ ਕਰ ਦਿੱਤੀ, ਜਦੋਂ ਘਰ ਦੀਆਂ ਗਲੀਆਂ ਦੇ ਨਾਲ-ਨਾਲ ਆਪਣੇ ਧਰਮ ਦੀਆਂ ਗਲੀਆਂ ਵੀ ਛੱਡ ਦਿੱਤੀਆਂ ਤੇ ਬੜੇ ਹੀ ਸ਼ਾਨ ਨਾਲ ਕੈਮਰਿਆਂ ਦੇ ਸਾਹਮਣੇ ਬੈਠ ਕੇ ਇਹ ਆਧੁਨਿਕ ਸੱਸੀ-ਪੁੰਨੂੰ ਦੁਨੀਆ ਨੂੰ ਕਹਿ ਰਹੇ ਸੀ ਕਿ ਹੁਣ ਸਾਨੂੰ ਚੰਦਰ ਮੋਹਨ ਤੇ ਅਨੁਰਾਧਾ ਬਾਲੀ ਕਹਿ ਕੇ ਨਾ ਬੁਲਾਓ, ਅਸੀਂ ਤਾਂ ਹੁਣ ਇਸਲਾਮ ਧਾਰਨ ਕਰ ਲਿਆ ਹੈ ਤੇ ਹੁਣ ਅਸੀਂ ਚਾਂਦ ਮੁਹੰਮਦ ਤੇ ਫ਼ਿਜ਼ਾ ਬਣ ਗਏ ਹਾਂ।

ਇਸ ਨੂੰ ਕਹਿੰਦੇ ਨੇ ਵਕਤ-ਵਕਤ ਦੇ ਰਾਗ। ਇਸ ਬਿਸ਼ਨੋਈ ਪਰਿਵਾਰ ਤੇ ਇੱਕ ਵਕਤ ਉਹ ਸੀ, ਜਦੋਂ ਇਨ੍ਹਾਂ ਦੇ ਵੱਡ ਵਡੇਰਿਆਂ ਨੇ ਇਸਲਾਮ ਕਬੂਲਣ ਦੀ ਥਾਂ 'ਤੇ ਆਪਣੀ ਵਸੀ-ਵਸਾਈ ਦੁਨੀਆ ਛੱਡ ਦਿੱਤੀ ਸੀ ਤੇ ਗ਼ਰੀਬੀ ਨੂੰ ਗਲ਼ ਲਾ ਲਿਆ ਸੀ। ਪਰ ਹੁਣ ਦੇਖੋ ਇਸ ਪੀੜ੍ਹੀ ਦਾ ਹਾਲ ! ਧਰਮ ਛੱਡ ਵੀ ਕੌਣ ਰਿਹਾ ਹੈ ? ਜਿਸ ਦੇ ਮੋਢਿਆਂ 'ਤੇ ਹਿੰਦੁਸਤਾਨ ਦੇ ਇੱਕ ਅਹਿਮ ਰਾਜ ਦਾ ਭਾਰ ਸੀ। ਜੇ ਕੋਈ ਛੋਟਾ ਜੁਆਕ ਇੰਝ ਕਰਦਾ ਤਾਂ ਬਚਪਨਾ ਕਿਹਾ ਜਾ ਸਕਦਾ ਸੀ ਪਰ ਹੁਣ ਇਸ ਨੂੰ ਕੀ ਕਿਹਾ ਜਾਏ ? ਇਸ ਸਮੇਂ ਰਹਿ ਰਹਿ ਕੇ ਸਾਡੇ ਗੁਰੂ ਸਾਹਿਬਾਨਾਂ ਦੀਆਂ ਕੁਰਬਾਨੀਆਂ ਯਾਦ ਆ ਰਹੀਆਂ ਹਨ ਕਿ ਕਿਵੇਂ ਉਨ੍ਹਾਂ ਨੇ ਧਰਮ ਨੂੰ ਬਚਾਉਣ ਲਈ ਸਰਬੰਸ ਵਾਰ ਦਿਤਾ ਸੀ। ਵਾਰ-ਵਾਰ ਇਹ ਲਾਈਨਾਂ ਜ਼ਿਹਨ 'ਚ ਆ ਰਹੀਆਂ ਹਨ 'ਨਾ ਕਹੂ ਅਬ ਕੀ ਨਾ ਕਹੂ ਤਬ ਕੀ, ਜੇ ਨਾ ਹੋਤੇ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ'। ਛੱਡੋ ਜੀ ! ਇੱਥੇ ਤਾਂ ਜਨਾਬ ਹੋਰਾਂ ਨੇ ਆਪਣੇ ਵੱਡ-ਵਡੇਰਿਆਂ ਦੀ ਲਾਜ ਨਹੀਂ ਰੱਖੀ। ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਕੁਰਬਾਨੀ ਤਾਂ ਇਹਨਾਂ ਲਈ ਦੂਰ ਦੀ ਗੱਲ ਹੈ।

ਇਹ ਕਹਾਣੀ ਇੱਥੇ ਹੀ ਖ਼ਤਮ ਹੋਣ ਵਾਲੀ ਨਹੀਂ, ਅਸਲੀ ਮੋੜ ਤਾਂ ਹੁਣ ਆਉਣੇ ਬਾਕੀ ਹਨ। ਜਦੋਂ ਜਨਾਬ ਹੋਰਾਂ ਨੇ ਮੀਡੀਆ ਸਾਹਮਣੇ ਗੱਲ ਖਿਲਾਰ ਹੀ ਦਿੱਤੀ ਤਾਂ ਬਾਕੀ ਪਰਿਵਾਰ ਤਾਂ ਪਹਿਲਾਂ ਹੀ ਤਿਆਰ ਬੈਠਾ ਸੀ। ਉਨ੍ਹਾਂ ਨੂੰ ਤਾਂ ਉਸੇ ਦਿਨ ਤੋਂ ਹੀ ਸਾਰੀ ਭਿਣਕ ਸੀ, ਜਦੋਂ ਦੀਆਂ ਪਿਆਰ ਪੀਂਘਾਂ ਹੁਲਾਰੇ ਲੈ ਰਹੀਆਂ ਸਨ। ਬੱਸ ਲੋਕ ਲੱਜੋਂ ਆਪਣੀ ਇੱਜ਼ਤ ਸਾਂਭੀ ਬੈਠੇ ਸਨ। ਫੇਰ ਕੀ ਸੀ, ਚੌਧਰੀ ਭਜਨ ਲਾਲ ਜੀ ਨੇ ਵੀ ਆਪਣੇ ਛੋਟੇ ਮੁੰਡੇ ਕੁਲਦੀਪ ਬਿਸ਼ਨੋਈ ਨਾਲ ਮਿਲ ਕੇ ਪ੍ਰੈੱਸ ਕਾਨਫ਼ਰੰਸ ਬੁਲਾ ਲਈ ਤੇ ਚੰਦਰ ਮੋਹਨ ਨੂੰ ਬੇਦਖ਼ਲ ਕਰ ਦਿੱਤਾ। ਨਾਲ਼ ਦੀ ਨਾਲ਼ ਹੀ ਮੁੱਖ ਮੰਤਰੀ ਹੁੱਡਾ ਸਾਹਿਬ ਨੇ ਵੀ ਉਪ ਮੁੱਖ ਮੰਤਰੀ ਵਾਲੀ ਕੁਰਸੀ ਖਿਸਕਾ ਲਈ। ਮਿੰਟੋ-ਮਿੰਟੀ ਕਮਾਂਡੋ ਵਾਲੇ ਵੀ ਸਾਥ ਛੱਡ ਗਏ। ਪਰ ਜੇ ਹਾਲੇ ਸਾਥ ਸੀ ਤਾਂ ਫ਼ਿਜ਼ਾ ਦਾ ਜ਼ਰੂਰ ਸੀ। ਅੱਜ ਤੱਕ ਤਾਂ ਗੱਲਾਂ ਦੇ ਹੀ ਹਵਾਈ ਕਿਲੇ ਸਨ ਪਰ ਹੁਣ ਸੱਚਮੁੱਚ ਹੀ ਇਸ ਪ੍ਰੇਮੀ ਜੋੜੇ ਦੀਆਂ ਕੁਰਬਾਨੀਆਂ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ। ਫ਼ਿਜ਼ਾ ਤਾਂ ਚਲੋ ਜਿਵੇਂ ਤਿਵੇਂ ਇੱਕ ਮੱਧ ਵਰਗੀ ਜ਼ਿੰਦਗੀ 'ਚੋਂ ਦੀ ਲੰਘ ਕੇ ਆਈ ਸੀ। ਪਰ ਆਪਣੇ ਚਾਂਦ ਜੀ ਤਾਂ ਜਿਉਂ ਜੰਮੇ ਸੀ, ਸੁੱਖ ਨਾਲ ਕਦੇ ਗ੍ਰਹਿਣ ਦੇਖਿਆ ਹੀ ਨਹੀਂ ਸੀ। ਹੁਣ ਤੱਕ ਤਾਂ ਹਵਾਵਾਂ ਹੀ ਰੁਮਕਦੀਆਂ ਰਹੀਆਂ ਸਨ, ਝੱਖੜ ਤਾਂ ਜਨਾਬ ਹੋਰਾਂ ਦੀ ਜ਼ਿੰਦਗੀ 'ਚ ਪਹਿਲੀ ਬਾਰ ਝੁੱਲਿਆ ਸੀ। ਹੁਣ ਸੀ ਅਸਲੀ ਪਰਖ ਦੀ ਘੜੀ।

ਇੱਕ ਰਾਜੇ ਮਹਾਰਾਜਿਆਂ ਜਿਹੀ ਜ਼ਿੰਦਗੀ ਜਿਉਣ ਵਾਲਾ ਸ਼ਖ਼ਸ ਇੱਕਦਮ ਇੱਕ ਛੋਟੇ ਜਿਹੇ ਫਲੈਟ 'ਚ ਬਿਨਾਂ ਕਿਸੇ ਜਾਇਦਾਦ ਦੇ ਇਕੱਲੇ ਪਿਆਰ ਰਸ 'ਚ ਡੁੱਬ ਕੇ ਕਿੰਨੇ ਦਿਨ ਲੰਘਾਉਂਦਾ ? ਜਿੱਥੇ ਲੋਕਾਂ 'ਤੇ ਹੁਕਮ ਚਲਦੇ ਸੀ, ਉਥੇ ਹੁਣ ਲੋਕਾਂ ਦੇ ਜ਼ੁਬਾਨੀ ਤੀਰ ਝੱਲਣੇ ਪੈਣੇ ਸੀ।

ਕਿਵੇਂ ਨਾ ਕਿਵੇਂ ਜ਼ਿੰਦਗੀ ਚੱਲਣ ਲੱਗ ਪਈ। ਜਨਾਬ ਆਪਣੇ ਵੋਟਰਾਂ ਨੂੰ ਭਰਮਾਉਣ ਲੱਗ ਪਏ ਤੇ ਕਹਿੰਦੇ ਇਸ ਬਾਰ ਤੁਹਾਡਾ ਚਾਂਦ ਫ਼ਿਜ਼ਾ ਨਾਂ ਦੀ ਬੱਦਲੀ ਦੇ ਓਹਲੇ ਬਹਿ ਕੇ ਤੁਹਾਡੀ ਸੇਵਾ ਕਰੇਗਾ ਤੇ ਆਉਣ ਵਾਲੀਆਂ ਵੋਟਾਂ 'ਚ ਤੁਸੀਂ ਫ਼ਿਜ਼ਾ ਨੂੰ ਜਿਤਾਉਣਾ ਹੈ। ਪਰ ਇਹ ਤਾਂ ਦੂਰ ਦੀਆਂ ਗੱਲਾਂ ਸਨ, ਹਾਲੇ ਕਿਸਮਤ ਨੂੰ ਤਾਂ ਕੁਝ ਹੋਰ ਹੀ ਮਨਜ਼ੂਰ ਸੀ। ਇੱਥੇ ਕੁਝ ਦੋਸ਼ ਅੱਜ ਦੇ ਯੁੱਗ ਨੂੰ ਵੀ

ਦੇਣਾ ਬਣਦਾ ਹੈ, ਕਿਉਂਕਿ ਕੰਪਿਊਟਰ ਯੁੱਗ ਹੋਣ ਕਾਰਣ ਸਭ ਕੁਝ ਝੱਟ-ਪੱਟ ਹੋ ਜਾਂਦਾ ਹੈ। ਸੋ, ਰਾਂਝੇ ਨੇ ਤਾਂ ਕਹਿੰਦੇ ਨੇ ਕਿ ਬਾਰਾਂ ਸਾਲ ਮੱਝਾਂ ਚਰਾਉਂਦਿਆਂ 'ਚ ਹੀ ਲੰਘਾ ਦਿੱਤੇ ਸੀ। ਪਰ ਇੱਥੇ ਤਾਂ ਆਧੁਨਿਕ ਯੁੱਗ ਦੇ ਰਾਂਝੇ ਦੇ ਪੱਲੇ ਬਾਰ੍ਹਾਂ ਹ਼ਫ਼ਤੇ ਵੀ ਹੀਰ ਦੇ ਹੱਥ ਦੀ ਚੂਰੀ ਨਸੀਬ ਨਹੀਂ ਹੋਈ। ਜੱਗ-ਜਹਾਨ ਨੂੰ ਤਾਂ ਉਦੋਂ ਪਤਾ ਲੱਗਿਆ ਜਦੋਂ ਇੱਕ ਬਾਰ ਫੇਰ ਕੈਮਰਿਆਂ ਮੂਹਰੇ ਫ਼ਿਜ਼ਾ ਆਈ ਬੈਠੀ ਸੀ। ਬੱਸ ਫ਼ਰਕ ਇੰਨਾ ਕੁ ਸੀ ਕਿ ਇਸ ਬਾਰ ਉਹ ਇਕੱਲੀ ਸੀ ਤੇ ਇਸ ਦਾ ਪੁੰਨੂੰ ਇਸ ਨੂੰ ਛੱਡ ਕੇ ਤੁਰ ਗਿਆ ਸੀ। ਸੱਸੀ ਵਿਚਾਰੀ ਧਾਹਾਂ ਮਾਰ-ਮਾਰ ਕੇ ਪੁੰਨੂੰ ਦੇ ਅਗਵਾ ਹੋਣ ਦਾ ਰੌਲਾ ਪਾ ਰਹੀ ਸੀ। ਅਖੀਰ ਅੱਠ ਘੰਟਿਆਂ ਦੇ ਵਿਰਲਾਪ ਪਿੱਛੋਂ ਇੱਕ ਚੈਨਲ ਤੇ ਪੁੰਨੂੰ ਦੀ ਆਵਾਜ਼ ਸੁਣਨ ਨੂੰ ਮਿਲੀ ਕਿ ਮੈਂ ਕੋਈ ਬੱਚਾ ਨਹੀਂ ਜਿਸ ਨੂੰ ਅਗਵਾ ਕਰ ਲਿਆ ਹੈ। ਮੈਂ ਆਪਣੀ ਮਰਜ਼ੀ ਨਾਲ ਹਰਿਦੁਆਰ ਆਇਆ ਹਾਂ। ਪਰ ਸੱਚ ਤਾਂ ਕੁਝ ਹੋਰ ਹੀ ਸੀ ਜਨਾਬ ਦਾ ਮੋਬਾਈਲ ਕੋਈ ਹੋਰ ਹੀ ਲੋਕੇਸ਼ਨ ਦਿਖਾ ਰਿਹਾ ਸੀ। ਮੀਡੀਆ ਕਹਿੰਦਾ ਕਿ ਅਖੀਰ ਸ਼ਾਮ ਨੂੰ ਦਿੱਲੀ ਦੇ ਬੱਸ ਅੱਡੇ ਤੇ ਪੁਲਿਸ ਨੇ ਇੱਕ ਸ਼ੱਕੀ ਢੰਗ ਨਾਲ ਭੱਜ ਰਹੇ ਬੰਦੇ ਨੂੰ ਫੜ੍ਹਿਆ ਤਾਂ ਉਹ ਵਿਚਾਰਾ ਆਪਣਾ ਚਾਂਦ ਨਿਕਲਿਆ। ਦੇਖੋ ਕਿਸਮਤ ਦੇ ਰੰਗ ਯਾਰੋ ! ਇਨ੍ਹਾਂ ਦੇ ਬਜ਼ੁਰਗਾਂ ਨੇ ਬੱਸਾਂ ਤੇ ਧੱਕੇ ਖਾ-ਖਾ ਕੇ ਮਿਹਨਤ ਨਾਲ ਆਪਣੀ ਔਲਾਦ ਨੂੰ ਜਹਾਜ਼ਾਂ 'ਤੇ ਚੜ੍ਹਨ ਦੇ ਕਾਬਿਲ ਬਣਾਇਆ ਸੀ। ਪਰ ਅੱਗੇ ਔਲਾਦ ਦੀ ਅਕਲ ਦੇ ਵਾਰੇ-ਵਾਰੇ ਜਾਈਏ।

ਇਸ ਕਹਾਣੀ ਦਾ ਅੰਤ ਹਾਲੇ ਆ ਵੀ ਨਹੀਂ ਸਕਦਾ ਕਿਉਂਕਿ ਹਾਲੇ ਇਹ ਲੇਖ ਲਿਖੇ ਜਾਣ ਤੱਕ ਵਿਚਾਰੀ ਫ਼ਿਜ਼ਾ ਨੀਂਦ ਦੀਆਂ ਗੋਲੀਆਂ ਜ਼ਿਆਦਾ ਮਾਤਰਾ 'ਚ ਖਾਣ ਕਰ ਕੇ ਚੌਵੀ ਘੰਟੇ ਹਸਪਤਾਲ 'ਚ ਗੁਜ਼ਾਰ ਕੇ ਆਈ ਹੈ ਤੇ ਆਸ ਲਾਈ ਬੈਠੀ ਹੈ ਕਿ ਕਦੋਂ ਮੇਰਾ ਚੰਦ ਚੜ੍ਹੇਗਾ ਤੇ ਕਦੋਂ ਮੈਂ ਉਸ ਨੂੰ ਅਰਘ ਦੇਵਾਂਗੀ। ਪਰ ਵਿਚਾਰੀ ਇਹ ਭੁੱਲੀ ਬੈਠੀ ਹੈ ਕਿ ਜੋ ਚੰਦਰ ਆਪਣੀ ਸੀਮਾ 'ਚ (ਕੋਲ) ਨਹੀਂ ਰਹਿ ਸਕਿਆ, ਉਹ ਚਾਂਦ ਫ਼ਿਜ਼ਾ ਦਾ ਵਿਹੜਾ ਕਦੋਂ ਰੁਸ਼ਨਾਉਣ ਲੱਗਿਆ ? ਲਗਦਾ ਹੈ ਕਿ ਇਹ ਫ਼ਸਲੀ ਬਟੇਰ ਸੀ, ਜੋ ਚੋਗ਼ਾ ਚੁਗ ਕੇ ਉਡਾਰੀ ਮਾਰ ਚੁੱਕਿਆ। ਇਹ ਤਾਂ ਮੇਰੀ ਸੋਚ ਹੈ ਹਾਲੇ ਪਤਾ ਨਹੀਂ ਵਕਤ ਦੇ ਗਰਭ ਵਿਚ ਕੀ ਸੱਚ ਲੁਕਿਆ ਪਿਆ ! ਪਰ ਹੁਣ ਤੱਕ ਜੋ ਇਤਿਹਾਸ ਹੋ ਚੁੱਕਿਆ ਉਹ ਤਾਂ ਕੋਈ ਸਨਮਾਨ ਵਧਾਉਣ ਵਾਲਾ ਨਹੀਂ ਤਾਂਹੀਓਂ ਤਾਂ ਮੇਰੇ ਜਿਹੇ ਨਾ ਸਮਝ ਨੂੰ ਵੀ ਵਿਅੰਗ ਕਰਨ ਦਾ ਮੌਕਾ ਮਿਲ ਗਿਆ ਨਹੀਂ ਤਾਂ ਮੇਰੀ ਕੀ ਜੁਰੱਅਤ ਸੀ ਕਿ ਚੌਧਰੀ ਭਜਨ ਲਾਲ ਦੇ ਪਰਿਵਾਰ 'ਤੇ ਵਿਅੰਗਾਤਮਿਕ ਲੇਖ ਲਿਖ ਸਕਦਾ। ਅਖੀਰ ਵਿੱਚ ਮੀਡੀਆ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜੋ ਕਿ ਸਾਰੇ ਜ਼ਰੂਰੀ ਕੰਮ ਛੱਡ ਕੇ ਅੱਜ ਦੇ ਇਨ੍ਹਾਂ ਆਧੁਨਿਕ ਆਸ਼ਕਾਂ ਦੀਆਂ ਪ੍ਰੇਮ ਕਹਾਣੀਆਂ ਦਾ ਸਾਡੇ ਜਿਹੇ ਵਿਦੇਸ਼ਾਂ 'ਚ ਬੈਠੇ ਲੋਕਾਂ ਨੂੰ ਸਿੱਧਾ ਪ੍ਰਸਾਰਨ ਦਿਖਾ ਰਹੇ ਹਨ।

ਤਾਜ਼ਾ ਖ਼ਬਰਾਂ ਵਿਚ ਕਿਹਾ ਗਿਆ ਹੈ ਕਿ ਚਾਂਦ ਮੀਆਂ ਨੇ ਇੱਕ ਟੀ ਵੀ ਚੈਨਲ ਸਾਹਮਣੇ ਕਹਿ ਦਿੱਤਾ ਹੈ ਕਿ ਉਹ ਆਪਣੀ ਪਹਿਲੀ ਪਤਨੀ ਸੀਮਾ ਅਤੇ ਦੋਵੇਂ ਬੱਚਿਆਂ ਨੂੰ ਪਿਆਰ ਕਰਦਾ ਹੈ ! ਮੰਨ ਲਈਏ ?

****

# ਚਮਤਕਾਰ ਕੋ ਨਮਸਕਾਰ

ਇਹ ਲੇਖ 2011 ਦੀ ਦੀਵਾਲੀ ਦੀ ਰਾਤ ਨੂੰ ਝਰੀਟਿਆ ਸੀ। ਇਸ ਪਿੱਛੇ ਦਾ ਕਾਰਨ ਕੱਲ੍ਹ ਨੂੰ ਹੋਣ ਵਾਲੇ ਚਮਤਕਾਰ ਦੀ ਝਾਕ 'ਚ ਆਪਣਾ ਅੱਜ ਤਬਾਹ ਕਰ ਰਹੇ ਲੋਕ ਸਨ। ਲੇਖ ਲਿਖਣ ਦਾ ਸਬੱਬ ਭਾਵੇਂ ਇਕ ਪੁੱਛਾਂ ਦੇਣ ਵਾਲੀ ਬੀਬੀ ਮਨਦੀਪ ਕੌਰ ਬਣੀ। ਪਰ ਇਸ ਕਾਂਡ ਨੂੰ ਲਿਖਦਾ-ਲਿਖਦਾ ਭਾਵੁਕਤਾ 'ਚ ਮੈਂ ਕੁਝ ਆਪਣੇ ਰਾਜ ਵੀ ਖੋਲ੍ਹ ਗਿਆ। ਜਿਸ ਦਾ ਹਰਜਾਨਾ ਮੈਂ ਅੱਜ ਤੱਕ ਭੁਗਤ ਰਿਹਾਂ ਹਾਂ। ਬੜੀ ਹਾਸੋਹੀਣੀ ਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਮੇਰੇ ਇਸ ਅੰਧਵਿਸ਼ਵਾਸ ਦੇ ਉਲਟ ਲਿਖੇ ਲੇਖ ਨੂੰ ਪੜ੍ਹ ਕੇ ਲੋਕ ਮੇਰੇ ਕੋਲ ਹੱਥ ਦਿਖਾਉਣ ਆਉਣ ਲੱਗ ਪਏ। ਕੋਲ ਆ ਕੇ ਉਨ੍ਹਾਂ ਦਾ ਪਹਿਲਾ ਵਾਕ ਹੀ ਇਹ ਹੁੰਦਾ ਹੈ ਕਿ ਲਓ ਜੀ ਸਾਨੂੰ ਪਤਾ ਹੀ ਨਹੀਂ ਲੱਗਿਆ ਕਿ ਸਾਡੇ ਕੋਲ ਹੀ ਜੋਤਿਸ਼ ਆਚਾਰਿਆ ਜੀ ਰਹਿੰਦੇ ਆ ! ਆਹ ਤੇ ਲੇਖ ਪੜ੍ਹ ਕੇ ਪਤਾ ਲੱਗਿਆ ਤੇ ਸੋਚਿਆ ਕਿ ਚਲੋ ਲੋਕਾਂ ਦੇ ਨਾ ਦੇਖਿਓ ਸਾਡੇ ਹੱਥ ਤਾਂ ਜ਼ਰੂਰ ਦੇਖਿਓ ਆਖ਼ਿਰ ਤੁਸੀਂ ਇਹ ਵਿਦਿਆ ਪੜ੍ਹੀ ਆ। ਹੁਣ ਤੁਸੀਂ ਇਹ ਲੇਖ ਪੜ੍ਹ ਕੇ ਦੱਸਿਓ ਕਿ ਜਿਸ ਮਕਸਦ ਲਈ ਮੈਂ ਇਹ ਲੇਖ ਲਿਖਿਆ ਕਿ ਉਹ ਇਹ ਸੀ ਜੋ ਲੋਕ ਇਸ ਲੇਖ ਨੂੰ ਪੜ੍ਹ ਕੇ ਮੇਰੇ ਕੋਲ ਆ ਰਹੇ ਹਨ।



ਹਰਿਆਣਾ ਸਾਹਿਤ ਅਕਾਦਮੀ ਅਵਾਰਡ ਜੇਤੂ ਸ਼ਾਇਰ ਜਨਾਬ
ਹਰਭਜਨ ਸਿੰਘ ਰੇਣੂ ਅਤੇ ਪੰਜਾਬੀ ਸਤਿਕਾਰ ਸਭਾ ਹਰਿਆਣਾ ਦੇ
ਪਰਧਾਨ ਪ੍ਰਦੀਪ ਸਚਦੇਵਾ ਨਾਲ ਲੇਖਕ



ਹਾਸਰਸ ਕਵੀ ਜਨਾਬ ਹਰੀ ਸਿੰਘ ਦਿਲਬਰ ਅਤੇ
ਭੁਪਿੰਦਰ ਸਿੰਘ ਪੰਨੀਵਾਲੀਆ ਨਾਲ ਲੇਖਕ

# ਚਮਤਕਾਰ ਕੋ ਨਮਸਕਾਰ

ਦੋਸਤੋ ! ਅੱਜ ਦੀਵਾਲ਼ੀ ਦੀ ਰਾਤ ਹੈ, ਕੋਈ ਦੀਵੇ ਜਗਾ ਰਿਹਾ ਤੇ ਕੋਈ ਪਟਾਕੇ ਚਲਾ ਰਿਹਾ। ਸਾਡਾ ਅੰਦਰਲਾ ਲੇਖਕ ਕਹਿੰਦਾ ਕਿ ਕੀ ਹੋਇਆ ਤੂੰ ਵਿਦੇਸ਼ 'ਚ ਬੈਠਾ। ਤੂੰ ਦੀਵੇ ਨਹੀਂ ਤਾਂ ਆਪਣਾ ਆਪ ਮਚਾ ਲੈ ! ਕੀ ਪਤਾ ਤੇਰੇ ਮੱਚਣ ਦੇ ਇਸ ਚਾਨਣ ਨਾਲ ਕਿਸੇ ਦਾ ਹਨੇਰਾ ਦੂਰ ਹੋ ਜਾਵੇ। ਸ਼ਾਇਦ ਕੋਈ ਠੇਡਾ ਖਾਣ ਤੋਂ ਬਚ ਜਾਵੇ। ਸੋ ਅਸੀਂ ਤਾਂ ਫੇਰ ਪਾ ਲਿਆ ਆਪਣੀ ਕਲਮ 'ਚ ਤੇਲ, ਤੇ ਸੀਖ ਘਸਾ ਦਿੱਤੀ ਮੈਡਮ ਮਨਦੀਪ ਕੌਰ ਨੇ। ਹੁਣ ਤੁਸੀਂ ਪੁੱਛੋਗੇ ਕਿ ਇਹ ਮੈਡਮ ਕੀ ਚੀਜ਼ ਹੈ। ਸੋ ਦੋਸਤੋ ! ਕਾਹਲ ਨਾ ਕਰੋ ਮਿਲਾਉਣੇ ਹਾਂ ਤੁਹਾਨੂੰ ਵੀ ਮੈਡਮ ਜੀ ਨਾਲ। ਬਹੁਤ ਚਿਰਾਂ ਤੋਂ ਇੱਕ ਗੱਲ ਮੇਰੇ ਸੰਘ 'ਚ ਫਸੀ ਪਈ ਸੀ। ਕਈ ਬਾਰ ਕੱਢਣ ਦੀ ਕੋਸ਼ਿਸ਼ ਕੀਤੀ ਪਰ ਢੁਕਵਾਂ ਮਾਹੌਲ ਨਹੀਂ ਬਣਿਆ। ਅੱਜ ਇਸ ਕਾਂਡ ਨੇ ਮਾਹੌਲ ਹੀ ਅਜਿਹਾ ਸਿਰਜ ਦਿੱਤਾ ਕਿ ਹੁਣ ਨਾ ਚਾਹੁੰਦੇ ਹੋਏ ਵੀ ਲਿਖਣ ਬੈਠ ਗਿਆ। ਲਓ ਜੀ ਪਹਿਲਾਂ ਕਾਂਡ ਸੁਣ ਲਵੋ, ਸੰਘ ਵਾਲੀ ਗੱਲ ਫੇਰ ਕੱਢਦੇ ਹਾਂ;

ਕੱਲ੍ਹ ਮੂੰਹ ਨ੍ਹੇਰੇ ਹੀ ਬਾਈ ਬੋਪਾਰਾਏ ਦਾ ਫ਼ੋਨ ਆ ਗਿਆ, 'ਦੀ ਪੰਜਾਬ' ਅਖ਼ਬਾਰ ਵਾਲਿਆਂ ਦਾ। ਇੱਕ ਬਾਰ ਤਾਂ ਮੈਂ ਡਰ ਜਿਹਾ ਗਿਆ ਕਿ ਖੌਰੇ ਸੁੱਖ ਹੋਵੇ ! ਅਕਸਰ ਹੀ ਬੋਪਾਰਾਏ ਸਾਹਿਬ ਫ਼ੋਨ ਮਿਲਾ ਕੇ ਗੱਲ ਭੁੱਲ ਜਾਂਦੇ ਹਨ। ਫੇਰ ਹੌਲੀ-ਹੌਲੀ ਸਟਾਰਟ ਜਿਹੇ ਹੁੰਦੇ ਹਨ। ਪਰ ਅੱਜ ਤਾਂ ਪਤਾ ਨਹੀਂ ਜਿਵੇਂ ਕਿਸੇ ਨੇ ਉਨ੍ਹਾਂ ਦੀ ਪੂਛ 'ਤੇ ਪੈਰ ਧਰ ਦਿੱਤਾ ਹੋਵੇ ! ਪਟਾਕ-ਪਟਾਕ ਹੀ ਉੱਧੜਨ ਲੱਗ ਪਏ। ਕਹਿੰਦੇ ! "ਮਿੰਟੂ ਆਹ ਕੰਪਿਊਟਰ ਖੁੱਲ੍ਹਾ ਤੇਰਾ ? ਤਾਂ ਆਹ ਜੱਗਬਾਣੀ ਅਖ਼ਬਾਰ ਖੋਲ੍ਹ, ਓਏ ਦੇਖ ! ਓਏ ਕੀ ਲੁੱਟ ਮਚਾ ਰੱਖੀ ਆ। ਓਏ ਜਵਾਂ ਹੀ ਠਗਣੀ ਹੈ ਯਾਰ, ਫ਼ੋਨ ਕੱਟ ਕੇ ਭੱਜ ਗਈ। ਵੱਡੀ ਜਾਦੂਗਰਨੀ ਨੂੰ ਇੱਕ ਸਵਾਲ ਦਾ ਜਵਾਬ ਵੀ ਨਹੀਂ ਆਇਆ।"

ਬੱਸ ਇੱਕੋ ਸਾਹ ਹੀ ਖ਼ਾਸਾ ਕੁਝ ਸੁਣਾ ਗਏ। ਉਨ੍ਹਾਂ ਨਾਲ ਹਰ ਰੋਜ਼ ਗੱਲਬਾਤ ਕਰਨ ਕਰ ਕੇ ਮੈਂ ਉਹ ਵੀ ਸਮਝ ਗਿਆ ਜੋ ਉਨ੍ਹਾਂ ਕਹਿ ਦਿੱਤਾ ਤੇ ਮੈਂ ਉਹ ਵੀ ਸਮਝ ਗਿਆ ਜੋ ਉਹ ਕਹਿਣਾ ਚਾਹੁੰਦੇ ਸਨ। ਪਰ ਹਾਲੇ ਬਾਈ ਬੋਪਾਰਾਏ ਦਾ ਦਿਲ ਹੌਲਾ ਨਹੀਂ ਸੀ ਹੋਇਆ ਲੱਗਦਾ। ''ਮਿੰਟੂ ਤੂੰ ਵੀ ਕਰ ਇਹਨੂੰ ਫ਼ੋਨ ਤੇ ਇੰਡੀਆ 'ਚ ਦਿਨ ਚੜ੍ਹਨ ਦੇ, ਮੈਂ ਕਰਦਾ ਤਰਕਸ਼ੀਲਾਂ ਨੂੰ।''

ਏਨੇ ਚਿਰ 'ਚ ਮੈਂ ਜੱਗਬਾਣੀ ਦੇ ਮੂਹਰਲੇ ਪੰਨੇ ਤੇ ਸਾਰੀ ਰਾਮ ਕਹਾਣੀ ਦੇਖ ਚੁੱਕਿਆ ਸੀ। ਜਿਸ ਵਿੱਚ ਇੱਕ ਪੂਰਾ ਇਸ਼ਤਿਹਾਰ ਲੱਗਿਆ ਸੀ ਕਿ 'ਸਾਰੇ ਸੰਸਾਰ ਨੂੰ ਖੁੱਲ੍ਹਾ ਚੈਲੇਂਜ', 'ਪ੍ਰਸਿੱਧ ਤਾਂਤਰਿਕ ਅਤੇ ਜੋਤਿਸ਼ ਸਮਰਾਟ ਮੈਡਮ ਮਨਦੀਪ ਕੌਰ ਵੱਲੋਂ' ਤੇ ਨਾਲ ਇੱਕ ਪੰਚ ਲਾਈਨ ਵੀ ਸੀ ਕਿ 'ਚਮਤਕਾਰ ਨੂੰ ਚਮਤਕਾਰ ਤਾਂ ਹੀ ਕਿਹਾ ਜਾਂਦਾ ਕਿਉਂਕਿ ਉਸ ਨੂੰ ਕੋਈ ਨਹੀਂ ਕਰ ਸਕਦਾ'। ਬਾਕੀ ਆਮ ਪ੍ਰਚਲਿਤ ਗੱਲਾਂ ਤੋਂ ਬਿਨਾਂ ਇੱਕ ਜਿਹੜੀ ਖ਼ਾਸ ਗੱਲ ਇਸ ਇਸ਼ਤਿਹਾਰ ਵਿੱਚ ਸਭ ਨੂੰ ਆਪਣੇ ਵੱਲ ਖਿੱਚ ਰਹੀ ਸੀ, ਉਹ ਸੀ, ਵੱਖੋ ਵੱਖ ਪੰਜ ਲਾਟਰੀ ਜੇਤੂਆਂ ਦੀਆਂ ਅਸਲੀ ਤਸਵੀਰਾਂ ਤੇ ਵੇਰਵੇ। ਬੱਸ ਆਪਣੀ ਫ਼ੋਟੋ ਦੀ ਥਾਂ ਮੈਡਮ ਮਨਦੀਪ ਕੌਰ ਨੇ ਕਿਸੇ ਅਮਰੀਕਨ ਸਿੱਖ ਬੀਬੀ ਦੀ ਫ਼ੋਟੋ ਲਾ ਰੱਖੀ ਸੀ। ਬਾਕੀ ਇਸ਼ਤਿਹਾਰ ਨੂੰ ਹੋਰ ਜਜ਼ਬਾਤੀ ਬਣਾਉਣ ਲਈ ਪੀਰਾਂ ਦੀ ਧਰਤੀ ਮਲੇਰ ਕੋਟਲਾ ਦਾ ਨਾਂ ਵੀ ਲਿਖਿਆ ਹੋਇਆ ਸੀ। ਇਹ ਇਸ਼ਤਿਹਾਰ ਦੇਖ ਕੇ ਏਨੇ ਅਚੰਭਿਤ ਹੋਣ ਵਾਲੀ ਵੀ ਕੋਈ ਗੱਲ ਨਹੀਂ ਸੀ ਕਿਉਂਕਿ ਹਰ ਰੋਜ਼ ਹੀ ਇਹੋ ਜਿਹੀਆਂ ਚੀਜ਼ਾਂ ਮੇਰੇ ਭਾਰਤ ਮਹਾਨ 'ਚ ਹੁੰਦੀਆਂ ਹੀ ਰਹਿੰਦੀਆਂ ਹਨ। ਭਾਵੇਂ ਉਸ ਦਿਨ ਸੀ ਤਾਂ ਮੇਰਾ 'ਡੇ ਆਫ਼' ਪਰ ਹਾਲੇ ਤੜਕੇ-ਤੜਕੇ ਚਾਹ ਪਾਣੀ ਬਿਨਾਂ ਸਰੀਰ ਜਿਹਾ ਨਹੀਂ ਬਣਿਆ ਸੀ। ਸੋ ਇੱਕ ਬਾਰ ਤਾਂ

ਬਾਈ ਜੀ ਨੂੰ ਬਹਾਨਾ ਜਿਹਾ ਲਾ ਦਿੱਤਾ ਕਿ ਕੋਈ ਨਾ ਆਪਾਂ ਇਸ ਦੀ ਤਹਿ ਤੱਕ ਜਾਂਦੇ ਹਾਂ।

ਥੋੜ੍ਹੇ ਜਿਹਾ ਨਿੱਤ ਨੇਮ ਤੋਂ ਵਿਹਲਾ ਹੁੰਦਿਆਂ ਫੇਰ ਲੈਪਟਾਪ ਮੂਹਰੇ ਆ ਬੈਠਿਆ। ਫੇਰ ਉਹੀ ਬੀਬੀ ਦਾ ਇਸ਼ਤਿਹਾਰ ਖੋਲ੍ਹ ਲਿਆ ਤੇ ਕਾਲ ਕੀਤੀ। ਮੂਹਰੋਂ ਮੈਡਮ ਜੀ ਨੇ ਫ਼ੋਨ ਚੁੱਕ ਲਿਆ ਤੇ ਕਹਿੰਦੇ ਕਿਥੋਂ ਬੋਲਦੇ ਹੋ ? ਮੈਂ ਕਿਹਾ ਜੀ ਮੈਂ ਨਿਊਜ਼ੀਲੈਂਡ ਤੋਂ ਬੋਲਦਾ ਹਾਂ। ਭਾਵੇਂ ਮੈਡਮ ਜੀ ਦੀ ਆਵਾਜ਼ ਤੋਂ ਪੂਰੇ ਦਾ ਪੂਰਾ ਪੇਂਡੂਪਨ ਝਲਕਦਾ ਸੀ ਪਰ ਉਸ ਨੇ ਮੇਰਾ ਨੰਬਰ ਪਛਾਣਨ 'ਚ ਬਿੰਦ ਨਾ ਲਾਇਆ। ਕਹਿੰਦੀ ਨੰਬਰ ਤੁਹਾਡਾ ਆਸਟ੍ਰੇਲੀਆ ਦਾ ਹੈ ? ਮੈਂ ਬਹਾਨਾ ਲਾਇਆ ਕਿ ਕਾਲਿੰਗ ਕਾਰਡ ਤੋਂ ਕਰ ਰਿਹਾ ਹਾਂ। ਉਸ ਨੂੰ ਥੋੜ੍ਹੀ ਜਿਹੀ ਤਸੱਲੀ ਹੋਈ। ਉਸ ਨੇ ਮੇਰੀ ਡਿਟੇਲ ਪੁੱਛੀ ਤਾਂ ਮੈਂ ਆਪਣੇ ਆਪ ਨੂੰ ਮੈਡਮ ਕੋਲ 'ਜਸਬੀਰ ਸਿੰਘ ਜੱਸਾ' ਬਣਾ ਦਿੱਤਾ ਤੇ ਕਹਿ ਦਿੱਤਾ ਕਿ ਆਕਲੈਂਡ ਤੋਂ ਹਾਂ ਕਿਉਂਕਿ ਬੋਪਾਰਾਏ ਦੇ ਫ਼ੋਨ ਤੋਂ ਬਾਅਦ ਦੇ ਮੈਡਮ ਜੀ ਆਸਟ੍ਰੇਲੀਆ ਦੇ ਨੰਬਰ ਤੋਂ ਡਰਦੇ ਲਗਦੇ ਸਨ। ਮੈਡਮ ਜੀ ਕਹਿੰਦੇ ਅੱਧੇ ਘੰਟੇ ਨੂੰ ਫ਼ੋਨ ਕਰਿਓ। ਅਸੀਂ ਉਦੋਂ ਤੱਕ ਤੁਹਾਡੇ ਬਾਰੇ ਇਲਮ ਲਗਾਉਣੇ ਹਾਂ। ਚਲੋ ਜੀ ਅਸੀਂ ਅੱਧੇ ਘੰਟੇ ਨੂੰ ਫੇਰ ਮਿਲਾ ਲਿਆ ਮੂਹਰੋਂ ਫੇਰ ਵੀਹ ਮਿੰਟ ਬਾਅਦ ਕਾਲ ਕਰਨ ਨੂੰ ਕਿਹਾ। ਹੁਣ ਤੱਕ ਮੇਰੀ ਦਿਲਚਸਪੀ ਵੀ ਇਸ ਕੇਸ 'ਚ ਵੱਧ ਗਈ ਸੀ ਤੇ ਘੜੀ 'ਤੇ ਵੀਹ ਮਿੰਟ ਦੇਖਣ ਲੱਗ ਪਿਆ ਕਿ ਕਦੋਂ ਹੁੰਦੇ ਆ।

ਇਸੇ ਦੌਰਾਨ ਅਮਨਦੀਪ ਸਿੱਧੂ ਹੋਰਾਂ ਦਾ ਫ਼ੋਨ ਆ ਗਿਆ। ਕਹਿੰਦੇ ਭਾਜੀ ਅੱਜ ਕਿਵੇਂ ਘਰ ਹੀ ਬੈਠੇ ਹੋ ? ਚਲੋ ਕੁਝ ਹਰਮਨ ਰੇਡੀਓ ਦੇ ਲਾਹੌਰ ਵਾਲੇ ਸਟੂਡੀਓ ਦੀ ਤਕਨੀਕੀ ਸੈਟਿੰਗ ਹੀ ਕਰ ਲਈਏ। ਪਰ ਜਦੋਂ ਮੈਂ ਇਸ ਬੀਬੀ ਬਾਰੇ ਦੱਸਣ ਲੱਗਿਆ ਤਾਂ ਉਹ ਕਹਿੰਦੇ ਭਾਜੀ ਅਸਲ 'ਚ ਮੈਂ ਫ਼ੋਨ ਇਸੇ ਕਰ ਕੇ ਹੀ ਕੀਤਾ ਸੀ। ਕੱਲ੍ਹ ਦਾ ਮੇਰੇ ਤੇ ਵੀ ਹਰਮਨ ਰੇਡੀਓ ਦੇ ਸਰੋਤਿਆਂ ਦਾ ਪ੍ਰੈਸ਼ਰ ਪੈ ਰਿਹਾ। ਹੁਣ ਤੱਕ ਕਈ ਫ਼ੋਨ ਤੇ ਈ ਮੇਲ ਆ ਚੁੱਕੇ ਹਨ। ਆਪਾਂ ਨੂੰ ਕੁਝ ਕਰਨਾ ਚਾਹੀਦਾ ! ਅੱਜ ਸ਼ਾਮ ਨੂੰ ਪਰਮਿੰਦਰ ਸਿੰਘ ਟਿਵਾਣਾ ਦੇ ਪ੍ਰੋਗਰਾਮ ਖ਼ਬਰ-ਸਾਰ 'ਚ ਇਸ ਬਾਰੇ ਗੱਲ ਕਰਦੇ ਹਾਂ। ਅਮਨ ਦੀ ਗੱਲ ਸੁਣਦਿਆਂ ਮੈਨੂੰ ਇੰਝ ਲੱਗਿਆ ਜਿਵੇਂ ਪਹਿਲਾਂ ਬੋਪਾਰਾਏ ਨੇ ਹਰੀ ਝੰਡੀ ਦੇ ਦਿੱਤੀ ਸੀ ਤੇ ਹੁਣ ਅਮਨਦੀਪ ਨੇ ਗੱਡੀ ਤੋਰਨ ਲਈ ਸੀਟੀ ਮਾਰ ਦਿੱਤੀ ਹੋਵੇ। ਬੱਸ ਏਨੇ ਕੁ ਹੌਸਲੇ ਨਾਲ ਆਪਾਂ ਵੀ ਖਿੱਚ ਲਈ ਤਿਆਰੀ।

ਅਮਨਦੀਪ ਸਿੱਧੂ ਬਾਰੇ ਜਿੰਨਾ ਕੁ ਮੈਨੂੰ ਪਤਾ ਉਹ ਤਕਨੀਕੀ ਜਾਣਕਾਰੀ ਦੇ ਨਾਲ-ਨਾਲ ਇੱਕ ਵਧੀਆ ਆਗੂ ਵੀ ਹੈ। ਉਸ ਦੀ ਯੋਗ ਅਗਵਾਈ 'ਚ ਹਰਮਨ ਰੇਡੀਓ ਦੇ ਹੁਣ ਤੱਕ ਦੇ ਸਫ਼ਰ ਨੇ ਉਸ ਦੀ ਇਸ ਕਾਬਲੀਅਤ ਨੂੰ ਸਾਬਤ ਵੀ ਕਰ ਦਿੱਤਾ ਹੈ। ਕੁਝ ਜ਼ਿਆਦਾ ਹੀ ਸਾਊ ਸੁਭਾਅ ਦਾ ਮਾਲਕ ਹੈ। ਛੇਤੀ ਕਰ ਕੇ ਕਿਸੇ ਦੇ ਸਿਰੇ ਨਹੀਂ ਜਾਂਦਾ ਤੇ ਜੇ ਇੱਕ ਵਾਰ ਕਿਸੇ ਨੂੰ ਨਜ਼ਰਾਂ 'ਚੋਂ ਲਾਹ ਦੇਵੇ ਤਾਂ ਫੇਰ ਸਿਰਾ ਲਾ ਕੇ ਹੀ ਖੜ੍ਹਦਾ। ਅੱਜ ਮੈਨੂੰ ਅਮਨ ਦੀ ਆਵਾਜ਼ 'ਚ ਕੁਝ ਪੀੜ ਦਿਖਾਈ ਦਿੱਤੀ। ਠੰਢੇ ਸੁਭਾਅ ਦਾ ਮਾਲਕ ਅਮਨ ਅੱਜ ਇਸ ਮਾਮਲੇ 'ਚ ਕੁਝ ਜ਼ਿਆਦਾ ਹੀ ਉਤਾਵਲਾ ਦਿਸਿਆ। ਮੈਂ ਕਿਹਾ ਕਿ ਸਿੱਧੂ ਸਾਹਿਬ ਤੁਸੀਂ ਮੇਰੀ ਈ ਮੇਲ ਦਾ ਇੰਤਜ਼ਾਰ ਕਰੋ।

ਬੱਸ ਏਨੇ ਨੂੰ ਫੇਰ ਮੈਡਮ ਨੂੰ ਮਿਲਾ ਲਿਆ ਫ਼ੋਨ। ਕਹਿੰਦੇ, ''ਜੀ ਤੁਹਾਡਾ ਕੰਮ ਹੋ ਜਾਊ ਬੱਸ ਥੋੜ੍ਹਾ ਖ਼ਰਚ ਕਰਨਾ ਪਊ।'' ਅਸੀਂ ਵੀ ਹਾਮੀ ਭਰ ਦਿੱਤੀ ਕਿ ਹਿਸਾਬ ਸਿਰ ਲੈ ਲਓ ਜੀ। ਉਸ ਨੇ ਹੌਲੀ ਕੁ ਦਿਨੇ ਤਿੰਨ ਕੁ ਸੌ ਡਾਲਰ ਦਾ ਟੀਕਾ ਲਾ ਦਿੱਤਾ। ਮੈਂ ਕਿਹਾ ਜੀ ਜ਼ਰੂਰ ਦੇ ਦੇਵਾਂਗਾ। ਤੁਸੀਂ ਮੇਰਾ ਕੰਮ ਕਰੋ ਤੇ ਜਦੋਂ ਮੈਂ ਕੰਮ ਬਾਰੇ ਦੱਸਣ ਲੱਗਿਆ ਤਾਂ ਮੈਡਮ ਜੀ ਕਹਿੰਦੇ, "ਕੰਮ ਤਾਂ ਕੋਈ ਹੋਵੇ ਤੁਸੀਂ ਪਹਿਲਾ ਇਹ ਦੱਸੋ ਕਿ ਤੁਸੀਂ ਡਾਲਰ ਕਿੰਨੀ ਛੇਤੀ ਭੇਜ ਰਹੇ ਹੋ ? ਕਿਉਂਕਿ ਪੈਸਿਆਂ ਬਿਨਾਂ ਕੁਝ ਨਹੀਂ ਹੋ

ਸਕਦਾ।" ਮੈਂ ਕਿਹਾ, "ਜੀ ਕੱਲ੍ਹ ਸਵੇਰੇ ਭੇਜ ਦੇਊਂ।" ਕਹਿੰਦੀ, "ਅੱਜ ਕਿਉਂ ਨਹੀਂ ?" ਮੈਂ ਕਿਹਾ ਕਿ "ਅੱਜ ਬੈਂਕ ਬੰਦ ਹੋ ਗਿਆ।" ਉਹ ਕਹਿੰਦੀ, "ਵੈਸਟਰਨ ਯੂਨੀਅਨ ਰਾਹੀਂ ਭੇਜ ਦਿਓ।" ਕਹਿਣ ਦਾ ਮਤਲਬ ਹੈ ਕਿ ਉਸ ਨੂੰ ਇੰਝ ਲੱਗ ਰਿਹਾ ਸੀ ਕਿ ਡਾਲਰ ਆਉਣ 'ਚ ਟਾਈਮ ਨਾ ਲੱਗ ਜਾਵੇ। ਮੇਰੇ ਦਿਲਾਸਾ ਦੇਣ ਤੇ ਕਿ ਕੱਲ੍ਹ ਪੋਸਟ ਆਫ਼ਿਸ ਖੁੱਲਣ ਸਾਰ ਭੇਜ ਦੇਵਾਂਗਾ। ਉਦੋਂ ਤੁਹਾਡੇ ਤੜਕੇ ਦੇ ਚਾਰ ਵੱਜੇ ਹੋਣਗੇ। ਉਹ ਕਹਿੰਦੀ, "ਕੋਈ ਗੱਲ ਨਹੀਂ ਅਸੀਂ ਉਸ ਵੇਲੇ ਉੱਠ ਖੜ੍ਹਦੇ ਹਾਂ ਤੁਸੀਂ ਛੇਤੀ ਕੋਡ ਦਸ ਦਿਓ।" ਚਲੋ ਜੀ ਫੇਰ ਮੈਡਮ ਜੀ ਮੇਰੀ ਮੁਸੀਬਤ ਸੁਣਨ ਲਈ ਤਿਆਰ ਹੋ ਗਈ ਤੇ ਮੈਂ ਉਸ ਨੂੰ ਕਹਾਣੀ ਸੁਣਾਈ ਕਿ ਮੇਰੇ ਕੋਲ ਪੈਸੇ ਖੜ੍ਹਦੇ ਨਹੀਂ। ਇਸ ਕਰ ਕੇ ਮੈਂ ਘਰ ਨਹੀਂ ਖ਼ਰੀਦ ਸਕਦਾ। ਮੇਰੇ 'ਤੇ ਮਿਹਰ ਕਰੋ ਜੀ। ਕਹਿੰਦੀ, "ਕਿੰਨੇ ਵਾਲਾ ਲੈਣਾ ਹੈ ?" ਮੈਂ ਕਿਹਾ, "ਦੋ-ਢਾਈ ਲੱਖ ਵਾਲਾ।" ਕਹਿੰਦੀ, ''ਕੀ ਗੱਲਾਂ ਕਰਦੇ ਹੋ ਹੁਣ ਤੁਸੀਂ ਸਾਡੀ ਸ਼ਰਨ 'ਚ ਆ ਗਏ ਭਾਵੇਂ ਮਿਲੀਅਨ ਦਾ ਲੈ ਲਿਓ।'' ਕਹੇ, "ਅੱਜ ਤੋਂ ਦੁੱਖ, ਦਰਦ, ਕਲੇਸ਼ ਦੂਰ। ਬੱਸ ਛੇਤੀ ਪੈਸੇ ਭੇਜ ਦਿਓ ਨਾਲ ਦੀ ਨਾਲ ਸੁੱਖ ਸਾਧਨ ਸ਼ੁਰੂ ਹੋ ਜਾਣਗੇ।" ਦੋਸਤੋ ! ਕਹਿੰਦੀ ਸੋ ਹੱਥ ਰੱਸਾ ਸਿਰੇ ਤੇ ਗੰਢ ਸਿਰਫ਼ ਤਿੰਨ ਸੋ ਡਾਲਰ 'ਚ ਜ਼ਿੰਦਗੀ ਹੀ ਬਦਲ ਜਾਊ।

ਸਾਡੀ ਲੰਮੀ ਚੌੜੀ ਵਾਰਤਾ ਹੋਈ, ਜੋ ਤੁਸੀਂ ਹਰਮਨ ਰੇਡੀਓ ਡਾਟ ਕੌਮ 'ਤੇ ਸੁਣ ਸਕਦੇ ਹੋ। ਸ਼ਾਮ ਨੂੰ ਟਿਵਾਣਾ ਸਾਹਿਬ ਜਿਹੜੇ ਹਰ ਰੋਜ਼ ਸਿੰਗਾਂ ਨੂੰ ਤੇਲ ਲਾ ਕੇ ਹੀ ਘਰੋਂ ਨਿਕਲਦੇ ਹਨ, ਨਾਲ ਜਦੋਂ ਮੇਰੀ ਗੱਲਬਾਤ ਹੋਈ। ਉਨ੍ਹਾਂ ਕੋਲ ਮੈਡਮ ਨਾਲ ਗੱਲਬਾਤ ਦੀ ਰਿਕਾਰਡਿੰਗ ਪਹੁੰਚ ਚੁੱਕੀ ਸੀ। ਬੱਸ ਫੇਰ ਕੀ ! ਟਿਵਾਣਾ ਸਾਹਿਬ ਨੇ ਰੇਡੀਓ ਬ੍ਰਾਡਕਾਸਟਿੰਗ 'ਚ ਆਪਣੇ ਲੰਮੇ ਤਜਰਬੇ ਨੂੰ ਇਸ ਕਾਂਡ 'ਚ ਝੋਕ ਦਿੱਤਾ ਤੇ ਮੈਡਮ ਜੀ ਦੀ ਕੱਢ ਦਿੱਤੀ ਪੁੱਛ ਤੇ ਕਰ ਦਿੱਤੀ ਬੈਟਰੀ ਡਾਊਨ। ਮੈਡਮ ਜੀ ਨੂੰ ਅਹਿਸਾਸ ਹੋ ਗਿਆ ਤੇ ਫ਼ੋਨ ਚੁੱਕਣੋਂ ਹਟ ਗਈ। ਕੋਈ ਹੋਰ ਹੀ ਫ਼ੋਨ ਚੁੱਕੇ ਤੇ ਕਹੇ "ਫੇਰ ਕਰਿਓ ਜੀ ਸਾਡੀ ਬੈਟਰੀ ਡਾਊਨ ਹੈ।" ਜਿੰਨੀ ਕੁ ਗੱਲ ਹੋਈ ਉਸ 'ਚ ਮੁੱਕਰ ਗਈ ਕਿ ਅਸੀਂ ਤਾਂ ਮੁਫ਼ਤ 'ਚ ਲੋਕਾਂ ਦਾ ਭਲਾ ਕਰਦੇ ਹਾਂ। ਇਸ ਸਾਰੇ ਕਾਂਡ ਦੌਰਾਨ ਸਾਡੀ ਗੱਲ ਆਸਟ੍ਰੇਲੀਆ 'ਚ ਜੱਗਬਾਣੀ ਅਖ਼ਬਾਰ ਦੇ ਨੁਮਾਇੰਦੇ 'ਖੇਲਾ ਭਰਾਵਾਂ' ਨਾਲ ਹੋਈ। ਤਾਂ ਉਹ ਕਹਿੰਦੇ ਵੀਰ ਅਸੀਂ ਤਾਂ ਆਪ ਇਸ ਅਡਵਰਟਾਈਜ਼ ਨਾਲ ਨਿਰਾਸ਼ ਹਾਂ। ਹੁਣੇ ਹੈੱਡ ਆਫ਼ਿਸ 'ਚ ਗੱਲ ਕਰਦੇ ਹਾਂ। ਉੱਧਰ ਜਦੋਂ ਸਾਰਾ ਸਟ੍ਰਿੰਗ ਅਪ੍ਰੇਸ਼ਨ ਹਰਮਨ ਰੇਡੀਓ 'ਤੇ ਪ੍ਰਸਾਰਿਤ ਹੋਇਆ ਤਾਂ ਜੱਗਬਾਣੀ ਦੇ ਇੱਕ ਨੁਮਾਇੰਦੇ ਸੈਂਡੀ ਸਿੰਘ ਨੇ ਇਸ ਗ਼ਲਤੀ ਬਾਰੇ ਉਨ੍ਹਾਂ ਦਾ ਧਿਆਨ ਦਿਵਾਉਣ ਲਈ ਧੰਨਵਾਦ ਕੀਤਾ ਤੇ ਛੇਤੀ ਹੀ ਇਸ ਵਿੱਚ ਸੁਧਾਰ ਵੀ ਕਰ ਦਿੱਤਾ। ਇੰਝ ਇਸ ਕਾਂਡ ਦਾ ਸੁਖਦ ਅੰਤ ਹੋ ਗਿਆ। ਪਰ ਹੁਣ ਸੋਚਣ ਦੀ ਗੱਲ ਹੈ ਕਿ ਇਹ ਪੱਕਾ ਇਲਾਜ ਹੋ ਗਿਆ ? ਇਸ ਤੋਂ ਬਾਅਦ ਕੋਈ ਮਨਦੀਪ ਕੌਰ ਜਾਂ ਕੋਈ ਹੋਰ ਅਖ਼ਬਾਰ ਇਹਨਾਂ ਕੰਮਾਂ ਨੂੰ ਹੱਥ ਨਹੀਂ ਪਾਏਗਾ ?

ਦੋਸਤੋ ! ਇਹ ਤਾਂ ਇੱਕ ਕਾਂਡ ਸੀ ਜੋ ਹੱਡਬੀਤੀ ਹੋਣ ਕਾਰਨ ਤੁਹਾਡੇ ਨਾਲ ਸਾਂਝਾ ਕਰ ਲਿਆ। ਉਂਝ ਤਾਂ ਹਰ ਮੋੜ ਤੇ ਹੀ ਇਹੋ ਜਿਹਾ ਕੁਝ ਆਮ ਹੀ ਹੋ ਰਿਹਾ। ਸੋ, ਸੋਚਣ ਦੀ ਗੱਲ ਇਹ ਹੈ ਕਿ ਸਦੀਆਂ ਤੋਂ ਠੱਗ ਠੱਗੀਆਂ ਮਾਰਨ ਤੋਂ ਬਾਜ਼ ਨਹੀਂ ਆਏ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਜਨੌਰ ਵੀ ਇੱਕ ਗ਼ਲਤੀ ਕਰ ਕੇ ਦੁਹਰਾਉਂਦਾ ਨਹੀਂ ਤੇ ਅਸੀਂ ਇਨਸਾਨ ਫੇਰ ਉਨ੍ਹਾਂ ਜਾਲਾਂ ਵਿੱਚ ਫਸ ਜਾਂਦੇ ਹਾਂ, ਜਿਨ੍ਹਾਂ ਤੋਂ ਅਸੀਂ ਚੰਗੀ ਤਰ੍ਹਾਂ ਜਾਣੂ ਹੁੰਦੇ ਹਾਂ।

ਹੁਣ ਸੁਣ ਲਵੋ ਮੇਰੀ ਸੰਘ 'ਚ ਫਸੀ ਸਚਾਈ ਨੂੰ; ਬਾਰ੍ਹਾਂ-ਤੇਰ੍ਹਾਂ ਵਰ੍ਹੇ ਪਹਿਲਾਂ ਸਾਡੇ ਇੱਕ ਮਿੱਤਰ ਨੇ ਹੱਥ ਦੇਖਣ ਤੇ ਗ੍ਰਹਿ ਚਾਲ ਦੱਸਣ ਆਦਿ ਦਾ ਕੰਮ ਚਲਾ ਲਿਆ। ਗੱਡੀ ਰਾਤੋਂ ਰਾਤ ਹੀ

ਰਿੜ੍ਹ ਪਈ। ਸਾਡਾ ਮਨ ਵੀ ਸ਼ੁਰੂ ਤੋਂ ਜਗਿਆਸੂ ਸੀ। ਸੋ ਹਰ ਵਕਤ ਦਿਮਾਗ਼ ’ਚ ਇੱਕ ਹੀ ਗੱਲ ਘੁੰਮਦੀ ਰਹਿੰਦੀ ਕਿ ਯਾਰ ! ਇਸ ਵਿੱਦਿਆ ਦੀ ਸਚਾਈ ਕੀ ਹੈ ? ਬੱਸ ਮੇਰੀ ਇਸੇ ਲਲ੍ਹਕ ਨੇ ਮੈਨੂੰ ਇਸ ਵਿੱਦਿਆ ਦਾ ਵਿਦਿਆਰਥੀ ਬਣਾ ਦਿੱਤਾ। ਮੰਮੀ-ਪਾਪਾ ਜੀ ਤਾਂ ਇਕੱਲੇ ਪੁੱਤ ਦੇ ਸੁਭਾ ਤੋਂ ਜਾਣੂੰ ਸਨ ਕਿ ਹੁਣ ਇਹ ਨਹੀਂ ਹਟਦਾ। ਪਰ ਘਰ ਵਾਲੀ ਕਹੇ ਮੇਰੇ ਪੇਕਿਆਂ ਦੀ ਪਿੱਠ ਲਵਾ ਦਿੱਤੀ। ਲੋਕ ਕੀ ਕਹਿਣਗੇ ਕਿ ਗੰਦਾਰੇ ਵਾਲੇ ਸਰਦਾਰਾਂ ਦਾ ਜਵਾਈ ਪੱਤਰੀ ਦੇਖਦਾ ਫਿਰਦਾ ! ਛੇਤੀ ਹੀ ਸਮਝ ਗਈ ਕਿ ਇਹ ਤਾਂ ਹੁਣ ਪੰਞੀ ਦਾ ਭਾਉਣ ਦੇਖ ਕੇ ਹੀ ਹਟੂ।

ਪਹਿਲੇ ਦਿਨ ਕਲਾਸ ’ਚ ਗਿਆ, ‘ਪੜ੍ਹਾਕੂ’, ਪੜ੍ਹਾਉਣ ਵਾਲੇ ਮਾਸਟਰ ਨੂੰ ਸ਼ਾਸਤਰੀ ਜੀ ਕਹਿ ਰਹੇ ਸਨ। ਸ਼ਾਸਤਰੀ ਜੀ ਨੇ ਮੈਨੂੰ ਜਾਣ-ਪਛਾਣ ਵੇਲੇ ਹੈਰਾਨੀ ਜਿਹੀ ਨਾਲ ਦੇਖਿਆ। ਕੀ ਇਹ ਬਰਾੜਾਂ ਦਾ ਮੁੰਡਾ ਕਿਹੜੇ ਰਾਹੇ ਤੁਰ ਪਿਆ ਹੈ। ‘ਕੁਲ ਤਰੇਹਠ ਪੰਡਤਾਂ ’ਚ ਇੱਕ ਜੱਟ’। ਹਜ਼ਮ ਜਿਹਾ ਨਹੀਂ ਸੀ ਹੋ ਰਿਹਾ। ਚਲੋ ਜੀ ! ਜਾਣ-ਪਛਾਣ ਤੋਂ ਬਾਅਦ ਸ਼ਾਸਤਰੀ ਜੀ ਨੇ ਜੋ ਪਹਿਲੀ ਗੱਲ ਕਹੀ ਉਸੇ ਤੋਂ ਹੀ ਮੇਰੀ ਜਿਗਿਆਸਾ ਦੀ ਅੱਗ ’ਤੇ ਪਾਣੀ ਪੈਣਾ ਸ਼ੁਰੂ ਹੋ ਗਿਆ ਸੀ। ਕੁਝ-ਕੁਝ ਸਮਝ ਆਉਣ ਲੱਗ ਪਿਆ। ਸ਼ਾਸਤਰੀ ਜੀ ਕਹਿੰਦੇ, “ਇਹ ਵਿੱਦਿਆ ਇੱਕ ਬਹੁਤ ਹੀ ਮਹਾਨ ਵਿੱਦਿਆ ਹੈ, ਜੇ ਤੁਸੀਂ ਕਹੋ ਕਿ ਇਸ ਨੂੰ ਸਿੱਖ ਕੇ ਬ੍ਰਹਮ-ਗਿਆਨੀ ਬਣ ਜਾਓਗੇ ਤਾਂ ਇਹ ਤੁਹਾਡਾ ਭੁਲੇਖਾ ਹੈ ਕਿਉਂਕਿ ਇਸ ਨੂੰ ਸਿੱਖਣ ਲਈ ਇਹ ਉਮਰ ਕਾਫ਼ੀ ਨਹੀਂ ਹੈ। ਪਹਿਲਾਂ ਵਾਲੇ ਰਿਸ਼ੀ ਮੁਨੀ ਤਾਂ ਕਈ ਕਈ ਸਦੀਆਂ ਜਿਉਂਦੇ ਸਨ। ਪਰ ਹੁਣ ਤਾਂ ਕੋਈ ਪੈਂਹਠ ਨਹੀਂ ਟੱਪਦਾ। ਆਹ ਦੋ ਢਾਈ ਸਾਲ ਦੇ ਕੋਰਸ ’ਚ ਬੱਸ ਮੋਟੇ-ਮੋਟੇ ਟ੍ਰਿਕ ਜਿਹੇ ਸਿੱਖ ਸਕਦੇ ਹੋ। ਬਾਕੀ ਦਿਨ ਪੈ ਕੇ ਆਪੇ ਆ ਜਾਊ।” ਸਾਰੀ ਗੱਲਬਾਤ ਤੋਂ ਬਾਅਦ ਸ਼ਾਸਤਰੀ ਜੀ ਕਹਿੰਦੇ, “ਬੱਸ ਇੱਕ ਗੱਲ ਪੱਲੇ ਬੰਨ੍ਹ ਲਓ; ਜਿੰਨਾਂ ਹੋ ਸਕੇ ਮਰਦਾਂ ਦੇ ਹੱਥ ਦੇਖਣ ਤੋਂ ਪਰਹੇਜ਼ ਕਰਿਓ। ਤੁਹਾਡੇ ਬਿਜ਼ਨੈੱਸ ਨੂੰ ਕਾਮਯਾਬ ਬੀਬੀਆਂ ਨੇ ਹੀ ਕਰਨਾ ਹੈ। ਸੋ ਬੀਬੀਆਂ ਨੂੰ ਤਰਜੀਹ ਦਿਓ।”

ਮੈਨੂੰ ਲੱਗਦਾ ਤੁਹਾਨੂੰ ਮੇਰੀ ਪਹਿਲੀ ਕਲਾਸ ਦੇ ਪਹਿਲੇ ਪਾਠ ਨਾਲ ਹੀ ਸਾਰੀ ਸਮਝ ਆ ਗਈ ਹੋਣੀ ਹੈ ਕਿ ਮੈਂ ਉੱਥੋਂ ਕੀ ਸਿੱਖ ਕੇ ਨਿਕਲਿਆ। ਪੂਰੇ ਢਾਈ ਵਰ੍ਹਿਆਂ ਦਾ ਹਾਲ ਸੁਣਾਉਣ ਲਈ ਕਦੇ ਫੇਰ ਵਕਤ ਕੱਢਾਂਗੇ।

ਕਹਿੰਦੇ ਨੇ ਕਿ ਦੁਨੀਆ ’ਚ ਵਕਤ ਸਭ ਤੋਂ ਕੀਮਤੀ ਚੀਜ਼ ਹੁੰਦੀ ਹੈ ਤੇ ਮੈਂ ਆਪਣੀ ਜ਼ਿੰਦਗੀ ਦੇ ਬੇਹੱਦ ਕੀਮਤੀ ਪੂਰੇ ਢਾਈ ਵਰ੍ਹੇ ਜੋਤਿਸ਼ ਪਿਛਲੇ ਸੱਚ ਜਾਣਨ ਦੇ ਲੇਖੇ ਲਾ ਦਿੱਤੇ। ਕਈ ਲੋਕ ਮੈਨੂੰ ਇਸ ਲਈ ਥੋੜ੍ਹਾ ਕਰੈਕ ਕਹਿ ਕੇ ਵੀ ਨਿਵਾਜਦੇ ਹਨ। ਪਰ ਕੋਈ ਗਿਲਾ ਨਹੀਂ ਆਉਂਦਾ ਕਿਉਂਕਿ ਸਾਰੀ ਉਮਰ ਕਿਸੇ ਭੁਲੇਖੇ ’ਚ ਜਿਉਣ ਨਾਲੋਂ ਮੈਨੂੰ ਢਾਈ ਸਾਲ ਕੋਈ ਵੱਡੀ ਚੀਜ਼ ਨਹੀਂ ਲਗਦੇ। ਦੋਸਤੋ ! ਸਾਰੇ ਗ੍ਰੈਹਾਂ ਦੀਆਂ ਚਾਲਾਂ ਤੋਂ ਜਾਣੂ ਹਾਂ, ਸਾਰੇ ਨਗਾਂ ਦਾ ਪਹਿਚਾਣੂੰ ਹਾਂ, ਦਾਨ-ਪੁੰਨ ਵਾਲੀ ਦਵਾਈ ਵੀ ਜਾਣਦਾ ਹਾਂ। ਬਹੁਤੀਆਂ ਭੀੜਾਂ ਵਿੱਚ ਦੀ ਵੀ ਲੰਘ ਆਇਆ ਹਾਂ ਪਰ ਕਦੇ ਕੋਈ ਨਗ ਨਹੀਂ ਪਾਇਆ। ਨਾ ਕਦੇ ਕਿਸੇ ਨੂੰ ਪਾਉਣ ਦੀ ਸਲਾਹ ਦਿੱਤੀ। ਕਈ ਵਾਰ ਜਾਣ-ਪਛਾਣ ਵਾਲੇ ਮੂਹਰੇ ਹੱਥ ਕਰ ਕੇ ਬਹਿ ਜਾਂਦੇ ਹਨ। ਸਮਝਾਉਣ ਦੀ ਕੋਸ਼ਿਸ਼ ਕਰੀਦੀ ਹੈ। ਫੇਰ ਵੀ ਨਾ ਸਮਝੇ ਤਾਂ ਬੱਸ ਉਸ ਨੂੰ ਹਾਸੇ-ਖੇਡੇ ਤੱਕ ਸੀਮਤ ਕਰਨ ਦੀ ਕੋਸ਼ਿਸ਼ ਕਰੀਦੀ ਹੈ ਹਾਲਾਂਕਿ ਇਸ ਲਾਈਨ ਦੀ ਪੜ੍ਹਾਈ ਕਰ ਕੇ ਅੱਜ ਮੈਂ ਵੀ ਮੇਰੇ ਮਿੱਤਰ ਵਾਂਗ ਚੰਡੀਗੜ੍ਹ ’ਚ ਦੋ ਕਨਾਲ ਦੀ ਕੋਠੀ ਦਾ ਮਾਲਕ ਹੁੰਦਾ। ਪਰ ਮੇਰੇ ਜ਼ਮੀਰ ਨੇ ਇਜਾਜ਼ਤ ਨਹੀਂ ਦਿੱਤੀ, ਪੰਜ-ਪੰਜ ਰੁਪਈਆਂ ਦੇ ਪੱਥਰ ਦੇ ਟੁਕੜੇ, ਪੰਜਾਹ-ਪੰਜਾਹ ਹਜ਼ਾਰ ’ਚ ਵੇਚਣ ਦੀ। ਮੇਰੀ ਇਸ ਵਿੱਦਿਆ ਬਾਰੇ ਮੇਰੇ ਨੇੜੇ ਤੋਂ ਜਾਨਣ ਵਾਲੇ ਲੋਕਾਂ ਨੂੰ ਤਾਂ ਪਤਾ ਸੀ। ਪਰ

ਮੈਨੂੰ ਇੱਕ ਲੇਖਕ ਜਾਂ ਕਿਸੇ ਹੋਰ ਰੂਪ ਵਿੱਚ ਜਾਨਣ ਵਾਲਿਆਂ ਲਈ ਜ਼ਰੂਰ ਅਚੰਭੇ ਵਾਲੀ ਗੱਲ ਹੈ। ਸੋ ਇਸੇ ਲਈ ਮੈਂ ਇਹ ਗੱਲ ਤੁਹਾਨੂੰ ਸਭ ਨੂੰ ਦੱਸਣ ਲਈ ਸਹੀ ਵਕਤ ਦੀ ਭਾਲ 'ਚ ਸੀ। ਮੈਡਮ ਮਨਦੀਪ ਕੌਰ ਵਾਲੇ ਇਸ ਸਟ੍ਰਿੰਗ ਅਪ੍ਰੇਸ਼ਨ ਨੇ ਮੈਨੂੰ ਮੌਕਾ ਦਿੱਤਾ ਕਿ ਜਿਸ ਭੁਲੇਖੇ ਨੂੰ ਦੂਰ ਕਰਨ ਲਈ ਮੈਂ ਢਾਈ ਸਾਲ ਖ਼ਰਚੇ ਉਨ੍ਹਾਂ ਨੂੰ ਤੁਹਾਡੇ ਸਾਹਮਣੇ ਲਿਆ ਸਕਾਂ।

ਦੋਸਤੋ ! ਹੁਣ ਮਨਜੀਤ ਸਿੰਘ ਬੋਪਾਰਾਏ ਦੀ ਸੁਣ ਲਵੋ ਕਿ ਇਸ ਬੀਬੀ ਤੋਂ ਬੋਪਾਰਾਏ ਨੂੰ ਕੀ ਮਿਰਚਾਂ ਲੱਗੀਆਂ। ਬਹੁਤ ਸਾਰੇ ਮੇਰੇ ਜਾਗਰੂਕ ਵੀਰਾਂ ਨੂੰ ਪਤਾ ਹੀ ਹੋਣਾ ਹੈ ਕਿ ਉਨ੍ਹਾਂ ਵੱਲੋਂ ਲਿਖੀ ਕਿਤਾਬ 'ਜੋਤਿਸ਼ ਝੂਠ ਬੋਲਦਾ ਹੈ' ਤਿੰਨ ਭਾਸ਼ਾਵਾਂ 'ਚ ਛਪ ਕੇ ਹੁਣ ਤੱਕ ਕਿਤਾਬਾਂ ਦੀ ਵਿੱਕਰੀ ਦੇ ਇਤਿਹਾਸ 'ਚ ਇੱਕ ਰਿਕਾਰਡ ਕਾਇਮ ਕਰ ਚੁੱਕੀ ਹੈ। ਉਨ੍ਹਾਂ ਨੂੰ ਜੋਤਿਸ਼ ਦੇ ਮਾਮਲੇ 'ਚ ਮੇਰੇ ਵਾਂਗ ਹੀ ਜਨੂਨ ਸੀ। ਉਨ੍ਹਾਂ ਇਸ ਕਿਤਾਬ ਨੂੰ ਲਿਖਣ ਤੋਂ ਪਹਿਲਾਂ ਪਤਾ ਨਹੀਂ ਕਿੰਨੇ ਕੁ ਹੱਥ ਦੇਖੇ ਹੋਣਗੇ ! ਇੱਕ ਬਾਰ ਉਨ੍ਹਾਂ ਮੈਨੂੰ ਦੱਸਿਆ ਕਿ "ਮੈਂ ਕਈ ਵਾਰ ਮਰੇ ਬੰਦਿਆਂ ਦੇ ਹੱਥ ਦੇਖਣ ਅਰਥੀ ਕੋਲ ਪਹੁੰਚ ਜਾਂਦਾ ਸੀ ਤੇ ਹੈਰਾਨ ਰਹਿ ਜਾਂਦਾ ਸੀ ਕਿ ਹਾਰਟ ਅਟੈਕ ਨਾਲ ਮਰੇ ਇਸ ਬੰਦੇ ਦੀ ਦਿਲ ਵਾਲੀ ਲਕੀਰ ਤਾਂ ਬੜੀ ਡੂੰਘੀ ਤੇ ਲੰਮੀ ਹੈ ! ਫੇਰ ਇਸ ਨੂੰ ਹਾਰਟ ਅਟੈਕ ਕਿਉਂ ਹੋਇਆ ?" ਸਿਰੜ ਦੇ ਪੱਕੇ ਬੋਪਾਰਾਏ ਨੇ ਜਦੋਂ 'ਦੀ ਪੰਜਾਬ' ਅਖ਼ਬਾਰ ਕੱਢਿਆ, ਅੱਜ ਤੱਕ ਕਦੇ ਕਿਸੇ ਜੋਤਿਸ਼ ਜਾਂ ਕਾਲੇ ਇਲਮ ਵਾਲੇ ਬਾਬੇ ਨੂੰ ਥੜ੍ਹੇ ਨਹੀਂ ਚੜ੍ਹਨ ਦਿੱਤਾ। ਭਾਵੇਂ ਜੇਬ 'ਚੋਂ ਪੈਸੇ ਲਾ ਕੇ ਅਖ਼ਬਾਰ ਚਾਲੂ ਰੱਖਣਾ ਪਿਆ ਹੋਵੇ। ਅਕਸਰ ਹੀ ਬਾਈ ਬੋਪਾਰਾਏ ਕਹਿੰਦੇ ਹੁੰਦੇ ਹਨ ਕਿ ਭੁੱਖਾ ਮਰਨਾ ਮਨਜ਼ੂਰ ਪਰ ਕਿਸੇ ਨੂੰ ਗੁੰਮਰਾਹ ਨਹੀਂ ਕਰਨਾ।

ਅਗਾਂਹ ਦੀ ਗੱਲ ਕਰਦੇ ਹਾਂ, ਰਿਟਾਇਰਡ ਐਡੀਸ਼ਨਲ ਸੈਸ਼ਨ ਜੱਜ ਰਵੀਇੰਦਰ ਸਿੰਘ ਭੱਲਾ ਨਾਲ ਮੇਰੀ ਗੱਲ ਹੋ ਰਹੀ ਸੀ, ਜੋ ਕਿ ਅੱਜਕੱਲ੍ਹ ਆਸਟ੍ਰੇਲੀਆ 'ਚ ਆਏ ਹੋਏ ਹਨ। ਉਹ ਇੱਕ ਵੱਖਰੀ ਕਿਸਮ ਦੇ ਇਨਸਾਨ ਹਨ। ਗਿਆਨ ਦੀ ਤੁਰੀ ਫਿਰਦੀ ਲਾਇਬਰੇਰੀ ਕਹਿ ਦੇਈਏ ਤਾਂ ਅਤਿਕਥਨੀ ਨਹੀਂ ਹੋਵੇਗੀ। ਉਹ ਕਹਿੰਦੇ, "ਪੁੱਤਰਾ ! ਇਕੱਲਾ 'ਹਰਮਨ ਰੇਡੀਓ' ਜਾਂ 'ਦੀ ਪੰਜਾਬ' ਇਹਨਾਂ ਲੋਕਾਂ ਤੇ ਕਾਬੂ ਨਹੀਂ ਪਾ ਸਕਦਾ। ਇਕੱਲੇ ਪੰਜਾਬ 'ਚ ਸਾਡੇ ਬਾਰਾਂ ਹਜ਼ਾਰ ਪਿੰਡਾਂ 'ਚ ਸਾਡੇ ਨੌਂ ਹਜ਼ਾਰ ਬਾਬੇ ਲੋਕਾਂ ਨੂੰ ਗੁਮਰਾਹ ਕਰੀ ਜਾ ਰਹੇ ਹਨ। ਅੱਜ ਲੋੜ ਹੈ ਕਿਸੇ ਇਹੋ ਜਿਹੇ ਕਾਨੂੰਨ ਦੀ ਜਿਸ ਵਿੱਚ ਆਹ 'ਚੌਥਾ ਥੰਮ੍ਹ ਕਹਾਉਣ ਵਾਲਾ ਸਾਡਾ ਮੀਡੀਆ' ਇਸ ਗੱਲ ਦਾ ਵਾਜਿਦ ਹੋਵੇ ਕਿ ਜੇ ਉਹ ਕੁਝ ਇਹੋ ਜਿਹਾ ਛਾਪਦੇ ਹਨ ਜਾਂ ਮਸ਼ਹੂਰੀ ਕਰਦੇ ਹਨ ਤਾਂ ਉਹ ਕਾਨੂੰਨ ਦੀ ਕੜਕੀ ਤੋਂ ਬਚ ਨਹੀਂ ਸਕਣਗੇ।" ਮੈਂ ਭੱਲਾ ਸਾਹਿਬ ਦਾ ਧਿਆਨ ਹਰ ਰੋਜ਼ ਟੀ.ਵੀ. ਤੇ ਆਉਂਦੀਆਂ ਮਸ਼ਹੂਰੀਆਂ ਵੱਲ ਦਵਾਇਆ ਕਿ ਜਦੋਂ ਮਰਜ਼ੀ ਕੋਈ ਚੈਨਲ ਲਾ ਲਵੋ ਤਾਂ ਉੱਥੇ ਕੋਈ ਰਾਸ਼ੀ-ਫਲ ਸੁਣਾ ਰਿਹਾ ਹੁੰਦਾ ਜਾਂ ਫੇਰ ਟਰੰਪ ਕਾਰਡ ਦਿਖਾ ਰਿਹਾ ਹੁੰਦਾ, ਨਹੀਂ ਤਾਂ ਫੇਰ ਦੁਨੀਆ ਖ਼ਤਮ ਹੋਣ ਦੀਆਂ ਭਵਿੱਖ ਬਾਣੀਆਂ ਨਾਲ ਲੋਕਾਂ ਦੇ ਸਾਹ ਸੁਕਾ ਰਹੇ ਹੁੰਦੇ ਹਨ। ਉਹ ਕਹਿੰਦੇ, "ਪੁੱਤਰਾ ! ਉਹ ਇਕੱਲੇ ਤੁਹਾਡੇ ਜਜ਼ਬਾਤਾਂ ਨਾਲ ਹੀ ਨਹੀਂ, ਉਹ ਤਾਂ ਤੁਹਾਡੀ ਸਿਹਤ ਨਾਲ ਵੀ ਮਜ਼ਾਕ ਕਰ ਰਹੇ ਹੁੰਦੇ ਹਨ। ਕੋਈ ਮਿੰਟਾਂ 'ਚ ਤੁਹਾਡੀ ਸ਼ੂਗਰ ਠੀਕ ਕਰ ਰਿਹਾ ਹੁੰਦਾ। ਕੋਈ ਤੇਰੇ ਵਰਗੇ ਨਵੇਂ ਹੋਏ ਗੰਜੇ ਦੇ ਸਿਰ 'ਤੇ ਵਾਲ ਉਗਾ ਰਿਹਾ ਹੁੰਦਾ ਤੇ ਕਈ ਤਾਂ ਕੈਂਸਰ ਜਿਹੀ ਨਾ ਮੁਰਾਦ ਬਿਮਾਰੀ ਨੂੰ ਵੀ ਇੱਕ ਦਵਾਈ ਦੀ ਖ਼ੁਰਾਕ ਨਾਲ ਹੀ ਭਜਾ ਰਹੇ ਹੁੰਦੇ ਹਨ। ਸ਼ੇਰਾ ! ਅੱਤ ਤੇ ਖ਼ੁਦਾ ਦਾ ਵੈਰ ਹੁੰਦਾ। ਸੋ ਹੁਣ ਆਹ ਜਿਹੜਾ ਬੀੜਾ ਤੁਸੀਂ ਹਰਮਨ ਰੇਡੀਓ ਵੱਲੋਂ ਚੁੱਕਿਆ, ਇਸ ਤੋਂ ਪਿੱਛੇ ਨਾ ਹਟਿਓ। ਜੇ ਕੋਈ ਕਾਨੂੰਨੀ ਦਾਅ ਪੇਚ ਦੀ ਲੋੜ ਪਵੇ ਤਾਂ ਅੱਧੀ ਰਾਤ ਆਵਾਜ਼ ਮਾਰ ਲਇਓ। ਇਸ ਕਾਰਜ 'ਚ ਹਿੱਸਾ ਪਾਉਣ ਲਈ ਤੁਹਾਡੇ ਨਾਲ ਦਿਲੋਂ ਖੜ੍ਹੇ ਹਾਂ।"

ਅਸੀਂ ਆਮ ਦੇਖਦੇ ਸੁਣਦੇ ਹਾਂ ਕਿ ਦੁਨੀਆਂ ਗੱਲਾਂ 'ਚ ਬੜੀ ਛੇਤੀ ਆ ਜਾਂਦੀ ਹੈ। ਪਰ ਕਦੇ ਸੋਚਿਆ, ਉਹ ਕਿਹੜੀਆਂ ਗੱਲਾਂ ਤੇ ਛੇਤੀ ਯਕੀਨ ਕਰ ਲੈਂਦੀ ਹੈ ? ਸਹੀ ਅੰਦਾਜ਼ਾ ਲਾਇਆ ਤੁਸੀਂ, ਦੁਨੀਆਂ ਉਨ੍ਹਾਂ ਗੱਲਾਂ 'ਚ ਛੇਤੀ ਵਿਸ਼ਵਾਸ ਕਰ ਲੈਂਦੀ ਹੈ, ਜਿਨ੍ਹਾਂ ਵਿੱਚ ਮਿਹਨਤ ਜਾਂ ਕਰਮ ਕਰਨ ਦੀ ਲੋੜ ਨਾ ਪਵੇ। ਬੱਸ ਥੁੱਕੀਂ ਵੜੇ ਪੱਕ ਜਾਣ। ਸੌਖੀ ਭਾਸ਼ਾ 'ਚ ਕਹੀਏ ਤਾਂ ਅਸੀਂ ਕੱਲ੍ਹ ਨੂੰ ਹੋਣ ਵਾਲੇ ਚਮਤਕਾਰ ਦੀ ਉਡੀਕ 'ਚ ਆਪਣਾ ਅੱਜ ਬਲੀ ਚਾੜ੍ਹ ਦਿੰਦੇ ਹਾਂ। ਮੈਂ ਤਾਂ ਆਪਣੀ ਜ਼ਿੰਦਗੀ 'ਚ ਹਾਲੇ ਤਕ ਚਮਤਕਾਰ ਹੁੰਦੇ ਨਹੀਂ ਦੇਖੇ ਫੇਰ ਵੀ ਨਮਸਕਾਰ ਕਰਨ ਵਾਲਿਆਂ ਨੂੰ ਪਤਾ ਨਹੀਂ ਕੀ ਦਿਸ ਜਾਂਦਾ ! ਹੁਣ ਤੁਸੀਂ ਦੇਖ ਲਇਓ, ਮੇਰਾ ਇਹ ਲੇਖ ਪੜ੍ਹ ਕੇ ਬਹੁਤਿਆਂ ਨੇ ਇਹੀ ਕਹਿਣਾ ਕਿ ਇਸ ਦੇ ਹੱਥ ਦੇਖਣ ਵਾਲਾ ਕੜਾ ਸੂਤ ਨਹੀਂ ਆਇਆ ਹੋਣਾ। ਹੁਣ ਸਾਨੂੰ ਮੱਤਾਂ ਦੇ ਰਿਹਾ। ਦੋਸਤੋ ! ਭਾਵੇਂ ਇੰਡੀਆ ਵਿੱਚ ਇਹੋ ਜਿਹੀ ਕੋਈ ਮਜ਼ਬੂਰੀ ਨਹੀਂ ਸੀ ਕਿ ਇਸ ਕੰਮ ਨੂੰ ਰੋਜ਼ੀ ਰੋਟੀ ਦਾ ਸਾਧਨ ਬਣਾਵਾਂ। ਪਰ ਜਦੋਂ ਨਵਾਂ-ਨਵਾਂ ਆਸਟ੍ਰੇਲੀਆ ਆਇਆ ਸੀ ਤਾਂ ਮਜ਼ਬੂਰੀ ਹੋ ਗਈ ਸੀ। ਬਹੁਤਿਆਂ ਨੇ ਇਹ ਰਾਏ ਦਿੱਤੀ ਕਿ ਆਹ ਪੰਡਤਾਂ ਵਾਲਾ ਕੰਮ ਚਲਾ ਲੈ, ਮੌਜਾਂ ਕਰੇਂਗਾ। ਨਹੀਂ ਤਾਂ ਸੰਤਰੇ ਤੋੜਦੇ ਦੀ ਉਮਰ ਨਿਕਲ ਜਾਊ। ਪਰ ਜ਼ਮੀਰ ਨੇ ਹਰਾਮ ਦੀਆਂ ਖਾਣ ਦੀ ਇਜਾਜ਼ਤ ਨਹੀਂ ਦਿੱਤੀ। ਇੱਕ ਗੱਲ ਇਥੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਨੀਅਤ ਨੂੰ ਮੁਰਾਦਾਂ ਵਾਲਾ ਅਖਾਣ ਸੌ ਫ਼ੀਸਦੀ ਸੱਚ ਹੈ। ਨੀਅਤ ਸਿੱਧੀ ਰੱਖੀ ਤੇ ਇੱਕ ਦਿਨ ਵੀ ਸੰਤਰੇ ਨਹੀਂ ਤੋੜਨੇ ਪਏ। ਆਪ ਹੀ ਰਾਹ ਖੁੱਲ੍ਹਦੇ ਗਏ।

ਜਾਂਦੇ-ਜਾਂਦੇ ਹੋਰ ਸੁਣ ਲਵੋ; ਕੱਲ੍ਹ ਐਡੀਲੇਡ ਦੇ ਉੱਘੇ ਬਿਜਨੈਸਮੈਨ ਤ੍ਰਿਮਾਨ ਗਿੱਲ ਹੋਰਾਂ ਕੋਲ ਬੈਠਾ ਸੀ, ਗੱਲਾਂ ਗੱਲਾਂ 'ਚ ਉਹ ਕਹਿੰਦੇ, "ਯਾਰ ਆਪਣੇ ਕਿਸੇ ਮਿੱਤਰ ਦੀ ਕੋਠੀ 'ਚ ਵਾਸਤੂ ਦੋਸ਼ ਸਨ। ਉਨ੍ਹਾਂ ਕੁਝ ਏਰੀਆ ਢਾਹ ਕੇ ਨਵਾਂ ਲੈਂਟਰ ਪਾਇਆ ਸੀ। ਕੱਲ੍ਹ ਵਾਸਤੂ ਸ਼ਾਸਤਰ ਮਾਹਿਰ ਤੇ ਇੱਕ ਹੋਰ ਕੋਠੀ ਦਾ ਜਾਇਜ਼ਾ ਲੈਣ ਆਏ ਸੀ ਕਿ ਅਚਾਨਕ ਲੈਂਟਰ ਡਿੱਗ ਪਿਆ। ਵਿਚਾਰੇ ਦੋਨੋਂ ਉੱਥੇ ਹੀ ਰਹਿ ਗਏ।" ਮੇਰੇ ਮੂੰਹੋਂ ਅਚਾਨਕ ਹੀ ਨਿਕਲ ਗਿਆ, "ਸ਼ਾਇਦ ਇਹ ਵਾਸਤੂ ਸ਼ਾਸਤਰੀ ਜੀ ਦੀਵੇ ਥੱਲੇ ਹਨੇਰੇ ਦਾ ਸ਼ਿਕਾਰ ਹੋ ਗਏ।"

ਚੰਗਾ ਦੋਸਤੋ ! ਹੁਣ ਰਾਤ ਵੀ ਬਹੁਤ ਹੋ ਗਈ ਹੈ ਤੇ ਆਪਣੇ ਆਪ ਨੂੰ ਵੀ ਬਹੁਤ ਸਾੜ ਲਿਆ ਹੈ। ਜੇ ਤੁਹਾਨੂੰ ਲੱਗੇ ਕਿ ਇਸ ਕਾਂਡ ਨੂੰ ਇੱਕ ਪੂਰੀ ਮੁਹਿੰਮ ਬਣਾ ਕੇ ਸਾਨੂੰ ਸਭ ਨੂੰ ਕੁਝ ਕਰਨਾ ਚਾਹੀਦਾ ਹੈ ਤਾਂ ਤੁਹਾਡੇ ਸਨੇਹਿਆਂ ਤੇ ਸੁਝਾਵਾਂ ਦੀ ਉਡੀਕ ਰਹੇਗੀ। ਜੇ 'ਮੈਨੂੰ ਕੀ' ਤੇ 'ਤੈਨੂੰ ਕੀ' 'ਚ ਹੀ ਉਲਝੇ ਰਹਿਣਾ ਹੈ ਤਾਂ ਤੁਹਾਡੀ ਮਰਜ਼ੀ। ਉਪਰੋਕਤ ਸਟ੍ਰਿੰਗ ਆਪ੍ਰੇਸ਼ਨ ਤੋਂ ਬਾਅਦ ਆਪ ਜੀ ਦੇ ਮਿਲੇ ਵੱਡੇ ਹੁੰਗਾਰੇ ਨਾਲ ਤਾਂ ਇੰਝ ਲੱਗਦਾ ਹੈ ਕਿ 'ਤੁਹਾਨੂੰ ਕਿਉਂ ਨਹੀਂ'। ਸੋ ਆਓ ! ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੂੰ ਇਕੱਲੇ ਸਰਕਾਰਾਂ ਡੇਗਣ ਬਣਾਉਣ 'ਚ ਹੀ ਨਾ ਵਰਤੀਏ, ਸਗੋਂ ਉਨ੍ਹਾਂ ਦੇ ਮਨੁੱਖਤਾ ਪ੍ਰਤੀ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰੀਏ।

****

# ਆਸਟ੍ਰੇਲੀਆ 'ਚ ਭੰਗ ਭੁੱਜਦੀ

ਇਹ ਲੇਖ ਮਾਰਚ 2011 'ਚ ਉਸ ਵਕਤ ਲਿਖਿਆ ਤੇ ਛਪਿਆ ਸੀ ਜਦੋਂ ਆਸਟ੍ਰੇਲੀਆ ਦੇ ਇਕ ਪੰਜਾਬੀ ਵਸੋਂ ਵਾਲੇ ਕਸਬੇ ਗ੍ਰਿਫਿਥ 'ਚ ਇੱਕ ਪੰਜਾਬੀ ਪਰਵਾਰ ਸੁੱਖਾ ਬੀਜਣ ਕਾਰਣ ਪੁਲਿਸ ਦੇ ਅੜਿੱਕੇ ਆ ਗਿਆ ਸੀ। ਜਦੋਂ ਮੈਂ ਇਸ ਕਾਂਡ ਬਾਰੇ ਅਤੇ ਪੰਜਾਬੀਆਂ ਦੇ ਨਸ਼ਿਆਂ ਨਾਲ ਜੁੜੇ ਇਤਿਹਾਸ ਬਾਰੇ ਪੜਤਾਲ ਕੀਤੀ ਤਾਂ ਉਹ ਰੌਂਗਟੇ ਖੜ੍ਹੇ ਕਰਨ ਵਾਲੀ ਸੀ। ਜਿਸ ਨੂੰ ਮੇਰੀ ਕਲਮ ਵੀ ਲਿਖਣ ਤੋਂ ਮੁਨਕਰ ਹੋ ਗਈ। ਇਸ ਪਿੱਛੇ ਮੇਰਾ ਡਰਪੋਕ ਹੋਣਾ ਨਹੀਂ ਸੀ। ਬੱਸ ਇਸ ਪਿੱਛੇ ਇੱਕ ਸੋਚ ਸੀ ਕਿ ਹੁਣ ਪਿਛੋਕੜ ਖੰਘਾਲਣਾ ਕੋਈ ਜ਼ਿਆਦਾ ਸਿਆਣਪ ਦਾ ਕੰਮ ਨਹੀਂ। ਜੋ ਇਨਸਾਨ ਅੱਜ ਮਾੜੇ ਕੰਮ ਛੱਡ ਕੇ ਮੁੱਖ ਧਾਰਾ ਵਿੱਚ ਆ ਗਏ ਹਨ ਅਤੇ ਇੱਕ ਚੰਗੇ ਸਮਾਜ ਦੀ ਸਿਰਜਣਾ 'ਚ ਲੱਗੇ ਹੋਏ ਹਨ, ਉਨ੍ਹਾਂ ਦੇ ਇਸ ਬੁਰੇ ਦੌਰ ਨੂੰ ਖੁਰਚਣਾ ਸਹੀ ਨਹੀ ਹੋਵੇਗਾ। ਸੋ ਇਸੇ ਸੋਚ ਨੂੰ ਮੂਹਰੇ ਰੱਖਦਿਆਂ ਭੂਤਕਾਲ ਯਾਨੀ ਲੰਘ ਗਏ ਸੱਪ ਦੀ ਲੀਹ ਪਿੱਟਣਾ ਮੁਨਾਸਬ ਨਹੀਂ ਸਮਝਿਆ ਤੇ ਚੰਗੇ ਭਵਿੱਖ ਦੀ ਆਸ 'ਚ ਸੂਈ ਸਿਰਫ਼ ਵਰਤਮਾਨ 'ਤੇ ਰੱਖੀ।




ਡੀ.ਏ.ਵੀ. ਕਾਲਜ ਬਠਿੰਡਾ ਵਿਖੇ ਉੱਘੇ ਸ਼ਾਇਰ ਅਤੇ ਪ੍ਰਿੰਸੀਪਲ ਡਾਕਟਰ
ਜੇ ਐਸ ਆਨੰਦ ਨਾਲ ਲੇਖਕ



ਸਾਊਥ ਆਸਟ੍ਰੇਲੀਆ ਮੈਂਬਰ ਲੈਜੀਸਲੇਟਿਵ ਕੌਂਸਲ
ਮਾਨਯੋਗ ਜਿੰਗ ਲੀ ਨਾਲ ਲੇਖਕ

# ਆਸਟ੍ਰੇਲੀਆ 'ਚ ਭੰਗ ਭੁੱਜਦੀ

ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦੇ ਅੱਜ ਤੋਂ ਤਕਰੀਬਨ ਤੀਹ ਵਰ੍ਹੇ ਪਹਿਲਾਂ ਲਿਖੇ ਅਤੇ ਮੁਹੰਮਦ ਸਦੀਕ ਤੇ ਰਣਜੀਤ ਕੌਰ ਵੱਲੋਂ ਗਾਏ ਇਕ ਗੀਤ 'ਜੋੜਾਂ ਵਿਚ ਬਹਿ ਗਿਆ ਜੱਟ ਦੇ ਤੇਲੂ ਰਾਮ ਦੀ ਹੱਟੀ ਦਾ ਜਰਦਾ, ਪਿੰਡ ਵਿੱਚ ਭੰਗ ਭੁੱਜਦੀ ਪਿੰਡੋਂ ਬਾਹਰਲੀ ਸੜਕ ਉੱਤੇ ਠੇਕਾ' ਅੱਜ ਵੀ ਜਦੋਂ ਸੁਣਦਾ ਹਾਂ ਤਾਂ ਇੰਜ ਲਗਦਾ ਹੈ, ਜਿਵੇਂ ਇਹ ਸਾਰੀਆਂ ਗੱਲਾਂ ਮਰਾੜ੍ਹਾਂ ਵਾਲੇ ਮਾਨ ਨੇ ਵਿਦੇਸ਼ੀਂ ਵੱਸਦੇ ਪੰਜਾਬੀਆਂ ਨੂੰ ਲਾ-ਲਾ ਕੇ ਲਿਖੀਆਂ ਹੋਣੀਆਂ। ਚਲੋ ! ਜੋ ਵੀ ਹੈ, ਪਰ ਅੱਜ ਦੇ ਇਸ ਲੇਖ 'ਚ ਕੁੱਝ ਇਹੋ ਜਿਹੇ ਸੱਚ ਆਪ ਜੀ ਨਾਲ ਸਾਂਝੇ ਕਰ ਰਿਹਾ ਹਾਂ, ਜਿਨ੍ਹਾਂ ਨੂੰ ਸੁਣ ਕੇ ਆਪਣੇ ਆਪ ਨੂੰ ਪੰਜਾਬੀ ਕਹਿਣ 'ਚ ਕੋਈ ਮਾਣ ਜਿਹਾ ਮਹਿਸੂਸ ਨਹੀਂ ਹੋਣਾ।

ਇਸ ਚਰਚਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਭੰਗ ਬਾਰੇ ਜਾਣ ਲਈਏ ਕਿ ਇਹ ਭੰਗ ਹੈ ਕੀ ਸ਼ੈ ? ਭਾਵੇਂ ਭੰਗ ਐਨੀ ਵੀ ਦੁਰਲੱਭ ਵਸਤੂ ਨਹੀਂ ਜਿਸ ਬਾਰੇ ਆਮ ਲੋਕਾਂ ਨੂੰ ਪਤਾ ਨਾ ਹੋਵੇ, ਪਰ ਫੇਰ ਵੀ ਕਹਿੰਦੇ ਨੇ ਕਿ ਵੀਹ-ਵੀਹ ਕੋਹ 'ਤੇ ਬੋਲੀ ਬਦਲ ਜਾਂਦੀ ਹੈ। ਸੋ, ਇਸੇ ਕਰ ਕੇ ਕੋਈ ਇਸ ਨੂੰ ਭੰਗ, ਕੋਈ ਸੁੱਖਾ, ਕੋਈ ਸੁੱਖ ਨਿਧਾਨ ਤੇ ਗੋਰੇ ਇਸ ਨੂੰ ਮਰੁਆਨਾ ਤੇ ਹੈਮਪ ਦੇ ਨਾਂ ਨਾਲ ਜਾਣਦੇ ਹਨ। ਨਾਂ ਭਾਵੇਂ ਕੋਈ ਵੀ ਹੋਵੇ ਪਰ ਇਸ ਦਾ ਅਸਲੀ ਕੰਮ ਤਾਂ ਦਿਮਾਗ਼ 'ਤੇ ਸਿੱਧਾ ਅਸਰ ਕਰਨਾ ਹੈ। ਕਹਿੰਦੇ ਨੇ ਕਿ ਜਦੋਂ ਬੰਦਾ ਇਸ ਦਾ ਸੇਵਨ ਕਰ ਲੈਂਦਾ ਹੈ ਤਾਂ ਉਹ ਕੀਤੀ ਜਾਣ ਵਾਲੀ ਕਿਰਿਆ ਵਾਰ-ਵਾਰ ਦੁਹਰਾਉਂਦਾ ਹੈ। ਉਦਾਹਰਨ ਦੇ ਤੌਰ 'ਤੇ ਜੇਕਰ ਉਹ ਹੱਸਣ ਲਗ ਪਵੇ ਤਾਂ ਹੱਸਣੋਂ ਬੰਦ ਨਹੀਂ ਹੁੰਦਾ ਤੇ ਜੇ ਰੋਣ ਲਗ ਪਵੇ ਤਾਂ ਵਿਰਦਾ ਨਹੀਂ। ਇਹ ਨਸ਼ਾ ਕੋਈ ਅੱਜਕੱਲ੍ਹ ਦੇ ਸ਼ੈਤਾਨੀ ਦਿਮਾਗ਼ ਦੀ ਖੋਜ ਨਹੀਂ, ਸਗੋਂ ਇਹ ਤਾਂ ਸਦੀਆਂ ਤੋਂ ਸਾਡੇ ਸਮਾਜ ਦਾ ਹਿੱਸਾ ਰਿਹਾ ਹੈ। ਜਿਸ ਦਾ ਸਬੂਤ ਸਾਡੇ ਪੁਰਾਣੇ ਵੇਦ ਪੁਰਾਣ ਦਿੰਦੇ ਹਨ। ਭਾਵੇਂ ਉਹ ਇਤਿਹਾਸ ਹੋਵੇ ਜਾਂ ਮਿਥਿਹਾਸ, ਇਸ ਭੰਗ ਦਾ ਜ਼ਿਕਰ ਬਹੁਤ ਥਾਵਾਂ ਤੇ ਪੜ੍ਹਨ ਨੂੰ ਮਿਲ ਜਾਂਦਾ ਹੈ। ਪੁਰਾਣੇ ਰਿਸ਼ੀ ਮੁਨੀ ਤਾਂ ਇਸ ਦਾ ਸੇਵਨ ਕਰਦੇ ਹੀ ਸਨ, ਅੱਜ ਕੱਲ੍ਹ ਵੀ ਤੁਸੀਂ ਜੇ ਕਦੇ ਹਿੰਦੁਸਤਾਨ ਦੇ ਪਹਾੜੀ ਖੇਤਰ 'ਚ ਜਾਓ ਤਾਂ ਬਹੁਤ ਸਾਰੇ ਸੰਨਿਆਸੀ ਇਸ ਦਾ ਸੇਵਨ ਕਰਦੇ ਮਿਲ ਜਾਣਗੇ। ਇਕ ਵਾਰ ਮੈਂ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਗਿਆ ਤਾਂ ਰਾਹ ਵਿਚ ਚਮੋਲੀ ਵਿਖੇ ਕੁੱਝ ਸਾਧ ਹੱਥਾਂ ਨੂੰ ਸਰ੍ਹੋਂ ਦਾ ਤੇਲ ਲਾ ਕੇ, ਹੱਥ ਸੁੱਖੇ ਦੇ ਬੂਟਿਆਂ 'ਚ ਜ਼ੋਰ-ਜ਼ੋਰ ਦੀ ਘੁਮਾ ਰਹੇ ਸਨ। ਮੇਰੇ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਇਸ ਨਾਲ ਜੋ ਮੈਲ ਸਾਡੇ ਹੱਥਾਂ ਉੱਤੇ ਜੰਮੇਗੀ ਅਸੀਂ ਉਸ ਨੂੰ ਸੁਲਫ਼ੇ 'ਚ ਪਾ ਕੇ ਸੂਟੇ ਲਾਵਾਂਗੇ। ਹੋਲੀ ਦੇ ਤਿਉਹਾਰ ਦੇ ਮੌਕੇ ਵੱਡੇ ਪੱਧਰ 'ਤੇ ਲੋਕੀਂ ਇਸ ਦਾ ਸੇਵਨ ਕਰਦੇ ਹਨ। ਗੁਰੂ ਦੀਆਂ ਲਾਡਲੀਆਂ ਫ਼ੌਜਾਂ ਯਾਨੀ ਕਿ ਨਿਹੰਗ ਸਿੰਘ ਵੀ ਸੁਖਨਿਧਾਨ ਦੀ ਵਰਤੋਂ ਕਰਨ 'ਚ ਮੋਹਰੀ ਹਨ। ਮੁੱਕਦੀ ਗੱਲ ਇਹ ਹੈ ਕਿ ਹਿੰਦੁਸਤਾਨ 'ਚ ਇਹ ਨਸ਼ਾ ਕੋਈ ਦੁਰਲੱਭ ਚੀਜ਼ ਨਹੀਂ ਹੈ। ਰਾਹੇ-ਵਗਾਹੇ ਜਾਂਦਿਆਂ ਆਮ ਹੀ ਇਸ ਦੇ ਬੂਟੇ ਮਿਲ ਜਾਂਦੇ ਹਨ। ਸੋ, ਕਹਿਣ ਦਾ ਮਤਲਬ ਇਹ ਮੁਫ਼ਤ ਦਾ ਨਸ਼ਾ ਹੈ ਜੋ ਚਾਹੇ ਇਸ 'ਚ ਡੁਬਕੀ ਲਾ ਲਵੇ।

ਪਰ ਜਦੋਂ ਵਿਦੇਸ਼ ਦੀ ਗੱਲ ਆ ਜਾਂਦੀ ਹੈ ਤਾਂ ਖ਼ਾਸ ਕਰ ਆਸਟ੍ਰੇਲੀਆ 'ਚ ਇਹ ਬਹੁਤ ਹੀ ਖ਼ਤਰਨਾਕ ਮੰਨਿਆ ਜਾਂਦਾ ਹੈ। ਇਸ ਨੂੰ ਉਗਾਉਣ 'ਤੇ ਪਾਬੰਦੀ ਲੱਗੀ ਹੋਈ ਹੈ। ਪਹਿਲੋ-ਪਹਿਲ ਤਾਂ

ਆਸਟ੍ਰੇਲੀਆ 'ਚ ਸੁੱਖਾ ਉਗਾਉਣ ਵਾਲੇ ਲਈ ਸਜ਼ਾ ਕੋਈ ਜ਼ਿਆਦਾ ਨਹੀਂ ਸੀ। ਜਿਸ ਦਾ ਲੋਕਾਂ ਨੇ ਬਹੁਤ ਫ਼ਾਇਦਾ ਉਠਾਇਆ। ਜਦੋਂ ਦੁਨੀਆਂ ਫ਼ਾਇਦਾ ਉਠਾ ਰਹੀ ਹੋਵੇ ਤੇ ਸਾਡੇ ਪੰਜਾਬੀ ਕਿਸੇ ਤੋਂ ਕਿਵੇਂ ਪਿੱਛੇ ਰਹਿ ਸਕਦੇ ਹਨ। ਸੋ, ਉਸ ਵਕਤ ਯਾਨੀ ਅੱਜ ਤੋਂ ਵੀਹ ਤੀਹ ਵਰ੍ਹੇ ਪਹਿਲਾਂ ਵੀ ਸਾਡੇ ਪੰਜਾਬੀ ਸਪੂਤਾਂ ਨੇ ਅਮੀਰ ਬਣਨ ਲਈ ਸ਼ਾਰਟ-ਕੱਟ ਮਾਰੇ ਸਨ ਪਰ ਮੌਕੇ ਨਾਲ ਸੰਭਲ ਗਏ। ਭਾਵੇਂ ਇਸ ਮਾਮਲੇ 'ਚ ਬਹੁਤ ਸਾਰੀ ਜਾਣਕਾਰੀ ਸਬੂਤਾਂ ਸਮੇਤ ਮੇਰੇ ਕੋਲ ਸਾਂਭੀ ਪਈ ਹੈ। ਪਰ ਗੱਡੇ ਮੁਰਦੇ ਪੁੱਟਣ 'ਚ ਕਿਸੇ ਦਾ ਕੁੱਝ ਨਹੀਂ ਸੰਵਰਨਾ। ਬਾਕੀ ਕਹਿੰਦੇ ਨੇ ਕਿ ਜੇ ਕੋਈ ਹੁਣ ਸਿੱਧੇ ਰਾਹ ਪੈ ਗਿਆ ਤਾਂ ਉਸ ਦੇ ਜ਼ਖ਼ਮਾਂ ਤੇ ਲੂਣ ਪਾਉਣ ਦਾ ਕੋਈ ਫ਼ਾਇਦਾ ਨਹੀਂ। ਬੱਸ ! ਇਕ ਦਿਲਚਸਪ ਵਾਕਿਆ ਸਾਂਝਾ ਕਰ ਲਈਏ, ਫੇਰ ਅੱਗੇ ਤੁਰਦੇ ਹਾਂ। ਇੱਥੇ ਵੱਸਦੇ ਪੰਜਾਬੀਆਂ ਨੇ ਪਹਿਲਾਂ ਜੋ ਹੱਥਕੰਡੇ ਭੰਗ ਬੀਜਣ ਲਈ ਅਪਣਾਏ ਸਨ, ਉਨ੍ਹਾਂ ਵਿੱਚੋਂ ਇੱਕ ਇਹ ਸੀ ਕਿ ਬਚਪਨ 'ਚ ਦਾਦੀ-ਨਾਨੀ ਤੋਂ ਸੁਣੀਆਂ ਕਹਾਣੀਆਂ ਵਿਚੋਂ ਇੱਕ ਸ਼ੇਰ ਤੇ ਆਜੜੀ ਵਾਲੀ ਕਹਾਣੀ ਤੋਂ ਪੰਜਾਬੀਆਂ ਨੇ ਸੁੱਖੇ ਦੀ ਖੇਤੀ ਕਰਨ 'ਚ ਬਹੁਤ ਕੰਮ ਲਿਆ। ਤਕਰੀਬਨ ਸਭ ਨੇ ਇਹ ਕਹਾਣੀ ਤਾਂ ਸੁਣੀ ਹੋਈ ਹੈ ਕਿ ਇਕ ਆਜੜੀ ਰੋਜ਼ ਹੀ ਉੱਚੀ-ਉੱਚੀ ਰੌਲਾ ਪਾ ਦਿੰਦਾ ਸੀ ਕਿ ਲੋਕੋ ਸ਼ੇਰ ਆ ਗਿਆ ਸ਼ੇਰ। ਜਦੋਂ ਪਿੰਡ ਵਾਲੇ ਉਸ ਨੂੰ ਬਚਾਉਣ ਪਹੁੰਚ ਜਾਂਦੇ ਤਾਂ ਉਹ ਕਹਿ ਦਿੰਦਾ ਮੈਂ ਤਾਂ ਉਂਜ ਹੀ ਕਿਹਾ ਸੀ। ਜਦੋਂ ਇੱਕ ਦਿਨ ਸੱਚੀਂ ਸ਼ੇਰ ਆ ਗਿਆ ਤਾਂ ਉਸ ਨੂੰ ਬਚਾਉਣ ਕੋਈ ਨਾ ਪਹੁੰਚਿਆ। ਸੋ, ਸਾਡੇ ਕੁਝ ਸ਼ਾਤਰ ਦਿਮਾਗ਼ਾਂ ਨੇ ਇਸ ਕਹਾਣੀ ਦਾ ਲਾਹਾ ਲੈਣਾ ਸ਼ੁਰੂ ਕਰ ਦਿੱਤਾ। ਇੱਥੋਂ ਦੀ ਪੁਲਿਸ ਦਾ ਰਿਕਾਰਡ ਦੱਸਦਾ ਹੈ ਕਿ ਪਹਿਲਾਂ ਜਿਹੜੇ ਲੋਕ ਇਸ ਧੰਦੇ 'ਚ ਪਏ ਸਨ, ਉਨ੍ਹਾਂ ਆਪ ਹੀ ਪੁਲਿਸ ਨੂੰ
ਫ਼ੋਨ ਕਰ ਦੇਣਾ ਕਿ ਫ਼ਲਾਣਾ ਸਿਓ ਨੇ ਸੁੱਖਾ ਬੀਜ ਰੱਖਿਆ ਹੈ। ਪੁਲਿਸ ਜਦੋਂ ਉੱਥੇ ਚੜ੍ਹਾਈ ਕਰਦੀ ਤਾ ਕੁੱਝ ਨਾ ਲੱਭਣਾ। ਫੇਰ ਮਹੀਨੇ ਕੁ ਬਾਅਦ ਇਹੀ ਕੁੱਝ ਕਰਨਾ। ਇਸੇ ਤਰ੍ਹਾਂ ਤਿੰਨ-ਚਾਰ ਵਾਰ ਸ਼ੇਰ-ਸ਼ੇਰ ਕਰ ਦੇਣਾ ਤੇ ਜਦੋਂ ਪੁਲਿਸ ਇਸ ਗੱਲੋਂ ਤੰਗ ਹੋ ਜਾਂਦੀ ਕਿ ਕੋਈ ਐਵੇਂ ਹੀ ਤੰਗ ਕਰ ਰਿਹਾ ਹੈ ਤਾਂ ਬੜੇ ਆਰਾਮ ਨਾਲ ਸੁੱਖਾ ਬੀਜ ਲੈਣਾ।

ਗੱਲ ਅਗਾਂਹ ਦੀ ਕਰ ਲਈਏ, ਅੱਜਕੱਲ੍ਹ ਆਸਟ੍ਰੇਲੀਆ ਦੇ ਕਾਨੂੰਨ ਇਸ ਮਾਮਲੇ 'ਚ ਬਹੁਤ ਸਖ਼ਤ ਹੋ ਚੁੱਕੇ ਹਨ। ਪਰ ਅੱਜ ਦੇ ਤੇਜ਼ ਤਰਾਰ ਯੁੱਗ ਵਿਚ ਲੋਕ ਵੀ ਹਾਈਟੈੱਕ ਹੋ ਚੁੱਕੇ ਹਨ। ਹੁਣ ਲੋਕ ਹਿਸਾਬੀ-ਕਿਤਾਬੀ ਹੋ ਗਏ ਹਨ। ਹੁਣ ਇੰਟਰਨੈਟ 'ਤੇ ਸਰਚ ਮਾਰ ਕੇ ਦੇਖ ਲੈਂਦੇ ਹਨ ਕਿ ਕਿੰਨੇ ਸੁੱਖੇ ਦੇ ਬੂਟੇ ਫੜੇ ਜਾਣ 'ਤੇ ਕਿੰਨੀ ਸਜ਼ਾ ਹੈ। ਜਿਵੇਂ ਸਿਨਮਾ ਮਾਲਕ ਸਿਨਮੇ 'ਚ 999 ਸੀਟਾਂ ਲਵਾਉਂਦੇ ਹਨ ਤਾਂਕਿ ਟੈਕਸ ਘੱਟ ਪਵੇ। ਉਸੇ ਤਰ੍ਹਾਂ ਆਸਟ੍ਰੇਲੀਆ ਦੇ ਕਾਨੂੰਨ ਮੁਤਾਬਿਕ ਜੇ 999 ਬੂਟੇ ਸੁੱਖੇ ਦੇ ਫੜੇ ਜਾਣ ਤਾਂ ਸਜਾ ਘੱਟ ਹੈ ਤੇ ਜੇ ਇਕ ਹਜ਼ਾਰ ਹੋਣ ਤਾਂ ਸਜ਼ਾ ਜ਼ਿਆਦਾ ਹੈ। ਪੰਜਾਬੀ ਬੱਬਰ ਸ਼ੇਰ ਬੱਸ ਹੁਣ ਇਸੇ ਮੋਰੀ ਦਾ ਫ਼ਾਇਦਾ ਲੈ ਰਹੇ ਹਨ। ਇਤਿਹਾਸ ਗਵਾਹ ਹੈ ਕਿ ਪੁਰਾਣੇ ਵੇਲੇ ਤੋਂ ਹੀ ਪੰਜਾਬੀ ਕਦੇ ਜੇਲ੍ਹਾਂ ਕੱਟਣ ਤੋਂ ਨਹੀਂ ਡਰੇ । ਬੱਸ ਫ਼ਰਕ ਇੰਨਾ ਕੁ ਹੈ ਕਿ ਉਦੋਂ ਦੇਸ਼ ਕੌਮ ਲਈ ਜੇਲ੍ਹਾਂ ਕੱਟਦੇ ਸਨ ਤੇ ਅੱਜਕੱਲ੍ਹ ਨਸ਼ਿਆਂ ਲਈ।

ਇੱਕ ਦਿਨ ਮੈਨੂੰ ਮੇਰੇ ਇੱਕ ਕਲਮੀ ਮਿੱਤਰ ਰਿਸ਼ੀ ਗੁਲਾਟੀ ਕੋਲ ਕੁੱਝ ਵਕਤ ਗੁਜ਼ਾਰਨ ਦਾ ਮੌਕਾ ਮਿਲਿਆ ਤਾਂ ਦੁੱਖ ਸੁੱਖ ਸਾਂਝੇ ਕਰਦਿਆਂ ਉਹ ਕਹਿੰਦਾ, ''ਭਾਜੀ ਤੁਹਾਨੂੰ ਨਹੀਂ ਲੱਗਦਾ ਕਿ ਉਂਜ ਤਾਂ ਸਾਡਾ ਪੰਜਾਬੀਆਂ ਦਾ ਇਤਿਹਾਸ ਬੜਾ ਬਹਾਦਰੀ ਤੇ ਕੁਰਬਾਨੀਆਂ ਨਾਲ ਭਰਿਆ ਹੈ ਪਰ

ਅੱਜਕੱਲ੍ਹ ਪੰਜਾਬੀਆਂ ਦੇ ਹਿਰਦੇ ਕੁੱਝ ਜ਼ਿਆਦਾ ਹੀ ਕਮਜ਼ੋਰ ਹੋ ਗਏ ਹਨ ? ਜਿਹੜੇ ਕਿ ਨਿੱਕੀ ਨਿੱਕੀ ਗੱਲ 'ਤੇ ਵਲੂੰਧਰੇ ਜਾਂਦੇ ਹਨ। ਜੇ ਕਿਸੇ ਨੇ ਛੋਟਾ-ਮੋਟਾ ਅਖ਼ਬਾਰੀ ਬਿਆਨ ਦੇ ਦਿੱਤਾ... ਤਾਂ, ਜੇ ਕਿਤੇ ਕੋਈ ਅੱਖਰ ਵੱਧ ਘੱਟ ਲਿਖਿਆ ਗਿਆ... ਤਾਂ। ਕਹਿਣ ਦਾ ਮਤਲਬ ਹੁਣ ਉਹੋ ਜਿਹੇ ਜੇਰੇ ਨਹੀਂ ਰਹੇ, ਬਰਦਾਸ਼ਤ ਕਰਨ ਦਾ ਮਾਦਾ ਨਹੀਂ ਰਿਹਾ !" ਮੈਂ ਕਿਹਾ, "ਨਿੱਕੀਆਂ ਗੱਲਾਂ ਹੀ ਸਾਨੂੰ ਤੰਗ ਕਰਦਿਆਂ ਹਨ, ਵੱਡੀਆਂ ਗੱਲਾਂ ਲਈ ਸਾਡੇ ਜੇਰੇ ਬਹੁਤ ਤਕੜੇ ਨੇ। ਭਾਵੇਂ ਕੋਈ ਪੰਜਾਬੀਅਤ ਦਾ ਪਹਿਰਾਵਾ ਪਹਿਨ ਕੇ ਘਪਲੇ ਕਰੀ ਜਾਵੇ, ਭਾਵੇਂ ਕੋਈ ਰੇਪ ਕਰੀ ਜਾਵੇ ਜਾਂ ਫੇਰ ਨਸ਼ਿਆਂ ਦੇ ਕਾਲੇ ਬਾਜ਼ਾਰ ਰਾਹੀ ਆਉਣ ਵਾਲੀ ਜੁਆਨੀ ਖਾਈ ਜਾਵੇ, ਇਹਨਾਂ ਗੱਲਾਂ ਨਾਲ ਸਾਡੇ ਹਿਰਦੇ ਨਹੀਂ ਵਲੂੰਧਰੀਦੇ, ਫੇਰ ਅਸੀਂ ਤਕੜੇ ਜੇਰੇ ਵਾਲੇ ਹਾਂ।

ਕੁੱਝ ਤਾਜ਼ਾ ਮਿਸਾਲਾਂ ਹੀ ਦੇਖ ਲਵੋ ਥੋੜ੍ਹਾ ਜਿਹਾ ਚਿਰ ਪਹਿਲਾਂ ਸਾਡੇ ਗੁਆਂਢੀ ਮੁਲਕ ਨਿਊਜ਼ੀਲੈਂਡ ਵਿਚ ਆਪਣੇ ਪੰਜਾਬੀ ਸ਼ੇਰਾਂ ਨੇ ਜਾਅਲੀ ਵੋਟਾਂ ਲਈ ਕੀ ਕੁੱਝ ਨਹੀਂ ਕੀਤਾ ਤੇ ਹੁਣ ਗ੍ਰਿਫਿਥ ਵਾਲੇ ਭੰਗ ਕਾਂਡ ਬਾਰੇ ਦੇਖ ਲਵੋ। ਕੋਈ ਕਿਸੇ ਨੇ ਨਿੰਦਿਆ ਦਾ ਬਿਆਨ ਨਹੀਂ ਦਿੱਤਾ। ਕੋਲ ਬੈਠਾ ਜੀਤਾ ਸੋਢੀ ਕਹਿੰਦਾ, ''ਬਾਈ ਜੀ ! ਉਹ ਨਾਮੀ ਗਰਾਮੀ ਬੰਦਿਆਂ ਦੇ ਖ਼ਾਸ ਹੋਣਗੇ, ਬੱਸ ਇਸੇ ਕਰ ਕੇ ਸਾਡੇ ਸੀਨੇ ਵਲੂੰਧਰੇ ਨਹੀਂ ਗਏ।'' ਪਰ ਮੈਂ ਇਸ ਨਾਲ ਸਹਿਮਤ ਨਹੀਂ। ਜੇਕਰ ਗੱਲ 'ਨਾਮੀ ਗਰਾਮੀ ਬੰਦਿਆਂ' ਦੀ ਕਰੀਏ ਤਾਂ ਵਿਦੇਸ਼ਾਂ 'ਚ ਨਾਮਣਾ ਖੱਟਣਾ ਖਾਲਾ ਜੀ ਦਾ ਵਾੜਾ ਨਹੀਂ, ਇਹ ਜ਼ਰੂਰ ਹੀ ਉਨ੍ਹਾਂ ਲੋਕਾਂ ਦੀ ਸਖ਼ਤ ਮਿਹਨਤ ਤੇ ਚੰਗੇ ਕਰਮਾਂ ਦਾ ਨਤੀਜਾ ਹੋਵੇਗਾ। ਪ੍ਰੰਤੂ ਜਿੱਥੋਂ ਤੱਕ 'ਖ਼ਾਸ ਬੰਦਿਆਂ' ਦਾ ਸੁਆਲ ਹੈ ਤਾਂ ਸਪਸ਼ਟ ਜਿਹੀ ਗੱਲ ਹੈ ਕਿ ਅੱਜਕੱਲ੍ਹ ਤਾਂ ਆਪਣੇ ਜੰਮੇ-ਜਾਏ 'ਤੇ ਵੀ ਭਰੋਸਾ ਨਹੀਂ ਕਰ ਸਕਦੇ ਤੇ ਜੇਕਰ 'ਖ਼ਾਸ ਬੰਦਿਆਂ' ਨੇ ਕੋਈ ਚੰਨ ਚਾੜ੍ਹ ਵੀ ਦਿੱਤਾ ਤਾਂ ਇਸ ਵਿਚ ਉਨ੍ਹਾਂ ਨਾਮੀ ਗਰਾਮੀ ਪਤਵੰਤਿਆਂ ਦਾ ਕੀ ਕਸੂਰ ?

ਅੱਜਕੱਲ੍ਹ ਅਸੀਂ ਆਸਟ੍ਰੇਲੀਅਨ ਅਖ਼ਬਾਰਾਂ ਦਾ ਸ਼ਿੰਗਾਰ ਬਣੇ ਹੋਏ ਹਾਂ। ਕਦੇ ਅਸੀਂ ਪੁਲਿਸ ਹਿਰਾਸਤ 'ਚ, ਕਦੇ ਅਸੀਂ ਰੇਪ 'ਚ, ਕਦੇ ਡਰਾਈਵਿੰਗ 'ਚ ਤੇ ਕਦੇ ਭੰਗ 'ਚ ਮੱਲ੍ਹਾਂ ਮਾਰ ਕੇ ਅਖ਼ਬਾਰਾਂ ਦਾ ਸ਼ਿੰਗਾਰ ਬਣਦੇ ਹਾਂ। ਹਾਲੇ ਤਾਂ ਥੋੜ੍ਹਾ ਜਿਹਾ ਇੰਤਜ਼ਾਰ ਕਰੋ ਫੇਰ ਦੇਖਿਓ ਰੈਨਮਾਰਕ (ਰਿਵਰਲੈਂਡ ਸਾਊਥ ਆਸਟ੍ਰੇਲੀਆ) 'ਚ ਫੜੀ ਹੈਰੋਇਨ ਕਿਹੜੇ-ਕਿਹੜੇ ਭੱਦਰ ਪੁਰਖਾਂ ਦੇ ਚਿਹਰੇ ਨੰਗੇ ਕਰਦੀ ਹੈ। ਹਾਲੇ ਫੈਡਰਲ ਪੁਲਿਸ ਤਫ਼ਤੀਸ਼ 'ਚ ਜੁੱਟੀ ਹੋਈ ਹੈ।

ਦੋ ਕੁ ਵਰ੍ਹੇ ਪਹਿਲਾਂ ਬਣੀ ਹਿੰਦੀ ਫ਼ਿਲਮ 'ਸਿੰਘ ਇਜ਼ ਕਿੰਗ' ਜਿਸ ਦਾ ਵੱਡਾ ਹਿੱਸਾ ਆਸਟ੍ਰੇਲੀਆ 'ਚ ਫ਼ਿਲਮਾਇਆ ਗਿਆ ਸੀ ਤੇ ਉਸ ਵਿੱਚ ਸੱਚੀਂ-ਮੁੱਚੀਂ ਦੇ ਕਿੰਗ ਸਰਦਾਰ ਮਨਮੋਹਨ ਸਿੰਘ ਨੂੰ ਕਿੰਗ ਬਣਨ ਤੱਕ ਦੇ ਸਫ਼ਰ ਨੂੰ ਨਹੀਂ ਸੀ ਦਿਖਾਇਆ ਉਲਟਾ ਉਸ ਵਿੱਚ ਨਸ਼ਿਆਂ ਦੇ ਮਾਫ਼ੀਆ ਕਿੰਗ ਦੇ ਰੂਪ ਵਿੱਚ ਸਿੰਘਾਂ ਨੂੰ ਦਿਖਾਇਆ ਸੀ। ਇਹ ਫ਼ਿਲਮ ਦੇਖ ਕੇ ਅਸੀਂ ਸੋਚਿਆ ਸੀ ਕਿ ਅਮਰੀਕਾ-ਕੈਨੇਡਾ 'ਚ ਤਾਂ ਇਹੋ ਜਿਹੇ ਗੈਂਗ ਸੁਣਨ ਨੂੰ ਮਿਲਦੇ ਸਨ। ਪਰ ਆਸਟ੍ਰੇਲੀਆ 'ਚ ਇਹ ਇਕ ਕਲਪਨਾ ਮਾਤਰ ਹੀ ਸੀ। ਪਰ ਹੁਣ ਲਗਦਾ ਸ਼ਾਇਦ ਇਹ ਭਵਿੱਖ ਦੇ ਆਸਟ੍ਰੇਲੀਆ ਦੀ ਤਸਵੀਰ ਸੀ।

ਕੁੱਝ ਹੋਰ ਗੱਲਾਂ ਆਪ ਜੀ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ, ਜਿਹੜੀਆਂ ਸੁਣੀਆਂ ਤਾਂ ਮੈਂ ਬਹੁਤ ਪਹਿਲਾਂ ਤੋਂ ਸੀ, ਪਰ ਅੱਖੀਂ ਦੇਖੇ ਬਿਨਾਂ ਯਕੀਨ ਨਹੀਂ ਸੀ ਆ ਰਿਹਾ। ਇਹ ਲੇਖ ਲਿਖਣ

ਤੋਂ ਪਹਿਲਾਂ ਮੈਂ ਤੇ ਮੇਰੇ ਇਕ ਮਿੱਤਰ ਜੌਲੀ ਗਰਗ ਨੇ ਇਕ ਪੂਰਾ ਦਿਨ ਐਡੀਲੇਡ ਵਿਚ ਇਸੇ ਕੰਮ 'ਤੇ ਲਾਇਆ। ਨਸ਼ਿਆਂ ਦੇ ਸ਼ੁਰੂ ਹੋਏ ਇਸ ਕਾਲੇ ਕਾਰੋਬਾਰ ਬਾਰੇ ਨੇੜੇ ਤੋਂ ਜਾਣ ਕੇ ਹੀ ਇਹ ਲੇਖ ਲਿਖਣ ਬੈਠਾ ਹਾਂ।

ਮੇਰਾ ਇਕ ਪੁਰਾਣਾ ਮਿੱਤਰ ਜੋਗਿੰਦਰ ਸਿੰਘ ਕੁੰਡੀ ਐਡੀਲੇਡ 'ਚ ਹੀ ਰਹਿੰਦਾ ਹੈ। ਉਹ ਇੱਕ ਬੜਾ ਸੂਝਵਾਨ ਪਾਠਕ ਹੈ ਤੇ ਉਸ ਨੇ ਕਈ ਉੱਘੇ ਸਾਹਿਤਕਾਰਾਂ ਦਾ ਸਾਥ ਵੀ ਮਾਣਿਆ ਹੈ। ਉਹ ਅਕਸਰ ਹੀ ਮੇਰੇ ਲੇਖ ਪੜ੍ਹ ਕੇ ਟਿੱਕਾ ਟਿੱਪਣੀ ਕਰਦਾ ਹੁੰਦਾ ਹੈ। ਕਈ ਵਾਰ ਤਾਂ ਆਥਣ ਵੇਲੇ ਘੁੱਟ ਲਾ ਕੇ ਤਾਂ ਉਹ ਖਾਸੀ ਕਰੜੀ ਟਿੱਪਣੀ ਵੀ ਕਰ ਦਿੰਦਾ ਹੈ। ਪਰ ਦਿਨ ਚੜ੍ਹਦੇ ਸਾਰ ਉਸ ਨੂੰ ਡਿਲੀਟ ਵੀ ਕਰ ਦਿੰਦਾ ਹੈ। ਕਾਫ਼ੀ ਲੰਬੇ ਅਰਸੇ ਬਾਅਦ ਇੱਕ ਦਿਨ ਉਸ ਦਾ ਸੁਨੇਹਾ ਫੇਸਬੁੱਕ 'ਤੇ ਪੜ੍ਹਿਆ ਤਾਂ ਮੈਂ ਉਸੇ ਵਕਤ ਉਸ ਨੂੰ ਫ਼ੋਨ ਕਰ ਕੇ ਲੰਬੀ ਗ਼ੈਰਹਾਜ਼ਰੀ ਦਾ ਕਾਰਨ ਪੁੱਛਿਆ। ਉਸ ਨੇ ਆਪਣੇ ਨਾਲ ਵਾਪਰੇ ਹਾਦਸੇ ਬਾਰੇ ਦੱਸਿਆ, ਜਿਸ ਨਾਲ ਉਸ ਦੀ ਇੱਕ ਅੱਖ ਮਸਾਂ ਹੀ ਬਚੀ ਹੈ। ਦੂਜੇ ਦਿਨ ਹੀ ਮੈਂ ਆਪਣਾ ਫ਼ਰਜ਼ ਸਮਝਦਿਆਂ ਜੌਲੀ ਨੂੰ ਨਾਲ ਲੈ ਕੇ ਉਸ ਦਾ ਹਾਲ-ਚਾਲ ਪਤਾ ਕਰਨ ਉਨ੍ਹਾਂ ਦੇ ਘਰ ਗਿਆ। ਹਾਲ-ਚਾਲ ਪੁੱਛਣ ਤੋਂ ਬਾਅਦ ਜਦੋਂ ਏਧਰ-ਉਧਰ ਦੀਆਂ ਗੱਲਾਂ ਚਲੀਆਂ ਤਾਂ ਗੱਲ ਉਸੇ ਨਸ਼ੇ ਦੇ ਕਾਲੇ ਕਾਰੋਬਾਰ ਉੱਤੇ ਆ ਖੜ੍ਹੀ। ਜੋਗਿੰਦਰ ਕਹਿੰਦਾ, "ਬਾਈ ਜੀ ! ਆਪਣੇ ਮੁੰਡੇ ਇੱਥੇ ਆ ਕੇ ਭਾਵੇਂ ਔਖੇ ਹੋਏ ਸੀ ਪਰ ਆਹ ਨਸ਼ਿਆਂ ਤੋਂ ਬਚ ਗਏ ਸੀ। ਇਹ ਨਸ਼ਿਆਂ ਵਾਲਾ ਸੱਪ ਜਿਸ ਨੂੰ ਅਸੀਂ ਪੰਜਾਬ ਦੀ ਖੁੱਡ 'ਚ ਛੱਡ ਆਏ ਸੀ, ਅੱਜਕੱਲ੍ਹ ਇੱਥੇ ਫਨ ਚੁੱਕੀ ਫਿਰਦਾ !" ਉਸ ਦੀ ਇਸ ਗੱਲ ਨੇ ਇਸ ਬਾਰੇ ਵਿਚ ਡੂੰਘਾਈ ਨਾਲ ਛਾਣ-ਬੀਣ ਕਰਨ ਦੀ ਮੇਰੀ ਜਿਗਿਆਸਾ ਫੇਰ ਹਰੀ ਕਰ ਦਿੱਤੀ। ਜਦੋਂ ਅਸੀਂ ਇਸ ਕੰਮ 'ਤੇ ਮਿਸ਼ਨ ਵਿੱਢਿਆ ਤਾਂ ਬੜੇ ਹੀ ਹੈਰਾਨੀਜਨਕ ਸੱਚ ਸਾਹਮਣੇ ਆਏ। ਜਿਨ੍ਹਾਂ ਵਿਚੋਂ ਕੁੱਝ ਆਪ ਦੇ ਸਾਹਮਣੇ ਕਰ ਰਿਹਾ ਹਾਂ।

ਆਸਟ੍ਰੇਲੀਆ ਵਿਚ ਭਾਵੇਂ ਸਿਗਰਟਨੋਸ਼ੀ ਬਹੁਤ ਜ਼ਿਆਦਾ ਹੈ ਤੇ ਬੰਦਿਆਂ ਦੇ ਨਾਲ ਨਾਲ ਤੀਵੀਆਂ ਵੀ ਇਸ ਦੀਆਂ ਸ਼ੌਕੀਨ ਹਨ ਪਰ ਇੱਥੋਂ ਦੇ ਕਾਨੂੰਨ ਮੁਤਾਬਿਕ ਅਠਾਰ੍ਹਾਂ ਵਰ੍ਹਿਆਂ ਤੋਂ ਛੋਟਾ ਕੋਈ ਵੀ ਇਸ ਨੂੰ ਖ਼ਰੀਦ ਨਹੀਂ ਸਕਦਾ। ਇਸ ਨੂੰ ਵੇਚਣ ਵਾਲੇ ਨੂੰ ਵੀ ਇੱਕ ਖ਼ਾਸ ਲਾਇਸੈਂਸ ਦੀ ਲੋੜ ਹੁੰਦੀ ਹੈ। ਜਿਵੇਂ ਇੰਡੀਆ 'ਚ ਇਕ ਬਾਰੀਕ ਜਿਹੀ ਲਾਈਨ ਸਿਗਰਟਾਂ ਦੀ ਡੱਬੀ ਉੱਤੇ ਲਿਖੀ ਹੁੰਦੀ ਹੈ ਕਿ ਇਹ ਸਿਹਤ ਲਈ ਹਾਨੀਕਾਰਕ ਹੈ। ਪਰ ਆਸਟ੍ਰੇਲੀਆ ਵਿਚ ਡੱਬੀ ਦਾ ਵੱਡਾ ਹਿੱਸਾ ਭੈੜੀ ਜਿਹੀ ਫੋਟੋ ਅਤੇ ਚੇਤਾਵਨੀਆਂ ਨਾਲ ਭਰਿਆ ਹੁੰਦਾ ਹੈ। ਸੋ ਕਹਿਣ ਦਾ ਮਤਲਬ ਇੰਡੀਆ ਦੀ ਬਣੀ ਸਿਗਰਟ ਆਸਟ੍ਰੇਲੀਆ ਦੇ ਕਾਨੂੰਨ ਮੁਤਾਬਿਕ ਕਿਤੇ ਫ਼ਿੱਟ ਨਹੀਂ ਬੈਠਦੀ। ਪਰ ਹੁਣ ਦੇਖ ਲਵੋ, ਇੰਨੇ ਸਖ਼ਤ ਕਾਇਦੇ ਕਾਨੂੰਨ ਲੰਘ ਕੇ ਬਹੁਤ ਸਾਰੀਆਂ ਇੰਡੀਅਨ ਦੁਕਾਨਾਂ ਤੋਂ ਤੁਹਾਨੂੰ ਇੰਡੀਆ ਮੇਡ ਸਿਗਰਟਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਜਿਹੜਾ ਮਰਜ਼ੀ ਜ਼ਰਦਾ ਲੈ ਲਓ, ਜਿਹੜੀ ਮਰਜ਼ੀ ਨਸਵਾਰ, ਹੋਰ ਤਾਂ ਹੋਰ ਇੰਡੀਆ ਵਿਚ ਅਫ਼ੀਮ ਦੀ ਥਾਂ ਤੇ ਵਰਤੀਆਂ ਜਾਂਦੀਆਂ ਕਾਮਨੀ ਨਾਂ ਦੀਆਂ ਗੋਲੀਆਂ ਦੀ ਇਕ ਸ਼ੀਸ਼ੀ ਜੋ ਇੰਡੀਆ 'ਚ ਢਾਈ ਸੌ ਰੁਪਈਆਂ ਦੀ ਆ ਜਾਂਦੀ ਹੈ, ਉਸ ਲਈ ਇਹ ਦੁਕਾਨਾਂ ਵਾਲੇ ਡੇਢ ਸੌ ਡਾਲਰ ਮੰਗਦੇ ਹਨ। ਮਹਿੰਗੀਆਂ ਹੋਣ ਕਾਰਨ ਤੇਲੂ ਰਾਮ ਦੀ ਹੱਟੀ ਵਾਂਗ ਦਸ-ਵੀਹ ਦੀਆਂ ਖੁੱਲ੍ਹੀਆਂ ਵੀ ਦੇ ਦਿੰਦੇ ਹਨ। ਜਦੋਂ ਅਸੀਂ ਇਹ ਸਭ ਕੁੱਝ ਆਪਣੇ ਅੱਖੀਂ ਦੇਖਦੇ ਫਿਰਦੇ ਸੀ ਤਾਂ ਇਕ ਦੱਸਣ ਵਾਲੇ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਨਾਲ ਸਾਨੂੰ ਇਕ ਪਤਾ ਦਿੱਤਾ ਜਿੱਥੋਂ

ਕਹਿੰਦੇ ਇੰਡੀਆ ਦੀ ਵਿਸਕੀ ਵੀ ਮਿਲ ਜਾਂਦੀ ਹੈ। ਬੱਸ ਸਾਡੇ ਕੋਲ ਵਕਤ ਦੀ ਕਮੀ ਹੋਣ ਕਾਰਨ ਉਸ ਮਹਾਂਪੁਰਖ ਦੇ ਦਰਸ਼ਨ ਨਹੀਂ ਹੋ ਸਕੇ, ਜਿਸ ਕੋਲੋਂ ਰਾਇਲ ਸਟੈਗ ਮਾਰ੍ਕੇ ਦੀ ਇਹ ਇੰਡੀਅਨ ਵਿਸਕੀ ਮਿਲਦੀ ਹੈ। ਪਰ ਮੇਰੀ ਜਿਗਿਆਸਾ ਮੈਨੂੰ ਛੇਤੀ ਹੀ ਉਸ ਦੇ ਦਰਸ਼ਨ ਵੀ ਕਰਾ ਦੇਵੇਗੀ। ਜਦੋਂ ਅਸੀਂ ਇੱਕ ਨਸ਼ੇ ਦੇ ਇਸ ਵਪਾਰੀ ਨੂੰ ਕਿਹਾ ਕਿ ਯਾਰ ਮੈਂ ਬੜੀ ਦੂਰ ਤੋਂ ਆਇਆ ਰੋਜ਼-ਰੋਜ਼ ਆਉਣਾ ਔਖਾ, ਜੇ ਇਕੱਠੀਆਂ ਲੈਣੀਆਂ ਹੋਣ ਤਾਂ ਕਿੰਨੀਆਂ ਤੇ ਕੀ ਭਾਅ ਮਿਲਣਗੀਆਂ ? ਮੂਹਰੋਂ ਕਹਿੰਦਾ, ''ਜਨਾਬ ਤੁਸੀ ਹੁਕਮ ਕਰੋ ਤੇ ਪੈਸੇ ਖ਼ਰਚੋ, ਕਹੋ ਤਾਂ ਟਰੱਕ ਭੇਜ ਦਿੰਦੇ ਹਾਂ।'' ਬਾਕੀ ਇਹ ਸਭ ਕੁੱਝ ਤਾਂ ਮੈਂ ਇਕ ਛੋਟੇ ਜਿਹੇ ਸ਼ਹਿਰ ਐਡੀਲੇਡ 'ਚ ਹੀ ਦੇਖਿਆ ਹੈ। ਸਿਡਨੀ, ਮੈਲਬੌਰਨ ਜਿਹੇ ਵੱਡੇ ਮਹਾਂਨਗਰਾਂ ਵਿਚ ਪਤਾ ਨਹੀਂ ਕੀ-ਕੀ ਹੁੰਦਾ ਹੋਣਾ ? ਹੁਣ ਇਹਨਾਂ ਗੱਲਾਂ ਤੋਂ ਤੁਸੀ ਅੰਦਾਜ਼ਾ ਲਾਓ ਕਿ ਇਹ ਕਾਰੋਬਾਰ ਕੋਈ ਨਿੱਕੇ ਮੋਟੇ ਪੱਧਰ 'ਤੇ ਨਹੀਂ ਹੋ ਰਿਹਾ, ਇਸ ਪਿੱਛੇ ਕੋਈ ਵੱਡਾ ਗੈਂਗ ਜ਼ਰੂਰ ਹੋਵੇਗਾ। ਨਹੀਂ ਤਾਂ ਆਸਟ੍ਰੇਲੀਆ ਜਿਹੇ ਮੁਲਕ 'ਚ ਜਿੱਥੇ ਪੱਤੇ ਝੂਲਣ ਦਾ ਵੀ ਰਿਕਾਰਡ ਰੱਖਿਆ ਜਾਂਦਾ ਉੱਥੇ ਬਿਨਾਂ ਰੋਕ-ਟੋਕ ਇਹ ਕਾਰੋਬਾਰ ਕਿਵੇਂ ਪੈਰ ਪਸਾਰ ਰਿਹਾ ਹੈ ?

ਲਓ ਜੀ ਜਾਂਦੇ-ਜਾਂਦੇ ਇਕ ਹੋਰ ਸੁਣ ਲਵੋ, ਦੋ ਕੁ ਦਿਨ ਪਹਿਲਾਂ ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਕਿਸੇ ਕੰਮ ਲਈ ਇਸ ਦੇ ਸਕੱਤਰ ਸ. ਹਰਵਿੰਦਰ ਸਿੰਘ ਗਰਚਾ ਨਾਲ ਮੇਰੀ ਗੱਲ ਹੋ ਰਹੀ ਸੀ। ਜਦੋਂ ਮੈਂ ਉਨ੍ਹਾਂ ਕੋਲ ਇਹ ਮੁੱਦਾ ਸਾਂਝਾ ਕੀਤਾ ਤਾਂ ਉਨ੍ਹਾਂ ਇਕ ਹੋਰ ਦਿਲਚਸਪ ਵਾਕਿਆ ਸੁਣਾ ਦਿਤਾ ਕਹਿੰਦੇ ਐਡੀਲੇਡ ਦੇ ਕੁੱਝ ਏਰੀਆ 'ਚ ਪਾਨ ਖਾ-ਖਾ ਕੇ ਸੜਕਾਂ ਤੇ ਲਾਲ ਥੁੱਕ ਦੇ ਨਿਸ਼ਾਨ ਦੇਖੇ ਗਏ। ਉੱਥੋਂ ਦੀ ਕੌਂਸਲ ਨੇ ਜਦੋਂ ਇਸ ਦੀ ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਇੱਕ ਇੰਡੀਅਨ ਸਟੋਰ ਵਾਲਾ ਉੱਥੇ ਪਾਨ ਸੁਪਾਰੀ ਬਣਾ-ਬਣਾ ਕੇ ਵੇਚ ਰਿਹਾ ਸੀ। ਇਕ ਵਾਰ ਤਾਂ ਉਸ ਨੂੰ ਚੇਤਾਵਨੀ ਦੇ ਕੇ ਛੱਡ ਦਿਤਾ। ਪਰ ਉਹ ਜਨਾਬ ਹਾਲੇ ਓਵੇਂ ਹੀ ਧੜੱਲੇ ਨਾਲ ਆਪਣਾ ਬਿਜ਼ਨੈਸ ਚਲਾ ਰਹੇ ਹਨ। ਜਾਂ ਤਾਂ ਇਹ ਲੋਕ ਡਰਦੇ ਨਹੀਂ ਜਾਂ ਫੇਰ ਇਹਨਾਂ ਨੇ ਇੱਥੋਂ ਦੇ ਦਫ਼ਤਰਾਂ 'ਚ ਮੇਜ਼ ਦੇ ਥਲੋਂ ਦੀ ਕੰਮ ਕਰਨ ਵਾਲਾ ਚਸਕਾ ਪਾ ਦਿਤਾ ਹੈ, ਜਿਹੜਾ ਕੋਈ ਸਰਕਾਰੀ ਅਮਲਾ ਇਹਨਾਂ ਨੂੰ ਰੋਕ ਨਹੀਂ ਰਿਹਾ ? ਵਾਹਿਗੁਰੂ ਜਾਣੇ ਇਸ ਗੋਲ ਮਾਲ ਨੂੰ ! ਬੱਸ ਜੇ ਇੰਜ ਹੀ ਰਿਹਾ ਤਾਂ ਥੋੜ੍ਹੇ ਦਿਨਾਂ 'ਚ ਦਿੱਲੀ ਦਾ ਛਾਬੜੀ ਬਾਜ਼ਾਰ ਬਣਾ ਦੇਣਾ ਅਸੀਂ ਦੁਨੀਆਂ ਦੇ ਇਸ ਖ਼ੂਬਸੂਰਤ ਸ਼ਹਿਰ ਨੂੰ !

ਜਿਵੇਂ ਸਿਆਣੇ ਕਹਿੰਦੇ ਹਨ ਕਿ ਝੂਠ ਦੀ ਉਮਰ ਜ਼ਿਆਦਾ ਲਮੇਰੀ ਨਹੀਂ ਹੁੰਦੀ, ਖ਼ਾਸ ਕਰ ਕੇ ਆਸਟ੍ਰੇਲੀਆ ਜਿਹੇ ਮੁਲਕ 'ਚ। ਜਦੋਂ ਸੱਚ ਸਾਹਮਣੇ ਆਵੇਗਾ ਤਾਂ ਸ਼ਰਮਸਾਰ ਹੋਣਾ ਹੀ ਪੈਣਾ। ਚਾਹੇ ਲੱਖ ਮੁਕਰ ਜਾਇਓ। ਪਰ ਜਦੋਂ ਇਹਨਾਂ ਦੀ ਤਫ਼ਤੀਸ਼ ਹੋਈ ਤਾਂ ਸਬੂਤਾਂ ਨਾਲ ਝੂਠ ਨੂੰ ਸਾਬਤ ਕਰ ਦੇਣਗੇ। ਦਲੀਲ ਵੱਜੋ ਆਹ ਇਕ ਸਾਡੇ ਜੁਆਨ ਦੀ ਸੁਣ ਲਓ; ਉਂਜ ਤਾਂ ਸਾਡੇ ਲੋਕਾਂ ਦੇ ਚੁਟਕਲੇ ਆਮ ਹੀ ਸੁਣਨ ਨੂੰ ਮਿਲ ਜਾਂਦੇ ਹਨ। ਪਰ ਆਹ ਇਕ ਤਾਜ਼ਾ ਹੋਰ ਸੁਣ ਲਵੋ। ਕਹਿੰਦੇ, ਸਾਡਾ ਇਕ ਜੁਆਨ ਟੈਕਸੀ ਛੱਡ ਕੇ ਬੱਸ ਚਲਾਉਣ ਲੱਗ ਪਿਆ। ਪਹਿਲੇ ਦਿਨ ਹੀ ਜਦੋਂ ਆਪਣੀ ਸ਼ਿਫ਼ਟ ਖ਼ਤਮ ਕੀਤੀ ਤਾਂ ਡਿਊਟੀ ਮੁਤਾਬਿਕ ਡੀਪੂ ਵਿੱਚ ਬੱਸ ਛੱਡਣ ਤੋਂ ਪਹਿਲਾਂ ਬੱਸ ਦੀ ਸਫ਼ਾਈ ਕਰਨ ਲੱਗਿਆ ਤਾਂ ਉਸ ਵਿਚੋਂ ਉਸ ਨੂੰ ਇਕ ਗਰਮ-ਗਰਮ ਆਲੂਆਂ ਦੀ ਚਿਪਸ ਦਾ ਲਿਫ਼ਾਫ਼ਾ ਮਿਲ ਗਿਆ। ਜਨਾਬ ਹੋਰਾਂ ਨੂੰ ਲੱਗੀ ਸੀ ਭੁੱਖ ਤੇ ਉਨ੍ਹਾਂ ਬਿੰਦ 'ਚ ਹੀ ਸਮੇਟ ਦਿੱਤੀ। ਹਾਲੇ ਜਨਾਬ ਬੱਸ ਨੂੰ ਲਾਕ ਕਰ ਰਹੇ ਸੀ ਤਾਂ ਉਹ ਗੋਰੀ ਜੋ ਕਿ ਇਹ ਚਿਪਸ ਭੁੱਲ ਕੇ ਗਈ ਸੀ, ਉਹ ਲੱਭਦੀ-ਲੱਭਦੀ ਉੱਥੇ ਆ ਗਈ। ਜਦੋਂ

ਉੱਥੇ ਮੈਨੇਜਰ ਨੇ ਡਰਾਈਵਰ ਸਾਹਿਬ ਨੂੰ ਪੁੱਛਿਆ ਤਾਂ ਉਹ ਸਾਫ਼ ਮੁਕਰ ਗਏ। ਕਹਿੰਦੇ ਮੈਂ ਤਾਂ ਇੱਥੇ ਕੁੱਝ ਨਹੀਂ ਦੇਖਿਆ! ਮੈਨੇਜਰ ਸਾਹਿਬ ਨੇ ਨਾਲ ਦੀ ਨਾਲ ਉਸ ਬੱਸ ਦੀ ਰਿਕਾਰਡਿੰਗ ਚਿੱਪ ਕੱਢੀ 'ਤੇ ਲਾ ਦਿੱਤੀ ਟੀ.ਵੀ. ਤੇ। ਫੇਰ ਕੀ ਸੀ, ਜਨਾਬ ਹੋਰੀਂ ਦੋ ਮਿੰਟਾਂ 'ਚ ਆਪਣੇ ਆਪ ਨੂੰ ਟੀ.ਵੀ. 'ਤੇ ਚਿਪਸ ਖਾਂਦਾ ਦੇਖ ਕੇ ਨੰਗਾ ਜਿਹਾ ਹੋ ਗਏ ਮਹਿਸੂਸ ਕਰ ਰਹੇ ਸੀ। ਸੋ ਕਹਿਣ ਦਾ ਭਾਵ 'ਦੇਖਤੇ ਜਾਓ ਆਗੇ ਆਗੇ ਹੋਤਾ ਹੈ ਕਿਆ'!

ਆਸਟ੍ਰੇਲੀਆ 'ਚ ਅੱਜਕੱਲ੍ਹ ਜਿੱਥੇ ਚਾਰ ਬੰਦੇ ਜੁੜਦੇ ਹਨ, ਉੱਥੇ ਹੀ ਇਹ ਭੰਗ ਜਾਂ ਸਮੈਕ ਵਾਲਾ ਮੁੱਦਾ ਛਿੜ ਪੈਂਦਾ ਹੈ। ਪਰ ਇਕੱਲੇ ਜਾਬੜਾਂ ਦੇ ਭੇੜ ਤੋਂ ਬਿਨਾਂ ਕੁੱਝ ਨਹੀਂ ਨਿਕਲਦਾ। ਮੈਂ ਵੀ ਇਹੋ ਜਿਹੀ ਇਕ ਗੱਲਬਾਤ 'ਚ ਕਹਿ ਬੈਠਾ ਕਿ ਜਦੋਂ ਕੋਈ ਪੰਜਾਬੀ ਪਹਿਰਾਵੇ 'ਚ ਤੇ ਖ਼ਾਸ ਕਰਕੇ ਦਸਤਾਰਧਾਰੀ ਇਹੋ ਜਿਹਾ ਪੁੱਠਾ ਕੰਮ ਕਰਦਾ ਫੜ੍ਹਿਆ ਜਾਂਦਾ ਤਾਂ ਦੁਨੀਆ ਸਾਹਮਣੇ ਸਾਡੀ ਬੜੀ ਗ਼ਲਤ ਤਸਵੀਰ ਜਾਂਦੀ ਹੈ। ਪਤਾ ਨਹੀਂ ਉਨ੍ਹਾਂ ਨੂੰ ਕਿਉਂ ਸ਼ਰਮ ਨਹੀਂ ਆਉਂਦੀ! ਤਾਂ ਮੂਹਰੋਂ ਇੱਕ ਜਨਾਬ ਕਹਿੰਦੇ, ''ਇਸ ਵਿੱਚ ਉਨ੍ਹਾਂ ਨੇ ਕਿਹੜਾ ਕੋਈ ਪਾਪ ਕੀਤਾ ਹੈ, ਜਿਸ ਦੀ ਉਨ੍ਹਾਂ ਨੂੰ ਸ਼ਰਮ ਆਵੇ? ਸਾਡਾ ਧਰਮ ਸਿਖਾਉਂਦਾ ਹੈ ਕਿ ਦਸਾਂ ਨੌਂਹਾਂ ਦੀ ਕਿਰਤ ਕਰੋ ਤੇ ਇਹ ਕਿਰਤ ਖੇਤੀ ਦੇ ਧੰਦੇ ਬਾਝੋਂ ਹਰ ਕਿਤੇ ਅਸੰਭਵ ਹੈ। ਸੋ ਉਹ ਤਾਂ ਆਪਣੀ ਮਿਹਨਤ ਨਾਲ ਸੁੱਖੇ ਦੀ ਖੇਤੀ ਕਰ ਰਹੇ ਸੀ, ਜੇ ਸਰਕਾਰ ਨੂੰ ਇਹ ਚੰਗੀ ਨਹੀਂ ਲਗਦੀ ਤਾਂ ਕੋਈ ਕੀ ਕਰੇ?'' ਉਲਟਾ ਜਨਾਬ ਮੈਨੂੰ ਕਹਿੰਦਾ ਕਿ ਤੇਰੇ ਕੋਲ ਤਾਂ ਬੱਸ ਗੱਲਾਂ ਦੇ ਗ਼ੁਲੇਲੇ ਹਨ, ਜੋ ਵੱਟ ਛੱਡਦਾ ਹੈਂ। ਖ਼ਸਮਾਂ ਨੂੰ ਖਾਵੇ ਜੁਆਨੀ ਤੇ ਭਾਵੇਂ ਨਸ਼ੇ ਖਾ ਜਾਣ ਜੁਆਨੀ ਨੂੰ ਤੂੰ ਕੀ ਲੈਣੇ! ਜਿਸ ਦੀਆਂ ਦੁਖਣਗੀਆਂ ਉਹ ਆਪ ਹੀ ਪੱਟੀਆਂ ਬੰਨ੍ਹੇਗਾ।

****

# ਦੇਸਾਂ ਵਰਗਾ ਦੇਸ ਹੁੰਦਾ, ਅਸੀਂ ਕਿਉਂ ਜਾਂਦੇ ਪਰਦੇਸ ?

ਲੇਖ ਲਿਖਣ ਦਾ ਕਾਰਨ ਲੇਖ ਪੜ੍ਹਨ ਨਾਲ ਸਪੱਸ਼ਟ ਹੋ ਜਾਵੇਗਾ ਪਰ ਇਸ ਦੇ ਲਿਖਣ ਦਾ ਵਕਤ ਅਤੇ ਥਾਂ ਬਾਰੇ ਜੇ ਗੱਲ ਕਰਾਂ ਤਾਂ ਇਹ ਸੰਨ 2011 ਵਿੱਚ ਐਡੀਲੇਡ ਵਿਖੇ ਇਹ ਕਾਗ਼ਜ਼ ਤੇ ਉੱਕਰਿਆ ਸੀ ਪਰ ਮੇਰੇ ਦਿਲ ਦਿਮਾਗ਼ 'ਤੇ ਇਹ ਵਿਸ਼ਾ ਤਕਰੀਬਨ 1983 ਦਾ ਅਟਕਿਆ ਪਿਆ ਸੀ ਜਦੋਂ ਮੈਂ ਬਠਿੰਡੇ ਪੜ੍ਹਦਾ ਹੁੰਦਾ ਸੀ ਉਸ ਵਕਤ ਬਠਿੰਡੇ ਵਿੱਚ ਸੀਵਰੇਜ ਦਾ ਕੰਮ ਚੱਲ ਰਿਹਾ ਸੀ ਜੋ ਤਕਰੀਬਨ ਦੱਸ ਸਾਲ ਚਲਿਆ ਤੇ ਕੋਈ ਵੀ ਇਹੋ ਜਿਹਾ ਰਾਹ ਨਹੀਂ ਸੀ ਹੁੰਦਾ ਜਿੱਥੋਂ ਤੁਸੀਂ ਆਸਾਨੀ ਨਾਲ ਲੰਘ ਸਕੋ। ਏਨਾ ਲੰਮਾ ਸਮਾਂ ਕੰਮ ਚੱਲਣ ਦਾ ਕਾਰਨ ਇਹ ਸੀ ਕਿ ਪਹਿਲਾ ਛੋਟਾ ਸੀਵਰ ਪਾਇਆ ਤੇ ਪੈਸੇ ਹਜ਼ਮ ਕੀਤੇ ਫੇਰ ਉਸ ਤੋਂ ਵੱਡਾ ਪਾਇਆ ਤੇ ਪੈਸੇ ਹਜ਼ਮ ਕੀਤੇ ਤੇ ਜਦੋਂ ਉਸ ਨੂੰ ਚਲਾਉਣ ਦਾ ਟਾਈਮ ਆਇਆ ਤਾਂ ਉਹ ਪਹਿਲੇ ਦਿਨ ਹੀ ਫੇਲ ਹੋ ਗਿਆ ਸੀ। ਉਧਰ ਜਦੋਂ ਮੈਂ ਬਠਿੰਡੇ ਰੇਲਵੇ ਸਟੇਸ਼ਨ 'ਤੇ ਆਉਂਦਾ ਤਾਂ ਮੈਨੂੰ ਉਹ ਸਾਡੇ ਆਪਣਿਆਂ ਦੇ ਕੰਮਾਂ 'ਤੇ ਦੰਦ ਕੱਢਦਾ ਪ੍ਰਤੀਤ ਹੁੰਦਾ। ਅੰਗਰੇਜ਼ਾਂ ਵੇਲੇ ਦਾ ਬਣਿਆ ਬਠਿੰਡੇ ਦਾ ਰੇਲਵੇ ਸਟੇਸ਼ਨ ਭਵਨ ਕਲਾ ਅਤੇ ਇਮਾਨਦਾਰੀ ਦਾ ਇੱਕ ਜਿਉਂਦਾ ਜਾਗਦਾ ਸਬੂਤ ਹੈ। ਉਸ ਵਕਤ ਮੇਰੇ ਜਵਾਨ ਹੋ ਰਹੇ ਹਿਰਦੇ 'ਚ ਇੱਕ ਹੀ ਸਵਾਲ ਆਉਂਦਾ ਹੁੰਦਾ ਸੀ ਕਿ ਜੋ ਲੋਕ ਇੱਕ ਬੇਗਾਨੇ ਮੁਲਕ 'ਚ ਇਹੋ ਜਿਹੇ ਚਿਰ ਸਥਾਈ ਕੰਮ ਕਰ ਸਕਦੇ ਹਨ ਉਨ੍ਹਾਂ ਦੇ ਆਪਣੇ ਮੁਲਕ ਕਿਹੋ ਜਿਹੇ ਹੋਣਗੇ ? ਸ਼ਾਇਦ ਮੇਰੀ ਇਹੀ ਜਿਗਿਆਸਾ ਮੈਨੂੰ ਵਿਦੇਸ਼ ਲੈ ਆਈ। ਅਖੀਰ ਜਦੋਂ ਸੱਚੀ ਦੁਨੀਆਂ ਦਾ ਦੂਜਾ ਪੱਖ ਦੇਖਿਆ ਤਾਂ ਪਤਾ ਲੱਗਿਆ ਕਿ ਮੇਰਾ ਭਾਰਤ ਕਿੰਨਾ ਮਹਾਨ ਹੈ !!!



*ਸਾਊਥ ਆਸਟ੍ਰੇਲੀਆ ਦੇ ਵਿਰੋਧੀ ਧਿਰ ਦੇ ਨੇਤਾ ਅਤੇ ਸ਼ੈਡੋ ਪ੍ਰੀਮੀਅਰ ਮਾਨਯੋਗ ਸਟੀਵਨ ਮਾਰਸ਼ਲ ਅਤੇ ਦਵਿੰਦਰ ਸਿੰਘ ਧਾਲੀਵਾਲ ਨਾਲ*



**ਸਾਊਥ ਆਸਟ੍ਰੇਲੀਆ ਦੇ ਪਾਰਲੀਮੈਂਟ ਹਾਊਸ ਵਿਚ ਪੰਜਾਬੀ ਭਾਈਚਾਰੇ ਨਾਲ ਸਦਨ ਦੇ ਸਪੀਕਰ ਮਾਨਯੋਗ ਮਾਈਕਲ ਐਟਕਿਨਸ ਅਤੇ ਮਲਟੀ ਕਲਚਰ ਮੰਤਰੀ ਮਾਨਯੋਗ ਜੈਨੀਫਰ ਰਿਨਕਨ ਨਾਲ ਲੇਖਕ।**

# ਦੇਸਾਂ ਵਰਗਾ ਦੇਸ਼ ਹੁੰਦਾ, ਅਸੀਂ ਕਿਉਂ ਜਾਂਦੇ ਪਰਦੇਸ ?

ਕਾਫ਼ੀ ਦੇਰ ਬਾਅਦ ਲਿਖਣ ਬੈਠਾ, ਪਰ ਮੁੱਦਾ ਫੇਰ ਉਹੀ ਜਨਮ ਭੂਮੀ ਦਾ, ਫੇਰ ਸੋਚਦਾ ਕਿਉਂ ਲੱਸੀ ਰਿੜਕੀ ਜਾਣਾ ? ਬਹੁਤ ਸਾਰੇ ਮੇਰੇ ਕਲਮਕਾਰ ਵੀਰ ਪਿਛਲੇ ਪੈਂਹਠ ਵਰ੍ਹਿਆਂ ਤੋਂ ਕਲਮਾਂ ਘਸਾ-ਘਸਾ ਕੇ ਹੰਭ ਗਏ ਨੇ ਪਰ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਤੇ ਨਾਲੇ ਮੇਲੇ 'ਚ ਅਮਰੂਦਾਂ ਵਾਲੀ ਰੇਹੜੀ ਨੂੰ ਕੌਣ ਪੁੱਛਦੈ ? ਪਰ ਜਦੋਂ ਇੰਡੀਆ ਤੋਂ ਆਉਂਦੀਆਂ ਨਿੱਤ ਨਵੀਆਂ-ਨਵੀਆਂ ਖ਼ਬਰਾਂ 'ਤੇ ਝਾਤ ਮਾਰਦਾ ਹਾਂ ਤਾਂ ਫੇਰ ਅੰਦਰ ਦਾ ਲੇਖਕ ਕਹਿੰਦੈ, "ਯਾਰ ! ਤੂੰ ਆਪਣੀ ਤੁਲਨਾ ਅਮਰੂਦਾਂ ਵਾਲੀ ਰੇਹੜੀ ਨਾਲ ਕਿਉ ਕਰਦਾ ? ਤੂੰ ਆਪਣੇ ਪਿੰਡ ਵਾਲੇ ਮੱਸੇ ਚੌਕੀਦਾਰ ਵੱਲ ਦੇਖ, ਜਿਹੜਾ ਸਾਰੀ ਉਮਰ ਦਾ ਰੌਲਾ ਪਾਈ ਜਾਂਦਾ ਕਿ ਭਾਈ ਜਾਗਦੇ ਰਹੋ-ਜਾਗਦੇ ਰਹੋ ! ਭਾਵੇਂ ਅੱਧੇ ਤੋਂ ਜ਼ਿਆਦਾ ਪਿੰਡ ਉਹਨੂੰ ਗਾਲ੍ਹਾਂ ਦੇ ਕੇ ਸੌਂ ਜਾਂਦੈ।"

ਸੋ ਦੋਸਤੋ ! ਜੋ ਮਰਜ਼ੀ ਸਮਝੋ, ਆਪਾਂ ਤਾਂ ਬਹਿ ਗਏ ਕਾਗ਼ਜ਼ 'ਤੇ ਭੜਾਸ ਕੱਢਣ, ਕਿਉਂਕਿ ਹੋਰ ਕਿਤੇ ਸਾਡਾ ਵਾਹ ਵੀ ਨਹੀਂ ਚਲਦਾ। ਹੁਣ ਤੁਸੀਂ ਪੁੱਛੋਗੇ ਕਿ ਕਿਹੜੀਆਂ ਖ਼ਬਰਾਂ ਨੇ ਤੈਨੂੰ ਅਪਸੈੱਟ ਕਰ ਦਿੱਤਾ ਤਾਂ ਸੁਣ ਲਵੋ; ਕੱਲ੍ਹ ਜਦੋਂ ਅਮਲ ਜਿਹਾ ਟੁੱਟਿਆ ਤਾਂ ਸੋਚਿਆ ਕਿ ਚਲੋ ਦੋ ਸੂਟੇ ਫੇਸਬੁੱਕ ਦੇ ਹੀ ਲਾ ਲਈਏ। ਮੂਹਰੇ ਇੱਕ ਮਿੱਤਰ ਦੀ ਚੇਤਾਵਨੀ ਦੇਖੀ 'ਜੇ ਤੁਸੀ ਇੰਡੀਆ ਜਾ ਰਹੇ ਹੋ ਤਾਂ ਸਾਵਧਾਨ' ! ਮੈਂ ਸਰਸਰੀ ਜਿਹੀ ਝਾਤ ਮਾਰੀ ਤਾਂ ਮੈਨੂੰ ਇਹ ਇੱਕ ਕਹਾਣੀ ਜਿਹੀ ਜਾਪੀ। ਕਮੈਂਟਾਂ 'ਤੇ ਉੱਡਦੀ ਜਿਹੀ ਨਿਗ੍ਹਾ ਮਾਰਦਿਆਂ ਜਦੋਂ ਆਪਣੇ ਇੱਕ ਕਲਮੀ ਮਿੱਤਰ ਜੋਗਿੰਦਰ ਬਾਠ ਹਾਲੈਂਡ ਵਾਲਿਆਂ ਦਾ ਕਮੈਂਟ ਪੜ੍ਹਿਆ ਤਾਂ ਕੁਝ ਸੁਚੇਤ ਜਿਹਾ ਹੋ ਕੇ ਉਸ ਚੇਤਾਵਨੀ ਨੂੰ ਦੁਬਾਰਾ ਪੜ੍ਹਿਆ ਤੇ ਨਾਲ ਦੀ ਨਾਲ ਮਿਲਾ ਲਿਆ ਫ਼ੋਨ ਬਾਈ ਬਾਠ ਨੂੰ। ਅਗਾਂਹ ਬਾਠ ਸਾਹਿਬ ਵੀ ਭਰੇ-ਪੀਤੇ ਪਏ ਸੀ। ਕਹਿੰਦੇ, "ਯਾਰ ! ਆਹ ਤੂੰ ਚੰਗਾ ਕੀਤਾ ਛੋਟੇ ਵੀਰ, ਜਿਹੜਾ ਫ਼ੋਨ ਕਰ ਲਿਆ।" ਰਸਮੀ ਗੱਲਾਂ ਤੋਂ ਬਾਅਦ ਜੋ ਕਹਾਣੀ ਉਨ੍ਹਾਂ ਦੱਸੀ, ਬੱਸ ! ਉਹ ਸੁਣ ਕੇ ਖ਼ਿਆਲਾਂ ਵਿੱਚ ਹੀ ਗੁਆਚ ਗਿਆ।

ਸੱਚ ਕਹਾਂ ਦੋਸਤੋ ? ਬਚਪਨ ਤੋਂ ਹੀ ਮੇਰੇ ਕੋਲੋਂ ਤਸਵੀਰਾਂ ਵਿੱਚ ਜ਼ੰਜੀਰਾਂ ਨਾਲ ਜਕੜੀ ਹੋਈ ਭਾਰਤ ਮਾਤਾ ਦੇਖ ਨਹੀਂ ਹੁੰਦੀ। ਇਸ ਤਸਵੀਰ ਤੋਂ ਮੈਂ ਆਪਣੀਆਂ ਅੱਖਾਂ ਇਸ ਤਰ੍ਹਾਂ ਚੁਰਾ ਲੈਂਦਾ ਸਾਂ ਜਿਵੇਂ ਇਹਦੇ ਗਲ਼ 'ਚ ਜ਼ੰਜੀਰਾਂ ਪੈਣ ਦਾ ਗੁਨਾਹਗਾਰ ਮੈਂ ਹੀ ਹੋਵਾਂ। ਅੱਜ ਮੁੜ ਜਦੋਂ ਖ਼ਿਆਲਾਂ 'ਚ ਭਾਰਤ ਮਾਤਾ ਦਾ ਸਾਹਮਣਾ ਹੋਇਆ ਤਾਂ ਨਜ਼ਰਾਂ ਫੇਰ ਨਹੀਂ ਮਿਲਾ ਸਕਿਆ। ਇੰਨਾ ਕੁ ਸ਼ਰਮਸਾਰ ਹੋਇਆ ਕਿ ਸ਼ਬਦਾਂ 'ਚ ਦੱਸ ਨਹੀਂ ਸਕਦਾ। ਭਾਵੇਂ ਅੱਜ ਭਾਰਤ ਮਾਤਾ ਦੇ ਕੋਮਲ ਪਿੰਡੇ ਨੂੰ ਜ਼ੰਜੀਰਾਂ ਨੇ ਤਾਂ ਨਹੀਂ ਜਕੜਿਆ, ਪਰ ਸ਼ਰਮ ਦੀ ਗੱਲ ਇਹ ਹੈ ਕਿ ਉਸ ਵਿਚਾਰੀ ਦੇ ਪਿੰਡੇ 'ਤੇ ਜ਼ੰਜੀਰ ਤਾਂ ਕਿ ਤਨ ਢੱਕਣ ਨੂੰ ਇੱਕ ਲੀਰ ਵੀ ਨਹੀਂ ਦਿਖਾਈ ਦਿੱਤੀ।

ਦੋਸਤੋ ! ਹਾਲੇ ਬਾਈ ਬਾਠ ਦੀ ਹੱਡਬੀਤੀ ਬਾਰੇ ਸੋਚ ਹੀ ਰਿਹਾ ਸੀ ਕਿ ਫੇਸਬੁੱਕ 'ਤੇ ਆਏ ਬਠਿੰਡੇ ਦੇ ਇੱਕ ਗਾਇਕ ਮਿੱਤਰ ਗੁਰਵਿੰਦਰ ਬਰਾੜ ਦਾ ਨਿੱਜੀ ਸੁਨੇਹਾ ਦੇਖ ਕੇ ਰੂਹ ਖ਼ੁਸ਼ ਹੋ ਗਈ। ਜਦੋਂ ਸੁਨੇਹਾ ਛੇਤੀ-ਛੇਤੀ ਖੋਲ੍ਹ ਕੇ ਦੇਖਿਆ ਤਾਂ ਉਹਨੇ ਆਪਣਾ ਇੱਕ ਗੀਤ ਮੇਰੇ ਨਾਲ ਸਾਂਝਾ ਕਰ ਰੱਖਿਆ ਸੀ। ਅੱਗੇ ਤੁਰਨ ਤੋਂ ਪਹਿਲਾਂ ਕੁਝ ਗੁਰਵਿੰਦਰ ਬਾਰੇ ਦੱਸ ਦੇਵਾਂ, ਉਹ ਮੁਕਤਸਰ ਲਾਗੇ ਪਿੰਡ

ਮਹਾਂਬੱਧਰ ਦੇ ਇੱਕ ਚੰਗੇ ਖਾਂਦੇ-ਪੀਂਦੇ ਘਰ ਦਾ ਪੜ੍ਹਿਆ ਲਿਖਿਆ ਮੁੰਡਾ ਹੈ ਤੇ ਕੁਝ ਚਿਰ ਸਰਕਾਰੀ ਨੌਂਕਰੀ ਵੀ ਕੀਤੀ ਪਰ ਲਿਖਣ ਤੇ ਗਾਉਣ ਦੇ ਸ਼ੌਂਕ ਨੂੰ ਇਸ ਨੇ ਕਿੱਤਾ ਹੀ ਬਣਾ ਲਿਆ। ਹੁਣ ਤੱਕ ਸੱਤ-ਅੱਠ ਟੇਪਾਂ ਸਰੋਤਿਆਂ ਦੀ ਝੋਲੀ ਪਾ ਚੁੱਕਿਆ ਹੈ। ਕਦੇ-ਕਦੇ ਮੈਨੂੰ ਇਹ ਫ਼ੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਉਹ ਗਾਉਂਦਾ ਵਧੀਆ ਹੈ ਜਾਂ ਲਿਖਦਾ ਵਧੀਆ ? ਚਲੋ, ਇਹ ਇੱਕ ਵੱਖਰਾ ਮੁੱਦਾ ਹੈ ਕਦੇ ਫੇਰ ਖੁੱਲ੍ਹ ਕੇ ਲਿਖਾਂਗੇ ਗੁਰਵਿੰਦਰ ਬਾਰੇ 'ਚ, ਅਸਲੀ ਮੁੱਦੇ 'ਤੇ ਆਉਂਦੇ ਹਾਂ। ਜਦੋਂ ਮੈਂ ਉਹ ਗੀਤ ਚਲਾਇਆ ਤਾਂ ਜਾਪਿਆ ਜਿਵੇਂ ਉਹਨੇ ਰਿਆਜ਼ ਕਰਦਿਆਂ ਹੀ ਮੋਬਾਈਲ ਨਾਲ ਵੀਡੀਓ ਬਣਾਈ ਹੋਵੇ। ਪਰ ਜਦੋਂ ਗੀਤ ਦੇ ਬੋਲ ਕੰਨੀਂ ਪਏ ਤਾਂ ਰੂਹ ਝੰਜੋੜੀ ਗਈ। ਇਹ ਗੀਤ ਰੂਪੀ ਹੂਕ ਭਾਵੇਂ ਗੁਰਵਿੰਦਰ ਦੀ ਕਲਮ ਤੋਂ ਨਿਕਲੀ ਹੈ, ਪਰ ਹੈ ਹਰ ਉਸ ਪ੍ਰਵਾਸੀ ਦੀ, ਜੋ ਵਿਦੇਸ਼ ਦੇ ਰਾਹ ਹੋ ਤੁਰਿਆ ਹੈ।

ਸਭ ਤੋਂ ਪਹਿਲਾਂ ਮਾਫ਼ੀ ਚਾਹਾਂ ਤੇ ਫਿਰ ਕੌੜਾ ਸੱਚ ਸੁਣਾਵਾਂ,
ਠੱਗੀ, ਚੋਰੀ, ਭ੍ਰਿਸ਼ਟਾਚਾਰੀ ਗੱਲ-ਗੱਲ ਉੱਤੇ ਕਲੇਸ਼,
ਦੇਸਾਂ ਵਰਗਾ ਦੇਸ ਹੁੰਦਾ, ਅਸੀਂ ਕਿਉਂ ਜਾਂਦੇ ਪਰਦੇਸ ?

ਇਹ ਗੀਤ ਸੁਣਦਿਆਂ-ਸੁਣਦਿਆਂ ਬਾਈ ਜੋਗਿੰਦਰ ਦੀਆਂ ਕਹੀਆਂ ਗੱਲਾਂ ਇੱਕ ਦੂਜੇ ਤੋਂ ਮੂਹਰੇ ਹੋ ਹੋ ਡਿੱਗਣ ਲੱਗੀਆਂ; "ਯਾਰ ਬਰਾੜਾ ! ਉਏ ਕੀ ਪੁੱਛਦਾ ਛੋਟੇ ਵੀਰ, ਸੰਨ ਤਰਾਸੀ ਦਾ ਆਇਆ ਹਾਲੈਂਡ,'ਕਤਾਲੀ ਆਰ ਇੰਡੀਆ ਜਾ ਆਇਆ। ਪਰ ਯਾਰ ਹਰ ਬਾਰ ਇਹੋ ਜੇਹਾ ਫਾਨਾ ਅੜਾਉਂਦੇ ਆ ਬੱਸ ਕੀ-ਕੀ ਦੱਸਾਂ ਯਰ ? ਉਹ ਯਾਰ ਆਹ ਜਿਹੜੀ ਵਰਕੇ ਪਾੜਨ ਵਾਲੀ ਗੱਲ ਥੱਲੇ ਮੈਂ ਕਮੈਂਟ ਕੀਤਾ ਸੀ, ਯਰ ਸਾਂਵੀਂ ਭੈੜੀ ਸਾਡੇ ਨਾਲ ਵੀ ਹੋ ਗਈ ਸੀ ਐਤਕੀਂ !"

ਬਾਈ ਬਾਠ ਦੇ ਧੁਰ ਅੰਦਰੋਂ ਨਿਕਲੀ ਹੂਕ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਆਹ ਵਰਕੇ ਪਾੜਨ ਵਾਲੀ ਗੱਲ ਤੋਂ ਪਰਦਾ ਲਾਹੁਣਾ ਵੀ ਜ਼ਰੂਰੀ ਹੈ। ਜਿਨ੍ਹਾਂ ਮਿੱਤਰਾਂ ਦੀ ਨਿਗ੍ਹਾ ਆਹ ਖ਼ਬਰ ਨਹੀਂ ਚੜ੍ਹੀ ਉਨ੍ਹਾਂ ਲਈ ਦੱਸ ਦੇਵਾਂ ਕਿ ਕਿਸੇ ਸੱਜਣ ਨੇ ਫੇਸਬੁੱਕ ਤੇ ਇੱਕ ਹੱਡਬੀਤੀ ਲਿਖੀ ਸੀ ਕਿ ਜੇ ਤੁਸੀ ਇੰਡੀਆ ਜਾ ਰਹੇ ਹੋ ਤਾਂ ਸਾਵਧਾਨ ! ਅੱਜਕੱਲ੍ਹ ਉੱਥੇ ਜਦੋਂ ਤੁਸੀ ਇਮੀਗ੍ਰੇਸ਼ਨ ਦੀ ਮੋਹਰ ਲਗਵਾਉਂਦੇ ਹੋ ਤਾਂ ਮੂਹਰੇ ਬੈਠਾ ਅਫ਼ਸਰ ਤੁਹਾਡਾ ਧਿਆਨ ਭੰਗ ਕਰਕੇ ਤੁਹਾਡੇ ਪਾਸਪੋਰਟ ਦੇ ਕੁਝ
ਵਰਕੇ ਪਾੜ ਦਿੰਦਾ ਹੈ ਜਾਂ ਫੇਰ ਤੁਹਾਡੇ ਵੀਜ਼ਾ ਸਟਿੱਕਰ ਆਦਿ ਨਾਲ ਅਜਿਹਾ ਕੁਝ ਕਰ ਦਿੰਦਾ ਹੈ ਜੋ ਕਿ ਗ਼ੈਰ ਕਾਨੂੰਨੀ ਹੁੰਦਾ ਹੈ। ਜਦੋਂ ਤੁਸੀਂ ਥੋੜ੍ਹਾ ਅੱਗੇ ਜਾਂਦੇ ਹੋ ਤਾਂ, ਉਸ ਨਾਲ ਰਲੇ ਹੋਰ ਬੰਦੇ ਤੁਹਾਨੂੰ ਫੜ੍ਹ ਲੈਂਦੇ ਹਨ ਤੇ ਮੋਟੇ ਪੈਸੇ ਲੈ ਕੇ ਮਾਂਜ ਦਿੰਦੇ ਹਨ।

ਬਾਈ ਬਾਠ ਏਨਾ ਕੁ ਸਤਿਆ ਪਿਆ ਸੀ ਕਿ ਆਪਣੀ ਹੱਡਬੀਤੀ ਸੁਣਾਉਂਦਿਆਂ ਮੈਨੂੰ ਹੁੰਗਾਰਾ ਭਰਨ ਜੋਗਾ ਥਾਂ ਵੀ ਨਹੀਂ ਸੀ ਦੇ ਰਿਹਾ। ਚਾਬੀ ਦਿੱਤੇ ਖਿਡੌਣੇ ਵਾਂਗ ਇੱਕੋ ਸਾਹ ਸਾਰੀ ਵਿਆਖਿਆ ਸੁਣਾ ਗਿਆ, ਕਹੇ; "ਯਾਰ ਐਤਕੀਂ ਮੈਂ ਤੇ ਤੇਰੀ ਭਰਜਾਈ ਦੋਨੋਂ ਮੁੰਡਿਆਂ ਸਣੇ ਚੰਗੇ ਭਲੇ ਇੰਡੀਆ ਗਏ ਸੀ। ਜਦੋਂ ਜੁਆਕਾਂ ਦੇ ਸਕੂਲ ਲੱਗਣ 'ਚ ਦੋ ਦਿਨ ਰਹਿ ਗਏ ਤਾਂ ਅਸੀਂ ਪਿੰਡੋਂ ਦਿੱਲੀ ਆ ਪਹੁੰਚੇ ਜਹਾਜ਼ ਫੜਨ। ਜਦੋਂ ਬਾਈ ਅਸੀਂ ਅੰਦਰ ਵੜੇ ਨਾ ਏਅਰਪੋਰਟ 'ਚ, ਬੱਸ ਫੇਰ ਕੀ ਸੀ ਯਰ ਪਾਸਪੋਰਟ ਫੜਨ ਸਾਰ ਮੂਹਰੇ ਬੈਠਾ ਪਤੰਦਰ ਐਨਕਾਂ ਉੱਤੋਂ ਦੀ ਖਚਰੀ ਜਿਹੀ ਝਾਕਣੀ ਝਾਕਦਾ ਬੋਲਿਆ, ਤੂੰ ਤੇ ਤੇਰਾ ਛੋਟਾ ਮੁੰਡਾ ਹੀ ਜਾ ਸਕਦੇ ਹੋ, ਵੱਡਾ ਮੁੰਡਾ ਤੇ ਘਰ ਵਾਲੀ ਦੇ ਪਾਸਪੋਰਟ

’ਤੇ ਤਾਂ ਇੰਡੀਆ ਪਹੁੰਚਣ ਦੀ ਮੋਹਰ ਹੀ ਨਹੀਂ ਲੱਗੀ ! ਛੋਟਿਆ ਇੱਕ ਬਾਰ ਤਾਂ ਯਰ ਪੈਰਾਂ ਥੱਲੋਂ ਜ਼ਮੀਨ ਨਿੱਕਲ ਗਈ। ਦੋ ਦਿਨ ਸਕੂਲ ਲੱਗਣ ’ਚ ਰਹਿ ਗਏ ਤੇ ਇਹ ਝੰਡੇ ’ਚ ਹੋਰ ਹੀ ਡੰਡਾ ਫਸਾਈ ਜਾਂਦਾ ! ਕੇਰਾਂ ਤਾਂ ਬਾਈ ਸਾਰਾ ਕੁਝ ਹੀ ਗਲ਼ ’ਚ ਆ ਗਿਆ। ਬੱਸ ਯਰ ਫੇਰ ਤਾਂ ਇੱਕ ਕੋਲੋਂ ਦੂਜੇ ਕੋਲ ਤੇ ਦੂਜੇ ਕੋਲੋਂ ਤੀਜੇ ਕੋਲ, ਤੋਰ-ਤੋਰ ਕੇ ਹੰਭਾ ਦਿੱਤਾ। ਕਦੇ ਤਾਂ ਸਕੂਲ ਦਿਸੇ ਤੇ ਕਦੇ ਥੱਬਾ ਨੋਟਾਂ ਦਾ, ਜਿਹੜਾ ਟਿਕਟਾਂ ’ਤੇ ਲਾਈ ਬੈਠੇ ਸਾਂ ਤੇ ਦੂਜੀ ਬਾਰ ਫੇਰ ਲਾਉਣਾ ਪੈਣਾ।

ਭਰਾਵਾ ਉਹ ਤਾਂ ਜ਼ਿੰਦਗੀ ’ਚ ਪਹਿਲੀ ਵਾਰ ਗਿੱਦੜ ਚਿੱਠੀ ਨੇ ਕੰਮ ਦਿੱਤਾ, ਆਹ ਤੇਰੀ ਪੱਤਰਕਾਰ ਵਾਲੀ ਨੇ। ਯਾਰ ਤੈਨੂੰ ਪਤਾ ਕਿੰਨੇ ਸਾਲ ਗਾਲੇ ਸੀ, ਇਸ ਸ਼ੌਂਕ ਮਗਰ ਤੇ ਪੱਲੇ ਕਦੇ ਕੁਝ ਪਿਆ ਨਹੀਂ ਸੀ। ਬੱਸ ਨਿੱਕਿਆ, ਪਹਿਲੇ ਸੱਟੇ ਬਈ ਮੁੱਲ ਮੋੜ ਤਾ ਆਹ ਪੱਤਰਕਾਰ ਵਾਲੇ ਕਾਰਡ ਨੇ। ਬਈ ਕਿੱਡੀ ਸੌਂਹ ਪਾ ਦੇ ਕਦੇ ਨਹੀਂ ਸੀ ਦਿਖਾਇਆ ਕਿਸੇ ਨੂੰ ਇਹ ਕਾਰਡ, ਬੱਸ ਓਦਣ ਤਾਂ ਫੇਰ ਇਹ ਬ੍ਰਹਮ ਅਸਤਰ ਆਂਗੂ ਚਲਿਆ। ਜਦੋਂ ਮੈਂ ਹੋਇਆ ਨਾ ਕਰੜਾ ਸਾਰੇ ਮੂਹਰੇ ਲੱਗ ਪਏ। ਜਦੋਂ ਮੈਂ ਕਿਹਾ ਨਾ ਕਿ ਜੇ ਅੱਜ ਅਸੀਂ ਸਾਰੇ ਜਹਾਜ਼ ਨਾ ਚੜ੍ਹੇ ਤਾਂ ਮਿੱਟੀ ਪੱਟ ਦੂੰ ਤੁਹਾਡੀ ਸਾਰਿਆਂ ਦੀ, ਨਾਲੇ ਪੱਟੂ ਸਾਰੇ ਜਹਾਨ ’ਚ। ਬੱਸ ਫੇਰ ਕੀ ਸੀ ਬਰਾੜਾ ਉਨ੍ਹਾਂ ’ਚੋਂ ਇੱਕ ਅਫ਼ਸਰ ਕਹੇ ਤੁਸੀ ਪਹਿਲਾਂ ਦੱਸ ਦੇਣਾ ਸੀ। ਇਹ ਵੀ ਕੋਈ ਗੱਲ ਆ, ਅਸੀਂ ਹੁਣ ਪੈੱਨ ਨਾਲ਼ ਲਿਖ ਦਿੰਦੇ ਆਂ, ਕੀ ਹੋ ਗਿਆ ਜੇ ਮੋਹਰ ਲਾਉਣੀ ਭੁੱਲ ਗਏ। ਜਿਹੜੇ ਹੁਣ ਤੱਕ ਸਾਨੂੰ ਹੀ ਕਸੂਰਵਾਰ ਠਹਿਰਾ ਰਹੇ ਸਨ ਕਿ ਤੁਸੀ ਆਪਣੇ ਪਾਸਪੋਰਟ ਚੈੱਕ ਕਿਉਂ ਨਹੀਂ ਕੀਤੇ ? ਉਹ ਕਹਿਣ, ਜੀ ਗ਼ਲਤੀ ਹੋ ਗਈ ਹੋਣੀ ਆ ਜੀ, ਕਈ ਵਾਰ ਭੀੜ ਜ਼ਿਆਦਾ ਹੁੰਦੀ ਆ ਨਾ ਜੀ। ਮਿੰਟੂ ਯਰ ਹੁਣ ਤੂੰ ਦੇਖ ਜਦੋਂ ਅਸੀਂ ਡੂਢ ਮਹੀਨਾ ਇੰਡੀਆ ਸੀ, ਰੱਬ ਨਾ ਕਰੇ ਜੇ ਕੋਈ ਉੱਨੀ-ਇੱਕੀ ਹੋ ਜਾਂਦੀ, ਉਨ੍ਹਾਂ ਨੇ ਤਾਂ ਉਦੋਂ ਹੀ ਗ਼ੈਰ ਕਾਨੂੰਨੀ ਬਣਾ ਦੇਣਾ ਸੀ। ਤੂੰ ਹੁਣ ਆਪ ਦੇਖ, ਆਹ ਤਾਂ ਆਪਣੇ ਪ੍ਰੈੱਸ ਵਾਲੇ ਕੰਮ ਨੇ ਬਚਾ ਲਿਆ ਤੇ ਆਮ ਬੰਦੇ ਨਾਲ ਕੀ ਹੁੰਦੀ ਹੋਊ” ???

ਜਦੋਂ ਮੈਨੂੰ ਬੋਲਣ ਦਾ ਮੌਕਾ ਮਿਲਿਆ ਤਾਂ ਮੈਂ ਕਿਹਾ ਕਿ ਹਾਂ ਜੀ ਬਾਈ ਜੀ ! ਆਹ ਫੇਸਬੁੱਕ ’ਤੇ ਸਾਵਧਾਨ ਕਰਨ ਵਾਲੇ ਵੀਰ ਨੇ ਵੀ ਦੱਸਿਆ ਸੀ ਕਿ ਪੱਚੀ-ਤੀਹ ਨਾਲ ਹੁੰਦਾ ਇਹੋ ਜਿਹਾ ਮਹੀਨੇ ’ਚ। ਤੁਸੀਂ ਹੁਣ ਆਪ ਹੀ ਹਿਸਾਬ ਲਾ ਲਵੋ, ਹਰ ਰੋਜ਼ ਇੱਕ ਅੱਧੀ ਮੱਛੀ ਤਾਂ ਕੁੰਡੀ ’ਚ ਅੜਦੀ ਹੀ ਹੋਣੀ ਆਂ। ਮੈਂ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ ਕੋਈ ਨਾ ਬਾਈ ਜੀ, ਆਪਾਂ ਰਲ ਮਿਲ ਕੇ ਇਸ ਮਸਲੇ ਨੂੰ ਸਰਕਾਰੇ ਦਰਬਾਰੇ ਚੁੱਕਦੇ ਹਾਂ।

ਬਾਠ ਸਾਹਿਬ ਕਹਿੰਦੇ, “ਤੂੰ ਹੁਣ ਹੋਰ ਸੁਣ ਲੈ, ਆਹ ਸਾਡੇ ਜਿਹੜੇ ਹਾਲੈਂਡ ’ਚ ਭਾਰਤੀ ਐਂਬਸੀ ਵਾਲੇ ਬੈਠੇ ਆ, ਉਹ ਵੀ ਬੱਸ ਪੱਟ ਦੇ ਲੱਛੇ ਹੀ ਆ ਯਾਰ !”

“ਕਿਉਂ ਬਾਈ ਉਨ੍ਹਾਂ ਨੇ ਕੀ ਕਰਤਾ ?”

“ਯਾਰ ਆਹ ਨਿੱਤ ਦਿਹਾੜੀ ਦੇ ਵੀਜ਼ਿਆਂ ਤੋਂ ਦੁਖੀ ਹੋ ਕੇ ਓ.ਆਈ.ਸੀ. ਅਪਲਾਈ ਕੀਤੀ ਸੀ, ਕਹਿੰਦੇ ਦੋ ਵੀਕਾਂ ’ਚ ਪਾਸਪੋਰਟ ਦੇ ਦੇਵਾਂਗੇ। ਪਹਿਲਾਂ ਤਾਂ ਪਤੰਦਰਾਂ ਨੇ ਅੱਠ ਵੀਕ ਲਾ ਤੇ। ਜਦੋਂ ਮੈਂ ਦੋ ਸੋ ਕਿੱਲੋਮੀਟਰ ਪਾਸਪੋਰਟ ਲੈਣ ਗਿਆ ਤਾਂ ਬਾਈ ਤੂੰ ਯਕੀਨ ਮੰਨੀ ਪਤੰਦਰਾਂ ਨੇ ਜਵਾਂ ਹੀ ਢੱਗਿਆਂ ਵਾਲਾ ਕੰਮ ਕੀਤਾ ਹੋਇਆ ਸੀ। ਪਤਾ ਨਹੀਂ ਕੀਹਨੇ ਇਹਨਾਂ ਨੂੰ ਅਫ਼ਸਰ ਲਾ ਤਾ ! ਉਏ ਕੰਜਰਾਂ ਨੇ ਮੇਰੇ ਪਾਸਪੋਰਟ ਤੇ ਮੇਰੀ ਘਰਵਾਲੀ ਦਾ ਤੇ ਉਹਦੇ ਪਾਸਪੋਰਟ ਤੇ ਮੇਰਾ ਨਾਂ ਚਾੜ੍ਹ ਤਾ। ਉਹ

ਤਾਂ ਮੈਂ ਉੱਥੇ ਉਨ੍ਹਾਂ ਦੇ ਵਾਰ 'ਚ ਖੜਿਆਂ ਹੀ ਦੇਖ ਲਿਆ। ਬਾਈ ਮੈਂ ਤਾਂ ਉੱਥੇ ਹੀ ਪਾਸਪੋਰਟ ਉਨ੍ਹਾਂ ਦੇ ਮੱਥੇ ਮਾਰੇ। ਕਹਿੰਦੇ ਗ਼ਲਤੀ ਹੋ ਗਈ, ਘਰੇ ਭੇਜ ਦਿਆਂਗੇ ਦੋ ਵੀਕਾਂ 'ਚ। ਬਾਈ ਚਾਰ ਤਾਂ ਹੋ ਗਏ, ਹਾਲੇ ਤਕ ਤਾਂ ਆਏ ਨਹੀਂ। ਲੱਗਦਾ ਕਿਸੇ ਦਿਨ ਫੇਰ ਕਲੇਸ਼ ਕਰਨਾ ਪਊ।''

ਦੋਸਤੋ ! ਇਹ ਤਾਂ ਇੱਕ ਨੌਂਹ ਜਿੰਨੀ ਝਾਤ ਸੀ ਮੇਰੇ ਮਹਾਨ ਭਾਰਤ ਦੇ ਸਿਸਟਮ ਦੀ। ਕਿਸੇ ਵੇਲੇ ਤਾਂ ਲਗਦਾ ਕਿ ਅਸੀਂ ਗੋਰਿਆਂ ਨੂੰ ਇਹ ਅਹਿਸਾਸ ਕਰਵਾਉਣ 'ਚ ਲੱਗੇ ਹੋਏ ਹਾਂ ਕਿ ਤੁਹਾਨੂੰ ਤਾਂ ਭਾਰਤ ਉੱਤੇ ਰਾਜ ਕਰਨਾ ਹੀ ਨਹੀਂ ਆਇਆ। ਅਸੀਂ ਦਿਖਾਉਣੇ ਆ ਕਿ ਰਾਜ ਕਿਵੇਂ ਕਰੀਦੈ ? ਚਲੋ ਫੇਰ, ਇੱਕ ਝਾਤ ਇਸ ਤੇ ਵੀ ਮਾਰ ਲੈਣੇ ਆ ਕਿ ਚੰਮ ਦੀਆਂ ਚਲਾਉਣ 'ਚ ਗੋਰੇ ਕਿਥੇ ਮਾਤ ਖਾ ਗਏ।

ਗੱਲ ਕਰਦੇ ਹਾਂ ਗੋਰਿਆਂ ਦੇ ਰਾਜ ਦੀਆਂ ਬੁਰਾਈਆਂ ਦੀ ਕਿ ਸਾਡੇ ਬਜ਼ੁਰਗਾਂ ਨੇ ਉਸ ਵਕਤ ਕੀ-ਕੀ ਝੱਲਿਆ ? ਸਭ ਤੋਂ ਪਹਿਲਾਂ ਤਾਂ ਗੱਲ ਆਉਂਦੀ ਹੈ ਅੱਤਿਆਚਾਰ ਦੀ, ਜਿਸ ਦਾ ਸਭ ਤੋਂ ਵੱਧ ਸ਼ਿਕਾਰ ਆਮ ਜੀਵ ਹੋਇਆ ਸੀ ਕਿਉਂਕਿ ਅਮੀਰ ਇਨਸਾਨ ਤਾਂ ਉਸ ਵਕਤ ਵੀ ਆਪਣੇ ਕੱਪੜੇ ਵਿਦੇਸ਼ਾਂ 'ਚੋਂ ਪ੍ਰੈੱਸ ਕਰਵਾਉਂਦੇ ਹੁੰਦੇ ਸਨ ਤੇ ਅੱਜ ਵੀ ਸਿਰ ਦੁਖਣ 'ਤੇ ਵਿਦੇਸ਼ਾਂ ਤੋਂ ਹੀ ਦਵਾਈ ਲੈਣ ਜਾਂਦੇ ਹਨ। ਉਸ ਤੋਂ ਬਾਅਦ ਵਾਰੀ ਆਉਂਦੀ ਆ ਲੁੱਟ-ਖਸੁੱਟ ਦੀ। ਦੱਸਣ ਵਾਲੇ
ਦੱਸਦੇ ਹਨ ਕਿ ਇੱਕ ਵਪਾਰੀ ਦੇ ਤੌਰ 'ਤੇ ਆਏ ਗੋਰੇ ਇਸ ਸੋਨੇ ਦੀ ਚਿੜੀ ਨੂੰ ਜਿੰਨਾਂ ਕੁ ਲੁੱਟ ਸਕਦੇ ਸੀ, ਲੁੱਟ ਕੇ ਸਾਰਾ ਧਨ ਵਿਦੇਸ਼ੀ ਲੈ ਗਏ। ਦੱਸਣ ਵਾਲੇ ਇਹ ਵੀ ਦੱਸਦੇ ਹਨ ਕਿ ਹਿੰਦੁਸਤਾਨੀ ਲੋਕਾਂ ਨੂੰ ਚਾਹ ਤੱਕ ਦਾ ਵੀ ਵੈਲ ਨਹੀਂ ਸੀ। ਆਉਣ ਵਾਲੀਆਂ ਪੀੜ੍ਹੀਆਂ ਨੂੰ ਗ਼ੁਲਾਮ ਬਣਾਈ ਰੱਖਣ ਲਈ ਇਹਨਾਂ ਚਾਹ ਜਿਹੇ ਨਸ਼ੇ ਦੇ ਆਦੀ ਬਣਾਉਣ 'ਚ ਕੋਈ ਕਸਰ ਨਹੀਂ ਸੀ ਛੱਡੀ। ਇਸ ਤੋਂ ਬਾਅਦ ਆਉਂਦੀ ਆ ਵਾਰੀ ਪਾੜੋ ਤੇ ਰਾਜ ਕਰੋ ਦੀ ਨੀਤੀ ਦੀ। ਇਤਿਹਾਸ ਗਵਾਹ ਹੈ ਕਿ ਗੋਰਿਆਂ ਨੇ ਭਰਾ ਨੂੰ ਭਰਾ ਨਾਲ ਲੜਾ ਕੇ ਰਾਜ ਕੀਤਾ। ਕਿਤੇ-ਕਿਤੇ ਇਤਿਹਾਸ ਇਹ ਵੀ ਗਵਾਹੀ ਭਰਦਾ ਹੈ ਕਿ ਧੀ ਭੈਣ ਦੀ ਪੱਤ 'ਤੇ ਵੀ ਹਮਲੇ ਹੁੰਦੇ ਰਹੇ ਹਨ। ਭਾਰਤ ਦੀ ਰੀੜ੍ਹ ਦੀ ਹੱਡੀ 'ਕਿਸਾਨ', ਦਾ ਲਹੂ ਵੀ ਇਹ ਲਗਾਨ ਦੇ ਨਾਂ ਹੇਠ ਚੂਸਦੇ ਰਹੇ। ਧਰਮ ਦੇ ਨਾਂ ਤੇ ਵੀ ਇਹ ਜਾਲ ਸੁੱਟਦੇ ਰਹੇ, ਕਿਉਂਕਿ ਬੀਤਿਆ ਵਕਤ ਦੱਸਦਾ ਹੈ ਕਿ ਜੋ ਇਹਨਾਂ ਦੀ ਈਨ ਕਬੂਲ ਕਰ ਲੈਂਦਾ ਸੀ ਉਸ ਨੂੰ ਇਹ ਲੰਬੜਦਾਰੀਆਂ ਤੇ ਜ਼ੈਲਦਾਰੀਆਂ ਨਾਲ ਨਿਵਾਜਦੇ ਸਨ। ਇਹਨਾਂ ਬੁਰਾਈਆਂ ਦੀ ਲਿਸਟ ਨੂੰ ਜਿੰਨੀ ਮਰਜ਼ੀ ਲੰਮੀ ਕਰ ਲਵੋ ਪਰ ਅੱਜ ਦੇ ਇਸ ਲੇਖ 'ਚ ਇੰਨੇ ਕੁ ਖਿਲਾਰੇ ਨੂੰ ਹੀ ਸਮੇਟ ਲਈਏ ਤਾਂ ਕਾਫ਼ੀ ਹੈ।

ਲਓ ਜੀ ! ਲਹੂ ਵਗਾਉਂਦਾ ਰਹਿ ਗਿਆ ਕੋਈ ਤੇ ਲਾਹਾ ਲੈ ਗਿਆ ਕੋਈ। ਪਰ ਜੋ ਵੀ ਹੋਇਆ, ਅਖੀਰ ਉਹ ਦਿਨ ਵੀ ਆ ਗਿਆ ਜਦੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਗਾਹ ਮਾਰੀਆਂ ਤੇ ਇੱਕ ਆਜ਼ਾਦ ਭਾਰਤ ਦਾ ਸੁਫ਼ਨਾ ਸੱਚ ਹੋ ਗਿਆ। ਵਕਤ ਬੀਤਦਾ ਗਿਆ, ਅੱਜ ਚੌਂਹਠ ਵਰ੍ਹਿਆਂ ਤੋਂ ਬਾਅਦ ਜਦੋਂ ਆਪਾ ਵਾਰ ਕੇ ਮਿਲੀ ਆਜ਼ਾਦੀ ਦੀ ਸਮੀਖਿਆ ਕਰਦੇ ਹਾਂ ਤਾਂ ਦਿਲ ਸੋਚਣ ਤੇ ਮਜਬੂਰ ਹੋ ਜਾਂਦਾ ਹੈ ਕਿ ਕੀ ਖੱਟਿਆ ਆਜ਼ਾਦ ਹੋ ਕੇ !!! ਆਮ ਆਦਮੀ ਅੱਜ ਜਦੋਂ ਸੋਚਦਾ ਕਿ
ਗ਼ੁਲਾਮੀ ਤੋਂ ਦੁਖੀ ਹੋ ਕੇ ਆਜ਼ਾਦੀ ਲਈ ਸੰਘਰਸ਼ ਵਿੱਢਿਆ ਸੀ। ਪਰ ਅੱਜ ਦੂਜੀ ਨੂੰਹ ਆਈ ਤੋਂ ਮਹਿਸੂਸ ਹੋ ਰਿਹਾ ਹੈ ਕਿ ਪਹਿਲੀ ਹੀ ਚੰਗੀ ਸੀ। ਇਕੱਲੀ-ਇਕੱਲੀ ਗੱਲ ਦੀ ਜੇ ਸਮੀਖਿਆ ਕਰੀਏ ਤਾਂ ਮੂੰਹੋਂ ਆਪ ਮੁਹਾਰੇ ਨਿੱਕਲ ਆਉਂਦਾ ਹੈ ਕਿ ਇਸ ਨਾਲੋਂ ਤਾਂ ਗੋਰੇ ਹੀ ਚੰਗੇ ਸਨ। ਉਨ੍ਹਾਂ ਸੋਨੇ ਦੀ ਚਿੜੀ ਨੂੰ ਲੁੱਟਿਆ ਪਰ ਇੱਕ ਸੀਮਾ 'ਚ ਰਹਿ ਕੇ। ਪਰ ਆਪਣੀਆਂ ਨੇ ਤਾਂ ਚਿੜੀ ਦੀਆਂ ਬਿਠਾ ਵੀ ਨਹੀਂ

ਛੱਡੀਆਂ।

ਅੰਕੜੇ ਦੱਸਦੇ ਹਨ ਕਿ ਦੋ ਸੌ ਵਰ੍ਹਿਆਂ 'ਚ ਜਿੰਨਾਂ ਗੋਰਿਆਂ ਨੇ ਭਾਰਤ ਨੂੰ ਲੁੱਟਿਆ ਉਸ ਨਾਲੋਂ ਕਈ ਗੁਣਾ ਜ਼ਿਆਦਾ ਆਪਣੀਆਂ ਨੇ ਚੌਹਠ ਵਰ੍ਹਿਆਂ 'ਚ ਲੁੱਟ ਲਿਆ। ਗੋਰੇ ਵੀ ਧਨ ਵਿਦੇਸ਼ 'ਚ ਭੇਜਦੇ ਸਨ ਤੇ ਆਪਣੇ ਵੀ ਧਨ ਵਿਦੇਸ਼ 'ਚ ਹੀ ਭੇਜਣਾ ਪਸੰਦ ਕਰਦੇ ਹਨ। ਅਗਲੀ ਗੱਲ ਤੇ ਆ ਜਾਓ, ਉਸ ਵਕਤ ਸਾਡੇ ਨੇਤਾ ਚਾਹ ਨੂੰ ਵੀ ਨਸ਼ਾ ਸਮਝਦੇ ਸਨ ਤੇ ਅੱਜ ਸਮੈਕ ਜਿਹੇ ਨਸ਼ੇ ਵੀ ਉਨ੍ਹਾਂ ਨੂੰ ਖ਼ਤਰਨਾਕ ਨਹੀਂ ਲੱਗ ਰਹੇ। ਸ਼ਰਾਬ ਅਫ਼ੀਮ ਦੇ ਠੇਕੇ ਖੋਲ੍ਹਦਿਆਂ ਸਰਕਾਰਾਂ ਨੂੰ ਆਪਣੇ ਭਾਰਤ ਦਾ ਭਵਿੱਖ ਸੁਨਹਿਰੀ ਦਿਸ ਰਿਹਾ ਹੈ। ਸਾਡੇ ਆਪਣੇ ਆਜ਼ਾਦ ਭਾਰਤ ਦੇ ਨਿਰਮਾਤਾ ਜਵਾਨੀ ਨਸ਼ਿਆਂ 'ਤੇ ਲਾ ਕੇ ਚੰਗੇ ਭਵਿੱਖ ਦੀ ਕਾਮਨਾ ਕਰ ਰਹੇ ਹਨ। ਪਾੜੋ ਤੇ ਰਾਜ ਕਰੋ ਦੀ ਨੀਤੀ ਤਾਂ ਗੋਰਿਆਂ ਨੂੰ ਵਰਤਣੀ ਹੀ ਨਹੀਂ ਆਈ। ਉਹ ਤਾਂ ਵਿਚਾਰੇ ਹਿੰਦੂ ਮੁਸਲਮਾਨ 'ਚ ਪਾੜ ਪਾਉਣ ਤੱਕ ਹੀ ਸੀਮਤ ਰਹੇ। ਪਰ ਸਾਡੇ ਆਪਣਿਆਂ ਨੇ ਤਾਂ ਕਮਾਲ ਕਰ ਦਿੱਤੀ, ਉਨ੍ਹਾਂ ਤਾਂ ਇਹ ਨੀਤੀ ਪਰਿਵਾਰ ਪੱਧਰ 'ਤੇ ਲਾਗੂ ਕਰ ਦਿੱਤੀ। ਬਾਕੀ ਰਹੀ ਧੀ ਭੈਣ ਦੀ ਇੱਜ਼ਤ ਦੀ ਗੱਲ, ਤਾਂ ਉਸ ਬਾਰੇ ਜ਼ਿਆਦਾ ਕਹਿਣ ਦੀ ਲੋੜ ਨਹੀਂ। ਤੜਕੇ-ਤੜਕੇ ਚਾਹ ਦਾ ਕੱਪ ਹੱਥ 'ਚ ਫੜ ਕੇ ਟੀ.ਵੀ. ਮੂਹਰੇ ਬਹਿ ਜਾਓ ਤਾਂ ਹਰ ਤੀਜੀ ਖ਼ਬਰ ਪੱਤ ਨਾਲ ਸਬੰਧਿਤ ਹੋਵੇਗੀ ਤੇ ਜਿਹੜੀ ਥੋੜ੍ਹੀ ਬਹੁਤ ਪੱਤ ਕਿਸੇ ਧੀ ਭੈਣ ਦੀ ਬਚੀ ਹੁੰਦੀ ਹੈ, ਉਹ ਇਹ ਚੈਨਲਾਂ ਵਾਲੇ ਲੁੱਟ ਰਹੇ ਹੁੰਦੇ ਹਨ।

ਹੁਣ ਅੰਨਦਾਤੇ ਦੀ ਸੁਣ ਲਵੋ, ਉਦੋਂ ਅੰਨਦਾਤੇ ਦਾ ਖ਼ੂਨ ਚੂਸਿਆ ਜਾਂਦਾ ਸੀ ਤੇ ਅੱਜ ਅੰਨਦਾਤੇ ਦੀ ਜਾਨ ਦੇ ਤਿਹਾਏ ਹੋਏ ਫਿਰਦੇ ਹਨ। ਸਾਡਾ ਕਿਸਾਨ ਭਾਰਤ ਦੀਆਂ ਆਜ਼ਾਦ ਫ਼ਜ਼ਾਵਾਂ 'ਚ ਹਰ ਰੋਜ਼ ਆਤਮਹੱਤਿਆ ਕਰਨ ਲਈ ਮਜਬੂਰ ਹੈ। ਧਰਮ ਤਾਂ ਸਾਡੀ ਮੁੱਢ ਕਦੀਮੀ ਹੀ ਕਮਜ਼ੋਰੀ ਰਿਹਾ ਤੇ ਵਿਚਾਰੇ ਗੋਰਿਆਂ ਨੂੰ ਤਾਂ ਇਹ ਗੱਲ ਪੂਰੀ ਤੌਰ ਤੇ ਸਮਝ ਹੀ ਨਹੀਂ ਆਈ। ਸਾਡੇ ਆਪਣਿਆਂ ਅਸਲੀ ਨਬਜ਼ ਫੜੀ ਹੈ। ਹੁਣ ਧਰਮ ਦੇ ਨਾਂ ਤੇ ਕੀ ਕੁਝ ਨਹੀਂ ਹੁੰਦਾ ? ਉਸ ਵਕਤ ਚਾਰ ਧਰਮ ਹੀ ਮੰਨੇ ਗਏ ਸਨ। ਆਪਸ ਵਿੱਚ ਭਾਈ-ਭਾਈ ਹੋਣ ਦੇ ਗੀਤ ਵੀ ਗਾਏ ਜਾਂਦੇ ਸਨ ਤੇ ਗੋਰਿਆਂ ਨੂੰ ਇੱਕ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਸੀ। ਪਰ ਅੱਜ ਆਪਣਿਆਂ ਇਸ ਚਾਰ ਦੇ ਅੰਕੜਿਆਂ ਨੂੰ ਚਾਰ ਹਜ਼ਾਰ ਕਰ ਦਿੱਤਾ ਹੈ। ਗੋਰਿਆਂ ਨੂੰ ਉਸ ਵਕਤ ਭਾਈ ਭਤੀਜਾ ਵਾਦ ਬਾਰੇ ਗਿਆਨ ਨਹੀਂ ਸੀ ਜੋ ਸਾਡੇ ਆਪਣਿਆਂ ਅਪਣਾਇਆ ਤੇ ਬੜੀ ਸ਼ਿੱਦਤ ਨਾਲ ਇਸ ਤੇ ਅਮਲ ਕਰ ਰਹੇ ਹਨ। ਇਹਨਾਂ ਸਾਰੀਆਂ ਗੱਲਾਂ ਤੋਂ ਇਹ ਹੀ ਗੱਲ ਨਿੱਕਲ ਕੇ ਸਾਹਮਣੇ ਆਈ ਹੈ ਕਿ ਆਜ਼ਾਦੀ ਦੇ ਮਾਅਨੇ ਉਹ ਨਹੀਂ ਸਨ, ਜੋ ਆਮ ਇਨਸਾਨ ਆਪਣੇ ਸੁਪਨਿਆਂ ਵਿੱਚ ਦੇਖਦਾ ਹੁੰਦਾ ਸੀ। ਆਜ਼ਾਦੀ ਦੇ ਮਾਅਨੇ ਤਾਂ ਇਹ ਸਨ ਕਿ ਬੇਗਾਨੇ ਸਾਡੇ ਹੁੰਦਿਆਂ ਜਨਤਾ 'ਤੇ ਜ਼ੁਲਮ ਕਿਵੇਂ ਕਰੀ ਜਾਣ ! ਉਦੋਂ ਵੀ ਜ਼ੁਲਮ ਦਾ ਵਿਰੋਧ ਕਰਨ ਵਾਲਿਆਂ 'ਤੇ ਡਾਂਗ ਵਰ੍ਹਦੀ ਸੀ ਅੱਜ ਵੀ ਉਹੀ ਸਲੂਕ ਹੁੰਦਾ, ਬੱਸ ਫ਼ਰਕ ਆਪਣਿਆਂ ਬੇਗਾਨਿਆਂ ਦਾ ਹੈ। ਜਦੋਂ ਵੀ ਕਿਸੇ ਬੁਰਾਈ ਬਾਰੇ ਗੱਲ ਕਰਦੇ ਹਾਂ ਤਾਂ ਉਦੋਂ ਸਾਡਾ ਦੋਸ਼ ਹੁੰਦਾ ਕਿ ਸਾਨੂੰ ਗੋਰੇ ਸਿਖਾ ਗਏ। ਹੈਰਾਨੀ ਇਸ ਗੱਲ ਦੀ ਹੈ ਕਿ ਅਸੀਂ ਗੋਰਿਆਂ ਤੋਂ ਕੋਈ ਚੰਗਾਈ ਕਿਉਂ ਨਹੀਂ ਸਿੱਖੀ ?

ਗੋਰਿਆਂ ਦੇ ਬੁਰੇ ਪੱਖ ਨੂੰ ਤਾਂ ਆਪਾਂ ਪੜਚੋਲ ਲਿਆ ਪਰ ਕਦੇ ਇਹ ਵੀ ਸੋਚਿਆ ਕਿ ਗੋਰਿਆਂ ਨੇ ਆਪਣੇ ਰਾਜ 'ਚ ਜੋ ਕੁਝ ਚੰਗਾ ਕੀਤਾ, ਉਸ ਦੀ ਵੀ ਨਕਲ ਕਰ ਲਈਏ ? ਅੱਜ ਵੀ ਸਦੀਆਂ ਪੁਰਾਣੇ ਅਣਗਿਣਤ ਰੇਲਵੇ ਸਟੇਸ਼ਨ ਤੇ ਪੁਲ ਉਨ੍ਹਾਂ ਦੀ ਲਾ-ਮਿਸਾਲ ਕਾਰਗੁਜ਼ਾਰੀ ਦਾ

ਸਬੂਤ ਹਨ, ਜਿੰਨਾਂ ਵਿੱਚ ਇੱਕ ਵੀ ਤਰੇੜ ਦੇਖਣ ਨੂੰ ਨਹੀਂ ਮਿਲਦੀ। ਜੋ ਕਿ ਦਰਸਾਉਂਦੀ ਹੈ ਕਿ ਉਹ ਆਪਣੇ ਕੰਮ ਪ੍ਰਤੀ ਕਿੰਨੇ ਇਮਾਨਦਾਰ ਸਨ। ਜਾਂ ਫੇਰ ਇੰਝ ਕਹਿ ਲਵੋ ਕਿ ਗੋਰਿਆਂ ਨੂੰ ਤਾਂ ਅਕਲ ਹੀ ਨਹੀਂ ਸੀ, ਐਵੇਂ ਇੱਟਾਂ ਚੂਨੇ 'ਚ ਥੱਪੀ ਗਏ। ਕੀ ਲੋੜ ਸੀ ਏਨਾ ਪੱਕਾ ਕੰਮ ਕਰਨ ਦੀ ? ਕਮਲ਼ਿਓ ! ਕਦੇ ਤਾਂ ਆਪਣੇ ਜੁਆਕਾਂ ਬਾਰੇ ਸੋਚ ਲੈਂਦੇ। ਜੇ ਇੱਕੋ ਵਾਰੀ 'ਚ ਪੱਕਾ ਕੰਮ ਕਰ ਦਿਤਾ ਤਾਂ ਬਾਕੀ ਉਮਰ ਜੁਆਕਾਂ ਨੂੰ ਕੀ ਖਵਾਉਂਗੇ।

ਇਥੇ ਮੈਂ ਦੋ ਇਹੋ ਜਿਹੇ ਥਾਵਾਂ ਦਾ ਜ਼ਿਕਰ ਕਰਨਾ ਚਾਹਾਂਗਾ, ਜੋ ਸਬੂਤ ਹਨ ਗੋਰਿਆਂ ਦੇ ਚੰਗੇ ਪੱਖ ਦੇ ਅਤੇ ਆਪਣੇ ਲੋਕਾਂ ਦੀ ਨਿਗ੍ਹਾ 'ਚ ਬੇਵਕੂਫ਼ੀ ਦੇ। ਜਿਨ੍ਹਾਂ ਵਿਚੋਂ ਇੱਕ ਤਾਂ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਵਿੱਚ ਘੱਗਰ ਦਰਿਆ 'ਤੇ ਬਣਿਆ ਓਟੂ ਦਾ ਪੁਲ ਹੈ। ਜਿਸ ਬਾਰੇ ਮਸ਼ਹੂਰ ਹੈ ਕਿ ਆਜ਼ਾਦੀ ਤੋਂ ਪਹਿਲਾਂ ਇੱਕ ਗੋਰੇ ਨੇ, ਉਸ ਪੁਲ ਦੇ ਨਿਰਮਾਤਾ ਵੱਲੋਂ ਲਿਖੀ ਉਸ ਦੀ ਮਿਆਦੀ ਤਾਰੀਖ਼ ਪੜ੍ਹ ਕੇ, ਉਸ ਉੱਪਰੋਂ ਆਪਣਾ ਘੋੜਾ ਲੰਘਾਉਣ ਤੋਂ ਮਨ੍ਹਾ ਕਰ ਦਿਤਾ ਸੀ। ਅੱਜ ਵੀ ਜਾ ਕੇ ਅੱਖੀਂ ਦੇਖਿਆ ਜਾ ਸਕਦੇ ਹੈ ਕਿ ਉਹ ਪੁਲ ਅੱਜ ਵੀ ਨੌਂ-ਬਰ-ਨੌਂ ਹੈ, ਭਾਵੇਂ ਉਸ ਦੀ ਮਿਆਦ ਖ਼ਤਮ ਹੋਇਆਂ ਵੀ ਅੱਧੀ ਸਦੀ ਤੋਂ ਜ਼ਿਆਦਾ ਵਕਤ ਬੀਤ ਚੁੱਕਾ ਹੈ। ਉਸ ਵਕਤ ਤਾਂ ਗੋਰਾ ਘੋੜੇ ਦੇ ਭਾਰ ਤੋਂ ਹੀ ਡਰ ਗਿਆ ਸੀ ਪਰ ਅੱਜ ਤੱਕ ਉਸ ਉੱਤੋਂ ਦੀ ਭਾਰੀ-ਭਰਕਮ ਚੀਜ਼ਾਂ ਬੇਖ਼ੌਫ ਲੰਘ ਰਹੀਆਂ ਹਨ।

ਦੂਜੀ ਉਦਾਹਰਨ ਏਸ਼ੀਆ ਦੇ ਸਭ ਤੋਂ ਵੱਡੇ ਰੇਲਵੇ ਜੰਕਸ਼ਨ ਦੇ ਤੌਰ ਤੇ ਜਾਣੇ ਜਾਂਦੇ ਬਠਿੰਡੇ ਦੇ ਰੇਲਵੇ ਸਟੇਸ਼ਨ ਦੀ ਹੈ। ਦੋਸਤੋ ! ਸੰਜੋਗਵੱਸ ਜੇ ਕਦੇ ਬਠਿੰਡੇ ਵੱਲ ਦੀ ਲੰਘੋ ਤਾਂ ਇੱਕ ਗੇੜੀ ਇਸ ਦੇ ਰੇਲਵੇ-ਸਟੇਸ਼ਨ ਦੇ ਪਲੇਟਫ਼ਾਰਮ ਨੰਬਰ ਛੇ 'ਤੇ ਬਣੀ ਕੰਟੀਨ 'ਤੇ ਜ਼ਰੂਰ ਮਾਰਿਓ। ਭਾਵੇਂ ਸਾਰੇ ਦੇ ਸਾਰੇ ਸਟੇਸ਼ਨ 'ਚ ਇੱਕ ਵੀ ਤਰੇੜ ਤੁਹਾਨੂੰ ਨਹੀਂ ਲੱਭਣੀ ਪਰ ਜਦੋਂ ਤੁਸੀਂ ਇਸ ਦੀ ਕੰਟੀਨ ਦਾ ਬੂਹਾ ਖੋਲ੍ਹੋਗੇ ਤਾਂ ਇਸ ਦੇ ਫ਼ਰਸ਼ ਦਾ ਲਿਸ਼ਕਾਰਾ ਤੁਹਾਡੀਆਂ ਅੱਖਾਂ ਨੂੰ ਚੁੰਧਿਆ ਦੇਵੇਗਾ ਤੇ ਉੱਥੇ ਬੈਠੇ ਸਟਾਫ਼ ਨੂੰ ਤੁਹਾਡਾ ਪਹਿਲਾ ਸਵਾਲ ਇਹੀ ਹੋਵੇਗਾ ਕਿ ਫ਼ਰਸ਼ ਬੜਾ ਸੋਹਣਾ ! ਇਹ ਕਦੋਂ ਬਣਵਾਇਆ ? ਮੂਹਰੋਂ ਕੰਟੀਨ ਦਾ ਠੇਕੇਦਾਰ ਰਾਜੇਸ਼ ਕੁਮਾਰ ਉਹੀ ਰਟਿਆ-ਰਟਾਇਆ ਜਵਾਬ ਦੇਵੇਗਾ ਕਿ ਸਾਹਮਣੀ ਕੰਧ 'ਤੇ ਪੜ੍ਹ ਲਵੋ। ਜਦੋਂ ਤੁਸੀ ਉੱਥੇ ਲਿਖੀ ਇੱਕ ਸਦੀ ਤੋਂ ਵੀ ਪੁਰਾਣੀ ਤਾਰੀਖ਼ ਪੜ੍ਹੋਗੇ ਤਾਂ ਤੁਹਾਡੀਆਂ ਨਜ਼ਰਾਂ ਕਦੇ ਫ਼ਰਸ਼ ਵੱਲ ਤੇ ਕਦੇ ਅਰਸ਼ ਵੱਲ ਤੇ ਮੂੰਹੋਂ ਆਪ ਮੁਹਾਰੇ ਨਿੱਕਲੂ "ਵਾਹ ਉਏ ਗੋਰਿਓ ! ਨਹੀਂਓਂ ਰੀਸਾਂ ਤੁਹਾਡੇ ਕੰਮ ਦੀਆਂ।"

ਚਲੋ ਜੀ ! ਅਸੀਂ ਤਾਂ ਦੱਸ ਦਿੱਤਾ ਕਿ ਕਿਉਂ ਆਏ ਪਰਦੇਸ, ਕਿਉਂ ਸ਼ੇਰਾਂ ਵਾਲੇ ਪਾਸਪੋਰਟ ਨੂੰ ਅਲਵਿਦਾ ਕਹਿ ਦਿੱਤੀ ਤੇ ਕਿਉਂ ਸਰਦਾਰੀ ਛੱਡ, ਦਿਹਾੜੀ ਗਲ਼ ਲਾ ਲਈ। ਤਿੱਖੀਆਂ ਨੌਂਹਦਰਾਂ ਵਾਲੀਆਂ ਬਿੱਲੀਆਂ ਨਾਲ ਭਰੇ ਇਸ ਜੰਗਲ ਵਿੱਚ ਕਬੂਤਰ ਦੀਆਂ ਬੰਦ ਜਾਂ ਖੁੱਲ੍ਹੀਆਂ ਅੱਖਾਂ ਹੁਣ ਕੋਈ ਮਾਅਨੇ ਨਹੀਂ ਰੱਖਦਿਆਂ। ਸੋ ਸੱਚ ਤਾਂ ਸੱਚ ਹੈ ਜੋ ਗੁਰਵਿੰਦਰ ਬਰਾੜ ਨੇ ਇਸ ਗੀਤ 'ਚ ਗਾ ਦਿੱਤਾ ਇਹ ਗੱਲ ਵੱਖਰੀ ਹੈ ਕਿ ਕਿਸੇ ਦੇ ਹਜ਼ਮ ਹੋਵੇ ਜਾ ਨਾ।

****

# ਕਿਹੜੀ ਐਨਕ ਨਾਲ ਦੇਖਿਆ ਡਾ. ਹਰਸ਼ਿੰਦਰ ਕੌਰ ਨੇ ਆਸਟ੍ਰੇਲੀਆ ?

ਇਹ ਲੇਖ ਮੈਂ ਪਹਿਲੀ ਭਾਰਤ ਫੇਰੀ ਦੌਰਾਨ 20 ਦਸੰਬਰ 2009 ਨੂੰ ਸਪੋਕਸਮੈਨ ਅਖ਼ਬਾਰ 'ਚ ਆਸਟ੍ਰੇਲੀਆ ਦੌਰਾ ਕਰਕੇ ਮੁੜੇ ਡਾਕਟਰ ਹਰਸ਼ਿੰਦਰ ਕੌਰ ਵੱਲੋਂ ਲਿਖੇ ਆਸਟ੍ਰੇਲੀਆ ਬਾਰੇ ਲੇਖ ਦੇ ਜਵਾਬ ਵੱਜੋ ਲਿਖਿਆ ਸੀ। ਜਿਸ ਵਿੱਚ ਜਵਾਬ ਘੱਟ ਤੇ ਸਵਾਲ ਵੱਧ ਨਿਕਲ ਕੇ ਸਾਹਮਣੇ ਆਏ। ਮੇਰੇ ਉਹ ਵਕਤ ਚੰਗੀ ਤਰ੍ਹਾਂ ਯਾਦ ਹੈ ਜਦੋਂ ਮੈਂ ਆਪਣੇ ਪਿਤਾ ਜੀ ਨਾਲ ਕੁਝ ਇੱਕ ਜ਼ਮੀਨ ਦੇ ਕਾ.ਗਜ਼ਾਤ ਦੇ ਮਸਲੇ 'ਚ ਸਿਰਸਾ ਤਾਰੀਖ਼ 'ਤੇ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਅਚਾਨਕ ਆਸਟ੍ਰੇਲੀਆ ਬਾਰੇ ਲਿਖੇ ਇਸ ਲੇਖ 'ਤੇ ਮੇਰੀ ਨਜ਼ਰ ਪਈ ਤਾਂ ਪੜ੍ਹ ਕੇ ਦਿਲ ਏਨਾ ਉਦਾਸ ਹੋ ਗਿਆ ਕਿ ਜ਼ਮੀਨ ਦੀ ਤਾਰੀਖ਼ ਤੇ ਅਦਾਲਤ ਜਾਣਾ ਵੀ ਇਸ ਮਸਲੇ ਤੋਂ ਛੋਟਾ ਲੱਗਿਆ ਤੇ ਸਿਰ.ਫ ਅੱਧੇ ਕੁ ਘੰਟੇ 'ਚ ਇਹ ਲੇਖ ਲਿਖ ਕੇ 'ਪੰਜਾਬੀ ਨਿਊਜ਼ ਆਨਲਾਈਨ' ਦੇ ਚੀ.ਫ ਐਡੀਟਰ ਸੁਖਨੈਬ ਸਿੱਧੂ ਨੂੰ ਭੇਜਿਆ ਤਾਂ ਸਿਰ.ਫ ਦੋ ਘੰਟਿਆਂ 'ਚ ਦੁਨੀਆ ਭਰ ਤੋਂ ਸੁਨੇਹੇ ਆਉਣੇ ਸ਼ੁਰੂ ਹੋ ਗਏ। ਮੇਰੀ ਉਦੋਂ ਹੈਰਾਨੀ ਦੀ ਕੋਈ ਹੱਦ ਨਹੀਂ ਰਹੀ ਜਦੋਂ ਆਸਟ੍ਰੇਲੀਆ ਬੈਠੇ ਕੁਝ ਪੁਰਾਣੇ ਬੰਦੇ ਮੇਰੇ ਉਲਟ ਲਾਮਬੰਦ ਹੋਣੇ ਸ਼ੁਰੂ ਹੋ ਗਏ ਅਤੇ ਨੌਜਵਾਨ ਮੇਰੇ ਹੱਕ 'ਚ ਆ ਖੜ੍ਹੇ ਹੋਏ। ਪਰ ਅਖੀਰ ਜਿੱਤ ਸੱਚ ਦੀ ਹੋਈ ਤੇ ਮਨ-ਘੜਤ ਕਹਾਣੀਆਂ ਦੀ ਸਚਾਈ ਉਸ ਵੇਲੇ ਸਾਹਮਣੇ ਆ ਗਈ ਜਦੋਂ ਇਸ ਬੀਬੀ ਜੀ ਨੇ ਆਪਣੇ ਲਿਖੇ ਲੇਖ ਬਾਰੇ ਆਪਣੇ ਸਪਸ਼ਟੀਕਰਨ 'ਚ ਇਹ ਕਿਹਾ ਕਿ ਮੇਰਾ ਲੇਖ ਤਾਂ ਇੱਥੋਂ ਸ਼ੁਰੂ ਹੁੰਦਾ ਉਸ ਤੋਂ ਪਹਿਲਾ ਦਾ ਹਿੱਸਾ ਮੈਂ ਨਹੀਂ ਲਿਖਿਆ। ਜਿਸ ਨਾਲ ਸੱਚ ਦਾ ਹੋਕਾ ਦੇਣ ਵਾਲਾ ਅਖ਼ਬਾਰ ਵੀ ਸ਼ੱਕ ਦੇ ਘੇਰੇ 'ਚ ਆ ਗਿਆ। ਇਸ ਲੇਖ ਤੋਂ ਬਾਅਦ ਮੈਨੂੰ ਨਿੱਜੀ ਤੌਰ ਤੇ ਕਾ.ਫੀ ਨੁਕਸਾਨ ਹੋਇਆ। ਬਹੁਤ ਸਾਰੇ ਸੱਜਣ ਮੂੰਹ ਮੋੜ ਗਏ। ਜੋ ਮੈਨੂੰ ਗਾਹੇ-ਬਗਾਹੇ ਛਾਪ ਦਿੰਦੇ ਸਨ, ਨੇ ਮੇਰੇ ਨਾਂ 'ਤੇ ਰੋਕ ਲਾ ਦਿੱਤੀ। ਇਸ ਕਾਂਡ ਤੋਂ ਕਾ.ਫੀ ਚਿਰ ਮਗਰੋਂ ਇਸ ਅਖ਼ਬਾਰ ਨੇ ਮੇਰਾ ਇੱਕ ਲੇਖ ਛਾਪਣਾ ਚਾਹਿਆ ਪਰ ਇੱਕ ਸ਼ਰਤ 'ਤੇ ਕੀ ਅਸੀਂ ਤੁਹਾਡਾ ਲੇਖ ਤੁਹਾਡੇ ਅਸਲੀ ਨਾਂ ਤੇ ਯਾਨੀ ਗੁਰਸ਼ਮਿੰਦਰ ਸਿੰਘ ਦੇ ਹੇਠ ਛਾਪਾਂਗੇ ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ 'ਮਿੰਟੂ ਬਰਾੜ' ਨਾਂ ਨੂੰ ਸਾਡੇ ਆਕਾ ਪਸੰਦ ਨਹੀਂ ਕਰਦੇ। ਇੱਕ ਗੱਲ ਦਾ ਸਕੂਨ ਸਦਾ ਰਹੇਗਾ ਕਿ ਇਸ ਲੇਖ ਤੋਂ ਬਾਅਦ ਦੁਨੀਆ ਭਰ 'ਚ ਉੱਠੇ ਵਬਾਲ ਨੇ ਬਹੁਤ ਸਾਰੇ ਸੱਜਣ ਦਿੱਖ ਵਾਲੇ ਲੋਕਾਂ ਦੇ ਚਿਹਰੇ ਨੰਗੇ ਕਰ ਦਿੱਤੇ ਸਨ।



ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਪਿੰਡ ਦੀ ਫੇਰੀ ਦੌਰਾਨ ਸ ਮਨਮੋਹਨ ਸਿੰਘ ਖੇਲਾ, ਰਣਜੀਤ ਸਿੰਘ ਸਰਾ, ਅਮਰਜੀਤ ਸਿੰਘ ਖੇਲਾ, ਲੇਖਕ, ਭੁਪਿੰਦਰ ਪੰਨੀਵਾਲੀਆ, ਨਿੰਦਰ ਘੁਗਿਆਣਵੀ ਅਤੇ ਬਲਜੀਤ ਖੇਲਾ।



ਸਾਊਥ ਆਸਟ੍ਰੇਲੀਆ ਦੀ ਸਾਬਕਾ ਮਲਟੀ ਕਲਚਰ ਮੰਤਰੀ ਗ੍ਰੇਸ ਪਰੋਟੋਲੀਸਾ ਅਤੇ ਨਿੰਦਰ ਘੁਗਿਆਣਵੀ ਨਾਲ ਲੇਖਕ।

# ਕਿਹੜੀ ਐਨਕ ਨਾਲ ਦੇਖਿਆ ਡਾ. ਹਰਸ਼ਿੰਦਰ ਕੌਰ ਨੇ ਆਸਟ੍ਰੇਲੀਆ ?

ਸਾਡੀ ਪੰਜਾਬੀਆਂ ਦੀ ਇਕ ਫ਼ਿਤਰਤ ਰਹੀ ਹੈ ਕਿ ਜੇ ਅਸੀਂ ਕਿਸੇ ਨੂੰ ਅੱਖਾਂ ਤੇ ਬਿਠਾ ਲੈਂਦੇ ਹਾਂ ਤਾਂ ਬੱਸ ਫੇਰ ਚੰਗੇ ਮਾੜੇ ਦੀ ਪਰਵਾਹ ਕੀਤੇ ਬਿਨਾਂ ਉਸ ਨੂੰ ਪਹਾੜੀ ਚੜ੍ਹਾ ਦਿੰਦੇ ਹਾਂ। ਕਈ ਵਾਰ ਮੇਰੇ ਜਿਹੇ ਨੇ ਜ਼ਿੰਦਗੀ ਵਿੱਚ ਬੱਸ ਇਕ ਕੰਮ ਹੀ ਚੰਗਾ ਕੀਤਾ ਹੁੰਦਾ ਤੇ ਸਾਡਾ ਮੀਡੀਆ ਉਸ ਨੂੰ ਫ਼ਰਿਸ਼ਤਾ ਬਣਾ ਕੇ ਇੰਝ ਪੇਸ਼ ਕਰ ਦਿੰਦਾ ਹੈ। ਅਸੀਂ ਉਸ ਨੂੰ ਘੋਖੇ ਤੋਂ ਬਿਨਾਂ ਹੀ ਰੱਬ ਦਾ ਦਰਜਾ ਦੇ ਦਿੰਦੇ ਹਾਂ। ਬੱਸ ਉਹੀ ਕਹਾਣੀ ਮੈਨੂੰ ਡਾਕਟਰ ਹਰਸ਼ਿੰਦਰ ਕੌਰ ਦੇ ਮਾਮਲੇ ਵਿੱਚ ਨਜ਼ਰ ਆ ਰਹੀ ਹੈ। ਦਿਲ ਵਿਚ ਵਾ-ਵਰੋਲੇ ਜਿਹੇ ਤਾਂ ਕਾਫੀ ਚਿਰ ਤੋਂ ਉੱਠ ਰਹੇ ਸਨ ਕਿ ਖੁੱਲ੍ਹ ਕੇ ਡਾਕਟਰ ਸਾਹਿਬ ਬਾਰੇ ਜਾਣਿਆ ਜਾਵੇ। ਪਰ ਕੁਝ ਰੁਝੇਵਿਆਂ ਕਾਰਨ ਇੰਜ ਕਰ ਨਾ ਸਕਿਆ। ਪਰ ਹੁਣ ਛੁੱਟੀਆਂ ਹੋਣ ਕਾਰਨ ਅਤੇ ਆਸਟ੍ਰੇਲੀਆ ਤੋਂ ਇੰਡੀਆ ਆਇਆ ਹੋਣ ਕਰਕੇ ਵਕਤ ਦੀ ਕੋਈ ਕਮੀ ਨਹੀਂ ਤੇ ਉੱਤੋਂ ਧੁਖਦੀ 'ਤੇ ਤੇਲ ਅੱਜ ਦੇ 20 ਦਸੰਬਰ 2009 ਦੇ ਸਪੋਕਸਮੈਨ ਵਿੱਚ ਛਪੇ ਡਾਕਟਰ ਹਰਸ਼ਿੰਦਰ ਕੌਰ ਦੇ ਲੇਖ ਨੇ ਪਾ ਦਿਤਾ। ਮੈਨੂੰ ਚੰਗੀ ਤਰ੍ਹਾਂ ਪਤਾ ਕਿ ਮੇਰੀ ਹਸਤੀ ਡਾਕਟਰ ਸਾਹਿਬ ਦੇ ਮੁਕਾਬਲੇ ਕੁਝ ਵੀ ਨਹੀਂ ਤੇ ਲੋਕ ਮੇਰੇ ਸੱਚ 'ਤੇ ਵਿਸ਼ਵਾਸ ਕਰਨ ਦੀ ਥਾਂ ਤੇ ਡਾਕਟਰ ਸਾਹਿਬ ਵੱਲੋਂ ਲਿਖੀਆਂ ਸਟੋਰੀਆਂ 'ਤੇ ਵਿਸ਼ਵਾਸ ਕਰਨਗੇ। ਪਰ ਇਸ ਨਾਲ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਮੈਨੂੰ ਪਤਾ ਜੇ ਡਾਕਟਰ ਹਰਸ਼ਿੰਦਰ ਕੌਰ ਨੂੰ ਸੱਚ ਲਿਖਣਾ ਆਉਂਦਾ ਹੈ ਤਾਂ ਉਸ ਵਿੱਚ ਸੱਚ ਸੁਣਨ ਦੀ ਸਮਰੱਥਾ ਵੀ ਜ਼ਰੂਰ ਹੋਵੇਗੀ। ਰਹੀ ਲੋਕਾਂ ਦੀ ਗੱਲ, ਤਾਂ ਜੇ ਉਹ ਡਾਕਟਰ ਸਾਹਿਬ ਦਾ ਸੱਚ ਸੁਣ ਸਕਦੇ ਹਨ ਤਾਂ ਉਹ ਮੇਰੇ ਸੱਚ ਵੱਲ ਵੀ ਜ਼ਰੂਰ ਧਿਆਨ ਦੇਣਗੇ।

ਮੈਂ ਇਥੇ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਨਾ ਤਾਂ ਮੇਰਾ ਕਿਸੇ ਨਾਲ ਕੋਈ ਵੈਰ ਹੈ ਤੇ ਨਾ ਹੀ ਕਦੇ ਮੈਂ ਕਿਸੇ ਨਾਲ ਸਾੜਾ ਕੀਤਾ ਹੈ। ਬੱਸ ਜੇ ਕੁੱਝ ਹਜ਼ਮ ਨਹੀਂ ਕਰ ਸਕਦਾ ਤਾਂ ਉਹ ਹੈ ਇਕ ਝੂਠ ਤੇ ਉਹ ਭਾਵੇਂ ਕਿਸੇ ਨੇ ਵੀ ਬੋਲਿਆ ਹੋਵੇ। ਅੱਜ ਤੱਕ ਮੇਰੀ ਨਜ਼ਰਾਂ ਵਿੱਚ ਵੀ ਇਸ ਬੀਬੀ ਲਈ ਉਨ੍ਹਾਂ ਹੀ ਸਤਿਕਾਰ ਸੀ ਜਿੰਨਾਂ ਹਾਲੇ ਤੁਹਾਨੂੰ ਹੈ। ਇਸ ਦਾ ਕਾਰਨ ਲਿਖਣ ਦੀ ਲੋੜ ਨਹੀਂ ਕਿਉਂਕਿ ਇਹ ਸਭ ਜੱਗ ਜ਼ਾਹਿਰ ਹੈ। ਇਸ ਬੀਬੀ ਵੱਲੋਂ ਲਿਖੇ ਤੇ ਬੋਲੇ ਹਰ ਸ਼ਬਦ ਤੇ ਲੋਕਾਂ ਫੁੱਲ ਚੜ੍ਹਾਏ ਹਨ। ਪਰ ਅੱਜ ਦੇ ਇਸ ਲੇਖ ਨੇ ਜੋ ਤਸਵੀਰ ਇਸ ਬੀਬੀ ਦੀ ਮੇਰੀਆਂ ਨਜ਼ਰਾਂ 'ਚ ਬਣਾ ਦਿੱਤੀ ਹੈ; ਉਸ ਨੂੰ ਭੁੱਲਣ ਲਈ ਇਹ ਜਨਮ ਕਾਫ਼ੀ ਨਹੀਂ ਲੱਗ ਰਿਹਾ।

ਲੇਖਕ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਤੇ ਜੇ ਸ਼ੀਸ਼ਾ ਹੀ ਝੂਠ ਬੋਲਣ ਲੱਗ ਜਾਵੇ ਤਾਂ ਕਿ ਬਣੂ ? ਲੇਖਕ ਵੀ ਉਹੋ ਜਿਹਾ ਜਿਸ ਦੀ ਪਹਿਚਾਣ ਹੀ ਉਸ ਵੱਲੋਂ ਬੋਲੇ ਇੱਕ ਕੋੜੇ ਸੱਚ ਨੇ ਬਣਾਈ ਹੋਵੇ। ਲੋਕਾਂ ਦੇ ਇਸ ਵਿਸ਼ਵਾਸ 'ਤੇ ਪੂਰਾ ਉੱਤਰਨ ਲਈ ਤਾਂ ਜ਼ਿੰਮੇਵਾਰੀਆਂ ਹੋਰ ਵੀ ਵੱਧ ਜਾਂਦੀਆਂ ਹਨ। ਇਹੋ ਜਿਹੇ ਮੁਕਾਮ 'ਤੇ ਪਹੁੰਚ ਕੇ ਤਾਂ ਬੋਲਣ ਤੋਂ ਪਹਿਲਾਂ ਇੱਕ ਵਾਰ ਤੋਲਣਾ ਕਾਫ਼ੀ ਨਹੀਂ ਹੁੰਦਾ। ਪਰ ਮੈਨੂੰ ਅੱਜ ਦਾ ਇਹ ਲੇਖ ਪੜ੍ਹ ਕੇ ਇਹ ਸਮਝ ਨਹੀਂ ਆ ਰਿਹਾ ਕਿ ਇੱਕ ਦੁਨੀਆ ਵੱਲੋਂ ਪ੍ਰਵਾਨਿਤ ਇਨਸਾਨ ਵੀ ਇੰਨਾ ਲਾਪਰਵਾਹ ਹੋ ਸਕਦਾ ਹੈ। ਜਿਸ ਨੇ ਲਿਖਣ ਤੋਂ ਪਹਿਲਾਂ ਇਹ ਵੀ ਨਹੀਂ ਸੋਚਿਆ ਕਿ ਉਹ ਜੋ ਲਿਖ ਰਹੀ ਹੈ ਉਸ ਦਾ ਅਸਰ ਉਨ੍ਹਾਂ ਬੱਚਿਆਂ ਅਤੇ ਮਾਪਿਆ 'ਤੇ ਕੀ ਹੋਵੇਗਾ ਜਿਨ੍ਹਾਂ ਦਾ

ਬੱਸ ਇਕ ਕਸੂਰ ਹੈ ਕਿ ਉਨ੍ਹਾਂ ਦਾ ਸੰਬੰਧ ਵੀ ਆਸਟ੍ਰੇਲੀਆ ਨਾਲ ਹੈ। ਨਾ ਹੀ ਤਾਂ ਉਨ੍ਹਾਂ ਦੇ ਬੱਚੇ ਚੋਰ ਹਨ ਤੇ ਨਾ ਹੀ ਬੇਇੱਜ਼ਤ ਹਨ।

20 ਦਸੰਬਰ ਦੇ ਇਸ ਲੇਖ ਵਿੱਚ ਜੋ ਘਾਣ ਇਸ ਬੀਬੀ ਨੇ ਆਸਟ੍ਰੇਲੀਆ ਗਏ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਕੀਤਾ। ਉਸ ਦਾ ਅਸਰ ਅਖ਼ਬਾਰ ਲੋਕਾਂ ਦੇ ਹੱਥ ਆਉਂਦੇ ਹੀ ਸ਼ੁਰੂ ਹੋ ਗਿਆ। ਹਰ ਰੋਜ਼ ਵਾਂਗ ਅੱਜ ਜਦੋਂ ਮੈਂ ਸੱਥ ਵਿੱਚ ਖੁੰਢ ਚਰਚਾ ਸੁਣਨ ਗਿਆ ਤਾਂ ਉੱਥੇ ਸਾਰੇ ਮੈਨੂੰ ਪੈ ਗਏ ਕਹਿਣ ਵਲੈਤੀਆ ਤੂੰ ਤਾਂ ਬੜੀ ਪ੍ਰਸ਼ੰਸਾ ਕਰਦਾ ਰਹਿੰਦਾ ! 'ਆ ਉਧੇੜੇ ਆ ਪੱਚਰੇ ਬਾਈ ਸਪੋਕਸਮੈਨ ਵਾਲਿਆਂ ਨੇ' ਇਕ ਕਹੇ ਉਹ ਫ਼ਲਾਣਾ ਸਿਉ ਚੌੜਾ ਹੋ ਕੇ ਬਹਿੰਦਾ ਸੀ ਸੱਥ 'ਚ ਹੁਣ ਪਤਾ ਲੱਗਿਆ ਕਿ ਕੀ ਕਰਦੇ ਆ ਇਹਦੇ ਜੁਆਕ ਆਸਟ੍ਰੇਲੀਆ 'ਚ ! ਬਾਈ ਆ ਸਦਕੇ ਇਸ ਬੀਬੀ ਦੇ !

ਮੈਂ ਇਹ ਲੇਖ ਕਾਹਲੀ-ਕਾਹਲੀ ਪੜ੍ਹਿਆ ਤੇ ਬਥੇਰੀ ਤਸੱਲੀ ਦੁਆਈ ਕਿ ਪੰਜੇ ਉਗਲਾਂ ਬਰਾਬਰ ਨਹੀਂ ਹੁੰਦੀਆਂ। ਇਕ-ਦੋ ਪਿੱਛੇ ਸਾਰੀਆਂ ਨੂੰ ਬਦਨਾਮ ਨਹੀਂ ਕਰੀ ਦਾ। ਪਰ ਸੱਥ ਵਿੱਚ ਜਿੰਨੇ ਮੂੰਹ ਉੱਨ੍ਹੀਆਂ ਗੱਲਾਂ ਕਹਿਣ ਯਾਰ ਆ ਡਾਕਟਰ ਝੂਠ ਨਹੀਂ ਲਿਖਦੀ। ਇਹ ਤਾਂ ਕਹੀ ਜਾਂਦੀ ਆ ਕੇ ਹਰ ਤੀਜੀ ਕੁੜੀ ਦਾ ਆਹ ਹਾਲ ਹੈ। ਮੈਂ ਸੋਚਾਂ ਵਿੱਚ ਪੈ ਗਿਆ ਕੇ ਆਸਟ੍ਰੇਲੀਆ ਵਿੱਚ ਜੇ ਕੁਲ ਸਟੂਡੈਂਟਸ ਦੀ ਗਿਣਤੀ ਡੇਢ ਲੱਖ ਦੇ ਕਰੀਬ ਹੈ, ਤਾਂ ਅੱਧ ਦੇ ਨੇੜੇ ਕੁੜੀਆਂ ਹਨ ਤੇ ਡਾਕਟਰ ਹਰਸ਼ਿੰਦਰ ਕੌਰ ਦੇ ਲਿਖਣ ਮੁਤਾਬਿਕ ਜੇ ਹਰ ਤੀਜੀ ਕੁੜੀ ਆਪਣਾ ਸਰੀਰ ਵੇਚਣ ਲਈ ਮਜਬੂਰ ਹੈ ਤਾਂ ਇਸ ਦਾ ਮਤਲਬ ਇਹ ਗਿਣਤੀ ਪੰਜੀ ਹਜ਼ਾਰ ਹੋ ਗਈ। ਸ਼ਾਇਦ ਏਨੀ ਗਿਣਤੀ ਵਿੱਚ ਤਾਂ ਦਿੱਲੀ-ਕਲਕੱਤੇ ਦੇ ਬਦਨਾਮ ਬਾਜ਼ਾਰਾਂ ਵਿੱਚ ਵੇਸਵਾਵਾਂ ਦੀ ਵੀ ਨਾ ਹੋਵੇ।

ਬੱਸ ਮੈਂ ਤਾਂ ਸੋਚਾਂ ਦੇ ਖੂਹ ਵਿੱਚ ਬੈਠਾ ਇਹ ਹੀ ਸੋਚ ਰਿਹਾ ਸੀ ਕਿ ਕਿਸੇ ਨੂੰ ਤਾਂ ਬਖ਼ਸ਼ ਦਿੰਦੇ ਬੀਬੀ ਜੀ ! ਆਪਣੀਆਂ ਧੀਆਂ ਨੂੰ ਵੇਸਵਾ ਤੇ ਪੁੱਤਾਂ ਨੂੰ ਚੋਰ ਲਿਖਣ ਤੋਂ ਪਹਿਲਾਂ ਤੁਹਾਡੇ ਹੱਥ ਕਿਉਂ ਨਹੀਂ ਕੰਬੇ ! ਤੁਸੀ ਇਹ ਕਿਉਂ ਨਹੀਂ ਸੋਚਿਆ ਕਿ ਅੱਜ ਆਸਟ੍ਰੇਲੀਆ ਗਈ ਇਕ ਧੀ ਦਾ ਬਾਪੂ ਕਿਹੜੇ ਮੂੰਹ ਨਾਲ ਸੱਥ ਵਿੱਚ ਜਾ ਕੇ ਬੈਠੂ ? ਆਸਟ੍ਰੇਲੀਆ ਵਿੱਚ ਤੁਹਾਨੂੰ ਸੱਦ ਕੇ ਸਨਮਾਨ ਕਰਨ ਵਾਲਿਆਂ ਦਾ ਮੈਂ ਵੀ ਇਕ ਅੰਗ ਸੀ। ਜਦੋਂ ਤੁਹਾਡੇ ਵੱਲੋਂ ਸਾਰੀਆਂ ਨੂੰ ਇਕੋ ਮੋਰੀ ਵਿੱਚ ਕੱਢਦੇ ਦੇਖਿਆ ਤਾਂ ਆਪਣੇ ਆਪ ਨਾਲ ਨਫ਼ਰਤ ਜਿਹੀ ਹੋ ਰਹੀ ਹੈ। ਅਸੀਂ ਤਾਂ ਏਨੇ ਚਿਰ ਤੋਂ ਆਸਟ੍ਰੇਲੀਆ ਵਿੱਚ ਰਹਿ ਰਹੇ ਹਾਂ ਸਾਨੂੰ ਤਾਂ ਕਦੇ ਇਹੋ ਜਿਹੀਆਂ ਪੰਜਾਬੀ ਵੇਸਵਾਵਾਂ ਨਹੀਂ ਮਿਲੀਆਂ ਜੋ ਇੰਞ ਸੜਕਾਂ 'ਤੇ ਸਾਡੇ ਮੁਲਕ ਦਾ ਨਾਂ ਬਦਨਾਮ ਕਰ ਰਹੀਆਂ ਹੋਣ। ਤੁਹਾਨੂੰ ਆਪਣੇ ਪੰਦਰ੍ਹਾਂ ਦਿਨਾਂ ਦੇ ਦੌਰੇ ਵਿੱਚ ਕੀ ਆਸਟ੍ਰੇਲੀਆ ਗਏ ਬੱਚਿਆਂ ਦਾ ਇਕ ਵੀ ਚੰਗਾ ਪੱਖ ਦਿਖਾਈ ਨਹੀਂ ਦਿੱਤਾ ?

ਇਕ ਪਾਸੇ ਤਾਂ ਬੀਬਾ ਜੀ ਲਿਖ ਰਹੇ ਹਨ ਕਿ ਇੰਡੀਅਨ ਸਟੂਡੈਂਟ ਇੱਕ-ਇੱਕ, ਦੋ-ਦੋ ਡਾਲਰਾਂ ਲਈ ਆਪਣਾ ਸਰੀਰ ਤੱਕ ਵੇਚ ਰਹੇ ਹਨ, ਚੋਰੀ-ਚਕਾਰੀ ਕਰ ਰਹੇ ਹਨ ਤੇ ਇੱਕ ਪਾਸੇ ਇਹਨਾਂ ਨੂੰ ਪੰਜਾਬੀ ਕੁੜੀਆਂ ਬੀਅਰ ਦੇ ਕੇਸ ਖ਼ਰੀਦ ਦੀਆਂ ਦਿਖਾਈ ਦੇ ਰਹੀਆਂ ਹਨ। ਮੈਂ ਤਾਂ ਹੁਣ ਤੱਕ ਹਜ਼ਾਰਾਂ ਇਹੋ ਜਿਹੇ ਵਿਦਿਆਰਥੀਆਂ ਨੂੰ ਜਾਣਦਾ ਜਿੰਨਾ ਆਪਣੀ ਸਖ਼ਤ ਮਿਹਨਤ ਨਾਲ ਆਪਣਾ ਭਵਿੱਖ ਰੌਸ਼ਨ ਕਰ ਲਿਆ ਹੈ। ਕੁੱਝ ਕਿਸਮਤ ਦੇ ਮਾਰੇ ਜ਼ਰੂਰ ਹਾਲੇ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਵਿਚੋਂ ਵੀ ਇੱਕਾ-ਦੁੱਕਾ ਹੀ ਇਹੋ ਜਿਹੇ ਹੋਣਗੇ ਜਿਨ੍ਹਾਂ ਆਪਣੀ ਜ਼ਮੀਰ ਨਾਲ ਸਮਝੌਤਾ ਕਰਕੇ ਗ਼ਲਤ ਰਾਹ ਚੁਣਿਆ ਹੋਵੇਗਾ। ਇਹਨਾਂ ਦੀ ਗਿਣਤੀ ਮਸਾਂ ਕੁ ਸੈਂਕੜਿਆਂ 'ਚ ਹੋਵੇਗੀ ਨਾ ਕਿ

ਹਜ਼ਾਰਾ 'ਚ ਪਰ ਤੁਸੀ ਤਾਂ ਸਾਰਿਆਂ ਨੂੰ ਇੱਕੋ ਤੱਕੜੀ ਤੋਲ ਦਿਤਾ।

ਆਸਟ੍ਰੇਲੀਆ ਵਿੱਚ ਪੰਜਾਬੀਆਂ ਦੇ ਕੁੱਲ ਛੇ ਅਖ਼ਬਾਰ ਨਿਕਲਦੇ ਹਨ ਤੇ ਜਿਨ੍ਹਾਂ ਵਿੱਚੋਂ ਇੱਕ ਦਾ ਮੈਂ ਵੀ ਸਬ-ਐਡੀਟਰ ਹਾਂ। ਹਰ ਇੱਕ ਅਖ਼ਬਾਰ ਪੂਰਨ ਰੂਪ ਵਿੱਚ ਜਾਗਰੂਕ ਹੈ ਤੇ ਉਹ ਜਦੋਂ ਵੀ ਕੋਈ ਬੁਰਾਈ ਦੇਖਦਾ ਹੈ ਤਾਂ ਉਹ ਉਸ ਨੂੰ ਉਜਾਗਰ ਕਰਦਾ ਹੈ। ਸਾਡੀ ਨਵੀਂ ਪੀੜੀ ਜੇ ਕਦੇ ਗ਼ਲਤ ਰਸਤੇ ਜਾਣ ਦੀ ਕੋਸ਼ਿਸ਼ ਕਰਦੀ ਹੈ ਤਾਂ ਆਸਟ੍ਰੇਲੀਆ ਵੱਸਦੇ ਮੇਰੇ ਹਮ-ਕਲਮੀ ਆਪਣੇ ਲੇਖਾਂ ਰਾਹੀਂ ਉਸ ਨੂੰ ਸੇਧ ਦੇਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਕਿਸੇ ਕਿਸਮ ਦੀ ਊਣਤਾਈ ਦੇਖਦੇ ਹਾਂ ਤਾਂ ਸੱਚ ਲਿਖਣ ਤੋਂ ਪਿੱਛੇ ਨਹੀਂ ਹਟਦੇ। ਜੇ ਕੁੱਝ ਇੱਕ ਨੌਜਵਾਨਾਂ ਕਾਰਣ ਸਾਰੇ ਭਾਈਚਾਰੇ ਦਾ ਨਾਂ ਬਦਨਾਮ ਹੁੰਦਾ ਹੈ ਤਾਂ ਅਸੀਂ ਉਸ ਦੇ ਉਲਟ ਲਿਖਦੇ ਹਾਂ, ਨਾ ਕਿ ਹਰ ਇੱਕ ਨੂੰ ਇੱਕੋ ਮੋਰੀ ਕੱਢਦੇ ਹਾਂ। ਪਿੱਛੇ ਜਿਹੇ ਮੇਰੇ ਦੋ ਲੇਖ ਸਾਰੀ ਦੁਨੀਆ ਦੇ ਅਖ਼ਬਾਰਾਂ ਵਿੱਚ ਛਪੇ ਸਨ ਤੇ ਉਨ੍ਹਾਂ ਵਿੱਚ ਮੈਂ ਇਹਨਾਂ ਨੌਜਵਾਨਾ ਨੂੰ ਬੜੀ ਸਖ਼ਤ ਭਾਸ਼ਾ ਵਿੱਚ ਮਾੜਾ ਕਰਨ ਤੋਂ ਵਰਜਿਆ ਸੀ। ਪਰ ਉਸ ਵਕਤ ਵੀ ਜੇ ਮੈਨੂੰ ਇਹਨਾਂ ਨੌਜਵਾਨਾਂ ਨਾਲ ਕੋਈ ਗਿਲਾ ਸੀ ਤਾਂ ਉਹ ਕੇਵਲ ਸਿਰਫ਼ ਅਸੱਭਿਅਕ ਵਿਹਾਰ ਕਾਰਨ ਸੀ। ਜੋ ਕਰਦੇ ਤਾਂ ਕੁੱਝ ਇੱਕ ਲੋਕ ਸਨ ਤੇ ਭੁਗਤਦੇ ਸਾਰੇ ਸਨ। ਪਰ ਹੌਲੀ-ਹੌਲੀ ਇਹ ਵੀ ਦੂਰ ਹੋ ਰਿਹਾ ਹੈ ਤੇ ਹੁਣ ਸਿਰਫ਼ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਕੋਈ ਜ਼ਿਆਦਾ ਸੁਣਨ ਨੂੰ ਨਹੀਂ ਮਿਲਦਾ।

ਬੀਬੀ ਜੀ ਦੇ ਇਸ ਲੇਖ ਤੋਂ ਬਾਅਦ ਤਾਂ ਇੱਕ ਹੀ ਨਤੀਜਾ ਨਿਕਲਦਾ ਹੈ ਕਿ ਆਸਟ੍ਰੇਲੀਆ ਵਿੱਚ ਕੰਮ ਕਰ ਰਹੀ ਪ੍ਰੈਸ ਇਮਾਨਦਾਰ ਨਹੀਂ ਹੈ। ਇਹਨਾਂ ਨੂੰ ਇੱਥੇ ਬੈਠਿਆਂ ਨੂੰ ਇਹੋ ਜਿਹਾ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ ਤੇ ਇੱਕ ਸੈਰ-ਸਪਾਟਾ ਕਰਨ ਆਈ ਬੀਬੀ ਨੂੰ ਸਭ ਕੁੱਝ ਦਿਖ ਗਿਆ। ਇਸ ਦਾ ਮਤਲਬ ਜਾਂ ਤਾਂ ਆਸਟ੍ਰੇਲੀਆ ਵਿੱਚ ਬੈਠੀ ਭਾਰਤੀ ਪ੍ਰੈਸ ਅੰਨ੍ਹੀ ਹੈ ਜਾਂ ਇਮਾਨਦਾਰ ਨਹੀਂ। ਜੋ ਆਂਕੜੇ ਇਹਨਾਂ ਆਪਣੇ ਇਸ ਲੇਖ ਵਿੱਚ ਦਿੱਤੇ ਹਨ ਉਹ ਸਾਨੂੰ ਤਾਂ ਆਸਟ੍ਰੇਲੀਆ ਵੱਸਦਿਆਂ ਨੂੰ ਵੀ ਨਹੀਂ ਕਿਤੇ ਲੱਭੇ। ਮੈਂ ਆਸਟ੍ਰੇਲੀਆ ਦਾ ਕੋਨਾ-ਕੋਨਾ ਗਾਹ ਮਾਰਿਆ ਮੈਨੂੰ ਤਾਂ ਕਿਤੇ ਇਹੋ ਜਿਹੀਆਂ ਗਲੀਆਂ ਨਹੀਂ ਲੱਭੀਆਂ ਜਿੱਥੇ ਜਾਣ ਲਈ ਸਿਰ ਝੁਕਾਉਣਾ ਪਵੇ। ਜੇ ਕਿਸੇ ਇੱਕ ਕੁੜੀ ਨੇ ਇਹੋ ਜਿਹੀ ਹੱਡਬੀਤੀ ਡਾਕਟਰ ਸਾਹਿਬ ਨੂੰ ਸੁਣਾ ਦਿੱਤੀ ਤਾਂ ਇਹ ਤਾਂ ਨਹੀਂ ਹੋ ਗਿਆ ਕਿ ਆਸਟ੍ਰੇਲੀਆ ਜਾ ਕੇ ਹਰ ਕੁੜੀ ਕੰਵਾਰੀ ਮਾਂ ਬਣੀ ਫਿਰਦੀ ਹੈ। ਕੁੜੀ ਦੀ ਆਵਾਜ਼ ਦੁਨੀਆ ਮੂਹਰੇ ਲਿਆਉਣ ਵਾਲੀ ਡਾਕਟਰ ਹਰਸ਼ਿੰਦਰ ਕੌਰ ਨੇ ਆਸਟ੍ਰੇਲੀਆ ਵਿੱਚ ਪੜ੍ਹਾਈ ਕਰ ਰਹੀਆਂ ਕੁੜੀਆਂ ਦੀ ਕਿਸਮਤ ਮੂਹਰੇ ਇੱਕ ਸਵਾਲੀਆ ਨਿਸ਼ਾਨ ਲਗਾ ਦਿਤਾ ਹੈ। ਹੁਣ ਤੱਕ ਇਹਨਾਂ ਦੇ ਮਾਪੇ ਸੋਚਦੇ ਸਨ ਕਿ ਸਾਨੂੰ ਕੁੜੀ ਦੇ ਵਿਆਹ ਵਿੱਚ ਦਾਜ ਦੇਣ ਦੀ ਲੋੜ ਨਹੀਂ ਕਿਉਂਕਿ ਸਾਡੀ ਕੁੜੀ ਵਿਦੇਸ਼ ਵਿੱਚ ਸੈੱਟ ਹੈ। ਪਰ ਮੇਰੇ ਹਿਸਾਬ ਨਾਲ ਹੁਣ ਮੁੰਡੇ ਵਾਲੇ ਇਹ ਲੇਖ ਪੜ੍ਹ ਕੇ ਸੋ ਵਾਰ ਸੋਚਣਗੇ ਆਸਟ੍ਰੇਲੀਆ ਰਹਿੰਦੀ ਕੁੜੀ ਨਾਲ ਰਿਸ਼ਤਾ ਕਰਨ ਲਈ।

ਹਰ ਰੋਜ਼ ਮੇਰੇ ਕੋਲ ਕਿਸੇ ਨਾ ਕਿਸੇ ਰੂਪ ਵਿੱਚ ਸੈਂਕੜੇ ਸਟੂਡੈਂਟਸ ਦੇ ਫ਼ੋਨ ਆਉਂਦੇ ਹਨ ਪਰ ਮੈਨੂੰ ਕਦੇ ਕਿਸੇ ਨੇ ਇਹੋ ਜਿਹੀਆਂ ਕਹਾਣੀਆਂ ਨਹੀਂ ਸੁਣਾਈਆਂ। ਇਸ ਲੇਖ ਨੂੰ ਪੜ੍ਹ ਕੇ ਮੈਂ ਕੁੱਝ ਇੱਕ ਇਹੋ ਜਿਹੇ ਜ਼ੁੰਮੇਵਾਰ ਬੰਦਿਆਂ ਨਾਲ ਗੱਲ ਕੀਤੀ ਜੋ ਕਿ ਪਿਛਲੇ ਵੀਹ ਤੋਂ ਵੀ ਜ਼ਿਆਦਾ ਸਾਲਾਂ ਤੋਂ ਆਸਟ੍ਰੇਲੀਆ ਰਹਿ ਰਹੇ ਹਨ ਤਾਂ ਕੇ ਮੈਂ ਜਾਣ ਸਕਾਂ ਕਿ ਕਿਤੇ ਮੈਂ ਹੀ ਤਾਂ ਗ਼ਲਤ ਨਹੀਂ ਤੇ ਡਾਕਟਰ ਹਰਸ਼ਿੰਦਰ ਕੌਰ ਸੱਚ ਲਿਖ ਰਹੀ ਹੋਵੇ ? ਸੱਥ ਵਿੱਚ ਬੈਠੇ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਲਈ ਮੈਂ ਪਿਛਲੇ ਪੰਦਰ੍ਹਾਂ ਵਰ੍ਹਿਆਂ ਤੋਂ ਟੈਕਸੀ ਚਲਾ ਰਹੇ ਇੱਕ ਪੰਜਾਬੀ ਨੂੰ ਫ਼ੋਨ ਮਿਲਾ ਕੇ ਲੋਕਾਂ ਮੂਹਰੇ ਸਵਾਲ

ਕੀਤਾ ਕਿ ਪਿਛਲੇ ਪੰਦਰ੍ਹਾਂ ਵਰ੍ਹਿਆਂ ਵਿੱਚ ਤੁਸੀ ਕਿੰਨੀਆਂ ਪੰਜਾਬੀ ਕੁੜੀਆਂ ਨੂੰ ਵੇਸਵਾਪੁਣੇ ਕਰਦੇ ਦੇਖਿਆ ? ਤਾਂ ਉਸ ਦਾ ਜਵਾਬ ਸੀ ਇੱਕ ਵੀ ਨਹੀਂ। ਪਰ ਡਾਕਟਰ ਸਾਹਿਬ ਨੂੰ ਪੰਦਰਾਂ ਦਿਨਾਂ ਵਿੱਚ ਪੱਚੀ ਹਜ਼ਾਰ ਕੁੜੀਆਂ ਇਸ ਧੰਦੇ ਵਿੱਚ ਦਿਸ ਗਈਆਂ। ਫੇਰ ਮੈਂ ਇਹੀ ਸਵਾਲ ਇੱਕ ਹੋਰ ਪੁਰਾਣੇ ਬੰਦੇ ਨੂੰ ਕਰਿਆ ਜੋ ਕਿ ਕਾਫ਼ੀ ਚਿਰ ਤੋਂ ਰੇਡੀਓ ਨਾਲ ਜੁੜਿਆ ਹੋਇਆ ਹੈ; ਉਸ ਦਾ ਜਵਾਬ ਵੀ ਪਹਿਲਾ ਨਾਲੋਂ ਵੱਖਰਾ ਨਹੀਂ ਸੀ। ਚਲੋ ਛੱਡੋ ਮੈਂ ਤਾਂ ਇਕ ਪਿੰਡ ਦੀ ਖੁੰਢ ਚਰਚਾ ਨੂੰ ਵਿਰਾਮ ਲਗਾ ਦਿੱਤਾ ਦੋ ਫ਼ੋਨ ਕਰਕੇ, ਪਰ ਬਾਕੀ ਬਾਰ੍ਹਾਂ ਹਜ਼ਾਰ ਚਾਰ ਸੌ ਪਿੰਡਾਂ ਤੇ ਵੱਡੇ-ਵੱਡੇ ਸ਼ਹਿਰਾਂ ਦਾ ਕੀ ਬਣੂ ਜਿੱਥੇ ਆਸਟ੍ਰੇਲੀਆ ਨਾਲ ਜੁੜੇ ਹਰ ਬੰਦੇ ਪ੍ਰਤੀ ਬੁਰੇ ਵਿਚਾਰ ਪੈਦਾ ਹੋ ਗਏ ਹਨ।

ਜੋ ਇਸ ਸਤਿਕਾਰ ਯੋਗ ਬੀਬਾ ਨੇ ਸਾਡੇ ਮੁੰਡਿਆਂ ਬਾਰੇ ਲਿਖਿਆ ਹੈ ਕਿ ਉਹ ਚੋਰੀਆਂ ਕਰਦੇ ਹਨ ਇਹ ਤਾਂ ਮੇਰੀ ਸਮਝੋਂ ਬਾਹਰ ਦੀ ਗੱਲ ਹੈ।ਹੁਣ ਤੱਕ ਇੱਕ ਸ਼ਿਕਾਇਤ ਤਾਂ ਆਉਂਦੀ ਸੀ ਕਿ ਇਹ ਅਸੱਭਿਅਕ ਹਨ।ਪਰ ਇਹ ਕਦੇ ਨਹੀਂ ਸੁਣਿਆ ਕਿ ਕੋਈ ਪੰਜਾਬੀ ਚੋਰੀ ਕਰਕੇ ਢਿੱਡ ਪਾਲਦਾ। ਇੱਕ ਹੋਰ ਬੀਬਾ ਜੀ ਨੇ ਲਿਖਿਆ ਕਿ ਇਕ ਦੁਆਬੇ ਦਾ ਮੁੰਡਾ ਉਨ੍ਹਾਂ ਨੂੰ ਮਿਲਿਆ ਜਿਸ ਕੋਲ ਇੰਡੀਆ ਵਿੱਚ ਸੌ ਕਿੱਲਾ ਜ਼ਮੀਨ ਸੀ ਤੇ ਉਹ ਇੱਥੇ ਦਿਹਾੜੀ ਕਰ ਰਿਹਾ ਹੈ ਤੇ ਜਦੋਂ ਬੀਬਾ ਜੀ ਨੇ ਉਸ ਨੂੰ ਇੰਡੀਆ ਵਾਪਸ ਜਾਣ ਲਈ ਕਿਹਾ ਤਾਂ ਉਹ ਕਹਿੰਦਾ ਕਿ ਹੁਣ ਉਸ ਕੋਲ ਇੰਡੀਆ ਵੀ ਕੁੱਝ ਨਹੀਂ ਸਭ ਵਿਕ ਗਿਆ। ‘ਕਿਆ ਚੁਟਕਲਾ ਲਿਖਿਆ ਬੀਬਾ ਜੀ ਨੇ’ ਜਾਂ ਫੇਰ ਉਸ ਮੁੰਡੇ ਨੇ ਆਪ ਘੜਿਆ ਹੋਣਾ ? ਪਰ ਚਲੋ ਮੁੰਡੇ ਨੇ ਤਾਂ ਆਪਣੀ ਵਿਆਖਿਆ ਸੁਣਾ ਦਿੱਤੀ ਪਰ ਇੰਨੇ ਪੜ੍ਹੇ ਲਿਖੇ ਬੀਬਾ ਜੀ ਨੂੰ ਇਹ ਨਹੀਂ ਪਤਾ ਕਿ ਪਹਿਲੀ ਗੱਲ ਤਾਂ ਦੁਆਬੇ ’ਚ ਕਿਸੇ ਕੋਲ ਸੌ ਕਿਲ੍ਹੇ ਜ਼ਮੀਨ ਰਹਿ ਕਿਥੇ ਗਈ ? ਜੇ ਹੈ ਤਾਂ ਦੁਆਬੇ ਵਿੱਚ ਸੌ ਕਿਲ੍ਹੇ ਜ਼ਮੀਨ ਦਾ ਕੀ ਮੁੱਲ ਹੈ ? ਇਕ ਮੁੰਡਾ ਤਾਂ ਕੀ, ਦੁਆਬੇ ਦਾ ਸੌ ਕਿੱਲਾ ਤਾਂ ਪੂਰੇ ਪਿੰਡ ਨੂੰ ਵਿਦੇਸ਼ ਭੇਜ ਕੇ ਵੀ ਨਾ ਵਿਕੇ।

ਅਸੀਂ ਵੀ ਬੀਬਾ ਜੀ ਦੀ ਇਕ ਗੱਲ ਨਾਲ ਸਹਿਮਤ ਹਾਂ ਕਿ ਐਵੇਂ ਦੇਖੋ-ਦੇਖੀ ਵਿਦੇਸ਼ ਵੱਲ ਭੱਜਣਾ ਸਹੀ ਨਹੀਂ ਹੈ ਪਰ ਜੋ ਉਦਾਹਰਨਾਂ ਦੇ ਕੇ ਉਨ੍ਹਾਂ ਲੋਕਾਂ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਉਹ ਸਾਡੇ ਹਜ਼ਮ ਨਹੀਂ ਹੋ ਰਿਹਾ।

ਡਾਕਟਰ ਸਾਹਿਬ ਨੇ ਆਪਣੀ ਫ਼ੀਲਡ ਵਿੱਚ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਪਰ ਸਾਡੀ ਉਨ੍ਹਾਂ ਨੂੰ ਗੁਜ਼ਾਰਿਸ਼ ਹੈ ਕਿ ਕਿਰਪਾ ਕਰਕੇ ਕੁੱਝ ਵੀ ਲਿਖਣ ਤੋਂ ਪਹਿਲਾਂ ਉਸ ਨੂੰ ਚੰਗੀ ਤਰ੍ਹਾਂ ਘੋਖ ਲਿਆ ਕਰੋ। ਦੂਜੀ ਬੇਨਤੀ ਇਹ ਹੈ ਕਿ ਜਿਸ ਢੰਗ ਦੇ ਪ੍ਰਚਾਰ ਵਿੱਚ ਤੁਹਾਨੂੰ ਮੁਹਾਰਤ ਹਾਸਿਲ ਹੈ ਉਸ ਦੀ ਮੇਰੀ ਜਨਮ ਭੂਮੀ ਨੂੰ ਬੜੀ ਸਖ਼ਤ ਲੋੜ ਹੈ। ਸੋ ਐਵੇਂ ਕੁੱਝ ਡਾਲਰਾਂ ਲਈ ਆਪਣਾ ਵਕਤ ਵਿਦੇਸ਼ਾਂ ਦੇ ਦੌਰਿਆਂ ’ਚ ਨਾ ਖ਼ਰਾਬ ਕਰੋ ਕਿਉਂਕਿ ਵਿਦੇਸ਼ ਵਿੱਚ ਭਰੂਣ ਹੱਤਿਆ ਵਰਗੀ ਕੋਈ ਸਮੱਸਿਆ ਨਹੀਂ ਹੈ ਤੇ ਨਾ ਹੀ ਕਿਸੇ ਕੋਲ ਇੰਨਾ ਵਕਤ ਹੈ ਕਿ ਉਹ ਤੁਹਾਨੂੰ ਸੁਣ ਸਕਣ ਕਿਉਂਕਿ ਤੁਸੀ ਆਪ ਹੀ ਦੇਖ ਚੁੱਕੇ ਹੋ ਕਿ ਕਿੰਨੇ ਕੁ ਲੋਕ ਤੁਹਾਡੇ ਵਿਚਾਰ ਸੁਣਨ ਨੂੰ ਆਏ ਸਨ ਆਸਟ੍ਰੇਲੀਆ ਦੌਰੇ ਦੌਰਾਨ।

****

# ਫੇਸਬੁੱਕ ਛਡਾਓ ਕੈਂਪ

ਮੇਰਾ ਇਹ ਲੇਖ ਨਵੰਬਰ 2010 'ਚ ਹੋਂਦ 'ਚ ਆਇਆ ਸੀ ਜਦੋਂ ਇੱਕ ਦਿਨ ਮੈਂ ਘਰ ਵਿਚ ਪੰਜ ਜੀਅ ਹੁੰਦਿਆਂ ਵੀ ਸੁੰਨਾਪਨ ਮਹਿਸੂਸ ਕੀਤਾ ਤਾਂ ਇਸ ਆਧੁਨਿਕਤਾ ਬਾਰੇ ਲਿਖਣ ਬੈਠ ਗਿਆ। ਜਦੋਂ ਲਿਖਣ ਬੈਠਿਆ ਸੀ ਤਾਂ ਹੋਰ ਸੋਚ ਸੀ ਪਰ ਲਿਖਦਾ-ਲਿਖਦਾ ਆਪਣੇ ਅਤੀਤ 'ਚ ਗੁਆਚ ਗਿਆ ਸਾਂ। ਇੱਕ ਵਕਤ ਇਹ ਮਹਿਸੂਸ ਹੋ ਰਿਹਾ ਸੀ ਕਿ ਇਹ ਆਧੁਨਿਕਤਾ ਚਾਹੇ ਜਿੰਨੀ ਮਰਜ਼ੀ ਸੁਖਦਾਇਕ ਹੋਵੇ ਪਰ ਸਕੂਨਦਾਇਕ ਨਹੀਂ ਹੋ ਸਕਦੀ। ਹੁਣ ਤੱਕ ਇਹ ਆਧੁਨਿਕਤਾ ਸਾਡਾ ਸਕੂਨ, ਸਾਡੇ ਰਿਸ਼ਤੇ, ਸਾਡਾ ਵਕਤ ਖਾ ਗਈ ਹੈ, ਤੇ ਇਹ ਸੋਚ ਕੇ ਹੋਰ ਵੀ ਡਰ ਲੱਗ ਰਿਹਾ ਹੈ ਕਿ ਆਉਣ ਵਾਲੇ ਦਿਨਾਂ 'ਚ ਪਤਾ ਨਹੀਂ ਸਾਨੂੰ ਕੀ-ਕੀ ਗੁਆਉਣਾ ਪਵੇ ?



ਉੱਘੇ ਗੀਤਕਾਰ ਜਨਾਬ ਮੱਖਣ ਬਰਾੜ ਅਤੇ ਜਨਾਬ

ਦੇਵ ਥਰੀਕਿਆਂ ਵਾਲੇ ਨਾਲ ਲੇਖਕ



ਮਰਹੂਮ ਜਨਾਬ ਕੁਲਦੀਪ ਮਾਣਕ ਨਾਲ ਲੇਖਕ

# ਫੇਸਬੁੱਕ ਛਡਾਓ ਕੈਂਪ

ਬਾਬਾ ਆਦਮ ਤੋਂ ਲੈ ਕੇ ਹੁਣ ਤੱਕ ਵਕਤ ਤੋਂ ਅਗਾਂਹ ਦੀ ਸੋਚਣਾ ਇਨਸਾਨੀ ਫ਼ਿਤਰਤ ਰਹੀ ਹੈ। ਆਧੁਨਿਕਤਾ ਦਾ ਜੋ ਨਜ਼ਾਰਾ ਅੱਜ ਅਸੀਂ ਚੱਖ ਰਹੇ ਹਾਂ ਇਹ ਉਸੇ ਫ਼ਿਤਰਤ ਦਾ ਹੀ ਨਤੀਜਾ ਹੈ। ਸੋਚ ਕੇ ਦੇਖੋ, ਜੇ ਇਨਸਾਨੀ ਸੋਚ ਅਜਿਹੀ ਨਾ ਹੁੰਦੀ ਤਾਂ ਅਸੀਂ ਹਾਲੇ ਘਾਹ-ਫੂਸ ਹੀ ਖਾ ਰਹੇ ਹੁੰਦੇ। ਇਸ ਸੋਚ ਨੇ ਜਿੱਥੇ ਇੱਕ ਪਾਸੇ ਸਾਨੂੰ ਤੜਕੇ ਲਾ ਕੇ ਖਾਣ, ਤਹਿਜ਼ੀਬ ਨਾਲ਼ ਪਹਿਨਣ ਤੇ ਠਾਠ ਨਾਲ ਰਹਿਣ ਦੀ ਜਾਚ ਸਿਖਾਈ ਹੈ, ਉੱਥੇ ਸਾਰੀ ਦੁਨੀਆ ਨੂੰ ਸਮੇਟ ਕੇ ਸਾਡੀ ਜੇਬ ਵਿੱਚ ਵੀ ਪਾ ਦਿੱਤਾ ਹੈ। ਪਰ ਦੂਜੇ ਪਾਸੇ ਇਸ ਲਈ ਜੋ ਕੀਮਤ ਸਾਨੂੰ ਚੁਕਾਉਣੀ ਪੈ ਰਹੀ ਹੈ ਉਹ ਵੀ ਸ਼ਬਦਾਂ ਵਿੱਚ ਆਉਣ ਵਾਲੀ ਨਹੀਂ ਹੈ। ਇਸ ਆਧੁਨਿਕਤਾ ਨਾਲ ਜੋ ਕੁਝ ਅਸੀਂ ਪਾਇਆ, ਉਹ ਤਾਂ ਜੱਗ ਜ਼ਾਹਿਰ ਹੈ ਹੀ, ਪਰ ਜੋ ਅਸੀਂ ਖੋਇਆ ਉਸ ਬਾਰੇ ਜਾਣਦੇ ਹੋਏ ਵੀ ਜਾਣਨਾ ਨਹੀਂ ਚਾਹੁੰਦੇ। ਭਾਵੇਂ ਮੈਂ ਵੀ ਇਸ ਆਧੁਨਿਕਤਾ ਦਾ ਸ਼ਿਕਾਰ ਹਾਂ ਅਤੇ ਦਿਲੋਂ ਇਸ ਨੂੰ ਬੁਰਾ ਵੀ ਨਹੀਂ ਮੰਨਦਾ। ਪਰ ਜਦੋਂ ਇਸ ਆਧੁਨਿਕਤਾ ਦਾ ਦੂਜਾ ਪਾਸਾ ਦੇਖਦਾ ਹਾਂ ਤਾਂ ਇਹੀ ਸੋਚ ਮਨ ਵਿੱਚ ਆਉਂਦੀ ਹੈ ਕਿ ਸਮੇਂ ਨਾਲ ਬਦਲਾਓ ਤਾਂ ਕੁਦਰਤ ਦਾ ਅਸੂਲ ਅਤੇ ਵਕਤ ਦੀ ਲੋੜ ਹੁੰਦਾ ਹੈ। ਪਰ ਜੇ ਇਹ ਸਭ ਕੁੱਝ ਇੱਕ ਦਾਇਰੇ 'ਚ ਰਹਿ ਕੇ ਹੁੰਦਾ ਤਾਂ ਜ਼ਿਆਦਾ ਚੰਗਾ ਸੀ।

ਮੇਰਾ ਇਹ ਲੇਖ ਲਿਖਣ ਦੇ ਸਬੱਬ ਦਾ ਕਾਰਨ ਸੁਣ ਲਵੋ; ਪਿਛਲੇ ਕੁਝ ਮਹੀਨਿਆਂ ਤੋਂ ਮੇਰੇ ਮਾਤਾ ਜੀ ਮੇਰੇ ਕੋਲ ਐਡੀਲੇਡ ਆਏ ਹੋਏ ਹਨ। ਮੈਲਬਾਰਨ ਰਹਿੰਦਾ ਮੇਰਾ ਭਾਣਜਾ ਮਾਨਵ ਆਪਣੀ ਨਾਨੀ ਨੂੰ ਮਿਲਣ ਦੋ ਦਿਨਾਂ ਲਈ ਐਡੀਲੇਡ ਆਇਆ। ਜਦੋਂ ਮੈਂ ਐਡੀਲੇਡ ਵਿੱਚ ਲੱਗੇ ਇੱਕ ਖ਼ੂਨਦਾਨ ਕੈਂਪ ਵਿੱਚੋਂ ਘਰ ਆਇਆ ਤਾਂ ਇਕ ਸੋਫ਼ੇ 'ਤੇ ਮੇਰਾ ਬੇਟਾ ਅਨਮੋਲ ਤੇ ਦੂਜੇ 'ਤੇ ਭਾਣਜਾ ਮਾਨਵ ਆਪੋ ਆਪਣੇ ਲੈਪਟਾਪ ਉੱਤੇ ਮਗਨ ਹੋਏ ਬੈਠੇ ਸਨ। ਮੈਨੂੰ ਦੇਖ ਕੇ ਮਾਨਵ ਕਹਿੰਦਾ ਮਾਮਾ ਜੀ ਇੰਡੀਆ ਤਾਂ ਤੁਹਾਡਾ ਸਹਾਰਾ ਕਲੱਬ ਖ਼ੂਨਦਾਨ ਦੇ ਨਾਲ-ਨਾਲ ਨਸ਼ੇ ਛਡਾਊ ਕੈਂਪ ਵੀ ਲਾਉਂਦਾ ਹੁੰਦਾ ਸੀ, ਇਥੇ ਅੱਜਕੱਲ੍ਹ ਕੀ ਚੱਲ ਰਿਹਾ ? ਉਸ ਦੇ ਲੈਪਟਾਪ 'ਤੇ ਫੇਸ ਬੁੱਕ ਦੇ ਖੁੱਲ੍ਹੇ ਪੇਜ ਨੂੰ ਦੇਖ ਕੇ ਮੇਰੇ ਮੂੰਹੋਂ ਅਚਾਨਕ ਹੀ ਨਿਕਲ ਗਿਆ ਕਿ ਬੇਟਾ ਹੁਣ ਤਾਂ ਨਸ਼ੇ ਵੀ ਬਦਲ ਗਏ ਹਨ ਤੇ ਕੈਂਪ ਵੀ ਬਦਲਣੇ ਪੈਣੇ ਹਨ। ਜੇ ਇਹੀ ਹਾਲ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਤੁਸੀਂ 'ਫੇਸ ਬੁੱਕ ਛਡਾਓ ਕੈਂਪ' ਲੱਗੇ ਦੇਖੋਗੇ। ਮੂਹਰੋਂ ਉਹ ਕਹਿੰਦਾ ਮਾਮਾ ਜੀ ਸਾਰਿਆਂ ਤੋਂ ਪਹਿਲਾਂ ਤਾਂ ਤੁਹਾਨੂੰ ਹੀ ਕੈਂਪ 'ਚ ਭਰਤੀ ਕਰਵਾਉਣਾ ਪਉ ! ਮੈਂ ਕਿਹਾ, ਤਾਂ ਹੀ ਤਾਂ ਮੈਨੂੰ ਇਹ ਮਹਿਸੂਸ ਹੋਇਆ ਹੈ ਕਿ ਮੇਰੇ ਜਿਹਾ ਬੰਦਾ, ਜਿਸ ਨੂੰ ਕਦੇ ਚਾਹ ਦੀ ਭਲ਼ ਨਹੀਂ ਸੀ ਆਈ, ਪਰ ਅੱਜਕੱਲ੍ਹ ਜੇ ਫੇਸ ਬੁੱਕ, ਟਵਿਟਰ ਜਾਂ ਫੇਰ ਔਰਕੁਟ ਨੂੰ ਦਿਨ 'ਚ ਪੰਜ-ਸੱਤ ਬਾਰ ਖੋਲ੍ਹ ਕੇ ਨਾਂ ਵੇਖ ਲਵਾਂ ਤਾਂ ਸਰੀਰ ਨੂੰ ਤੋੜ ਜਿਹੀ ਲੱਗੀ ਰਹਿੰਦੀ ਹੈ।

ਕਹਿੰਦੇ ਹਨ ਕਿ ਹੱਦ 'ਚ ਰਹਿ ਕੇ ਕੀਤਾ ਨਸ਼ਾ ਦਵਾਈ ਦਾ ਕੰਮ ਕਰਦਾ ਹੈ। ਪਰ ਜਦੋਂ ਕਿਸੇ ਨਸ਼ੇ ਦੀ ਵਰਤੋਂ ਬੇਹਿਸਾਬ ਹੋਣ ਲਗ ਪਏ ਤਾਂ ਉਹ ਨਸ਼ੇ ਕਰਨ ਵਾਲੇ ਦੇ ਨਾਲ-ਨਾਲ ਉਸ ਦੇ ਆਲੇ-ਦੁਆਲੇ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮੁੱਢ ਕਦੀਮੀ ਨਸ਼ੇ ਇਨਸਾਨ ਨੂੰ ਆਪਣਾ ਸ਼ਿਕਾਰ ਬਣਾਉਂਦੇ ਰਹੇ ਹਨ। ਸਾਡਾ ਸਮਾਜ ਇਸ ਖ਼ਿਲਾਫ਼ ਲੜਾਈ ਵੀ ਲੜਦਾ ਰਿਹਾ ਹੈ ਤੇ ਬਹੁਤ ਸਾਰੀਆਂ

ਸਮਾਜ ਸੇਵੀ ਜਥੇਬੰਦੀਆਂ ਵੇਲੇ-ਵੇਲੇ ਸਿਰ ਨਸ਼ਾ ਛਡਾਓ ਕੈਂਪ ਲੱਗਾ ਕੇ ਇਹਨਾਂ ਨਸ਼ਿਆਂ ਤੋਂ ਨਸ਼ੇੜੀਆਂ ਦਾ ਖਹਿੜਾ ਛਡਾਉਣ ਦੀ ਕੋਸ਼ਿਸ਼ ਕਰਦੀਆਂ ਰਹੀਆਂ ਹਨ। ਪਰ ਹੁਣ ਤਾਂ ਗੰਗਾ ਉਲਟ ਵਗ ਪਈ ਹੈ। ਅੱਗੇ ਅਨਪੜ੍ਹ ਲੋਕ ਹੀ ਨਸ਼ਿਆਂ ਦੇ ਸ਼ਿਕਾਰ ਹੁੰਦੇ ਸਨ ਤੇ ਪੜ੍ਹੇ-ਲਿਖੇ ਲੋਕ ਕੈਂਪ ਲਾ ਕੇ ਜਾਂ ਸਮਝਾ ਬੁਝਾ ਕੇ ਨਸ਼ੇ ਛੁਡਾਉਣ ਦੀ ਕੋਸ਼ਿਸ਼ ਕਰਦੇ ਸਨ। ਹੁਣ ਤਾਂ ਡਾਕਟਰ ਹੀ ਮਰੀਜ਼ ਬਣ ਗਏ ਹਨ, ਇਲਾਜ ਕੌਣ ਕਰੂ ?

ਫੇਸ ਬੁੱਕ ਦਾ ਸ਼ਿਕਾਰ ਚੜ੍ਹਦੀ ਜਵਾਨੀ ਦੇ ਨਾਲ ਨਾਲ ਵੱਡੇ-ਵੱਡੇ ਫ਼ਨਕਾਰ, ਲੀਡਰ, ਕ੍ਰਿਕਟਰ, ਬਿਜ਼ਨਸਮੈਨ, ਘਰੇਲੂ ਗ੍ਰਹਿਣੀਆਂ ਤੋਂ ਲੈ ਕੇ ਪੇਂਡੂ ਲੋਕ ਤੱਕ ਵੀ ਹੋ ਗਏ ਹਨ। ਹੁਣ ਦੇਖੋ ! ਇਹ ਵੱਡੇ ਲੋਕ ਤਾਂ ਇਸ ਦਾ ਖ਼ੂਬ ਫ਼ਾਇਦਾ ਉਠਾ ਰਹੇ ਹਨ। ਕੋਈ ਆਪਣਾ ਫੈਨ ਸਰਕਲ ਵਧਾ ਰਿਹਾ, ਕੋਈ ਆਪਣਾ ਬਿਜ਼ਨੈਸ ਤੇ ਕੋਈ ਜਨਤਕ ਆਧਾਰ । ਜੇ ਕੋਈ ਕੁੱਝ ਗੁਆ ਰਿਹਾ ਹੈ ਤਾਂ ਉਹ ਹੈ; ਸਾਡਾ ਨੌਜਵਾਨ ਵਰਗ ! ਜਿਸ ਵਿੱਚੋਂ ਅਸੀਂ ਆਪਣੇ ਆਉਣ ਵਾਲੇ ਕੱਲ੍ਹ ਦੇ ਦਰਸ਼ਨ ਕਰ ਰਹੇ ਹਾਂ। ਸਾਡਾ ਕੱਲ੍ਹ ਤਾਂ ਅੱਜ ਸ਼ੇਰੋ-ਸ਼ਾਇਰੀ ਵਿੱਚ ਮਸਤ ਹੈ। ਹਾਂ ! ਇਕ ਗੱਲ ਜ਼ਰੂਰ ਦੇਖਣ ਨੂੰ ਮਿਲੀ ਹੈ, ਉਹ ਇਹ ਕਿ ਅੱਜ ਫੇਸ ਬੁੱਕ ਨੇ ਘਰ-ਘਰ ਗ਼ਾਲਿਬ ਪੈਦਾ ਕਰ ਦਿੱਤੇ ਹਨ। ਭਾਵੇਂ ਇਕ ਉਸਾਰੂ ਸਮਾਜ ਦੀ ਸਿਰਜਣਾ ਲਈ ਵੇਲ਼ੇ-ਵੇਲ਼ੇ ਸਿਰ ਗ਼ਾਲਿਬ ਪੈਦਾ ਹੋਣੇ ਵੀ ਲਾਜ਼ਮੀ ਹਨ। ਪਰ ਜੇ ਸਾਰੇ ਹੀ ਗ਼ਾਲਿਬ ਬਣ ਗਏ ਤਾਂ ਅਸੀਂ ਅਬਦੁਲ ਕਲਾਮ ਤੇ ਮਨਮੋਹਨ ਸਿੰਘ ਕਿੱਥੋਂ ਲਿਆਵਾਂਗੇ। ਹੋਰ ਸੁਣ ਲਵੋ; ਕਈ ਤਾਂ ਮੇਰੇ ਜਿਹੇ ਫੇਸਬੁੱਕ 'ਤੇ ਹੋਰ ਸ਼ਾਇਰਾਂ ਦੇ ਸ਼ੇਅਰ ਆਪਣੇ ਨਾਮ ਕਰਕੇ ਵਾਹ-ਵਾਹ ਖੱਟ ਲੈਂਦੇ ਹਨ ਤੇ ਕਈ ਤਰਲੋਕ ਸਿੰਘ ਜੱਜ ਵਰਗੇ ਆਪਣੀ ਕਲਾ ਦਾ ਘਾਣ ਹੁੰਦਾ ਦੇਖਣ ਜੋਗੇ ਰਹਿ ਜਾਂਦੇ ਹਨ।

ਹੁਣ ਸਾਡੇ ਪੰਜਾਬੀ ਗੀਤਕਾਰਾਂ ਦੀ ਵੀ ਸੁਣ ਲਵੋ। ਇਹਨਾਂ ਦੇ ਵੀ ਵਾਰੇ-ਵਾਰੇ ਜਾਈਏ, ਜਿਹੜੇ ਸਦਾ ਹੀ ਆਪਣੇ ਆਪ ਨੂੰ ਸਮੇਂ ਦੇ ਹਾਣੀ ਬਣਾ ਕੇ ਰੱਖਦੇ ਹਨ। ਜਦੋਂ ਮਰਜ਼ੀ ਪੰਜਾਬੀ ਟੀ.ਵੀ. ਚੈਨਲ ਚਲਾ ਕੇ ਦੇਖ ਲਵੋ, ਹਰ ਦੂਜੇ ਤੀਜੇ ਗਾਣੇ 'ਚ ਫੇਸ ਬੁੱਕ ਦਾ ਜ਼ਿਕਰ ਆ ਹੀ ਜਾਂਦਾ ਹੈ। ਆਵੇ ਵੀ ਕਿਉਂ ਨਾ, ਜਦੋਂ ਸਾਰੀ ਦੁਨੀਆਂ ਤਰੱਕੀ ਕਰ ਰਹੀ ਹੈ ਤਾਂ ਇਹ ਪਿੱਛੇ ਕਿਉਂ ਰਹਿਣ। ਇਨ੍ਹਾਂ ਨੇ ਸਾਡੀ ਨਵੀਂ ਪੀੜ੍ਹੀ ਨੂੰ ਕੋਈ 'ਸਹੀ ਦਿਸ਼ਾ' ਵੀ ਤਾਂ ਦੇਣੀ ਹੁੰਦੀ ਹੈ। ਕੱਲ੍ਹ ਹੀ ਟੀ.ਵੀ. 'ਤੇ ਇੱਕ ਗੀਤ ਵੱਜ ਰਿਹਾ ਸੀ ਕਿ 'ਮੁੰਡਾ ਫੇਸ ਬੁੱਕ ਉੱਤੇ ਫਿਰਦਾ ਪਟੋਲੇ ਭਾਲਦਾ'। ਹੁਣ ਤੁਸੀਂ ਦੱਸੋ ਜੇ ਇਹ ਗੀਤਕਾਰ ਵੀਰ ਗੀਤ ਨਾ ਲਿਖਦੇ ਤੇ ਇਹ ਗਾਇਕ ਵੀਰ ਨਾ ਗਾਉਂਦੇ ਤਾਂ ਸਾਡੇ ਪੇਂਡੂ ਮੁੰਡਿਆਂ ਨੂੰ ਕੀ ਪਤਾ ਲੱਗਣਾ ਸੀ ਕਿ ਫੇਸ ਬੁੱਕ 'ਤੇ ਵੀ ਪਟੋਲੇ ਮਿਲ ਜਾਂਦੇ ਹਨ। ਉਨ੍ਹਾਂ ਦਾ ਤਾਂ ਅਣਜਾਣਪੁਣੇ 'ਚ ਹੀ ਨੁਕਸਾਨ ਹੋ ਜਾਣਾ ਸੀ ਤੇ ਸ਼ਾਇਦ ਇਸ ਗੀਤ ਦੀ ਅਣਹੋਂਦ 'ਚ ਸੱਭਿਆਚਾਰ ਤੇ ਸਾਹਿਤ ਦੀ ਸੇਵਾ ਦਾ ਇੱਕ ਪੰਨਾ ਵੀ ਘੱਟ ਰਹਿ ਜਾਣਾ ਸੀ ।

ਲਗਦੇ ਹੱਥ ਮੇਰੇ ਇੱਕ ਮਿੱਤਰ ਦੀ ਸੁਣ ਲਵੋ। ਬਚਪਨ ਤੋਂ ਹੀ ਕੁੱਝ ਵੱਖਰੇ ਸੁਭਾਅ ਦਾ ਮਾਲਕ ਮੇਰਾ ਇਹ ਦੋਸਤ ਸਦਾ ਹੀ ਮੂਹਰੇ ਚੱਲਣ 'ਚ ਵਿਸ਼ਵਾਸ ਕਰਦਾ ਸੀ। ਭਾਵੇਂ ਉਹ ਪੜ੍ਹਾਈ ਹੁੰਦੀ ਤੇ ਭਾਵੇਂ ਐਨ.ਸੀ.ਸੀ. ਜਾਂ ਕੋਈ ਖੇਡ ਉਹ ਸਾਡੇ ਤੋਂ ਦੋ ਕਦਮ ਮੂਹਰੇ ਹੀ ਰਿਹਾ। ਪਰ ਪਿਛਲੇ ਸਾਲ ਜਦੋਂ ਮੈਂ ਇੰਡੀਆ ਗਿਆ ਤਾਂ ਮੈਂ ਉਸ ਨੂੰ ਕਿਹਾ ਕਿ ਯਾਰ ਇੰਟਰਨੈੱਟ ਲਗਵਾ ਲੈ, ਕੋਈ ਦੁਨੀਆਦਾਰੀ ਲਈ ਵੀ ਵਕਤ ਕੱਢ ਲਿਆ ਕਰ, ਸਾਰਾ ਦਿਨ ਕਬੀਲਦਾਰੀ 'ਚ ਹੀ ਫਸਿਆ ਰਹਿਣਾ। ਮੈਂ ਉਸ ਨੂੰ ਇਹ ਮੱਤਾਂ ਦਿੰਦਾ ਆਪਣਾ ਬਚਪਨ ਦਾ ਕਰਜ਼ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਸੀ

ਕਿ ਹੁਣ ਅਸੀਂ ਉਹ ਨਹੀਂ ਰਹਿ ਗਏ ਜਿਹੜੇ ਹਰ ਖੇਤਰ 'ਚ ਰਣਜੀਤ ਸਿੰਘ ਤੋਂ ਪਿੱਛੇ ਰਹਿ ਜਾਂਦੇ ਸੀ। ਮੇਰੀਆਂ ਇਹਨਾਂ ਗੱਲਾਂ ਨੇ ਫੇਰ ਉਸ ਅੰਦਰਲਾ ਕੁਝ ਕਰ ਗੁਜ਼ਰਨ ਦਾ ਜਜ਼ਬਾ ਜਗਾ ਦਿੱਤਾ। ਦੂਜੇ ਦਿਨ ਹੀ ਰਣਜੀਤ ਸਿਓਂ ਨੇ ਕਰ ਦਿੱਤਾ ਨੈੱਟ ਅਪਲਾਈ ਤੇ ਅਸੀਂ ਚੌੜੇ ਹੋ ਕੇ ਉਸ ਨੂੰ ਨੈੱਟ ਦਾ ਊੜਾ-ਆੜਾ ਸਿਖਾਉਣ ਲੱਗ ਪਏ। ਕੁੱਝ ਕੁ ਦਿਨਾਂ ਬਾਅਦ ਜਦੋਂ ਮੈਂ ਮੁੜ ਆਸਟ੍ਰੇਲੀਆ ਆ ਗਿਆ ਤਾਂ ਮੇਰੀ ਫੇਰ ਫੂਕ ਜਿਹੀ ਨਿਕਲ ਗਈ ਜਦੋਂ ਮੈਂ ਰਣਜੀਤ ਸਿੰਘ ਨੂੰ ਫੇਰ ਆਪਣੇ ਨਾਲੋਂ ਦੋ ਕਦਮ ਮੂਹਰੇ ਖੜ੍ਹਾ ਦੇਖਿਆ। ਹੋਇਆ ਕੀ ਕਿ ਹੁਣ ਹਰ ਰੋਜ਼ ਉਸ ਤੋਂ ਕੁਝ ਨਾ ਕੁਝ ਨਵਾਂ ਸਿੱਖਣ ਨੂੰ ਮਿਲਦੈ ਕਿਉਂਕਿ ਜਨਾਬ ਹੋਰੀਂ ਤੜਕੇ ਨਿਰਨੇ ਕਾਲਜੇ ਆ ਕੰਪਿਊਟਰ 'ਤੇ ਬਹਿੰਦੇ ਨੇ ਤੇ ਫੇਸ ਬੁੱਕ 'ਤੇ ਸਾਰਿਆਂ ਨੂੰ ਸੰਵਾ ਕੇ ਪੈਂਦੇ ਹਨ। ਇੱਕ ਦਿਨ ਜਦ ਮੈਂ ਉਸ ਨੂੰ ਕਿਹਾ ਕਿ ਚੰਗਾ ਯਾਰ 'ਗੁੱਡ ਨਾਈਟ'! ਹੁਣ ਤਾਂ ਸਾਡੇ ਰਾਤ ਹੋ ਗਈਂ, ਤੜਕੇ ਜੌਬ 'ਤੇ ਵੀ ਜਾਣੈ, ਇਸ ਲਈ ਕੱਲ ਮਿਲਾਂਗੇ! ਉਹ ਕਹਿੰਦਾ ਬੱਸ ਦਸ ਕੁ ਮਿੰਟ ਰੁਕ ਜਾ ਏਨੇ ਨੂੰ ਅਮਰੀਕਾ 'ਚ ਦਿਨ ਚੜ੍ਹ ਜਾਊ ਤਾਂ ਉਥੋਂ ਦਾ ਕੋਈ 'ਸਖਾ-ਮਿੱਤਰ' ਆਨ ਲਾਈਨ ਆ ਜਾਊ!

ਆਧੁਨਿਕਤਾ ਦਾ ਇਕ ਹੋਰ ਨਜ਼ਾਰਾ ਸੁਣ ਲਓ। ਜਦੋਂ ਦੀ ਮੋਬਾਈਲ ਕ੍ਰਾਂਤੀ ਆਈ ਹੈ ਉਦੋਂ ਤੋਂ ਜੇ ਕੁੱਝ ਸਭ ਤੋਂ ਸੌਖਾ ਹੋਇਆ ਹੈ ਤਾਂ ਉਹ ਹੈ ਆਸ਼ਕੀ। ਭਾਵੇਂ ਆਸ਼ਕੀ ਦਾ ਇਤਿਹਾਸ ਬਹੁਤ ਪੁਰਾਣਾ ਹੈ ਪਰ ਅੱਜ ਜਿੰਨੀ ਸੌਖੀ ਕਦੇ ਹੈ ਹੀ ਨਹੀਂ ਸੀ। ਪਹਿਲਾਂ ਚਿੱਠੀ ਤਾਂ ਲਿਖ ਲੈਂਦੇ ਸੀ ਪਰ ਉਹ ਟਿਕਾਣੇ 'ਤੇ ਪਹੁੰਚਾਉਣ ਲਈ ਕਈ-ਕਈ ਦਿਨ ਲੱਗ ਜਾਂਦੇ । ਕਈ ਵਾਰੀ ਤਾਂ ਚਿੱਠੀ ਜੇਬ ਵਿੱਚ ਪਈ-ਪਈ ਹੀ ਮੁੜ੍ਹਕੇ ਨਾਲ ਪਾਟ ਜਾਂਦੀ, ਕਿਉਂ ਜੋ 'ਕੱਲੇ ਨੂੰ 'ਕੱਲੀ ਨਾ ਟੱਕਰਦੀ। ਆਧੁਨਿਕ ਜਾਂ ਇੰਝ ਕਹਿ ਲਵੋ ਕਿ ਮਾਡਰਨ ਸਮੇਂ 'ਚ ਜੋ ਕੁਝ ਵਾਪਰ ਰਿਹਾ ਹੈ, ਉਸ ਦੇ ਵਿਸਥਾਰ 'ਚ ਜਾਣ ਦੀ ਬਜਾਏ, ਆਪ ਜੀ ਨਾਲ਼ ਇੱਕ ਵਾਕਿਆ ਸਾਂਝਾ ਕਰਦਾ ਹਾਂ। ਪੰਜਾਬ ਗਿਆ, ਇੱਕ ਦਿਨ ਮੈਂ ਆਪਣੇ ਪਿੰਡ ਤਾਏ ਦੇ ਪੁੱਤ ਨੂੰ ਮਿਲਣ ਗਿਆ ਤਾਂ ਟੱਬਰ-ਟੀਰ ਦੀ ਸੁੱਖ-ਸਾਂਦ ਕਰਦਿਆਂ ਉਹ ਕਹਿੰਦਾ ਹੋਰ ਤਾਂ ਸਭ ਠੀਕ ਹੈ ਪਰ ਤੇਰੇ ਭਤੀਜ ਨੂੰ ਰਾਤ ਨੂੰ ਸੁੱਤੇ ਪਏ ਨੂੰ ਬੋਲਣ ਦੀ ਬਿਮਾਰੀ ਆ। ਹੈਰਾਨ ਹੁੰਦਿਆਂ ਮੈਂ ਉਸ ਨੂੰ ਕੁਝ ਸਵਾਲ ਪੁੱਛੇ ਤਾਂ ਅੰਦਾਜਾ ਹੋ ਗਿਆ ਕਿ 1960 ਤੋਂ ਪਹਿਲਾਂ ਜੰਮਿਆ ਮੇਰਾ ਇਹ ਵੀਰ ਕੀ ਜਾਣੇ ਮੋਬਾਈਲ ਪਲਾਨ ਬਾਰੇ! ਕਿ ਦਸ ਵਜੇ ਤੋਂ ਬਾਅਦ ਫ੍ਰੀ ਕਾਲਾਂ ਕਿਵੇਂ ਨੌਜਵਾਨਾਂ ਨੂੰ ਸੁੱਤੇ ਪਏ ਬੋਲਣ ਲਾ ਦਿੰਦੀਆਂ ਹਨ? ਮੈਂ ਇਸ ਕਸੂਤੀ ਬਿਮਾਰੀ ਦਾ ਦਿਲਾਸਾ ਦਿੰਦਿਆਂ ਆਪਣੇ ਵੱਡੇ ਭਾਈ ਨੂੰ ਕਿਹਾ ਕਿ ਸ਼ੁਕਰ ਹੈ ਇਹ ਇਕੱਲਾ ਬੋਲਦਾ ਹੀ ਆ, ਨਹੀਂ ਤਾਂ ਅੱਜਕੱਲ੍ਹ ਦੀ ਪੀੜ੍ਹੀ ਅੱਧੀ ਰਾਤ ਨੂੰ ਨੀਂਦ 'ਚ ਤੁਰ ਵੀ ਪੈਂਦੀ ਆ।

ਮੇਰਾ ਆਪਣੇ ਵੀਰ ਨੂੰ 1960 ਤੋਂ ਪਹਿਲਾਂ ਜੰਮਿਆ ਲਿਖਣਾ ਦਾ ਕਾਰਨ ਇਹ ਹੈ ਕਿ ਜੋ ਗੱਲਾਂ ਅੱਜ ਵਾਪਰ ਰਹੀਆਂ ਉਹ ਸੱਠਵਿਆਂ ਦੇ ਦਹਾਕੇ ਤੋਂ ਪਹਿਲਾਂ ਜੰਮਿਆਂ ਦੇ ਹਿਸਾਬ-ਕਿਤਾਬ ਤੋਂ ਬਾਹਰ ਦੀਆਂ ਹਨ ਤੇ ਜੋ ਕੁੱਝ ਉਨ੍ਹਾਂ ਨੇ ਭੋਗਿਆ ਅੱਜ ਦੀ ਨੌਜਵਾਨ ਪੀੜ੍ਹੀ ਉਸ ਤੋਂ ਅਣਜਾਣ ਹੈ। 1960 ਤੋਂ ਪਹਿਲਾਂ ਜੰਮੇ ਲੋਕਾਂ ਲਈ ਮੇਰੀ ਅਜਿਹੀ ਸੋਚ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਸੰਜੋਗਵੱਸ ਮੈਂ ਉਸ ਸਮੇਂ ਦਾ ਹਾਣੀ ਹਾਂ, ਜਿਸ ਨੇ ਗੱਡਿਆਂ ਤੋਂ ਲੈ ਕੇ ਗੱਡੀਆਂ ਤੱਕ, ਸਲੇਟਾਂ ਤੇ ਫੱਟੀਆਂ ਤੋਂ ਆਈ ਪੈਡ ਤੱਕ, ਭਾਫ਼ ਵਾਲੇ ਇੰਜਨਾਂ ਤੋਂ ਮੈਟਰੋ ਟ੍ਰੇਨ ਤੱਕ, ਬਾਜ਼ੀਗਰਾਂ ਵੱਲੋਂ ਪਾਈ ਜਾਂਦੀ ਬਾਜੀ ਤੋਂ ਅੱਜ ਕਲ ਦੇ ਸਟੰਟ ਸ਼ੋਅ ਤੱਕ, ਪਿੰਡ ਦੇ ਕੱਲਰਾਂ ਵਿੱਚ ਲਗਦੀਆਂ ਤੀਆਂ ਤੋਂ ਪੱਬਾਂ ਵਿੱਚ

ਪੈਂਦੇ ਧਮਾਲਾਂ ਤਕ, ਗੁੱਲੀ-ਡੰਡੇ ਤੋਂ ਲੈ ਕੇ ਪਲੇਅ ਸਟੇਸ਼ਨ ਤੱਕ, ਡਾਕਖਾਨੇ 'ਚ ਟਿੱਕ-ਟਿੱਕ ਕਰਕੇ ਆਉਂਦੀ ਤਾਰ ਤੋਂ ਇਨਸਟੰਟ ਮੈਸਜ਼ ਤੱਕ, ਬਰੰਗ ਚਿੱਠੀਆਂ ਤੋਂ ਈ-ਮੇਲ ਤੱਕ, ਊਠਾਂ ਨਾਲ ਗਾਹ ਗਾਹੁਣ ਤੋਂ ਲੈ ਕੇ ਕੰਬਾਈਨਾਂ ਤਕ, ਤੁੱਕ-ਤੁੱਕ ਵਾਲੇ ਇੰਜਨਾਂ ਤੋਂ ਲੈ ਕੇ ਟਰਬੋ ਇੰਜਨਾਂ ਤੱਕ, ਭੱਠੀ ਤੋਂ ਭੁਨਾਏ ਦਾਣੇ ਤੇ ਘਰ ਦੇ ਬਣੇ ਮਰੂੰਡਿਆਂ ਤੋਂ ਲੈ ਕੇ ਪੀਜ਼ਾ ਬਰਗਰਾਂ ਤੱਕ, ਹਲਟਾਂ ਨਾਲ ਪਾਣੀ ਲਾਉਣ ਤੋਂ ਲੈ ਕੇ ਸੰਬਰਸੀਬਲ ਮੋਟਰਾਂ ਤੱਕ, ਹਰਕੁਲੀਸ ਦੇ ਸਾਈਕਲ ਤੋਂ ਲੈ ਕੇ ਹੌਂਡਾ ਦੇ ਚਾਰ ਸਿਲੰਡਰ ਮੋਟਰ ਬਾਈਕ ਤੱਕ, ਮਰਫੀ ਦੇ ਰੇਡੀਓ ਤੋਂ ਲੈ ਕੇ ਡਿਜੀਟਲ ਰੇਡੀਓ ਤੱਕ, ਬਲੈਕ ਐਂਡ ਵਾਈਟ ਟੀ.ਵੀ. ਤੋਂ ਲੈ ਕੇ ਐੱਲ.ਸੀ.ਡੀ. ਅਤੇ ਲਿੱਡ ਟੀ.ਵੀ. ਤੱਕ, ਇਕੱਲੇ ਦੂਰਦਰਸ਼ਨ ਤੋਂ ਲੈ ਕੇ ਸੈਂਕੜੇ ਪੇਅ ਟੀ.ਵੀ. ਤੱਕ, ਪੱਥਰ ਦੇ ਤਵੇ (ਐੱਲ.ਪੀ. ਰਿਕਾਰਡ) ਤੇ ਵੀ.ਸੀ.ਆਰ. ਤੋਂ ਲੈ ਕੇ ਬਲੂ ਰੇ ਡਿਸਕ ਤੱਕ, ਦਾ ਵਕਤ ਹੰਢਾਇਆ ਹੈ।

ਇਹ ਦੋ ਯੁੱਗਾਂ ਨੂੰ ਮਾਣਨ ਦਾ ਸੁਭਾਗ ਬੱਸ 1960 ਤੋਂ ਲੈ ਕੇ 1980 ਤੱਕ ਦੇ ਵਕਤ 'ਚ ਜਨਮ ਲੈਣ ਵਾਲਿਆਂ ਦੇ ਹਿੱਸੇ ਹੀ ਆਇਆ ਹੈ। ਕਿਉਂਕਿ ਜਿਨ੍ਹਾਂ ਦਾ ਜਨਮ 1960 ਤੋਂ ਪਹਿਲਾਂ ਦਾ ਹੈ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਇਹ ਹਾਈਟੈੱਕ ਜ਼ਮਾਨਾ ਸਮਝੋਂ ਬਾਹਰ ਹੈ। ਭਾਵੇਂ ਉਹ ਇਸ ਜ਼ਮਾਨੇ ਵਿੱਚ ਵਿਚਰ ਤਾਂ ਰਹੇ ਹਨ ਪਰ ਉਨ੍ਹਾਂ ਨੂੰ ਇਹ ਚੀਜ਼ਾਂ ਦੇਖਣਾ ਤੇ ਵਰਤਣਾ ਇੱਕ ਮਜਬੂਰੀ ਜਿਹੀ ਲੱਗਦਾ ਹੈ। ਉਦਾਹਰਨ ਦੇ ਤੌਰ ਤੇ ਜੇ ਕੋਈ ਪੁਰਾਣਾ ਬੰਦਾ ਮੋਬਾਈਲ ਵਰਤ ਵੀ ਰਿਹਾ ਹੈ ਤਾਂ ਉਹ ਉਸ ਦੇ ਗਿਣਤੀ ਦੇ ਬਟਨ ਦੱਬਣ ਹੀ ਜਾਣਦਾ ਕਿ ਕਿਵੇਂ ਕਿਸੇ ਦਾ ਫ਼ੋਨ ਸੁਣੀਦਾ ਤੇ ਕਿਵੇਂ ਕਰੀ ਦਾ ਹੈ। ਉਸ ਨੂੰ 3ਜ਼ੀ ਜਾਂ 4ਜ਼ੀ ਆਦਿ ਤੱਕ ਕੋਈ ਵਾ ਵਾਸਤਾ ਨਹੀਂ ਹੁੰਦਾ। ਦੂਜਾ ਉਮਰ ਦੇ ਇਸ ਪੜਾਅ ਵਿੱਚ ਪਹੁੰਚੇ ਲੋਕਾਂ ਨੂੰ ਹਾਲੇ ਉਹੀ ਪੁਰਾਣਾ ਕਲਚਰ ਹੀ ਚੰਗਾ ਲਗਦਾ ਹੈ। ਜਿਹੜੇ ਲੋਕੀ ਇਸ ਦੁਨੀਆਂ 'ਤੇ 1960 ਤੋਂ ਬਾਅਦ ਆਏ ਹਨ, ਉਨ੍ਹਾਂ ਜਦੋਂ ਨੂੰ ਸੂਰਤ ਸੰਭਾਲੀ ਉਦੋਂ ਨੂੰ ਗੱਡਿਆਂ ਦਾ ਦੌਰ ਬੀਤੇ ਸਮੇਂ ਦੀ ਗੱਲ ਹੋ ਚੁੱਕਿਆ ਸੀ। ਸੋ ਉਹ ਕੀ ਜਾਣਨ ਕੀ ਆਥਣ ਵੇਲੇ ਕਿਸੇ ਖੇਤੋਂ ਆਉਂਦੇ ਊਠ ਦੇ ਲੱਦੇ ਵਿਚੋਂ ਗੰਨਾ ਖਿੱਚ ਕੇ ਚੂਪਣ ਦਾ ਕੀ ਸੁਆਦ ਹੁੰਦਾ ਸੀ ? ਸੋ 1960 ਤੋਂ 1980 ਵਿਚਾਲੇ ਜਨਮ ਲੈਣ ਵਾਲਿਆਂ ਦੇ ਹਿੱਸੇ ਦੋ ਯੁੱਗ ਭੋਗਣ ਨੂੰ ਮਿਲੇ ਹਨ। ਇਹਨਾਂ ਕਰਮਾਂ ਵਾਲਿਆਂ ਵਿੱਚ ਮੇਰਾ ਵੀ ਨਾਂ ਆਉਂਦਾ ਹੈ।

ਅਸਲੀ ਮੁੱਦੇ 'ਤੇ ਆਉਂਦੇ ਹਾਂ ਕਿ ਇਸ ਆਧੁਨਿਕਤਾ ਨਾਲ ਅਸੀਂ ਇਹੋ ਜਿਹਾ ਕੀ ਗੁਆ ਲਿਆ ਹੈ, ਜਿਸ ਬਾਰੇ ਚਿੰਤਾ ਕਰੀਏ ? ਸਭ ਤੋਂ ਪਹਿਲਾਂ ਤਾਂ ਆਉਂਦੀ ਹੈ ਵਾਰੀ ਵਕਤ ਦੀ, ਭਾਵੇਂ ਅੱਜ ਅਸੀਂ ਲੱਖ ਐਡਵਾਂਸ ਹੋ ਗਏ ਹੋਈਏ, ਭਾਵੇਂ ਦਿਨਾਂ ਦਾ ਕੰਮ ਹੁਣ ਕੁੱਝ ਮਿੰਟਾਂ ਵਿੱਚ ਹੋ ਜਾਂਦਾ ਹੋਵੇ। ਪਰ ਫੇਰ ਵੀ ਪਤਾ ਨਹੀਂ ਕਿਉਂ ਅੱਜ ਕਿਸੇ ਕੋਲ ਵੀ ਵਕਤ ਨਹੀਂ ਹੈ। ਭਾਵੇਂ ਇਹ ਸਿਧਾਂਤਕ ਤੌਰ 'ਤੇ ਗੱਲ ਹਾਸੋਹੀਣੀ ਲੱਗਦੀ ਹੈ ਕਿ ਸਦੀਆਂ ਤੋਂ ਦਿਨ-ਰਾਤ 24 ਘੰਟੇ ਦਾ ਹੀ ਚਲਿਆ ਆ ਰਿਹਾ, ਫੇਰ ਹੁਣ ਸਾਡੇ ਕੋਲ ਵਕਤ ਕਿਉਂ ਨਹੀਂ ਹੈ ? ਕਦੇ ਉਹ ਵੀ ਯੁੱਗ ਸੀ ਜਦੋਂ ਘਰ ਆਇਆ ਪ੍ਰਾਹੁਣਾ ਪਤਾ ਨਹੀਂ ਕਿੰਨੇ-ਕਿੰਨੇ ਦਿਨ ਬਿਨਾਂ ਕਿਸੇ ਕੰਮ ਦੇ ਟਿਕਿਆ ਰਹਿੰਦਾ ਸੀ ਤੇ ਇੱਧਰ ਅੱਜ ਦੇ ਪ੍ਰਾਹੁਣੇ ਦੀ ਸੁਣ ਲਵੋ ਪਹਿਲੀ ਗੱਲ ਤਾਂ ਬਿਨਾਂ ਕਿਸੇ ਕੰਮ ਕਾਜ ਦੇ ਕੋਈ ਕਿਸੇ ਦੇ ਜਾਂਦਾ ਹੀ ਨਹੀਂ। ਜੇ ਕਿਸੇ ਮਜਬੂਰੀ ਵੱਸ ਕਿਸੇ ਦੇ ਘਰ ਜਾਣਾ ਵੀ ਪੈ ਜਾਵੇ ਤਾਂ ਆਉਣ ਤੋਂ ਪਹਿਲਾਂ ਜਾਣ ਦੀਆਂ ਗੱਲਾਂ ਹੋਣ ਲੱਗ ਪੈਂਦੀਆਂ ਹਨ, ਜੇ ਮਹਿਮਾਨ ਕਾਹਲ ਨਾ ਦਿਖਾਵੇ ਤਾਂ ਮੇਜ਼ਬਾਨ ਆਪਣੀਆਂ ਮਜਬੂਰੀਆਂ ਸੁਣਾਉਣ ਲੱਗ ਪੈਂਦਾ

ਹੈ। ਚਲੋ ਮੰਨ ਲੈਂਦੇ ਹਾਂ ਕੋਈ ਕਿਸੇ ਦੇ ਘਰ ਦੋ ਘੰਟੇ ਆ ਵੀ ਗਿਆ ਤਾਂ ਤੁਸੀ ਉਸ ਦੋ ਘੰਟਿਆਂ ਦਾ ਲੇਖਾ ਜੋਖਾ ਨੋਟ ਕਰ ਕੇ ਦੇਖ ਲਓ, ਉਸ ਵਕਤ ਦੌਰਾਨ ਕਿੰਨਾ ਚਿਰ ਉਹ ਮਾਨਸਿਕ ਤੌਰ ਤੇ ਆਪਣੇ ਮੇਜ਼ਬਾਨ ਦੇ ਘਰ ਹਾਜ਼ਰ ਸੀ ? ਇਕੱਲਾ ਸਰੀਰ ਹੀ ਹਾਜ਼ਰ ਹੁੰਦਾ ਹੈ ਕਿਉਂਕਿ ਦਿਮਾਗ਼ ਤਾਂ ਹੱਥ 'ਚ ਫੜ੍ਹੇ ਮੋਬਾਈਲ 'ਚ ਅਟਕਿਆ ਪਿਆ ਹੁੰਦਾ ਹੈ। ਇਥੇ ਡਾਕਟਰ ਨਰਿੰਦਰ ਸਿੰਘ ਕਪੂਰ ਦੀ ਉਹ ਗੱਲ ਚੇਤੇ ਆ ਰਹੀ ਹੈ ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਟੈਲੀਫ਼ੋਨ ਦੀ ਖੋਜ ਵਕਤ ਬਚਾਉਣ ਲਈ ਹੋਈ ਸੀ ਪਰ ਸੱਚ ਇਹ ਹੈ ਕਿ ਅੱਜ ਸਭ ਤੋਂ ਵੱਧ ਵਕਤ ਇਸੇ ਫ਼ੋਨ ਤੇ ਹੀ ਬਰਬਾਦ ਕਰਦੇ ਹਾਂ।

ਅੱਗੇ ਵਿਆਹ ਮੰਗਣੇ ਤੇ ਮਹੀਨਾ ਭਰ ਰੌਣਕਾਂ ਲਗਦੀਆਂ ਸਨ। ਨਾਨਕਾ ਮੇਲ ਟਰੰਕ ਭਰ-ਭਰ ਕੇ ਲਿਆਉਂਦਾ ਸੀ ਪਰ ਅੱਜ ਕਲ 11 ਵਜੇ ਜੰਞ ਆਉਂਦੀ ਹੈ 'ਤੇ ਨਾਨਕਿਆਂ ਦੇ ਹਾਲੇ ਮੋਬਾਈਲ ਹੀ ਆਉਂਦੇ ਹਨ ਕਿ ਜੇ ਜੰਞ ਆ ਗਈ ਤਾਂ ਅਸੀਂ ਵੀ ਆ ਜਾਂਦੇ ਹਾਂ ! ਇਹ ਤਾਂ ਚਲੋ ਫੇਰ ਵੀ ਹਜ਼ਮ ਹੋਣ ਵਾਲੀ ਗੱਲ ਹੈ। ਹੱਦ ਤਾਂ ਉਸ ਵਕਤ ਹੋ ਜਾਂਦੀ ਹੈ ਜਦੋਂ ਵਿਆਹ ਜਿਹੇ ਪਵਿੱਤਰ ਰਿਸ਼ਤੇ ਵੀ ਅੱਜਕੱਲ੍ਹ ਆਨ ਲਾਈਨ ਹੀ ਨੇਪਰੇ ਚੜ੍ਹ ਜਾਂਦੇ ਹਨ।

ਇਹ ਤਾਂ ਕੁਝ ਕੁ ਹੀ ਉਦਾਹਰਨਾਂ ਹਨ। ਤੁਸੀ ਆਪਣੇ ਆਲੇ-ਦੁਆਲੇ ਜਦੋਂ ਮਰਜ਼ੀ ਝਾਤ ਮਾਰ ਕੇ ਵੇਖ ਲਿਉ, ਚਲਦੀ ਬੱਸ ਹੋਵੇ ਜਾਂ ਗੱਡੀ, ਹਰ ਇੱਕ ਦਾ ਬੱਸ ਸਰੀਰ ਹੀ ਸਫ਼ਰ ਕਰ ਰਿਹਾ ਹੁੰਦਾ ਹੈ। ਚੇਤਨਾ ਤਾਂ ਕਿਤੇ ਹੋਰ ਹੀ ਘੁੰਮਣ-ਘੇਰੀਆਂ ਵਿੱਚ ਭਟਕਦੀ ਫਿਰਦੀ ਹੁੰਦੀ ਹੈ। ਤਾਂ ਹੀ ਤਾਂ ਪਿਛਲੇ ਯੁੱਗ 'ਚ ਗੱਡੇ ਤੇ ਚੜ੍ਹ ਕੇ ਵੀ ਝੂਟਾ ਆ ਜਾਂਦਾ ਸੀ ਜੋ ਅੱਜਕੱਲ੍ਹ ਬਹੁ-ਲੱਖੀਆਂ ਗੱਡੀਆਂ ਤੇ ਨਹੀਂ ਆਉਂਦਾ। ਇਸ ਦਾ ਸਿੱਧਾ ਤੇ ਸਾਫ਼ ਸੁਥਰਾ ਇੱਕ ਹੀ ਕਾਰਨ ਹੈ ਕਿ ਝੂਟਿਆਂ ਦਾ
ਆਨੰਦ ਕਦੇ ਸਰੀਰਾਂ ਨੂੰ ਨਹੀਂ ਆਉਂਦਾ ਇਹ ਤਾਂ ਅੰਦਰਲੀ ਰੂਹ ਹੀ ਮਾਣ ਸਕਦੀ ਹੈ, ਜੋ ਅੱਜ ਦੇ ਇਸ ਮਸ਼ੀਨੀ ਇਨਸਾਨ ਦੇ ਆਪਣੇ ਵੱਸ ਵਿੱਚ ਨਹੀਂ ਰਹੀ।

ਦੂਜਾ ਨੰਬਰ ਸਕੂਨ ਦਾ ਆਉਂਦਾ ਹੈ। ਇਸ ਗੱਲ ਤੋਂ ਸ਼ਾਇਦ ਹੀ ਕੋਈ ਮੁਨਕਰ ਹੋਵੇਗਾ ਕਿ ਜੋ ਸਕੂਨ ਪੁਰਾਣੇ ਯੁੱਗ 'ਚ ਮਿਲਦਾ ਸੀ ਉਹ ਅੱਜਕੱਲ੍ਹ ਕਿਤੇ ਦੇਖਣ ਨੂੰ ਨਹੀਂ ਮਿਲਦਾ। ਮੇਰੇ ਹਾਲੇ ਯਾਦ ਹੈ ਉਹ ਦਿਨ ਜਦੋਂ ਬਚਪਨ ਦੇ ਇੱਕ ਮਿੱਤਰ ਦੇ ਵਿਦੇਸ਼ ਚਲੇ ਜਾਣ ਪਿੱਛੋਂ ਉਸ ਨੂੰ ਚਿੱਠੀ ਪਾਉਣੀ ! ਜੋ ਵੀਹ ਦਿਨਾਂ 'ਚ ਉਸ ਨੂੰ ਮਿਲਣੀ ਤੇ ਉਸ ਦਾ ਜਵਾਬ ਆਉਂਦੇ ਆਉਂਦੇ ਦੋ ਮਹੀਨੇ ਲੰਘ ਜਾਣੇ। ਪਰ ਲੰਬੇ ਇੰਤਜ਼ਾਰ ਤੋਂ ਬਾਅਦ ਮਿਲੀ ਉਹ ਚਿੱਠੀ ਪੜ੍ਹ ਕੇ ਜੋ ਸਕੂਨ ਮਿਲਦਾ ਸੀ ਉਹ ਹੁਣ ਕਦੇ ਮਿੰਟਾਂ ਸਕਿੰਟਾਂ ਵਿੱਚ ਮਿਲਦੀ ਈ-ਮੇਲ ਨਾਲ ਨਹੀਂ ਮਿਲਦਾ।

ਇਸ ਹਾਈਟੈੱਕ ਜ਼ਮਾਨੇ ਵਿੱਚ ਘਰਾਂ ਦੀ ਥਾਂ ਮਕਾਨਾਂ ਨੇ ਲੈ ਲਈ ਹੈ। ਅੱਗੇ ਘਰਾਂ ਵਿਚੋਂ ਜੋ ਕਿਲਕਾਰੀਆਂ ਗੂੰਜਦੀਆਂ ਸਨ ਉਹ ਹੁਣ ਕਿਧਰੇ ਗ਼ਾਇਬ ਹੋ ਗਈਆਂ ਹਨ। ਅੱਗੇ ਘਰ ਵਿੱਚ ਜਿੰਨੇ ਜੀਅ ਹੁੰਦੇ ਸਨ, ਉਹ ਸਾਰੇ ਦੇ ਸਾਰੇ ਇਕੱਠੇ ਬਹਿੰਦੇ ਹੁੰਦੇ ਸੀ। ਅੱਜ ਦੇ ਮਕਾਨਾਂ ਵਿੱਚ ਹਰ ਕੋਈ ਆਪੋ ਆਪਣੇ ਕਮਰੇ ਵਿੱਚ ਬੈਠਾ ਭਾਵੇਂ ਨੈੱਟ ਰਾਹੀਂ ਦੁਨੀਆਂ ਭਰ ਨਾਲ ਜੁੜਿਆ ਹੋਵੇ, ਪਰ ਆਪਣੇ ਪਰਿਵਾਰ ਵਿੱਚ ਇੱਕ ਦੂਜੇ ਤੋਂ ਕੋਹਾਂ ਦੂਰ ਹੁੰਦੇ ਹਨ। ਅੱਜਕੱਲ੍ਹ ਘਰ ਦਾ ਇੱਕ ਜੀਅ ਫੇਸ ਬੁੱਕ 'ਤੇ ਹੁੰਦਾ, ਦੂਜਾ ਔਰਕੁਟ 'ਤੇ ਤੀਜਾ ਯਾਹੂ 'ਤੇ ਦੁਨੀਆ ਭਰ ਦੀਆਂ ਸੈਰਾਂ ਕਰ ਰਹੇ ਹੁੰਦੇ ਹਨ। ਟੱਬਰ ਦੇ ਰਹਿੰਦੇ ਖੂੰਹਦੇ ਜੀਅ ਟੈਲੀਵਿਜ਼ਨ ਨੇ ਸਾਂਭੇ ਹੁੰਦੇ ਹਨ। ਅੱਜਕੱਲ੍ਹ ਦੇ ਨਿਆਣੇ ਮੈਦਾਨੀ ਖੇਡਾਂ ਨਾਲੋਂ ਪਲੇਅ ਸਟੇਸ਼ਨ ਨੂੰ ਪਹਿਲ ਦਿੰਦੇ ਹਨ। ਹੁਣ ਤਾਂ ਆਲਮ ਇਹ ਹੈ ਕਿ ਸਰੀਰਕ ਕਸਰਤ ਵੀ 'ਵੀ-

ਫ਼ਿੱਟ' ਜਿਹੀਆਂ ਖੇਡਾਂ ਨਾਲ ਟੀ.ਵੀ. ਮੂਹਰੇ ਬਹਿ ਕੇ ਹੀ ਕਰ ਲੈਂਦੇ ਹਨ। ਜਿੱਥੇ ਇਸ ਆਧੁਨਿਕਤਾ ਨੇ ਸਾਨੂੰ ਆਰਾਮ ਪਸੰਦ ਬਣਾ ਦਿਤਾ ਹੈ ਉੱਥੇ ਅਸੀਂ ਹੁਣ ਇਸ ਆਧੁਨਿਕਤਾ 'ਤੇ ਇੰਨਾ ਕੁ ਨਿਰਭਰ ਹੋ ਗਏ ਹਾਂ ਕਿ ਬਿਨਾਂ ਆਧੁਨਿਕ ਯੰਤਰਾਂ ਦੇ ਅਪਾਹਿਜਤਾ ਜਿਹੀ ਮਹਿਸੂਸ ਹੁੰਦੀ ਹੈ। ਕੋਈ ਯੁੱਗ ਸੀ ਡੇਢਾ ਤੇ ਢਾਈਆ ਦੇ ਪਹਾੜੇ ਮੂੰਹ-ਜ਼ਬਾਨੀ ਯਾਦ ਹੁੰਦੇ ਸਨ। ਪਰ ਹੁਣ ਬਿਨਾਂ ਕੈਲਕੂਲੇਟਰ ਦੇ ਮਜਾਲ ਕੀ ਹੈ ਕਿ ਅਸੀਂ ਅੱਠੋਂ ਨੌਈਂ ਬਹੱਤਰ ਦਸ ਸਕੀਏ। ਹਾਲੇ ਕੱਲ੍ਹ ਦੀ ਗੱਲ ਹੈ ਜਦੋਂ ਸਾਰੇ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਦੇ ਫ਼ੋਨ ਨੰਬਰ ਮੂੰਹ-ਜ਼ਬਾਨੀ ਯਾਦ ਹੁੰਦੇ ਸਨ। ਪਰ ਹੁਣ ਸੁਣ ਲਵੋ ਇੱਕ ਦਿਨ ਮੇਰੇ ਮੋਬਾਈਲ ਦੀ ਸਕਰੀਨ ਟੁੱਟ ਗਈ ਤੇ ਮੈਨੂੰ ਆਪਣੇ ਘਰੇ ਫ਼ੋਨ ਕਰਨ ਲਈ ਵੀਹ ਮਿੰਟ ਸੋਚਣਾ ਪਿਆ। ਇਹ ਅਪਾਹਿਜਤਾ ਨਹੀਂ ਤਾਂ ਹੋਰ ਕੀ ਹੈ ?

ਦੋਸਤੋ ! ਬੱਸ ਬਹੁਤ ਨਿਭਾ ਦਿੱਤਾ ਫ਼ਰਜ਼ ਆਪਣਾ ਲਿਖਾਰੀ ਹੋਣ ਦਾ ! ਬਹੁਤ ਨਫ਼ੇ ਨੁਕਸਾਨ ਗਿਣਾ ਦਿੱਤੇ ਆਧੁਨਿਕਤਾ ਦੇ ! ਪਰ ਯਾਰ ਅਸਲੀ ਦਿਲ ਦੀ ਗੱਲ ਦਸਾਂ ? ਇਸ ਆਧੁਨਿਕਤਾ ਦਾ ਆਨੰਦ ਮਾਣਨ ਦਾ ਵੀ ਆਨੰਦ ਆਪਣਾ ਹੀ ਹੈ। ਕੰਪਿਊਟਰ 'ਤੇ ਬੈਠੀਏ ਤਾਂ ਸਕਿੰਟਾਂ 'ਚ ਦੁਨੀਆਂ ਦੀ ਸੈਰ ਕਰ ਲਈਦੀ ਹੈ । ਜੇਕਰ ਹੁਣ ਫੇਸ ਬੁੱਕ ਦੀ ਗੱਲ ਕਰੀਏ ਤਾਂ, ਯਾਰ ਜੇ ਇਸ ਨੂੰ ਸਾਲੀ ਕਹਿ ਕੇ ਸੰਬੋਧਨ ਕੀਤਾ ਜਾਵੇ ਤਾਂ ਕੋਈ ਅੱਤਕਥਨੀ ਨਹੀ ਹੋਵੇਗੀ ਕਿਉਂਕਿ ਇਹ ਚਿਤ ਜਿਹਾ ਲਵਾਈ ਰੱਖਦੀ ਆ। ਇੱਕ ਦਿਨ ਇੱਕ ਮਿੱਤਰ ਦਾ ਸਟੇਟਸ ਪੜ੍ਹਿਆ ਕਹੇ ਦੋ ਦਿਨਾਂ ਦਾ ਨੈੱਟ ਨਹੀਂ ਸੀ ਚੱਲ ਰਿਹਾ ਤੇ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਘਰ ਵਾਲੀ ਪੇਕੇ ਗਈ ਹੋਵੇ।

ਇਸ ਵਿੱਚ ਤਾਂ ਕੋਈ ਦੋ ਰਾਏ ਨਹੀਂ ਕਿ ਇਸ ਨਸ਼ੇ ਦਾ ਸ਼ਿਕਾਰ ਮੈਂ ਵੀ ਹੋ ਗਿਆ ਹਾਂ ਪਰ ਕੋਈ ਨਾ ਜੇ ਪਾਣੀ ਪੁਲਾਂ ਦੇ ਉੱਤੋਂ ਦੀ ਵਗਦਾ ਦਿਸਿਆ ਤਾਂ ਆਪਾਂ ਵੀ ਹੋ ਜਾਵਾਂਗੇ 'ਫੇਸ ਬੁੱਕ ਛਡਾਓ ਕੈਂਪ' 'ਚ ਭਰਤੀ ! ਫ਼ਿਲਹਾਲ ਤਾਂ ਯਾਰੋ ਮੈਨੂੰ ਵੀ ਜੁਆਇਨ ਕਰ ਲਿਉ ਫੇਸ ਬੁੱਕ 'ਤੇ ! ਉਂਝ ਤਾਂ ਆਪਣੀ ਇੱਕ ਦੋ ਨੰਬਰ ਦੀ ਆਈ.ਡੀ. ਵੀ ਹੈਗੀ, ਪਰ ਤੁਸੀ ਮੈਨੂੰ 'ਮਿੰਟੂ ਬਰਾੜ 22' ਵਾਲੇ ਅਕਾਂਉਂਟ 'ਤੇ ਹੀ ਐਡ ਕਰ ਲਿਉ। ਚੰਗਾ ਜੀ, ਰੱਬ ਰਾਖਾ ਮਿਲਦੇ ਹਾਂ ਫੇਰ ਫੇਸਬੁੱਕ 'ਤੇ।

****

# ਫੇਸਬੁੱਕ ਦੇ ਡਾਕੀਏ

**ਸਤੰਬਰ 2011 ਵਿੱਚ ਇਹ ਲੇਖ ਉਸ ਵਕਤ ਲਿਖਿਆ ਗਿਆ ਜਦੋਂ ਕੁਝ ਫੇਸਬੁੱਕੀਆਂ ਨੇ ਮਾਣਕ ਸਾਹਿਬ ਨੂੰ ਸਮੇਂ ਤੋਂ ਪਹਿਲਾਂ ਇਸ ਦੁਨੀਆ ਤੋਂ ਰੁਖ਼ਸਤ ਕਰ ਦਿੱਤਾ ਸੀ। ਉਸ ਵਕਤ ਦਿਲ ਬਹੁਤ ਦੁਖਿਆ ਸੀ ਤੇ ਮਹਿਸੂਸ ਕੀਤਾ ਸੀ ਕਿ ਇਸ ਆਧੁਨਿਕਤਾ ਦੀ ਤੇਜ਼ੀ ਵਿੱਚ ਅਸੀਂ ਆਪਣੇ ਆਪ ਨੂੰ ਵੱਡਾ ਦਿਖਾਉਣ ਦੇ ਚੱਕਰਾਂ 'ਚ ਕਿੰਨੇ ਖ਼ੁਦ.ਗਰਜ਼ ਅਤੇ ਲਾਪਰਵਾਹ ਹੋ ਗਏ ਹਾਂ। ਆਧੁਨਿਕਤਾ ਦੇ ਨਾਂ 'ਤੇ ਪਰੋਸੇ ਜਾ ਰਹੇ ਲੱਚਰਤਾ ਜਿਹੇ ਚਿੰਤਾ ਦੇ ਵਿਸ਼ੇ ਨੂੰ ਵੀ ਲੇਖ 'ਚ ਛੋਹਣ ਦੀ ਕੋਸ਼ਿਸ਼ ਕੀਤੀ ਹੈ।**



ਪੰਜਾਬੀ ਕਲੱਬ ਮੈਲਬਾਰਨ ਦੇ ਮਿੱਤਰਾਂ ਗੁਰਲਾਲ ਬਰਾੜ,
ਪਾਇਲਟ ਬਰਾੜ, ਮਨਜਿੰਦਰ ਬਰਾੜ, ਦਵਿੰਦਰ ਸਿੰਘ, ਬਲਦੇਵ ਸਿੰਘ
ਬਾਵਾ ਅਤੇ ਅਮਨਦੀਪ ਸਿੱਧੂ ਜਿਹੇ ਮਿੱਤਰਾਂ ਨਾਲ ਲੇਖਕ



ਪੰਜਾਬੀ ਫ਼ਿਲਮ ਸਟਾਰ ਅਤੇ ਗਾਇਕ ਦਿਲਜੀਤ ਅਤੇ ਸੁਲੱਖਣ ਸਿੰਘ ਸਹੋਤਾ ਨਾਲ ਲੇਖਕ

# ਫੇਸਬੁੱਕ ਦੇ ਡਾਕੀਏ

ਆਧੁਨਿਕਤਾ ਦੇ ਇਸ ਦੌਰ 'ਚ ਅੱਜ ਸਾਡੇ ਨਿੱਤਨੇਮ ਦੇ ਕਾਰਜਾਂ ਵਿੱਚ ਦਾਤਣ-ਪਾਣੀ, ਨਹਾਉਣ-ਧੋਣ ਅਤੇ ਅਕਾਲ ਪੁਰਖ ਦੀ ਉਸਤਤ ਦੇ ਨਾਲ-ਨਾਲ, ਜਿਹੜਾ ਇੱਕ ਜ਼ਰੂਰੀ ਅਧਿਆਏ ਹੋਰ ਜੁੜ ਗਿਆ ਹੈ, ਉਹ ਹੈ ਸੋਸ਼ਲ ਨੈੱਟਵਰਕਿੰਗ। ਭਾਵੇਂ ਉਹ ਫੇਸਬੁੱਕ ਹੋਵੇ ਭਾਵੇਂ ਯੂ-ਟਿਊਬ ਤੇ ਭਾਵੇਂ ਕੁਝ ਹੋਰ। ਜੇਕਰ ਹੁਣ ਇਹ ਕਹਿ ਲਈਏ ਕਿ ਅੱਜਕੱਲ੍ਹ ਇਸ ਦੀ ਸਾਡੇ ਸਰੀਰ ਨੂੰ ਭੁੱਖ ਹੀ ਨਹੀਂ, ਤੋੜ ਜਿਹੀ ਵੀ ਲਗਦੀ ਹੈ ਤਾਂ ਗ਼ਲਤ ਨਹੀਂ ਹੋਵੇਗਾ। ਜਿਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਸਾਨੂੰ ਡਰ ਲੱਗਦਾ ਹੈ ਕਿ ਇਸ ਤੇਜ਼ ਤਰਾਰ ਯੁੱਗ 'ਚ ਕਿਤੇ ਅਸੀਂ ਪਛੜ ਹੀ ਨਾ ਜਾਈਏ। ਕਿਉਂਕਿ ਜੇ ਕਿਸੇ ਮਿੱਤਰ ਪਿਆਰੇ ਨੇ ਸਾਨੂੰ ਕੋਈ ਤਾਜ਼ਾ ਕਾਂਡ ਪਹਿਲਾਂ ਸੁਣਾ ਦਿੱਤਾ ਤਾਂ ਅਸੀਂ ਆਪਣੇ ਆਪ ਨੂੰ ਹੀਣ ਭਾਵਨਾ ਦਾ ਸ਼ਿਕਾਰ ਸਮਝਣ ਲੱਗ ਜਾਂਦੇ ਹਾਂ ਤੇ ਮੂਹਰਲਾ ਤੁਹਾਨੂੰ ਡੰਗਰ ਸਮਝਣ ਲੱਗ ਜਾਂਦਾ ਹੈ। ਉਹ ਸੋਚਦਾ ਕਿ ਪਤਾ ਨਹੀਂ ਇਹ ਕਿਹੜੇ ਜਹਾਨ 'ਚ ਰਹਿੰਦਾ ਹੈ ! ਮੈਨੂੰ ਲੋਕਾਂ ਦਾ ਤਾਂ ਪਤਾ ਨਹੀਂ ਪਰ ਮੇਰੀ ਰੋਜ਼ਮਰ੍ਹਾ ਦੀ ਜ਼ਿੰਦਗੀ ਤਾਂ ਬਿਸਤਰੇ 'ਚੋਂ ਉੱਠ ਕੇ ਲੈਪਟਾਪ ਦਾ ਬਟਨ ਦੱਬਣ 'ਤੋਂ ਸ਼ੁਰੂ ਹੁੰਦੀ ਹੈ। ਫੇਰ ਦਾਤਣ ਕੁਰਲੇ ਵੱਲ ਨੂੰ ਜਾਈਦਾ ਹੈ ਤੇ ਸੋਚ ਇਹੀ ਹੁੰਦੀ ਹੈ ਕਿ ਆਉਂਦੇ ਨੂੰ ਲੈਪਟਾਪ ਖੁੱਲ੍ਹ ਕੇ ਤਿਆਰ ਹੋਵੇ, ਕਿਤੇ ਕੋਈ ਵਕਤ ਬਰਬਾਦ ਨਾ ਹੋ ਜਾਵੇ।

ਜੀਵਨ 'ਚ ਆਈ ਤੇਜ਼ੀ ਦਾ ਅੱਜ ਇਹ ਆਲਮ ਹੋ ਗਿਆ ਹੈ ਕਿ ਕੁਝ ਸਾਲ ਪਹਿਲਾਂ ਜੋ ਅਸੀਂ ਟੀ.ਵੀ. ਚੈਨਲਾਂ ਦੇ ਦਾਅਵੇ ਸੁਣਦੇ ਹੁੰਦੇ ਸੀ ਕਿ ਸਭ ਤੋਂ ਪਹਿਲਾਂ ਫਲਾਂ ਖ਼ਬਰ ਸਿਰਫ਼ ਸਾਡੇ ਚੈਨਲ ਨੇ ਦਿਖਾਈ, ਪਰ ਅੱਜ ਇਹ ਤੇਜ਼ੀ ਇਕੱਲੇ-ਇਕੱਲੇ ਸ਼ਖ਼ਸ ਦੇ ਹੱਥ ਆ ਚੁੱਕੀ ਹੈ। ਇਸ ਦੌੜ 'ਚ ਆਪਣੇ ਆਪ ਨੂੰ ਫੰਨੇ ਖ਼ਾਂ ਦਰਸਾਉਣ ਲਈ ਕਈ ਬਾਰ ਮੇਰੇ ਮਿੱਤਰ-ਪਿਆਰੇ ਸਾਰੀਆਂ ਹੱਦਾਂ ਬੰਨੇ ਹੀ ਟੱਪ ਜਾਂਦੇ ਹਨ। ਭਾਵੇਂ ਇਸ ਨਾਲ ਕਿਸੇ ਦਾ ਜਿੰਨ੍ਹਾਂ ਮਰਜ਼ੀ ਨੁਕਸਾਨ ਹੋ ਜਾਵੇ। ਬੱਸ
ਦੁਨੀਆਂ ਤੱਕ ਇਹ ਖ਼ਬਰ ਪਹੁੰਚਾਉਣ ਵਾਲੇ ਆਪਾਂ ਪਹਿਲੇ ਇਨਸਾਨ ਹੋਣੇ ਚਾਹੀਦੇ ਹਾਂ।

ਦੋਸਤੋ ! ਬਹੁਤ ਘੱਟ ਲਿਖਣ ਦੀ ਕੋਸ਼ਿਸ਼ ਕਰੀ ਦੀ ਹੈ। ਪਰ ਜਦੋਂ ਪਾਣੀ ਪੁਲਾਂ ਉੱਤੋਂ ਦੀ ਲੰਘਦਾ ਦੇਖਦਾ ਹਾਂ ਤਾਂ ਕਾ.ਗਜ਼ 'ਤੇ ਗ਼ੁੱਸਾ ਲਾਹੁਣ ਬੈਠ ਜਾਈਦਾ ਹੈ। ਬੱਸ ਅੱਜ ਵੀ ਇਹੀ ਸਬੱਬ ਬਣਿਆ। ਦੋ ਚਾਰ ਦਿਨਾਂ ਦਾ ਫੇਸਬੁੱਕ ਦੇ ਡਾਕੀਆਂ ਦੀ ਤੇਜ਼ੀ ਤੋਂ ਹੈਰਾਨ ਹਾਂ। (ਮਾਫ਼ ਕਰਨਾ ਇਹ ਡਾਕੀਆ ਸ਼ਬਦ ਮੇਰੀ ਕਲਮ ਦੀ ਉਪਜ ਨਹੀਂ ਹੈ, ਇਹ ਉੱਘੇ ਪੰਜਾਬੀ ਗਾਇਕ ਦਿਲਜੀਤ ਦੁਸਾਂਝ ਹੋਰਾਂ ਦੇ ਸ਼ਬਦ ਹਨ। ਜਿੰਨਾ ਦਾ ਖ਼ੁਲਾਸਾ ਇਸ ਲੇਖ 'ਚ ਅੱਗੇ ਜਾ ਕੇ ਕਰਦੇ ਹਾਂ)।

ਸਾਰੇ ਜਹਾਨ 'ਚ ਵੱਸਦੇ ਪੰਜਾਬੀਆਂ ਨੂੰ 'ਮਾਣਕ ਸਾਹਿਬ' ਦੇ ਇਸ ਜਹਾਨ ਤੋਂ ਰੁਖ਼ਸਤ ਹੋਣ ਦੀ ਖ਼ਬਰ ਨੇ ਧੁਰ ਅੰਦਰੋਂ ਹਿਲਾ ਦਿੱਤਾ ਸੀ। ਪਰ ਸਾਡੇ ਆਧੁਨਿਕ ਯੁੱਗ ਦੇ ਤੇਜ਼ ਤਰਾਰ ਲੋਕਾਂ ਨੇ ਉਨ੍ਹਾਂ ਨੂੰ ਦੋ ਦਿਨ ਪਹਿਲਾ ਹੀ ਇਸ ਜਹਾਨ ਤੋਂ ਤੋਰ ਦਿੱਤਾ ਸੀ। ਦੋਸਤੋ ! ਪਤਾ ਨਹੀਂ ਇਸ ਦੁੱਖ ਭਰੀ ਝੂਠੀ ਖ਼ਬਰ ਨਾਲ ਇਹਨਾਂ ਲੋਕਾਂ ਨੂੰ ਕਿਹੜਾ ਤ.ਗਮਾ ਮਿਲਣਾ ਸੀ, ਜੋ ਇਨ੍ਹਾਂ ਨੇ ਅਜਿਹਾ ਕੀਤਾ।

ਜਦੋਂ ਹਰ ਰੋਜ਼ ਵਾਂਗ ਲੈਪਟਾਪ ਖੋਲ੍ਹਿਆ ਤਾਂ ਮੂਹਰੋਂ ਇਹ ਖ਼ਬਰ ਪੜ੍ਹ ਕੇ ਦਿਲ ਬਹੁਤ ਔਖਾ ਹੋਇਆ। ਪਰ ਪਤਾ ਨਹੀਂ ਕਿਉਂ ਦਿਲ ਨੇ ਮੰਨਿਆਂ ਨਹੀਂ ਤੇ ਇੰਡੀਆ 'ਚ ਦਿਨ ਚੜ੍ਹਨ ਦੀ

ਉਡੀਕ 'ਚ ਬਹਿ ਗਿਆ ਕਿ ਕਿਸੇ ਸਾਂਝੇ ਮਿੱਤਰ ਤੋਂ ਸਹੀ ਜਾਣਕਾਰੀ ਲੈਂਦੇ ਹਾਂ। ਪਰ ਇੰਨੇ ਚਿਰ ਨੂੰ ਜਿਸ ਮਿੱਤਰ ਨੇ ਇਹ ਖ਼ਬਰ ਪਾਈ ਸੀ, ਉਸੇ ਨੂੰ ਸੁਨੇਹਾ ਛੱਡਿਆ ਕਿ ਕੀ ਹੋ ਗਿਆ ? ਤਾਂ ਮੂਹਰੋਂ ਜਨਾਬ ਕਹਿੰਦੇ "ਮਾਣਕ ਡੀ.ਐੱਮ.ਸੀ. 'ਚ ਦਾਖਿਲ ਸੀ, ਉੱਥੇ ਹੀ ਇਹ ਭਾਣਾ ਵਰਤ ਗਿਆ।"

ਮੈਂ ਫੇਰ ਦੁਹਰਾ ਕੇ ਪੁੱਛਿਆ "ਕੀ ਇਹ ਸੱਚੀ ਗੱਲ ਹੈ ?"

"ਬਿਲਕੁਲ ਜੀ ਸੌ ਫ਼ੀਸਦੀ ਸੱਚ ਹੈ ਜੀ।" ਉਸ ਕਿਹਾ ।

ਚਲੋ ਜੀ, ਏਨੇ ਨੂੰ ਦਿਨ ਚੜ੍ਹ ਆਇਆ ਤੇ ਮੈਂ ਹਾਲੇ ਸੋਚ ਹੀ ਰਿਹਾ ਸੀ ਕਿ ਕਿਸ ਨੂੰ ਫ਼ੋਨ ਕਰਾਂ ! ਏਨੇ ਨੂੰ ਮੇਰੇ ਇੱਕ ਪੁਰਾਣੇ ਮਿੱਤਰ ਪਲਾਜ਼ਮਾ ਰਿਕਾਰਡਿੰਗ ਦੇ ਮਾਲਕ ਦੀਪਕ ਬਾਲੀ ਹੋਰਾਂ ਦਾ ਫ਼ੋਨ ਆ ਗਿਆ। ਦੁੱਖ ਸੁੱਖ ਤੋਂ ਬਾਅਦ ਜਦੋਂ ਮੈਂ ਡਰਦੇ-ਡਰਦੇ ਨੇ ਮਾਣਕ ਸਾਹਿਬ ਵਾਲੀ ਖ਼ਬਰ ਦੀ ਪੁਸ਼ਟੀ ਕਰਨੀ ਚਾਹੀ ਤਾਂ ਉਹ ਕਹਿੰਦੇ ! ਨਾ ਵੀਰ ਇਹ ਝੂਠੀ ਖ਼ਬਰ ਹੈ ਉਹ ਢਿੱਲੇ ਜ਼ਰੂਰ ਹਨ ਪਰ ਰੱਬ ਦੀ ਖ਼ੈਰ ਸਦਕਾ ਨੌਂ-ਬਰ-ਨੌਂ ਹਨ। ਜਦੋਂ ਮੈਂ ਉਨ੍ਹਾਂ ਨੂੰ ਫੇਸਬੁੱਕ ਵਾਲੀ ਅਫ਼ਵਾਹ ਬਾਰੇ ਦੱਸਿਆ ਤਾਂ ਕਹਿੰਦੇ ਹੋਲਡ ਰੱਖੋ ਮੈਂ ਹੋਰ ਕਲੀਅਰ ਕਰਦਾ ਹਾਂ। ਜਦੋਂ ਮੈਂ ਖ਼ੁਦ ਆਪਣੇ ਕੰਨੀਂ ਇਹ ਸੁਣ ਲਿਆ ਕਿ ਸਭ ਠੀਕ ਹੈ ਤਾਂ ਦਿਲ 'ਚ ਉਸ ਵੀਰ ਪ੍ਰਤੀ ਬਹੁਤ ਗ਼ੁੱਸਾ ਆਇਆ, ਜੋ ਫੇਸ ਬੁੱਕ ਤੇ ਆਉਂਦੇ ਕਮੈਂਟਸ ਦੇ ਬੜੀ ਸ਼ਿੱਦਤ ਨਾਲ ਜਵਾਬ ਦੇ ਰਿਹਾ ਸੀ ਤੇ ਆਪਣੇ ਆਪ ਨੂੰ ਮਾਣਕ ਦੇ ਟੱਬਰ ਦਾ ਜੀਅ ਮਹਿਸੂਸ ਕਰ ਰਿਹਾ ਸੀ। ਜਿਵੇਂ ਲੋਕ ਉਸ ਕੋਲ ਗੋਡਾ ਨਿਵਾਉਣ ਆ ਰਹੇ ਹੋਣ ! ਭਾਵੇਂ ਖ਼ੁਦ ਮੈਂ ਸਲਾਮਤੀ ਦੀ ਖ਼ਬਰ ਸੁਣ ਲਈ ਸੀ ਪਰ ਫੇਰ ਵੀ ਦਿਲ ਹੋਰ ਤਸੱਲੀ ਚਾਹੁੰਦਾ ਸੀ। ਇੰਗਲੈਂਡ ਬੈਠੇ ਬਾਈ ਸ਼ਿਵਚਰਨ ਜੱਗੀ ਕੁੱਸੇ ਨੂੰ ਸੁਨੇਹਾ ਲਾਇਆ ਤਾਂ ਉਹ ਕਹਿੰਦੇ, "ਨਿੱਕਿਆ ! ਦੋ ਮਿੰਟ ਦੇ ਬੱਸ ਹੁਣੇ ਦੱਸਦਾ।" ਦੋ ਕਿਹੜੇ ਇੱਕ ਮਿੰਟ 'ਚ ਹੀ ਉਹ ਕਹਿੰਦੇ; "ਓਏ ਐਵੇਂ ਭੌਂਕੀ ਜਾਂਦੇ ਆ, ਸਾਡਾ ਬਾਈ ਮਾਣਕ ਟੱਲੀ ਵਰਗਾ। ਹੁਣੇ ਮੇਰੀ ਦੇਵ ਥਰੀਕੇ ਵਾਲੇ ਬਾਈ ਨਾਲ ਗੱਲ ਹੋਈ ਹੈ।" ਚਲੋ ਜੀ ਏਨੇ ਨੂੰ ਇੱਕ ਹੋਰ ਮਿੱਤਰ ਰਾਣਾ ਬੈਨੀਪਾਲ ਦਾ ਸੁਨੇਹਾ ਮਿਲ ਗਿਆ, ਕਹਿੰਦੇ ਭਗਵੰਤ ਮਾਨ ਹੋਰਾਂ ਤੋਂ ਪੁੱਛਿਆ ਸਭ ਠੀਕ ਹੈ। ਫੇਰ ਜਦੋਂ ਮੈਨੂੰ ਏਨੀ ਕੁ ਤਸੱਲੀ ਮਿਲੀ ਤਾਂ ਮੈਂ ਉਸੇ ਮਿੱਤਰ ਨਾਲ ਪਾ ਲਿਆ ਪੇਚਾ।

ਮੂਹਰੋਂ ਕਹਿੰਦਾ, "ਬਾਈ ਅੱਜ ਨਹੀਂ ਤਾਂ ਕੱਲ੍ਹ ਕਿੰਨੇ ਦਿਨ ਵੈਂਟੀਲੇਟਰ 'ਤੇ ਸਾਹ ਲਊਗਾ।"

"ਤੁਹਾਡੀ ਕੋਈ ਨਿੱਜੀ ਰੰਜਸ਼ ਹੈ ਮਾਣਕ ਪਰਿਵਾਰ ਨਾਲ ?" ਮੈਂ ਪੁੱਛਿਆ ।

"ਨਹੀਂ ਬਾਈ ਅਸੀਂ ਤਾਂ ਕਿ ਲੈਣਾ ਕੋਈ ਜੀਵੇ ਕੋਈ ਮਰੇ।"

"ਫੇਰ ਤੁਸੀਂ ਆਹ ਜਿਊਂਦੇ ਜੀ ਨੂੰ ਕਿਉਂ ਮਾਰ ਰਹੇ ਹੋ ?"

"ਮੈਂ ਸੋਚਿਆ ਕਿ ਆਈ.ਸੀ.ਯੂ. 'ਚ ਹੈ, ਹੋਰ ਕਿੰਨਾ ਕੁ ਚਿਰ ਕੱਟੂ ! ਸੋ ਫੇਸਬੁੱਕ 'ਤੇ ਲਿਖ ਦਿੱਤਾ।" ਜੁਆਬ ਮਿਲਿਆ।

ਮੈਂ ਸੋਚਿਆ ਇਸ ਇਨਸਾਨ ਨਾਲ ਬਹਿਸ ਕਰਨ ਦਾ ਕੋਈ ਫ਼ਾਇਦਾ ਨਹੀਂ। ਜਦੋਂ ਇਸ ਨੂੰ ਯੁੱਗ-ਪੁਰਖ ਦੀ ਕਦਰ ਨਹੀਂ ਤਾਂ ਤੂੰ-ਮੈਂ ਕੀ ਚੀਜ਼ ਹਾਂ ?

ਅਗਲੀ ਗੱਲ ਸਾਡੇ ਸਭਿਆਚਾਰ 'ਚ ਆ ਰਹੇ ਨਿਘਾਰ ਦੀ ਹੈ। ਇਸ ਮੁੱਦੇ ਨੂੰ ਉਠਾ ਕੇ ਹੁਣ ਤੱਕ ਇੱਕਾ-ਦੁੱਕਾ ਕਲਮਾਂ ਵਾਲੇ ਆਪਣੇ ਗਲ-ਗ਼ਲਾਮੇ ਪਾ ਰਹੇ ਸਨ। ਪਰ ਫੇਸ ਬੁੱਕ ਦੇ ਯੁੱਗ 'ਚ ਉਸਾਰੂ ਸੋਚ ਵਾਲੇ ਮਿੱਤਰਾਂ ਦੀ ਵੀ ਕੋਈ ਕਮੀ ਨਹੀਂ, ਜੋ ਉਸਾਰੂ ਢੰਗ ਨਾਲ ਇਸ ਦੀ ਵਰਤੋਂ 'ਚ ਲੱਗੇ ਹੋਏ ਹਨ। ਜਾਗਰੂਕ ਲੋਕਾਂ ਦਾ ਕਾਫ਼ਲਾ ਬਣਦਾ ਜਾ ਰਿਹਾ ਹੈ ਤੇ ਨਿਘਾਰ ਲਿਆਉਣ ਵਾਲਿਆਂ ਦੀ

ਵੀ ਕਮੀ ਨਹੀਂ। ਸਭ ਤੋਂ ਵੱਧ ਗੰਦ ਪਾ ਰਹੇ ਹਨ ਸਾਡੇ ਪੰਜਾਬੀ ਸੱਭਿਆਚਾਰ ਦੇ ਸੇਵਕ ਕਹਾਉਣ ਵਾਲੇ ਗਾਇਕ ਤੇ ਗੀਤਕਾਰ। ਜਿੰਨ੍ਹਾਂ ਨੇ ਪਹਿਲਾਂ ਤਾਂ ਗੀਤਾਂ ਨੂੰ ਸੁਣਨ ਨਾਲੋਂ ਦੇਖਣ ਵਾਲੇ ਬਣਾ ਦਿੱਤਾ ਤੇ ਅੱਜਕੱਲ੍ਹ ਬੋਲਾਂ 'ਚ ਵੀਰ ਰਸ ਜਾਂ ਸ਼ਿੰਗਾਰ ਰਸ ਦੀ ਥਾਂ ਕਾਮ ਰਸ ਤੇ ਮਾਰ ਧਾੜ ਰਸ ਭਰ ਕੇ ਨਾ ਸੁਣਨ ਜੋਗੇ ਛੱਡੇ ਨਾ ਦੇਖਣ ਜੋਗੇ!

ਪਹਿਲਾਂ ਇੱਕ ਵਾਕਿਆ ਹੋਰ ਸਾਂਝਾ ਕਰ ਲਈਏ, ਫੇਰ ਅੱਗੇ ਦੀ ਗੱਲ ਕਰਦੇ ਹਾਂ। ਪਿਛਲੇ ਦਿਨੀਂ ਗਾਇਕ ਦਲਜੀਤ ਦੁਸਾਂਝ ਕਿਸੇ ਸਟੇਜ 'ਤੇ ਟਪੂਸੀਆਂ ਮਾਰਦਾ ਡਿੱਗ ਪਿਆ ਸੀ। ਲੋਕਾਂ ਉਸ ਦੀ ਇਸ ਵੀਡੀਓ 'ਤੇ ਪੁੱਠੇ ਸਿੱਧੇ ਕਮੈਂਟ ਕਰ ਦਿੱਤੇ ਸਨ। ਉੱਧਰ ਦਲਜੀਤ ਨੇ ਆਪਣੇ ਨਵੇਂ ਗਾਣੇ ਦਾ ਪ੍ਰੋਮੋ ਨੈੱਟ 'ਤੇ ਪਾ ਦਿੱਤਾ। ਹਮੇਸ਼ਾ ਵਾਂਗ ਉਸ ਦੇ ਫੈਨ ਵਾਹ-ਵਾਹ ਕਰੀ ਜਾ ਰਹੇ ਸਨ। ਪਰ ਕੁਝ ਜਾਗਰੂਕ ਮਿੱਤਰ ਇਸ ਵਿਚਲੇ ਗੰਦੇ ਬੋਲਾਂ ਤੇ ਉਂਗਲ਼ਾਂ ਚੁੱਕ ਕੇ ਦਿਲਜੀਤ ਦਾ ਦਿਲ ਨਹੀਂ ਜਿੱਤ ਸਕੇ। ਗਾਇਕ ਸਾਹਿਬ ਨੂੰ ਗ਼ੁੱਸਾ ਆ ਗਿਆ। ਉਹਨੇ ਸੋਚਿਆ, ਇਹੋ ਜਿਹੇ ਲੋਕਾਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ। ਉਨ੍ਹਾਂ ਚੁੱਕ ਲਿਆ ਆਪਣਾ ਵਾਜਾ ਤੇ ਆਪਣੀ ਭੜਾਸ ਕੈਮਰੇ ਮੂਹਰੇ ਕੱਢ ਦਿੱਤੀ। ਇਸੇ ਕ੍ਰੋਧ ਨੇ 'ਫੇਸਬੁੱਕ ਦੇ ਡਾਕੀਏ' ਸ਼ਬਦ ਦੀ ਉਤਪਤੀ ਕੀਤੀ। ਇਹ ਸ਼ਬਦ ਵਿੱਚ ਏਨੀ ਬੁਰਾਈ ਨਹੀਂ ਦਿਖਾਈ ਦੇ ਰਹੀ ਪਰ ਜੋ ਗਾਲ਼ੀ-ਗਲੋਚ 'ਤੇ ਉਹ ਉੱਤਰ ਆਇਆ ਉਸ ਲਈ ਤਾਂ ਇਹ ਹੀ ਕਿਹਾ ਜਾ ਸਕਦਾ ਕਿ ਕ੍ਰੋਧ ਅਕਲ ਨੂੰ ਖਾ ਜਾਂਦਾ। ਸੋ, ਉਹੀ ਕੁਝ ਇਸ ਗਾਇਕ ਨਾਲ ਹੋਇਆ।

ਅੱਗੇ ਜਾਣ ਤੋਂ ਪਹਿਲਾਂ ਦਲਜੀਤ ਬਾਰੇ ਜਿੰਨਾ ਕੁ ਮੈਂ ਅੱਖੀਂ ਦੇਖਿਆ, ਤੁਹਾਡੇ ਨਾਲ ਸਾਂਝਾ ਕਰਨਾ ਚਾਹਾਂਗਾ। ਸੁਣਿਆ ਹੈ ਕਿ ਦਿਲਜੀਤ ਇੱਕ ਉੱਘੇ ਕੀਰਤਨੀਏ ਸਿੰਘ ਦਾ ਨੇੜੇ ਦਾ ਰਿਸ਼ਤੇਦਾਰ ਹੈ। ਕਈ ਸਾਲਾਂ ਤੋਂ ਬਹੁਤ ਸਾਰੇ ਹਿੱਟ ਗੀਤ ਗਾ ਚੁੱਕਿਆ ਹੈ। ਜਦੋਂ ਤੱਕ ਇਹ ਗਾਇਕ 'ਹਨੀ ਸਿੰਘ' ਨਾਮੀ ਸੰਗੀਤਕਾਰ ਦੇ ਸੰਪਰਕ 'ਚ ਨਹੀਂ ਆਇਆ ਸੀ, ਉਦੋਂ ਤੱਕ ਇਸ 'ਤੇ ਕੋਈ ਉਂਗਲ ਨਹੀਂ ਉੱਠੀ ਸੀ। ਪਰ 'ਦਿਲਜੀਤ' ਦਾ ਮੰਨਣਾ ਹੈ ਕਿ 'ਹਨੀ ਸਿੰਘ' ਨੇ ਉਸ ਦਾ ਦਾਇਰਾ ਵਿਸ਼ਾਲ ਕੀਤਾ ਹੈ। ਸੋ, ਉਹ ਉਸ ਦਾ ਦੇਣ ਨਹੀਂ ਦੇ ਸਕਦਾ। ਮੇਰੀ ਜਿੰਨੀ ਕੁ ਸਾਂਝ ਇਸ ਗਾਇਕ ਨਾਲ ਪਈ ਹੈ, ਉਹ ਵੀ ਸਾਂਝੀ ਕਰ ਲਵਾਂ। ਪਿਛਲੇ ਵਰ੍ਹੇ ਜਦੋਂ ਇਹ ਗਾਇਕ ਐਡੀਲੇਡ ਵਿੱਚ ਆਪਣਾ ਸ਼ੋਅ ਕਰਨ ਆਇਆ ਸੀ ਤਾਂ ਤਕਰੀਬਨ ਇੱਕ ਘੰਟਾ ਮੇਰੀ ਇਸ ਗਾਇਕ ਨਾਲ ਕਈ ਮੁੱਦਿਆਂ 'ਤੇ ਗੱਲ ਹੋਈ ਸੀ। ਗੱਲਬਾਤ ਤੋਂ ਬਾਅਦ ਇਹ ਇੱਕ ਸੁਲਝਿਆ ਹੋਇਆ ਮੁੰਡਾ ਜਾਪਿਆ। ਗੱਲਾਂ-ਬਾਤਾਂ ਦੌਰਾਨ ਸਮਾਜ ਪ੍ਰਤੀ ਕਾਫ਼ੀ ਚਿੰਤਤ ਲੱਗਿਆ। ਉਸ ਨੇ ਚੰਗਾ ਕੰਮ ਕਰਨ ਪ੍ਰਤੀ ਵਚਨਬੱਧਤਾ ਦਰਸਾਈ। ਮੈਂ ਵੀ ਆਪਣੇ ਦਿਲ ਦੀ ਇੱਕ ਗੱਲ ਇਸ ਨਾਲ ਸਾਂਝੀ ਕੀਤੀ ਕਿ ਜੋ ਅੱਜਕੱਲ੍ਹ ਨਵੀਂ ਪੀੜ੍ਹੀ ਵਿੱਚ ਫਿਰ ਤੋਂ ਪੱਗ ਬੰਨ੍ਹਣ ਦਾ ਰੁਝਾਨ ਵਧਿਆ ਹੈ, ਉਸ ਪਿੱਛੇ ਤੁਹਾਡੇ ਸਮੇਤ ਤੁਹਾਡੇ ਕੁਝ ਸਮਕਾਲੀ ਗਾਇਕਾਂ ਦਾ ਬਹੁਤ ਵੱਡਾ ਰੋਲ ਹੈ। ਸੋ, ਤੁਸੀਂ ਵਧਾਈ ਦੇ ਪਾਤਰ ਹੋ। ਪਰ ਅੱਜ ਇਸ ਕਲਾਕਾਰ ਵੱਲੋਂ ਕੈਮਰੇ ਮੂਹਰੇ ਸ਼ਰ੍ਹੇਆਮ ਇਹੋ ਜਿਹਾ ਵਤੀਰਾ ਕਰਦੇ ਦੇਖ ਕੇ ਬੜਾ ਅਜੀਬ ਲੱਗਿਆ ਕਿ ਜਾਂ ਤਾਂ ਮੈਂ ਇਸ ਇਨਸਾਨ ਨੂੰ ਪੜ੍ਹਨ 'ਚ ਨਾਕਾਮ ਰਿਹਾ ਜਾਂ ਫੇਰ ਹਾਥੀ ਦੇ ਦੰਦ ਦਿਖਾਉਣ ਦੇ ਹੋਰ ਤੇ ਖਾਣ ਦੇ ਹੋਰ ਵਾਲੀ ਗੱਲ ਹੋ ਸਕਦੀ ਹੈ।

'ਹਨੀ ਸਿੰਘ' ਦੇ ਮਾਮਲੇ 'ਚ ਤਾਂ ਮੈਂ ਸਿਰਫ਼ ਏਨਾ ਹੀ ਲਿਖਾਂਗਾ ਕਿ ਜੇ ਇਹ ਉਹ 'ਪੱਚੀ ਪਿੰਡਾਂ ਵਾਲਾ' 'ਹਨੀ ਸਿੰਘ' ਹੈ ਤਾਂ, ਮੈਂ ਆਪਣੀ ਜ਼ਿੰਦਗੀ 'ਚ ਕਦੇ ਵੀ ਇਹੋ ਜਿਹੇ ਇਨਸਾਨ ਦਾ ਮੂੰਹ

ਨਹੀਂ ਦੇਖਣਾ ਚਾਹਾਂਗਾ। ਖ਼ੁਦਾ ਨਾ ਖਾਸਤਾ ਕਦੇ ਸਾਹਮਣਾ ਹੋ ਗਿਆ ਤਾਂ ਫੇਰ ਰੱਬ ਜਾਣੇ ਸਾਡੇ ਅਮੀਰ ਸਭਿਆਚਾਰ ਦੇ ਇਸ ਕਾਤਲ ਨੂੰ ਕਿਵੇਂ ਮਾਫ਼ ਕਰਾਂਗਾ।

ਪਿਛਲੇ ਦਿਨੀਂ ਬਹੁਤ ਸਾਰੇ ਫੇਸਬੁੱਕੀਆਂ ਨੇ ਇਸ ਖ਼ਿਲਾਫ਼ ਇੱਕ ਮੁਹਿੰਮ ਵਿੱਢੀ ਹੈ। ਉਹ ਹੈ ਤਾਂ ਕਾਬਿਲ-ਏ-ਤਾਰੀਫ਼ ਪਰ ਨਿਧੜਕ ਨੌਜਵਾਨ ਲੇਖਕ ਸਵਰਨ ਸਿੰਘ ਟਹਿਣਾ ਹੋਰਾਂ ਨੇ ਆਪਣੇ ਇੱਕ ਲੇਖ 'ਚ ਇਸ ਮੁੱਦੇ ਨੂੰ ਚੁੱਕਿਆ ਸੀ। ਉਨ੍ਹਾਂ ਲਿਖਿਆ ਸੀ ਕਿ ਅਸੀਂ ਫੇਸਬੁੱਕ 'ਤੇ ਇੱਕ ਕਮੈਂਟ ਦੇ ਕੇ ਕੱਦੂ 'ਚ ਤੀਰ ਮਾਰਿਆ ਸਮਝ ਕੇ ਬਹਿ ਜਾਂਦੇ ਹਾਂ। ਉਨ੍ਹਾਂ ਸਹੀ ਗੱਲ ਕਹੀ ਹੈ ਕਿ ਚਾਰ ਅੱਖਰ ਲਿਖ ਕੇ ਇਸ ਬੁਰਾਈ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ ਇਸ ਲਈ ਪੂਰਾ ਮੋਰਚਾ ਚਲਾਉਣ ਦੀ ਲੋੜ ਹੈ।

ਸੋ, ਇਸੇ ਗੱਲ ਨੂੰ ਮੁੱਖ ਰੱਖਦਿਆਂ ਆਸਟ੍ਰੇਲੀਆ ਦੇ 24 ਘੰਟੇ ਚੱਲਣ ਵਾਲੇ ਪਹਿਲੇ ਪੰਜਾਬੀ ਰੇਡੀਓ 'ਹਰਮਨ ਰੇਡੀਓ' ਨੇ ਇਸ ਮਾਮਲੇ 'ਚ ਪਹਿਲ ਕਦਮੀ ਕੀਤੀ ਹੈ। ਹੁਣ ਤੱਕ ਇਸ ਦਾ ਚੰਗਾ ਹੁੰਗਾਰਾ ਵੀ ਮਿਲ ਰਿਹਾ ਹੈ। ਪਰ ਸੋਚਣ ਦੀ ਗੱਲ ਇਹ ਹੈ ਕਿ ਜਦੋਂ ਆਪਣੇ ਸੰਘਰਸ਼ ਅਤੇ ਸ਼ੁਰੂਆਤੀ ਦੌਰ 'ਚੋਂ ਲੰਘ ਰਿਹਾ ਇੱਕ ਰੇਡੀਓ ਅਦਾਰਾ ਇਹ ਕਦਮ ਚੁੱਕ ਸਕਦਾ ਹੈ, ਤਾਂ ਸਥਾਪਿਤ ਲੋਕ ਇਸ ਮੁਹਿੰਮ ਵਿਚ ਹਿੱਸਾ ਕਿਉਂ ਨਹੀਂ ਪਾ ਸਕਦੇ ? ਹੁਣ ਸੁਣ ਲਵੋ ਕਿ ਹਰਮਨ ਰੇਡੀਓ ਨੇ ਇਸ ਕੰਮ ਨੂੰ ਨੱਥ ਪਾਉਣ ਲਈ ਇਹੋ ਜਿਹਾ ਕੀ ਕਰ ਦਿੱਤਾ।

ਜਦੋਂ ਨਿੱਤ ਦਿਹਾੜੇ ਜਾਗਰੂਕ ਸਰੋਤਿਆਂ ਵੱਲੋਂ ਲੱਚਰਤਾ ਦੇ ਮੁੱਦੇ ਨੂੰ ਚੁੱਕਿਆ ਜਾਂਦਾ ਰਿਹਾ ਤਾਂ 'ਹਰਮਨ ਰੇਡੀਓ' ਨੇ ਆਪਣੇ ਸਹਿਯੋਗੀਆਂ ਨਾਲ ਇੱਕ ਮੀਟਿੰਗ ਕੀਤੀ। ਉਸ ਵਿੱਚ ਸਭ ਨੇ ਆਪਣਾ-ਆਪਣਾ ਨਜ਼ਰੀਆ ਰੱਖਿਆ ਕਿ ਇਸ ਕੰਮ 'ਚ ਰੇਡੀਓ ਕਿਸ ਤਰ੍ਹਾਂ ਯੋਗਦਾਨ ਪਾ ਸਕਦਾ ਹੈ। ਜ਼ਿਆਦਾਤਰ ਸਹਿਯੋਗੀਆਂ ਦਾ ਮੰਨਣਾ ਸੀ ਕਿ ਜਿਸ ਗਾਣੇ ਦੇ ਬੋਲਾਂ ਵਿੱਚ ਮਾਰ-ਧਾੜ ਜਾਂ ਅਸ਼ਲੀਲਤਾ ਆਉਂਦੀ ਹੈ, ਉਨ੍ਹਾਂ ਨੂੰ ਰੇਡੀਓ 'ਤੇ ਚਲਾਉਣਾ ਹੀ ਨਹੀਂ ਚਾਹੀਦਾ। ਪਰ ਇਹਨਾਂ ਗੱਲਾਂ ਨੂੰ ਚੁੱਪਚਾਪ ਸੁਣ ਰਹੇ ਰੇਡੀਓ ਦੇ ਡਾਇਰੈਕਟਰ 'ਅਮਨਦੀਪ ਸਿੱਧੂ' ਜ਼ਿਆਦਾ ਸੰਤੁਸ਼ਟ ਨਹੀਂ ਦਿਸੇ। ਉਹ ਕਹਿੰਦੇ ਇਸ ਨਾਲ ਅਸਲੀ ਸਮੱਸਿਆ ਦਾ ਹੱਲ ਨਹੀਂ ਹੋਣ ਵਾਲਾ, ਕਿਉਂਕਿ ਇੱਕ ਅਦਾਰੇ ਵੱਲੋਂ ਇਹੋ ਜਿਹਾ ਕਰਨ ਨਾਲ ਇਹਨਾਂ ਲੋਕਾਂ ਨੂੰ ਕੋਈ ਫ਼ਰਕ ਨਹੀਂ ਪੈਣ ਲੱਗਿਆ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਹਾਡੀ ਇਸ ਵਿਚ ਕੀ ਰਾਏ ਹੈ ਤਾਂ ਉਹ ਕਹਿੰਦੇ; "ਭਾਅ ਜੀ ! ਮੈਂ ਚਾਹੁੰਦਾ ਕਿ ਇਹਨਾਂ ਦੇ ਤੀਰਾਂ ਦਾ ਮੂੰਹ ਇਹਨਾਂ ਵੱਲ ਹੀ ਕਰ ਦੇਈਏ। ਤਾਂ ਕਿ ਜਿੰਨੇ ਵਾਰ ਇਹ ਸਾਡੇ ਸਭਿਆਚਾਰ 'ਤੇ ਕਰ ਰਹੇ ਹਨ, ਉਹ ਸਾਰੇ ਇਹਨਾਂ ਨੂੰ ਆਪਣੀ ਹਿੱਕ 'ਤੇ ਝੱਲਣੇ ਪੈਣ। ਇੱਕ ਹੋਰ ਵੱਡੀ ਸਚਾਈ ਇਹ ਹੈ ਕਿ ਇਸ ਕੰਮ 'ਚ ਸਰੋਤੇ ਜੋ ਇਹਨਾਂ ਦੇ ਗਾਣਿਆਂ ਦੀ ਫ਼ਰਮਾਇਸ਼ ਕਰਦੇ ਹਨ, ਬਰਾਬਰ ਦੇ ਗੁਨਾਹਗਾਰ ਹਨ। ਜੋ ਵਿਚਾਰ ਮੇਰੇ ਮਨ 'ਚ ਹੈ, ਉਸ ਨਾਲ ਇਹਨਾਂ ਦੋਹਾਂ ਧਿਰਾਂ ਨੂੰ ਸ਼ਰਮ ਝੱਲਣੀ ਪੈਣੀ ਹੈ।"

ਮੇਰੀ ਉਤਸੁਕਤਾ ਵੱਧ ਗਈ ਕਿ ਸਿੱਧੂ ਸਾਹਿਬ ਆਪਣੇ ਤਰਕਸ਼ 'ਚ ਇਹੋ ਜਿਹਾ ਕਿਹੜਾ ਬ੍ਰਹਮ ਅਸਤਰ ਪਾਈ ਬੈਠੇ ਹਨ ! ਉਨ੍ਹਾਂ ਜੋ ਸੁਝਾਅ ਦਿੱਤਾ ਉਹ ਸਭ ਦੇ ਸੀਨੇ ਵੱਜਿਆ। ਜਿਸ ਤਹਿਤ ਇਹ ਫ਼ੈਸਲਾ ਲਿਆ ਗਿਆ ਕਿ ਦੋ ਕਿਸਮ ਦੀਆਂ ਚੇਤਾਵਨੀਆਂ ਬਣਾਈਆਂ ਜਾਣ। ਜਿਨ੍ਹਾਂ ਵਿਚ ਇੱਕ ਮਾਰ ਧਾੜ ਤੇ ਹਿੰਸਕ ਵਿਸ਼ੇ ਪ੍ਰਤੀ ਚੇਤਾਵਨੀ ਹੋਵੇ ਤੇ ਦੂਜੀ ਲੱਚਰਤਾ ਪ੍ਰਤੀ। ਜਦੋਂ ਵੀ ਕੋਈ ਸਰੋਤਾ ਇਹੋ ਜਿਹੇ ਗੀਤ ਦੀ ਫ਼ਰਮਾਇਸ਼ ਕਰੇ ਤਾਂ ਗੀਤ ਤੋਂ ਪਹਿਲਾਂ ਇਹ ਚੇਤਾਵਨੀ ਚਲੇ ਕਿ ''ਹੁਣ ਚੱਲਣ ਵਾਲੇ ਗੀਤ ਵਿਚ ਅਸੱਭਿਅਕ ਵਿਸ਼ੇ ਜਾਂ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ, ਸਰੋਤਿਆਂ ਨੂੰ

ਪ੍ਰੇਸ਼ਾਨੀ ਹੋ ਸਕਦੀ ਹੈ।'' ਜਾਂ ''ਹੁਣ ਚੱਲਣ ਵਾਲੇ ਗੀਤ ਵਿੱਚ ਮਾਰ ਧਾੜ ਜਾਂ ਹਿੰਸਕ ਵਿਸ਼ਾ ਹੈ, ਸਰੋਤਿਆਂ ਨੂੰ ਪ੍ਰੇਸ਼ਾਨੀ ਹੋ ਸਕਦੀ ਹੈ।'' ਉਮੀਦ ਹੈ ਇਸ ਚੇਤਾਵਨੀ ਨਾਲ ਸੂਝਵਾਨ ਸਰੋਤੇ ਆਪਣੇ ਰੇਡੀਓ ਦੀ ਆਵਾਜ਼ ਘੱਟ ਕਰ ਲੈਣਗੇ, ਤਾਂ ਕਿ ਆਪਣੇ ਸੱਭਿਆਚਾਰ ਨੂੰ ਬਚਾਇਆ ਜਾ ਸਕੇ।

ਇਹੋ ਜਿਹੀ ਚੇਤਾਵਨੀ ਸੁਣਨ ਤੋਂ ਬਾਅਦ ਮੈਨੂੰ ਨਹੀਂ ਲੱਗਦਾ ਕੋਈ ਸੂਝਵਾਨ ਸਰੋਤਾ ਦੁਬਾਰਾ ਉਸ ਗਾਣੇ ਦੀ ਫ਼ਰਮਾਇਸ਼ ਕਰੇਗਾ।ਹਾਂ ! ਵਿਰਸੇ ਦਾ ਘਾਣ ਕਰਕੇ ਆਪਣੀਆਂ ਜੇਬਾਂ ਭਰਨ ਵਾਲਿਆਂ ਨੂੰ ਸ਼ਾਇਦ ਇਹ ਚੇਤਾਵਨੀ ਗੀਤ ਨਾਲੋਂ ਵੀ ਹਿੰਸਕ ਜਾਂ ਲੱਚਰ ਲੱਗੇ। ਹੁਣ ਸੋਚਣ ਦੀ ਗੱਲ ਇਹ ਹੈ ਕਿ ਹਰਮਨ ਰੇਡੀਓ ਨੇ ਤਾਂ ਇਹ ਰੀਤ ਚੜ੍ਹਦੇ ਸਾਲ ਤੋਂ ਸ਼ੁਰੂ ਕਰ ਦੇਣੀ ਹੈ।ਪਰ ਕੀ ਇਹ ਦੂਜੇ ਅਦਾਰੇ ਵੀ ਇਸ ਨੂੰ ਲਾਗੂ ਕਰਨ 'ਚ ਦਿਲਚਸਪੀ ਦਿਖਾਉਣਗੇ ਕਿ ਸਿਰਫ਼ ਚਾਰ ਛਿੱਲੜਾਂ ਲਈ ਆਪਣੇ ਅਮੀਰ ਵਿਰਸੇ 'ਚ ਇਹ ਗਾਲੀ ਗਲੋਚ ਦੇ ਦੌਰ ਨੂੰ ਹੱਲਾਸ਼ੇਰੀ ਦੇਣਗੇ !

ਗੱਲ ਮੋੜ ਕੇ ਫੇਸਬੁੱਕ ਦੇ ਡਾਕੀਆਂ 'ਤੇ ਲੈ ਕੇ ਆਉਂਦੇ ਹਾਂ। ਦੋਸਤੋ ! ਇਹ ਜਿਹੜਾ ਰੁਝਾਨ ਚੱਲਿਆ ਹੈ, ਇਸ ਬਾਰੇ ਜੇ ਇੰਞ ਕਹਿ ਲਈਏ ਕਿ ਵਕਤ ਨੇ ਹਰ ਬੰਦੇ ਦੇ ਹੱਥ ਇੱਕ ਇਹੋ ਜਿਹੀ ਤਾਕਤ ਦੇ ਦਿੱਤੀ ਹੈ, ਜਿਸ ਨਾਲ ਘੱਟੋ-ਘੱਟ ਅਸੀਂ ਆਪਣੇ ਅਧਿਕਾਰਾਂ ਦੀ ਰਾਖੀ ਕਰ ਸਕਦੇ ਹਾਂ। ਬਸ਼ਰਤੇ, ਇਸ ਦੀ ਵਰਤੋਂ ਉਸਾਰੂ ਸੋਚ ਨਾਲ ਤੇ ਚੰਗੇ ਕਾਰਜਾਂ ਲਈ ਕੀਤੀ ਜਾਵੇ। ਨਾ ਕੀ ਲੱਚਰਤਾ ਫੈਲਾਉਣ ਲਈ ਜਾਂ ਫੇਰ ਇੱਕ ਦੂਜੇ ਨਾਲ ਕਿੜ ਕੱਢਣ ਲਈ। ਪਰ ਅਫ਼ਸੋਸ ! ਇਹੋ ਜਿਹਾ ਹੋ ਬਹੁਤ ਘੱਟ ਰਿਹਾ ਹੈ। ਮੇਰੇ ਇੱਕ ਕਲਮੀ ਮਿੱਤਰ 'ਗਿੰਨੀ ਸਾਗੂ' ਦੇ ਕਹਿਣ ਵਾਂਗ ਬਾਈ ਜੀ ਫੇਸਬੁੱਕ ਟੁੱਚ-ਘੜੁੱਚ ਸ਼ਾਇਰੀ, ਲੱਚਰ ਗੀਤ, ਗੰਦੀਆਂ ਫ਼ੋਟੋਆਂ, ਅਸ਼ਲੀਲ ਵੀਡੀਓ ਦਾ ਅੱਡਾ ਬਣ ਕੇ ਰਹਿ ਗਈ ਹੈ।ਗੱਲ ਹੈ ਵੀ ਸੌ ਫ਼ੀਸਦੀ ਸੱਚੀ।ਅੱਜਕੱਲ੍ਹ ਤਾਂ ਇਹ ਲੜਾਈ ਦਾ ਅੱਡਾ ਵੀ ਬਣ ਗਈ ਹੈ।

ਹੋਰ ਤਾਂ ਹੋਰ ਅੱਜਕੱਲ੍ਹ ਜੋ ਵਾਇਰਸ ਦਾ ਹਮਲਾ ਫੇਸਬੁੱਕ 'ਤੇ ਹੋ ਰਿਹਾ ਉਹ ਸਭ ਤੋਂ ਹੀ ਸ਼ਰਮਸਾਰ ਹੈ। ਜਦੋਂ ਮਰਜ਼ੀ ਆਪਣਾ ਅਕਾਊਂਟ ਖੋਲ੍ਹੋ, ਮੂਹਰੇ ਪੰਜ-ਚਾਰ ਇਹੋ ਜਿਹੀਆਂ ਪੋਸਟਾਂ ਤੁਹਾਡੀ ਵਾਲ 'ਤੇ ਪੋਸਟ ਕੀਤੀਆਂ ਪਈਆਂ ਹੋਣ ਗਈਆਂ ਜਿੰਨਾਂ ਨੂੰ ਦੇਖ ਕੇ ਛੇਤੀ ਛੇਤੀ ਲੈਪਟਾਪ ਦਾ ਮੂੰਹ ਕੰਧ ਵੱਲ ਕਰਨਾ ਪੈਂਦਾ ਹੈ, ਖੌਰੇ ਕੋਈ ਦੇਖ ਹੀ ਨਾ ਲਵੇ। ਇਸ ਵਿਚਲੀ ਇੱਕ ਹੋਰ ਸਚਾਈ ਨੂੰ ਵੀ ਸਾਂਝਾ ਕਰ ਹੀ ਲਈਏ।ਜਦੋਂ ਕਿਸੇ ਮੇਰੇ ਮਿੱਤਰ ਦੇ ਖਾਤੇ 'ਚੋਂ ਇਹ ਅਸ਼ਲੀਲ ਪੋਸਟਾਂ ਆਉਂਦੀਆਂ ਹਨ ਤਾਂ ਉਹ ਮਿੱਤਰ ਦੂਜਿਆਂ ਤੋਂ ਮਾਫ਼ੀ ਮੰਗਦਾ ਹੈ ਕਿ ਮੇਰੇ ਖਾਤੇ 'ਚੋਂ ਜੋ ਗ਼ਲਤ ਪੋਸਟਾਂ ਹੋ ਰਹੀਆਂ ਹਨ ਉਸ 'ਚ ਮੇਰਾ ਕਸੂਰ ਨਹੀਂ ਹੈ ।ਇਹ ਸਭ ਕੁਝ ਖ਼ੁਦ ਹੀ ਹੋਈ ਜਾਂਦਾ ਹੈ।ਪਰ ਸੱਚ ਇਹ ਹੁੰਦਾ ਹੈ ਕਿ ਅਣਜਾਣਪੁਣੇ ਵਿੱਚ ਕਈ ਵਾਰ ਸਾਡਾ ਮਨ ਲਲਚਾ ਜਾਂਦਾ ਤੇ ਅਸੀਂ ਵੇਲੇ-ਕੁਵੇਲੇ ਪਰਦੇ ਨਾਲ ਦੁਨੀਆਂ ਤੋਂ ਅੱਖ ਬਚਾ ਕੇ ਉਸ ਅਸ਼ਲੀਲ ਤਸਵੀਰ ਜਾਂ ਵੀਡੀਓ ਤੇ ਕਲਿੱਕ ਕਰ ਬਹਿੰਦੇ ਹਾਂ। ਬੱਸ ਇਹੀ ਗੁਸਤਾਖ਼ੀ ਫੇਰ ਸਾਨੂੰ ਥਾਂ-ਥਾਂ ਜ਼ਲੀਲ ਕਰਦੀ ਹੈ।

ਫੇਸ ਬੁੱਕ ਦੇ ਡਾਕੀਆਂ ਦੀ ਨਿੰਦਿਆ ਤਾਂ ਬਹੁਤ ਹੋ ਗਈ। ਆਓ, ਹੁਣ ਇਸ ਦਾ ਚੰਗਾ ਪੱਖ ਵੀ ਦੇਖ ਲਈਏ।ਚੰਗੀ ਸੋਚ ਵਾਲੇ ਬੰਦੇ ਅੱਜ ਵੀ ਇਸ ਸਾਧਨ ਦੀ ਵਰਤੋਂ ਬੜੇ ਸੁਚੱਜੇ ਢੰਗ ਨਾਲ ਕਰ ਰਹੇ ਹਨ। ਜਿਨ੍ਹਾਂ ਵਿੱਚੋਂ ਮੈਂ ਇਨਸਾਨੀਅਤ ਗਰੁੱਪ ਦੀ ਗੱਲ ਕਰਨੀ ਚਾਹਾਂਗਾ। ਇਸ ਗਰੁੱਪ ਦੇ ਤਹਿਤ ਦੁਨੀਆ ਭਰ ਦੇ ਜਾਗਰੂਕ ਸੱਜਣ ਲੋੜਵੰਦਾਂ ਦੀ ਮਦਦ ਕਰ ਕੇ ਇਨਸਾਨੀਅਤ ਦੀ ਸੇਵਾ ਕਰ ਰਹੇ ਹਨ। ਇਹ ਗਰੁੱਪ ਹੁਣ ਤੱਕ ਬਹੁਤ ਸਾਰੇ ਲੋਕਾਂ ਦੀ ਮੱਦਦ ਕਰ ਚੁੱਕਿਆ ਹੈ। ਇਸ ਗਰੁੱਪ

ਵਿਚ ਪੰਜਾਬੀ ਨਿਊਜ਼ ਆਨਲਾਈਨ ਦੇ ਚੀਫ਼ ਐਡੀਟਰ ਸੁਖਨੈਬ ਸਿੰਘ ਸਿੱਧੂ, ਕੈਨੇਡਾ ਤੋਂ ਗੁਰਮੁਖ ਸਿੰਘ ਭੁੱਟੀ, ਦੁਬਈ ਤੋਂ ਖੀਵਾ ਮਾਹੀ ਅਤੇ ਹੋਰ ਬਹੁਤ ਸਾਰੇ ਮਿੱਤਰ ਹਰ ਵਕਤ ਮਦਦ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਬਹੁਤ ਸਾਰੇ ਉੱਦਮੀ ਪੰਜਾਬੀ ਮਾਂ ਬੋਲੀ ਦੇ ਫੈਲਾਓ ਲਈ ਇਸ ਸਾਧਨ ਦੀ ਵਰਤੋਂ ਕਰ ਕੇ ਮਾਂ ਬੋਲੀ ਦੀ ਅਸਲੀ ਸੇਵਾ ਕਰ ਰਹੇ ਹਨ। ਕਈ ਲੋਕ ਸਮਾਜ 'ਚ ਫੈਲ ਚੁੱਕੀਆਂ ਬੁਰਾਈਆਂ ਨਾਲ ਦੋ-ਦੋ ਹੱਥ ਕਰ ਰਹੇ ਹਨ। ਕਈ ਅਖੌਤੀ ਗਾਇਕਾਂ ਤੇ ਅਖੌਤੀ ਸਾਧਾਂ ਨੂੰ ਨੱਥ ਪਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਕੁਝ ਮੇਰੇ ਵੀਰ ਪੰਜਾਬੀ ਵਿੱਚ ਹਾਇਕੂ ਵਿਧੀ ਨੂੰ ਦੁਨੀਆਂ ਤੱਕ ਪਹੁੰਚਾਉਣ 'ਚ ਯਤਨਸ਼ੀਲ ਹਨ। ਸੋ, ਮੁੱਕਦੀ ਗੱਲ ਇਹ ਹੈ ਕਿ ਚੰਗੇ ਕੰਮ ਕਰਨ ਵਾਲਿਆਂ ਦਾ ਵੀ ਤੋੜਾ ਨਹੀਂ। ਪਰ ਪਤਾ ਨਹੀਂ ਕਿਉਂ ਮਾੜੇ ਕੰਮ ਵਾਲਿਆਂ ਦੀ ਬਹੁਤਾਤ ਹੈ।

ਪਰ ਜੇ ਹੁਣ ਪੰਜਾਬੀਆਂ ਦੀ ਅਣਖ ਦੀ ਗੱਲ ਕਰੀਏ ਤਾਂ ਇਤਿਹਾਸ ਕਹਿੰਦਾ ਹੈ ਕਿ ਅਸੀਂ ਪਹਿਲਾਂ ਵਾਰ ਕਰਦੇ ਨਹੀਂ, ਪਰ ਜੇ ਕੋਈ ਵਾਰ ਕਰਦਾ ਤਾਂ ਸਾਨੂੰ ਉਸ ਦਾ ਮੂੰਹ ਤੋੜ ਜਵਾਬ ਦੇਣਾ ਵੀ ਆਉਂਦਾ ਹੈ। ਬੱਸ ਲੋੜ ਹੈ, ਇੱਕ ਜੁੱਟਤਾ ਦਿਖਾਉਣ ਦੀ। ਹੁਣ ਜਦੋਂ ਇੱਕ ਗਾਇਕ ਨੇ ਆਪਣੀ ਲੱਚਰਤਾ ਫੈਲਾਉਣ ਲਈ ਸਾਨੂੰ ਸਭਨਾਂ ਨੂੰ ਫੇਸਬੁੱਕ ਦੇ ਡਾਕੀਆਂ ਦਾ ਦਰਜਾ ਦੇ ਹੀ ਦਿੱਤਾ ਹੈ, ਤਾਂ ਆਓ ਸਾਰੇ ਰਲ ਕੇ ਦਿਖਾ ਦੇਈਏ ਕਿ 'ਡਾਕੀਆ' ਜਿਸ ਨੂੰ ਸਾਡੇ ਸਮਾਜ ਨੇ 'ਵਿਚਾਰੇ' ਦੀ ਪਰਿਭਾਸ਼ਾ ਦੇ ਰੱਖੀ ਹੈ, ਉਸ ਵਿੱਚ ਅਸਲ ਵਿਚ ਕਿੰਨੀ ਤਾਕਤ ਹੁੰਦੀ ਹੈ। ਨਾਲੇ ਉਹ ਦਿਨ ਗਏ ਹੁਣ ਜਦੋਂ ਇਬਰਾਹੀਮ ਲਿੰਕਨ ਦੇ ਮਰਨ ਦੀ ਖ਼ਬਰ ਅਮਰੀਕਾ ਤੋਂ ਇੰਗਲੈਂਡ ਤੱਕ ਛੇ ਮਹੀਨਿਆਂ 'ਚ ਪਹੁੰਚੀ ਸੀ। ਅੱਜ ਤਾਂ ਆਧੁਨਿਕਤਾ ਨਾਲ ਲੈਸ ਡਾਕੀਆ ਜੇ ਆਪਣੀ ਆਈ ਤੇ ਆ ਜਾਵੇ ਤਾਂ ਇੱਕ ਅੱਧਾ ਗਾਇਕ ਤਾਂ ਕਿ ਮਾਂ ਬੋਲੀ ਦਾ ਘਾਣ ਕਰਨ ਵਾਲਿਆਂ ਨੂੰ ਹੀ ਲੁਕਣ ਦੀ ਥਾਂ ਨਹੀਂ ਥਿਆਉਣੀ।

ਜਾਂਦੇ-ਜਾਂਦੇ ਹੋਰ ਸੁਣ ਲਵੋ ਅੱਜਕੱਲ੍ਹ ਸਾਡਾ ਨੌਜਵਾਨ ਵਰਗ ਇਹਨਾਂ ਅਖੌਤੀ ਗਾਇਕਾਂ ਨੂੰ ਆਪਣੇ ਰੋਲ ਮਾਡਲ ਬਣਾ ਲੈਂਦਾ ਹੈ, ਕਿਉਂਕਿ ਉਨ੍ਹਾਂ ਨੂੰ ਇਹਨਾਂ ਦੀ ਬਾਹਰੀ ਦਿੱਖ ਆਪਣੇ ਵੱਲ ਖਿੱਚਦੀ ਹੈ। ਪਰ ਅਸਲੀਅਤ ਕੁਝ ਹੋਰ ਹੁੰਦੀ ਹੈ। ਉਦਾਹਰਨ ਦੇ ਤੌਰ 'ਤੇ ਪਿਛਲੇ ਦਿਨੀਂ ਅਖ਼ਬਾਰ 'ਚ ਇੱਕ ਖ਼ਬਰ ਛਪੀ ਸੀ। "ਹੱਥ ਕੋਈ ਨਹੀਂ ਪਾਉਂਦਾ ਸਾਨੂੰ ਖੁੱਲ੍ਹੇ ਸ਼ੇਰਾਂ ਨੂੰ" ਨਾਂ ਦਾ ਇੱਕ ਗੀਤ ਗਾਉਣ ਵਾਲਾ ਗਾਇਕ ਬੇਨਤੀ ਕਰ ਰਿਹਾ ਸੀ ਕਿ ਮੇਰੀ ਜਾਨ ਨੂੰ ਖ਼ਤਰਾ ਹੈ, ਇਸ ਲਈ ਅੱਜਕੱਲ੍ਹ ਡਰਦਾ ਮਾਰਿਆ ਮੈਂ ਘਰੋਂ ਬਾਹਰ ਨਹੀਂ ਨਿਕਲਦਾ। ਬਾਕੀ ਤੁਸੀਂ ਆਪ ਸਿਆਣੇ ਹੋ। ਮੇਰੀ ਤਾਂ ਜਿੰਨੀ ਕੁ ਮੱਤ ਸੀ ਉਨ੍ਹੀਂ ਕੁ ਗੱਲ ਕਰ ਦਿੱਤੀ ਹੁਣ ਫ਼ੈਸਲਾ ਤੁਹਾਡੇ ਹੱਥ ਹੈ।

****

# ਗੁਰਦਾਸ ਮਾਨ ਨੂੰ ਮਿਲੀ ਡਾਕਟਰੇਟ ਦੀ ਉਪਾਧੀ ਨਾਲ ਗੁਰਦਾਸ ਮਾਨ ਤੇ ਪੰਜਾਬੀਆਂ ਦਾ ਸਿਰ ਝੁਕਿਆ

ਸੰਨ 2010 ਦੇ ਸ਼ੁਰੂ 'ਚ ਜਦੋਂ ਇੰਗਲੈਂਡ ਦੀ ਇੱਕ ਯੂਨੀਵਰਸਿਟੀ ਨੇ ਪੰਜਾਬੀਆਂ ਦੇ ਮਾਨ ਗੁਰਦਾਸ ਮਾਨ ਨੂੰ ਡਾਕਟਰੇਟ ਦੀ ਉਪਾਧੀ ਦੇਣ ਦਾ ਐਲਾਨ ਕੀਤਾ ਤਾਂ ਚਿਰਾਂ ਤੋਂ ਮੇਰੇ ਮਨ 'ਚ ਉੱਠ ਰਹੇ ਸਵਾਲ ਕਿ ਸਰਕਾਰੇ-ਦਰਬਾਰੇ ਗੁਰਦਾਸ ਮਾਨ ਨੂੰ ਕਦੋਂ ਮਾਨਤਾ ਮਿਲੇਗੀ, ਨੂੰ ਹੋਰ ਮੋੜ ਮਿਲ ਗਿਆ ਕਿਉਂਕਿ ਮੇਰੀ ਸੋਚ ਨੇ ਕਦੇ ਇਹ ਪੱਖ ਨਹੀਂ ਸੀ ਸੋਚਿਆ ਕਿ ਗੁਰਦਾਸ ਮਾਨ ਦੀ ਕਦਰ ਬੇਗਾਨੀ ਬੋਲੀ ਦੇ ਲੋਕ ਪਾਉਣਗੇ। ਭਾਵੇਂ ਇਸ ਤੋਂ ਬਿਨਾਂ ਵੀ ਮਾਨ ਦਾ ਮਾਣ ਕੋਈ ਘੱਟ ਨਹੀਂ ਹੈ। ਪਰ ਸੋਚਣ ਦੀ ਗੱਲ ਇਹ ਹੈ ਕਿ ਜਦੋਂ ਵਿਦੇਸ਼ੀ ਲੋਕਾਂ ਨੇ ਇਸ ਗੱਲ ਨੂੰ ਮਹਿਸੂਸ ਕਰ ਲਿਆ ਹੈ ਪਰ ਫੇਰ ਵੀ ਸਾਡੀਆਂ ਸਰਕਾਰਾਂ ਨੂੰ ਜਾਗ ਕਿਉਂ ਨਹੀਂ ਆਈ। ਬੱਸ ਇਸੇ ਗੱਲ ਦੀ ਆੜ 'ਚ ਮੈਂ ਕੁਝ ਆਪਣੀਆਂ ਪੁਰਾਣੀਆਂ ਯਾਦਾਂ ਤੁਹਾਡੇ ਨਾਲ ਸਾਂਝੀਆ ਕਰ ਗਿਆ।




ਡਾਕਟਰ ਗੁਰਦਾਸ ਮਾਨ ਨਾਲ ਲੇਖਕ




ਆਸਟ੍ਰੇਲੀਆ ਦੇ ਉੱਘੇ ਆਰਟਿਸਟ ਡੈਨੀਅਲ ਕੋਨਲ ਨਾਲ ਉਨ੍ਹਾਂ ਦੀ ਵਰਕਸ਼ਾਪ ਚ ਲੇਖਕ

# ਗੁਰਦਾਸ ਮਾਨ ਨੂੰ ਮਿਲੀ ਡਾਕਟਰੇਟ ਦੀ ਉਪਾਧੀ ਨਾਲ ਗੁਰਦਾਸ ਮਾਨ ਤੇ ਪੰਜਾਬੀਆਂ ਦਾ ਸਿਰ ਝੁਕਿਆ

ਉਮੀਦ ਹੈ ਕਿ ਅੱਜ ਦੀ ਇਸ ਖ਼ਬਰ ਨਾਲ ਗੁਰਦਾਸ ਮਾਨ ਅਤੇ ਪੰਜਾਬੀਆਂ ਦਾ ਸਿਰ ਹੋਰ ਝੁਕੇਗਾ। ਹੁਣ ਤੁਸੀਂ ਕਹੋਗੇ ਕਿ ਭਲਾ ਸਨਮਾਨ ਮਿਲਣ ਨਾਲ ਕਦੇ ਸਿਰ ਝੁਕਦੇ ਹੁੰਦੇ ਨੇ ? ਸਨਮਾਨ ਨਾਲ਼ ਤਾਂ ਸਿਰ ਫ਼ਖ਼ਰ ਨਾਲ ਉਠਦੇ ਹੁੰਦੇ ਹਨ। ਦੋਸਤੋ ! ਤੁਸੀਂ ਵੀ ਸੱਚੇ ਹੋ ਪਰ ਗੁਰਦਾਸ ਮਾਨ ਨੂੰ ਨੇੜੇ ਤੋਂ ਜਾਨਣ ਵਾਲੇ ਜਾਣਦੇ ਹਨ ਕਿ ਉਹ ਉਸ ਰੁੱਖ ਵਰਗਾ ਇਨਸਾਨ ਹੈ ਜਿਸ ਨੂੰ ਜਿਵੇਂ-ਜਿਵੇਂ ਫਲ ਪਈ ਜਾਂਦਾ, ਉਹ ਉਵੇਂ-ਉਵੇਂ ਹੋਰ ਝੁਕੀ ਜਾਂਦਾ ਹੈ। ਰਹੀ ਗੱਲ ਪੰਜਾਬੀਆਂ ਦੇ ਸਿਰ ਨੀਵੇਂ ਹੋਣ ਦੀ ਤਾਂ ਇਸ ਵਿੱਚ ਦੋ-ਰਾਏ ਹੋਣੀ ਹੀ ਨਹੀਂ ਚਾਹੀਦੀ ਕਿ ਗੁਰਦਾਸ ਮਾਨ ਨੇ ਮਾਣ ਵਧਾਇਆ ਪੰਜਾਬੀਅਤ ਦਾ ਤੇ ਉਸ ਦਾ ਮਾਣ ਕਰ ਰਹੀ ਹੈ ਇਕ ਵਿਦੇਸ਼ੀ ਯੂਨੀਵਰਸਿਟੀ !

'ਚਿਰਾਂ ਤੋਂ' ਉਡੀਕੀ ਜਾ ਰਹੀ ਇਹ ਖ਼ਬਰ ਆਖਿਰ ਅੱਜ ਸਾਹਮਣੇ ਆ ਹੀ ਗਈ, ਜਦੋਂ ਇਕ ਵਿਦੇਸ਼ੀ ਯੂਨੀਵਰਸਿਟੀ ਨੇ ਗੁਰਦਾਸ ਮਾਨ ਦੀ ਹੁਣ ਤੱਕ ਦੀ ਘਾਲਣਾ ਦਾ ਮੁੱਲ ਪਾ ਕੇ ਉਸ ਨੂੰ ਡਾਕਟਰੇਟ ਦੀ ਉਪਾਧੀ ਨਾਲ ਸਨਮਾਨ ਦੇਣ ਦਾ ਐਲਾਨ ਕਰ ਦਿੱਤਾ। ਮੇਰਾ ਇੱਥੇ 'ਚਿਰਾਂ ਤੋਂ' ਲਿਖਣ ਦਾ ਮਕਸਦ ਇਹ ਹੈ ਕਿ ਹਰ ਕੋਈ ਇਹੀ ਸੋਚਦਾ ਸੀ ਕਿ ਪਤਾ ਨਹੀ ਗੁਰਦਾਸ ਮਾਨ ਨੂੰ ਆਪਣੇ ਆਪ ਨੂੰ ਸਾਬਤ ਕਰਨ ਲਈ ਹਾਲੇ ਹੋਰ ਕੀ ਕਰਨਾ ਪਵੇਗਾ ? ਕਿਉਂ ਨਹੀਂ ਕੋਈ ਉਸ ਦੀ ਤੀਹਾਂ ਵਰ੍ਹਿਆਂ ਦੀ ਮਿਹਨਤ ਦਾ ਮੁੱਲ ਪਾ ਰਿਹਾ ? ਭਾਵੇਂ ਗੁਰਦਾਸ ਮਾਨ ਆਪਣੇ ਸਰੋਤਿਆਂ ਦੇ ਪਿਆਰ ਤੋਂ ਵੱਡੀ ਕੋਈ ਉਪਾਧੀ ਆਪਣੇ ਲਈ ਨਹੀਂ ਮੰਨਦਾ। ਭਾਵੇਂ ਅਣਗਿਣਤ ਸਰੋਤਿਆਂ ਦਾ ਪਿਆਰ ਉਸ ਨੂੰ ਮਿਲ ਰਿਹਾ ਹੋਵੇ, ਫਿਰ ਵੀ ਦੁਨੀਆਦਾਰੀ ਦੀ ਇਕ ਰੀਤ ਰਹੀ ਹੈ ਕਿ ਜੇ ਕੋਈ ਥੋੜ੍ਹਾ ਬਹੁਤ ਵੀ ਕੁਝ ਚੰਗਾ ਕਰਦਾ ਹੈ ਤਾਂ ਉਸ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ। ਪਰ ਗੁਰਦਾਸ ਮਾਨ ਦੇ ਮਾਮਲੇ ਵਿੱਚ ਪਤਾ ਨਹੀਂ ਕਿਉਂ ਅਸੀਂ ਸਾਲਾਂ ਤੋਂ ਅੱਖਾਂ ਮੀਟੀ ਬੈਠੇ ਹਾਂ ?

ਹਰ ਗੱਲ ਦੇ ਦੋ ਪਹਿਲੂ ਹੁੰਦੇ ਹਨ। ਕੁੱਝ ਲੋਕ ਇਕ ਪਹਿਲੂ ਦਾ ਸਾਥ ਦਿੰਦੇ ਹਨ ਤੇ ਕੁੱਝ ਦੂਜੇ ਦਾ। ਪਰ ਗੁਰਦਾਸ ਮਾਨ ਦੇ ਮਾਮਲੇ ਵਿੱਚ ਜ਼ਿਆਦਾਤਰ ਲੋਕ ਹਾਂ ਪੱਖੀ ਹੀ ਹਨ, ਕਿਉਂ ਜੋ ਉਸ ਨੇ ਆਪਣੇ ਇਸ ਲੰਮੇ ਦੌਰ ਵਿੱਚ ਪੰਜਾਬੀ ਮਾਂ ਬੋਲੀ ਨੂੰ ਦਾਇਰਿਆਂ ਵਿਚੋਂ ਕੱਢ ਕੇ ਬਹੁਤ ਉੱਚੇ ਮੁਕਾਮ ਤੇ ਪਹੁੰਚਾਇਆ ਹੈ। ਇਸ ਕੰਮ ਵਿੱਚ ਉਸ ਨੇ ਕਦੇ ਸਸਤੀ ਸ਼ੋਹਰਤ ਦਾ ਸਹਾਰਾ ਨਹੀਂ ਲਿਆ। ਲੋਕਾਂ ਦਾ ਮੰਨਣਾ ਹੈ ਕਿ ਅੱਜ ਨਹੀਂ, 10 ਵਰ੍ਹੇ ਪਹਿਲਾਂ ਹੀ ਉਹ ਡਾਕਟਰੇਟ ਦੀ ਤੇ ਪੰਜ ਵਰ੍ਹੇ ਪਹਿਲਾਂ ਹੀ ਉਹ ਪਦਮ ਸ਼੍ਰੀ ਜਿਹੇ ਵਿਕਾਰੀ ਐਵਾਰਡ ਦਾ ਹੱਕਦਾਰ ਸੀ। ਪਰ ਸਾਡੀਆਂ ਸਮੇਂ ਦੀਆਂ ਸਰਕਾਰਾਂ ਨੂੰ ਹੋਰ ਤਾਂ ਬਹੁਤ ਕੁਝ ਦਿਸਦਾ ਰਿਹਾ ਪਰ ਕਦੇ ਗੁਰਦਾਸ ਮਾਨ ਨਹੀਂ ਦਿਸਿਆ ਪਤਾ ਨਹੀਂ ਕਿਉਂ ?

ਦੂਜਾ ਪੱਖ ਦੇਖਣ ਵਾਲਿਆ ਦੀ ਦਲੀਲ ਸੁਣ ਲਵੋ; ਉਹ ਕਹਿੰਦੇ ਆ ਵੀਰ ਉਸ ਦੇ ਕੜਾ ਲੋਟ ਆ ਗਿਆ। ਕਾਹਦੀ ਸੇਵਾ ਕਰਦਾ ਇਹ ਤਾਂ ਉਸ ਦਾ ਕਮਾਈ ਦਾ ਸਾਧਨ ਹੈ। ਨੋਟਾਂ 'ਚ ਖੇਡਦਾ। ਬਿਲਕੁਲ ਸੱਚ ਹੈ ਇਹਨਾਂ ਦੀਆਂ ਗੱਲਾਂ ਵੀ ਪਰ ਇਸ ਸੋਚ ਤੋਂ ਜੇ ਕੁਝ ਉੱਚਾ ਉੱਠ ਕੇ ਦੇਖੀਏ ਤਾਂ ਤੇ ਹੁਣ ਤਕ ਹੋਏ ਪੰਜਾਬੀ ਦੇ ਗੀਤਕਾਰਾਂ ਤੇ ਗਾਇਕਾਂ ਵੱਲ ਝਾਤ ਮਾਰ ਕੇ ਦੇਖੋ ਉਨ੍ਹਾਂ ਕੀ ਕੀਤਾ ?

ਸ਼ੋਹਰਤ ਤੇ ਪੈਸਾ ਤਾਂ ਬਹੁਤਿਆਂ ਨੇ ਊਲ-ਜਲੂਲ ਲਿਖ-ਗਾ ਕੇ ਵੀ ਕਮਾਇਆ। ਬਹੁਤ ਥੋੜ੍ਹੇ ਅਜਿਹੇ ਮਾਈ ਦੇ ਲਾਲ ਹੋਏ ਹਨ, ਜਿਨ੍ਹਾਂ ਇਹ ਸੇਵਾ ਪੰਜ ਦਸ ਵਰ੍ਹੇ ਤੋਂ ਜ਼ਿਆਦਾ ਨਿਭਾਈ ਹੋਵੇ, ਨਹੀਂ ਤਾਂ ਚਾਰ ਕੁ ਦਿਨਾਂ ਬਾਅਦ ਭਾਲ਼ੇ ਨਹੀਂ ਥਿਆਏ। ਦੂਜੇ ਪਹਿਲੂ ਦੇ ਲੋਕਾਂ ਬਾਰੇ ਮੈਂ ਕੁਝ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ, ਉਨ੍ਹਾਂ ਲਈ ਤਾਂ ਬੱਸ ਭਗਤ ਕਬੀਰ ਜੀ ਦੀ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਵਿੱਚ ਦਰਜ ਇਕ ਸਲੋਕ 'ਐਸੇ ਲੋਗਨ ਸਿਉ ਕਿਆ ਕਹੀਐ' ਦੇ ਕੁੱਝ ਅੰਸ਼ ਹੀ ਕਾਫ਼ੀ ਹਨ;

ਆਪਿ ਨ ਦੇਹਿ ਚੁਰੂ ਭਰਿ ਪਾਨੀ ॥
ਤਿਹ ਨਿੰਦਹਿ ਜਿਹ ਗੰਗਾ ਆਨੀ ॥

ਕਿਸੇ ਲਿਖਾਰੀ ਕੋਲ ਗੁਰਦਾਸ ਮਾਨ ਬਾਰੇ ਨਵਾਂ ਲਿਖਣ ਲਈ ਹੁਣ ਕੁਝ ਖ਼ਾਸ ਨਹੀਂ ਕਿਉਂਕਿ ਉਸ ਦੇ ਪ੍ਰਸੰਸਕ ਉਸ ਬਾਰੇ ਸਭ ਕੁਝ ਜਾਣਦੇ ਹੀ ਹਨ। ਫੇਰ ਵੀ ਕੁੱਝ ਗੱਲਾਂ ਆਪ ਜੀ ਨਾਲ ਸਾਂਝੀਆ ਕਰਨੀਆਂ ਚਾਹੁੰਦਾ ਹਾਂ। ਗੱਲ ਅੱਸੀ ਦੇ ਦਹਾਕੇ ਦੀ ਹੈ, ਜਦੋਂ ਹਾਲੇ ਗੁਰਦਾਸ ਮਾਨ ਦਾ ਕੋਈ ਰਿਕਾਰਡ ਨਹੀਂ ਸੀ ਆਇਆ। ਮੈਂ ਕਾਲਾਂਵਾਲੀ ਮੰਡੀ ਦੇ ਸਕੂਲ 'ਚ ਅੱਠਵੀਂ ਜਮਾਤ ਵਿੱਚ ਪੜ੍ਹਦਾ ਹੁੰਦਾ ਸੀ। ਉਸ ਵਕਤ ਮਨੋਰੰਜਨ ਦੇ ਨਾਂ 'ਤੇ ਅਖਾੜੇ ਬੜੇ ਪ੍ਰਚਲਿਤ ਸਨ। ਖਾਂਦੇ-ਪੀਂਦੇ ਘਰ ਆਪਣੇ ਮੁੰਡੇ ਦੇ ਵਿਆਹ 'ਚ ਕਿਸੇ ਨਾ ਕਿਸੇ ਗਾਇਕ ਦਾ ਖੁੱਲ੍ਹਾ ਅਖਾੜਾ ਲਵਾਉਂਦੇ ਤੇ ਉਸ ਗਾਇਕ ਨੂੰ ਸੁਣਨ ਲਈ ਦੂਰੋਂ-ਦੂਰੋਂ ਲੋਕ ਤੁਰ ਕੇ, ਸਾਈਕਲਾਂ ਤੇ ਜਾਂ ਫੇਰ ਟਰਾਲੀਆਂ ਭਰ-ਭਰ ਕੇ ਅਖਾੜਾ ਸੁਣਨ ਨੂੰ ਪਹੁੰਚਦੇ। ਅਸੀਂ ਵੀ ਦੋ-ਦੋ ਮਹੀਨੇ ਪਹਿਲਾਂ ਹੀ ਸਕੂਲ 'ਚੋਂ ਭੱਜਣ ਦੀਆਂ ਵਿਉਂਤਾਂ ਬਣਾਉਂਦੇ ਰਹਿੰਦੇ ਸੀ। ਇਕ ਵਾਰੀ ਸਾਡੇ ਹੱਥ ਇਹ ਖ਼ਬਰ ਲੱਗੀ ਕਿ ਤੇਜ ਰਾਮ ਸੇਠ ਦਾ ਇਕ ਮੁੰਡਾ ਜੋ ਕਿ ਪੜ੍ਹ ਲਿਖ ਕੇ ਅਫ਼ਸਰ ਲਗ ਗਿਆ ਸੀ, ਦੇ ਵਿਆਹ 'ਚ ਅਖਾੜਾ ਉਨ੍ਹਾਂ ਦੀ ਰੂੰ ਵਾਲੀ ਫ਼ੈਕਟਰੀ 'ਚ ਲੱਗੇਗਾ। ਇਸ ਵਾਰ ਸਾਡੇ ਸਾਹਮਣੇ ਦੋ ਸਮੱਸਿਆਵਾਂ ਸਨ। ਇਕ ਤਾਂ ਉਹੀ ਪੁਰਾਣੀ ਸਕੂਲ 'ਚੋਂ ਭੱਜਣ ਦੀ ਤੇ ਦੂਜੀ ਨਿਵੇਕਲੀ ਸਮੱਸਿਆ ਸੇਠਾਂ ਦੀ ਫ਼ੈਕਟਰੀ ਸੀ। ਅਸੀਂ ਹੁਣ ਤੱਕ ਜ਼ਿਆਦਾਤਰ ਅਖਾੜੇ ਜੱਟਾਂ ਦੇ ਵਿਆਹਾਂ ਵਿੱਚ ਕੱਲਰਾਂ 'ਚ ਲੱਗੇ ਹੀ ਦੇਖੇ ਸਨ। ਸਾਡੇ ਹਲਕੇ 'ਚ ਪਹਿਲੀ ਵਾਰ ਕੋਈ ਸੇਠ ਅਖਾੜਾ ਲਗਵਾ ਰਿਹਾ ਸੀ। ਇਹਨਾਂ ਦੀ ਰੂੰ ਵਾਲੀ ਫ਼ੈਕਟਰੀ ਦੀਆਂ ਕੰਧਾ ਟੱਪਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਕਿਸੇ ਜ਼ਮਾਨੇ 'ਚ ਸੇਠ ਤੇਜ ਰਾਮ ਸਾਡੇ ਬਜ਼ੁਰਗਾਂ ਕੋਲ ਮੁਨੀਮੀ ਕਰਦਾ ਹੁੰਦਾ ਸੀ ਤੇ ਅੱਜਕੱਲ੍ਹ ਸਾਡਾ ਆੜ੍ਹਤੀਆ ਸੀ। ਸੋ ਇਸੇ ਕਰਕੇ ਪੱਕੀ ਗੱਲ ਦਾ ਪਤਾ ਲਾਉਣ ਲਈ ਮੇਰੀ ਜ਼ਿੰਮੇਵਾਰੀ ਲਾਈ ਗਈ ਕਿ ਕੀਹਦਾ ਅਖਾੜਾ ਲੱਗ ਰਿਹਾ ਹੈ ਤੇ ਅੰਦਰ ਜਾਣ ਦੇਣਗੇ ਕੇ ਨਹੀਂ ? ਪਰ ਮੈਂ ਇਸ ਮਾਮਲੇ 'ਚ ਕੁਝ ਜ਼ਿਆਦਾ ਨਾ ਕਰ ਸਕਿਆ। ਭਾਵੇਂ ਘਰੇ ਵਿਆਹ ਦਾ ਕਾਰਡ ਵੀ ਆਇਆ ਹੋਇਆ ਸੀ। ਪਰ ਉਸ ਵਕਤ ਜੁਆਕਾਂ 'ਚ ਅੱਜ ਜਿਹੀ ਹਿੰਮਤ ਕਿੱਥੇ ਹੁੰਦੀ ਸੀ ਕਿ ਆਪਣੇ ਬਜ਼ੁਰਗਾਂ ਦੀ ਅੱਖ 'ਚ ਅੱਖ ਪਾ ਕੇ ਗੱਲ ਕਰ ਸਕਦੇ। ਚਲੋ ਜੀ ! ਉਹ ਦਿਨ ਵੀ ਆ ਗਿਆ ਤੇ ਅਸੀਂ ਵੀ ਸਮਾਜਿਕ ਵਾਲੇ ਮਾਸਟਰ ਅਜਮੇਰ ਸਿੰਘ ਕਿੰਗਰੇ ਨੂੰ ਸਕੂਲ 'ਚੋਂ ਝਕਾਨੀ ਦੇ ਕੇ ਭੱਜ ਨਿਕਲੇ। ਸੇਠਾਂ ਦੀ ਫ਼ੈਕਟਰੀ ਤੇ ਸਾਡੇ ਸਕੂਲ ਵਿੱਚ ਦੋ ਮੀਲ ਦੀ ਦੂਰੀ ਸੀ। ਅਖਾੜਾ ਦੇਖਣ ਦਾ ਚਾਅ ਭਜਾਈ ਜਾਂਦਾ ਸੀ। ਜਦੋਂ ਅਸੀਂ ਮਸਾਂ ਪੰਜ ਕੁ ਸੌ ਗਜ਼ ਦੂਰ ਹੋਵਾਂਗੇ ਤਾਂ ਚਾਰ-ਪੰਜ ਜਣੇ ਮੁੜੇ ਆਉਣ ਤੇ ਸਾਨੂੰ ਕਹਿੰਦੇ; ''ਓਏ ਕਿਉਂ ਸਾਹੋ-ਸਾਹੀ ਹੋਈ ਜਾਂਦੇ ਹੋ, ਇਥੇ ਕੋਈ 'ਖਾੜਾ-ਖ਼ੂੜਾ' ਨਹੀਂ ਲੱਗਿਆ, ਇਥੇ ਤਾਂ ਖੁੱਲ੍ਹੀ ਜਿਹੀ ਪੈਂਟ ਵਾਲਾ ਕਰਾੜ ਜਿਆ ਡਫਲੀ ਫੜ੍ਹ ਕੇ ਨੱਚੀ ਜਾਂਦਾ।'' ਉਨ੍ਹਾਂ ਦੀਆਂ ਇਹ ਗੱਲਾਂ

ਸੁਣ ਕੇ ਸਾਡੀ ਵੀ ਫੂਕ ਜਿਹੀ ਨਿਕਲ ਗਈ। ਕਿਉਂਕਿ ਉਸ ਜ਼ਮਾਨੇ 'ਚ ਜੇਕਰ ਕੋਈ ਗਾਇਕਾ ਨਹੀਂ ਤਾਂ ਉਹ ਕਾਹਦਾ ਅਖਾੜਾ !

ਭਰੇ ਜਿਹੇ ਮਨ ਨਾਲ ਅਸੀਂ ਉਣੇ ਪੈਰੀਂ ਪੁੱਠੇ ਮੁੜ ਪਏ। ਪਰ ਆਥਣੇ ਜਦੋਂ ਮੈਂ ਘਰ ਗਿਆ ਤਾਂ ਮੇਰੇ ਤਾਏ ਦਾ ਪੁੱਤ ਨਾਇਬ ਸਿਓਂ ਜਿਹੜਾ ਕਿ ਸਾਡੇ ਬਜ਼ੁਰਗਾਂ ਨਾਲ ਉਹ ਸਾਰਾ ਅਖਾੜਾ ਦੇਖ ਕੇ ਆਇਆ ਸੀ। ਮੈਨੂੰ ਨਾਲੇ ਤਾਂ ਟੀਸ-ਟੀਸ ਕਰੀ ਜਾਵੇ, ਨਾਲੇ ਕਹੇ ਤੂੰ ਤਾਂ ਕਦੇ ਸੁਪਨੇ 'ਚ ਵੀ ਇਹੋ ਜਿਹਾ 'ਖਾੜਾ ਨਹੀਂ ਦੇਖਿਆ ਹੋਣਾ। ਬਚਪਣਾ ਹੋਣ ਕਾਰਨ ਮੇਰੇ ਦਿਲ ਨੂੰ ਪਤਾ ਕਿ ਮੈਂ ਉਸ ਰਾਤ ਕਿੰਨਾ ਔਖਾ ਸੀ। ਉਸ ਰਾਤ ਨੂੰ ਸਾਡੇ ਬਾਬਾ ਜੀ ਦੀਆਂ ਕਹਾਣੀਆਂ 'ਚ ਵੀ ਉਸੇ ਕਲਾਕਾਰ ਦੀ ਗੱਲਾਂ ਜ਼ਿਆਦਾ ਸਨ। ਵਾਰ-ਵਾਰ ਬਾਬਾ ਜੀ ਉਸ ਦੇ ਇੱਕ ਗੀਤ ਦੀਆਂ ਦੋ ਲਾਈਨਾਂ ਦੁਹਰਾ ਰਹੇ ਸਨ ਤੇ ਕਹਿ ਰਹੇ ਸਨ, "ਯਾਰ ! ਆਹ ਪੜ੍ਹਾਕੂ ਜਿਹੇ ਮੁੰਡੇ ਦੀ ਸੋਚ ਬੜੀ ਉੱਚੀ ਆ; ਗਾਉਂਦਾ-ਗਾਉਂਦਾ ਸਾਡੇ ਵੱਲ ਇਸ਼ਾਰਾ ਕਰਕੇ ਕਹਿ ਗਿਆ ਕਿ "ਮਾਹੀ ਵਾਸਤੇ ਜੋੜ ਲੈ ਦਾਜ ਆਪਣਾ ਖ਼ਾਲੀ ਹੱਥ ਨਿਕੰਮੀਏ ਜਾਏਂਗੀ ਤੂੰ।" ਬਾਬਾ ਜੀ ਕਹਿਣ "ਯਾਰ !ਅੱਜ ਸੱਚੀਂ ਅਹਿਸਾਸ ਹੋ ਰਿਹਾ ਕਿ ਅਸੀਂ ਐਵੇਂ ਉਮਰ ਨੰਬਰਦਾਰੀਆਂ 'ਚ ਲੰਘਾ ਲਈ, ਅਗਾਂਹ ਜਾ ਕੇ ਰੱਬ ਨੂੰ ਕਿਹੜਾ ਮੂੰਹ ਦਿਖਾਵਾਂਗੇ।"

ਉਸ ਵਕਤ ਸਾਡੀ ਜੁਆਕਾਂ ਵਾਲੀ ਸੋਚ ਤੋਂ ਇਹ ਗੱਲਾਂ ਪਰ੍ਹਾਂ ਦੀਆਂ ਸਨ। ਪਰ ਬਾਬਾ ਜੀ ਜਿਹੜੇ ਕਿ ਜ਼ਿਆਦਾਤਰ ਸਿਆਸਤ ਤੇ ਚੌਧਰਾਂ ਦੀਆਂ ਗੱਲਾਂ ਕਰਦੇ ਹੁੰਦੇ ਸਨ, ਅੱਜ ਇਹੋ ਜਿਹੀਆਂ ਗੱਲਾਂ ਉਨ੍ਹਾਂ ਦੇ ਮੂੰਹੋਂ ਸਾਨੂੰ ਚੰਗੀਆਂ ਲੱਗ ਰਹੀਆਂ ਸਨ। ਮੈਂ ਬਾਬਾ ਜੀ ਨੂੰ ਬਾਪੂ ਜੀ ਕਹਿ ਕੇ ਬੁਲਾਉਂਦਾ ਹੁੰਦਾ ਸੀ। ਸਾਡੇ ਭਾਅ ਦੀ ਉਸ ਵਕਤ ਜੋ ਵੀ ਅਖਾੜੇ ਲਾਉਣ ਆਉਂਦਾ ਹੁੰਦਾ ਸੀ, ਉਹ ਲੁਧਿਆਣੇ ਦਾ ਹੁੰਦਾ ਸੀ। ਸੋ ਮੈਂ ਬਾਪੂ ਜੀ ਨੂੰ ਪੁੱਛ ਲਿਆ ਬਾਪੂ ਜੀ ਲੁਧਿਆਣੇ ਤਾਂ ਇਹ ਰੋਜ਼ ਹੀ 'ਖਾੜੇ ਲਾਉਂਦੇ ਹੋਣਗੇ ? ਹੁਣ ਜਦੋਂ ਤੁਸੀ ਜ਼ਮੀਨ ਵਾਲੀ ਤਾਰੀਖ਼ 'ਤੇ ਗਏ ਤਾਂ ਮੈਨੂੰ ਵੀ ਨਾਲ ਲੈ ਜਾਇਓ। ਮੂਹਰੋਂ ਬਾਪੂ ਜੀ ਕਹਿੰਦੇ ਨਹੀਂ ਯਾਰ ਮੈਂ ਖ਼ੁਸ਼ੀ ਰਾਮ ਤੋਂ ਪੁੱਛਿਆ ਸੀ ਉਹ ਕਹਿੰਦਾ ਸੀ ਇਹ ਮੁੰਡਾ ਤਾਂ ਨਸਵਾਰਾਂ ਵਾਲੇ ਗਿਦੜਬੇਹੇ ਦਾ ਹੈ ।

ਇਸ ਲੇਖ 'ਚ ਮੇਰਾ ਇਹ ਹੱਡਬੀਤੇ ਵਾਕੇ ਨੂੰ ਤੁਹਾਡੇ ਨਾਲ ਸਾਂਝਾ ਕਰਨ ਦਾ ਮਕਸਦ ਇਹ ਦਰਸਾਉਣਾ ਹੈ ਕਿ ਗੁਰਦਾਸ ਮਾਨ ਭਾਵੇਂ ਵਕਤ ਨਾਲ ਅੱਜ ਬਹੁਤ ਪਰਪੱਕ ਹੋ ਗਿਆ ਹੈ, ਪਰ ਉਹ ਆਪਣੇ ਸ਼ੁਰੂਆਤ ਦੇ ਦੌਰ ਤੋਂ ਹੀ ਬਹੁਤ ਉੱਚੀ ਸੋਚ ਦਾ ਮਾਲਕ ਸੀ। ਉਸ ਦੇ ਸ਼ੁਰੂਆਤੀ ਦੌਰ ਦਾ ਕੋਈ ਗੀਤ ਸੁਣ ਕੇ ਦੇਖ ਲਵੋ, ਉਸ ਦੇ ਗੀਤਾਂ 'ਚ ਕਿਸੇ ਰੱਬੀ ਸੁਨੇਹੇ ਦੀ ਝਲਕ ਆਮ ਲੋਕਾਂ ਤੱਕ ਸੌਖੀ ਭਾਸ਼ਾ 'ਚ ਪਹੁੰਚਦੀ ਨਜ਼ਰ ਆਏਗੀ। ਦੂਜੀ ਇਹ ਕਿ ਉਹ ਹਵਾ ਦੇ ਉਲਟ ਚੱਲ ਕੇ ਸਥਾਪਿਤ ਹੋਇਆ ਹੈ। ਉਸ ਵਕਤ ਦੁਗਾਣਿਆਂ ਦਾ ਦੌਰ ਸੀ। ਇੱਥੋਂ ਤਕ ਕੇ ਕਲੀਆਂ ਦੇ ਬਾਦਸ਼ਾਹ ਕਹਾਉਣ ਵਾਲੇ ਕੁਲਦੀਪ ਮਾਣਕ ਨੂੰ ਵੀ ਅਖਾੜਾ ਲਾਉਣ ਲਈ ਕਿਸੇ ਗਾਇਕਾ ਦਾ ਸਹਾਰਾ ਲੈਣਾ ਪੈਂਦਾ ਸੀ।

ਗੱਲ ਜਿੱਥੋਂ ਤੋਰੀ ਸੀ ਉੱਥੇ ਹੀ ਆਉਂਦੇ ਹਾਂ ਕਿ ਕੀ ਕੋਈ ਇਹ ਦੱਸ ਸਕਦਾ ਹੈ ਕਿ ਕਿਸੇ ਸਨਮਾਨ ਨੂੰ ਹਾਸਿਲ ਕਰਨ ਲਈ ਕੀ-ਕੀ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ? ਕਿਸੇ ਕੋਲ ਇਸ ਗੱਲ ਦਾ ਜਵਾਬ ਨਹੀਂ ਹੈ। ਕਿਉਂਕਿ ਇਹੋ ਜਿਹਾ ਪੈਮਾਨਾ ਸਾਡੇ ਕੋਲ ਹੈ ਹੀ ਨਹੀਂ। ਸਾਡੀ ਤਕੜੀ ਤਾਂ ਵੱਖਰੇ ਢੰਗ ਨਾਲ ਤੋਲਦੀ ਹੈ ਤੇ ਉਸ ਢੰਗ ਬਾਰੇ ਸਾਰੇ ਬਖ਼ੂਬੀ ਜਾਣਦੇ ਹੀ ਹਨ। ਇਥੇ ਕਾ.ਗਜ਼ ਕਾਲੇ ਕਰਨ ਦੀ ਕੋਈ ਲੋੜ ਨਹੀਂ ਹੈ। ਵੱਖਰਾ ਢੰਗ ਹੋਣ ਕਰਕੇ ਤਾਂ ਕਦੇ ਸਾਡੀਆਂ

ਯੂਨੀਵਰਸਿਟੀਆਂ ਨੂੰ ਇਹ ਖ਼ਿਆਲ ਹੀ ਨਹੀਂ ਆਇਆ ਕਿ ਇੱਕ ਗੁਰਦਾਸ ਮਾਨ ਨਾਮ ਦਾ ਇਨਸਾਨ ਵੀ ਕਾਫ਼ੀ ਲੰਮੇ ਸਮੇਂ ਤੋਂ ਆਪਣਾ ਫ਼ਰਜ਼ ਨਿਭਾ ਰਿਹਾ ਹੈ। ਫ਼ਰਕ ਬੱਸ ਇੰਨਾ ਕੁ ਹੈ ਕਿ ਇਸ ਨੇ ਆਪਣਾ ਫ਼ਰਜ਼ ਨਿਭਾ ਕੇ ਅਹਿਸਾਨ ਨਹੀਂ ਜਤਾਇਆ। ਤਾਂ ਹੀ ਸਮੇਂ ਦੀਆਂ ਸਰਕਾਰਾਂ ਤੇ ਸਾਡੇ ਉੱਚ ਅਦਾਰਿਆਂ ਦੇ ਨਜ਼ਰੀਂ ਨਹੀਂ ਪਿਆ। ਅੱਜ ਤੱਕ ਉਸ ਇਨਸਾਨ ਦੇ ਮੂੰਹੋਂ ਇਹੋ ਜਿਹਾ ਗਿਲਾ ਵੀ ਸੁਣਨ ਨੂੰ ਨਹੀਂ ਮਿਲਿਆ। ਜੇ ਕਦੇ ਕਿਸੇ ਨੇ ਉਸ ਨੂੰ ਇਹੋ ਜਿਹਾ ਸਵਾਲ ਕਰ ਵੀ ਦਿੱਤਾ ਤਾਂ ਉਸ ਦਾ ਇੱਕੋ ਹੀ ਜਵਾਬ ਹੁੰਦਾ ਕਿ ਕੌਣ ਕਹਿੰਦਾ ਮੈਨੂੰ ਕੁਝ ਮਿਲਿਆ ਨਹੀਂ ? ਮੇਰੇ ਤੇ ਤਾਂ ਉਸ ਸੱਚੇ ਦੀਆਂ ਰਹਿਮਤਾਂ ਦਾ ਮੀਂਹ ਵਰ੍ਹ ਰਿਹਾ। ਉਸ ਦੇ ਇੱਕ ਗੀਤ ਦੇ ਬੋਲ ਵੀ ਇਹੀ ਦਰਸਾ ਰਹੇ ਹਨ; ''ਭੱਜੀ ਫਿਰੇ ਦੁਨੀਆ ਤਾਂ ਭੱਜੀ ਰਹਿਣ ਦੇ, ਸਾਡੀ ਜਿੱਥੇ ਲੱਗੀ ਏ ਲੱਗੀ ਰਹਿਣ ਦੇ।'' ਉਹ ਅੱਜ ਜਿਸ ਮੁਕਾਮ ਤੇ ਹੈ, ਉੱਥੇ ਸਨਮਾਨਾਂ ਦਾ ਕੋਈ ਮਾਅਨਾ ਨਹੀਂ ਰਹਿ ਜਾਂਦਾ। ਪਰ ਸਵਾਲ ਤਾਂ ਇਹ ਪੈਦਾ ਹੁੰਦਾ ਹੈ ਕਿ ਬੇਗਾਨੇ ਮੁਲਕ ਦੀ ਬੇਗਾਨੀ ਭਾਸ਼ਾ ਦੀ ਯੂਨੀਵਰਸਿਟੀ ਤਾਂ ਇਹ ਮੰਨਦੀ ਹੈ ਕਿ ਇਸ ਇਨਸਾਨ ਨੇ ਪੰਜਾਬੀ ਬੋਲੀ ਲਈ ਇਹੋ ਜਿਹਾ ਕੰਮ ਕੀਤਾ ਹੈ ਜਿਸ ਲਈ ਉਸ ਨੂੰ ਡਾਕਟਰੇਟ ਦੀ ਉਪਾਧੀ ਦੇਣੀ ਬਣਦੀ ਹੈ। ਪਰ ਜਿਨ੍ਹਾਂ ਦੀ ਇਹ ਭਾਸ਼ਾ ਹੈ ਉਹ ਕਹਿੰਦੇ ਆ ਐਡਾ ਕਿਹੜਾ ਇਸ ਨੇ ਪਹਾੜੋਂ ਪੱਥਰ ਲਿਆ ਦਿੱਤਾ ?

ਇਥੇ ਇੱਕ ਹੋਰ ਵਿਚਾਰਨਯੋਗ ਪਹਿਲੂ ਇਹ ਹੈ ਕਿ ਦੁਨੀਆਂ ਵਿੱਚ ਸਭ ਤੋਂ ਕੀਮਤੀ ਹੈ 'ਵਕਤ'। ਸਿਆਣੇ ਕਹਿੰਦੇ ਹਨ ਕਿ ਜੇ ਤੁਸੀਂ ਕਿਸੇ ਨੂੰ ਆਪਣਾ ਵਕਤ ਦਿੰਦੇ ਹੋ ਤਾਂ ਤੁਸੀ ਉਸ ਨੂੰ ਆਪਣੀ ਬਹੁਮੁੱਲੀ ਜ਼ਿੰਦਗੀ ਦਾ ਇਕ ਹਿੱਸਾ ਦੇ ਰਹੇ ਹੁੰਦੇ ਹੋ, ਜੋ ਤੁਸੀਂ ਦੁਬਾਰਾ ਵਰਤ ਨਹੀਂ ਸਕਦੇ। ਸੋ ਗੁਰਦਾਸ ਮਾਨ ਦੇ ਸਨਮਾਨ ਵੱਲ ਧਿਆਨ ਨਾ ਜਾਣ ਦਾ ਇੱਕ ਕਾਰਨ ਇਹ ਵੀ ਹੈ ਕਿਉਂਕਿ ਸਾਡੇ ਸਿਆਸਤਦਾਨਾਂ ਕੋਲ ਤਾਂ ਆਪਣੀ ਕੁਰਸੀ ਬਚਾਉਣ ਤੋਂ ਵਿਹਲ ਨਹੀਂ ਤੇ ਸਾਡੇ ਉੱਚ ਅਦਾਰੇ ਸਿਆਸਤਦਾਨਾਂ ਨੂੰ ਸਲਾਮ ਕਰਨ ਵਿੱਚ ਮਸ਼ਗੂਲ ਹਨ। ਜੇ ਉਹ ਇੰਝ ਨਹੀਂ ਕਰਦੇ ਤਾਂ ਉਨ੍ਹਾਂ ਦਾ ਆਪਣਾ ਸਨਮਾਨ ਖੁੱਸ ਜਾਊ। ਫਿਰ ਦੱਸੋ ਉਨ੍ਹਾਂ ਨੇ ਕਿਸੇ ਦੇ ਸਨਮਾਨ ਤੋਂ ਕੀ ਟਿੰਡੀਆਂ ਲੈਣੀਆਂ ?

ਅਖੀਰ ਵਿੱਚ ਮੈਂ ਤਾਂ ਇੰਗਲੈਂਡ ਦੀ ਉਸ ਯੂਨੀਵਰਸਿਟੀ ਦਾ ਬਹੁਤ ਧੰਨਵਾਦੀ ਹਾਂ। ਧੰਨਵਾਦੀ ਇਸ ਲਈ ਨਹੀਂ ਕਿ ਉਸ ਨੇ ਪੰਜਾਬੀਆਂ ਦੇ ਮਾਨ ਨੂੰ ਮਾਣ ਬਖ਼ਸ਼ਿਆ। ਮੈਂ ਤਾਂ ਇਸ ਲਈ ਧੰਨਵਾਦੀ ਹਾਂ ਜਿਸ ਨੇ ਸਾਡੇ ਪੰਜਾਬੀਆਂ ਦੀ ਜ਼ਮੀਰ ਨੂੰ ਹਲੂਣਾ ਦਿਤਾ। ਹੋ ਸਕਦਾ ਇਸ ਹਲੂਣੇ ਨਾਲ ਸਾਡੀ ਸੁੱਤੀ ਜ਼ਮੀਰ ਜਾਗ ਪਵੇ ਤੇ ਅਸੀਂ ਵੀ ਕਿਸੇ ਦੀ ਕਦਰ ਪਾ ਸਕੀਏ।

****

## ਬੇਬਾਕ ਤੇ ਫ਼ੱਕਰ ਲੇਖਕ ਸੀ 'ਗੁਰਮੇਲ ਸਰਾ'

ਮਾਰਚ 2012 ਵਿੱਚ ਇਹ ਲੇਖ ਮੈਨੂੰ ਮਜਬੂਰਨ ਲਿਖਣਾ ਪਿਆ ਸੀ ਮੇਰਾ ਮਜਬੂਰਨ ਕਹਿਣ ਦਾ ਕਾਰਨ ਇਹ ਹੈ ਕਿ ਮੈਂ ਗੁਰਮੇਲ ਸਰਾ ਦੇ ਜਿਉਂਦੇ ਜੀ ਉਨ੍ਹਾਂ ਉਤੇ ਲੇਖ ਨਹੀਂ ਸਾਂ ਲਿਖ ਸਕਿਆ ਕਿਉਂਕਿ ਇੱਕ ਬਾਰ ਜਦੋਂ ਮੈਂ ਇਸ ਗੱਲ ਦਾ ਜ਼ਿਕਰ ਉਨ੍ਹਾਂ ਕੋਲ ਕੀਤਾ ਸੀ ਤਾਂ ਉਨ੍ਹਾਂ ਮੈਨੂੰ ਇਹ ਕਹਿ ਕੇ ਰੋਕ ਦਿੱਤਾ ਸੀ ਕਿ ਤੈਨੂੰ ਤਾਂ ਹਾਲੇ ਮੇਰਾ ਨਾਂ ਸਹੀ ਨਹੀਂ ਲਿਖਣਾ ਆਉਂਦਾ ਤੂੰ ਮੇਰੇ 'ਤੇ ਕੀ ਲਿਖੇਗਾ। ਅਸਲ 'ਚ ਮੈਂ ਜਦੋਂ ਵੀ ਕਦੇ ਗੁਰਮੇਲ ਸਰਾ ਲਿਖਦਾ ਤਾਂ ਸਰਾ ਦੇ ਉੱਤੇ ਬਿੰਦੀ ਪਾ ਦਿੰਦਾ ਸੀ। ਜਿਸ ਲਈ ਇੱਕ ਦਿਨ ਉਨ੍ਹਾਂ ਮੈਨੂੰ ਸਰਾ ਤੇ ਸਰਾਂ ਦੇ ਅਰਥ ਵੀ ਸਮਝਾਏ ਸਨ। ਮੇਰਾ ਹਰ ਲੇਖ ਪੜ੍ਹਨ ਤੋਂ ਬਾਅਦ ਕੀਤੇ ਉਨ੍ਹਾਂ ਦੇ ਕਮੈਂਟ ਮੈਨੂੰ ਔਕਾਤ 'ਚ ਰਹਿਣਾ ਸਿਖਾ ਗਏ। ਇੱਕ ਦਿਨ ਮੈਨੂੰ ਕਹਿੰਦੇ ਕਿ ਤੂੰ ਰਹਿਣ ਦੇ ਇਹ ਦੱਸਣ ਨੂੰ ਕੀ ਤੂੰ ਮੇਰਾ ਚੇਲਾ, ਤੈਨੂੰ ਵੀ ਲੋਕ ਅੜੀਅਲ ਟੱਟੂ ਸਮਝਣ ਲੱਗ ਪੈਣਗੇ। ਇਸ ਬਾਰੇ ਫੇਰ ਉਨ੍ਹਾਂ ਮੈਨੂੰ ਆਪਣੀ ਇੱਕ ਕਵਿਤਾ ਵੀ ਸੁਣਾਈ ਸੀ।

ਮੈਂ ਘੁਮਿਆਰ ਦਾ ਟੱਟੂ ਹਾਂ
ਮੈਨੂੰ ਲੱਦ ਦਿਓ
ਜਿੰਨਾ ਵੀ ਚਾਹੋ ਲੱਦ ਦਿਓ
ਪਰ ਮਾਰੋ ਨਾ
ਚਾਰੇ ਟੰਗਾਂ ਗੱਡ ਲਵਾਂਗਾ
ਅੜ ਜਾਵਾਂਗਾ
ਵਾਹ ਲੱਗੀ ਤਾਂ ਦੋ ਚਹੁੰ
ਟੀਟਣੇ ਜੜ ਜਾਵਾਂਗਾ
ਮੈਂ ਘੁਮਿਆਰ ਦਾ ਟੱਟੂ ਹਾਂ

ਕਦੇ-ਕਦੇ ਸੋਚਦਾ ਹੁੰਦਾ ਕਿ ਮੇਰਾ ਤੇ ਗੁਰਮੇਲ ਬਾਈ ਦਾ ਇੱਕ ਦੂਜੇ ਨਾਲ ਕੁਝ ਵੀ ਮੇਲ ਨਹੀਂ ਖਾਂਦਾ ਸੀ ਪਰ ਫੇਰ ਵੀ ਪਤਾ ਨਹੀਂ ਕਿਉਂ ਮੈਂ ਉਨ੍ਹਾਂ ਨੂੰ ਗੁਰੂ ਧਾਰ ਕੇ ਧੁਰ ਅੰਦਰੋਂ ਖ਼ੁਸ਼ ਹਾਂ। ਉਦਾਹਰਣ ਦੇ ਤੌਰ 'ਤੇ ਸੁਣ ਲਵੋ ਉਹ ਪੱਕਾ ਕਾਮਰੇਡ, ਮੈਂ ਰੱਬ ਦੀ ਰਜਾ ਮੰਨਣ ਵਾਲਾ, ਉਹ ਅੜਬ ਤੇ ਅੜੀਅਲ, ਮੈਂ ਬਹੁਤ ਹੀ ਨਰਮ ਖ਼ਿਆਲੀ, ਮੈਨੂੰ ਬਚਪਨ ਤੋਂ ਨਸ਼ਿਆਂ ਨਾਲ ਸਖ਼ਤ ਨਫ਼ਰਤ ਤੇ ਉਨ੍ਹਾਂ ਨੂੰ ਕਦੇ ਮੈਂ ਨਸ਼ਿਆਂ ਤੋਂ ਬਿਨਾਂ ਨਾ ਦੇਖਿਆ, ਉਨ੍ਹਾਂ ਕੋਲ ਉੱਚ ਵਿਦਿਆ, ਮੈਂ ਉਸ ਤੋਂ ਸੱਖਣਾ, ਉਹ ਫ਼ੱਕਰ ਸੁਭਾਅ ਦੇ ਮਾਲਕ ਮੈਂ ਦੁਨੀਆਦਾਰੀ 'ਚ ਗੜੁੱਚ ਬੰਦਾ, ਗਿਆਨ ਦੇ ਮਾਮਲੇ 'ਚ ਤਾਂ ਕੁਝ ਲਿਖਣ ਦੀ ਲੋੜ ਨਹੀਂ ਜੇ ਮੇਰੇ ਕੋਲ ਹੁੰਦਾ ਤਾਂ ਮੈਂ ਕਿਉਂ ਭਾਲਦਾ ਹੋਇਆ ਉਨ੍ਹਾਂ ਤੱਕ ਪਹੁੰਚਦਾ। ਫੇਰ ਮਹਿਸੂਸ ਕਰਦਾ ਹਾਂ ਕਿ ਸ਼ਾਇਦ ਜਿਵੇਂ ਨੈਗੇਟਿਵ ਅਤੇ ਪੌਜ਼ੀਟਿਵ ਚੀਜ਼ਾਂ ਦਾ ਵੱਖਰਾ ਵਤੀਰਾ ਹੋਣ ਦੇ ਬਾਵਜੂਦ ਇੱਕ ਦੂਜੇ ਵੱਲ ਖਿੱਚ ਹੁੰਦੀ ਹੈ ਉਹੀ ਸਿਧਾਂਤ ਸਾਡੇ ਤੇ ਲਾਗੂ ਹੁੰਦਾ ਹੋਵੇ। ਕਈਆਂ ਨੇ ਮੈਨੂੰ ਇਹ ਵੀ ਅਹਿਸਾਸ ਕਰਵਾਉਣਾ ਚਾਹਿਆ ਕਿ ਤੂੰ ਉਸ ਬੰਦੇ ਤੋਂ ਕੀ ਸਿੱਖ ਲਵੇਗਾ ਜੋ ਆਪਣੇ ਆਪ ਨੂੰ ਨਹੀ ਬਦਲ ਸਕਿਆ। ਪਰ ਰੱਬ ਜਾਣੇ ਮੇਰਾ ਬਾਈ ਗੁਰਮੇਲ ਪ੍ਰਤੀ ਵਤੀਰਾ ਬਦਲਣਾ ਤਾਂ ਕਿ ਸੀ ਕਦੇ ਡੋਲ੍ਹਿਆ ਵੀ ਨਹੀਂ। ਮੇਰਾ ਇਹ ਲੇਖ ਛਪਣ ਤੋਂ ਬਾਅਦ ਬਹੁਤ ਸਾਰੇ ਸੁਨੇਹੇ ਆਏ ਅਤੇ ਇਸ ਲੇਖ ਦੇ ਜਵਾਬ 'ਚ ਉੱਘੇ ਪੱਤਰਕਾਰ ਅਤੇ ਬਾਬੂ ਸ਼ਾਹੀ ਅਖ਼ਬਾਰ ਦੇ ਐਡੀਟਰ ਬਲਜੀਤ ਬੱਲੀ ਨੇ ਇੱਕ ਜਵਾਬੀ ਲੇਖ ਲਿਖਿਆ ਜਿਸ ਦਾ ਸਿਰਲੇਖ ਸੀ 'ਖ਼ਬਤੀ ਹੁੰਦਿਆਂ ਵੀ ਜੀਨੀਅਸ ਸੀ ਗੁਰਮੇਲ ਸਰਾ'।



ਸਾਊਥ ਆਸਟ੍ਰੇਲੀਆ ਦਾ ਪਹਿਲਾ ਪੰਜਾਬੀ ਭਾਸ਼ਾ ਦਾ ਅਖ਼ਬਾਰ ਪੰਜਾਬੀ ਅਖ਼ਬਾਰ
ਦੇ ਅਗਾਜਿ ਤੇ ਪਤਵੰਤਿਆਂ ਨਾਲ ਲੇਖਕ



ਆਪਣੇ ਉਸਤਾਦ ਮਰਹੂਮ ਗੁਰਮੇਲ ਸਰਾ , ਭੁਪਿੰਦਰ ਪੰਨੀਵਾਲੀਆ
ਅਤੇ ਰਣਜੀਤ ਸਰਾ ਨਾਲ ਲੇਖਕ

# ਬੇਬਾਕ ਤੇ ਫ਼ੱਕਰ ਲੇਖਕ ਸੀ 'ਗੁਰਮੇਲ ਸਰਾ'

(ਆਪਣੇ ਉਸਤਾਦ ਨੂੰ ਸ਼ਰਧਾਂਜਲੀ-ਮਿੰਟੂ ਬਰਾੜ)

ਗੁਰਬਾਣੀ ਦਾ ਫੁਰਮਾਨ ਹੈ, ''ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ।'' ਬਹੁਤ ਸਾਰੇ ਸੱਚ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਚਾਹੁੰਦਾ ਹੋਇਆ ਵੀ ਦਿਲ ਮੰਨਣ ਤੋਂ ਇਨਕਾਰੀ ਹੁੰਦਾ ਹੈ। ਪਰ ਅਖੀਰ ਸੱਚ ਤਾਂ ਸੱਚ ਹੈ। ਅਜਿਹਾ ਹੀ ਸਮੇਂ ਦਾ ਸੱਚ ਹੈ ਕਿ ਅੱਜ 'ਗੁਰਮੇਲ ਸਰਾ' ਨੂੰ 'ਸੀ' ਲਿਖਦਿਆਂ ਸੀਨੇ 'ਚੋਂ ਚੀਸ ਨਿਕਲ ਰਹੀ ਹੈ, ਪਰ ਕੀ ਕਰਾਂ ਇਹ ਵੀ ਤਾਂ ਸਮੇਂ ਦਾ ਸੱਚ ਹੈ ।

ਕਿਥੋਂ ਸ਼ੁਰੂ ਕਰਾਂ ਇਸ ਫ਼ੱਕਰ ਦੀ ਕਹਾਣੀ ਨੂੰ ? ਮੇਰੇ ਜ਼ਿਹਨ 'ਚ ਉਨ੍ਹਾਂ ਦੀ ਜ਼ਿੰਦਗੀ ਦੇ ਏਨੇ ਕੁ ਕਿੱਸੇ ਭਰੇ ਪਏ ਹਨ ਕਿ ਇੱਕ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਪਰ ਅੱਜ ਜਦੋਂ ਉਨ੍ਹਾਂ ਦੀ ਅੰਤਿਮ ਅਰਦਾਸ ਹੈ, ਮੈਂ ਉਹ ਕੁਝ ਪਲ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ, ਜੋ ਮੈਂ ਉਨ੍ਹਾਂ ਨਾਲ ਗੁਜ਼ਾਰੇ ਜਾਂ ਇਹ ਕਹਾਂ ਕਿ ਜੋ ਮੇਰੇ ਭਾਗਾਂ ਵਿੱਚ ਆਏ।

ਗੁਰਮੇਲ ਸਰਾ ਦੇ ਆਪਣੇ ਬਾਰੇ ਸ਼ਬਦ ਸਨ ਕਿ ਉਹ ਇਕ ਅਮੀਰ ਘਰੇ ਜੰਮਿਆ ਗ਼ਰੀਬ ਇਨਸਾਨ ਸੀ। ਜੇਕਰ ਉਸ ਨੂੰ ਅਜ਼ਬ ਫ਼ੱਕਰ ਕਹਿ ਲਈਏ ਤਾਂ ਅੱਤਕਥਨੀ ਨਹੀਂ ਹੋਵੇਗੀ। ਉਹ ਬਾਬੂ ਸਿੰਘ, ਜਿਸ ਨੂੰ ਲੋਕ ਬਾਬੂ ਸਾਬ ਕਰ ਕੇ ਜਾਣਦੇ ਸਨ, ਦੇ ਤਿੰਨ ਵਿਆਹਾਂ 'ਚੋਂ ਹੋਏ ਦਸ ਧੀਆਂ ਪੁੱਤਰਾਂ ਵਿਚੋਂ ਇੱਕ ਸੀ। ਜਿੱਥੇ ਉਸ ਦੇ ਜ਼ਿਆਦਾਤਰ ਭੈਣ-ਭਰਾ ਉੱਚ ਵਿੱਦਿਆ ਹਾਸਲ ਨਹੀਂ ਕਰ ਸਕੇ, ਉੱਥੇ ਇਸ ਇਨਸਾਨ ਨੇ ਇਕ ਪੇਂਡੂ ਏਰੀਏ 'ਚੋਂ ਉੱਠ ਕੇ ਨਾ ਸਿਰਫ਼ ਨਾਂ ਕਮਾਇਆ ਸਗੋਂ ਉੱਚ ਸਰਕਾਰੀ ਅਹੁਦਿਆਂ 'ਤੇ ਰਹਿ ਕੇ ਆਪਣੇ ਕੰਮ ਨਾਲ ਦੁਨੀਆ ਨੂੰ ਨਵੀਆਂ ਰਾਹਾਂ ਦਿਖਾਈਆਂ। ਉਹ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲਾ ਵਿਚੋਂ ਡਿਪਟੀ ਡਾਇਰੈਕਟਰ ਵਜੋਂ ਰਿਟਾਇਰ ਹੋਏ।

ਆਪਣੀ ਨੌਕਰੀ ਦੌਰਾਨ ਉਹ ਵੱਖ ਵੱਖ ਅਖ਼ਬਾਰਾਂ ਨਾਲ ਜੁੜੇ ਰਹੇ। ਜਿਨ੍ਹਾਂ ਵਿਚੋਂ ਪੰਜਾਬੀ ਟ੍ਰਿਬਿਊਨ, ਨਵਾਂ ਜ਼ਮਾਨਾ ਆਦਿ ਪ੍ਰਮੁੱਖ ਹਨ। ਉਨ੍ਹਾਂ ਦੀ ਕਈ ਭਾਸ਼ਾਵਾਂ ਉੱਤੇ ਚੰਗੀ ਪਕੜ ਸੀ ਇਸੇ ਲਈ ਉਹ ਭਾਰਤ ਸਰਕਾਰ ਦੇ ਆਫ਼ੀਸ਼ੀਅਲ ਟਰਾਂਸਲੇਟਰ ਵੱਜੋ ਵੀ ਕੰਮ ਕਰਦੇ ਸਨ। ਕਲਕੱਤੇ ਤੋਂ ਛਪਣ ਵਾਲੇ ਭਾਰਤ ਦੇ ਸਭ ਤੋਂ ਪੁਰਾਣੇ ਤੇ ਵਕਾਰੀ ਅੰਗਰੇਜ਼ੀ ਅਖ਼ਬਾਰ 'ਦੀ ਸਟੇਟਸਮੈਨ' ਵਿੱਚ ਛਪਣ ਵਾਲੇ ਉਹ ਇੱਕੋ-ਇੱਕ ਪੰਜਾਬੀ ਲਿਖਾਰੀ ਸਨ। ਉਹ ਦੂਰਦਰਸ਼ਨ ਜਲੰਧਰ ਦੇ ਨਿਊਜ਼ ਐਡੀਟਰ ਵੀ ਰਹੇ। ਜਿਸ ਦੌਰਾਨ ਦੂਰਦਰਸ਼ਨ ਦੀਆਂ ਖ਼ਬਰਾਂ ਪ੍ਰਤੀ ਆਮ ਲੋਕਾਂ ਦੀ ਦਿਲਚਸਪੀ ਕਾਫੀ ਵੱਧ ਗਈ ਸੀ, ਕਿਉਂਕਿ ਗੁਰਮੇਲ ਸਰਾ ਨੇ ਖ਼ਬਰਾਂ ਨੂੰ ਆਮ ਲੋਕਾਂ ਦੀ ਭਾਸ਼ਾ ਦਿੱਤੀ। ਉਦਾਹਰਨ ਵਜੋਂ ਉਸ ਵਕਤ ਖ਼ਬਰਾਂ ਵਿੱਚ ਮੌਸਮ ਦੀ ਜਾਣਕਾਰੀ ਦੌਰਾਨ ਮੀਂਹ ਬਾਰੇ ਮਿਲੀਮੀਟਰਾਂ ਜਾਂ ਸੈਂਟੀਮੀਟਰਾਂ 'ਚ ਨਹੀਂ, ਬਲਕਿ ਅਸਲੀ ਜਟਕੀ ਭਾਸ਼ਾ ਵਿਚ ਯਾਨੀ ਕਿ ਉਂਗਲਾਂ ਵਿਚ ਦੱਸਿਆ ਜਾਂਦਾ ਸੀ ਕਿ ਕੱਲ ਨੂੰ ਫਲਾਂ ਥਾਂ 'ਤੇ ਚਾਰ-ਚਾਰ ਉਂਗਲਾਂ ਮੀਂਹ ਪਵੇਗਾ। ਗੁਰਮੇਲ ਬਾਈ ਦਾ ਮੰਨਣਾ ਸੀ ਕਿ ਆਮ ਜੱਟ ਨੂੰ ਮਿਲੀਮੀਟਰਾਂ ਦਾ ਕੀ ਹਿਸਾਬ ?

ਰਾਣੀ ਨੂੰ ਅੱਗਾ ਢੱਕਣ ਲਈ ਕਹਿਣ ਦੀ ਜੁਰੱਅਤ ਰੱਖਦਾ ਸੀ ਗੁਰਮੇਲ ਸਰਾ। ਦੂਰਦਰਸ਼ਨ ਦੇ ਵਿਹੜੇ 'ਚ ਅੱਜ ਵੀ ਇਹ ਗੱਲ ਸੁਣਾਈ ਜਾਂਦੀ ਹੈ ਕਿ ਕਿਵੇਂ ਉਸ ਨੇ ਮੌਕੇ ਦੇ ਮੰਤਰੀ

ਨੂੰ ਇਹ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਹ ਟਾਈਮ ਲੈ ਕੇ ਨਹੀਂ ਆਇਆ। ਮੰਤਰੀ ਨਾਲੋਂ ਉਹ ਆਪਣੇ ਪੇਂਡੂ ਪ੍ਰਸੰਸਕਾਂ ਨੂੰ ਮਿਲਣ ਦੀ ਤਰਜੀਹ ਦੇ ਦਿੰਦਾ ਸੀ। ਉਸ ਨੂੰ ਜਾਣਨ ਵਾਲੇ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਦੋਂ ਅਗਲੀ ਵਾਰ ਗੁਰਮੇਲ ਨੂੰ ਮਿਲਣਗੇ ਤਾਂ ਉਹ ਵੱਖਰੇ ਰੂਪ ਵਿੱਚ ਹੀ ਹੋਵੇਗਾ। ਕਦੇ ਦਾੜ੍ਹੀ ਵਧਾ, ਕਦੇ ਗੰਜ ਕਢਵਾ ਲੈਣਾ ਤੇ ਭਗਵੇਂ ਪਾ ਕੇ ਦਫ਼ਤਰ ਜਾ ਪਹੁੰਚਣਾ। ਉਹ ਜਦੋਂ ਕਦੇ ਨਵੇਂ ਥਾਂ ਜੌਬ ਸੰਭਾਲਦਾ, ਉਦੋਂ ਰਾਜਸਥਾਨੀ ਪਗੜੀ ਬੰਨ੍ਹਣੀ ਨਹੀਂ ਸੀ ਭੁਲਦਾ।

ਉਹ ਲੇਹ ਲਦਾਖ਼ ਵਿਚ ਵੀ ਕਾਫ਼ੀ ਚਿਰ ਤਾਇਨਾਤ ਰਹੇ ਅਤੇ ਕੁਝ ਚਿਰ ਹਿਸਾਰ ਦੂਰਦਰਸ਼ਨ ਦੇ ਨਿਊਜ਼ ਐਡੀਟਰ ਵੀ ਰਹੇ। ਹੁਣ ਤੱਕ ਉਨ੍ਹਾਂ ਦੀ ਸਿਰਫ਼ ਇਕ ਕਿਤਾਬ 'ਇਹ ਕਵਿਤਾ ਨਹੀਂ' ਨਾਂ ਹੇਠ ਛਪੀ ਹੈ ਅਤੇ ਇੱਕ ਕਿਤਾਬ 'ਰਾਜਸਥਾਨ ਦੀ ਗਾਥਾ' ਅਣਛਪੀ ਹੈ। ਇੱਕ ਕਿਤਾਬ ਤਿਤਲੀ ਮੇਰੇ ਕੋਲ ਛਪਣ ਲਈ ਤਿਆਰ ਪਈ ਹੈ। ਉਨ੍ਹਾਂ ਦੀ ਇੱਕ ਰਚਨਾ 'ਮੁੜ ਮੁੜ ਵਾਜਾ ਮਾਰੇ, ਮੈਨੂੰ ਮਿੱਟੀ ਰਾਜਸਥਾਨ ਦੀ' ਰਾਜਸਥਾਨ ਦੇ ਸਕੂਲ ਸਿਲੇਬਸ ਵਿੱਚ ਪੜ੍ਹਾਈ ਜਾਂਦੀ ਹੈ। ਹੋਰ ਵੀ ਬਹੁਤ ਸਾਰੀਆਂ ਲਿਖਤਾਂ ਅਣਛਪੀਆਂ ਪਈਆਂ ਹਨ। ਜਿਸ ਦਾ ਕਾਰਨ ਪਿਛਲੇ ਕਾਫ਼ੀ ਸਮੇਂ ਤੋਂ ਉਨ੍ਹਾਂ ਨੇ ਆਪਣੇ ਆਪ ਨੂੰ ਸ਼ਰਾਬ 'ਚ ਡੁੱਬੋ ਲਿਆ ਸੀ ਤੇ ਬੱਸ ਇਕ ਹੀ ਗੱਲ ਕਹਿੰਦੇ ਸੀ ਕਿ "ਨਹੀਂ ਮੈਂ ਨਹੀਂ ਕੁਝ ਛਪਵਾਉਣਾ।" ਸ਼ਾਇਦ ਕਾਫ਼ੀ ਡੂੰਘੀ ਸੱਟ ਲੱਗੀ ਸੀ ਉਨ੍ਹਾਂ ਦੇ ਦਿਲ 'ਤੇ, ਜਿਸ ਨਾਲ ਉਨ੍ਹਾਂ ਆਪਣੀ ਜ਼ਿੰਦਗੀ 'ਚ ਸ਼ਰਾਬ ਨੂੰ ਸਾਥੀ ਬਣਾ ਲਿਆ ਸੀ।

ਹੁਣ ਮੇਰੀ ਤੇ ਗੁਰਮੇਲ ਸਰਾ ਦੀ ਸਾਂਝ ਦੀ ਗੱਲ; ਬਾਈ ਗੁਰਮੇਲ ਸਰਾ ਮੇਰੇ ਪਿੰਡ ਦੇਸੂ ਮਲਕਾਣੇ ਦੇ ਗੁਆਂਢੀ ਪਿੰਡ ਕਾਲਾਂਵਾਲੀ ਦਾ ਰਹਿਣ ਵਾਲਾ ਸੀ ਤੇ ਸਾਡੇ ਖੇਤ ਵੀ ਕੋਲੋਂ-ਕੋਲ ਸਨ। ਗੁਰਮੇਲ ਬਾਈ ਮੇਰੀ ਸੁਰਤ ਸੰਭਾਲਣ ਤੋਂ ਵੀ ਪਹਿਲਾਂ ਦਾ ਪਿੰਡੋਂ ਬਾਹਰ ਰਹਿੰਦਾ ਸੀ। ਗਿਆਰਾਂ ਕੁ ਸਾਲ ਦੀ ਉਮਰੇ 1980 'ਚ ਅਸੀਂ ਵੀ ਪਿੰਡ ਛੱਡ ਕੇ ਮੰਡੀ ਕਾਲਾਂਵਾਲੀ ਰਹਿਣ ਲੱਗ ਪਏ। ਹੌਲੀ-ਹੌਲੀ ਜਿਵੇਂ ਜਿਵੇਂ ਸਾਹਿਤਕ ਸੋਚ ਆਉਂਦੀ ਗਈ ਤਾਂ ਇਹ ਗੱਲਾਂ ਕੰਨੀਂ ਪੈਣ ਲੱਗ ਪਈਆਂ ਕਿ ਬਾਬੂ ਸਾਬ ਦਾ ਇਕ ਮੁੰਡਾ ਲਿਖਾਰੀ ਤੇ ਅਫ਼ਸਰ ਹੈ। ਜਦੋਂ ਕਦੇ ਖੇਤ ਨੂੰ ਜਾਂਦੇ ਤਾਂ 'ਬਾਬਾ ਨੂੰਨੀਆਂ ਪੀਰ' ਦੀ ਸਮਾਧ ਕੋਲ ਬਾਬੂ ਸਾਬ ਜਾਂ ਉਸ ਦਾ ਕੋਈ ਨਾ ਕੋਈ ਮੁੰਡਾ ਮਿਲ ਪੈਂਦਾ। ਉਦੋਂ ਅੱਜ ਵਰਗਾ ਤੇਜ਼-ਤਰਾਰ ਜ਼ਮਾਨਾ ਨਾ ਹੋਣ ਕਾਰਨ ਕਈ ਵਾਰ ਦਿਲ ਕਰਦਾ ਕਿ ਬਾਈ ਗੁਰਮੇਲ ਬਾਰੇ ਹੋਰ ਜਾਣਿਆ ਜਾਵੇ। ਅਚਾਨਕ ਇਕ ਦਿਨ ਕਾਲਾਂਵਾਲੀ ਪਿੰਡ ਦੇ 'ਕੌਰੇ ਵੈਲੀ' ਨੇ ਥਾਣੇਦਾਰ 'ਤੇ ਗੋਲੀ ਚਲਾ ਦਿੱਤੀ ਤੇ ਕੁਝ ਹੀ ਦਿਨਾਂ ਮਗਰੋਂ ਮੈਂ ਪੰਜਾਬੀ ਟ੍ਰਿਬਿਊਨ 'ਚ 'ਕੌਰੇ ਵੈਲੀ' ਉੱਤੇ ਇੱਕ ਲੇਖ ਦੇਖਿਆ। ਲੇਖ ਦੀ ਬੇਬਾਕ ਭਾਸ਼ਾ ਦੇਖ ਕੇ ਜਦੋਂ ਲਿਖਾਰੀ ਬਾਰੇ ਜਾਣਨਾ ਚਾਹਿਆ ਤਾਂ ਉੱਥੇ ਗੁਰਮੇਲ ਸਰਾ ਦਾ ਨਾਂ ਪੜ੍ਹ ਕੇ ਦਿਲ ਬਾਗੋ ਬਾਗ਼ ਹੋ ਗਿਆ। ਉਸੇ ਦਿਨ ਤੋਂ ਹੀ ਮੇਰੇ ਮਨ ਅੰਦਰ ਇਕ ਚਾਹਤ ਜਿਹੀ ਜਾਗ ਪਈ ਕਿ 'ਮਿੰਟੂ ਬਰਾੜਾ' ਜੇ ਲਿਖਣ ਬਾਰੇ ਕੁਝ ਸਿੱਖਣਾ ਚਾਹੁੰਦਾ ਹੈਂ ਤਾਂ ਇਸ ਇਨਸਾਨ ਨੂੰ ਗੁਰੂ ਧਾਰ ਲੈ।

ਕਾਫ਼ੀ ਕੋਸ਼ਿਸ਼ਾਂ ਦੇ ਬਾਵਜੂਦ ਕਿਸੇ ਵੀ ਢੰਗ ਨਾਲ ਮੇਰਾ ਗੁਰਮੇਲ ਬਾਈ ਨਾਲ ਮੇਲ ਨਾ ਹੋ ਸਕਿਆ। ਬੱਸ ਉਨ੍ਹਾਂ ਬਾਰੇ ਹਰ ਰੋਜ਼ ਨਵੇਂ-ਨਵੇਂ ਕਿੱਸੇ ਬਾਈ ਭੁਪਿੰਦਰ ਪੰਨੀਵਾਲੀਆ ਕੋਲੋਂ ਸੁਣਦਾ ਰਿਹਾ ਕਿਉਂਕਿ ਪੰਨੀਵਾਲੀਆ ਬਾਈ ਨੂੰ ਕੁਝ ਸਮਾਂ ਉਨ੍ਹਾਂ ਨਾਲ ਅਖ਼ਬਾਰ 'ਚ ਕੰਮ ਕਰਨ ਦਾ ਮੌਕਾ ਮਿਲਿਆ ਸੀ। ਬਾਈ ਭੁਪਿੰਦਰ ਦੀਆਂ ਗੱਲਾਂ ਸੁਣ-ਸੁਣ ਕੇ ਇਹੋ ਜਿਹੇ ਫ਼ੱਕਰ ਨੂੰ ਮਿਲਣ ਲਈ ਦਿਲ ਹੋਰ ਉਤਸੁਕ ਹੋ ਗਿਆ।

ਜਦੋਂ ਬਾਈ ਗੁਰਮੇਲ ਬਠਿੰਡੇ ਰਹਿੰਦਾ ਸੀ ਤਾਂ ਇੱਕ ਦਿਨ ਮੈਂ ਤੇ ਮੇਰਾ ਭੂਆ ਦਾ ਪੁੱਤ ਘੱਟ ਤੇ ਜੁੰਡੀ ਦਾ ਯਾਰ ਜ਼ਿਆਦਾ ਕਸ਼ਮੀਰ ਸਰਾ ਕਿਸੇ ਕੰਮ ਗੁਰਮੇਲ ਬਾਈ ਦੇ ਘਰ ਗਏ। ਆਪਣੇ ਦਿਲੋਂ ਮੰਨੇ ਇਸ ਗੁਰੂ ਨੂੰ ਮਿਲਣ ਦਾ ਅੰਦਰੋਂ-ਅੰਦਰੀਂ ਬੜਾ ਚਾਅ ਜਿਹਾ ਸੀ। ਪਰ ਜਦੋਂ ਅਸੀਂ ਉਨ੍ਹਾਂ ਦੀ ਕੋਠੀ ਦੀ ਘੰਟੀ ਖੜਕਾਈ ਤਾਂ ਇਕ ਨੌਕਰ ਬਾਹਰ ਆ ਕੇ ਸਾਡੇ ਕੋਲੋਂ ਸੁਨੇਹਾ ਲੈ ਗਿਆ ਤੇ ਕਹਿੰਦਾ ਕੋਈ ਘਰ ਨਹੀਂ, ਜਦੋਂ ਆਏ ਤਾਂ ਦੱਸ ਦੇਵਾਂਗਾ। ਉਸ ਦਿਨ ਤੋਂ ਬਾਅਦ ਜ਼ਿੰਦਗੀ ਓਵੇਂ ਹੀ ਚਲਦੀ ਰਹੀ ਤੇ ਮੇਰਾ ਧੁਰ ਅੰਦਰੋਂ ਧਾਰੇ ਗੁਰੂ 'ਗੁਰਮੇਲ' ਨਾਲ ਮੇਲ ਨਾ ਹੋ ਸਕਿਆ।

ਸੰਨ 2000 ਚੜ੍ਹਦੇ-ਚੜ੍ਹਦੇ ਨੈਟ ਦਾ ਜ਼ਮਾਨਾ ਆ ਗਿਆ। ਇਸ ਆਧੁਨਿਕਤਾ ਨੇ ਚਿਰਾਂ ਤੋਂ ਮਿਲਣ ਦੀ ਤਾਂਘ ਨੂੰ ਉਸ ਵਕਤ ਖ਼ਤਮ ਕਰ ਦਿੱਤਾ ਜਦੋਂ ਮੇਰੀ ਲਿਖੀ ਇਕ ਕਵਿਤਾ ਪੜ੍ਹ ਕੇ ਇਕ ਈ-ਮੇਲ ਆਈ ਕਿ ''ਇਹ ਕੀ ਕਮਲ ਜਿਹਾ ਮਾਰੀ ਜਾਂਦੈਂ ਕਾਕਾ।'' ਤੇ ਨਾਲ ਹੀ ਉਨ੍ਹਾਂ ਮੈਨੂੰ ਲਿਖਿਆ ਕਿ ਤੂੰ ਬਾਗ਼ ਵਾਲੇ ਸੁਰਜੀਤ ਸਿੰਘ ਕੇ ਲਾਣੇ 'ਚੋਂ ਲਗਦੈਂ। ਉਸ ਈ-ਮੇਲ ਦਾ ਸਿਰਨਾਵਾਂ ਕਾਲਾਂਵਾਲੀ ਐਟ ਜੀ ਮੇਲ ਡਾਟ ਕੌਮ ਸੀ, ਜਿਸ ਤੋਂ ਲਿਖਣ ਵਾਲੇ ਬਾਰੇ ਕੋਈ ਪਤਾ ਨਹੀਂ ਲੱਗ ਰਿਹਾ ਸੀ। ਬੱਸ ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ ਕਿ ਹੈ ਤਾਂ ਕੋਈ ਸਾਹਿਤਕ ਅਤੇ ਮੇਰੇ ਤੋਂ ਵੱਡੀ ਉਮਰ ਦਾ, ਪਰ ਇਹ ਨਹੀਂ ਪਤਾ ਲੱਗ ਰਿਹਾ ਸੀ ਕਿ ਹੈ ਕੌਣ ?

ਮੈਂ ਈ-ਮੇਲ ਦਾ ਜਵਾਬ ਲਿਖਿਆ ਕਿ ''ਜੀ ਹਾਂ ! ਮੈਂ ਰਘਬੀਰ ਸਿੰਘ ਦਾ ਪੁੱਤਰ ਤੇ ਸੁਰਜੀਤ ਸਿੰਘ ਬਾਗ਼ ਵਾਲਿਆਂ ਦਾ ਪੋਤਾ ਹਾਂ। ਅਸਲ 'ਚ ਮੈਂ ਕਵਿਤਾ ਨਹੀਂ ਲਿਖਦਾ ਮੈਂ ਤਾਂ ਵਾਰਤਕ ਲਿਖਣ ਦੀ ਕੋਸ਼ਿਸ਼ ਕਰਦਾ ਹਾਂ। ਇਹ ਤਾਂ ਐਵੇਂ ਦਿਲ ਦੀ ਭੜਾਸ ਜਿਹੀ ਸੀ, ਜੋ ਕੱਢ ਲਈ ਤੇ ਇੱਕ ਦੋ ਨੇ ਛਾਪ ਦਿੱਤੀ।''

ਮੂਹਰੋਂ ਜਵਾਬ ਆਇਆ ਕਿ ''ਤੇਰੇ ਗੁਰੂ ਨੇ ਸਿਖਾਇਆ ਨਹੀਂ ਕਿ ਕਵਿਤਾ ਕੀ ਹੁੰਦੀ ਹੈ ?''

ਮੇਰੀ ਸ਼ਸ਼ੋਪੰਜ ਵੱਧ ਗਈ ਕਿ ਇਹ ਕੀ ਚੀਜ਼ ਹੈ, ਜੋ ਇੰਝ ਕਹਿ ਰਿਹਾ ਹੈ। ਪਰ ਮੇਰੀ ਜੁਰੱਅਤ ਨਾ ਪਵੇ ਕਿ ਮੈਂ ਪੁੱਛ ਲਵਾਂ ਕਿ ਤੁਸੀਂ ਕੌਣ ਹੋ ਜੀ, ਇਸ ਤਰ੍ਹਾਂ ਕਹਿਣ ਵਾਲੇ ? ਪਰ ਜਦੋਂ ਉਨ੍ਹਾਂ ਗੁਰੂ ਵਾਲੀ ਰਗ 'ਤੇ ਹੱਥ ਧਰਿਆ ਤਾਂ ਮੈਂ ਕਿਹਾ, ''ਜੀ ! ਮੇਰਾ ਗੁਰੂ ਤਾਂ ਮਾੜਾ ਨਹੀਂ ਹੈ ਜੀ ਪਰ ਬੱਸ ਹਾਲੇ ਤੱਕ ਮੇਰੀ ਆਵਾਜ਼ ਮੇਰੇ ਗੁਰੂ ਤੱਕ ਪਹੁੰਚੀ ਨਹੀਂ। ਜਦੋਂ ਪਹੁੰਚ ਗਈ ਉਦੋਂ ਸ਼ਾਇਦ ਤੁਹਾਡੇ ਮੇਰੀ ਲੇਖਣੀ ਪ੍ਰਤੀ ਇਹੋ ਜਿਹੇ ਗਿਲੇ ਨਾ ਹੋਣ।''

''ਯਾਰ ! ਇਹੋ ਜਿਹਾ ਤੇਰਾ ਗੁਰੂ ਹੋਣਾ, ਜੋ ਤੇਰੀ ਆਵਾਜ਼ ਹੀ ਨਹੀਂ ਸੁਣਦਾ।''

''ਨਹੀਂ ਜੀ ! ਮੇਰੇ ਗੁਰੂ ਦਾ ਕੋਈ ਕਸੂਰ ਨਹੀਂ, ਕਸੂਰ ਤਾਂ ਮੇਰਾ ਹੀ ਹੈ। ਮੈਂ ਬੱਸ ਅੰਦਰੋਂ ਹੀ ਗੁਰੂ ਧਾਰੀ ਬੈਠਾ, ਕਦੇ ਗੁਰੂ ਕੋਲ ਗਿਆ ਨਹੀਂ।''

''ਕਾਕਾ ਕਲਯੁੱਗ 'ਚ ਕਿਹੋ ਜਿਹੀਆਂ ਗੱਲਾਂ ਕਰ ਰਿਹਾ ? ਹੁਣ ਨਾ ਤਾਂ ਉਹੋ ਜਿਹੇ ਗੁਰੂ ਹਨ ਤੇ ਨਾ ਉਹੋ ਜਿਹੇ ਚੇਲੇ ਜਿਹੜੇ ਦਿਲ ਦੀਆਂ ਗੱਲਾਂ ਸਮਝ ਲੈਣ। ਚੱਲ ਛੱਡ ! ਤੇਰਾ ਗੁਰੂ ਤਾਂ ਜਦੋਂ ਕੁਝ ਤੈਨੂੰ ਦੱਸੂ ਦੇਖੀ ਜਾਊ। ਮੈਂ ਤੇਰੀ ਇਹ ਕਵਿਤਾ ਸੋਧ ਕੇ ਭੇਜਦਾ, ਫੇਰ ਦੱਸੀ ਕਿ ਕਿਵੇਂ ਲੱਗੀ।''

ਥੋੜ੍ਹੇ ਜਿਹੇ ਚਿਰ ਪਿੱਛੋਂ ਮੇਰੀ ਕਵਿਤਾ ਦਾ ਨਵਾਂ ਅਵਤਾਰ ਮੇਰੇ ਸਾਹਮਣੇ ਸੀ। ਮੈਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਉਸ ਇਨਸਾਨ ਨੇ ਬਿਨਾਂ ਕੋਈ ਮਤਲਬ ਬਦਲੇ ਮੇਰੀ ਗੱਲ ਮੇਰੇ ਨਾਲੋਂ ਅੱਧੇ ਸ਼ਬਦਾਂ 'ਚ ਪਰੋ ਕੇ ਕਵਿਤਾ ਨੂੰ ਤਰਾਸ਼ ਦਿਤਾ ਸੀ। ਨਾਲ ਹੀ ਬੜੀ ਠੇਠ ਭਾਸ਼ਾ 'ਚ ਲਿਖਿਆ

ਸੀ, "ਕਿਉਂ ? ਹੁਣ ਮੰਨਦਾ ਸਾਨੂੰ ਗੁਰੂ ?"

ਮੈਂ ਧੰਨਵਾਦ ਕੀਤਾ ਤੇ ਕਿਹਾ "ਬਿਲਕੁਲ ਜੀ ! ਤੁਸੀਂ ਗੁਰੂ ਬਣਨ ਦੇ ਕਾਬਿਲ ਹੋ, ਪਰ ਇਕ ਬਾਰ ਮੈਂ ਆਪਣੇ ਗੁਰੂ ਨੂੰ ਮਿਲਣਾ ਚਾਹੁੰਦਾ ਹਾਂ। ਜੇ ਉਨ੍ਹਾਂ ਮੈਨੂੰ ਨਾ ਅਪਣਾਇਆ ਤਾਂ ਤੁਹਾਨੂੰ ਗੁਰੂ ਮੰਨ ਲਵਾਂਗਾ।"

"ਇਹੋ ਜਿਹਾ ਕਿਹੜਾ ਤੇਰਾ ਗੁਰੂ ਹੈ। ਕੀ ਪਤਾ ਮੈਂ ਜਾਣਦਾ ਹੀ ਹੋਵਾਂ ਤੇਰੇ ਗੁਰੂ ਨੂੰ ?"

"ਜੀ ਉਨ੍ਹਾਂ ਦਾ ਨਾਂ ਬਾਈ ਗੁਰਮੇਲ ਸਰਾ ਹੈ।"

"ਅੱਛਾ ਅੱਛਾ ਤੇਰਾ ਫ਼ੋਨ ਨੰਬਰ ਕੀ ਹੈ ?" ਏਨਾ ਸੁਣ ਕੇ ਉਨ੍ਹਾਂ ਕਿਹਾ ।

ਮੈਂ ਹਾਲੇ ਆਪਣਾ ਨੰਬਰ ਉਨ੍ਹਾਂ ਨੂੰ ਘੱਲਿਆ ਹੀ ਸੀ ਕਿ ਮੇਰੇ ਕੋਲ ਪਿਆ ਫ਼ੋਨ ਵੱਜ ਉੱਠਿਆ। ਸੋਚਿਆ ਕਿਸੇ ਗੈਸ ਲੈਣ ਵਾਲੇ ਦਾ ਹੋਵੇਗਾ। ਪਰ ਜਦ ਮੈਂ ਦੇਖਿਆ ਕਿ ਲੰਮੀ ਘੰਟੀ ਵੱਜਦੀ ਹੈ ਜ਼ਰੂਰ ਕੋਈ ਬਾਹਰ ਦਾ ਫ਼ੋਨ ਹੋਣਾ। ਜਦੋਂ ਮੈਂ ਫ਼ੋਨ ਚੁੱਕਿਆ ਤਾਂ ਮੂਹਰੋਂ ਠੇਠ ਪੇਂਡੂ ਭਾਸ਼ਾ 'ਚ ਬੋਲਣ ਵਾਲਾ ਕਹਿੰਦਾ "ਕਿੱਦਾਂ ਬੱਚਾ ?"

ਮੇਰੇ ਗੱਲ ਸਮਝ ਨਹੀਂ ਆਈ, ਮੈਂ ਕਿਹਾ "ਕੌਣ ਬੋਲਦੇ ਹੋ ਜੀ ?"

ਤਾਂ ਕਹਿੰਦੇ "ਬੱਚਾ ਤੇਰਾ ਗੁਰੂ ਬੋਲਦਾਂ" ਤੇ ਨਾਲ ਹੀ ਖਚਰੀ ਜਿਹੀ ਹਾਸੀ ਹੱਸਣ ਲੱਗ ਪਿਆ। ਮੇਰੇ ਕੁਝ ਕੁ ਤਾਂ ਗੱਲ ਸਮਝ ਆ ਗਈ ਪਰ ਯਕੀਨ ਨਹੀਂ ਸੀ ਹੋ ਰਿਹਾ। ਕਦੇ ਲੱਗੇ ਕਿ ਉਸ ਈ-ਮੇਲ ਵਾਲੇ ਬੰਦੇ ਨੇ ਮੇਰਾ ਨੰਬਰ ਬਾਈ ਨੂੰ ਦੇ ਦਿੱਤਾ ਤੇ ਮੇਰਾ ਸੁਨੇਹਾ ਵੀ। ਕਦੇ ਲੱਗੇ ਹੋਰ 'ਕਾਲਾਂਵਾਲੀ' ਲਿਖਣ ਵਾਲਾ ਬੰਦਾ ਕੌਣ ਹੋ ਸਕਦਾ, ਜੋ ਮੈਨੂੰ ਈ-ਮੇਲ ਕਰ ਰਿਹਾ ਸੀ ! ਪਰ ਅਖੀਰ ਜਦੋਂ ਸਾਰੀ ਗੱਲ ਤੋਂ ਪਰਦਾ ਲਹਿ ਗਿਆ ਤਾਂ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਬਾਈ ਗੁਰਮੇਲ ਦੇ ਕਿੱਸੇ ਸੁਣ-ਸੁਣ ਕੇ ਮੇਰੇ ਮਨ 'ਚ ਇੱਕ ਡਰ ਜਿਹਾ ਬੈਠਿਆ ਪਿਆ ਸੀ ਕਿ ਪਤਾ ਨਹੀਂ ਕਿੰਨਾ ਕੁ ਅੜਬ ਬੰਦਾ ਹੋਣਾ ! ਪਰ ਜਦੋਂ ਉਨ੍ਹਾਂ ਨਾਲ ਗੱਲ ਹੋਈ ਤਾਂ ਯਕੀਨ ਨਾ ਆਵੇ ਕਿ ਇੱਕ ਏਡਾ ਉੱਚ ਅਧਿਕਾਰੀ ਇੰਨਾ ਸਾਦ-ਮੁਰਾਦਾ ਵੀ ਹੋ ਸਕਦਾ ਹੈ।

ਗੱਲ ਅੱਗੇ ਤੋਰਦੇ ਹਾਂ, ਬੱਸ ਜੀ ਫੇਰ ਕੀ ਸੀ ਬਾਈ ਨੇ ਪੰਗਾ ਲੈ ਲਿਆ ਮੈਨੂੰ ਚੇਲਾ ਧਾਰ ਕੇ। ਉਦੋਂ ਹਾਲੇ ਯਾਹੂ ਦਾ ਜ਼ਮਾਨਾ ਸੀ। ਜਦੋਂ ਬਾਈ ਨੇ ਆਨਲਾਈਨ ਹੋਣਾ ਤੇ ਆਪਾਂ ਚੰਬੜ ਜਾਣਾ ਜੋਕ ਵਾਂਗ। ਕਦੇ-ਕਦੇ ਅੱਕ ਕੇ ਜੇ ਮੈਨੂੰ ਲਾਹ ਕੇ ਮਾਰਨਾ ਪਰ ਫੇਰ ਆਪ ਹੀ ਬੁਲਾ ਲੈਣਾ "ਲੈ ਹੁਣ ਦੱਸ ! ਉਦੋਂ ਬੀੜੀ-ਬੱਤੀ ਨਹੀਂ ਪੀਤੀ ਸੀ।" ਮੈਂ ਬੜਾ ਹੈਰਾਨ ਹੋਣਾ ਕਿ ਬਾਈ ਇਸ ਮੁਕਾਮ 'ਤੇ ਪਹੁੰਚ ਕੇ ਬੀੜੀ ਥੋੜ੍ਹਾ ਪੀਂਦਾ ਹੋਣਾ ! ਇਹ ਤਾਂ ਐਵੇਂ ਮੈਨੂੰ ਮਜ਼ਾਕ ਕਰਦੇ ਹੋਣੇ ਨੇ ! ਫੇਰ ਔਰਕੁਟ ਦੇ ਜ਼ਮਾਨੇ ਦੀ ਗੱਲ ਸੁਣ ਲਵੋ, ਇਕ ਦਿਨ ਉਹ ਮੇਰੇ ਨਾਲ ਚੈਟ ਕਰ ਰਹੇ ਸਨ ਤਾਂ ਬ੍ਰਿਸਬੇਨ ਤੋਂ ਮੇਰੇ ਇੱਕ ਮਿੱਤਰ 'ਅਰਵਿੰਦਰ ਸਰਾ' ਦਾ ਫੋਨ ਆਇਆ । ਉਹ ਕਹਿੰਦਾ "ਵੀਰ ਜੀ ! ਆਹ ਗੁਰਮੇਲ ਸਰਾ ਕੀ ਚੀਜ਼ ਹੈ ?" ਮੈਂ ਪੁੱਛਿਆ ਕਿ ਕੀ ਹੋ ਗਿਆ ? ਕਹਿੰਦਾ "ਫੋਟੋ ਤੋਂ ਦੇਖਣ 'ਚ ਤਾਂ ਦੇਸੀ ਜਿਹਾ ਬੰਦਾ ਲਗਦਾ ਪਰ ਜਦੋਂ ਕਦੇ ਉਸ ਦੀਆਂ ਗਲਾਂ ਪੜ੍ਹਨੀਆਂ ਹੋਣ ਤਾਂ ਕੋਲ ਡਿਕਸ਼ਨਰੀ ਰੱਖਣੀ ਪੈਂਦੀ ਹੈ।" ਸਮਾਂ ਲੰਘਦਾ ਗਿਆ ਗੁਰੂ ਨਾਲ ਮੇਲ ਹੋ ਕੇ ਵੀ ਹਾਲੇ 'ਗੁਰਮੇਲ' ਨੂੰ ਮਿਲ ਨਹੀਂ ਸੀ ਸਕਿਆ। ਜਦੋਂ ਵੀ ਮਿਲਣ ਦੀ ਕੋਸ਼ਿਸ਼ ਕਰਨੀ ਕੋਈ ਨਾ ਕੋਈ ਮਜ਼ਬੂਰੀ ਹੋ ਜਾਣੀ। ਕਦੇ ਬਾਈ ਨੂੰ ਵਿਹਲ ਨਹੀਂ ਤੇ ਕਦੇ ਮੈਂ ਉਲਝ ਜਾਣਾ। ਪਰ ਸਾਡਾ ਫੋਨੀਂ ਰਾਬਤਾ ਹਰ ਰੋਜ਼ ਕਿਸੇ ਨਾ ਕਿਸੇ ਗੱਲ ਤੇ ਹੋ ਹੀ ਜਾਂਦਾ ਸੀ।

ਮੈਂ ਬਾਈ ਦੀ ਯਾਦਦਾਸ਼ਤ, ਆਪਣੇ ਪਿੰਡ ਅਤੇ ਆਪਣੀ ਮਿੱਟੀ ਪ੍ਰਤੀ ਮੋਹ
ਤੋਂ ਬੜਾ ਹੈਰਾਨ ਸੀ। ਇਕ ਦਿਨ ਮੈਂ ਆਪਣੀ ਬਚਪਨ ਦੀ ਇਕ ਫ਼ੋਟੋ ਸ਼ੇਅਰ ਕੀਤੀ ਤਾਂ ਬਾਈ ਕਹਿੰਦੇ ਕਿ "ਇਹ ਤਾਂ ਮਾਖੇ ਵਾਲੀ ਨਹਿਰ 'ਤੇ ਖਿੱਚੀ ਲਗਦੀ ਹੈ।" ਮੈਂ ਹੈਰਾਨ ਸੀ ਕਿ ਇਹ ਵੀਹ ਵਰ੍ਹੇ ਪੁਰਾਣੀ ਫ਼ੋਟੋ ਬਾਈ ਨੇ ਕਿਵੇਂ ਪਛਾਣ ਲਈ, ਜੋ ਸੱਚੀ ਮੇਰੇ ਤਾਏ ਦੇ ਪੁੱਤ ਦੇ ਵਿਆਹ 'ਚ ਮਾਖੇ ਪਿੰਡ 'ਚ ਹੀ ਖਿੱਚੀ ਸੀ। ਉਹ ਅਕਸਰ ਹੀ ਮੈਨੂੰ ਕਹਿੰਦੇ ਹੁੰਦੇ ਸੀ ਕਿ ਉਹ ਇੱਕ ਵੀ ਦਰਖ਼ਤ ਨਹੀਂ ਭੁੱਲਿਆ ਹਾਲੇ, ਦਰਖ਼ਤ ਦੀ ਫ਼ੋਟੋ ਦੇਖ ਕੇ ਦੱਸ ਦੇਵਾਂਗਾ ਕਿ ਇਹ ਸਾਡੇ ਕੱਸੀ ਵਾਲੇ ਰਾਹ ਦਾ ਜਾਂ ਕਿਤੇ ਹੋਰ ਥਾਂ ਦਾ।

ਉਹ ਦੇ ਫੱਕਰਪੁਣੇ ਦੀ ਸੁਣ ਲਵੋ; ਚੰਡੀਗੜ੍ਹ ਡਿਪਟੀ ਡਾਇਰੈਕਟਰ ਦੇ ਅਹੁਦੇ 'ਤੇ ਬੈਠੇ ਇਸ ਇਨਸਾਨ ਨੂੰ ਜੇ ਕਦੇ ਫੋਨ ਕਰਦੇ ਤਾਂ ਮੂਹਰੋਂ ਕਹਿੰਦਾ "ਫੇਰ ਕਰੀਂ ਯਾਰ! ਹੁਣ ਤਾਂ ਸੀਪ ਦੀ ਬਾਜੀ ਅੜੀ ਪਈ ਹੈ।" ਪੁੱਛਣ ਤੋਂ ਪਤਾ ਲਗਦਾ ਕਿ ਬਾਈ ਆਪਣੇ ਦਫ਼ਤਰ ਦੇ ਬਾਹਰ ਫੁੱਟਪਾਥ 'ਤੇ ਕੁਝ ਲੇਬਰ ਵਾਲਿਆਂ ਬੰਦਿਆਂ ਦੇ ਸਿਰ 'ਤੇ ਖੜ੍ਹਾ ਤਾਸ਼ ਦੀ ਬਾਜ਼ੀ ਦੇ ਨਜ਼ਾਰੇ ਲੈ ਰਿਹਾ। ਉਹ ਨਾ ਤਾਂ ਕਪੜੇ-ਲੀੜੇ ਹੀ ਇਹੋ ਜਿਹੇ ਪਾਉਂਦਾ ਸੀ ਤੇ ਨਾ ਹੀ ਬੋਲਣ ਲੱਗਾ ਅੱਗਾ-ਪਿੱਛਾ ਦੇਖਦਾ ਸੀ, ਜਿਸ ਨਾਲ ਕਿਸੇ ਨੂੰ ਪਤਾ ਲੱਗ ਸਕੇ ਕਿ ਇਹ ਤਿੰਨ ਰਾਜਾਂ ਦੇ ਉਤੇ ਲੱਗਾ ਅਫ਼ਸਰ ਹੈ।

ਕਿਸਮਤ ਮੈਨੂੰ ਵਿਦੇਸ਼ ਲੈ ਆਈ ਪਰ ਗੁਰੂ ਚੇਲੇ ਵਾਲਾ ਸਾਥ ਓਵੇਂ ਹੀ ਕਾਇਮ ਰਿਹਾ। ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਇਕ ਵਾਇਨਰੀ 'ਚ ਜੌਬ ਕਰ ਰਿਹਾ ਹਾਂ ਤਾਂ ਮੈਨੂੰ ਕਹਿੰਦੇ "ਬੱਸ ਜਦੋਂ ਆਇਆ ਗੁਰੂ ਦੱਛਣਾ 'ਚ ਦੋ ਵਾਈਨ ਦੀਆਂ ਬੋਤਲਾਂ ਲੈ ਆਈਂ।" ਮੈਂ ਇੰਡੀਆ ਜਾਣ ਲੱਗੇ ਨੇ ਸਿਰੇ ਦੀ ਵਾਈਨ ਖ਼ਰੀਦੀ ਪਰ ਕਿਸੇ ਕਾਰਨਾਂ ਕਰ ਕੇ ਉਹ ਇੰਡੀਆ ਨਾ ਪਹੁੰਚ ਸਕੀ। ਪਰ ਗੁਰੂ ਨਾਲ ਵਾਅਦਾ ਕੀਤਾ ਸੀ ਕਿ ਰਿਵਰਲੈਂਡ ਦੀ ਵਾਈਨ ਲਿਆ ਕੇ ਦੇਵਾਂਗਾ। ਕਈ ਜੁਗਾੜ
ਲਾਉਣ ਦੀ ਕੋਸ਼ਿਸ਼ ਕੀਤੀ, ਕੋਈ ਹੱਲ ਨਹੀਂ ਹੋਇਆ। ਮੈਨੂੰ ਪਤਾ ਸੀ ਮੇਰੇ ਗੁਰੂ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ। ਕਿਵੇਂ ਨਾ ਕਿਵੇਂ ਚੰਡੀਗੜ੍ਹ ਤੋਂ ਰਿਵਰਲੈਂਡ ਦੀ ਵਾਈਨ ਮਿਲ ਗਈ। ਮੈਂ ਦੋ ਬੋਤਲਾਂ ਲੈ ਕੇ ਜਦੋਂ ਗੁਰੂ ਕੋਲ ਪਹੁੰਚਿਆ ਤਾਂ ਘਰ ਦਿਆਂ ਨੇ ਦੱਸਿਆ ਕਿ ਦਿਨ ਰਾਤ ਸ਼ਰਾਬ ਪੀ-ਪੀ ਕੇ ਉਨ੍ਹਾਂ ਦੀ ਹਾਲਤ ਬਹੁਤ ਖ਼ਰਾਬ ਹੈ। ਡਾਕਟਰ ਕਹਿੰਦਾ ਸ਼ਰਾਬ ਇਹਨਾਂ ਲਈ ਜ਼ਹਿਰ ਹੈ। ਮੈਨੂੰ ਸਮਝ ਨਾ ਆਵੇ ਕਿ ਮੈਂ ਇਸ ਹਾਲਤ 'ਚ ਆਪਣੇ ਗੁਰੂ ਨੂੰ ਉਨ੍ਹਾਂ ਦੀ ਮੌਤ ਦਾ ਸਮਾਨ ਕਿਵੇਂ ਭੇਂਟ ਕਰਾਂ ਤੇ ਕਿਵੇਂ ਆਪਣੇ ਕੀਤੇ ਵਾਅਦੇ ਤੋਂ ਮੁੱਕਰਾਂ! ਜ਼ਿੰਦਗੀ 'ਚ ਪਹਿਲੀ ਵਾਰ ਧਰਮ ਸੰਕਟ ਵਿਚ ਫਸਣ ਦਾ ਸੁਆਦ ਚਖਿਆ।

ਚਲੋ ਜੀ! ਉਨ੍ਹਾਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਜਦੋਂ ਮੇਰੇ ਆਉਣ ਬਾਰੇ ਦੱਸਿਆ ਤਾਂ ਉਹ ਉੱਠ ਕੇ ਬਹਿ ਗਏ। ਬਹੁਤ ਰੋਏ ਤੇ ਨਾਲ-ਨਾਲ ਕਾ.ਗਜ਼ਾਂ ਦੇ ਭਰੇ ਲਿਫ਼ਾਫ਼ਿਆਂ ਵਿੱਚੋਂ ਕਾ.ਗਜ਼ ਕੱਢ-ਕੱਢ ਕੇ ਆਪਣੀਆਂ ਰਚਨਾਵਾਂ ਸੁਣਾਉਂਦੇ ਰਹੇ। ਇਹੋ ਜਿਹੇ ਹਾਲਾਤ ਵਿੱਚ ਵੀ ਉਹ ਮੈਨੂੰ ਕਹਿ ਰਹੇ ਸੀ ਯਾਰ ਮੈਂ ਬੜਾ ਦੁਖੀ ਹਾਂ, ਉਨ੍ਹਾਂ ਵਿਦਵਾਨਾਂ ਤੋਂ ਜੋ ਪੰਜਾਬੀ ਦਾ ਘਾਣ ਕਰੀ ਜਾਂਦੇ ਹਨ। ਉਨ੍ਹਾਂ ਇਕ ਅਜੀਬ ਸੱਚ ਦੱਸਿਆ ਕਿ ਪੰਜਾਬੀ ਅਨੁਵਾਦਕਾਂ ਨੇ ਦੁਨੀਆ ਵਿਚ ਸਭ ਤੋਂ ਵੱਧ ਪੜ੍ਹੀ ਤੇ ਸਭ ਤੋਂ ਜ਼ਿਆਦਾ ਭਾਸ਼ਾਵਾਂ 'ਚ ਅਨੁਵਾਦ ਹੋਈ ਕਿਤਾਬ 'ਮੇਰਾ ਦਾਗ਼ਿਸਤਾਨ' ਦੇ ਲੇਖਕ ਦਾ ਨਾਂ ਹੀ ਗ਼ਲਤ ਲਿਖ ਦਿੱਤਾ ਹੋਰ ਗ਼ਲਤੀਆਂ ਤਾਂ ਛੱਡੋ। ਉਹ ਕਹਿੰਦੇ ਰੂਸੀ ਭਾਸ਼ਾ 'ਚ ਕਿਸੇ ਸ਼ਬਦ ਦਾ ਅੰਤਿਮ ਅੱਖਰ

ਵੀ ਹੋਵੇ ਤਾਂ ਉਸ ਨੂੰ 'ਫੱਫਾ' ਬੋਲਿਆ ਜਾਂਦਾ ਹੈ। ਪਰ ਸਾਡੇ ਲੋਕਾਂ ਨੇ ਪਿਛਲੇ ਤੀਹ ਵਰ੍ਹਿਆਂ ਤੋਂ ਰਸੂਲ ਹਮਜ਼ਾਤੋਫ ਨੂੰ ਰਸੂਲ ਹਮਜ਼ਾਤੋਵ ਹੀ ਬਣਾ ਦਿੱਤਾ ਹੈ।

ਜਦੋਂ ਉਨ੍ਹਾਂ ਦੀ ਧਰਮ-ਪਤਨੀ ਮੇਰੇ ਲਈ ਚਾਹ ਲੈ ਕੇ ਆਈ ਤਾਂ ਉਹ ਨੂੰ ਕਹਿੰਦੇ "ਚਾਹ ਨਾ ਦਿਓ ਮੈਨੂੰ ਸ਼ਰਾਬ, ਮੇਰਾ ਚੇਲਾ ਆਇਆ ਮੇਰੇ ਲਈ ਆਸਟ੍ਰੇਲੀਆ ਦੀ ਵਾਈਨ ਲੈ ਕੇ।" ਹਾਲਾਂਕਿ ਮੈਂ ਉਹ ਬੋਤਲਾਂ ਪਹਿਲਾਂ ਹੀ ਉਨ੍ਹਾਂ ਦੀ ਬੇਟੀ ਨੂੰ ਸੰਭਾਲ ਚੁੱਕਿਆ ਸੀ ਕਿ ਜੇ ਸ਼ਰਾਬ ਇਹਨਾਂ ਲਈ ਏਨੀ ਮਾੜੀ ਹੈ ਤਾਂ ਚਲੋ ਮੈਂ ਨਹੀਂ ਦਿੰਦਾ। ਹੁਣ ਮੈਂ ਹੋਰ ਫਸ ਚੁੱਕਿਆ ਸੀ ਇਕ ਪਾਸੇ ਗੁਰੂ ਦੱਛਣਾ ਤੇ ਦੂਜੇ ਪਾਸੇ ਗੁਰੂ ਦੀ ਜ਼ਿੰਦਗੀ।

ਇਸ ਤੋਂ ਬਾਅਦ ਵੀ ਕਈ ਬਾਰ ਆਪਣੇ ਕਲਮੀ ਗੁਰੂ ਨਾਲ ਮੇਲ ਹੋਇਆ ਤੇ ਹਰ ਬਾਰ ਉਨ੍ਹਾਂ ਦੀ ਹਾਲਤ ਦੇਖ ਕੇ ਲੱਗਦਾ ਕਿ ਇਹ ਮੇਰੀ ਉਨ੍ਹਾਂ ਨਾਲ ਆਖ਼ਰੀ ਮੁਲਾਕਾਤ ਹੈ, ਪਰ ਹੈਰਾਨੀ ਉਦੋਂ ਹੋਈ ਜਦੋਂ ਉਨ੍ਹਾਂ ਦਾ ਇਕ ਲੇਖ 'ਬਾਬਾ ਮੌਤ ਨੂੰ ਮਖ਼ੌਲ ਕਰਦਾ' ਪੜ੍ਹਿਆ। ਫੇਰ ਹੌਸਲਾ ਜਿਹਾ ਪਿਆ ਕਿ ਇਸ ਸਿਰੜੀ ਇਨਸਾਨ ਤੋਂ ਤਾਂ ਮੌਤ ਵੀ ਡਰਦੀ ਹੈ, ਪਰ ਆਖ਼ਿਰ ਸਦਾ ਦੀ ਤਰ੍ਹਾਂ ਮੌਤ ਬਲਵਾਨ ਹੋ ਨਿੱਬੜੀ।

ਬਾਈ ਗੁਰਮੇਲ ਭਾਵੇਂ ਅੱਜ ਸਾਡੇ 'ਚ ਨਹੀਂ ਹਨ ਪਰ ਉਨ੍ਹਾਂ ਦੀ ਇਮਾਨਦਾਰੀ ਤੇ ਅੜਬਪੁਣੇ ਦੇ ਕਿੱਸੇ ਹਰ ਸਾਹਿਤਕ ਮਹਿਫ਼ਲ ਵਿੱਚ ਸੁਣਾਈ ਦੇ ਜਾਣਗੇ। ਮੇਰੇ ਯਾਦ ਹੈ ਉਹ ਦਿਨ ਜਦੋਂ ਮੈਨੂੰ 'ਯਾਰਾਂ ਦਾ ਯਾਰ' ਖ਼ਿਤਾਬ ਨਾਲ ਨਿਵਾਜਿਆ ਗਿਆ ਸੀ। ਉਦੋਂ ਉਨ੍ਹਾਂ ਮੈਨੂੰ ਕਿਹਾ ਸੀ ਕਿ "ਯਾਰੀ ਨਿਭਾਉਣੀ ਸਿੱਖਣੀ ਹੈ ਤਾਂ ਜੱਗਾ ਸਿੰਘ ਤੋਂ ਸਿੱਖ, ਇਹ ਨਾ ਹੋਵੇ ਤੈਨੂੰ ਸਨਮਾਨ ਕਰਨ ਵਾਲੇ ਪਛਤਾਉਣ।" ਪੀ.ਐਨ.ਬੀ. ਵਿੱਚ ਜੌਬ ਕਰਦਾ ਜੱਗਾ ਸਿੰਘ ਤੇ ਗੁਰਮੇਲ ਸਰਾ ਦੀ ਯਾਰੀ ਤੋਂ ਵੱਡੀ ਉਦਾਹਰਨ ਮੈਨੂੰ ਦਿਖਾਈ ਵੀ ਨਹੀਂ ਦੇ ਰਹੀ। ਮੈਂ ਅੱਖੀਂ ਦੇਖਿਆ ਕਿ ਕਿੰਝ ਇਹ ਇੱਕ ਦੂਜੇ ਤੋਂ ਜਾਨ ਵਾਰਦੇ ਸਨ। ਪਿਛਲੇ ਸਾਲ ਜਦੋਂ ਗੁਰਮੇਲ ਸਰਾ, ਧੀ ਦੇ ਵਿਆਹ ਵਿੱਚ ਬਿਮਾਰੀ ਦੀ ਹਾਲਾਤ ਵਿੱਚ ਬੈੱਡ 'ਤੇ ਪਿਆ ਫ਼ੱਕਰਾਂ ਵਾਂਗ ਆਪਣੀਆਂ ਕਵਿਤਾਵਾਂ ਗਾ ਰਿਹਾ ਸੀ ਤਾਂ ਜੱਗਾ ਸਿੰਘ ਧੀ ਦੇ ਵਿਆਹ ਦੇ ਫ਼ਰਜ਼ ਨਿਭਾ ਰਿਹਾ ਸੀ।

ਯਾਰੀ ਦੀ ਇੱਕ ਹੋਰ ਉਦਾਹਰਨ ਜੋ ਮੈਂ ਗੁਰਮੇਲ ਸਰਾ 'ਚ ਦੇਖੀ ਉਹ 31 ਜੁਲਾਈ 2006 ਨੂੰ ਵਾਪਰੀ ਉਹ ਇਹ ਸੀ ਕਿ ਇੱਕ ਬਾਰ ਭੁਪਿੰਦਰ ਪੰਨੀਵਾਲੀਆ ਨੇ ਗੁਰਮੇਲ ਬਾਈ ਨੂੰ ਫ਼ੋਨ 'ਤੇ ਉਂਝ ਹੀ ਕਹਿ ਦਿੱਤਾ ਕਿ "ਬਾਈ ਤੁਸੀਂ ਹੁਣ ਵੱਡੇ ਬੰਦੇ ਹੋ ਗਏ ਅਸੀਂ ਤੁਹਾਡੇ ਕਿੱਥੇ ਯਾਦ ਹਾਂ।" ਉਸ ਵਕਤ ਗੁਰਮੇਲ ਬਾਈ ਲੇਹ ਲਦਾਖ਼ 'ਚ ਤਾਇਨਾਤ ਸਨ। ਕਹਿੰਦੇ ਹਨ ਕਿ ਗੁਰਮੇਲ ਨੇ ਕਿਹਾ ਕਿ "ਤੂੰ ਸੱਦ ਤਾਂ ਸਹੀ ਮੈਂ ਤਾਂ ਪੈਰ ਜੁੱਤੀ ਨਾ ਪਾਵਾਂ" ਤੇ ਬਾਈ ਪੰਨੀਵਾਲੀਆ ਕਹਿੰਦੇ ਕਿ "ਲੈ ! ਮੈਂ ਤਾਂ ਹੁਣ ਕਹਿ ਦਿੰਦਾ ਕਿ ਤੁਸੀਂ ਆ ਜਾਓ।" ਉਹ ਕਹਿੰਦੇ "ਚੰਗਾ ਫੇਰ ਫ਼ੋਨ ਰੱਖ।" ਬਾਈ ਭੁਪਿੰਦਰ ਦੱਸਦੇ ਹਨ ਕਿ ਲੇਹ 'ਚ ਤਾਇਨਾਤ ਉਨ੍ਹਾਂ ਦੇ ਦੋਸਤ ਆਈ.ਬੀ. ਦੇ ਡੀ.ਐੱਸ.ਪੀ. ਜੇ.ਪੀ. ਜੱਸੂ ਦਾ ਫ਼ੋਨ ਆਇਆ ਕਿ ਪੰਨੀਵਾਲੀਆ ਯਾਰ ਗੁਰਮੇਲ ਨੂੰ ਰੋਕ, ਉਹ ਲੇਹ ਤੋਂ ਕਾਲਾਂਵਾਲੀ ਸਕੂਟਰ 'ਤੇ ਆ ਰਿਹਾ ਹੈ। ਮੈਂ ਕਿਹਾ ਕਿ ਉਹ ਹੁਣ ਨਹੀਂ ਰੁਕਦਾ ਜ਼ਰੂਰ ਆਵੇਗਾ। ਇੰਝ ਹੀ ਹੋਇਆ ਗੁਰਮੇਲ ਤੀਜੇ ਦਿਨ ਸਵੇਰੇ ਮੇਰਾ ਬੂਹਾ ਖੜਕਾ ਰਿਹਾ ਸੀ ਤੇ ਕਹਿ ਰਿਹਾ ਸੀ "ਬਾਰ ਖੋਲ੍ਹੋ ਸੰਤ ਆਏ ਆ।" ਜਦੋਂ ਮੈਂ ਦੇਖਿਆ ਗੁਰਮੇਲ ਬਾਈ ਸਕੂਟਰ 'ਤੇ ਪਟਰੋਲ ਵਾਲੀਆਂ ਦੋ ਵੱਡੀਆਂ ਕੇਨੀਆਂ ਲੱਦ ਕੇ ਵਾਰ ਮੂਹਰੇ

ਖੜਾ ! ਕਹਿੰਦਾ ''ਜਦੋਂ ਤੂੰ ਫ਼ੋਨ ਰੱਖਿਆ ਸੀ, ਉਦੋਂ ਹੀ ਚੱਲ ਪਿਆ ਸੀ।'' ਉਹ ਇਨਸਾਨ ਸਰਕਾਰੀ ਗੱਡੀ 'ਤੇ ਵੀ ਆ ਸਕਦਾ ਸੀ ਪਰ ਇਮਾਨਦਾਰੀ ਤੇ ਯਾਰੀ ਨਿਭਾਉਣ ਲਈ ਆਪਣੇ ਸਕੂਟਰ 'ਤੇ ਘੰਟਿਆਂ ਦਾ ਸਫ਼ਰ ਕਰ ਕੇ ਯਾਰ ਦਾ ਬੂਹਾ ਆ ਖੜਕਾਇਆ ਸੀ।

ਬੱਸ ਜੀ ! ਹੁਣ ਤਾਂ ਯਾਦਾਂ ਹੀ ਪੱਲੇ ਹਨ। ਜਦੋਂ ਮੇਰੇ ਮਿੱਤਰ ਰਣਜੀਤ ਸਰਾ ਨੇ ਦੱਸਿਆ ਕਿ ਬਾਈ ਗੁਰਮੇਲ ਚੜ੍ਹਾਈ ਕਰ ਗਏ ਤਾਂ ਇੱਕ ਪਲ ਇੰਝ ਮਹਿਸੂਸ ਹੋਇਆ ਜਿਵੇਂ ਸਰੀਰ ਦਾ ਕੋਈ ਅੰਗ ਜਵਾਬ ਦੇ ਗਿਆ ਹੋਵੇ। ਪਰ ਫੇਰ ਦੂਜੇ ਹੀ ਪਲ ਬਾਈ ਗੁਰਮੇਲ ਦੀ ਦਿੱਤੀ ਸਿੱਖਿਆ ਨੇ ਹਲੂਣਾ ਦਿੱਤਾ। ਜੋ ਉਨ੍ਹਾਂ ਇੱਕ ਦਿਨ ਮੈਨੂੰ ਕਿਹਾ ਸੀ ''ਆੜੀਆ ! ਜੇ ਹਨੇਰੀਆਂ ਤੂਫ਼ਾਨਾਂ ਤੋਂ ਡਰਨਾ ਤਾਂ ਗੁਰਮੇਲ ਸਰਾ ਤੋਂ ਕਿਨਾਰਾ ਕਰ ਲੈ, ਗੁਰਮੇਲ ਨੂੰ ਤਾਂ ਤੂਫ਼ਾਨ ਦੇ ਉਲਟ ਚੱਲ ਕੇ ਹੀ ਨਜ਼ਾਰਾ ਆਉਂਦਾ।'' ਉਨ੍ਹਾਂ ਦੀਆਂ ਇਹਨਾਂ ਗੱਲਾਂ ਤੋਂ ਬੜਾ ਹੌਸਲਾ ਮਿਲਿਆ। ਪਰ ਇੱਕ ਦੁੱਖ ਸਾਰੀ ਉਮਰ ਮੇਰੇ ਸੀਨੇ 'ਚ ਜ਼ਰੂਰ ਰਹੇਗਾ ਕਿ ਹਾਲੇ ਬਹੁਤ ਕੁਝ ਸਿੱਖਣਾ ਰਹਿ ਗਿਆ ਉਸ ਕਲਮੀ ਯੋਧੇ ਤੋਂ। ਉਨ੍ਹਾਂ ਦੇ ਇਹ ਬੋਲ ਸਦਾ ਮੇਰੇ ਕੰਨਾਂ ਵਿੱਚ ਗੂੰਜਦੇ ਰਹਿਣਗੇ ਕਿ ''ਕਦੇ ਜ਼ਿੰਦਗੀ 'ਚ ਡੋਲ ਜਾਵੇਂ ਤਾਂ ਬੱਸ ਇਕ ਗੱਲ ਚਿਤਾਰ ਲਈਂ ਕਿ ਤੂੰ ਕੋਈ ਐਰਾ-ਗ਼ੈਰਾ ਨਹੀਂ, ਗੁਰਮੇਲ ਸਰਾ ਦਾ ਚੇਲਾ ਗੁਰਮੇਲ ਸਰਾ ਦਾ।''

****

## ‘ਕੈਂਗਰੂਨਾਮਾ’ ਇਕ ਜਾਇਜ਼ਾ

ਸਿਰਜਣਾ ਅਤੇ ਸ਼ਖ਼ਸੀਅਤ ਨੂੰ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਮਿੰਟੂ ਬਰਾੜ ਦੀ ਸਿਰਜਣਾ ਉਸਦੀ ਸ਼ਖ਼ਸੀਅਤ ਦਾ ਹੀ ਅਕਸ ਹੈ। ਉਹ ਜੋ ਵੇਖਦਾ ਸੁਣਦਾ, ਸੋਚਦਾ, ਮਹਿਸੂਸਦਾ, ਹੰਢਾਉਂਦਾ ਹੈ ਉਸੇ ਨੂੰ ਕਾ.ਗਜ਼ ’ਤੇ ਉਤਾਰਦਾ ਹੈ। ਵੇਲਜ਼ ਸਟੀਵਨਸਨ ਕਹਿੰਦਾ ਹੈ, ‘‘ਸਾਹਿਤਕਾਰ ਦੀ ਸ਼ਖ਼ਸੀਅਤ ਤੋਂ ਬਿਨਾਂ ਕੋਈ ਸਾਹਿਤ ਸਿਰਜਣਾ ਹੋ ਹੀ ਨਹੀਂ ਸਕਦੀ।’’

ਸਿਰਜਣਹਾਰੇ ਦੀ ਸ਼ਖ਼ਸੀਅਤ ਆਪਣੀ ਵਿਲੱਖਣ ਪ੍ਰਤਿਭਾ ਦੇ ਕਾਰਨ ਸਾਧਾਰਨ ਵਿਅਕਤੀ ਨਾਲੋਂ ਭਿੰਨ ਹੁੰਦੀ ਹੈ। ਸਿਰਜਣਹਾਰਾ ਆਪਣੇ ਆਲੇ ਦੁਆਲੇ ਨੂੰ ਕੇਵਲ ਬਾਹਰਲੀਆਂ ਨਜ਼ਰਾਂ ਨਾਲ ਹੀ ਨਹੀਂ ਵੇਖਦਾ ਸਗੋਂ ਅੰਦਰਲੀਆਂ ਨਜ਼ਰਾਂ ਨਾਲ ਹੀ ਵੇਖਦਾ ਹੈ। ਲੇਖਕ ਦੀ ਸ਼ਖ਼ਸੀਅਤ ਕਿਰਤ ਦੀ ਜਿੰਦ ਜਾਨ ਹੁੰਦੀ ਹੈ।

ਮੈਨੂੰ ਲਗਦਾ ਹੈ ਉਪਰੋਕਤ ਵਿਚਾਰ ਮਿੰਟੂ ਬਰਾੜ ਤੇ ਹੂਬਹੂ ਢੁੱਕਦੇ ਹਨ। ਕੈਂਗਰੂਨਾਮਾ ਵਿੱਚ ਸ਼ਾਮਿਲ ਆਰਟੀਕਲ ਇਸ ਦੀ ਸ਼ਾਹਦੀ ਭਰਦੇ ਹਨ। ਇਹ ਸਾਰੇ ਆਰਟੀਕਲ ਸਮੇਂ-ਸਮੇਂ ਪੰਜਾਬ ਅਤੇ ਪ੍ਰਦੇਸ ਦੀਆਂ ਪੰਜਾਬੀ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੁੰਦੇ ਰਹੇ ਹਨ। ਲੇਖਕ ਨੇ ਫੇਸਬੁੱਕ ਦੀ ਵੀ ਇਸ ਕਾਰਜ ਲਈ ਸੁਚੱਜੀ ਵਰਤੋਂ ਕੀਤੀ ਹੈ। ‘ਅਸੀਂ ਕਿਉਂ ਜਾਂਦੇ ਪ੍ਰਦੇਸ’ ਜਿਹੇ ਆਰਟੀਕਲ ਪਾਠਕਾਂ ਨੂੰ ਸੋਚਣ ਤੇ ਮਜਬੂਰ ਕਰਦੇ ਹਨ।

ਮਿੰਟੂ ਬਰਾੜ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਉਹ ਆਸਟ੍ਰੇਲੀਆ ਦੇ ਪੰਜਾਬੀ ਸਮਾਜ ਦੀ ਹਰੇਕ ਉਸਾਰੂ ਸਰਗਰਮੀ ਨਾਲ ਨੇੜਿਓ ਜੁੜਿਆ ਹੁੰਦਾ ਹੈ। ਉਹ ਚਾਹੇ ਸਮਾਜਿਕ, ਸਭਿਆਚਾਰਕ, ਧਾਰਮਿਕ, ਵਿੱਦਿਅਕ ਜਾਂ ਖੇਡ ਸਮਗਰੀ ਹੋਵੇ। ਆਸਟ੍ਰੇਲੀਆ ਦੇ ਪੰਜਾਬੀ ਮੀਡੀਆ ਦੀ ਉਹ ਇੱਕ ਮਹੱਤਵਪੂਰਨ ਕੜੀ ਹੈ। ਮੈਂ ‘ਕੈਂਗਰੂਨਾਮਾ’ ਨੂੰ ਖ਼ੁਸ਼ਆਮਦੀਦ ਕਹਿੰਦਾ ਹੋਇਆ ਉਮੀਦ ਕਰਦਾ ਹਾਂ ਕਿ ਦੇਸ਼ ਵਿਦੇਸ਼ ਦੇ ਪੰਜਾਬੀ ਪਾਠਕਾਂ ਨੂੰ ਇਹ ਪੁਸਤਕ ਬੇਹੱਦ ਪਸੰਦ ਆਵੇਗੀ।

**ਪ੍ਰੋਫੈਸਰ ਕੁਲਬੀਰ ਸਿੰਘ**
**ਜਲੰਧਰ**

## ਗੱਲ ਅਤੇ ਗੱਲ ਦਾ ਹੱਲ

ਵੈਸੇ ਤਾਂ ਬਾਈ ਮਿੰਟੂ ਬਰਾੜ ਦੀਆਂ ਗੱਲਾਂ-ਬਾਤਾਂ, ਉਸਦਾ ਸਮਾਜ ਪ੍ਰਤੀ ਨਜ਼ਰੀਆ ਇਸ ਇੱਕ ਕਿਤਾਬ ਵਿੱਚ ਸਮਾਉਣਾ ਔਖਾ ਹੈ ਪਰ ਫਿਰ ਵੀ ਕੈਂਗਰੂਨਾਮਾ ਨੂੰ ਪੜਨ ਵਾਲੇ ਜ਼ਰੂਰ ਮਹਿਸੂਸ ਕਰਨਗੇ ਕਿ ਉਹ ਸਿਰਫ ਕੋਈ ਬੀਤੇ ਹੋਏ ਜਾਂ ਚਲੰਤ ਮੁੱਦੇ ਨਹੀ ਪੜ੍ਹ ਰਹੇ ਬਲਕਿ ਉਨ੍ਹਾਂ ਦਾ ਬੜਾ ਹੀ ਸੌਖਾ ਜਿਹਾ ਹੱਲ ਵੀ ਜਾਣ ਰਹੇ ਨੇ। ਕੈਂਗਰੂਨਾਮਾ ਸਾਡੇ ਦਿਲ ਦੀ ਸੱਥ ਵਿੱਚ ਸਮਾਜ ਬਾਰੇ ਚਿੰਤਾ ਅਤੇ ਉਸਦੇ ਹੱਲ ਦੀ ਗੱਲਬਾਤ ਹੈ। ਸੋ ਮਿੰਟੂ ਬਰਾੜ ਦੀ ਇਸ ਪਹਿਲੀ ਕਿਤਾਬ ਲਈ ਉਨ੍ਹਾਂ ਤੇ ਉਨ੍ਹਾਂ ਦੇ ਪਾਠਕਾਂ ਨੂੰ ਮੁਬਾਰਕਬਾਦ।

**ਦਵਿੰਦਰ ਸਿੰਘ ਧਾਲੀਵਾਲ**
**ਸਬ-ਐਡੀਟਰ ‘ਪੰਜਾਬੀ ਅਖ਼ਬਾਰ’**

# ਹਾਅ ਦਾ ਨਾਅਰਾ

ਇਹ ਖ਼ਤ ਮੈਂ ਸੰਨ 2009 ਵਿਚ ਉਸ ਵਕਤ ਲਿਖਿਆ ਜਦੋਂ ਹੰਸ ਰਾਜ ਹੰਸ ਨੇ ਸਰਗਰਮ ਸਿਆਸਤ ’ਚ ਆ ਕੇ ਇੱਕਦਮ ਦਰਵੇਸ਼ਾਂ ਦੀ ਭਾਸ਼ਾ ਛੱਡ ਕੇ ਰਾਜਸੀ ਬੋਲੀ ਅਲਾਪਣੀ ਸ਼ੁਰੂ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਮੈਂ ਇਕ ਲੇਖ ਲਿਖਿਆ ਸੀ ‘ਹੁਣ ਸਾਡੇ ਰਾਜ ਗਾਇਕ ਸਸਤਾ ਆਟਾ ਦਾਲ ਬੇਚਿਆ ਕਰਨਗੇ’ ਪਰ ਮੇਰਾ ਮਨ ਹਾਲੇ ਵੀ ਉਬਾਲੇ ਖਾ ਰਿਹਾ ਸੀ। ਇਸ ਲਈ ਮੈਂ ਸੋਚਿਆ ਕਿ ਹੰਸ ਰਾਜ ਹੋਰਾਂ ਦੇ ਕਿਸੇ ਨੇੜਲੇ ਨੂੰ ਖ਼ਤ ਲਿਖਿਆ ਜਾਵੇ ਤੇ ਆਪਣੇ ਦਿਲ ਦੀ ਰਹਿੰਦੀ ਭੜਾਸ ਕੱਢੀ ਜਾਵੇ। ਸੋ ਇਸ ਲਈ ਮੈਂ ਅਮਰਦੀਪ ਗਿੱਲ ਨੂੰ ਚੁਣਿਆ ਤੇ ਖ਼ਤ ਲਿਖ ਮਾਰਿਆ। ਪਰ ਮੇਰੀ ਹੈਰਾਨੀ ਦੀ ਹੱਦ ਉਦੋਂ ਹੋਈ ਜਦੋਂ ਬਹੁਤ ਸਾਰੇ ਅਖ਼ਬਾਰਾਂ ਨੇ ਇਸ ਨੂੰ ਛਾਪਣ ਤੋਂ ਇਨਕਾਰ ਕਰ ਦਿੱਤਾ। ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਅਮਰਦੀਪ ਦੇ ਨਾਂ ਤੋਂ ਮੁਸ਼ਕ ਆਉਂਦੀ ਸੀ। ਰੱਬ ਜਾਣੇ ਉਨ੍ਹਾਂ ਨੂੰ ਗਿੱਲ ਦੇ ਨਾਲ ਕੀ ਗਿਲਾ ਸੀ ਉਸ ਵਕਤ ਮੇਰੀ ਸਮਝ ਤੋਂ ਬਾਹਰ ਦੀ ਗੱਲ ਸੀ। ਇੱਕ ਅਖ਼ਬਾਰ ਨੇ ਤਾਂ ਮੈਨੂੰ ਇਹ ਤੱਕ ਕਹਿ ਦਿੱਤਾ ਕਿ ਇਹੋ ਜਿਹੇ ਖ਼ਤ ਆਪ ਤੋਂ ਵੱਡਿਆਂ ਨੂੰ ਲਿਖੇ ਜਾਂਦੇ ਹਨ। ਮੈਂ ਫੇਰ ਉੱਤਰ ਦਿਤਾ ਕਿ ਫੇਰ ਮੈਂ ਕੀ ਗ਼ਲਤੀ ਕੀਤੀ ਹੈ ਅਮਰਦੀਪ ਮੇਰੇ ਤੋਂ ਉਮਰ ’ਚ ਵੀ ਵੱਡੇ ਹਨ ਤੇ ਨਾਂ ’ਚ ਵੀ ਬਹੁਤ ਵੱਡੇ ਹਨ। ਪਰ ਉਸ ਤੋਂ ਬਾਅਦ ਉਨ੍ਹਾਂ ਦਾ ਜਵਾਬ ਸਿਰਫ਼ ਦੋ ਲਾਇਨਾ ’ਚ ਆਇਆ ਕਿ ਇਸ ਲੇਖ ਲਈ ਮਾਫ਼ੀ ਚਾਹੁੰਦੇ ਹਾਂ ਕੋਈ ਹੋਰ ਹੈ ਤਾਂ ਭੇਜੋ। ਲੋਕਾਂ ਦੇ ਇਸ ਵਤੀਰੇ ਨਾਲ ਮੇਰੇ ਮਨ ’ਚ ਬਹੁਤ ਸਾਰੇ ਸਵਾਲ ਉੱਠੇ ਜਿਨ੍ਹਾਂ ਦਾ ਜਵਾਬ ਮੈਨੂੰ ਜਨਵਰੀ 2011’ਚ ਉਸ ਵੇਲੇ ਮਿਲੇ ਜਦੋਂ ਮੈਨੂੰ ਬਠਿੰਡੇ ਦੇ ਇੱਕ ਪੁਸਤਕ ਮੇਲੇ ’ਚ ਅਮਰਦੀਪ ਗਿੱਲ ਨੂੰ ਮਿਲਣ ਦਾ ਮੌਕਾ ਮਿਲਿਆ। ਫੇਰ ਮੈਨੂੰ ਮਹਿਸੂਸ ਹੋਇਆ ਕਿ ਲੋਕਾਂ ਵਿੱਚ ਅਮਰਦੀਪ ਦਾ ਅਕਸ ਇਹੋ ਜਿਹਾ ਕਿਉਂ ਹੈ ? ਪਰ ਮੈਨੂੰ ਹਾਲੇ ਤੱਕ ਇਸ ਵਿੱਚ ਕੋਈ ਅਫ਼ਸੋਸ ਨਹੀਂ ਕਿ ਮੈਂ ਇਹ ਚਿੱਠੀ ਗਿੱਲ ਨੂੰ ਕਿਉਂ ਲਿਖੀ ਕਿਉਂਕਿ ਮੈਂ ਇਕ ‘ਕਲਾਕਾਰ’ ਅਮਰਦੀਪ ਨੂੰ ਇਹ ਖ਼ਤ ਲਿਖਿਆ ਸੀ ਨਾ ਕੇ ਉਸ ਹੱਡ ਮਾਸ ਦੇ ਪੁਤਲੇ ਨੂੰ ਜਿਸ ਨੇ ਮੈਨੂੰ ਆਸਟ੍ਰੇਲੀਆ ਤੋਂ ਚੱਲ ਕੇ ਬਠਿੰਡੇ ਗਏ ਨੂੰ ਕੋਲ ਪਈ ਖ਼ਾਲੀ ਕੁਰਸੀ ’ਤੇ ਬੈਠਣ ਲਈ ‘ਹਾਅ ਦਾ ਨਾਅਰਾ’ ਵੀ ਨਹੀਂ ਸੀ ਮਾਰਿਆ। ਬਤੌਰ ਇਕ ਵਧੀਆ ਲੇਖਕ ਮੈਂ ਅੱਜ ਵੀ ਅਮਰਦੀਪ ਸਿੰਘ ਗਿੱਲ ਦਾ ਦਿਲੋਂ ਸਤਿਕਾਰ ਕਰਦਾ ਹਾਂ।



ਜਨਾਬ ਬਲਦੇਵ ਸਿੰਘ ਸੜਕਨਾਮਾ  ਅਤੇ ਭੁਪਿੰਦਰ ਪੰਨੀਵਾਲੀਆ ਨਾਲ ਲੇਖਕ




ਪੁਸਤਕ ਮੇਲੇ ਉੱਤੇ ਸੁਖਨੈਬ ਸਿੱਧੂ (ਚੀਫ਼ ਐਡੀਟਰ ਪੰਜਾਬੀ ਨਿਊਜ਼ ਆਨਲਾਈਨ)
ਅਤੇ ਰਣਜੀਤ ਸਰਾ ਨਾਲ

# ਹਾਅ ਦਾ ਨਾਅਰਾ

ਪਿਆਰੇ ਵੀਰ ਅਮਰਦੀਪ ਗਿੱਲ ਜੀਓ,

ਆਪਣੇ ਛੋਟੇ ਵੀਰ ਮਿੰਟੂ ਬਰਾੜ ਦੀ ਪਿਆਰ ਭਰੀ ਸਤਿ ਸ਼੍ਰੀ ਅਕਾਲ ਕਬੂਲ ਕਰਨਾ। ਆਪਣੀ ਸਾਂਝ ਤਾਂ ਬੱਸ ਇੰਨੀ ਕੁ ਹੈ ਕੇ ਤੁਸੀਂ ਵੀ ਬਚਪਨ ਤੇ ਜੁਆਨੀ ਬਠਿੰਡਾ ਸ਼ਹਿਰ ਦੀਆਂ ਗਲੀਆਂ 'ਚ ਗੁਜ਼ਾਰੀ, ਤੇ ਮੈਂ ਵੀ। ਦੋ ਚਾਰ ਬਾਰ ਆਪਣਾ ਮੇਲ ਕੁੱਝ ਸਾਂਝੇ ਮਿੱਤਰਾ ਕੋਲ ਹੋਇਆ ਤੇ ਹਰ ਬਾਰ ਹੀ ਤੁਹਾਡੇ ਹੁਨਰ ਅੱਗੇ ਮੇਰਾ ਸਿਰ ਇੰਜ ਝੁਕਿਆ ਕਿ ਕੋਈ ਖ਼ਾਸ ਵਾਰਤਾਲਾਪ ਨਾ ਕਰ ਸਕਿਆ। ਪਰ ਸਾਹਿਤ ਵਿੱਚ ਰੁਚੀ ਰੱਖਣ ਕਾਰਨ ਤੁਹਾਡੇ ਵੱਲੋਂ ਲਏ ਹਰ ਮੋੜ ਦੀ ਖ਼ਬਰ ਰੱਖਦਾ ਰਿਹਾ ਤੇ ਬੜੀ ਬੇਸਬਰੀ ਨਾਲ ਤੁਹਾਡੀਆਂ ਰਚਨਾਵਾਂ ਦੀ ਉਡੀਕ ਦਾ ਆਨੰਦ ਲੈਂਦਾ ਰਿਹਾ। ਸ਼ਾਇਦ ਦੁਨੀਆ ਅੱਗੇ ਤਾਂ ਅਸਲੀ ਅਮਰਦੀਪ ਬਹੁਤ ਪਿੱਛੋਂ ਯਾਨੀ ਕਿ 'ਇਹ ਜੋ ਸਿੱਲ੍ਹੀ ਸਿੱਲ੍ਹੀ ਆਉਂਦੀ ਏ ਹਵਾ ਕਿਤੇ ਕੋਈ ਰੋਂਦਾ ਹੋਵੇਗਾ' ਜਿਹਾ ਗੀਤ ਰਚਣ ਤੋਂ ਬਾਅਦ ਆਇਆ ਪਰ ਮੈਂ ਤਾਂ ਬਹੁਤ ਪਹਿਲਾਂ ਹੀ ਆਪਣੇ ਸਾਂਝੇ ਮਿੱਤਰ ਤਰਨਜੀਤ ਸੋਢੀ ਉਰਫ਼ 'ਲਾਲੀ' ਦੇ ਵਿਆਹ ਵਿੱਚ ਹੀ ਤੁਹਾਡਾ ਸੰਗ ਮਾਣ ਕੇ ਅੱਜ ਦੇ ਅਮਰਦੀਪ ਦਾ ਅਹਿਸਾਸ ਲੈ ਚੁੱਕਿਆ ਸੀ। ਤੁਹਾਡਾ ਤਹਿ ਦਿਲੋਂ ਪ੍ਰਸੰਸਕ ਹੋਣ ਕਰਕੇ ਤੁਹਾਡੀਆਂ ਹੁਣ ਤੱਕ ਛਪੀਆਂ ਸਾਰੀਆ ਕਿਤਾਬਾਂ ਤੇ ਰਿਕਾਰਡ ਹੋਏ ਗੀਤਾਂ ਦਾ ਆਨੰਦ ਲੈ ਚੁੱਕਿਆ ਹਾਂ। ਇਸੇ ਕਾਰਨ ਮੈਨੂੰ ਇਹ ਚੰਗੀ ਤਰ੍ਹਾਂ ਪਤਾ ਕੇ ਤੁਹਾਡੇ ਕੌਣ-ਕੌਣ ਤੇ ਕਿੰਨੇ ਖ਼ਾਸ ਮਿੱਤਰ ਹਨ ਤੇ ਮੈਨੂੰ ਇਹ ਵੀ ਪਤਾ ਕੇ ਹਜ਼ਾਰਾਂ ਦਿਲਾਂ ਦਾ ਇਹ ਚਹੇਤਾ ਆਪ ਕਿਸ ਦਾ ਕਦਰਦਾਨ ਹੈ।

ਉਸੇ ਕੜੀ ਦੇ ਤਹਿਤ ਮੈਨੂੰ ਇਹ ਚੰਗੀ ਤਰ੍ਹਾਂ ਪਤਾ ਕੇ ਤੁਸੀ ਸੂਫ਼ੀ ਤੇ ਦਰਵੇਸ਼ ਗਾਇਕ ਜਨਾਬ ਹੰਸ ਰਾਜ ਹੰਸ ਜੀ ਦੇ ਮੇਰੇ ਵਾਂਗੂੰ ਬਹੁਤ ਹੀ ਮੁਰੀਦ ਹੋ ਤੇ ਜੇ ਆਪਣੇ ਵਿੱਚ ਇੱਥੇ ਫ਼ਰਕ ਹੈ ਤਾਂ ਬੱਸ ਉਹ ਇਹ ਕਿ ਮੈਂ ਇਕੱਲਾ ਮੁਰੀਦ ਹਾਂ ਤੇ ਤੁਸੀ ਉਨ੍ਹਾਂ ਦੇ ਦਿਲ ਦੇ ਬੜੇ ਕਰੀਬ ਹੋ। ਅੱਜ ਮੇਰਾ ਇਹ ਖ਼ਤ ਲਿਖਣ ਦਾ ਸਬੱਬ ਵੀ ਤੁਹਾਡਾ ਤੇ ਹੰਸ ਜੀ ਦਾ ਇੰਨਾ ਕਰੀਬੀ ਰਿਸ਼ਤਾ ਹੋਣਾ ਹੀ ਬਣਿਆ। ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਜਦ ਕੋਈ ਇਸ ਫ਼ਾਨੀ ਜਹਾਨ ਤੋਂ ਰੁਖ਼ਸਤ ਹੁੰਦਾ ਹੈ ਤਾਂ ਦੁਨੀਆ ਉਸ ਨੂੰ ਭਾਵੇਂ ਮੋੜ ਕੇ ਨਹੀਂ ਲਿਆ ਸਕਦੀ ਪਰ ਉਸ ਦੇ ਨਜ਼ਦੀਕੀਆਂ ਕੋਲ ਅਫ਼ਸੋਸ ਕਰ ਕੇ ਕੁੱਝ ਦੁੱਖ ਵੰਡਾਉਣ ਦੀ ਕੋਸ਼ਿਸ਼ ਜ਼ਰੂਰ ਕਰਦੀ ਹੈ। ਜਦ ਮੈਨੂੰ ਮੇਰੇ ਇਸ ਸਤਿਕਾਰਯੋਗ ਦਰਵੇਸ਼ ਦੇ ਇੱਕ ਅਵਤਾਰ ਦੀ ਮੌਤ ਬਾਰੇ ਪਤਾ ਚੱਲਿਆ ਤਾਂ ਇਕ ਵਾਰ ਤਾਂ ਸੀਨੇ ਵਿੱਚ ਸੱਲ ਜਿਹੇ ਪੈ ਗਏ ਪਰ ਹੌਲੀ-ਹੌਲੀ ਆਪਣੇ ਆਪ ਨੂੰ ਸੰਭਾਲਿਆ ਤੇ ਸੋਚਿਆ ਕੇ ਹੁਣ ਦੁਨੀਆਦਾਰੀ
ਦੇ ਫ਼ਰਜ਼ ਮੁਤਾਬਿਕ ਦੁੱਖ ਤਾਂ ਵੰਡਾਉਣਾ ਚਾਹੀਦਾ ਹੈ ਸੋ ਮੈਂ ਉਨ੍ਹਾਂ ਦੇ ਸਭ ਤੋਂ ਵੱਧ ਨਜ਼ਦੀਕੀਆਂ ਵਿੱਚੋਂ ਬੱਸ ਇੱਕ ਤੁਹਾਨੂੰ ਹੀ ਜਾਣਦਾ ਸੀ ਸੋ ਖਿਮਾ ਚਾਹੁੰਦਾ ਹਾਂ ਕਿ ਬੇਗਾਨੇ ਦੇਸ਼ ਵਿੱਚ ਬੈਠਾ ਹੋਣ ਕਾਰਨ ਅੱਜ ਤੁਹਾਡੇ ਕੋਲ ਆ ਕੇ ਤਾਂ ਗੋਡਾ ਨੀਵਾਂ ਨਹੀਂ ਸਕਦਾ ਸੋ ਸੋਚਿਆ ਖ਼ਤ ਲਿਖ ਕੇ ਹੀ ਕੁੱਝ ਦੁੱਖ ਵੰਡ ਲਵਾਂ। ਥੋੜ੍ਹਾ ਟਾਈਮ ਪਹਿਲਾਂ ਇਸ ਸੂਫ਼ੀ ਗਾਇਕ ਜਿਸ ਦੀ ਕਿ ਮੈਂ ਪੂਜਾ ਕਰਦਾ ਸੀ ਦਾ ਉਨ੍ਹਾਂ ਦੇ ਖ਼ੁਦ ਦੇ ਮੂੰਹੋਂ ਆਤਮ ਹੱਤਿਆ ਕਰਨ ਦਾ ਸੁਣਿਆ ਜਿਸ ਵਿੱਚ ਉਹ ਕਹਿ ਰਹੇ ਸਨ ਹੁਣ ਤੱਕ ਮੈਂ ਇੱਕ ਗਾਇਕ ਦੇ ਰੂਪ ਵਿੱਚ ਤੁਹਾਡੀ ਸੇਵਾ ਕੀਤੀ ਤੇ ਹੁਣ ਮੈਂ ਇਹ ਚੋਲਾ ਬਦਲ ਕੇ ਇੱਕ ਸਿਆਸਤ ਦਾਨ ਦੇ

ਰੂਪ ਵਿੱਚ ਤੁਹਾਡੀ ਸੇਵਾ ਕਰਾਂਗਾ ਇਹ ਸੁਣ ਕੇ ਇੱਕ ਬਾਰ ਸੁੰਨ ਜਿਹਾ ਹੋ ਗਿਆ ਸੀ। ਪਰ ਫੇਰ ਸੋਚਿਆ ਜਿਵੇਂ ਪਹਿਲਾਂ ਇਸ ਇਨਸਾਨ ਨੇ ਇਤਿਹਾਸ ਸਿਰਜਿਆ ਹੈ ਸ਼ਾਇਦ ਹੁਣ ਵੀ ਇਹ ਚੋਲਾ ਬਦਲ ਕੇ ਕੋਈ ਨਵਾਂ ਇਤਿਹਾਸ ਸਿਰਜ ਜਾਵੇ ਤੇ ਮੇਰੀ ਸੋਚ ਹੀ ਗ਼ਲਤ ਹੋਵੇ।

ਪਰ ਉਸ ਐਲਾਨ ਤੋਂ ਪਿੱਛੋਂ ਹਾਲੇ ਮੇਰੀ ਸੋਚਾਂ ਦੀ ਬੇੜੀ ਡਿੱਕ-ਡੋਲੇ ਜਿਹੇ ਖਾ ਰਹੀ ਸੀ ਤੇ ਰਹਿ-ਰਹਿ ਕੇ ਉਹ ਦਿਨ ਯਾਦ ਆ ਰਹੇ ਸਨ ਜਦ ਪਹਿਲੀ ਵਾਰ ਇਸ ਗਾਇਕ ਨੂੰ ਦੂਰਦਰਸ਼ਨ ਦੇ ਜਲੰਧਰ ਕੇਂਦਰ ਤੋਂ ਬਾਜੇ 'ਤੇ ਬੈਠ ਕੇ ਗਾਉਂਦਾ ਸੁਣਿਆ ਸੀ ਤੇ ਪਹਿਲੀ ਹੀ ਤੱਕਣੀ ਨੇ ਇਸ ਭਵਿੱਖ ਦੇ ਦਰਵੇਸ਼ ਦੀ ਰੂਹ ਦੇ ਜਲਾਲ ਨੇ ਮੇਰੇ ਸਮੇਤ ਲੱਖਾਂ ਲੋਕਾਂ ਨੂੰ ਕੀਲ ਲਿਆ ਸੀ ਤੇ ਉਸ ਵਕਤ ਮੇਰੇ ਕੋਲ ਬੈਠੇ ਸਾਡੇ ਬਜ਼ੁਰਗਾਂ ਦੇ ਮੂੰਹੋਂ ਅਚਾਨਕ ਹੀ ਨਿਕਲ ਗਿਆ ਸੀ ਬਈ ਇਹ ਮੁੰਡਾ ਤਾਂ ਕੋਈ ਲੰਮੀ ਰੇਸ ਦਾ ਘੋੜਾ ਲੱਗਦਾ ਹੈ। ਬਜ਼ੁਰਗਾਂ ਦੇ ਉਹ ਸ਼ਬਦ ਅਖੀਰ ਸੱਚ ਵੀ ਹੋ ਨਿੱਬੜੇ ਜਦੋਂ ਇੱਕ ਛੋਟੇ ਜਿਹੇ ਪਿੰਡ 'ਚੋਂ ਉੱਠ ਕੇ ਇਸ ਇਨਸਾਨ ਨੇ ਸਾਰੀ ਦੁਨੀਆ 'ਚ ਪੰਜਾਬੀ ਤੇ ਗ਼ੈਰ ਪੰਜਾਬੀ ਜੋ ਚੰਗੇ ਸੰਗੀਤ ਦੀ ਸਮਝ ਰੱਖਦੇ ਹਨ ਦੇ ਦਿਲਾਂ ਵਿੱਚ ਆਪਣੀ ਇਕ ਖ਼ਾਸ ਥਾਂ ਬਣਾ ਲਈ ਸੀ। ਫੇਰ ਇੱਕ ਦੌਰ ਇਹ ਆਇਆ ਜਦੋਂ ਇਸ ਦਰਵੇਸ਼ ਨੇ ਆਪਣੇ ਸੁਰਾਂ ਨਾਲ ਦੁਨਿਆਵੀ ਲੋਕਾਂ ਦੇ ਨਾਲ ਉਸ ਅਕਾਲ ਪੁਰਖ ਨੂੰ ਵੀ ਕੀਲ ਲਿਆ ਤੇ ਉਸ ਦੀਆਂ ਰਹਿਮਤਾਂ ਦਾ ਮੀਂਹ ਇਸ ਕਦਰ ਇਸ ਉੱਤੇ ਵਰ੍ਹਨ ਲੱਗਿਆ ਕੇ ਹਰ ਪਾਸੇ ਬੱਲੇ-ਬੱਲੇ ਹੋ ਗਈ। ਕਿਧਰੇ ਅਮਰੀਕਾ ਵਿੱਚ ਸਨਮਾਨ ਤੇ ਕਿਧਰੇ ਰਾਜ ਗਾਇਕ ਤੇ ਕਿਧਰੇ ਪਦਮ ਸ਼੍ਰੀ ਤੇ ਕਿਧਰੇ ਦਰਵੇਸ਼ ਜਿਹੇ ਟਾਈਟਲ ਨਾਲ ਸਨਮਾਨ ਮਿਲਿਆ। ਜਦੋਂ ਹਰ ਪਾਸੇ ਰਹਿਮਤਾਂ ਹੋ ਰਹੀਆਂ ਸਨ ਤਾਂ ਅਚਾਨਕ ਇੱਕ ਦਿਨ ਇਸ ਦਰਵੇਸ਼ ਨੂੰ ਇਕ ਮਜ਼ਾਰ ਦਾ ਗੱਦੀਨਸ਼ੀਨ ਬਣਨ ਦੀ ਖ਼ਬਰ ਆਈ ਤਾਂ ਮੇਰੇ ਜਿਹੇ ਮੁਰੀਦ ਦੇ ਮਨ 'ਚ ਗਿਆ ਕਿ ਲਗਦਾ ਇਸ ਬੰਦੇ ਦੀ ਸਾਧਨਾ ਤੋਂ ਰੱਬ ਨੇ ਖ਼ੁਸ਼ ਹੋ ਕੇ ਇਸ ਨੂੰ ਏਸ ਸੇਵਾ ਨਾਲ ਨਿਵਾਜਿਆ ਹੈ ਤੇ ਲਗਦਾ ਹੁਣ ਸਾਡਾ ਇਹ ਦਰਵੇਸ਼ ਅੱਜ ਤੋਂ ਉਸ ਅਕਾਲ ਪੁਰਖ ਦੀਆਂ ਰਹਿਮਤਾਂ ਦਾ ਸ਼ੁਕਰੀਆ ਅਦਾ ਕਰਨ ਲਈ ਆਪਣੀ ਰਹਿੰਦੀ ਜ਼ਿੰਦਗੀ ਉਸ ਦੇ ਚਰਨਾਂ 'ਚ ਉਸ ਦੀ ਉਸਤਤ ਵਿੱਚ ਲਾਏਗਾ। ਪਰ ਮੇਰਾ ਅੰਦਾਜਾ ਗਲਤ ਨਿਕਲਿਆ, ਇਹ ਤਾਂ ਇਕ ਨਵੇਂ ਲੜੀਵਾਰ ਨਾਟਕ ਦੀ ਪਹਿਲੀ ਕਿਸ਼ਤ ਹੋ ਨਿੱਬੜਿਆ।

ਵੱਡੇ ਵੀਰ ਜੇ ਤਾਂ ਆਪਾਂ ਹੁਣ ਇੱਕ ਦੂਜੇ ਦੇ ਸਨਮੁਖ ਬੈਠੇ ਹੁੰਦੇ ਤਾਂ ਮੈਨੂੰ ਮੇਰੇ ਹਰ ਸ਼ੰਕੇ ਅਤੇ ਸਵਾਲ ਦਾ ਜਵਾਬ ਨਾਲ ਦੀ ਨਾਲ ਮਿਲ ਜਾਂਦਾ ਪਰ ਹੁਣ ਤਾਂ ਮੈਂ ਇਕੱਲੇ ਸਵਾਲ ਹੀ ਕਰ ਸਕਦਾ ਕਿ ਇੰਜ ਉਨ੍ਹਾਂ ਕਿਉਂ ਕੀਤਾ ? ਇੰਜ ਕਿਉਂ ਨਹੀਂ ਕੀਤਾ ? ਚਲੋ ਜੋ ਵੀ ਹੈ ਜੇ ਹੁਣ ਮਨ ਹੌਲਾ ਕਰਨਾ ਹੈ ਤਾਂ ਸਵਾਲ ਤਾਂ ਕਰਨੇ ਹੀ ਪੈਣੇ ਹਨ। ਇਹ ਵੀ ਮੈਨੂੰ ਪਤਾ ਕਿ ਜਿਨ੍ਹਾਂ ਸਵਾਲਾਂ ਦਾ ਜਵਾਬ ਕਿਸੇ ਕੋਲ ਨਹੀਂ ਹੁੰਦਾ ਉਨ੍ਹਾਂ ਦਾ ਜਵਾਬ ਵਕਤ ਹੀ ਦੇ ਸਕਦਾ ਹੈ। ਪਰ ਇਥੇ ਮੈਂ ਆਸ ਕਰਦਾ ਹਾਂ ਕਿ ਮੇਰੇ ਇਹਨਾਂ ਸ਼ੰਕਿਆਂ ਦਾ ਹੱਲ ਤੁਸੀ ਮੇਰੀ ਇਸ ਚਿੱਠੀ ਦਾ ਜਵਾਬ ਦੇ ਕੇ ਜ਼ਰੂਰ ਕਰੋਗੇ।

ਮੇਰੇ ਸਵਾਲਾਂ ਦੀ ਲੜੀ 'ਚ ਸਭ ਤੋਂ ਪਹਿਲਾਂ ਤਾਂ ਇੱਕ ਹੀ ਸਵਾਲ ਆਉਂਦਾ ਹੈ ਕਿ ਇਹੋ ਜਿਹੀ ਕਿਹੜੀ ਖਿੱਚ ਸੀ ਜੋ ਇੱਕ ਦਰਵੇਸ਼ ਨੂੰ ਫੇਰ ਕਲਯੁੱਗ ਵੱਲ ਮੋੜ ਲਿਆਈ ? ਕਿਉਂਕਿ ਦੁਨੀਆਦਾਰੀ ਛੱਡ ਕੇ ਕੁਝ ਦਰਵੇਸ਼ ਬਣਦੇ ਤਾਂ ਦੇਖੇ ਸੀ ਪਰ ਇੱਕ ਦਰਵੇਸ਼ ਨੂੰ ਦੁਨੀਆਦਾਰੀ ਦੇ ਖੂਹ ਵਿੱਚ ਡਿਗਦੇ ਪਹਿਲੀ ਵਾਰ ਦੇਖਿਆ ਹੈ ਜਾਂ ਫੇਰ ਕਹਿ ਸਕਦੇ ਹਾ ਕਿ ਕਾਂ ਨੂੰ ਤਾਂ ਹੰਸ ਦੀ ਨਕਲ ਕਰਦੇ ਦੇਖਿਆ ਸੀ ਪਰ ਕਦੇ ਹੰਸ ਅਜਿਹਾ ਕਰਦੇ ਨਹੀਂ ਦੇਖੇ ਸੀ। ਚਲੋ ਉਨ੍ਹਾਂ ਦੇ ਕਹਿਣ ਮੁਤਾਬਿਕ ਮੰਨ

ਲੈਂਦੇ ਹਾਂ ਕੇ ਉਹ ਦੀਨ ਦੁਖੀਆ ਦੀ ਸੇਵਾ ਕਰਨੀ ਚਾਹੁੰਦੇ ਸਨ ਪਰ ਅੱਜ ਤੱਕ ਤਾਂ ਮੈਂ ਸਿਆਸਤ ਤੇ ਸੇਵਾ ਦਾ ਸੁਮੇਲ ਨਹੀਂ ਦੇਖਿਆ। ਸੇਵਾ ਤਾਂ ਭਗਤ ਪੂਰਨ ਸਿੰਘ ਬਣ ਕੇ ਕੀਤੀ ਜਾ ਸਕਦੀ ਸੀ ਜਾ ਫੇਰ ਮੈਂ ਆਪਣੇ ਬਠਿੰਡੇ ਦੀ ਹੀ ਉਦਾਹਰਨ ਦੇ ਕੇ ਕਹਿ ਸਕਦਾ ਹਾਂ ਕੇ ਸੇਵਾ ਤਾਂ ਵਿਜੇ ਗੋਇਲ (ਸਹਾਰਾ) ਬਣ ਕੇ ਵੀ ਕੀਤੀ ਜਾ ਸਕਦੀ ਸੀ ਜਦੋਂ ਉਹ ਇੰਨੇ ਸੀਮਤ ਸਾਧਨਾਂ ਨਾਲ ਆਪਣੇ ਇਲਾਕੇ ਦੀ ਸੇਵਾ ਕਰ ਸਕਦੇ ਹਨ ਤਾਂ ਹੰਸ ਜੀ ਤਾਂ ਆਪਣੇ ਸਾਧਨਾਂ ਨਾਲ ਸਾਰੇ ਪੰਜਾਬ 'ਚ ਸੇਵਾ ਕਰ ਸਕਦੇ ਸਨ।

ਅਗਲੀ ਗੱਲ ਇਹ ਕਿ ਹੰਸ ਜੀ ਕਹਿੰਦੇ ਕਿ ਬਾਦਲ ਸਾਹਿਬ ਚਾਹੁੰਦੇ ਸੀ ਕੇ ਮੈਂ .ਗਰੀਬ ਦੀ ਆਵਾਜ਼ ਦੇਸ਼ ਦੀ ਸੰਸਦ ਵਿੱਚ ਪਹੁੰਚਾਵਾਂ। ਪਹਿਲੀ ਗੱਲ ਤਾਂ ਇਹ ਕੇ ਜਦੋਂ ਬਾਦਲ ਪਰਿਵਾਰ ਹੋਵੇ ਜਾਂ ਕੈਪਟਨ ਪਰਿਵਾਰ ਹੋਵੇ ਉਹ ਤਾਂ ਸਾਰੀ ਉਮਰ 'ਚ .ਗਰੀਬ ਦੀ ਆਵਾਜ਼ ਨੂੰ ਸੰਸਦ ਤੱਕ ਨਹੀਂ ਪਹੁੰਚਾ ਸਕੇ ਤਾਂ ਉਨ੍ਹਾਂ ਇਹ ਨਿਸ਼ਾਨਾ ਲਾਉਣ ਲਈ ਤੁਹਾਡਾ ਮੋਢਾ ਹੀ ਕਿਉਂ ਚੁਣਿਆ। ਦੂਜੀ ਗੱਲ ਇਹ ਕਿ ਜੇ ਉਹ ਚਾਹੁੰਦੇ ਹੀ ਸਨ ਇੰਜ ਕਰਨਾ ਤਾਂ ਉਹ ਤੁਹਾਨੂੰ ਸੰਸਦ ਵਿੱਚ ਦੂਜੇ ਰਾਹ ਯਾਨੀ ਕਿ ਰਾਜ ਸਭਾ ਦਾ ਮੈਂਬਰ ਬਣਾ ਕੇ ਵੀ ਤਾਂ ਨਾਮਜ਼ਦ ਕਰ ਸਕਦੇ ਸਨ।

ਇਥੇ ਮੈਂ ਜਨਾਬ ਹੰਸ ਰਾਜ ਜੀ ਦੀ ਤੁਲਨਾ ਸਰਦਾਰ ਮਨਮੋਹਨ ਸਿੰਘ ਨਾਲ ਕਰ ਰਿਹਾ ਭਾਵੇਂ ਬਹੁਤ ਸਾਰੇ ਲੋਕਾਂ ਨੂੰ ਇਹ ਚੰਗੀ ਨਾ ਲੱਗੇ ਪਰ ਮੈਨੂੰ ਇਸ ਵਿੱਚ ਕੋਈ ਬੁਰਾਈ ਨਹੀਂ ਦਿਸ ਰਹੀ ਤੇ ਨਾ ਹੀ ਕਿਸੇ ਗੱਲੋਂ ਮੈਨੂੰ ਹੰਸ ਰਾਜ ਡਾਕਟਰ ਮਨਮੋਹਨ ਸਿੰਘ ਨਾਲੋਂ ਘੱਟ ਦਿੱਖ ਰਿਹਾ ਹੈ। ਜੇ ਮਨਮੋਹਨ ਸਿੰਘ ਦੀ ਪਕੜ ਅਰਥਚਾਰੇ ਤੇ ਹੈ ਤੇ ਦੁਨੀਆ ਭਰ 'ਚ ਲੋਕ ਉਨ੍ਹਾਂ ਦੀ ਸੋਝੀ ਮੂਹਰੇ ਨਤਮਸਤਕ ਹੁੰਦੇ ਹਨ ਤਾਂ ਇਹ ਦਰਵੇਸ਼ ਵੀ ਆਪਣੀ .ਫੀਲਡ 'ਚ ਓਨਾ ਹੀ ਸਤਿਕਾਰੀ ਸਨ। ਬੱਸ .ਫਰਕ ਸਿਰ.ਫ ਏਨਾ ਕਿ ਮਨਮੋਹਨ ਸਿੰਘ ਅੱਜ ਵੀ ਆਪਣੇ ਆਪ ਨੂੰ ਸਿਆਸਤਦਾਨ ਨਹੀਂ ਮੰਨਦਾ ਤੇ ਇਸ ਨੂੰ ਇੱਕ ਹਾਦਸਾ ਕਹਿੰਦਾ, ਨਾ ਹੀ ਉਸ ਨੇ ਆਪਣੀ ਮਸ਼ਹੂਰੀ ਦਾ .ਫਤਵਾ ਲੋਕਾਂ ਤੋਂ ਲੈਣ ਦੀ ਕੋਸ਼ਿਸ਼ ਕੀਤੀ। ਇੱਕ ਵੇਲਾ ਉਹ ਵੀ ਸੀ ਜਦੋਂ ਇਸ ਦਰਵੇਸ਼ ਗਾਇਕ ਦੇ ਮੂੰਹੋਂ ਨਿਕਲੀ ਇੱਕ-ਇੱਕ ਗੱਲ ਦੀ ਲੋਕੀ ਕਦਰ ਪਾਉਂਦੇ ਸੀ ਤੇ ਇਸ ਦੀ ਦੂਰ-ਅੰਦੇਸ਼ੀ ਦੀਆ ਗੱਲਾਂ ਪਤਾ ਨਹੀਂ ਕਿੰਨੇ ਕੁ ਲੱਖਾਂ ਲੋਕੀ ਕਰਦੇ ਸਨ ਜੋ ਹੁਣ ਸੀਮਤ ਹੋ ਕੇ ਜਲੰਧਰ ਤੱਕ ਰਹਿ ਗਈਆਂ ਹਨ।

ਹੁਣ ਗੱਲ ਆਉਂਦੀ ਹੈ ਉਸਤਤ ਕਰਨ ਦੀ ਕੌਣ ਨਹੀਂ ਜਾਣਦਾ ਕਿ ਇਹ ਦਰਵੇਸ਼ ਜਦੋਂ ਕਦੇ ਰੱਬ ਦੀ ਉਸਤਤ ਕਰਨ ਬੈਠ ਜਾਂਦਾ ਸੀ ਤਾਂ ਸਾਰੀ ਕਾਇਨਾਤ ਨੂੰ ਉਸ ਰੰਗ ਵਿੱਚ ਰੰਗ ਦਿੰਦਾ ਸੀ। ਭਾਵੇਂ ਉਸ ਨੇ ਧੁਰ ਕੀ ਬਾਣੀ ਦੇ ਸ਼ਬਦ ਗਾਇਨ ਕੀਤੇ ਤੇ ਭਾਵੇਂ ਸਰਲ ਭਾਸ਼ਾ 'ਚ ਬਾਜਾਂ ਵਾਲੇ ਤੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਗਾਇਆ। ਹਰ ਬਾਰ ਲੋਕ ਅਸ-ਅਸ ਕਰ ਉਠੇ ਸਨ। ਪਰ ਅੱਜ ਜਦੋਂ ਇਸ ਨਵੇਂ ਅਵਤਾਰ 'ਚ ਕਲਯੁਗੀ ਨੇਤਾਵਾਂ ਦੇ ਗੁਣ-ਗਾਣ ਤੇ ਪਰਿਵਾਰਵਾਦ ਨੂੰ ਹੱਲਾਸ਼ੇਰੀ ਦੇਣ ਵਾਲਿਆਂ ਦੀ ਔਲਾਦ ਨੂੰ ਦਾਤੇ ਕਹਿ ਕੇ ਉਨ੍ਹਾਂ ਦੀ ਉਸਤਤ ਉਸੇ ਜ਼ਬਾਨ ਨੂੰ ਕਰਦਿਆਂ ਦੇਖਿਆ ਤਾਂ ਮੇਰੀਆਂ ਸਾਰੀਆਂ ਸ਼ੰਕਾਂਵਾ ਦੂਰ ਹੋ ਗਈਆਂ ਕਿ ਇਹ ਅ.ਫਵਾਹ ਨਹੀਂ ਸੀ ਪੱਕੀ ਗੱਲ ਹੀ ਹੈ ਕੇ ਦਰਵੇਸ਼ ਗਾਇਕ ਹੰਸ ਰਾਜ ਹੰਸ ਦਾ ਉਹ ਅਵਤਾਰ ਹੁਣ ਇਸ ਦੁਨੀਆ ਵਿੱਚ ਨਹੀਂ ਹੈ ਜਿਸ ਨੂੰ ਕਦੇ ਲੋਕਾਂ ਪੂਜਿਆ ਸੀ।

ਕਦੇ-ਕਦੇ ਮਨ 'ਚ ਇਹ ਖ਼ਿਆਲ ਵੀ ਆਉਂਦਾ ਹੈ ਕਿ ਨਹੀਂ ਇੱਕ ਦਰਵੇਸ਼ ਦੀ ਜ਼ਮੀਰ

ਏਨੀ ਛੇਤੀ ਨਹੀਂ ਮਰ ਸਕਦੀ ਕਿਤੇ ਇਹ ਤਾਂ ਨਹੀਂ ਸੀ ਕੇ ਹਾਥੀ ਦੇ ਦੰਦ ਦਿਖਾਉਣ ਲਈ ਹੋਰ ਤੇ ਖਾਣ ਨੂੰ ਹੋਰ ਹੋਣ ਤੇ ਅਸੀਂ ਹੀ ਸਿੱਕੇ ਦਾ ਦੂਜਾ ਪਾਸਾ ਨਾ ਦੇਖ ਸਕੇ ਹੋਈਏ। ਪਰ ਵੀਰ ਕੀ ਕਰੀਏ ਸਾਡਾ ਕੋਈ ਕਸੂਰ ਨਹੀਂ ਅਸੀਂ ਤਾਂ ਪਹਿਲੇ ਦਿਨ ਤੋਂ ਹੀ ਕਲਯੁਗੀ ਜੀ ਹਾਂ ਸੋ ਸਾਡਾ ਕੀ ਕਸੂਰ ਐਵੇਂ ਅਵਾ-ਤਵਾ ਸੋਚੀ ਜਾਣੇ ਹਾਂ।

ਭਾਵੇਂ ਕੁਝ ਕਾਰਣਾਂ ਕਰ ਕੇ ਹੰਸ ਜੀ ਨੂੰ ਨਵਾਂ ਅਵਤਾਰ ਲੈਣਾ ਪੈ ਗਿਆ ਹੋਵੇ ਪਰ ਵੀਰ ਤੁਹਾਨੂੰ ਨਹੀਂ ਲਗਦਾ ਕਿ ਸਸਤਾ ਆਟਾ ਦਾਲ ਤੇ ਮੁਫ਼ਤ ਬਿਜਲੀ ਆਦਿ ਦੇ ਗੀਤ ਹੰਸ ਜੀ ਨੂੰ ਖ਼ੁਦ ਗਾਉਣੇ ਲਾਜ਼ਮੀ ਸਨ ? ਚਲੋ ਇਹ ਵੀ ਕੋਈ ਗੱਲ ਨਹੀਂ ਕੋਈ ਬੁਰਾਈ ਨਹੀਂ ਹੈ ਇਸ ਵਿੱਚ ਪਰ ਕੀ ਕਾਕਾ ਜੀ (ਛੋਟੇ ਬਾਦਲ) ਦੀ ਉਸਤਤ ਕਰਨੀ ਜ਼ਰੂਰੀ ਸੀ ? ਕਿ ਇੰਜ ਕਰਨ ਲੱਗਿਆ ਉਨ੍ਹਾਂ ਨੂੰ ਆਪਣੇ ਕੱਦ ਦਾ ਅਹਿਸਾਸ ਨਹੀਂ ਹੋਇਆ ? ਜਿਸ ਇਨਸਾਨ ਦਾ ਦਾਇਰਾ ਸਾਰੀ ਦੁਨੀਆ ਸੀ ਤੇ ਇਕ ਛੋਟੀ ਜਿਹੀ ਰਾਜਨੀਤਕ ਪਾਰਟੀ ਵਿੱਚ ਉਹ ਕਿਉਂ ਸਿਮਟ ਗਿਆ ?

ਵੀਰ ਅੱਜ ਜਦੋਂ ਮੈਂ ਇਹ ਪੱਤਰ ਲਿਖ ਰਿਹਾ ਸੀ ਤਾਂ ਮੇਰਾ ਇੱਕ ਨਜ਼ਦੀਕੀ ਦੋਸਤ ਕੋਲ ਆ ਗਿਆ ਤੇ ਕਹਿਣ ਲੱਗਿਆ ਯਾਰ ਤੂੰ ਤਾਂ ਕੁਝ ਜ਼ਿਆਦਾ ਹੀ ਭਾਵੁਕ ਹੋ ਗਿਆ ਇਸ ਮਸਲੇ ਨੂੰ ਲੈ ਕੇ ਪਹਿਲਾਂ ਵੀ ਆਰਟੀਕਲ ਲਿਖ ਕੇ ਰੌਲਾ ਪਾਇਆ ਤੇ ਹੁਣ ਵੀ ਰੋਈ ਜਾਂਦਾ ਹੈ। ਪਰ ਵੀਰ ਇਸ ਵਿੱਚ ਮੇਰਾ ਕੋਈ ਕਸੂਰ ਨਹੀਂ ਜੇ ਕਿਸੇ ਨੂੰ ਆਪਾਂ ਦਿਲੋਂ ਚਾਹੁੰਦੇ ਹੋਈਏ ਤਾਂ ਇਹੋ ਜਿਹੀ ਸੱਟ ਝੱਲਣੀ ਕੁਝ ਔਖੀ ਹੀ ਹੁੰਦੀ ਹੈ।ਮਾਫ਼ ਕਰਨਾ ਵੀਰ ਮੈਂ ਕੁਝ ਆਪਣੀ ਔਕਾਤ ਤੋਂ ਜ਼ਿਆਦਾ ਹੀ ਲਿਖ ਗਿਆ ਲੱਗਦਾ ਹਾਂ ਤੇ ਤੁਹਾਡਾ ਕੀਮਤੀ ਵਕਤ ਲੈਣ ਲਈ ਵੀ ਮਾਫ਼ੀ ਮੰਗਦਾ ਹਾਂ।ਭਾਵੇਂ ਢਿੱਡ ਤਾਂ ਹਾਲੇ ਪਤਾ ਨਹੀਂ ਕਿੰਨੇ ਕੇ ਸਵਾਲਾਂ ਨਾਲ ਭਰਿਆ ਪਿਆ ਹੈ ਪਰ ਜੇ ਕਦੇ ਰੱਬ ਨੇ ਮਿਲਾਇਆ ਤਾਂ ਜ਼ਰੂਰ ਹੌਲਾ ਕਰਾਂਗਾ।

ਤੁਹਾਡਾ ਛੋਟਾ ਵੀਰ
ਮਿੰਟੂ ਬਰਾੜ

## ਹੁਣ ਸਾਡੇ ਰਾਜ ਗਾਇਕ ਸਸਤਾ ਆਟਾ-ਦਾਲ ਵੇਚਿਆ ਕਰਨਗੇ

ਇਹ ਲੇਖ 2009 ਵਿੱਚ ਆਪਣੇ ਜਵਾਨ ਹੋ ਰਹੇ ਪੁੱਤਰ ਵੱਲੋਂ ਕਿਤੇ ਅਣਭੋਲ ਸਵਾਲਾਂ 'ਚੋਂ ਨਿਕਲ ਕੇ ਆਇਆ ਸੀ। ਜਦੋਂ ਮੈਂ ਇਸ ਫ਼ਿਕਰ ਤੋਂ ਡਰਦਾ ਕਿ ਜਵਾਨੀ 'ਚ ਪੈਰ ਧਰ ਰਿਹਾ ਮੇਰਾ ਬੇਟਾ ਕਿਤੇ ਇਸ ਪੱਛਮੀ ਸਭਿਆਚਾਰ 'ਚ ਨਾ ਰੰਗਿਆ ਜਾਵੇ। ਉਸ ਨੂੰ ਪੰਜਾਬੀ ਸਭਿਆਚਾਰ ਦੀ ਅਮੀਰੀ ਬਾਰੇ ਸਮਝਾ ਰਿਹਾ ਸੀ ਤਾਂ ਅਚਾਨਕ ਇੱਕ ਪੰਜਾਬੀ ਚੈਨਲ ਤੇ ਇਹੋ ਜਿਹਾ ਵਤੀਰਾ ਦੇਖਿਆ ਕਿ ਮੈਂ ਜੁਆਕ ਮੂਹਰੇ ਲਾਜਵਾਬ ਹੋ ਗਿਆ। ਬੱਚੇ ਦੇ ਅਣਭੋਲ ਤੇ ਤਿੱਖੇ ਸਵਾਲਾਂ ਨੇ ਮੈਨੂੰ ਸੋਚਣ ਤੇ ਮਜਬੂਰ ਕੀਤਾ ਤਾਂ ਮੈਂ ਸਾਰੇ ਪਹਿਲੂਆਂ ਤੇ ਨਜ਼ਰ ਮਾਰੀ ਤਾਂ ਮੈਨੂੰ ਮਹਿਸੂਸ ਹੋਇਆ ਕਿ ਅਸੀਂ ਧੱਕੇ ਨਾਲ ਹੀ ਆਪਣੀ ਪਿੱਠ ਥਪਥਪਾ ਰਹੇ ਹਾਂ। ਅਸਲੀਅਤ ਕੁਝ ਹੋਰ ਹੈ। ਆਧੁਨਿਕਤਾ ਦੇ ਨਾਂ ਤੇ ਸਭ ਤੋਂ ਵੱਧ ਨੁਕਸਾਨ ਸਾਡੇ ਸੱਭਿਆਚਾਰ ਦਾ ਹੋ ਰਿਹਾ। ਦੂਜਾ ਸਭ ਤੋਂ ਵੱਡਾ ਝਟਕਾ ਮੈਨੂੰ ਸਾਡੇ ਦਰਵੇਸ਼ ਅਤੇ ਰਾਜ ਗਾਇਕ ਨੂੰ ਸਿਆਸੀ ਲੋਕਾਂ ਦੀ ਉਸਤਤ ਕਰਦਿਆਂ ਦੇਖ ਕੇ ਲੱਗਿਆ। ਇਸ ਲੇਖ ਦੇ ਲਿਖਣ ਤੋਂ ਪੰਜ ਸਾਲ ਬਾਅਦ ਅੱਜ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਇਸ ਦਰਵੇਸ਼ ਗਾਇਕ ਦਾ ਫ਼ੈਸਲਾ ਕਿੰਨਾ ਸਹੀ ਸੀ ਤੇ ਕਿੰਨਾ ਗ਼ਲਤ ਸੀ ?



ਉੱਘੇ ਗੀਤਕਾਰ ਮੱਖਣ ਬਰਾੜ ਦੀ ਸੀ.ਡੀ. ਜਾਰੀ ਕਰਦੇ ਵਕਤ ਬਾਬਾ
ਬਲਵੀਰ ਸਿੰਘ ਸੀਚੇਵਾਲ, ਨਾਵਲਕਾਰ ਜੱਗੀ ਕੁੱਸਾ , ਸੁਖਨੈਬ ਸਿੱਧੂ ਆਦਿ ਨਾਲ ਲੇਖਕ



ਜਲੰਧਰ ਦੂਰਦਰਸ਼ਨ ਦੇ ਵਿਹੜੇ ਡਾਕਟਰ ਲਖਵਿੰਦਰ ਜੌਹਲ
ਅਤੇ ਜਨਾਬ ਸਤਨਾਮ ਚਾਨਾ ਨਾਲ ਲੇਖਕ

# ਹੁਣ ਸਾਡੇ ਰਾਜ ਗਾਇਕ ਸਸਤਾ ਆਟਾ-ਦਾਲ ਵੇਚਿਆ ਕਰਨਗੇ

ਬਹੁਤ ਸਬਰ ਕਰ ਲਿਆ ਪੰਜਾਬੀਅਤ ਦਾ ਘਾਣ ਪੰਜਾਬੀ ਗੀਤਕਾਰਾਂ ਤੇ ਗਾਇਕਾਂ ਹੱਥੋਂ ਹੁੰਦਾ ਦੇਖ ਕੇ, ਪਰ ਹੁਣ ਹੋਰ ਸਹਿਣ ਨਹੀਂ ਹੁੰਦਾ। ਪਰ ਕਰ ਵੀ ਕੀ ਸਕਦੇ ਹਾਂ ? ਤੇ ਰੋਕ ਵੀ ਕਿਵੇਂ ਸਕਦੇ ਹਾਂ ? ਬੇਵੱਸ ਹੋਏ ਬੈਠੇ ਹਾਂ। ਬੱਸ ਵੱਧ ਤੋਂ ਵੱਧ ਰੌਲਾ ਪਾ ਸਕਦੇ ਹਾਂ, ਅਖ਼ਬਾਰਾਂ 'ਚ ਲਿਖ ਕੇ ਭੜਾਸ ਕੱਢ ਸਕਦੇ ਹਾਂ। ਪਰ ਇਸ ਨਾਲ ਵੀ ਕੀ ਹੋ ਸਕਦਾ ਹੈ ! ਚਾਰ ਦਿਨ ਲੋਕ ਧਿਆਨ ਦੇਣਗੇ ਤੇ ਫੇਰ ਉਹੀ ਕਹੀ ਤੇ ਉਹੀ ਕੁਹਾੜੀ। ਇਹ ਕੁੱਝ ਸੋਚਣ, ਕਰਨ ਵਾਲਾ ਮੈਂ ਇਕੱਲਾ ਨਹੀਂ ਬਹੁਤ ਲੋਕ ਵਿਚੋਂ ਵਿੱਚ ਝੂਰੀ ਜਾਂਦੇ ਹਨ। ਪਰ ਸਾਰੇ ਨਿਹੱਥੇ ਹਨ। ਹਰ ਕੋਈ ਸੋਚਦਾ ਹੈ ਕਿ ਕੋਈ ਇਨਕਲਾਬੀ ਉਠੇ ਤੇ ਇਸ ਨਾਮੁਰਾਦ ਬਿਮਾਰੀ ਜੋ ਕਿ ਸਾਡੇ ਕਲਚਰ ਨੂੰ ਘੁਣ ਵਾਂਗੂੰ ਖਾਈ ਹੀ ਨਹੀ ਜਾਂਦੀ, ਖਾ ਹੀ ਚੁੱਕੀ ਹੈ, ਤੋਂ ਸਾਡਾ ਛੁਟਕਾਰਾ ਪਾਵੇ। ਪਰ ਪਹਿਲ ਕੋਈ ਨਹੀਂ ਕਰ ਰਿਹਾ ਹਰ ਇੱਕ ਸੋਚਦਾ ਹੈ ਕਿ ਭਗਤ ਸਿੰਘ ਫੇਰ ਪੈਦਾ ਹੋਵੇ ਪਰ ਹੋਵੇ ਗੁਆਂਢੀਆ ਦੇ ਘਰ ਕਿਉਂਕਿ ਅਸੀਂ ਵਾਹ-ਵਾਹ ਤਾਂ ਕਰ ਸਕਦੇ ਹਾਂ ਕਿ ਫ਼ਲਾਣਾ ਬਲਦੀ ਅੱਗ ਨਾਲ ਖੇਡ ਰਿਹਾ ਹੈ, ਅਸੀਂ ਇਹੋ ਜਿਹਾ ਕੁੱਝ ਨਹੀਂ ਕਰਨਾ ਚਾਹੁੰਦੇ ਜਿਸ ਨਾਲ ਅੱਗ ਦਾ ਸੇਕ ਸਾਨੂੰ ਲੱਗੇ। ਪਤਾ ਨਹੀਂ ਕਦੋਂ ਇਸ ਵਿਰੁੱਧ ਜਹਾਦ ਉੱਠੇਗਾ ?

ਅੱਜ ਇਹ ਵਾਵਰੋਲਾ ਫੇਰ ਮੇਰੇ ਮਨ ਵਿੱਚ ਉਸ ਵੇਲੇ ਉੱਠਿਆ ਜਦੋਂ ਚੰਗੇ ਨੂੰ ਕੀਤਾ ਕੰਮ ਮਾੜਾ ਹੋ ਨਿਬੜਿਆ। ਗੱਲ ਇੰਜ ਹੋਈ ਕਿ ਵਿਦੇਸ਼ਾਂ 'ਚ ਬੈਠੇ ਹਰ ਵਕਤ ਮਨ 'ਚ ਇਹ ਡਰ ਲੱਗਿਆ ਰਹਿੰਦਾ ਕਿ ਕਿਤੇ ਆਪਣੀ ਨਵੀਂ ਪੀੜ੍ਹੀ ਆਪਣੇ ਕਲਚਰ ਨੂੰ ਨਾ ਭੁੱਲ ਜਾਵੇ ਤੇ ਇਸੇ ਡਰ ਕਾਰਨ ਸਾਰਾ ਦਿਨ ਕੋਸ਼ਿਸ਼ ਹੁੰਦੀ ਹੈ ਕਿ ਕਿਵੇਂ ਨਾ ਕਿਵੇਂ ਬੱਚਿਆਂ ਨੂੰ ਪੰਜਾਬੀਅਤ ਨਾਲ ਜੋੜੀ ਰੱਖਿਆ ਜਾਵੇ। ਬੱਸ ਉਸੇ ਤਹਿਤ ਮੋਟੇ ਡਾਲਰ ਖ਼ਰਚ ਕੇ ਡਿਸ਼ ਐਨਟਿਨਾ ਲਵਾਇਆ ਕਿ ਨਾਲੇ ਤਾਂ ਗੁਰਬਾਣੀ ਸੁਣ ਲਿਆ ਕਰਾਂਗੇ ਨਾਲੇ ਜੁਆਕ ਕੁੱਝ ਪੰਜਾਬੀ ਪ੍ਰੋਗਰਾਮ ਦੇਖ ਲਿਆ ਕਰਨਗੇ ਅਤੇ ਕੁੱਝ ਆਪਣੇ ਕਲਚਰ ਨਾਲ ਜੁੜੇ ਰਹਿਣਗੇ। ਪਰ ਸਾਡਾ ਇਹ ਕਦਮ ਉਲਟਾ ਪੈ ਗਿਆ। ਕੁੱਝ ਦਿਨ ਪਹਿਲਾਂ ਤੱਕ ਅਸੀਂ ਆਪਣੇ ਜੁਆਕਾਂ ਨੂੰ ਲੰਮੇ-ਚੌੜੇ ਭਾਸ਼ਣ ਦੇ ਕੇ ਆਪਣੇ ਸੱਭਿਆਚਾਰ ਦੀਆਂ ਵਡਿਆਈਆਂ ਕਰਦੇ ਨਹੀਂ ਥੱਕਦੇ ਸੀ। ਅੱਜ ਸਾਡੇ ਵੱਲੋਂ ਦਿੱਤੇ ਉਨ੍ਹਾਂ ਹਰ ਇੱਕ ਭਾਸ਼ਣਾਂ ਦੀ ਇੱਕ-ਇੱਕ ਗੱਲ ਦਾ ਜਵਾਬ ਨਿਆਣੇ ਮੰਗ ਰਹੇ ਹਨ। ਹੁਣ ਜੁਆਕ ਸੱਚੇ ਲੱਗ ਰਹੇ ਹਨ ਤੇ ਆਪ ਝੂਠੇ ਜਿਹੇ ਮਹਿਸੂਸ ਕਰ ਰਹੇ ਹਾਂ।

ਉਦਾਹਰਣ ਦੇ ਤੌਰ 'ਤੇ ਇੱਕ ਦਿਨ ਇੱਕ ਪਰਿਵਾਰ ਮੈਨੂੰ ਦੱਸ ਰਿਹਾ ਸੀ ਕਿ ਸਾਡੇ ਬੱਚੇ ਹੁਣ ਵਧੀਆ ਪੰਜਾਬੀ ਬੋਲ ਲੈਂਦੇ ਹਨ ਕਿਉਂਕਿ ਸਾਰਾ ਦਿਨ ਘਰ 'ਚ ਪੰਜਾਬੀ ਟੀ.ਵੀ. ਦੇਖਦੇ ਰਹਿੰਦੇ ਹਨ। ਇੰਨੇ ਨੂੰ ਉਨ੍ਹਾਂ ਦੀ ਚਾਰ ਕੁ ਸਾਲ ਦੀ ਬੱਚੀ ਉਥੇ ਆ ਗਈ ਤਾਂ ਮੈਂ ਉਸ ਨੂੰ ਪੁੱਛਿਆ ਬੇਟਾ ਕੀ ਦੇਖਦੇ ਹੁੰਦੇ ਹੋ ਪੰਜਾਬੀ ਟੀ.ਵੀ. ਤੇ ? ਤਾਂ ਉਸ ਨੇ ਬੜੀ ਹੀ ਮਸੂਮੀਅਤ ਨਾਲ ਗਾਉਣਾ ਸ਼ੁਰੂ ਕਰ ਦਿਤਾ ਕਿ "ਤੈਨੂੰ ਘੋੜੀ ਕੀਨ੍ਹੇ ਚੜ੍ਹਾਇਆ ਭੂਤਨੀ ਕੇ" ਏਨਾ ਸੁਣਦੇ ਮਾਂ ਬਾਪ ਉਸ ਨੂੰ ਝਿੜਕਣ ਲੱਗ ਗਏ। ਤਾਂ ਮੈਂ ਉਨ੍ਹਾਂ ਨੂੰ ਰੋਕਿਆ ਕਿ ਕਸੂਰ ਇਸ ਮਾਸੂਮ ਦਾ ਨਹੀਂ ਕਸੂਰ ਤਾਂ ਉਨ੍ਹਾਂ ਲੋਕਾਂ ਦਾ ਹੈ ਜੋ ਇਹੋ ਜਿਹਾ ਪਰੋਸਦੇ ਹਨ। ਲਗਦੇ ਹੱਥ ਇੱਕ ਮੇਰੀ ਹੱਡਬੀਤੀ ਵੀ ਸੁਣ ਲਵੋ; ਇੱਕ ਦਿਨ ਮੈਂ ਆਪਣੇ ਬੇਟੇ ਨੂੰ

ਕਿਹਾ ਕਿ ਤੁਸੀ ਜ਼ਿਆਦਾ ਪਲੇਅ ਸਟੇਸ਼ਨ 'ਤੇ ਗੇਮਾਂ ਨਾ ਖੇਡਿਆ ਕਰੋ, ਇਸ ਵਿੱਚ ਬਹੁਤ ਹੀ ਕਤਲੇਆਮ ਦਿਖਾਇਆ ਜਾਂਦਾ ਹੈ। ਇਸ ਲਈ ਥੋੜ੍ਹੀ ਦੇਰ ਪੰਜਾਬੀ ਚੈਨਲ

ਵੀ ਦੇਖ ਲਿਆ ਕਰੋ ਘੱਟੋ ਘੱਟ ਉਹ ਮਰਨ ਮਰਾਉਣ ਦੀ ਗੱਲ ਤਾਂ ਨਹੀਂ ਕਰਦੇ। ਮੇਰੇ ਆਖੇ ਲੱਗ ਕੇ ਉਸ ਨੇ ਜਦ ਪੰਜਾਬੀ ਚੈਨਲ ਲਗਾਇਆ ਤਾਂ ਸੰਯੋਗ ਨਾਲ ਉਸ ਤੇ ਜੋ ਗਾਣਾ ਚੱਲ ਰਿਹਾ ਸੀ ਉਸ ਦੇ ਬੋਲ ਸਨ ਕਿ "ਮੇਰਾ ਬੰਦਾ ਮਾਰਨ ਨੂੰ ਜੀ ਕਰਦਾ।" ਹੁਣ ਤੁਸੀ ਦੱਸੋ ਮੈਂ ਕਰਦਾ ਤਾਂ ਕੀ ਕਰਦਾ ਤੇ ਆਪਣੇ ਬੱਚੇ ਦੇ ਕਿਹੜੇ-ਕਿਹੜੇ ਸਵਾਲਾਂ ਦਾ ਜਵਾਬ ਦਿੰਦਾ। ਇਹੋ ਜਿਹੀਆਂ ਹਜ਼ਾਰਾਂ ਹੀ ਉਦਾਹਰਣਾਂ ਤੁਹਾਨੂੰ ਮਿਲ ਜਾਣਗੀਆਂ ਜਿਸ ਨਾਲ ਸਾਨੂੰ ਇਹਸਾਸ ਹੁੰਦਾ ਹੈ ਕਿ ਚੰਗੇ ਨੂੰ ਕੀਤਾ ਕੰਮ ਮਾੜੇ ਵੱਲ ਨੂੰ ਜਾ ਰਿਹਾ ਹੈ।

ਜਦੋਂ ਵੀ ਕਦੇ ਅਸੀਂ ਪੰਜਾਬੀ ਚੈਨਲ ਲਾ ਕੇ ਦੇਖਦੇ ਹਾਂ ਤਾਂ ਹਰ ਵਾਰ ਨਵੇਂ ਤੋਂ ਨਵੇਂ ਢੰਗ ਨਾਲ ਪੰਜਾਬੀਅਤ ਦਾ ਕਤਲ ਹੁੰਦਾ ਦੇਖਦੇ ਹਾਂ। ਪਹਿਲਾ ਤਾਂ ਰੌਲਾ ਸੁਰ 'ਚ ਗਾਉਣ ਤੇ ਬੇਸੁਰੇ ਗਾਇਕਾਂ ਦਾ ਸੀ ਪਰ ਹੁਣ ਇਹ ਤਾਂ ਕੋਈ ਮਸਲਾ ਹੀ ਨਹੀਂ ਰਹਿ ਗਿਆ ਕਿ ਤੁਸੀ ਕਿੰਨੇ ਸੁਰੀਲੇ ਹੋ ਹੁਣ ਤਾਂ ਇੱਕ ਹੀ ਗੱਲ ਰਹਿ ਗਈ ਕਿ ਤੁਸੀ ਕਿੰਨਾ ਲੱਚਰ ਗਾ ਅਤੇ ਦਿਖਾ ਸਕਦੇ ਹੋ ?

ਲਓ ਜੀ ਮੈਂ ਕਿਵੇਂ ਨਾ ਕਿਵੇਂ ਜੁਆਕ ਮੂਹਰੇ ਸੱਚੇ ਹੋਣ ਦੀ ਕੋਸ਼ਿਸ਼ ਕਰਦਿਆਂ ਫੇਰ ਭਾਸ਼ਣ ਦੇਣ ਲੱਗ ਪਿਆ ਕਿ ਨਹੀਂ ਇਹ ਗੱਲ ਨਹੀਂ ਕਿ ਪੰਜਾਬ ਵਿੱਚ ਸਾਰੇ ਹੀ ਇਸ ਤਰ੍ਹਾਂ ਗਾਉਂਦੇ ਹਨ। ਤੁਹਾਨੂੰ ਕੁੱਝ ਮਿਆਰੀ ਤੇ ਸੁਰੀਲੇ ਗਾਇਕ ਸੁਣਨੇ ਚਾਹੀਦੇ ਹਨ ਜਿਵੇਂ ਕਿ ਉਚੀ-ਸੁੱਚੀ ਸੋਚ ਦਾ ਮਾਲਕ ਗੁਰਦਾਸ ਮਾਨ, ਪੰਜਾਬੀਅਤ ਦੀ ਬਾਤ ਪਾਉਂਦਾ ਹਰਭਜਨ ਮਾਨ ਅਤੇ ਦਰਵੇਸ਼ ਤੇ ਸੂਫ਼ੀ ਗਾਇਕ ਹੰਸ ਰਾਜ ਹੰਸ ਜਿਸ ਨੂੰ ਕੀ ਮਹਾਨ ਤੇ ਅਮੀਰ ਵਿਰਸੇ ਵਾਲੇ ਪੰਜਾਬ ਦੇ ਰਾਜ ਗਾਇਕ ਦਾ ਅਤੇ ਭਾਰਤ ਸਰਕਾਰ ਦਾ ਪਦਮ ਸ਼੍ਰੀ ਜਿਹਾ ਵਕਾਰੀ ਐਵਾਰਡ ਪ੍ਰਾਪਤ ਹੈ। ਬੱਸ ਹਾਲੇ ਮੇਰਾ ਲੈਕਚਰ ਅੱਧ ਵਿਚਾਲੇ ਹੀ ਸੀ ਕਿ ਜਨਾਬ ਹੰਸ ਰਾਜ ਹੰਸ ਦਾ ਚਿਹਰਾ ਟੀ.ਵੀ. ਸਕਰੀਨ 'ਤੇ ਦੇਖਣ ਨੂੰ ਮਿਲ ਗਿਆ ਤਾਂ ਮੈਂ ਬੜੇ ਹੀ ਹੌਂਸਲੇ ਨਾਲ ਕਿਹਾ ਲੈ ਆਹ ਸੁਣ ਦੇਖੀ ਕਿੰਨਾ ਵਧੀਆ ਗਾਉਂਦੇ ਹਨ। ਪਰ ਭਰਾਵੋ ਮੇਰਾ ਤਾਂ ਇਹ ਤੀਰ ਵੀ ਨਿਸ਼ਾਨੇ 'ਤੇ ਲੱਗਣ ਤੋਂ ਪਹਿਲਾਂ ਹੀ ਟੋਟੇ-ਟੋਟੇ ਹੋ ਗਿਆ ਜਦੋਂ ਇਸ ਸੂਫ਼ੀ ਦਰਵੇਸ਼ ਨੂੰ ਰੱਬ ਦੀ ਥਾਂ ਤੇ ਸਿਆਸਤਦਾਨਾਂ ਦੀ ਉਸਤਤ ਕਰਦੇ ਸੁਣਿਆ। ਇਕ ਬਾਰ ਤਾਂ ਮਨ ਨੂੰ ਯਕੀਨ ਜਿਹਾ ਨਹੀਂ ਹੋਇਆ ਕਿ ਇਹ ਦਰਵੇਸ਼ ਆਟੇ-ਦਾਲ ਦੇ ਭਾਅ ਜਿਹੇ ਕਿੱਧਰ ਦੱਸ ਰਿਹਾ ਹੈ। ਕਿਉਂਕਿ ਉਨ੍ਹਾਂ ਦੇ ਗੀਤ ਦੇ ਬੋਲ ਸਨ ਕਿ ਜੇ ਸਾਡੀ ਸਰਕਾਰ ਆ ਗਈ ਤਾਂ ਦੋ ਰੁਪਏ ਕਿੱਲੋ ਆਟਾ ਤੇ ਵੀਹ ਰੁਪਏ ਕਿੱਲੋ ਦਾਲ ਦੇਵਾਂਗੇ। ਰਹਿ-ਰਹਿ ਕੇ ਦਿਲ ਇਹ ਕਹਿ ਰਿਹਾ ਸੀ ਕਿ ਅੱਜਕੱਲ੍ਹ ਦੇ ਇਸ ਕੰਪਿਊਟਰ ਯੁੱਗ ਵਿੱਚ ਇਹ ਕੋਈ ਮਜ਼ਾਕ ਹੀ ਨਾ ਹੋਵੇ। ਪਰ ਨਹੀਂ ਇਹ ਤਾਂ ਇੱਕ ਕੌੜਾ ਸੱਚ ਸੀ ਭਾਵੇਂ ਇਹ ਤਾਂ ਪਤਾ ਸੀ ਕਿ ਜਨਾਬ ਵੋਟਾਂ 'ਚ ਖੜ੍ਹੇ ਹਨ ਪਰ ਇਹ ਉਮੀਦ ਨਹੀਂ ਸੀ ਕਿ ਰੱਬ ਦੀ ਉਸਤਤ ਕਰਨ ਵਾਲੀ ਇਹ ਜ਼ਬਾਨ ਵੀ ਕਲਯੁਗੀ ਨੇਤਾਵਾਂ ਦੇ ਗੁਣਗਾਨ ਕਰੇਗੀ।

ਧੁਰ ਅੰਦਰੋਂ ਹਲੂਣਾ ਆਇਆ ਕਿ ਕਲਯੁੱਗੀ ਜੀ ਨੂੰ ਦਰਵੇਸ਼ ਬਣਦੇ ਤਾਂ ਦੇਖਿਆ ਪਰ ਇਕ ਦਰਵੇਸ਼ ਨੂੰ ਮੁੜ ਕਲਯੁੱਗ ਦੇ ਖੂਹ 'ਚ ਡਿਗਦੇ ਨਹੀਂ ਦੇਖਿਆ ਸੀ ! ਪਰ ਇਥੇ ਫੇਰ ਮੈਨੂੰ ਮੇਰੇ ਬੇਟੇ ਦੇ ਤਿੱਖੇ ਸਵਾਲ ਦਾ ਸਾਹਮਣਾ ਕਰਨਾ ਪਿਆ। ਜਦ ਥੋੜ੍ਹੇ ਦਿਨ ਪਹਿਲਾਂ ਉਹ ਮੈਨੂੰ ਗੋਰਿਆਂ ਦੇ ਅਸੂਲਾਂ ਵਾਰੇ ਦੱਸ ਰਿਹਾ ਸੀ ਤਾਂ ਮੈਂ ਉਸ ਨੂੰ ਅਣਸੁਣਿਆ ਕਰਕੇ ਕਿਹਾ ਸੀ ਨਹੀਂ ਜਿਨ੍ਹਾਂ ਆਪਣਾ

ਪੰਜਾਬੀ ਵਿਰਸਾ ਉੱਚਾ ਹੈ ਗੋਰਿਆਂ ਦਾ ਵਿਰਸਾ ਤਾਂ ਆਪਣੇ ਵਿਰਸੇ ਦੇ ਪੈਰ ਵਰਗਾ ਵੀ ਨਹੀਂ ਹੈ। ਪਰ ਅੱਜ ਉਹ ਮੈਨੂੰ ਕਹਿਣ ਲੱਗਿਆ ਕਿ ਭਾਵੇਂ ਆਪਣਾ ਵਿਰਸਾ ਲੱਖ ਉੱਚਾ ਹੋਵੇ ਪਰ ਆਪਣੇ ਲੋਕ ਬਿਨਾਂ ਸੋਚੇ ਸਮਝੇ ਤੇ ਪਰਖੇ ਫ਼ੈਸਲਾ ਕਰ ਦਿੰਦੇ ਹਨ ਪਰ ਗੋਰੇ ਇੰਜ ਨਹੀਂ ਕਰਦੇ। ਇਸੇ ਦਾ ਨਤੀਜਾ ਅੱਜ ਤੁਹਾਡੇ ਸਾਹਮਣੇ ਹੈ ਜਦੋਂ ਇੱਕ ਦਰਵੇਸ਼ ਦਾ ਟਾਈਟਲ ਹਾਸਿਲ ਇਨਸਾਨ ਇਹ ਕੁੱਝ ਕਰ ਰਿਹਾ ਹੈ ਤੇ ਹਰ ਕੋਈ ਆਪਣੇ ਆਪ ਨੂੰ ਸੰਤ ਲਿਖ ਰਿਹਾ ਹੈ, ਪਰ ਗੋਰਿਆ 'ਚ ਇਹ ਨਹੀ ਹੈ। ਗੋਰੇ ਕਿਸੇ ਨੂੰ 'ਸਰ' ਦੀ ਉਪਾਧੀ ਓਦੋਂ ਤੱਕ ਨਹੀਂ ਦਿੰਦੇ ਜਦ ਉਸ ਨੂੰ ਹਰ ਕਸੌਟੀ 'ਤੇ ਪਰਖ ਨਾ ਲੈਣ ਤੇ ਸੰਤ ਦੀ ਉਪਾਧੀ ਤਾਂ ਬੜੀ ਦੂਰ ਦੀ ਗੱਲ ਹੈ। ਇਸ ਲਈ ਘੱਟੋ ਘੱਟ ਮੌਤ ਦੇ ਪੱਚੀ ਸਾਲ ਪਿੱਛੋਂ ਇਹ ਉਪਾਧੀ ਦਿੱਤੀ ਜਾਂਦੀ ਹੈ ਨਾ ਕਿ ਕੁੱਝ ਸਾਲ ਦੇ ਲੇਖੇ ਜੋਖੇ ਪਿੱਛੋਂ। ਮੇਰੀ ਅਸਲੀ ਬੋਲਤੀ ਉਦੋਂ ਬੰਦ ਹੋਈ ਜਦੋਂ ਮੇਰੇ ਬੇਟੇ ਨੇ ਬੜੀ ਹਲੀਮੀ ਨਾਲ ਕਿਹਾ ਕਿ ਡੈਡੀ ਆਪਣੇ ਦੇਸ਼ ਵਿੱਚ ਤਾਂ ਪੁਰਸਕਾਰ ਮੁੱਲ ਖ਼ਰੀਦ ਲਏ ਜਾਂਦੇ ਹਨ, ਆਪਾਂ ਟੀ.ਵੀ. 'ਤੇ ਇੰਡੀਆ ਵਿੱਚ ਰਿਸ਼ਵਤ ਦਾ ਲੈਣ ਦੇਣ ਹੁੰਦਾ ਦੇਖਦੇ ਹਾਂ। ਹੁਣ ਇੱਕ ਜੁਆਨੀ 'ਚ ਪੈਰ ਧਰ ਰਹੇ ਬੱਚੇ ਦੇ ਆਪਣੇ ਸੱਭਿਆਚਾਰ ਪ੍ਰਤੀ ਸਵਾਲਾਂ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਹੁਣ ਤੁਸੀਂ ਦੱਸੋ ਮੈਂ ਕਿੱਧਰ ਨੂੰ ਜਾਵਾਂ ? ਉਸ ਵਕਤ ਮੈਂ ਇੰਜ ਮਹਿਸੂਸ ਕਰ ਰਿਹਾ ਸੀ ਜਿਵੇਂ ਮੈਂ ਕੁੱਝ ਗੁਆ ਲਿਆ ਹੋਵੇ।

ਮੈਨੂੰ ਕੁੱਝ ਦਿਨ ਪਹਿਲਾਂ ਦਾ ਇੱਕ ਹੋਰ ਵਾਕਾ ਯਾਦ ਆ ਰਿਹਾ ਉਹ ਵੀ ਸੁਣ ਲਵੋ; ਥੋੜ੍ਹੇ ਦਿਨ ਪਹਿਲਾਂ ਪੀ.ਟੀ.ਸੀ. ਪੰਜਾਬੀ ਚੈਨਲ 'ਤੇ ਪੰਜਾਬੀ ਗੀਤ ਸੰਗੀਤ ਲਈ ਐਵਾਰਡ ਦਿੱਤੇ ਜਾ ਰਹੇ ਸਨ ਤਾਂ ਜਨਾਬ ਹੰਸ ਰਾਜ ਹੰਸ ਜੀ ਵੀ ਸਟੇਜ 'ਤੇ ਕਿਸੇ ਨੂੰ ਇਨਾਮ ਦੇਣ ਲਈ ਆਏ ਤਾਂ ਅਸੀਂ ਆਪਣੇ ਮਨਪਸੰਦ ਗਾਇਕ ਦੇ ਦੋ ਬੋਲ ਸੁਣਨ ਲਈ ਧਿਆਨ ਲਾ ਕੇ ਬੈਠ ਗਏ। ਜਨਾਬ ਹੋਰਾਂ ਮਾਇਕ ਸੰਭਾਲ ਦਿਆਂ ਕਿਹਾ ਜਲੰਧਰ ਵਾਸੀਓ ਮੇਰਾ ਸਲਾਮ ਕਬੂਲ ਕਰਨਾ। ਮੇਰੇ ਮਨ ਵਿੱਚ ਉਸੇ ਵਕਤ ਹੀ ਇੱਕ ਸਵਾਲ ਜਿਹਾ ਉੱਠਿਆ ਕਿ ਇਹ ਇਨਸਾਨ ਕਦੋਂ ਹੱਦਾਂ ਬੰਨ੍ਹਿਆ 'ਚ ਬੱਝ ਗਿਆ ! ਸਾਰੀ ਦੁਨੀਆ ਦੇ ਗਾਇਕ ਨੂੰ ਇਕੱਲੇ ਜਲੰਧਰ ਵਾਸੀਆਂ ਦਾ ਫ਼ਿਕਰ ਹੀ ਕਿਵੇਂ ਰਹਿ ਗਿਆ। ਪਰ ਅੱਜ ਜਦ ਇਹ ਗੀਤ ਸੁਣਿਆ ਤਾਂ ਮੇਰੇ ਹਰ ਸਵਾਲ ਦਾ ਜਵਾਬ ਮੈਨੂੰ ਮਿਲ ਗਿਆ।

ਪਿੱਛੇ ਜਿਹੇ ਜਨਾਬ ਇੱਕ ਮਜ਼ਾਰ 'ਤੇ ਵੀ ਗੱਦੀਨਸ਼ੀਨ ਬਣੇ ਸਨ ਤਾਂ ਉਸ ਟਾਈਮ ਅਸੀਂ ਸੋਚਿਆ ਸੀ ਕਿ ਲੱਗਦਾ ਹੁਣ ਸਾਡਾ ਇਹ ਸੁਰੀਲਾ ਗਾਇਕ ਆਪਣਾ ਜ਼ਿਆਦਾ ਵਕਤ ਉਸ ਪ੍ਰਮਾਤਮਾ ਦੇ ਚਰਨਾਂ ਵਿੱਚ ਗੁਜ਼ਾਰਨਾ ਚਾਹੁੰਦਾ ਹੈ ਅਤੇ ਆਪਣੇ 'ਤੇ ਹੋਈਆਂ ਰਹਿਮਤਾਂ ਦਾ ਧੰਨਵਾਦ ਕਰਨਾ ਚਾਹੁੰਦਾ ਹੈ। ਪਰ ਹੁਣ ਪਤਾ ਲੱਗਿਆ ਇਹ ਤਾਂ ਇਸ ਨਵੇਂ ਲੜੀਵਾਰ ਦਾ ਪਹਿਲਾ ਐਪੀਸੋਡ ਸੀ। ਦੂਜੀ ਗੱਲ ਇਹ ਕਿ ਜਨਾਬ ਸੰਸਦ 'ਚ ਜਾ ਕੇ ਜੇ ਕੋਈ ਆਵਾਜ਼ ਉਠਾਉਣਾ ਚਾਹੁੰਦੇ ਸਨ ਤਾਂ ਉਥੇ ਜਾਣ ਦਾ ਇੱਕ ਹੋਰ ਰਾਹ ਰਾਜ ਸਭਾ ਵੀ ਸੀ ਤੇ ਨਾਲ ਹੀ ਜੇ ਇਹ ਸਿਆਸੀ ਰੋਟੀਆਂ ਸੇਕਣ ਵਾਲੇ ਕਲਾਕਾਰਾਂ ਨੂੰ ਕੁੱਝ ਨੁਮਾਇੰਦਗੀ ਦੇਣਾ ਚਾਹੁੰਦੇ ਸਨ ਤਾਂ ਉਹ ਇਸ ਰਾਜ ਗਾਇਕ ਨੂੰ ਰਾਜ ਸਭਾ ਲਈ ਵੀ ਤਾਂ ਨਾਮਜ਼ਦ ਕਰ ਸਕਦੇ ਸਨ। ਪਰ ਉਹ ਤਾਂ ਇਸ ਦਰਵੇਸ਼ ਦੀ ਲੋਕਪ੍ਰਿਯਤਾ ਨੂੰ ਕੈਸ਼ ਕਰਨਾ ਚਾਹੁੰਦੇ ਹਨ। ਪਰ ਉਹ ਸ਼ਾਇਦ ਇਹ ਭੁੱਲ ਗਏ ਕਿ ਕੁਲਦੀਪ ਮਾਣਕ ਸਾਹਿਬ ਨੂੰ ਭਾਵੇਂ ਆਪਣੇ ਲੋਕ ਗੀਤਾਂ ਰਾਹੀਂ ਲੋਕਾਂ ਤੋਂ ਬਾਦਸ਼ਾਹ ਦਾ ਦਰਜਾ ਮਿਲਿਆ ਸੀ ਪਰ ਸਿਆਸਤ ਵਿੱਚ ਉਨ੍ਹਾਂ ਨੂੰ ਜ਼ਮਾਨਤ ਜ਼ਬਤ ਕਰਵਾਉਣੀ ਪਈ ਸੀ।

ਚਲੋ ਛੱਡੋ ਇਹਨਾਂ ਗੱਲਾਂ ਨੂੰ ਪਰ ਹੁਣ ਤਾਂ ਮੇਰਾ ਆਪਣੇ ਸੱਭਿਆਚਾਰ ਪ੍ਰਤੀ ਪਿਆਰ ਵੀ ਕੱਚਾ ਜਿਹਾ ਜਾਪ ਰਿਹਾ ਹੈ ਜਿਹੜਾ ਇੱਕ ਬੱਚੇ ਦੇ ਕੁੱਝ ਸਵਾਲਾਂ ਕਰਕੇ ਆਪਣੇ ਅੰਦਰ ਸ਼ੱਕ ਦਾ ਬੀਜ ਲਾ ਬੈਠਾ ਹੈ। ਪਰ ਹੁਣ ਕੋਈ ਸ਼ੰਕਾ ਵੀ ਤਾਂ ਨਹੀਂ ਰਹੀ ਤੇ ਨਾ ਹੀ ਹੋਰ ਫ਼ਸਲੀ ਬਟੇਰਿਆਂ ਨਾਲ ਕੋਈ ਗਿਲਾ ਰਿਹਾ ਹੈ ਕਿ ਉਹ ਪੰਜਾਬੀਅਤ ਦਾ ਘਾਣ ਕਰ ਰਹੇ ਹਨ। ਹੁਣ ਤਾਂ ਇਹ ਸਬਰ ਹੀ ਹੋ ਗਿਆ ਕਿ ਜਦੋਂ ਸਾਰਾ ਆਵਾ ਹੀ ਊਤ ਗਿਆ ਤਾਂ ਕੀਤਾ ਵੀ ਕੀ ਜਾ ਸਕਦਾ ਹੈ। ਇਥੇ ਮੇਰਾ ਇਹ ਮਕਸਦ ਨਹੀਂ ਕਿ ਕਿਸੇ ਨੂੰ ਭੰਡਿਆ ਜਾਵੇ ਤੇ ਨਾ ਹੀ ਇਹ ਮਕਸਦ ਹੈ ਕਿ ਕੌਣ ਕਿਸ ਸਿਆਸੀ ਪਾਰਟੀ ਦਾ ਗੁਣ-ਗਾਣ ਕਰ ਰਿਹਾ ਹੈ। ਮੇਰਾ ਤਾਂ ਸਿੱਧਾ ਤੇ ਸਪੱਸ਼ਟ ਇੱਕ ਹੀ ਮਕਸਦ ਹੈ ਕਿ ਜੇ ਆਪਾਂ ਆਪਣਾ ਅੱਜ ਨਾ ਸੰਭਾਲਿਆ ਤਾਂ ਕੱਲ੍ਹ ਨੂੰ ਰੋਣ ਦਾ ਵੀ ਆਪਾਂ ਨੂੰ ਕੋਈ ਹੱਕ ਨਹੀਂ ਹੈ। ਹਰ ਲੇਖ ਦੇ ਅੰਤ ਵਾਂਗੂੰ ਮੇਰੇ ਇਸ ਲੇਖ ਦਾ ਵੀ ਉਹੀ ਅੰਤ ਹੈ ਕਿ;

॥ ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥

****

# ਮੌਜਾਂ ਲੈ ਗਿਆ ਬਠਿੰਡੇ ਵਾਲਾ ਭੋਲਾ

ਗੱਲ ਸ਼ਤੰਬਰ 2012 ਦੀ ਹੈ ਜਦੋਂ ਗੁਰਦਾਸ ਮਾਨ ਸਾਹਿਬ ਆਪਣੇ ਆਸਟ੍ਰੇਲੀਆ ਦੌਰੇ 'ਤੇ ਆਏ ਤਾਂ ਉਨ੍ਹਾਂ ਦਾ ਇੱਕ ਸ਼ੋਅ ਐਡੀਲੇਡ ਵਿਖੇ ਵੀ ਸੀ। ਹਰ ਇੱਕ ਨੂੰ ਮਾਨ ਸਾਹਿਬ ਨਾਲ ਮਿਲਣ ਦੀ ਚਾਹ ਹੁੰਦੀ ਹੈ ਸੋ ਮੈਨੂੰ ਵੀ ਸੀ। 2010 'ਚ ਜਦੋਂ ਉਨ੍ਹਾਂ ਨਾਲ ਮੁਲਾਕਾਤ ਹੋਈ ਸੀ ਤਾਂ ਕੁਝ ਕੁ ਵਿਚਾਰ ਸਾਂਝੇ ਹੋਏ ਸਨ। ਸੋ ਸੋਚਿਆ ਕਿ ਇਸ ਬਾਰ ਉਨ੍ਹਾਂ ਦੇ ਐਡੀਲੇਡ ਆਉਣ 'ਤੇ ਉਨ੍ਹਾਂ ਵਿਚਾਰਾਂ ਦੇ ਆਏ ਨਤੀਜੇ ਸਾਂਝੇ ਕਰਾਂਗਾ। ਪਰ ਪਿਛਲੇ ਦੋ ਸਾਲਾਂ ਨੇ ਆਸਟ੍ਰੇਲੀਆ ਦੇ ਮਾਹੌਲ ਨੂੰ ਬਹੁਤ ਬਦਲ ਦਿੱਤਾ ਸੀ। ਕੁਝ ਕੁ ਲੋਕਾਂ ਨੂੰ ਮੇਰੇ 'ਚੋਂ ਬਾਗ਼ੀ-ਪੁਣੇ ਦੀ ਮੁਸ਼ਕ ਆਉਣ ਲੱਗ ਪਈ ਸੀ। ਹੋ ਸਕਦਾ ਹਨੀ ਸਿੰਘ ਦੀ ਪ੍ਰੈੱਸ ਮਿਲਣੀ ਕਾਰਨ ! ਸੋ ਕੁਝ ਕੁ ਪ੍ਰਬੰਧਕਾਂ ਦੀ ਇਹ ਕੋਸ਼ਿਸ਼ ਰਹੀ ਕਿ ਮੈਨੂੰ ਆਉਣ ਵਾਲੇ ਕਲਾਕਾਰ ਤੋਂ ਦੂਰ ਹੀ ਰੱਖਿਆ ਜਾਵੇ। ਇਸ ਬਾਰ ਵੀ ਜਦੋਂ ਮੈਂ ਮਾਨ ਸਾਹਿਬ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਪ੍ਰਬੰਧਕ ਆਨਾ-ਕਾਨੀ ਕਰ ਗਏ। ਅਸੀਂ ਵੀ ਫੇਰ ਪੈਰ ਲਿਤਾੜਨੇ ਠੀਕ ਨਹੀਂ ਸਮਝੇ। ਪਿਛਲੇ ਬਾਰ ਜਦੋਂ ਭੋਲਾ ਮਾਨ ਸਾਹਿਬ ਨਾਲ ਐਡੀਲੇਡ ਆਇਆ ਸੀ ਤਾਂ ਮੇਰਾ ਉਸ ਨੂੰ ਮਿਲਣ ਦਾ ਸਬੱਬ ਨਹੀਂ ਸੀ ਬਣਿਆ। ਇਸ ਬਾਰ ਮੈਂ ਪਹਿਲਾਂ ਤੋਂ ਹੀ ਧਾਰਿਆ ਹੋਇਆ ਸੀ ਕਿ ਭੋਲੇ ਨਾਲ ਪੁਰਾਣੀਆਂ ਯਾਦਾਂ ਤਾਜ਼ਾ ਕਰਾਂਗੇ। ਸੋ ਭੋਲੇ ਨਾਲ ਹੋਈ ਇਹ ਮੁਲਾਕਾਤ ਤੇ ਉਸ ਨਾਲ ਪੁਰਾਣੀ ਸਾਂਝ ਨੂੰ ਇਸ ਲੇਖ ਰਾਹੀਂ ਆਪ ਜੀ ਨਾਲ ਸਾਂਝਾ ਕਰ ਰਿਹਾ ਹਾਂ। ਇਹ ਲੇਖ ਛਪਣ ਤੋਂ ਬਾਅਦ ਇਸ ਦੀ ਫੀਡ ਬੈਕ ਦੇਣ ਵਾਲੀਆਂ 'ਚ ਇਕ ਨਾਂ ਗੁਰਦਾਸ ਮਾਨ ਸਾਹਿਬ ਦਾ ਵੀ ਸੀ। ਉਨ੍ਹਾਂ ਦੇ ਬੋਲ ਸਨ ਯਾਰ ਤੂੰ ਤਾਂ ਸਾਡਾ ਭੋਲਾ ਕਾਗ਼ਜ਼ 'ਤੇ ਉੱਕਰ ਦਿੱਤਾ, ਜਿਉਂਦੇ ਵੱਸਦੇ ਰਹੋ।



ਜਨਾਬ ਗੁਰਦਾਸ ਮਾਨ ਦੇ ਸਭ ਤੋਂ ਪੁਰਾਣੇ ਸਾਥੀ ਬਠਿੰਡੇ ਵਾਲੇ ਭੋਲੇ ਨਾਲ ਲੇਖਕ



ਆਸਟ੍ਰੇਲੀਆ ਦੇ ਉੱਗੇ ਕਲਾਕਾਰ ਡੈਨੀਅਲ ਕੋਨਲ ਅਤੇ
ਕੂਕਾਬਾਰਾ ਦੇ ਚੀਫ਼ ਐਡੀਟਰ ਸ਼ਿਵਦੀਪ ਨਾਲ ਲੇਖਕ

# ਮੌਜਾਂ ਲੈ ਗਿਆ ਬਠਿੰਡੇ ਵਾਲਾ ਭੋਲਾ

ਦੋਸਤੋ ! ਮੌਜਾਂ ਨਾ ਤਾਂ ਧਨ ਨਾਲ ਲਈਆਂ ਜਾ ਸਕਦੀਆਂ ਤੇ ਨਾ ਸ਼ੁਹਰਤ ਨਾਲ ਅਤੇ ਨਾ ਧੱਕੇ ਨਾਲ। ਮੌਜਾਂ ਫ਼ੱਕਰਾਂ ਦੇ ਹਿੱਸੇ ਆਉਂਦੀਆਂ ਹਨ। ਉਹੋ ਜਿਹੇ ਫ਼ੱਕਰਾਂ ਦੇ ਹਿੱਸੇ ਜੋ ਰੱਬ ਦੀ ਰਜ਼ਾ 'ਚ ਰਹਿ ਕੇ ਜ਼ਿੰਦਗੀ ਮਾਣਦੇ ਹਨ। ਉਨ੍ਹਾਂ ਕੁਝ ਇੱਕ ਕਿਸਮਤ ਵਾਲੇ ਲੋਕਾਂ ਵਿੱਚੋਂ ਇੱਕ ਹੈ 'ਬਠਿੰਡੇ ਵਾਲਾ ਭੋਲਾ'। ਸ਼ਾਇਦ ਇਸ ਨਾਂ ਤੋਂ ਕੁਝ ਲੋਕ ਨਾ ਵਾਕਫ਼ ਹੋਣ ਪਰ ਜਦੋਂ ਕਿਸੇ ਨੂੰ ਗੁਰਦਾਸ ਮਾਨ ਹੋਰਾਂ ਦਾ ਗੀਤ 'ਮੌਜਾਂ ਲੈ ਗਿਆ ਬਠਿੰਡੇ ਵਾਲਾ ਭੋਲਾ ਨੀ ਅਸਾਂ ਤੇਰੀ ਤੋਰ ਵੇਖਣੀ, ਲੋਕਾਂ ਵੇਖਣਾ ਵਿਸਾਖੀ ਵਾਲਾ ਮੇਲਾ' ਸੁਣਾਇਆ ਜਾਵੇ ਤਾਂ ਉਹ ਝੱਟ ਹੀ ਸਮਝ ਜਾਵੇਗਾ ਕਿ ਬਠਿੰਡੇ ਵਾਲਾ ਭੋਲਾ ਕੌਣ ਹੈ। ਕਈ ਲੋਕਾਂ ਨੂੰ ਹਾਲੇ ਤੱਕ ਇਹ ਸ਼ੱਕ ਹੈ ਕਿ ਮਾਨ ਸਾਹਿਬ ਨੇ ਆਪਣੇ ਗੀਤ 'ਚ ਜਿਸ ਭੋਲੇ ਦਾ ਜ਼ਿਕਰ ਕੀਤਾ ਹੈ ਉਸ ਦਾ ਕੋਈ ਵਜੂਦ ਨਹੀਂ ਹੈ, ਉਹ ਤਾਂ ਬੱਸ ਐਵੇਂ ਕਲਪਨਾ ਮਾਤਰ ਹੈ। ਪਰ ਦੋਸਤੋ ਇਹ ਮੌਜਾਂ ਲੈਣ ਵਾਲਾ ਭੋਲਾ ਕੋਈ ਕਲਪਨਾ ਨਹੀਂ ਅਤੇ ਨਾ ਹੀ ਇਹ ਅੱਤਕਥਨੀ ਹੈ ਕਿ ਉਂਝ ਹੀ ਗੀਤ ਬਣਾਉਣ ਲਈ ਭੋਲੇ ਨੂੰ ਮੌਜੀ ਸਾਬਤ ਕੀਤਾ ਹੋਵੇ ਕਿਉਂਕਿ ਭੋਲੇ ਨੂੰ ਨੇੜੇ ਤੋਂ ਜਾਨਣ ਵਾਲੇ ਜਾਣਦੇ ਹਨ ਕਿ ਭੋਲਾ ਕਿੰਨਾ ਕੁ ਮੌਜੀ ਬੰਦਾ ਹੈ ?

ਜੇ ਉਹ ਮਾਨ ਸਾਹਿਬ ਹੋਰਾਂ ਨਾਲ ਉਨ੍ਹਾਂ ਦੀ ਗਾਇਕੀ ਦੇ ਸਫ਼ਰ ਤੋਂ ਪਹਿਲੇ ਦਿਨ ਤੋਂ ਜੁੜਿਆ ਹੋਇਆ ਹੈ ਤਾਂ ਮੇਰਾ ਵੀ ਭੋਲੇ ਨਾਲ ਤਕਰੀਬਨ 1983 ਦਾ ਵਾਹ ਵਾਸਤਾ ਹੈ। ਜਦੋਂ ਸੰਤਾਪ ਭੋਗ ਰਹੇ ਪੰਜਾਬ 'ਚ ਮੈਂ ਡੀ.ਏ.ਵੀ. ਕਾਲਜ ਬਠਿੰਡਾ ਵਿੱਚ ਪੜ੍ਹਦਾ ਹੁੰਦਾ ਸੀ। ਉਸ ਕਾਲੇ ਦੌਰ 'ਚ ਬੜੀ ਮੁਸ਼ਕਿਲ ਨਾਲ ਕੁਝ ਪਲ ਖ਼ੁਸ਼ੀ ਮਨਾਉਣ ਦੇ ਆਉਂਦੇ ਸਨ। ਖ਼ਾਸ ਕਰ ਉਦੋਂ ਜਦੋਂ ਕਾਲਜ ਦੇ ਫੰਕਸ਼ਨ ਜਾਂ ਇੰਟਰ ਕਾਲਜ ਕੰਪੀਟੀਸ਼ਨ ਹੁੰਦੇ ਸਨ। ਉਸ ਵਕਤ ਮੇਰੇ ਕਾਲਜ 'ਚੋਂ ਪਰਗਟ ਭਾਗੂ ਗਾਇਕੀ ਦੀ ਦੁਨੀਆਂ 'ਚ ਉੱਭਰ ਕੇ ਸਾਹਮਣੇ ਆ ਰਿਹਾ ਸੀ ਤੇ ਉੱਘੇ ਨਾਟਕਕਾਰ ਜਨਾਬ ਟੋਨੀ ਬਾਤਿਸ਼ ਆਪਣਾ ਮਸ਼ਹੂਰ ਨਾਟਕ 'ਕੁਦਰਤ ਦੇ ਸਭ ਬੰਦੇ' ਖੇਡਦੇ ਹੁੰਦੇ ਸਨ। ਭਾਵੇਂ ਸਾਡਾ ਕਾਲਜ ਕੋ-ਐਜੁਕੇਸ਼ਨ ਸੀ ਪਰ ਫੇਰ ਵੀ ਗਿਣਤੀ ਦੀਆਂ ਕੁੜੀਆਂ ਉਸ ਵਕਤ ਸਾਡੇ ਕਾਲਜ 'ਚ ਪੜ੍ਹਦੀਆਂ ਸਨ। ਉਸ ਟਾਈਮ ਭੋਲਾ ਬਾਈ ਸਾਡੇ ਕਾਲਜ ਵਿਚ ਕਦੇ ਪਰਗਟ ਨਾਲ ਤੇ ਕਦੇ ਟੋਨੀ ਬਾਤਿਸ਼ ਸਾਹਿਬ ਨਾਲ ਅਤੇ ਕਦੇ ਕੁੜੀਆਂ ਨੂੰ ਗਿੱਧਾ ਸਿਖਾਉਂਦਾ ਨਜ਼ਰੀਂ ਪੈ ਜਾਂਦਾ ਸੀ।

ਸਰਤਾਜ ਦੇ ਕਹਿਣ ਵਾਂਗ ਵਿਦਿਆਰਥੀ ਜੀਵਨ ਦੀਆਂ ਆਰਥਿਕ ਤੰਗੀ-ਤਰੁੱਟੀ ਦੇ ਬਾਵਜੂਦ ਅਸੀਂ ਭੋਲੇ ਨਾਲ ਪੰਜਾਹ ਪੈਸਿਆਂ ਦਾ ਚਾਹ ਦਾ ਕੱਪ ਤੇ ਨਾਲ ਇੱਕ ਰੁਪਈਏ ਦੇ ਦੋ ਬ੍ਰੈੱਡ ਕੰਟੀਨ 'ਚ ਬਹਿ ਕੇ ਖਾਣ ਲਈ ਤਤਪਰ ਰਹਿੰਦੇ ਸੀ। ਜਿਸ ਪਿੱਛੇ ਬੱਸ ਇੱਕ ਹੀ ਕਾਰਨ ਹੁੰਦਾ ਸੀ ਕਿ ਉਹ ਉਸ ਵਕਤ ਚੜ੍ਹ ਰਹੇ ਸੂਰਜ ਗੁਰਦਾਸ ਮਾਨ ਦਾ ਸੰਗੀ ਸੀ। ਸਾਨੂੰ ਲਗਦਾ ਜਿਵੇਂ ਅਸੀਂ ਮਾਨ ਸਾਹਿਬ ਨਾਲ ਹੀ ਬਹਿ ਕੇ ਚਾਹ ਪੀ ਰਹੇ ਹੋਈਏ।

ਛੋਟੇ ਜਿਹੇ ਕੱਦ ਦਾ ਅਤੇ ਹੋਲੇ ਜਿਹੇ ਸਰੀਰ ਦਾ ਮਾਲਕ ਭੋਲਾ ਅੱਜ ਤੋਂ ਤਕਰੀਬਨ ਤੀਹ ਵਰ੍ਹੇ ਪਹਿਲਾਂ ਵੀ ਜਿੰਨਾਂ ਛੁਹਲ਼ਾ ਸੀ ਅੱਜ ਵੀ ਉਹੀ ਫੁਰਤੀ ਮੈਨੂੰ ਉਸ ਵਿੱਚ ਦੇਖਣ ਨੂੰ ਮਿਲੀ ਜਦੋਂ ਇਸ ਬਾਰ ਮਾਨ ਸਾਹਿਬ ਦੇ ਆਸਟ੍ਰੇਲੀਆ ਦੌਰੇ ਦੌਰਾਨ ਮੇਰੀ ਮੁਲਾਕਾਤ ਬਾਈ ਭੋਲੇ ਨਾਲ ਹੋਈ। ਮੇਰੀ ਭੋਲੇ

ਨਾਲ ਇੱਕ ਹੋਰ ਜਿਹੜੀ ਪੱਕੀ ਸਾਂਝ ਹੈ ਉਹ ਹੈ ਉਸ ਦਾ ਜਨਮ ਸਥਾਨ ! ਅਸਲ 'ਚ ਭੋਲੇ ਦਾ ਜਨਮ ਮੇਰੀ ਛੋਟੀ ਜਿਹੀ ਮੰਡੀ ਕਾਲਾਂਵਾਲੀ ਵਿੱਚ ਹੋਇਆ। ਇਹ ਵੀ ਇੱਕ ਕਾਰਨ

ਹੈ ਕਿ ਮੈਨੂੰ ਭੋਲਾ ਸਦਾ ਹੀ ਆਪਣਾ-ਆਪਣਾ ਜਿਹਾ ਲੱਗਿਆ। ਮਾਨ ਸਾਹਿਬ ਦੇ ਪਿਛਲੇ ਆਸਟ੍ਰੇਲੀਆ ਦੌਰੇ ਦੌਰਾਨ ਜਦੋਂ ਮੇਰੀ ਮੁਲਾਕਾਤ ਮਾਨ ਸਾਹਿਬ ਨਾਲ ਹੋਈ ਤਾਂ ਉਹ ਕਹਿੰਦੇ ਭਾਈ ਤੇਰੇ ਨਾਲ ਸਾਡੀ ਇਕ ਸਾਂਝ ਹੈ ਤੂੰ ਸਾਡੇ ਭੋਲੇ ਦੀ ਜਨਮ ਭੂਮੀ ਤੋਂ ਹੈ। ਉਸ ਵਕਤ ਪਹਿਲੀ ਬਾਰ ਮੈਨੂੰ ਇਹ ਅਹਿਸਾਸ ਹੋਇਆ ਕਿ ਮਾਨ ਸਾਹਿਬ ਦੇ ਦਿਲ ਵਿਚ ਭੋਲੇ ਪ੍ਰਤੀ ਕੀ ਸਤਿਕਾਰ ਹੈ ?

ਮਾਨ ਸਾਹਿਬ ਜਦੋਂ ਸਟੇਜ 'ਤੇ ਹੁੰਦੇ ਹਨ ਤਾਂ ਉਹ ਛੇਤੀ-ਛੇਤੀ ਕਿਸੇ ਦਾ ਨਾਂ ਨਹੀਂ ਲੈਂਦੇ। ਪਰ ਇੱਕ ਸਚਾਈ ਇਹ ਵੀ ਹੈ ਕਿ ਮਾਨ ਸਾਹਿਬ ਦੀ ਸ਼ਾਇਦ ਹੀ ਕੋਈ ਇਹੋ ਜਿਹੀ ਸਟੇਜ ਹੋਵੇ ਜਿੱਥੇ ਉਹ ਭੋਲੇ ਦਾ ਜ਼ਿਕਰ ਨਾ ਕਰਦੇ ਹੋਣ। ਇਸ ਬਾਰ ਉਨ੍ਹਾਂ ਐਡੀਲੇਡ ਸ਼ੋਅ ਵਿੱਚ ਜੋ ਗੱਲਾਂ ਭੋਲੇ ਬਾਰੇ ਸਟੇਜ 'ਤੇ ਕਹੀਆਂ ਉਨ੍ਹਾਂ ਵਿੱਚੋਂ ਇੱਕ ਗੱਲ ਮੈਨੂੰ ਬਹੁਤ ਟੁੰਬੀ। ਉਹ ਇਹ ਸੀ ਕਿ ਮਾਨ ਸਾਹਿਬ ਨੇ 1982 ਦੀ ਗੱਲ ਸੁਣਾਈ ਤੇ ਕਹਿੰਦੇ ਕਿ ਸਾਨੂੰ ਕੈਨੇਡਾ ਤੋਂ ਪ੍ਰੋਗਰਾਮ ਕਰਨ ਦਾ ਸੁਨੇਹਾ

ਮਿਲਿਆ ਤੇ ਅਸੀਂ ਜਦੋਂ ਉਨ੍ਹਾਂ ਨਾਲ ਗੱਲਬਾਤ ਕੀਤੀ ਤਾਂ ਉਹ ਕਹਿੰਦੇ ਕਿ ਢੋਲਕੀ ਵਾਲੇ ਦੀ ਕੋਈ ਲੋੜ ਨਹੀਂ ਹੈ, ਉਹ ਤਾਂ ਸਾਡੇ ਗੁਰਦੁਆਰੇ ਵਾਲਾ ਭਾਈ ਵਜਾ ਦੇਵੇਗਾ। ਛੇ ਮਹੀਨੇ ਬੀਤ ਗਏ ਪਰ ਵੀਜ਼ਾ ਨਾ ਲੱਗਿਆ। ਉਸ ਵਕਤ ਉਹ ਕਹਿੰਦੇ ਚਲੋ ਤੁਹਾਡੇ ਢੋਲਕੀ ਵਾਲੇ ਦਾ ਪਾਸਪੋਰਟ ਵੀ ਦੇ ਦਿਓ। ਅਸੀਂ ਇੱਕੋ ਦਿਨ 'ਚ ਭੋਲੇ ਦਾ ਪਾਸਪੋਰਟ ਬਣਾ ਕੇ ਭੇਜ ਦਿੱਤਾ ਤੇ ਜਿਹੜੇ ਅਸੀਂ ਪੰਜ ਬੰਦੇ ਛੇ ਮਹੀਨਿਆਂ ਤੋਂ ਵੀਜ਼ੇ ਲਈ ਤਰਸ ਰਹੇ ਸੀ, ਉਹ ਵੀਜ਼ਾ ਭੋਲੇ ਦੇ ਅਪਲਾਈ ਕਰਨ ਨਾਲ ਸਾਰਿਆਂ ਦਾ ਆ ਗਿਆ। ਮਾਨ ਸਾਹਿਬ ਕਹਿੰਦੇ ਭਾਈ ਉਸੇ ਦਿਨ ਤੋਂ ਅਸੀਂ ਸਮਝ ਗਏ ਸੀ ਕਿ ਭੋਲਾ ਲੱਕੜ ਹੈ ਤੇ ਅਸੀਂ ਲੋਹਾ, ਸੋ ਅਸੀਂ ਇਸ ਨਾਲ ਤਰ ਗਏ। ਉਸ ਵਕਤ ਸੁਣਨ ਵਾਲਿਆਂ ਨੂੰ ਧੁੜਧੜੀ ਨਿਕਲੀ ਜਦੋਂ ਮਾਨ ਸਾਹਿਬ ਨੇ ਕਿਹਾ ਕਿ ਅੱਜ ਗੁਰਦਾਸ ਕਰ ਕੇ ਭੋਲਾ ਨਹੀਂ ਭੋਲੇ ਕਰ ਕੇ ਗੁਰਦਾਸ ਹੈ। ਸੋ ਦੋਸਤੋ ! ਹੁਣ ਤੁਸੀਂ ਸਾਡੇ ਨਾਲ ਮਿਲਾ ਕੇ ਦੇਖੋ; ਜੇ ਰੱਬੀ ਸਬੱਬੀਂ ਅਸੀਂ ਮਾਨ ਸਾਹਿਬ ਨਾਲ ਇੱਕ ਫ਼ੋਟੋ ਵੀ ਖਿਚਵਾ ਲਈਏ ਤਾਂ ਮਾੜੇ-ਧੀਹੜੇ ਨੂੰ ਨੇੜੇ ਨਹੀਂ ਲੱਗਣ ਦਿੰਦੇ। ਇਕ ਪਾਸੇ ਭੋਲੇ ਨੂੰ ਦੇਖ ਲਵੋ ਪੈਂਤੀ ਵਰ੍ਹਿਆਂ ਤੋਂ ਮਾਨ ਸਾਹਿਬ ਦੇ ਦਿਲ 'ਚ ਥਾਂ ਬਣਾਈ ਬੈਠਾ ਇਹ ਫ਼ੱਕਰ ਕਦੇ ਫੜ੍ਹ ਮਾਰਦਾ ਨਹੀਂ ਦਿਸਦਾ।

ਭੋਲਾ ਮਾਨ ਸਾਹਿਬ ਦਾ ਪੱਕਾ ਸਾਥੀ ਹੈ ਪਰ ਫੇਰ ਵੀ ਖ਼ਾਲੀ ਵਕਤ ਉਹ ਕਦੇ ਕਿਸੇ ਨੂੰ ਜਵਾਬ ਨਹੀਂ ਦਿੰਦਾ ਚਾਹੇ ਕੋਈ ਨੌ ਸਿੱਖਿਆ ਕਲਾਕਾਰ ਹੋਵੇ ਚਾਹੇ ਕਿਸੇ ਕਾਲਜ 'ਚ ਕੁੜੀਆਂ ਦੇ ਗਿੱਧੇ 'ਚ ਢੋਲਕੀ ਵਜਾਉਣੀ ਹੋਵੇ, ਉਹ ਕਦੇ ਨਖ਼ਰੇ ਨਹੀਂ ਕਰਦਾ। ਇੱਕ ਵਾਰ ਦੀ ਗੱਲ ਹੈ ਕਿ ਵੀਰ ਦਵਿੰਦਰ ਨਵਾਂ-ਨਵਾਂ ਗਾਉਣ ਲੱਗਿਆ ਤੇ ਹਰਦੇਵ ਮਾਹੀਨੰਗਲ ਨਾਲ ਸਟੇਜ ਕਰਿਆ ਕਰੇ। ਇੱਕ ਦਿਨ ਉਸ ਨੂੰ ਕੋਈ ਪ੍ਰੋਗਰਾਮ ਮਿਲ ਗਿਆ ਤੇ ਉਹ ਮੇਰੇ ਕੋਲ ਗੈੱਸ ਸਿਲੈਂਡਰ ਲੈਣ ਆਇਆ ਤੇ ਕਹਿੰਦਾ ਬਾਈ ਮੈਂ ਭੋਲੇ ਨੂੰ ਮਾਡਲ ਟਾਊਨ ਤੋਂ ਚੜ੍ਹਾ ਲਿਆਵਾਂ। ਮੈਂ ਹੈਰਾਨ ਹੁੰਦੇ ਕਿਹਾ ਕਿ ਉਹ ਤੇਰੇ ਨਾਲ ਜਾਵੇਗਾ ! ਮੈਨੂੰ ਲਗਦਾ ਉਤਨੇ ਪੈਸੇ ਤਾਂ ਤੈਨੂੰ ਪ੍ਰੋਗਰਾਮ ਦੇ ਨਹੀਂ ਮਿਲਣੇ ਜਿੰਨੇ ਭੋਲਾ ਮੰਗੂ ? ਅੱਗੋਂ ਵੀਰ ਦਵਿੰਦਰ ਕਹਿੰਦਾ ਨਾ ਬਾਈ ਉਹ ਫ਼ੱਕਰ ਬੰਦਾ ਉਹ ਤਾਂ ਬਿਨਾਂ ਪੈਸਿਆਂ ਦੇ ਵੀ ਨਾਲ ਤੁਰ ਪੈਂਦਾ।

ਭੋਲੇ ਨੂੰ ਨੇੜੇ ਤੋਂ ਜਾਨਣ ਵਾਲੇ ਜਾਣਦੇ ਹਨ ਕਿ ਉਹ ਜਦੋਂ ਵਿਹਲਾ ਹੁੰਦਾ ਤਾਂ ਜਗਰਾਤੇ ਵੀ ਕਰਦਾ ਤੇ ਇਕ ਬਾਰ ਮੈਂ ਬਠਿੰਡੇ ਤੋਂ ਕਾਲਾਂਵਾਲੀ ਨੂੰ ਰੇਲ ਗੱਡੀ 'ਚ ਜਾ ਰਿਹਾ ਸਾਂ ਤਾਂ ਭੋਲਾ ਸਾਡੇ ਇੱਕ ਲੋਕਲ ਗਾਇਕ 'ਭੁਪਿੰਦਰ ਸਰਾ' ਨਾਲ ਮੇਰੇ ਵਾਲੇ ਡੱਬੇ 'ਚ ਆ ਚੜ੍ਹਿਆ।

ਸੁਭਾਅ ਦਾ ਮਜ਼ਾਕੀਆ ਭੋਲਾ ਆਪਣੀ ਇੱਕ ਹੱਡਬੀਤੀ ਸੁਣਾਉਣ ਲੱਗ ਪਿਆ ਕਹਿੰਦਾ ਯਾਰ ਕੱਲ੍ਹ ਤਾਂ ਬਹੁਤ ਭੈੜੀ ਹੋਈ ਮੈਂ ਤਾਂ ਮਸਾਂ ਹੀ ਬਚਿਆਂ। ਉਸ ਨੇ ਆਪਣੇ ਨਾਲ ਬੀਤਿਆ ਜੋ ਹਾਦਸਾ ਉਸ ਦਿਨ ਸੁਣਾਇਆ ਮੇਰੇ ਹੁਣ ਵੀ ਜਦੋਂ ਯਾਦ ਆ ਜਾਵੇ ਤਾਂ ਹਾਸਾ ਨਿਕਲ ਜਾਂਦਾ ਹੈ।

ਲਓ ਤੁਸੀਂ ਵੀ ਸੁਣ ਲਵੋ; ਅੱਜਕੱਲ੍ਹ ਜਗਰਾਤਿਆਂ 'ਚ ਇਕ ਨਵਾਂ ਟ੍ਰੈਂਡ ਚੱਲਿਆ ਹੈ ਕਿ ਇੱਕ ਨਿੱਕੀ ਕੁੜੀ ਨੂੰ ਮਾਤਾ ਦਾ ਰੂਪ ਧਰਵਾ ਦਿਤਾ ਜਾਂਦਾ ਤੇ ਇੱਕ ਬੰਦੇ ਨੂੰ ਸ਼ੇਰ ਦੀ ਵਰਦੀ ਪੁਆ ਦਿੱਤੀ ਜਾਂਦੀ ਹੈ। ਜਦੋਂ ਭਗਤ ਭੇਟਾਂ ਗਾਉਂਦੇ ਹਨ ਤਾਂ ਮਾਤਾ ਸ਼ੇਰ 'ਤੇ ਚੜ੍ਹ ਕੇ ਉੱਥੇ ਹਾਜ਼ਰ ਹੁੰਦੀ ਹੈ। ਬੱਸ ਜੀ ਭੋਲੇ ਦੀ ਵੀ ਡਿਊਟੀ ਲੱਗ ਗਈ ਸ਼ੇਰ ਬਣਨ ਦੀ, ਸਾਰੇ ਕਲਾਕਾਰ ਗੁਆਂਢੀਆਂ ਦੀ ਬੈਠਕ 'ਚ ਤਿਆਰ ਹੋ ਰਹੇ ਸਨ। ਭੋਲਾ ਵੀ ਸ਼ੇਰ ਦੀ ਵਰਦੀ ਪਾ ਕੇ ਤਿਆਰ ਸੀ ਤੇ ਉੱਧਰ ਭਗਤ ਜ਼ੋਰ-ਜ਼ੋਰ ਦੀ ਸ਼ੇਰ ਜੀ ਨੂੰ ਬੇਨਤੀ ਕਰ ਰਹੇ ਸਨ ਕਿ ਮਾਤਾ ਨੂੰ ਲੈ ਕੇ ਆਓ। ਭੋਲਾ ਕਹਿੰਦਾ ਮੈਂ ਗਲੀ 'ਚ ਭੁੱਲ ਕੇ ਚਾਰੇ ਪੈਰਾਂ 'ਤੇ ਤੁਰ ਕੇ ਜਗਰਾਤੇ ਵਾਲੇ ਘਰ ਜਾਣ ਲੱਗਿਆ ਤਾਂ ਕੁੱਤਿਆਂ ਨੇ ਦੇਖਿਆ ਕਿ ਆਹ ਅਜੀਬ ਜਿਹਾ ਜਾਨਵਰ ਕਿਥੋਂ ਆ ਗਿਆ! ਬੱਸ ਫੇਰ ਕੀ ਸੀ, ਜਦੋਂ ਨੂੰ ਮੈਨੂੰ ਸੁਰਤ ਆਉਂਦੀ ਪੰਜ-ਛੇ ਕੁੱਤੇ ਮੇਰੇ ਮਗਰ ਪੈ ਗਏ। ਇੱਕ ਨੇ ਤਾਂ ਮੇਰੀ ਪੂਛ ਪੱਟ ਦਿੱਤੀ। ਕਿਵੇਂ ਨਾ ਕਿਵੇਂ ਮੈਂ ਗਲੀਆਂ 'ਚੋਂ ਭੱਜਦਾ ਹੋਇਆ ਮਹਿਣਾ ਚੌਂਕ ਬਠਿੰਡਾ ਦੇ ਕੋਲ ਇੱਕ ਵੱਡੇ ਬੈਂਚ ਉਤੇ ਚੜ੍ਹ ਗਿਆ। ਉੱਧਰ ਭਗਤਾਂ ਦੀਆਂ ਰਗਾਂ ਬਹਿ ਗਈਆਂ ਸ਼ੇਰ ਜੀ ਨੂੰ ਅਰਜ਼ਾਂ ਕਰਦਿਆਂ ਦੀਆਂ। ਏਧਰ ਭੋਲਾ ਬੈਂਚ ਤੇ ਚੜ੍ਹ ਕੇ ਕੁਰਲਾਈ ਜਾਵੇ ਕਿ ਮੈਂ ਬਠਿੰਡੇ ਵਾਲਾ ਭੋਲਾ ਹਾਂ। ਪਰ ਅਨਪੜ੍ਹ ਕੁੱਤਿਆਂ ਨੂੰ ਕੌਣ ਸਮਝਾਵੇ। ਉਹ ਤਾਂ ਭੋਲੇ ਨੂੰ ਭਾਲਦੇ ਜਗਰਾਤੇ ਵਾਲੇ ਮੁੰਡੇ ਉੱਥੇ ਆਏ ਤੇ ਭੋਲਾ ਬੈਂਚ ਤੋਂ ਥੱਲੇ ਉੱਤਰਿਆ।

ਭੋਲੇ ਦਾ ਅਸਲੀ ਨਾਂ ਬਹੁਤ ਘੱਟ ਲੋਕ ਜਾਣਦੇ ਹੋਣਗੇ ਉਸ ਦਾ ਅਸਲੀ ਨਾਂ ਜਸਵੰਤ ਸਿੰਘ ਭੋਲਾ ਹੈ। ਅੱਜਕੱਲ੍ਹ ਉਹ ਬਠਿੰਡੇ ਮਾਡਲ ਟਾਊਨ 'ਚ ਰਹਿ ਰਿਹਾ। ਉਨ੍ਹਾਂ ਦੇ ਪਿਤਾ ਜੀ ਮਾਸਟਰ ਚੰਚਲ ਸਿੰਘ ਵੱਖ-ਵੱਖ ਥਾਂ ਤੇ ਨੌਕਰੀ ਕਰਦੇ ਰਹੇ ਹਨ। ਸੋ ਜਦੋਂ ਉਨ੍ਹਾਂ ਦੀ ਡਿਊਟੀ ਕਾਲਾਂਵਾਲੀ ਮੰਡੀ ਜੋ ਉਸ ਵੇਲੇ ਅਣਵੰਡੇ ਪੰਜਾਬ ਦਾ ਹਿੱਸਾ ਸੀ ਤੇ ਅੱਜਕੱਲ੍ਹ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਵਿੱਚ ਪੈਂਦੀ ਹੈ, ਵਿਖੇ ਲੱਗੀ ਤਾਂ ਭੋਲੇ ਦਾ ਜਨਮ ਹੋਇਆ। ਆਪਣੇ ਪਿਤਾ ਦੀ ਬਦਲੀ ਦੇ ਨਾਲ-ਨਾਲ ਭੋਲਾ ਵੀ ਸ਼ਹਿਰ ਬਦਲਦਾ ਰਿਹਾ। ਇਸ ਦੌਰਾਨ ਉਹ ਕੁਝ ਵਕਤ ਡੱਬਵਾਲੀ ਵੀ ਰਿਹਾ ਅਤੇ ਘਰ ਦਿਆਂ ਨੇ ਇਸ ਨੂੰ ਆਪਣੇ ਪੁਸ਼ਤੈਨੀ ਧੰਦੇ ਗੰਨ ਹਾਊਸ ਵੱਲ ਜਾਣ ਲਈ ਪ੍ਰੇਰਿਆ। ਜੋ ਕਿ ਨੇਤਾ ਜੀ ਗੰਨ ਹਾਊਸ ਦੇ ਨਾਂ ਤੇ ਬੰਦੂਕਾਂ ਦੀ ਮੁਰੰਮਤ ਦਾ ਕੰਮ ਕਰਦੇ ਸਨ। ਪਰ ਭੋਲਾ ਤਾਂ ਚਾਰ ਕਿੱਲੋ ਵਾਲੀ ਖੰਜੂਰਾਂ ਵਾਲੀ ਖ਼ਾਲੀ ਪੀਪੀ 'ਚ ਸੁੱਬੀ ਪਾ ਕੇ ਉਸ ਵਿੱਚੋਂ ਤਾਲ ਭਾਲਦਾ ਫਿਰਦਾ ਸੀ। ਉਸ ਨੂੰ ਬੰਦੂਕਾਂ ਦਾ ਧੰਦਾ ਕਿੱਥੇ ਚੰਗਾ ਲਗਦਾ ਸੀ। ਇਕ ਵਾਰ ਮੇਰੇ ਪੁੱਛਣ ਤੇ ਉਹ ਕਹਿੰਦਾ ਕਿ ਯਾਰ ਆਪਾਂ ਰੱਬ ਦੀਆਂ ਬਣਾਈਆਂ ਚੀਜ਼ਾਂ ਨੂੰ ਪਿਆਰ ਕਰਨ ਵਾਲੇ ਬੰਦੇ ਹਾਂ ਤੇ ਬੰਦੂਕ ਜਦੋਂ ਚਲਦੀ ਹੈ ਤਾਂ ਚੰਗਾ ਨਹੀਂ ਕਰਦੀ। ਸੋ ਅਸੀਂ ਤਾਂ ਢੋਲਕੀ ਵਜਾ ਕੇ ਹੀ ਆਪਣਾ ਯਾਰ ਮਨਾਉਣਾ ਹੈ। ਇਕ ਵਾਰ ਜੱਦੋ ਮੈਂ ਭੋਲੇ ਨੂੰ ਪੁੱਛਿਆ ਬਾਈ ਤੁਸੀਂ ਮਾਨ ਸਾਹਿਬ ਦੀ ਨਿਗਾਹ ਕਿਵੇਂ ਚੜ੍ਹ ਗਏ। ਤਾਂ ਭੋਲਾ ਕਹਿੰਦਾ ਬਰਾੜਾ ਮੈਂ 1976 ਦੇ ਕਰੀਬ

ਗਿੱਦੜਬਾਹਾ ਪੜ੍ਹਦਾ ਹੁੰਦਾ ਸੀ। ਸਾਡੇ ਘਰ ਤੋਂ ਸਕੂਲ ਦੇ ਰਾਹ 'ਚ ਮਾਨ ਸਾਹਿਬ ਹੋਰਾਂ ਦਾ ਘਰ ਪੈਂਦਾ ਸੀ। ਜਦੋਂ ਮੈਨੂੰ ਛੁੱਟੀ ਹੋਣੀ ਮਾਨ ਸਾਹਿਬ ਨੇ ਗਲੀ 'ਚੋਂ ਜਾਂਦੇ ਨੂੰ ਆਪਣੇ ਚੁਬਾਰੇ 'ਚ ਆਵਾਜ਼ ਮਾਰ ਲੈਣੀ ਤੇ ਆਪਾਂ ਆਪਣੀ ਪੀਪੀ ਕੱਢ ਲੈਣੀ। ਬੱਸ ਫੇਰ ਕੀ ਸੀ, ਕਦੇ-ਕਦੇ ਹਾਕਮ ਬਾਈ ਨੇ ਆ ਰਲਣਾ ਤੇ ਘਰ ਦੇ ਭਾਲਦੇ ਫਿਰਦੇ ਕਿ ਪਤਾ ਨਹੀਂ ਸਕੂਲੋਂ ਲੇਟ ਕਿਉਂ ਹੋ ਗਿਆ। ਬੱਸ ਫੇਰ ਇਕ ਦਿਨ ਮਾਨ ਸਾਹਿਬ ਆਪਣੇ ਨਾਲ

ਪਟਿਆਲੇ ਲੈ ਆਏ। ਬੱਸ ਫੇਰ ਚੱਲ ਸੋ ਚੱਲ ।

ਭੋਲੇ ਨੂੰ ਇਹ ਸਵਾਲ ਕਰਨਾ ਤਾਂ ਹੱਸੋਂ-ਹੀਣਾ ਜਿਹਾ ਹੈ ਕਿ ਤੁਸੀਂ ਕਿੰਨੇ ਮੁਲਕਾਂ 'ਚ ਤੇ ਕਿੰਨੀ ਵਾਰੀ ਜਾ ਆਏ ਹੋ। ਇਸ ਦੇ ਜਵਾਬ 'ਚ ਭੋਲਾ ਕਹਿੰਦਾ ਹੁੰਦਾ ਬਾਈ ਏਨਾ ਤਾਂ ਪਤਾ ਨਹੀਂ ਪਰ ਹੁਣ ਤੱਕ ਛੇ ਸੱਤ ਪਾਸਪੋਰਟ ਮੋਹਰਾਂ ਲਵਾ-ਲਵਾ ਕੇ ਭਰ ਦਿੱਤੇ ਹਨ। ਹਾਂ ਅਸਟਰੇਲੀਆ ਦਾ ਯਾਦ ਆ, ਆਹ ਪੰਜਵਾ ਗੇੜਾ ਮੇਰਾ। ਅਮਰੀਕਾ, ਕੈਨੇਡਾ ਤੇ ਇੰਗਲੈਂਡ ਤਾਂ ਹੁਣ ਗਿਣਤੀ ਤੋਂ ਬਾਹਰ ਹੋ ਗਏ। ਸੰਯੋਗ ਵੱਸ ਆਹ ਗੱਲਾਂ ਲਿਖਦਾ ਮੈਂ ਵੀ ਐਡੀਲੇਡ ਤੋਂ ਮੈਲਬਰਨ ਵਾਲੀ ਫਲਾਈਟ 'ਚ ਹਾਂ ਤੇ ਕੱਲ੍ਹ ਨੂੰ ਮੈਲਬਾਰਨ ਮਾਨ ਸਾਹਿਬ ਦਾ ਇਸ ਦੌਰੇ ਦਾ ਅਖੀਰੀ ਸ਼ੋਅ ਹੋਣ ਜਾ ਰਿਹਾ ਤੇ ਮੇਰੇ ਮਨ 'ਚ ਭੋਲੇ ਤੋਂ ਹੋਰ ਬਹੁਤ ਕੁਝ ਜਾਣਨ ਦੇ ਸਵਾਲ ਖੜ੍ਹੇ ਹੋ ਰਹੇ ਹਨ। ਜੇ ਮੈਲਬਰਨ ਉਸ ਨੂੰ ਮਿਲਣ ਦਾ ਸਬੱਬ ਬਣਿਆ ਤਾਂ ਉਮੀਦ ਹੈ ਇਸ ਲੇਖ 'ਚ ਹੀ ਦਰਜ ਕਰ ਦੇਵਾਂਗਾ।

ਐਡੀਲੇਡ ਉਸ ਨਾਲ ਹੋਈ ਮੁਲਾਕਾਤ ਦੀ ਸੁਣ ਲਵੋ; ਸ਼ੋਅ ਦੀ ਸਮਾਪਤੀ ਤੇ ਮੈਂ ਭੋਲੇ ਨੂੰ ਮਿਲਿਆ ਤਾਂ ਉਹ ਆਪਣੇ ਸਾਜ ਸੰਭਾਲਣ 'ਚ ਰੁਝਿਆ ਹੋਇਆ ਸੀ। ਪਰ ਉਸ ਨੇ ਮੈਨੂੰ ਆਸਟ੍ਰੇਲੀਆ ਦਾ ਆਪਣਾ ਮੋਬਾਈਲ ਨੰਬਰ ਦੇ ਦਿੱਤਾ ਤੇ ਕੱਲ੍ਹ ਨੂੰ ਮਿਲਣ ਦਾ ਵਾਅਦਾ ਕੀਤਾ। ਸੋਮਵਾਰ ਨੂੰ ਮੈਂ ਹਰਮਨ ਰੇਡੀਓ ਦੇ ਆਪਣੇ ਹਫ਼ਤਾਵਾਰੀ ਟਾਕ ਸ਼ੋਅ ਲਹਿਰਾਂ 'ਚ ਰੁਝਿਆ ਹੋਇਆ ਸਾਂ ਤਾਂ ਭੋਲੇ ਦੀ ਮਿਸ ਕਾਲ ਆਈ। ਸ਼ੋਅ ਤੋਂ ਬਾਅਦ ਜਦੋਂ ਮੈਂ ਬੈਕ ਕਾਲ ਕੀਤੀ ਤਾਂ ਕਹਿੰਦਾ ਆ ਜਾਓ ਬਰਾੜ ਸਾਹਿਬ ਕੁਝ ਪਰਾਣੀਆ ਯਾਦਾਂ ਤਾਜ਼ਾ ਕਰੀਏ। ਘੰਟੇ ਕੁ ਬਾਅਦ ਮੈਂ ਤੇ ਮੇਰਾ ਮਿੱਤਰ ਦਵਿੰਦਰ ਧਾਲੀਵਾਲ ਨੇ ਜਦੋਂ ਹੋਟਲ ਅੰਬੈਸੀ ਜਾ ਕੇ ਭੋਲੇ ਨੂੰ ਰਿੰਗ ਕੀਤੀ ਤਾਂ ਉਹ ਮਾਨ ਸਾਹਿਬ ਦੇ ਰੂਮ 'ਚ ਸੀ। ਉਹ ਕਹਿੰਦੇ ਕਿ ਤੁਸੀਂ ਮੇਰੇ ਰੂਮ 'ਚ ਕਾਲ ਕਰ ਕੇ ਉੱਥੋਂ ਮਨੀਸ਼ ਨੂੰ ਬੁਲਾ ਲਵੋ ਮੈਂ ਆਇਆ ਦੋ ਮਿੰਟ 'ਚ । ਅਸੀਂ ਹਾਲੇ ਕਾਲ ਹੀ ਕਰ ਰਹੇ ਸੀ ਤਾਂ ਉੱਥੇ ਮਾਨ ਸਾਹਿਬ ਦੇ ਦੋ ਸਾਜੀ ਆ ਗਏ। ਜਦੋਂ ਅਸੀਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਭੋਲੇ ਦੇ ਮਿੱਤਰ ਹਾਂ ਤਾਂ ਉਹ ਸਾਨੂੰ ਬੜੇ ਸਤਿਕਾਰ ਨਾਲ ਆਪਣੇ ਰੂਮ 'ਚ ਲੈ ਗਏ। ਉੱਥੇ ਪਹਿਲਾਂ ਤੋਂ ਮਾਨ ਸਾਹਿਬ ਦਾ ਇੱਕ ਹੋਰ ਪੁਰਾਣਾ ਸਾਥੀ ਜੱਸੀ ਅਤੇ ਕੁਝ ਹੋਰ ਬੰਦੇ ਮੌਜੂਦ ਸਨ। ਪਹਿਲੀ ਨਜ਼ਰੇ ਉਨ੍ਹਾਂ ਨੇ ਸਾਨੂੰ ਪੱਤਰਕਾਰ ਸਮਝ ਲਿਆ ਤੇ ਜੱਸੀ ਦੀਆਂ ਗੱਲਾਂ 'ਚੋਂ ਪੱਤਰਕਾਰਾਂ ਪ੍ਰਤੀ ਕੁਝ ਗਿਲਾ ਜਿਹਾ ਝਲਕਿਆ। ਉਹ ਕਹਿੰਦੇ ਯਾਰ ਪਤਾ ਨਹੀਂ ਲੋਕ ਬਿਨਾਂ ਗੱਲ ਦੀ ਤਹਿ 'ਤੇ ਜਾਏ, ਕਿਹੋ ਜਿਹੀਆਂ ਗੱਲਾਂ ਕਰਦੇ ਰਹਿੰਦੇ ਹਨ। ਨਾਲ ਹੀ ਉਹ ਆਪਣੇ ਸਵਾਲਾਂ ਦੇ ਜਵਾਬ ਦੇਈ ਜਾਵੇ। ਕਹੇ ਮਾਨ ਸਾਹਿਬ ਨੂੰ ਕੋਈ ਫ਼ਰਕ ਨਹੀਂ ਪੈਂਦਾ ਇਹਨਾਂ ਗੱਲਾਂ ਨਾਲ, ਉਹ ਜੋ ਕੁਝ ਵੀ ਹਨ ਸਭ ਦੇ ਸਾਹਮਣੇ ਹਨ। ਬਾਕੀ ਮਾਨ ਸਾਹਿਬ ਇਹੋ ਜਿਹੇ ਲੋਕਾਂ ਦਾ ਜਵਾਬ ਹੀ ਨਹੀਂ ਦਿੰਦੇ। ਕਿਉਂਕਿ ਮਾਨ ਸਾਹਿਬ ਦੇ ਚਾਹੁਣ ਵਾਲੇ ਆਪ ਹੀ ਜਵਾਬ ਦੇ ਦਿੰਦੇ ਹਨ। ਪਰ ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਨਾ ਤਾਂ ਪੱਤਰਕਾਰ ਹਾਂ ਅਤੇ ਨਾ ਬਿਨਾ ਤਹਿ 'ਤੇ ਜਾਏ ਕੁਝ ਲਿਖਦਾ ਹਾਂ। ਮੈਂ ਤਾਂ ਉਨ੍ਹਾਂ ਲੋਕਾਂ ਦਾ

ਕਦਰਦਾਨ ਹਾਂ ਜਿੰਨਾ ਨੇ ਕੁਝ ਵੱਖਰਾ ਕੀਤਾ ਹੈ। ਨਾ ਕਦੇ ਮੈਂ ਗੁਰਦਾਸ ਮਾਨ ਨੂੰ ਵੱਡਾ ਤੇ ਨਾ ਕਦੇ ਇਕ ਢੋਲਕੀ ਵਜਾਉਣ ਵਾਲੇ ਭੋਲੇ ਨੂੰ ਛੋਟਾ ਸਮਝਿਆ। ਚਲੋ ਜੀ ਪੰਜ ਚਾਰ ਮਿੰਟਾਂ 'ਚ ਸਾਡੀ ਵਿਰੋਧ ਭਾਸ਼ਾ ਖ਼ਤਮ ਹੋ ਗਈ ਜੱਦੋ ਅਸੀਂ ਇਕ ਦੂਜੇ ਦੇ ਮਕਸਦ ਨੂੰ ਸਮਝ ਗਏ।

ਏਨੇ ਨੂੰ ਭੋਲਾ ਆ ਗਿਆ ਕਹਿੰਦਾ ਬਾਈ ਮਾਨ ਸਾਹਿਬ ਨੇ ਟਾਈਮ ਲਗਵਾ ਦਿੱਤਾ ਤੈਨੂੰ ਪਤਾ ਬਰਾੜ ਬਾਈ ਮੈਂ ਇੱਕ ਵੇਲੇ ਰੱਬ ਦੀ ਗੱਲ ਟਾਲ ਦੇਵਾ ਪਰ ਬਾਈ ਦੀ ਗੱਲ ਨਹੀਂ ਟਾਲ ਸਕਦਾ। ਉਸ ਵਕਤ ਤੱਕ ਮਾਨ ਸਾਹਿਬ ਦੇ ਤਕਰੀਬਨ ਸਾਰੇ ਸਾਥੀ ਉੱਥੇ ਆ ਗਏ ਸਨ। ਭੋਲਾ ਕਹਿੰਦਾ ਬਾਈ ਆਹ ਬਾਈ ਜੱਸੀ ਆ। ਸਾਡਾ ਸਾਥ 30 ਵਰ੍ਹਿਆਂ ਤੋਂ ਹੈ। ਅਸੀਂ ਇਕ ਦੂਜੇ ਨਾਲ ਜਿੰਨਾਂ ਮਰਜ਼ੀ ਲੜੀਏ ਭਿੜੀਏ ਪਰ ਕਿਤੇ ਜਾਈਏ, ਰਹਿੰਦੇ ਇੱਕ ਕਮਰੇ 'ਚ ਹੀ ਹਾਂ। ਆਹ ਬਾਈ
ਤੁਲਸੀ ਹੈ ਇਹ ਤੁਹਾਡੇ ਜ਼ਿਲ੍ਹੇ ਸਿਰਸੇ ਤੋਂ ਹੈ। ਜਦੋਂ ਮੈਂ ਮੁੜ ਕੇ ਦੇਖਿਆ ਤਾਂ ਮੇਰੇ ਤੁਲਸੀ ਝੱਟ ਪਛਾਣ 'ਚ ਆ ਗਿਆ। ਕਿਉਂਕਿ ਉਸ ਨਾਲ ਵੀ ਜ਼ਿੰਦਗੀ ਦਾ ਇੱਕ ਕਿੱਸਾ ਜੁੜਿਆ ਹੋਇਆ ਸੀ। ਜਦੋਂ ਮੈਂ ਉਸ ਨੂੰ ਯਾਦ ਕਰਵਾਇਆ ਤਾਂ ਉਹ ਬਹੁਤ ਖ਼ੁਸ਼ ਹੋਇਆ ਤੇ ਸਾਨੂੰ ਇੰਝ ਲੱਗੇ ਜਿਵੇਂ ਕੋਈ ਰਿਸ਼ਤੇਦਾਰੀ ਨਿਕਲ ਆਈ ਹੋਵੇ। ਗ਼ਰੀਬ ਘਰੇ ਜੰਮਿਆ ਤੁਲਸੀ ਕੀ ਬੋਰਡ ਦਾ ਇੱਕ ਬਹੁਤ ਹੀ ਪਰਪੱਕ ਕਲਾਕਾਰ ਹੈ ਤੇ ਪਿਛਲੇ ਕਾਫ਼ੀ ਵਕਤ ਤੋਂ ਉਹ ਭੋਲੇ ਕਾਰਨ ਮਾਨ ਸਾਹਿਬ ਦਾ ਸਾਥ ਮਾਣ ਰਿਹਾ ਹੈ।

ਜਾਣ ਪਹਿਚਾਣ ਤੋਂ ਬਾਅਦ ਅਸੀਂ ਪੁਰਾਣੇ ਦੁੱਖ ਸੁੱਖ ਫੋਲਣ ਲੱਗ ਪਏ ਤੇ ਨਾਲ-ਨਾਲ ਭੋਲਾ ਚਾਹ ਬਣਾਉਣ ਲੱਗ ਪਿਆ। ਕਹਿੰਦਾ ਬਈ ਬਠਿੰਡੇ ਵਾਲੀ ਬਣਾਊਂ, ਤੂੰ ਵੀ ਕੀ ਯਾਦ ਰੱਖੇਗਾ ? ਮੈਂ ਕਿਹਾ ਤੁਹਾਡਾ ਹਰ ਗੱਲ ਤੇ ਬਾਈ ਕਹਿਣਾ ਹੀ ਮੈਨੂੰ ਬਠਿੰਡੇ ਦੀ ਯਾਦ ਦੁਆ ਰਿਹਾ ਹੈ ਸੋ ਚਾਹ ਕਿਉਂ ਨਾ ਬਠਿੰਡਾ ਯਾਦ ਕਰਵਾਊ ? ਚਾਹ ਪੀਂਦੇ-ਪੀਂਦੇ ਮੈਂ ਕਿਹਾ ਚਲੋ ਬਾਈ ਰੇਡੀਓ ਲਈ ਗੱਲ ਕਰ ਲੈਂਦੇ ਹਾਂ ਤਾਂ ਉਹ ਕਹਿੰਦਾ ਆ ਜੋ ਬਾਈ ਦੂਜੇ ਕਮਰੇ 'ਚ, ਅਸੀਂ ਜਦੋਂ ਰਿਕਾਰਡਿੰਗ ਕਰ ਰਹੇ ਸੀ ਤਾਂ ਭੋਲੇ ਦੇ ਬਾਕੀ ਸਾਥੀ ਉਸ ਨੂੰ ਛੇੜਨੋਂ ਨਾ ਹਟੇ। ਉਹ ਵਾਰ-ਵਾਰ ਗੱਲ ਕਰਦਾ ਉਨ੍ਹਾਂ ਨਾਲ ਹੱਸ ਪਿਆ ਕਰੇ। ਉਸ ਦੀਆਂ ਕਈ ਹਰਕਤਾਂ ਬਿਲਕੁਲ ਬੱਚਿਆਂ ਵਰਗੀਆਂ ਲਗਦੀਆਂ ਸਨ। ਪਰ ਮੇਰੇ ਹਰ ਸਵਾਲ ਦੇ ਜਵਾਬ 'ਚ ਉਹ ਦਿਲ ਖੋਲ੍ਹ ਕੇ ਬੋਲਿਆ। ਉਸ ਨੇ ਸਾਰੀ ਵਿਆਖਿਆ ਬਿਆਨ ਕਰ ਦਿੱਤੀ ਕਿ ਕਿਵੇਂ ਉਹ ਪੀਪੀ ਵਜਾਉਂਦਾ-ਵਜਾਉਂਦਾ ਢੋਲਕੀ ਮਾਸਟਰ ਬਣ ਗਿਆ।

ਉਹ ਕਹਿੰਦਾ ਚਾਹੇ ਅੱਜ ਉਸ ਕੋਲੋਂ ਸਿੱਖ ਕੇ ਬਹੁਤ ਸਾਰੇ ਮੁੰਡੇ ਢੋਲਕੀ ਮਾਸਟਰ ਬਣ ਗਏ ਪਰ ਸੱਚ ਦੱਸਾਂ ਮੈਂ ਕਦੇ ਕਿਸੇ ਤੋਂ ਕੁਝ ਨਹੀਂ ਸਿੱਖਿਆ। ਉਹ ਕਹਿੰਦਾ ਜਦੋਂ ਮੈਂ ਮਾਨ ਸਾਹਿਬ ਦੇ ਗੀਤ ਛੱਲੇ ਤੇ ਢੋਲਕੀ ਵਜਾਉਂਦਾ ਹਾਂ ਤਾਂ ਆਪਣੀ ਸੁੱਧ-ਬੁੱਧ ਭੁੱਲ ਜਾਂਦਾ ਹਾਂ। ਹੋਰ ਤਾਂ ਹੋਰ ਅੱਜਕੱਲ੍ਹ ਢੋਲਕੀ ਦੀਆਂ ਕੁਝ ਤਾਲਾਂ ਦੇ ਨਾਂ ਵੀ ਉਸ ਦੇ ਨਾਂ ਉੱਤੇ ਪੈ ਗਏ ਹਨ। ਜਿਨ੍ਹਾਂ ਵਿੱਚੋਂ 'ਬਠਿੰਡੇ ਵਾਲਾ ਠੇਕਾ' ਤਾਲ ਬਹੁਤ ਮਸ਼ਹੂਰ ਹੈ। ਢੋਲਕੀ ਵਜਾਉਣਾ ਨਾ ਉਸ ਦਾ ਪੁਸ਼ਤੈਨੀ ਧੰਦਾ ਸੀ ਅਤੇ ਨਾ ਹੀ ਉਸ ਦੇ ਬੱਚੇ ਇਸ ਲਾਈਨ 'ਚ ਜਾਣਾ ਚਾਹੁੰਦੇ ਹਨ। ਪਰ ਉਹ ਕਹਿੰਦਾ ਕਿ ਸ਼ੁਰੂ-ਸ਼ੁਰੂ 'ਚ ਮੇਰੇ ਪਰਿਵਾਰ ਨੂੰ ਮੇਰੇ ਇਸ ਸ਼ੌਕ ਤੋਂ ਬਹੁਤ ਤਕਲੀਫ਼ ਸੀ ਪਰ ਮੇਰੇ ਇੱਕ ਵੱਡੇ ਭਰਾ ਨੇ ਜਦੋਂ ਕੀਰਤਨ ਕਰਨਾ ਤਾਂ ਮੈਨੂੰ ਆਪਣੇ ਨਾਲ ਉਤਸ਼ਾਹਿਤ ਕਰਨਾ। ਸ਼ੁਰੂ ਦੇ ਸਾਲਾਂ ਵਿੱਚ ਉਸ ਨੇ ਡਰਾਮਾ, ਰਾਮਲੀਲ੍ਹਾ ਆਦਿ ਵਿੱਚ ਐਕਟਿੰਗ ਵੀ ਕੀਤੀ ਅਤੇ ਬਾਅਦ 'ਚ ਮਾਨ ਸਾਹਿਬ ਨੇ ਉਸ ਨੂੰ ਫ਼ਿਲਮ 'ਕੀ ਬਣੂ ਦੁਨੀਆਂ ਦਾ' ਵਿਚ

ਸੁਨਹਿਰੀ ਪਰਦੇ ’ਤੇ ਵੀ ਆਉਣ ਦਾ ਮੌਕਾ ਦਿੱਤਾ। ਵਿਆਹ ਦੇ ਮਾਮਲੇ ’ਚ ਭੋਲਾ ਕਹਿੰਦਾ ਕਿ ਉਹ ਥੋੜ੍ਹਾ ਜਿਹਾ ਲੇਟ ਹੋ ਗਿਆ। ਇਸੇ ਕਰ ਕੇ ਉਸ ਦੇ ਬੱਚੇ ਹਾਲੇ ਛੋਟੇ ਹਨ। ਜਿਨ੍ਹਾਂ ਵਿੱਚ ਇੱਕ ਲੜਕੀ ਸਿਮਰਨਜੀਤ ਕੌਰ ਬਾਰ੍ਹਾਂ ਸਾਲ ਤੇ ਇਕ ਲੜਕਾ ਹਨੀਸ਼ ਹੈਰੀ ਨੌਂ ਸਾਲ ਦਾ ਹੈ ਤੇ ਉਸ ਦੇ ਘਰਵਾਲੀ ਮਾਨਸਾ ਤੋਂ ਹਨ।

ਮਾਨ ਸਾਹਿਬ ਤੋਂ ਮਿਲਦੇ ਪਿਆਰ ਤੋਂ ਉਹ ਬਹੁਤ ਖ਼ੁਸ਼ ਹਨ। ਉਹ ਦੱਸਦੇ ਹਨ ਕਿ ਮੈਨੂੰ ਕਦੇ ਉਨ੍ਹਾਂ ਨੇ ਮਹਿਸੂਸ ਹੀ ਨਹੀਂ ਹੋਣ ਦਿੱਤਾ ਕਿ ਮੈਂ ਬੇਗਾਨਾ ਹਾਂ। ਉਨ੍ਹਾਂ ਦੱਸਿਆ ਕਿ ਇਕ ਵਾਰ ਉਨ੍ਹਾਂ ਦੇ ਹੱਥ ਦਾ ਅੰਗੂਠਾ ਜ਼ਖਮੀ ਹੋ ਗਿਆ ਤੇ ਡਾਕਟਰ ਕਹਿੰਦੇ ਇਸ ਨੂੰ ਕੱਟਣਾ ਪੈਣਾ ਪਰ ਮਾਨ ਸਾਹਿਬ ਕਹਿੰਦੇ ਜਿੰਨਾਂ ਮਰਜ਼ੀ ਖ਼ਰਚਾ ਹੋ ਜਾਵੇ ਅਸੀਂ ਭੋਲੇ ਦਾ ਅੰਗੂਠਾ ਬਚਾਉਣਾ ਹੈ ਤੇ ਉਹ ਉਨ੍ਹਾਂ ਨੇ ਬਚਾ ਵੀ ਲਿਆ। ਮਨਜੀਤ ਮਾਨ ਨੂੰ ਉਹ ਭਾਬੀ ਜੀ ਕਹਿ ਕੇ ਬੁਲਾਉਂਦਾ ਹੈ ਤੇ ਉਹ ਕਹਿੰਦਾ ਕਿ ਉਹ ਸਾਡਾ ਖ਼ਿਆਲ ਬੱਚਿਆ ਵਾਂਗ ਕਰਦੇ ਹਨ। ਉਹ ਕਹਿੰਦਾ ਕਿ ਅੱਜ ਤੱਕ ਜੋ ਮਾਨ ਸਾਹਿਬ ਦਾ ਸਾਥੀ ਬਣ ਗਿਆ ਛੱਡ ਕੇ ਨਹੀਂ ਗਿਆ।

ਦੋਸਤੋ ! ਮੈਨੂੰ ਪਿਛਲੇ ਦਿਨੀਂ ਕਈ ਬੰਦਿਆਂ ਨੇ ਸਵਾਲ ਕੀਤੇ ਕਿ ਤੁਹਾਡਾ ਨਵਾਂ ਲੇਖ ਕਿਸ ਵਿਸ਼ੇ ’ਤੇ ਆ ਰਿਹਾ ਹੈ। ਤਾਂ ਜਦੋਂ ਮੈਂ ਦੱਸਿਆ ਕਿ ਬਠਿੰਡੇ ਵਾਲੇ ਭੋਲੇ ’ਤੇ ਤਾਂ ਮੂਹਰੋਂ ਇੱਕ ਸ਼ਖ਼ਸ ਤਾਂ ਕਹਿੰਦਾ, ‘‘ਲਗਦਾ ਤੇਰੀ ਕਲਮ ਕੋਲ ਰਾਸ਼ਨ ਖ਼ਤਮ ਹੋ ਗਿਆ, ਜਿਹੜਾ ਅੱਜਕੱਲ੍ਹ ਢੋਲਕੀਆਂ ਕੁੱਟਣ ਵਾਲਿਆਂ ’ਤੇ ਲਿਖਣ ਲੱਗ ਪਿਆ, ਕੀ ਖ਼ਾਸੀਅਤ ਹੈ ਉਹ ਦੇ ਵਿੱਚ ?’’ ਸੋ ਦੋਸਤੋ ਮੇਰਾ ਤਾਂ ਇੱਥੇ ਇਹ ਹੀ ਕਹਿਣਾ ਹੈ ਕਿ ਜੋ ਖ਼ਾਸੀਅਤ ਮੈਨੂੰ ਅੱਜ ਦੇ ਯੁੱਗ ਵਿੱਚ ਭੋਲੇ ਵਿੱਚ ਦਿਸੀ ਉਹ ਛੇਤੀ-ਛੇਤੀ ਕੀਤੇ ਦਿਖਾਈ ਨਹੀਂ ਦਿੰਦੀ। ਜਿਸ ਨੂੰ ਉਹ ਪਿਛਲੇ ਪੈਂਤੀ ਵਰ੍ਹਿਆਂ ਤੋਂ ਸਾਬਤ ਵੀ ਕਰ ਚੁੱਕਿਆ ਹੈ। ਬਾਕੀ ਇਹੋ ਜਿਹੀ ਸੋਚ ਰੱਖਣ ਵਾਲਿਆਂ ਲਈ ਇਹੀ ਕਹਾਂਗਾ ਕਿ ਇੱਕ ਪਾਸੇ ਅਸੀਂ ਜਗਤ ਗੁਰੂ ਬਾਬਾ ਨਾਨਕ ਜੀ ਦੇ ਪੈਰੋਕਾਰ ਕਹਾਉਂਦੇ ਹਾਂ ਤੇ ਦੂਜੇ ਪਾਸੇ ਸਾਡੇ ਨਜ਼ਰੀਏ ਦੀ ਤੰਗੀ ਦੇਖੋ ਕੇ ਅਸੀਂ ਬੰਦੇ ਨੂੰ ਉਸ ਦੀ ਜਾਤ ਅਤੇ ਕਰਮ ਦੇ ਹਿਸਾਬ ਨਾਲ ਸਤਿਕਾਰਦੇ ਹਾਂ। ਥੋੜ੍ਹਾ ਜਿਹਾ ਨਜ਼ਰੀਆ ਵੱਡਾ ਕਰ ਕੇ ਦੇਖੋ ਤੁਹਾਨੂੰ ਭੋਲੇ ਵਿਚੋਂ ਇੱਕ ਫ਼ੱਕਰ ਦੇ ਦਰਸ਼ਨ ਹੋਣਗੇ।

****

# ਠੱਗ ਜੀ

ਬਾਬੇ ਨਾਨਕ ਜੀ ਦੀ ਇੱਕ ਸਾਖੀ ਬੜੀ ਪ੍ਰਚਲਿਤ ਹੈ ਕਿ ਇੱਕ ਬਾਰ ਬਾਬਾ ਜੀ ਮਰਦਾਨੇ ਨੂੰ ਕਹਿੰਦੇ ਕਿ ਇੱਕ ਦਿਨ ਇਹੋ ਜਿਹਾ ਆਵੇਗਾ ਕਿ ਸਾਰੀ ਦੁਨੀਆ ਠੱਗਾਂ ਦੀ ਹੋ ਜਾਵੇਗੀ। ਤਾਂ ਭਾਈ ਮਰਦਾਨਾ ਜੀ ਕਹਿੰਦੇ ਕਿ ਬਾਬਾ ਜੀ ਫੇਰ ਠਗਿਆ ਕੌਣ ਜਾਵੇਗਾ ! ਬਾਬਾ ਜੀ ਕਹਿੰਦੇ ਭਾਈ ਜਿਹੜਾ ਵਿੱਸਰ ਗਿਆ।

ਸੋ ਇਹੋ ਜਿਹਾ ਕੁਝ ਮੇਰੇ ਨਾਲ ਵਾਪਰਿਆ। ਮੈਂ ਵੀ ਵਿੱਸਰ ਗਿਆ ਤੇ ਠਗਿਆ ਗਿਆ। ਹੋ ਸਕਦਾ ਲੋਕਾਂ ਲਈ ਠੱਗੀ ਦਾ ਮਤਲਬ ਸਿਰਫ਼ ਮਾਲੀ ਨੁਕਸਾਨ ਹੋਵੇ। ਪਰ ਮੇਰੇ ਲਈ ਠੱਗੀ ਦੇ ਮਾਅਨੇ ਹੋਰ ਕੁਝ ਨੇ। ਤੁਹਾਡੇ ਤੋਂ ਕੋਈ ਤੁਹਾਡੇ ਜਜ਼ਬਾਤ ਠੱਗ ਕੇ ਲੈ ਜਾ ਸਕਦਾ, ਤੁਹਾਡੇ ਤੋਂ ਕੋਈ ਤੁਹਾਡਾ ਪਿਆਰ ਠੱਗ ਸਕਦਾ। ਤੁਹਾਡੇ ਤੋਂ ਕੋਈ ਤੁਹਾਡਾ ਸਤਿਕਾਰ ਠੱਗ ਸਕਦਾ। ਇੱਥੋਂ ਤੱਕ ਕਿ ਤੁਹਾਡੇ ਤੋਂ ਕੋਈ ਤੁਹਾਡਾ ਜ਼ਮੀਰ ਤੱਕ ਠੱਗ ਸਕਦਾ ਹੈ। ਤੁਹਾਡੇ ਨਾਲ ਠੱਗੀ ਦੋਸਤੀ ਦੀ ਆੜ 'ਚ ਜਾਂ ਰਿਸ਼ਤੇਦਾਰੀ ਦੀ ਆੜ 'ਚ ਵੱਜ ਸਕਦੀ ਹੈ। ਲਾਲਚ ਅਤੇ ਜਜ਼ਬਾਤ ਠੱਗ ਦੇ ਦੋ ਅਹਿਮ ਹਥਿਆਰ ਹਨ। ਜ਼ਿਆਦਾਤਰ ਠੱਗੀ ਅਸਤਰ ਕਹਾਉਣ ਵਾਲਿਆਂ ਨਾਲ ਵੱਜਦੀ ਹੈ। ਹਾਲੇ ਭੋਲੇ ਭਾਲੇ ਇਨਸਾਨ ਬਚ ਜਾਂਦੇ ਹਨ। ਮੇਰੇ ਵਰਗੇ ਨੂੰ ਕਈ ਬਾਰ ਕੋਈ ਫ਼ੂਕ ਛਕਾ ਕੇ ਵੀ ਠੱਗ ਜਾਂਦਾ। ਇੱਕ ਨਿੱਕਾ ਜਿਹਾ ਵਾਕਾ ਸਾਂਝਾ ਕਰਨਾ ਚਾਹੁੰਦਾ ਹਾਂ।

ਮੇਰੇ ਦਾਦਾ ਜੀ ਸਰਦਾਰ ਸੁਰਜੀਤ ਸਿੰਘ ਵੱਡੇ ਜ਼ਿੰਦਾ-ਦਿਲ ਇਨਸਾਨ ਸਨ। ਉਨ੍ਹਾਂ ਜ਼ਿੰਦਗੀ ਕੱਟੀ ਨਹੀਂ ਮਾਣੀ ਅਤੇ 96 ਸਾਲ ਦੀ ਉਮਰ ਭੋਗ ਕੇ ਰੁਖ਼ਸਤ ਹੋਏ। ਇੱਕ ਬਾਰ ਉਨ੍ਹਾਂ ਦੱਸਿਆ ਕਿ ਜਦੋਂ ਅਸੀਂ ਮਾਘੀ ਦੇ ਮੇਲੇ ਜਾਂਦੇ ਤਾਂ ਸਾਡੇ ਨਾਲ ਸਾਡੇ ਇੱਕ ਬਜ਼ੁਰਗ ਮੇਲੇ ਜਾਂਦੇ ਤੇ ਸਾਡੇ ਕੋਲ ਆਨਾ-ਦੁਆਨੀ ਹੋਣੀ ਪਰ ਸਾਰੇ ਰਾਹ ਬਜ਼ੁਰਗ ਸਾਨੂੰ ਮੱਤਾਂ ਦਿੰਦਾ ਜਾਂਦਾ ਕਿ ਤੁਹਾਡੇ ਵਰਗੀਆਂ ਨੂੰ ਮੇਲੇ 'ਚ ਲੁੱਟ ਲੈਂਦੇ ਹਨ। ਅੰਦਰੋਂ-ਅੰਦਰੀਂ ਅਸੀਂ ਬਹੁਤ ਦੁਖੀ ਹੋਣਾ ਬਾਬੇ ਦੇ ਭਾਸ਼ਣ ਤੋਂ। ਇੱਕ ਬਾਰ ਮੇਲੇ 'ਚ ਬਾਬਾ ਮੂਹਰੇ-ਮੂਹਰੇ ਤੇ ਅਸੀਂ ਪਿੱਛੇ-ਪਿੱਛੇ। ਏਨੇ ਨੂੰ ਇੱਕ ਚੰਗੀ ਭਲੀ ਤੁਰੀ ਆਉਂਦੀ ਜ਼ਨਾਨੀ ਇੱਕਦਮ ਸੋਟੀ ਦੇ ਸਹਾਰੇ ਕੋਡੀ ਹੋ ਕੇ ਬਾਬੇ ਦੇ ਗੀਝੇ ਨੇੜੇ ਹੋ ਕੇ ਗੀਝਾ ਸਾਫ਼ ਕਰ ਗਈ। ਅਸੀਂ ਦੇਖ ਲਿਆ। ਅਸੀਂ ਛੇਤੀ ਦੇਣੇ ਬੁੱਢੀ ਕੋਲ ਗਏ ਤੇ ਉਹ ਡਰ ਗਈ ਅਸੀਂ ਕਿਹਾ ਡਰ ਨਾ ਮਾਤਾ। ਆਹ ਚੱਕ ਦੁਆਨੀ ਇਨਾਮ ਦੀ ਤੂੰ ਸਾਡੇ ਬਾਬੇ ਦਾ ਗੀਝਾ ਕੱਟ ਕੇ ਸਾਡੀ ਤਾਂ ਰੂਹ ਖ਼ੁਸ਼ ਕਰ ਦਿੱਤੀ। ਮੈਂ ਵੀ ਤਾਜ਼ੀ-ਤਾਜ਼ੀ ਠੱਗੀ ਖਾ ਕੇ ਹਟਿਆਂ। ਦਿਲ ਹੌਲਾ ਕਰਨ ਲਈ ਇਹ ਲੇਖ ਸਤੰਬਰ 2012 'ਚ ਲਿਖਿਆ ਸੀ।



ਪੀ.ਟੀ.ਸੀ. ਚੈਨਲ ਦੇ ਪ੍ਰੋਗਰਾਮ ਤਿਰਛੀ ਨਜ਼ਰ ਵਿਚ ਜਨਾਬ ਬਲਜੀਤ ਬੱਲੀ ਨਾਲ ਲੇਖਕ




ਚੜ੍ਹਦੀ ਕਲਾ ਟਾਈਮ ਟੀ.ਵੀ. ਦੇ ਗੁੜ੍ਹ ਮਾਰਨਿੰਗ ਸ਼ੋਅ ਵਿਚ

ਜਨਾਬ ਸ਼ਮਿੰਦਰ ਸਿੰਘ ਵਿੱਕੀ ਨਾਲ ਲੇਖਕ

# ਠੱਗ ਜੀ

ਦੋਸਤੋ ! ਲੇਖ ਸ਼ੁਰੂ ਕਰਨ ਤੋਂ ਪਹਿਲਾਂ ਇਸ ਦੇ ਸਿਰਲੇਖ ਉੱਤੇ ਤੁਹਾਡੀ ਹੈਰਾਨੀ ਦਾ ਜਵਾਬ ਦੇ ਦੇਵਾਂ। ਤੁਸੀਂ ਹੈਰਾਨ ਹੋਵੋਗੇ ਕਿ ਠੱਗ ਨੂੰ ਏਨਾ ਸਤਿਕਾਰ ਕਿਉਂ ? ਕੋਈ ਖ਼ਾਸ ਵਜ੍ਹਾ ਨਹੀਂ, ਠੱਗ ਨੂੰ 'ਠੱਗ ਜੀ' ਕਹਿ ਕੇ ਬੱਸ ਦੁਨੀਆਦਾਰੀ ਜਹੀ ਨਿਭਾ ਰਿਹਾ ਹਾਂ ਕਿਉਂਕਿ ਅੱਜ ਦੀ ਦੁਨੀਆਂ ਧਨ ਵਾਲੇ ਧਨਵਾਨ ਦਾ ਸਤਿਕਾਰ ਕਰਦੀ ਹੈ। ਮੈਨੂੰ ਅੱਜ ਤੱਕ ਕੋਈ ਠੱਗ ਗ਼ੁਰਬਤ ਵਿੱਚ ਲਬਰੇਜ਼ ਨਹੀਂ ਮਿਲਿਆ। ਧਨਵਾਨ ਬੰਦੇ ਨੂੰ ਜੀ ਜੀ ਕਰਨਾ ਹੀ ਅੱਜਕੱਲ੍ਹ ਦੁਨੀਆਦਾਰੀ ਹੈ। ਸੋ ਮਿੱਤਰੋ, ਇਸ ਦੁਨੀਆਂ 'ਚ ਰਹਿੰਦਿਆਂ ਹੋਇਆਂ ਦੁਨੀਆਦਾਰੀ ਨਾ ਨਿਭਾ ਕੇ ਮੈਂ ਆਪਣੇ ਸਿਰ 'ਤੇ ਜਿਹੜੇ ਚਾਰ ਵਾਲ ਬਚੇ ਨੇ, ਉਹ ਤਾਂ ਨਹੀਂ ਝੜਵਾਉਣੇ।

ਸਭ ਤੋਂ ਪਹਿਲਾਂ ਅੱਜ ਦੇ ਮੁੱਦੇ ਦੀ ਗੱਲ ਕਰਦਿਆਂ ਠੱਗ ਸ਼ਬਦ ਬਾਰੇ ਵਿਚਾਰ ਕਰਦੇ ਹਾਂ। 'ਠੱਗ' ਸ਼ਬਦ ਦੇ ਮਾਅਨੇ ਦੱਸਣ ਦੀ ਤਾਂ ਲੋੜ ਨਹੀਂ, ਬੱਸ ਇੰਨਾ ਕੁ ਕਹਿ ਸਕਦੇ ਹਾਂ ਕਿ ਇਹ ਹਿੰਦੀ ਪੰਜਾਬੀ ਦਾ ਸ਼ਬਦ ਅੰਗਰੇਜ਼ੀ ਭਾਸ਼ਾ ਨਾਲ 1810 ਦੇ ਕਰੀਬ ਠੱਗੀ ਮਾਰ ਕੇ ਘੁਸਪੈਠ ਕਰ ਗਿਆ ਸੀ ਤੇ 1839 ਆਉਂਦੇ-ਆਉਂਦੇ ਅੰਗਰੇਜ਼ਾਂ ਤੋਂ ਵੀ ਮਾਨਤਾ ਲੈ ਗਿਆ ਸੀ। ਸੋ, ਜਿਵੇਂ ਅੱਜ ਸਾਡੇ ਬਹੁਤ ਸਾਰੇ ਪੰਜਾਬੀ ਵੀਰ ਪੰਜਾਬੀ ਭਾਸ਼ਾ 'ਚ ਅੰਗਰੇਜ਼ੀ ਦੀ ਘੁਸਪੈਠ ਤੋਂ ਦੁਖੀ ਹਨ, ਉਨ੍ਹਾਂ ਦੀ ਜਾਣਕਾਰੀ ਲਈ ਇਹ ਵੀ ਦੱਸ ਦੇਵਾਂ ਕਿ ਤਕਰੀਬਨ ਪੱਚੀ ਸੌ ਦੇ ਕਰੀਬ ਹਿੰਦੀ-ਪੰਜਾਬੀ ਭਾਸ਼ਾ ਦੇ ਸ਼ਬਦ ਅੰਗਰੇਜ਼ੀ ਵਿੱਚ ਆਪਣੀ ਮਾਨਤਾ ਕਰਵਾ ਚੁੱਕੇ ਹਨ। ਇਹ ਇੱਕ ਵੱਖਰਾ ਵਿਸ਼ਾ ਹੈ, ਕਿਸੇ ਹੋਰ ਵਕਤ ਵਿਸਥਾਰ ਕਰਾਂਗੇ। ਹੁਣ 'ਠੱਗ ਜੀ' ਦੇ ਪਿਛੋਕੜ 'ਤੇ ਝਾਤ ਮਾਰਦੇ ਹਾਂ।

ਜਦੋਂ ਤੋਂ ਇਹ ਦੁਨੀਆਂ ਹੋਂਦ 'ਚ ਆਈ ਹੈ ਠੱਗਾਂ ਦਾ ਇਤਿਹਾਸ ਵੀ ਉਨ੍ਹਾਂ ਹੀ ਪੁਰਾਣਾ ਹੈ। ਮੁੱਢ ਕਦੀਮੋਂ ਮਨੁੱਖ ਨੂੰ 'ਈਜ਼ੀ ਮਨੀ' ਬਣਾਉਣਾ ਭਾਉਂਦਾ ਰਿਹਾ ਹੈ। ਸੌਖਾ ਧਨ ਠੱਗੀ ਮਾਰਨ ਤੋਂ ਬਿਨਾਂ ਕਮਾਉਣਾ ਨਾ-ਮੁਮਕਿਨ ਜਿਹਾ ਲੱਗਦਾ ਹੈ। ਇਸ ਲਈ ਭਾਵੇਂ ਮਿਥਿਹਾਸ ਤੇ ਝਾਤ ਮਾਰ ਲਵੋ ਜਾਂ ਇਤਿਹਾਸ 'ਤੇ, ਕੋਈ ਵੀ ਯੁੱਗ ਫਰੋਲ ਲਵੋ, ਠੱਗ ਜੀ ਬੜੀ ਆਸਾਨੀ ਨਾਲ ਨਜ਼ਰੀਂ ਪੈ ਜਾਣਗੇ। ਹਾਂ ! ਇੱਕ ਫ਼ਰਕ ਜ਼ਰੂਰ ਰਿਹਾ, ਉਹ ਇਹ ਕਿ ਸਤਿਯੁੱਗ 'ਚ ਜ਼ਿਆਦਾਤਰ ਠੱਗੀਆਂ ਲੋਕਾਈ ਦੇ ਭਲੇ ਲਈ ਵੱਜਦੀਆਂ ਸਨ ਤੇ ਅੱਜਕੱਲ੍ਹ ਇਹ ਕਾਰਜ ਆਪਣੇ ਭਲੇ ਲਈ ਹੁੰਦਾ ਹੈ। ਪੁਰਾਤਨ ਗ੍ਰੰਥ ਦੱਸਦੇ ਹਨ ਕਿ ਕਿਵੇਂ ਵਾਮਨ ਨੇ ਬੌਣਾ ਬਣ ਕੇ ਅਸੁਰਾਂ ਨਾਲ ਠੱਗੀ ਮਾਰ ਕੇ ਸਾਰੀ ਧਰਤੀ ਢਾਈ ਕਦਮਾਂ 'ਚ ਹੀ ਮਾਪ ਲਈ ਸੀ। ਕ੍ਰਿਸ਼ਨ ਭਗਵਾਨ ਨੇ ਤਾਂ ਗਿਣਤੀ 'ਚ ਨਾ ਆਉਣ ਵਾਲੀਆਂ ਠੱਗੀਆਂ ਮਾਰੀਆਂ। ਯਾਦ ਰਹੇ ਕਿ ਇਹ ਠੱਗੀਆਂ ਮਾਰਨ ਦਾ ਮਕਸਦ ਲੋਕਾਈ ਦਾ ਭਲਾ ਸੀ। ਆਪਾਂ ਹੁਣ ਮਿਥਿਹਾਸ 'ਚ ਨਾ ਉਲਝੀਏ ਕਿਉਂਕਿ ਇਹਨਾਂ ਮਿਥਿਹਾਸਿਕ ਠੱਗੀਆਂ ਤੋਂ ਹਰ ਕੋਈ ਵਾਕਫ਼ ਹੈ। ਗੱਲ ਅੱਗੇ ਤੋਰਦੇ ਹਾਂ।

ਚੋਰੀ, ਡਾਕਾ ਅਤੇ ਠੱਗੀ ਤਿੰਨਾਂ 'ਚ ਕਾਫ਼ੀ ਨੇੜੇ ਦਾ ਰਿਸ਼ਤਾ ਹੈ। ਜੇਕਰ ਇਨ੍ਹਾਂ ਤਿੰਨਾਂ 'ਚੋਂ ਕੋਈ ਇੱਕ ਕਿਸੇ ਨਾਲ ਵਾਪਰ ਜਾਵੇ, ਹਮੇਸ਼ਾ ਉਸਦਾ ਮਾਲੀ ਨੁਕਸਾਨ ਹੁੰਦਾ ਹੈ ਪਰ ਠੱਗੀ ਪਹਿਲੇ ਦੋਵੇਂ ਵਰਤਾਰਿਆਂ ਨਾਲੋਂ ਵੱਖਰੀ ਚੀਜ਼ ਹੈ। ਚੋਰੀ ਹਮੇਸ਼ਾ ਤੁਹਾਡੀ ਪਿੱਠ ਪਿੱਛੇ ਹੁੰਦੀ ਹੈ ਅਤੇ ਡਾਕਾ

ਜ਼ੋਰਾਵਰ ਬੰਦਾ ਹਿੱਕ ਦੇ ਜ਼ੋਰ 'ਤੇ ਮਾਰਦਾ ਹੈ। ਠੱਗੀ ਇੱਕ ਇਹੋ ਜਿਹਾ ਕੌਤਕ ਹੈ, ਜਿਸ ਵਿੱਚ ਠੱਗੀ ਮਾਰਨ ਵਾਲੇ ਦੇ ਨਾਲ-ਨਾਲ ਠੱਗੀ ਖਾਣ ਵਾਲਾ ਵੀ ਬਰਾਬਰ ਦਾ ਭਾਈਵਾਲ ਹੁੰਦਾ ਹੈ।

ਕਿਉਂਕਿ ਠੱਗ ਜਦੋਂ ਕਿਸੇ ਨਾਲ ਠੱਗੀ ਮਾਰਦਾ ਹੈ ਤਾਂ ਉਹ ਮੂਹਰਲੇ ਦੀ ਸਹਿਮਤੀ ਨਾਲ ਹੀ ਮਾਰਦਾ ਹੈ। ਬੱਸ ! ਫ਼ਰਕ ਏਨਾ ਕੁ ਹੁੰਦਾ ਹੈ ਕਿ ਠੱਗਿਆ ਜਾਣ ਵਾਲਾ ਇਨਸਾਨ ਥੋੜ੍ਹੀ ਦੇਰ ਬਾਅਦ 'ਠੱਗਿਆ- ਠੱਗਿਆ' ਜਿਹਾ ਮਹਿਸੂਸ ਕਰਦਾ ਹੈ। ਹੁਣ ਗੱਲ ਆਉਂਦੀ ਹੈ ਕਿ ਠੱਗਿਆ ਜਾਣ ਵਾਲਾ ਠੱਗ ਨਾਲ ਸਹਿਮਤ ਕਿਉਂ ਹੋ ਜਾਂਦਾ ਹੈ ! ਤਾਂ ਇਸ ਪਿੱਛੇ ਕੋਈ ਬਾਹਲ਼ੇ ਕਾਰਨ ਨਜ਼ਰ ਨਹੀਂ ਆਉਂਦੇ। ਇਸ ਪਿੱਛੇ ਤਾਂ ਸਿਰਫ਼ ਤੇ ਸਿਰਫ਼ ਲਾਲਚ ਜਾਂ ਵਿਸ਼ਵਾਸਘਾਤ ਹੀ ਦਿਖਾਈ ਦਿੰਦਾ ਹੈ। ਕਹਿੰਦੇ ਹਨ ਕਿ ਜਿੱਥੇ ਲਾਲਚ ਆ ਜਾਏ ਉੱਥੇ ਅਕਲ ਨਹੀਂ ਖੜ੍ਹਦੀ ਅਤੇ ਜਦੋਂ ਅਕਲ ਨਿਕਲ ਜਾਵੇ ਉਦੋਂ ਠੱਗੀ ਵੱਜਣੀ ਸੁਭਾਵਿਕ ਹੀ ਹੈ ।

ਹੁਣ ਗੱਲ ਆਉਂਦੀ ਹੈ ਜ਼ਮਾਨੇ ਦੇ ਨਾਲ ਨਾਲ ਠੱਗੀਆਂ 'ਚ ਵੀ ਆਏ ਬਦਲਾਅ ਦੀ। ਜਦੋਂ ਯੁੱਗ ਊਠਾਂ ਤੇ ਗੱਡਿਆਂ ਦਾ ਸੀ, ਉਦੋਂ ਠੱਗੀਆਂ ਵੀ ਉਸੇ ਤਰ੍ਹਾਂ ਦੀਆਂ ਸੀ। ਹੁਣ ਜਦੋਂ ਯੁੱਗ ਲਗਜ਼ਰੀ ਹੋ ਗਿਆ ਹੈ ਤਾਂ ਠੱਗੀਆਂ ਵੀ ਲਗਜ਼ਰੀ ਹੋ ਗਈਆਂ ਹਨ। ਪਰ ਇੱਕ ਹੋਰ ਗੱਲ ਜ਼ਿਕਰਯੋਗ ਹੈ ਕਿ ਇੱਕ ਵਾਰ ਜਦੋਂ ਕਿਸੇ ਨਾਲ ਠੱਗੀ ਹੋ ਜਾਂਦੀ ਹੈ ਤਾਂ ਉਹ ਗੱਲ ਜੱਗ ਜ਼ਾਹਿਰ ਹੋ ਜਾਂਦੀ ਹੈ। ਪਰ ਫੇਰ ਵੀ ਠੱਗ ਜੀ ਦਾ ਸ਼ਾਤਰਪੁਣਾ ਦੇਖੋ ! ਉਹ ਉਹੀ ਠੱਗੀ ਵਾਰ-ਵਾਰ ਮਾਰਦਾ ਹੈ ਤੇ ਕਾਮਯਾਬ ਵੀ ਹੁੰਦਾ ਹੈ। ਕਾਰਣ ਇਹੀ ਹੈ ਕਿ ਠੱਗ ਜੀ ਮੂਹਰਲੇ ਨੂੰ ਲਾਲਚ ਨਾਲ ਅੰਨ੍ਹਾ ਕਰ ਦਿੰਦਾ ਹੈ, ਜਿਸ ਨਾਲ ਮੂਹਰਲਾ ਆਪਣੇ ਹੀ ਕਿਸੇ ਸਕੇ-ਸਨੇਹੀ ਨਾਲ ਹੋਈ ਠੱਗੀ ਨੂੰ ਭੁੱਲ ਕੇ ਠੱਗ ਜੀ ਦੇ ਜਾਲ 'ਚ ਆ ਜਾਂਦਾ ਹੈ ।

ਆਓ ! ਹੁਣ ਕੁਝ ਕਿੱਸੇ ਤੇ ਕੁਝ ਨੇੜੇ ਤੋਂ ਦੇਖੀਆਂ ਠੱਗੀਆਂ ਸਾਂਝੀਆਂ ਕਰਦੇ ਹਾਂ। ਪਹਿਲਾਂ ਤਾਂ ਜਗਤ ਪ੍ਰਸਿੱਧ ਮੁੱਲਾਂ ਨਸੀਰੁਦੀਨ ਦਾ ਇੱਕ ਕਿੱਸਾ ਸੁਣੋ; ਕਹਿੰਦੇ ਨੇ ਕਿ ਇੱਕ ਬਾਰ ਮੁੱਲਾਂ ਤੁਰਦਾ ਫਿਰਦਾ ਕਿਸੇ ਪਿੰਡ 'ਚ ਜਾ ਕੇ ਰਹਿਣ ਲੱਗਿਆ। ਹੌਲੀ-ਹੌਲੀ ਆਂਢ-ਗੁਆਂਢ ਨਾਲ ਘੁਲ-ਮਿਲ ਗਿਆ ਅਤੇ ਉਸ ਨੇ ਗੁਆਂਢ 'ਚ ਰਹਿੰਦੇ ਇੱਕ ਕੰਜੂਸ ਅਮੀਰ ਨਾਲ ਵਾਸਤਾ ਪਾ ਲਿਆ। ਇੱਕ ਦਿਨ ਸ਼ਾਮ ਨੂੰ ਮੁੱਲਾਂ ਉਸ ਦੇ ਘਰ ਗਿਆ ਤੇ ਉਸ ਤੋਂ ਇੱਕ ਰਾਤ ਲਈ ਇੱਕ ਥਾਲ਼ੀ ਮੰਗੀ ਕਿ ਮੇਰੇ ਘਰ ਕੋਈ ਪ੍ਰਾਹੁਣਾ ਆਇਆ ਹੈ। ਕੰਜੂਸ ਚਾਹੁੰਦਾ ਹੋਇਆ ਵੀ ਨਾਂਹ ਨਾ ਕਰ ਸਕਿਆ ਤੇ ਉਸ ਨੂੰ ਥਾਲ਼ੀ ਦੇ ਦਿੱਤੀ। ਦੂਜੇ ਦਿਨ ਤੜਕਸਾਰ ਮੁੱਲਾਂ ਨੇ ਗੁਆਂਢੀ ਦਾ ਦਰਵਾਜਾ ਜਾ ਖੜਕਾਇਆ ਅਤੇ ਉਸ ਨੂੰ ਥਾਲ਼ੀ ਦੇ ਨਾਲ-ਨਾਲ ਇੱਕ ਕੌਲੀ ਵੀ ਵਾਪਸ ਕਰ ਦਿੱਤੀ। ਇਸ ਤੇ ਕੰਜੂਸ ਹੈਰਾਨ ਹੁੰਦਾ ਹੋਇਆ ਬੋਲਿਆ;

"ਇਹ ਕੀ ? ਤੂੰ ਤਾਂ ਥਾਲ਼ੀ ਹੀ ਮੰਗ ਕੇ ਲੈ ਗਿਆ ਸੀ ਪਰ ਇਹ ਕੌਲੀ ਨਾਲ ਕਿਉਂ ਦੇ ਰਿਹਾਂ ?"

"ਸੇਠ ਜੀ ! ਰਾਤ ਤੁਹਾਡੀ ਥਾਲ਼ੀ ਸੂ ਪਈ ਤੇ ਇਸ ਨੇ ਇਹ ਕੌਲੀ ਜੰਮ ਦਿੱਤੀ। ਜਦੋਂ ਤੁਹਾਡੀ ਥਾਲ਼ੀ ਨੇ ਕੌਲੀ ਨੂੰ ਜਨਮ ਦਿੱਤਾ ਤਾਂ ਇਹ ਕੌਲੀ ਤੁਹਾਡੀ ਹੀ ਅਮਾਨਤ ਹੋਈ ਨਾ।" ਮੁੱਲਾਂ ਦਾ ਜੁਆਬ ਸੀ ।

ਕੰਜੂਸ ਹੈਰਾਨ ਵੀ ਸੀ ਤੇ ਖ਼ੁਸ਼ ਵੀ ਸੀ। ਬੱਸ ਫੇਰ ਕੀ ਸੀ ਹਰ ਰੋਜ਼ ਇਹ ਸਿਲਸਿਲਾ ਸ਼ੁਰੂ ਹੋ

ਗਿਆ। ਕਦੇ ਮੁੱਲਾਂ ਤੌੜਾ ਲੈ ਜਾਵੇ ਤੇ ਦੂਜੇ ਦਿਨ ਤੜਕਸਾਰ ਇਕ ਕੁੱਜਾ ਹੋਰ ਮੋੜ ਜਾਵੇ, ਕਦੇ ਮੰਜਾ ਲੈ ਜਾਵੇ ਤੇ ਨਾਲ ਪੀਹੜੀ ਦੇ ਜਾਵੇ।

ਕੰਜੂਸ ਨੇ ਸੋਚਿਆ ਕਿ ਆਹ ਤਾਂ ਬੜਾ ਲੋਟ ਆਇਆ। ਇੱਕ ਦਿਨ ਮੁੱਲਾਂ ਕੰਜੂਸ ਨੂੰ ਕਹਿੰਦਾ ਕਿ ਮੇਰੇ ਘਰ ਬਹੁਤ ਸਾਰੇ ਪ੍ਰਾਹੁਣੇ ਆ ਰਹੇ ਹਨ ਜੇ ਤੁਸੀਂ ਮੈਨੂੰ ਆਪਣੇ ਘਰ ਦਾ ਸਾਰਾ ਸਮਾਨ ਦੇ ਦੇਵੋ ਤਾਂ ਮੇਰੀ ਟੌਹਰ ਜਿਹੀ ਬਣ ਜਾਵੇ। ਕੰਜੂਸ ਝੱਟ ਰਾਜ਼ੀ ਹੋ ਗਿਆ ਤੇ ਸਾਰਾ ਸਮਾਨ ਦੇ ਕੇ ਦਿਨ ਚੜ੍ਹਨ ਦੀ ਉਡੀਕ ਕਰਨ ਲੱਗਿਆ। ਜਦੋਂ ਦਿਨ ਚੜ੍ਹੇ ਰੋਜ਼ ਵਾਂਗ ਮੁੱਲਾਂ ਨਾ ਆਇਆ ਤਾਂ ਕੰਜੂਸ ਹੌਸਲਾ ਜਿਹਾ ਕਰ ਕੇ ਉਸ ਦੇ ਘਰ ਗਿਆ ਤਾਂ ਦੇਖਿਆ ਕਿ ਮੁੱਲਾਂ ਸੱਥਰ ਵਿਛਾਈ ਬੈਠਾ ਤੇ ਰੋਈ ਜਾਵੇ। ਕੰਜੂਸ ਹੈਰਾਨ ਹੋ ਕੇ ਕਹਿੰਦਾ, ''ਮੁੱਲਾਂ ਜੀ ਕੀ ਹੋ ਗਿਆ ?''

''ਅਨਰਥ ਹੋ ਗਿਆ ਸੇਠ ਜੀ, ਮੈਂ ਤੁਹਾਨੂੰ ਮੂੰਹ ਦਿਖਾਉਣ ਜੋਗਾ ਨਹੀਂ ਰਿਹਾ।'' ਮੁੱਲਾਂ ਅੱਖਾਂ ਪੂੰਝਦਾ ਬੋਲਿਆ।

''ਕਿਉਂ ?''

''ਰਾਤ ਜਿਹੜਾ ਸਮਾਨ ਮੈਂ ਤੁਹਾਡੇ ਘਰੋਂ ਲਿਆਇਆ ਸੀ ਉਹ ਸਾਰੇ ਦਾ ਸਾਰਾ ਮਰ ਗਿਆ।'' ਨੱਕ ਸਿਣਕਦੇ ਮੁੱਲਾਂ ਦਾ ਜੁਆਬ ਸੀ।

''ਤੂੰ ਝੂਠ ਬੋਲਦੈਂ, ਕਦੇ ਸਮਾਨ ਵੀ ਮਰਿਆ? ਮੈਂ ਹੁਣੇ ਪੰਚਾਇਤ ਕਰਦਾ ਤੇਰੇ ਖ਼ਿਲਾਫ਼।''

ਪੰਚਾਇਤ ਬੈਠ ਗਈ ਤੇ ਉਨ੍ਹਾਂ ਜਦੋਂ ਮੁੱਲਾਂ ਨੂੰ ਪੁੱਛਿਆ ਤਾਂ ਉਹ ਕਹਿੰਦਾ, ''ਹਜ਼ੂਰ, ਜਦੋਂ ਥਾਲ-ਕੌਲੀ, ਤੌੜਾ-ਕੁੱਜਾ ਅਤੇ ਮੰਜਾ-ਪੀਹੜੀ ਜੰਮ ਸਕਦਾ ਤਾਂ ਉਹ ਮਰ ਕਿਉਂ ਨਹੀਂ ਸਕਦੇ ?''

ਇਸ ਕਿੱਸੇ ਦਾ ਸੁਨੇਹਾ ਦੱਸਣ ਦੀ ਲੋੜ ਨਹੀਂ ਤੁਸੀਂ ਆਪ ਸਮਝਦਾਰ ਹੋ।

ਅਗਲੀ ਠੱਗੀ ਸੁਣ ਲਵੋ; ਕਾਫ਼ੀ ਪੁਰਾਣੀ ਗੱਲ ਹੈ ਕਿ ਸਾਡੀ ਮੰਡੀ ਕਾਲਾਂਵਾਲੀ 'ਚ ਇਕ ਸਪੇਅਰ ਪਾਰਟਸ ਦੀ ਦੁਕਾਨ ਕਰਦਾ ਸੇਠ ਆਪਣੀ ਦੁਕਾਨ ਦਾ ਸਮਾਨ ਲੈਣ ਦਿੱਲੀ ਜਾਂਦਾ ਹੁੰਦਾ ਸੀ। ਉਸ ਦੇ ਦੱਸਣ ਮੁਤਾਬਿਕ, ਇਕ ਵਾਰ ਉਹ ਦਸ ਹਜ਼ਾਰ ਜੇਬ 'ਚ ਪਾ ਕੇ ਜਦੋਂ ਦਿੱਲੀ ਇੱਕ ਸੜਕ 'ਤੇ ਤੁਰਿਆ ਜਾਂਦਾ ਸੀ ਤਾਂ ਉਸ ਦੀ ਨਿਗ੍ਹਾ ਅਚਾਨਕ ਇੱਕ ਸੋਨੇ ਦੇ ਬਿਸਕੁਟ 'ਤੇ ਪਈ। ਜਦ ਉਹ ਛੇਤੀ ਨਾਲ ਉਸ ਨੂੰ ਚੁੱਕਣ ਲੱਗਿਆ ਤਾਂ ਇੱਕ ਹੋਰ ਹੱਥ ਉਸ ਦੇ ਬਰਾਬਰ ਉਸ ਬਿਸਕੁਟ ਨੂੰ ਆ ਝਪਟਿਆ। ਉਸ ਨੇ ਦੇਖਿਆ ਕਿ ਇੱਕ ਹੋਰ ਅਣਜਾਣ ਉਸ ਬਿਸਕੁਟ ਨੂੰ ਪਹਿਲਾਂ ਦੇਖਣ ਦਾ ਦਾਅਵਾ ਕਰ ਰਿਹਾ ਸੀ। ਨਾਲੇ ਧਮਕੀ ਦੇ ਰਿਹਾ ਸੀ ਕਿ ਜਾਂ ਤਾਂ ਮੈਨੂੰ ਅੱਧਾ ਬਿਸਕੁਟ ਦੇ ਦਿਓ ਨਹੀਂ ਮੈਂ ਪੁਲਿਸ ਨੂੰ ਦੱਸ ਦੇਵਾਂਗਾ। ਇਸ ਤੇ ਸੇਠ ਨੇ ਸੋਚਿਆ ਕਿ ਕਿਉਂ ਨਾ 'ਸਾਰਾ ਜਾਂਦਾ ਦੇਖੀਏ, ਅੱਧਾ ਦੇਈਏ ਵੰਡ' ਵਾਲਾ ਫ਼ਾਰਮੂਲਾ ਅਪਣਾ ਲਿਆ ਜਾਵੇ ਤੇ ਉਹ ਵੰਡਣ ਲਈ ਰਾਜ਼ੀ ਹੋ ਗਿਆ। ਉਨ੍ਹਾਂ ਦੋਹਾਂ ਨੇ ਉਥੇ ਹੀ ਕਿਸੇ ਖੂੰਜੇ 'ਚ ਖੜ੍ਹ ਕੇ ਉਸ ਸੋਨੇ ਦੇ ਬਿਸਕੁਟ ਨੂੰ ਵਿਚਾਲਿਓਂ ਤੋੜਨ ਦਾ ਯਤਨ ਕੀਤਾ ਪਰ ਕਾਮਯਾਬ ਨਾ ਹੋਏ। ਇਸ ਕੰਮ ਲਈ ਉਹ ਕਿਸੇ ਦੀ ਮਦਦ ਲੈਣੀ ਨਹੀਂ ਸਨ ਚਾਹੁੰਦੇ। ਅਖੀਰ 'ਚ ਇਹੀ ਫ਼ੈਸਲਾ ਹੋਇਆ ਕਿ ਬਿਸਕੁਟ ਦੀ ਅੰਦਾਜ਼ਨ ਕੀਮਤ ਤੀਹ ਹਜ਼ਾਰ ਦੇ ਕਰੀਬ ਹੋਣੀ ਹੈ ਤੇ ਜਿਹੜਾ ਬੰਦਾ ਇਸ ਨੂੰ ਰੱਖੇਗਾ, ਉਹ ਦੂਜੇ ਨੂੰ ਪੰਦਰ੍ਹਾਂ ਹਜ਼ਾਰ ਰੁਪਈਆ ਦੇ ਦੇਵੇਗਾ। ਦੂਜਾ ਸ਼ਖ਼ਸ ਕਹਿੰਦਾ ਕਿ ਮੈਂ ਤਾਂ ਗ਼ਰੀਬ ਬੰਦਾ ਮੈਂ ਇਸ ਦਾ ਕੀ ਕਰਾਂਗਾ? ਤੂੰ ਸੇਠ ਬੰਦਾ ਤੂੰ ਰੱਖ ਲੈ ਤੇ ਮੈਨੂੰ ਭਾਵੇਂ ਹਜ਼ਾਰ ਘੱਟ ਦੇ

ਦਿਓ। ਇਸ 'ਤੇ ਸੇਠ ਨੂੰ ਲਾਲਚ ਆ ਗਿਆ ਤੇ ਉਹ ਕਹਿੰਦਾ, "ਮੇਰੇ ਕੋਲ ਤਾਂ ਦਸ ਹਜ਼ਾਰ ਹੀ ਹਨ ਜਾਂ ਫੇਰ ਤੁਸੀਂ ਮੈਨੂੰ ਦਸ ਹਜ਼ਾਰ ਦੇ ਦਿਓ।" ਸੇਠ ਸਮਝ ਗਿਆ ਸੀ ਕਿ ਇਸ ਕੋਲ ਪੈਸੇ ਨਹੀਂ ਹਨ ਤੇ ਇਹ ਸਸਤਾ ਮੰਨ ਜਾਊ। ਸੇਠ ਕਾਮਯਾਬ ਹੋ ਗਿਆ ਇਸ ਸੌਦੇ 'ਚ ਤੇ ਆਪਣੇ ਗੀਝੇ ਦਾ ਦਸ ਹਜ਼ਾਰ ਉਸ ਪਿੱਤਲ ਦੇ ਬਿਸਕੁਟ ਬਦਲੇ ਦੇ ਕੇ ਬਾਗੋ-ਬਾਗ਼ ਹੋ ਕੇ ਘਰ ਵਾਪਸ ਆ ਗਿਆ।

ਚਲੋ ! ਪੁਰਾਣੀਆਂ ਗੱਲਾਂ ਨੂੰ ਛੱਡੀਏ ਤੇ ਠੱਗੀਆਂ 'ਚ ਆਈ ਆਧੁਨਿਕਤਾ ਦੀ ਗੱਲ ਕਰਦੇ ਹਾਂ।

ਇੰਟਰਨੈੱਟ ਦੇ ਜ਼ਮਾਨੇ 'ਚ ਹਰ ਚੀਜ਼ ਦਾ ਦਾਇਰਾ ਵਿਸ਼ਾਲ ਹੋਇਆ ਹੈ, ਸੋ ਠੱਗਾਂ ਦਾ ਵੀ ਹੋਣਾ ਸੁਭਾਵਿਕ ਸੀ। ਅੱਗੇ ਸਾਹਮਣੇ-ਸਾਹਮਣੀ ਠੱਗੀ ਵੱਜਦੀ ਸੀ ਪਰ ਅੱਜਕੱਲ੍ਹ ਤਾਂ ਠੱਗਿਆ ਜਾਣ ਵਾਲਾ ਬੰਦਾ ਠੱਗ ਨੂੰ ਦੇਖਣ ਤੋਂ ਵੀ ਵੰਚਿਤ ਰਹਿ ਜਾਂਦਾ ਹੈ। ਹੁਣ ਜਦੋਂ ਤੜਕੇ ਉੱਠਣ ਸਾਰ ਈਮੇਲ ਚੈੱਕ ਕਰੀਦੀ ਹੈ ਤਾਂ ਕਰੋੜਪਤੀ ਹੋਏ ਪਏ ਹੁੰਦੇ ਹਾਂ। ਸ਼ਾਇਦ ਹੀ ਕੋਈ ਇਹੋ ਜਿਹਾ ਦਿਨ ਹੋਵੇ ਜਦੋਂ ਦੋ ਚਾਰ ਇਹੋ ਜਿਹੀਆਂ ਈ-ਮੇਲਾਂ ਨਾ ਆਈਆਂ ਹੋਣ, ਜਿਸ 'ਚ ਮਿਲੀਅਨ ਡਾਲਰਾਂ ਜਾਂ ਪੌਂਡਾਂ ਦੀ ਲਾਟਰੀ ਨਿਕਲਣ ਦੀ ਖ਼ੁਸ਼ਖ਼ਬਰੀ ਨਾ ਆਈ ਹੋਵੇ। ਆਮ ਤੌਰ ਤੇ ਇਸ ਵਿੱਚ ਲਿਖਿਆ ਹੁੰਦਾ ਹੈ ਕਿ ਤੁਸੀਂ ਕਿਸਮਤ ਵਾਲੇ ਹੋ, ਤੁਹਾਡੀ ਈਮੇਲ ਆਈ.ਡੀ. ਕਰੋੜਾਂ ਆਈ. ਡੀਆਂ. ਵਿੱਚੋਂ ਚੁਣੀ ਗਈ ਹੈ। ਜਾਂ ਫੇਰ ਕੋਈ ਜਜ਼ਬਾਤੀ ਕਹਾਣੀ ਲਿਖੀ ਹੁੰਦੀ ਹੈ ਕਿ ਮੈਂ ਵੀਹ ਸਾਲਾ ਨੌਜਵਾਨ ਕੁੜੀ ਹਾਂ ਤੇ ਮੇਰੇ ਮਾਂ-ਬਾਪ ਫਲਾਂ ਜਹਾਜ਼ ਹਾਦਸੇ 'ਚ ਮਰ ਗਏ ਸਨ ਤੇ ਮੇਰੇ ਲਈ ਬਹੁਤ ਸਾਰਾ ਪੈਸਾ ਛੱਡ ਗਏ ਹਨ। ਜਦੋਂ ਮੈਂ ਤੁਹਾਡੀ ਪ੍ਰੋਫਾਈਲ ਦੇਖੀ ਤਾਂ ਮੈਨੂੰ ਲੱਗਿਆ ਕਿ ਦੁਨੀਆਂ 'ਚ ਤੁਸੀਂ ਹੀ ਉਹ ਸਹੀ ਇਨਸਾਨ ਹੋ ਜੋ ਮੇਰੀ ਮਦਦ ਕਰ ਸਕਦੇ ਹੋ। ਸੋ, ਮੈਂ ਇੱਕ ਧਨ ਦੌਲਤ ਦਾ ਬਕਸਾ ਤੁਹਾਨੂੰ ਭੇਜ ਦਿੰਦੀ ਹਾਂ, ਬਾਕੀ ਧਨ ਨਾਲ ਮੈਂ ਬਾਅਦ 'ਚ ਤੁਹਾਡੇ ਕੋਲ ਆ ਜਾਵਾਂਗੀ। ਈਮੇਲ ਪੜ੍ਹਨ ਸਾਰ ਮੇਰੇ ਵਰਗੇ ਦੇ ਮਨ 'ਚ ਲੱਡੂ ਭੁਰਨ ਲੱਗ ਜਾਂਦੇ ਹਨ ਕਿ ਜਵਾਨ ਕੁੜੀ ਤੇ ਉਹ ਵੀ ਮਾਇਆ ਨਾਲ ! ਕਿਸਮਤ 'ਤੇ ਯਕੀਨ ਨਹੀਂ ਆਉਂਦਾ। ਵੀਹ ਕੁ ਵਰ੍ਹੇ ਪਹਿਲਾਂ ਵਿਆਹ ਕੇ ਲਿਆਂਦੀ ਘਰਵਾਲੀ ਵੀ ਸੌਕਣ ਰੱਖਣ ਲਈ ਰਾਜ਼ੀ ਹੋ ਜਾਂਦੀ ਹੈ।

ਅੱਜਕੱਲ੍ਹ ਠੱਗੀ ਵੀ ਇੱਕ ਬਹੁਤ ਵੱਡਾ ਵਪਾਰ ਬਣ ਗਿਆ ਹੈ ਤੇ ਜਿਵੇਂ ਇੱਕ ਵੱਡੇ ਵਪਾਰ ਲਈ ਕਾਫ਼ੀ ਵੱਡਾ ਤਾਣਾ-ਬਾਣਾ ਬੁਣਨਾ ਪੈਂਦਾ ਹੈ, ਓਵੇਂ ਹੀ ਅੱਜਕੱਲ੍ਹ ਠੱਗੀ ਵੀ ਟੀਮ ਵਰਕ ਨਾਲ ਕੀਤੀ ਜਾਂਦੀ ਹੈ। ਪਿੱਛੇ ਜਿਹੇ ਇੱਕ ਠੱਗੀ ਸਾਡੇ ਬੇਰੁਜ਼ਗਾਰਾਂ ਭਰਾਵਾਂ ਨਾਲ ਹੋਈ ਸੀ। ਹੋਇਆ ਕੀ ਕਿ ਅਕਸਰ ਹੀ ਸਾਡੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਕਰੀ ਦੀ ਭਾਲ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਠੱਗ ਉਨ੍ਹਾਂ ਤੱਕ ਅਖ਼ਬਾਰਾਂ ਰਾਹੀਂ ਸੰਪਰਕ ਪੈਦਾ ਕਰਦੇ ਹਨ। ਚਾਰ ਕੁ ਸਾਲ ਪਹਿਲਾਂ ਕੁਝ ਅਜਿਹਾ ਹੀ ਵਾਪਰਿਆ। ਪੰਜਾਬ ਦੇ ਇੱਕ ਮਸ਼ਹੂਰ ਅਖ਼ਬਾਰ 'ਚ ਇਕ ਇਸ਼ਤਿਹਾਰ ਛਪਿਆ ਕਿ ਡਿਗਰੀ ਹੋਲਡਰ ਕਮਾਓ ਪੱਚੀ ਹਜ਼ਾਰ ਮਹੀਨਾ, ਡਿਪਲੋਮਾ ਪਾਸ ਵੀਹ ਹਜ਼ਾਰ, ਬਾਰ੍ਹਵੀਂ ਪਾਸ ਪੰਦਰਾਂ ਹਜ਼ਾਰ, ਦਸਵੀਂ ਪਾਸ ਦਸ ਹਜ਼ਾਰ, ਅੱਠਵੀਂ ਪਾਸ ਅੱਠ ਹਜ਼ਾਰ ਅਤੇ ਇਸ ਤੋਂ ਵੀ ਘੱਟ ਪੜ੍ਹੇ ਕਮਾਓ ਛੇ ਹਜ਼ਾਰ ਰੁਪਈਆ ਪ੍ਰਤੀ ਮਹੀਨਾ। ਅਪਲਾਈ ਕਰਨ ਲਈ ਉਨ੍ਹਾਂ ਬੜੀ ਇਮਾਨਦਾਰੀ ਨਾਲ ਸਿਰਫ਼ ਸੌ ਰੁਪਈਆਂ ਦਾ ਡਿਮਾਂਡ ਡਰਾਫ਼ਟ ਮੰਗਿਆ ਸੀ। ਹੈੱਡ ਆਫ਼ਿਸ ਦਾ ਪਤਾ ਚੰਡੀਗੜ੍ਹ ਦੇ ਸਤਾਰ੍ਹਾਂ ਸੈਕਟਰ ਦਾ ਦਿੱਤਾ ਹੋਇਆ ਸੀ। ਸਾਡੇ ਬੇਰੁਜ਼ਗਾਰ ਵੀਰਾਂ ਨੇ ਆਓ ਦੇਖਿਆ ਨਾ ਤਾਓ ਬੱਸ ਚੱਕ 'ਤੇ

ਫੱਟੇ। ਇੱਕ ਮਹੀਨੇ ਦੀ ਆਖ਼ਰੀ ਤਾਰੀਖ਼ ਰੱਖੀ ਹੋਈ ਸੀ। ਬੱਸ ਉਦੋਂ ਤੱਕ ਸੌ-ਸੌ ਕਰ ਕੇ ਕਰੋੜਾਂ ਰੁਪਈਏ ਭੇਜ ਦਿੱਤੇ। ਇੱਕ ਦੋ ਮਹੀਨੇ ਹਰ ਇੱਕ ਨੇ ਜਵਾਬ ਉਡੀਕਿਆ ਪਰ ਜਦੋਂ ਨਾ ਆਇਆ ਤਾਂ ਕਿਸੇ ਵੀ ਮੇਰੇ ਵੀਰ-ਭੈਣ ਨੇ ਜਵਾਬ ਮੰਗਣ ਦੀ ਖੇਚਲ ਨਹੀਂ ਕੀਤੀ, ਕਿਉਂਕਿ ਉਸ ਸੌ ਰੁਪਈਏ ਲਈ ਪੰਜ-ਚਾਰ ਸੌ ਲਾ ਕੇ ਚੰਡੀਗੜ੍ਹ ਜਾਣਾ ਕੋਈ ਸਿਆਣਪ ਦਾ ਕੰਮ ਨਹੀਂ ਸੀ। ਪਰ  ਠੱਗ ਜੀ ਦੀ ਦੂਰ ਅੰਦੇਸ਼ੀ ਦੇਖੋ ਕਿ ਕਿੰਨੀ ਆਸਾਨੀ ਨਾਲ ਕਰੋੜਾਂ ਲੈ ਕੇ ਫੁਰਰ ਹੋ ਗਏ, ਪੜ੍ਹੇ ਲਿਖੇ ਤੋਂ ਲੈ ਕੇ ਅਨਪੜ੍ਹ ਤੱਕ ਸਾਰਿਆਂ ਦੇ ਲਾਲਚ ਦਾ ਟੀਕਾ ਲਾ ਕੇ। ਹੁਣ ਇੱਕ ਅੱਜਕੱਲ੍ਹ ਦੇ ਜਾਣੀਜਾਣ ਬਾਬਿਆਂ ਦੀ ਸੁਣ ਲਵੋ। ਬਹੁਤ ਸਾਰੇ ਤਾਂ ਇਸ ਕਾਂਡ ਤੋਂ ਵਾਕ਼ਫ ਹੋਣਗੇ ਪਰ ਬਾਕੀਆਂ ਲਈ ਪੇਸ਼ ਹੈ । ਇਹ ਇੱਕ ਸੱਚੀ ਘਟਨਾ ਹੈ, ਬੱਸ ਇੱਕ ਦੂਜੇ ਮੂੰਹ ਤੋਂ ਹੁੰਦੀ ਹੋਣ ਕਰਕੇ ਇਸ ਨੂੰ ਥੋੜ੍ਹਾ ਜਿਹਾ
ਕਹਾਣੀ ਦਾ ਰੂਪ ਮਿਲ ਗਿਆ। ਪਰ ਜਿਨ੍ਹਾਂ ਲੋਕਾਂ ਨੇ ਉਸ ਵਕਤ ਦੇ ਅਖ਼ਬਾਰ ਪੜ੍ਹੇ ਹਨ ਉਹ ਇਸ ਘਟਨਾ ਤੋਂ ਚੰਗੀ ਤਰ੍ਹਾਂ ਜਾਣੂ ਹਨ।

ਹੋਇਆ ਇਹ ਕਿ ਇਕ ਡੇਰੇਦਾਰ ਬਾਬੇ ਦੀ ਦੁਕਾਨਦਾਰੀ ਬਹੁਤ ਵਧੀਆ ਚੱਲ ਪਈ ਤੇ ਸ਼ਰਧਾਲੂ ਇੱਕ ਦੂਜੇ ਤੋਂ ਮੂਹਰੇ ਹੋ ਕੇ ਸੇਵਾ ਕਰਨ ਲੱਗੇ। ਹ਼ਫਤੇ-ਹ਼ਫਤੇ ਤੋਂ ਦੀਵਾਨ ਸਜਨ ਲੱਗੇ। ਇਹ ਸਾਰੀ ਮਹਿਮਾ ਦੀ ਭਿਣਕ ਠੱਗ ਜੀ ਕੋਲ ਵੀ ਪਹੁੰਚ ਗਈ। ਲਓ ਜੀ ਠੱਗ ਜੀ ਹਰ ਦੀਵਾਨ 'ਚ ਹਾਜ਼ਰੀ ਭਰਨ ਲੱਗਿਆ ਤੇ ਚੁੱਪ ਕਰ ਕੇ ਇੱਕ ਖੂੰਜੇ 'ਚ ਅੱਖਾਂ ਮੀਚ ਕੇ ਬਹਿ ਜਾਇਆ ਕਰੇ ਤੇ ਸਭ ਤੋਂ ਮਗਰੋਂ ਉਥੋਂ ਜਾਇਆ ਕਰੇ। ਪੰਜ-ਸੱਤ ਚੌਂਕੀਆਂ ਭਰੀਆਂ ਤਾਂ ਇੱਕ ਦਿਨ ਜਾਣੀਜਾਣ ਬਾਬਾ ਜੀ ਨੇ ਉਸ ਸੇਵਕ ਨੂੰ ਆਪਣੇ ਕੋਲ ਬੁਲਾ ਲਿਆ ਤੇ ਪੁੱਛਿਆ;

''ਭਾਈ ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ ?''

''ਜੀ ਰਹਿੰਦਾ ਤਾਂ ਮੈਂ ਬਾਹਰਲੇ ਮੁਲਕ ਹਾਂ ਪਰ ਵਪਾਰ 'ਚ ਘਾਟਾ ਪੈ ਗਿਆ। ਸੋ ਹੁਣ ਤਾਂ ਨਾ ਘਰ ਦਾ ਨਾ ਘਾਟ ਦਾ ਜਿਹਾ ਹੋਇਆ ਪਿਆ ਹਾਂ, ਮਿਹਰ ਕਰੋ ਬਾਬਾ ਜੀ।''

ਬਾਬਾ ਜੀ ਨੂੰ ਸੇਵਕ ਦੇ ਪੱਲੇ ਤਾਂ ਕੁਝ ਦਿਸਿਆ ਨਹੀਂ ਬੱਸ ਲੋਕ ਲੱਜੋਂ ਕਹਿ ਦਿੱਤਾ, ''ਭਗਤਾ ਅੱਜ ਤੋਂ ਸਭ ਠੀਕ ਹੋ ਜਾਊ ਸਾਡਾ ਅਸ਼ੀਰਵਾਦ ਹੈ।''

ਉਸ ਦਿਨ ਤੋਂ ਬਾਅਦ ਕਦੇ ਉਹ ਭਗਤ ਡੇਰੇ ਨਾ ਆਇਆ। ਤਿੰਨ ਕੁ ਮਹੀਨਿਆਂ ਬਾਅਦ ਭਗਤ ਕਾਲੇ ਰੰਗ ਦੀ ਵੱਡੀ ਕਾਰ ਤੇ ਢੇਰਾਂ ਸਾਰੇ ਤੋਹ਼ਫੇ ਲੈ ਕੇ ਬਾਬਾ ਜੀ ਦੇ ਚਰਨੀਂ ਢੈਅ ਪਿਆ। ਸ਼ਰਧਾਲੂਆਂ ਦਾ ਇਕੱਠ ਹੋ ਗਿਆ। ਵਿਦੇਸ਼ੀ ਸੇਵਕ ਕਹਿੰਦਾ, ''ਬਾਬਾ ਜੀ ਤੁਹਾਡੇ ਅਸ਼ੀਰਵਾਦ ਨਾਲ ਲਹਿਰਾਂ-ਬਹਿਰਾਂ ਹੋ ਗਈਆਂ। ਆਹ ਕਾਰ ਦੀ ਤੁੱਛ ਭੇਂਟ ਸਵੀਕਾਰ ਕਰੋ।''

ਬਾਬਾ ਜੀ ਦਾ ਹਾਸਾ ਕੱਛਾਂ ਥਾਣੀ ਬਾਹਰ ਨੂੰ ਨਿਕਲੇ ਅਤੇ ਡੇਰੇ 'ਚ ਸੇਵਕਾਂ ਦਾ ਇਕੱਠ ਵੀ ਦਿਨਾਂ 'ਚ ਹੀ ਦੂਣਾ-ਤੀਣਾ ਹੋ ਗਿਆ। ਵਿਦੇਸ਼ੀ ਸੇਵਕ ਨੇ ਦਸ-ਵੀਹ ਦਿਨ ਬਾਬੇ ਦੀ ਸੇਵਾ ਕੀਤੀ। ਗੱਲਾਂ ਬਾਤਾਂ 'ਚ ਠੱਗ ਜੀ ਕਹਿੰਦੇ ਕਿ ਸਾਨੂੰ ਸੌ ਬੰਦਾ ਬਾਹਰਲੇ ਮੁਲਕ 'ਚ ਚੱਲਦੀਆਂ ਫ਼ੈਕਟਰੀਆਂ ਲਈ ਚਾਹੀਦਾ ਹੈ, ਜਿਸ ਦੀ ਮਨਜ਼ੂਰੀ ਸਾਨੂੰ ਮਿਲ ਗਈ ਹੈ। ਉਸੇ ਕੰਮ ਲਈ ਇਥੇ ਆਇਆਂ ਹਾਂ। ਜਦੋਂ ਬਾਬਾ ਜੀ ਨੇ ਪੁੱਛਿਆ ਕਿ ਭਾਈ ਉਥੇ ਜਾਣ ਤੇ ਕਿੰਨਾ ਖ਼ਰਚਾ ਹੋਵੇਗਾ। ਸੇਵਕ ਕਹਿੰਦਾ ਕਿ ਜੇ ਪੱਕਾ ਵੀਜ਼ਾ ਲੈਣਾ ਤਾਂ ਪੰਜ ਲੱਖ ਰੁਪਈਆ ਇੱਕ ਜਣੇ ਦਾ ਖ਼ਰਚ ਹੋਵੇਗਾ। ਬਾਬਾ ਜੀ ਨੇ ਹੁਕਮ ਲਾ ਦਿੱਤਾ ਕਿ ਕੁਝ ਸਾਡੇ ਸ਼ਰਧਾਲੂਆਂ ਨੂੰ ਲੈ ਜਾ ਭਾਈ। ਸੇਵਕ ਕਹਿੰਦਾ ਬਾਬਾ ਜੀ ਸਭ ਤੁਹਾਡਾ ਦਿੱਤਾ ਤਾਂ ਖਾਂਦੇ

ਹਾਂ ਫੇਰ ਤੁਹਾਨੂੰ ਕਿਵੇਂ ਨਾਂਹ ਕਰ ਸਕਦੇ ਹਾਂ। ਪਰ ਪੈਸਿਆਂ ਦੇ ਮਾਮਲੇ 'ਚ ਮੈਂ ਕੁਝ ਨਹੀਂ ਕਰ ਸਕਦਾ ਕਿਉਂਕਿ ਉਹ ਤਾਂ ਸਰਕਾਰੀ ਖ਼ਰਚਾ ਲੱਗੇਗਾ। ਸ਼ਾਮ ਦੇ ਦੀਵਾਨ 'ਚ ਬਾਬਾ ਜੀ ਨੇ ਸੇਵਕਾਂ ਨੂੰ ਦੱਸ ਦਿੱਤਾ ਕਿ ਜੇ ਕਿਸੇ ਨੇ ਵਿਦੇਸ਼ ਜਾਣਾ ਤਾਂ ਸਾਡੇ ਕੋਲ ਨਾਂ ਲਿਖਵਾ ਦਿਓ, ਅਸੀਂ ਤੁਹਾਡੀ ਮਦਦ ਕਰਾਂਗੇ। ਬੱਸ ਫੇਰ ਕੀ ਸੀ ਲਾਈਨ ਲੱਗ ਗਈ। ਜਾ ਸਕਣ ਵਾਲੇ ਬੰਦੇ ਸੌ ਪਰ ਉਥੇ ਦਰਖ਼ਾਸਤਾਂ ਡੇਢ ਸੌ ਆ ਗਈਆਂ। ਫ਼ੈਸਲਾ ਹੋਇਆ ਕਿ ਬਾਬਾ ਜੀ ਇਹਨਾਂ 'ਚੋਂ ਕਿਸਮਤ ਵਾਲੇ ਸੌ ਬੰਦੇ ਚੁਣ ਦੇਣਗੇ। ਪੰਜਾਹ ਕੁ ਬੰਦੇ ਜਿਹੜੇ ਨਾ ਚੁਣੇ ਜਾ ਸਕੇ, ਉਹ ਵਿਚਾਰੇ ਆਪਣੇ ਆਪ ਨੂੰ ਬੇਭਾਗੇ ਸਮਝ ਕੇ ਚੁੱਪ ਕਰ ਕੇ ਬਹਿ ਗਏ।

ਮੁੱਕਦੀ ਗੱਲ ਸਾਰੇ ਪੈਸੇ ਤੇ ਚੁਣੇ ਗਏ ਸਾਰੇ ਸੇਵਕਾਂ ਨਾਲ ਜਾਣੀਜਾਣ ਬਾਬਾ ਜੀ ਸੇਵਕ ਵੱਲੋਂ ਭੇਂਟ ਕੀਤੀ ਕਾਰ ਤੇ ਸਵਾਰ ਹੋ ਬੱਸਾਂ ਭਰ ਕੇ ਦਿੱਲੀ ਜਾ ਪਹੁੰਚੇ। ਸਾਰਿਆਂ ਨੂੰ ਇਕ ਵੱਡੀ ਸਰਾਂ 'ਚ ਬੈਠਾ ਕੇ ਸੇਵਕ ਸਾਰੇ ਪੈਸੇ ਤੇ ਬਾਬਾ ਜੀ ਨੂੰ ਦਿੱਤੀ ਕਾਰ ਲੈ ਕੇ ਚਲਾ ਗਿਆ, ਇਹ ਕਹਿ ਕੇ ਕਿ ਮੈਂ ਅੰਬੈਸੀ ਜਾ ਕੇ ਕਾਗ਼ਜ਼ ਪੱਤਰ ਲੈ ਆਵਾਂ। ਕਦੇ ਅੱਜ ਤੱਕ ਗੰਗਾ ਗਏ ਫੁੱਲ ਵੀ ਮੁੜੇ ਹਨ! ਹੁਣ ਕਰਮਾਂ ਵਾਲੇ ਸੌ ਸ਼ਰਧਾਲੂ ਪਿੱਛੇ ਰਹਿ ਗਏ ਪੰਜਾਹ ਬੇ-ਭਾਗਿਆਂ ਨੂੰ 'ਕਰਮਾਂ ਵਾਲੇ' ਕਹਿਣ ਲਈ ਮਜਬੂਰ ਸਨ ਅਤੇ ਜੋ ਜਾਣੀਜਾਣ ਬਾਬਾ ਜੀ ਨਾਲ ਬੀਤੀ ਉਹ ਇਥੇ ਲਿਖਣ ਦੀ ਲੋੜ ਨਹੀਂ, ਕਬੀਰ ਜੀ ਦੀ ਬਾਣੀ ਵਿਚੋਂ ਇਹ ਸ਼ਬਦ ਸਭ ਕੁਝ ਬਿਆਨ ਕਰ ਰਿਹਾ;

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥ (੪੭੬, ਆਸਾ, ਕਬੀਰ ਜੀਉ)

ਦੋਸਤੋ! ਕੁਝ ਹਲਕੀਆਂ ਫੁਲਕੀਆਂ ਗੱਲਾਂ ਰਾਹੀਂ ਇਹੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਸਭ ਜਾਣਦੇ ਹੋਏ ਵੀ ਫੇਰ ਵਾਰ-ਵਾਰ ਕਿਉਂ ਠੱਗੇ ਜਾਂਦੇ ਹਾਂ। ਠੱਗੇ ਜਾਣ ਵਾਲਿਆਂ ਦੇ ਵੱਡੇ ਹਿੱਸੇ ਦਾ ਕਾਰਨ ਲਾਲਚ ਹੀ ਦਿਖਾਈ ਦਿੰਦਾ ਹੈ ਪਰ ਕੁਝ ਇੱਕ ਹਿੱਸਾ ਵਿਸ਼ਵਾਸਘਾਤ ਦਾ ਸ਼ਿਕਾਰ ਹੋ ਕੇ ਵੀ ਠੱਗਿਆ ਜਾਂਦਾ ਹੈ। ਇਸ ਗੱਲ ਨੂੰ ਸਾਬਤ ਕਰਨ ਲਈ ਜੇ ਅਸੀਂ ਉਪਰੋਕਤ ਬਾਬਾ ਜੀ ਦੀ ਗੱਲ ਦਾ ਵਿਸ਼ਲੇਸ਼ਣ ਕਰੀਏ ਤਾਂ ਇਹੀ ਸਾਹਮਣੇ ਆਉਂਦਾ ਹੈ ਕਿ ਪਹਿਲਾ ਠੱਗ, ਬਾਬਾ ਦਿਖਾਈ ਦਿੰਦਾ ਹੈ ਜੋ ਸੇਵਕਾਂ ਨਾਲ ਵਿਸ਼ਵਾਸਘਾਤ ਕਰ ਰਿਹਾ ਹੈ। ਪਰ ਅੱਗੇ ਜਾ ਕੇ ਸ਼ਰਧਾਲੂ ਲਾਲਚੀ ਹੋ ਜਾਂਦੇ ਹਨ ਤੇ ਬਾਬੇ ਨਾਲ ਇੱਕ ਸੇਵਕ ਵਿਸ਼ਵਾਸਘਾਤ ਕਰ ਜਾਂਦਾ ਹੈ। ਸੋ ਇਹ ਕਹਾਣੀ ਦੋ ਗੱਲਾਂ ਦੁਆਲੇ ਹੀ ਘੁੰਮਦੀ ਹੈ। ਇੱਕ ਹੋਰ ਪੱਖ, ਜੋ ਇਸ ਲੇਖ 'ਚ ਛੋਹਣ ਦੀ ਕੋਸ਼ਿਸ਼ ਕੀਤੀ ਹੈ ਉਹ ਇਹ ਹੈ ਕਿ ਠੱਗੀ ਤੋਂ ਕੋਈ ਵੀ ਵਰਗ ਨਹੀਂ ਬਚ ਸਕਿਆ।

ਜਾਂਦੇ-ਜਾਂਦੇ ਦਸ ਦੇਣਾ ਚਾਹੁੰਦਾ ਹਾਂ ਕਿ ਮੈਂ ਵੀ ਠੱਗ ਜੀ ਦੀ ਮਾਰ ਤੋਂ ਬਚ ਨਹੀਂ ਸਕਿਆ। ਬੱਸ ਫ਼ਰਕ ਏਨਾ ਕੁ ਰਿਹਾ ਕਿ ਮੈਂ ਲਾਲਚ 'ਚ ਆ ਕੇ ਨਹੀਂ ਠੱਗਿਆ ਗਿਆ ਬਲਕਿ ਵਿਸ਼ਵਾਸਘਾਤ ਦਾ ਸ਼ਿਕਾਰ ਜ਼ਰੂਰ ਹੋਇਆ। ਮੈਂ ਯਕੀਨਨ ਹੀ ਮਾਲੀ ਨੁਕਸਾਨ ਤੋਂ ਤਾਂ ਬਚ ਗਿਆ ਪਰ ਠੱਗੀ 'ਚ ਜੋ ਕੁਝ ਮੈਂ ਗੁਆਇਆ ਉਹ ਮਾਲੀ ਨੁਕਸਾਨ ਨਾਲੋਂ ਕਿਤੇ ਵੱਡਾ ਸੀ। ਕਿਸੇ ਨਾਲ ਕੋਈ ਗਿਲਾ ਵੀ ਨਹੀ ਕਿਉਂਕਿ ਮੈਂ ਵੀ ਤਾਂ ਆਪਣੀ ਸਹਿਮਤੀ ਨਾਲ ਹੀ ਠੱਗਿਆ ਗਿਆ ਸਾਂ।

## ਬਚਾਓ-ਬਚਾਓ ਇਹਨਾਂ ਅਖੌਤੀਆਂ ਤੋਂ ਬਚਾਓ

ਇਸ ਲੇਖ ਬਾਰੇ ਬੱਸ ਏਨਾ ਹੀ ਲਿਖਣਾ ਚਾਹਾਂਗਾ ਕਿ ਇਸ ਲੇਖ ਨੇ ਮੇਰੇ ਨਾਲ ਜੋੜੇ ਘੱਟ ਤੇ ਤੋੜੇ ਵੱਧ। ਪਰ ਫੇਰ ਵੀ ਖ਼ੁਸ਼ੀ ਇਸ ਗੱਲ ਦੀ ਹੈ ਕਿ ਜੁੜਨ ਵਾਲੇ ਪੱਕੇ ਭਾਂਡੇ ਵਾਂਗ ਅੱਜ ਵੀ ਖੜਕਦੇ ਹਨ।



ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਅਤੇ ਹਰਵਿੰਦਰ ਸਿੰਘ ਗਰਚਾ ਨਾਲ ਲੇਖਕ



ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਸੰਗਤਾਂ ਨਾਲ ਲੇਖਕ

# ਬਚਾਓ-ਬਚਾਓ ਇਹਨਾਂ ਅਖੌਤੀਆਂ ਤੋਂ ਬਚਾਓ

ਮੇਰੇ ਪਿਆਰੇ ਦੇਸ਼ ਵਾਸੀਓ,

ਅਸੀਂ ਏਥੇ ਵਿਦੇਸ਼ਾਂ 'ਚ ਰਾਜ਼ੀ ਖ਼ੁਸ਼ੀ ਵੱਸਦੇ ਸੀ ਤੇ ਉਮੀਦ ਕਰਦੇ ਹਾਂ ਕਿ ਤੁਸੀ ਵੀ ਠੀਕ-ਠਾਕ ਹੋਵੋਗੇ। ਰਾਜ਼ੀ ਖ਼ੁਸ਼ੀ ਤੋਂ ਬਾਅਦ ਅੱਗੇ ਸਮਾਚਾਰ ਇਹ ਹੈ ਕਿ ਅਸੀ ਜੇਹੜਾ 'ਵੱਸਦੇ ਹਾਂ' ਦੀ ਥਾਂ ਤੇ 'ਵੱਸਦੇ ਸੀ' ਲਿਖਿਆ ਹੈ। ਉਸੇ ਕਰਕੇ ਹੀ ਅੱਜ ਤੁਹਾਨੂੰ ਇਹ ਖ਼ਤ ਲਿਖਣ ਲਈ ਮਜਬੂਰ ਹੋਏ ਹਾਂ ਅਤੇ ਸੋਚ-ਸੋਚ ਕੇ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਜਦੋਂ ਕੋਈ ਦੁਖੜਾ ਲੱਗ ਜਾਵੇ ਤਾਂ ਕਹਿੰਦੇ ਹਨ ਕਿ ਉਸ ਨੂੰ ਵੰਡ ਲੈਣਾ ਚਾਹੀਦਾ ਹੈ ਜਿਸ ਨਾਲ ਉਹ ਘੱਟ ਹੋ ਜਾਂਦਾ ਹੈ। ਪਰ ਦੁਖੜਾ ਤਾਂ ਉਸੇ ਨੂੰ ਸੁਣਾਇਆ ਜਾਂਦਾ ਹੈ ਜੋ ਕੋਈ ਆਪਣਾ ਹੋਵੇ। ਹੁਣ ਤੁਹਾਡੇ ਨਾਲੋ ਨੇੜੇ ਤਾਂ ਸਾਡਾ ਕੋਈ ਹੋ ਨਹੀਂ ਸਕਦਾ। ਸੋ ਤੁਹਾਡੇ ਕੋਲ ਢਿੱਡ ਫੋਲਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਤੁਸੀ ਸਾਡੇ ਜ਼ਖ਼ਮਾਂ ਤੇ ਮਲ੍ਹਮ ਲਾ ਕੇ ਸਾਨੂੰ ਕੁਝ ਰਾਹਤ ਦੇਣ ਦੀ ਕੋਸ਼ਿਸ਼ ਕਰੋਗੇ।

ਦੇਖੋ ਜੀ ਦੁੱਖ ਤਾਂ ਬੰਦੇ ਦੇ ਨਾਲ ਹੀ ਜਨਮ ਲੈਂਦੇ ਹਨ ਤੇ ਮੌਤ ਤੱਕ ਇੱਕ ਸੱਚੇ ਮਿੱਤਰ ਵਾਂਗ ਪਰਛਾਵਾਂ ਬਣ ਕੇ ਸਾਥ ਨਿਭਾਉਂਦੇ ਹਨ। ਇਹ ਸਭ ਜਾਣਦੇ ਹੋਏ ਵੀ ਹਰ ਇੱਕ ਦੀ ਕੋਸ਼ਿਸ਼ ਦੁੱਖਾਂ ਤੋਂ ਬਚਣ ਦੀ ਹੁੰਦੀ ਹੈ। ਕੋਈ ਇਸ ਵਿੱਚ ਕਾਮਯਾਬ ਹੋ ਜਾਂਦਾ ਹੈ ਤੇ ਕੋਈ ਤਰਲੇ ਕੱਢਦਾ ਹੀ ਮਰ ਜਾਂਦਾ ਹੈ। ਚੱਲੋ, ਇਹ ਤਾਂ ਸਮੇਂ ਦੀ ਚਾਲ ਹੈ, ਇੰਜ ਹੀ ਚੱਲਦੀ ਰਹੇਗੀ ਪਰ ਫ਼ਰਕ ਸਿਰਫ਼ ਐਨਾ ਕੁ ਹੈ ਕਿ ਕੁਝ ਦੁੱਖ ਸਾਡੇ ਵੱਲੋਂ ਆਪ ਸਹੇੜੇ ਹੁੰਦੇ ਹਨ ਤੇ ਕੁਝ ਧੱਕੇ ਨਾਲ ਸਾਡੇ ਗਲ਼ ਪਾਏ ਜਾਂਦੇ ਹਨ। ਬੱਸ ਇਹਨਾਂ ਦੁੱਖਾਂ ਤੋਂ ਦੁਖੀ ਹੋ ਕੇ ਅੱਜ ਤੁਹਾਨੂੰ ਇਹ ਖ਼ਤ ਲਿਖਣ ਬੈਠ ਗਏ ਹਾਂ।

ਜਦੋਂ ਅਸੀਂ ਪਹਿਲੇ ਦਿਨ ਘਰੋਂ ਪੈਰ ਪੁੱਟਿਆ ਸੀ ਉਸੇ ਦਿਨ ਹੀ ਅਸੀਂ ਆਪਣੇ ਆਪ ਨੂੰ ਦੁੱਖਾਂ ਦੇ ਖੂਹ ਵਿੱਚ ਧੱਕਾ ਦੇ ਦਿੱਤਾ ਸੀ। ਪਰ ਇਸ ਲਈ ਅਸੀਂ ਕਿਸੇ ਨਾਲ ਗਿਲਾ ਨਹੀਂ ਕਰ ਸਕਦੇ ਕਿਉਂਕਿ ਉਹ ਸਾਡੇ ਆਪ ਸਹੇੜੇ ਹੋਏ ਦੁੱਖ ਸਨ। ਇੱਕ ਚੰਗੇ ਭਵਿੱਖ ਦੀ ਭਾਲ ਵਿੱਚ ਅਸੀਂ ਆਪ ਹੀ ਘਰ ਛੱਡਿਆ ਸੀ। ਉਹ ਦੁੱਖ ਵੀ ਕੁਝ ਅਜੀਬ ਜਿਹੇ ਸੀ ਜਿਨ੍ਹਾਂ ਵਿਚੋਂ ਇੱਕ ਖ਼ਾਸ ਵਿਛੋੜੇ ਰੂਪੀ ਰਸ ਸੀ। ਉਸ ਵਕਤ ਦੁਨੀਆ ਦਾ ਆਕਾਰ ਵੀ ਬਹੁਤ ਵੱਡਾ ਸੀ ਤੇ ਤੁਹਾਡੇ ਨਾਲ ਸੁੱਖ ਸੁਨੇਹੇ ਸਾਂਝੇ ਕਰਨ ਵਿੱਚ ਡੇਢ-ਡੇਢ ਮਹੀਨਾ ਲੱਗ ਜਾਂਦਾ ਸੀ ਤੇ ਸਾਰਾ ਦਿਨ ਡਾਕ ਦੀ ਉਡੀਕ ਜਿਹੀ ਲੱਗੀ ਰਹਿੰਦੀ ਸੀ। ਉਸ ਵਕਤ ਵਿਛੋੜੇ ਦੇ ਦੁੱਖ ਨੂੰ ਛੱਡ ਕੇ ਹੋਰ ਕੋਈ ਖ਼ਾਸ ਦੁੱਖ ਨਹੀਂ ਸੀ। ਜੇ ਕੋਈ ਛੋਟੀ-ਮੋਟੀ ਔਕੜ ਆਉਂਦੀ ਵੀ ਸੀ ਤਾਂ ਉਸ ਨੂੰ ਡਾਲਰ ਆਪਣੇ ਉੱਤੇ ਲੈ ਲੈਂਦੇ ਸਨ। ਉਸ ਵਕਤ ਜੇ ਅਸੀਂ ਵਿਛੋੜੇ ਵਾਲਾ ਦੁੱਖ ਸਹੇੜਿਆ ਸੀ ਤਾਂ ਬਹੁਤ ਸਾਰੇ ਬਿਨਾਂ ਮਤਲਬ ਦੇ ਦੁੱਖਾਂ ਤੋਂ ਸਾਡਾ ਖਹਿੜਾ ਵੀ ਛੁੱਟ ਗਿਆ ਸੀ; ਜਿਵੇਂ, ਨਾ ਤਾਂ ਏਥੇ ਆ ਕੇ ਸਾਨੂੰ ਆਪਣੀ ਕੋਈ ਵੀ ਲੋੜ ਪੂਰੀ ਕਰਨ ਲਈ ਹਾੜ੍ਹੀ-ਸਾਉਣੀ ਉਡੀਕਣੀ ਪੈਂਦੀ ਸੀ ਤੇ ਨਾ ਹੀ ਆੜ੍ਹਤੀਏ ਦੀਆਂ ਮਿੰਨਤਾਂ ਕਰਨ ਦੀ ਲੋੜ ਸੀ ਅਤੇ ਨਾ ਕੋਈ ਜੀਵਨ ਦੀਆਂ ਮੁੱਢਲੀਆਂ ਸਹੂਲਤਾਂ ਦੀ ਘਾਟ ਸੀ।

ਸੱਚ, ਇੱਕ ਹੋਰ ਜਿਹੜੀ ਸਮੱਸਿਆ ਸਾਨੂੰ ਏਥੇ ਆਈ ਉਹ ਇਹ ਕਿ ਇੱਥੋਂ ਦੇ ਪੜ੍ਹੇ ਲਿਖੇ ਲੋਕਾਂ ਨਾਲੋਂ ਤਾਂ ਆਪਣੇ ਅਨਪੜ੍ਹ ਲੋਕ ਹੀ ਜ਼ਿਆਦਾ ਗੱਲਾਂ ਜਾਣਦੇ ਸਨ ਤੇ ਸ਼ੁਰੂ-ਸ਼ੁਰੂ ਵਿੱਚ ਕਈ

ਵਾਰੀਂ ਅਜੀਬ ਜਿਹੇ ਹਾਲਾਤ ਬਣ ਜਾਂਦੇ ਸਨ। ਇੱਕ ਦਿਨ ਮੈਂ ਇੱਕ ਗੋਰੇ ਨੂੰ ਦੱਸਿਆ ਕਿ ਸਾਡੇ ਬਿਜਲੀ ਚਲੀ ਜਾਂਦੀ ਹੈ ਤਾਂ ਮੂਹਰਿਓਂ ਮੈਨੂੰ ਗੋਰਾ ਹੈਰਾਨ ਹੋ ਕੇ ਕਹਿੰਦਾ ਕਿ ਉਹ ਕਿੱਥੇ ਚਲੀ ਜਾਂਦ ਹੈ ! ਲੈ ਹੁਣ ਤੁਸੀ ਦੱਸੋ ਕਿ ਬਿਜਲੀ ਕਿੱਥੇ ਚਲੀ ਜਾਂਦੀ ਹੈ ! ਜੇ ਇਹਨਾਂ ਦੀ ਬਿਜਲੀ ਕਦੇ ਗਈ

ਹੋਵੇ ਤਾਂ ਇਹਨਾਂ ਨੂੰ ਪਤਾ ਹੋਵੇ ! ਹੋਰ ਸੁਣ ਲਓ ਜੇ ਇਹਨਾਂ ਦੀ ਕਦੇ ਜਾੜ੍ਹ ਦੁਖਣ ਲੱਗ ਜਾਵੇ ਤਾਂ ਪਤੰਦਰ ਸਿੱਧੇ ਜਾਂਦੇ ਆ ਡਾਕਟਰ ਕੋਲ। ਇਹਨਾਂ 'ਤੇ ਤਰਸ ਆਉਂਦਾ ਹੈ ਕਿ ਇਹ ਕਰਨ ਵੀ ਕੀ; ਇਹਨਾਂ ਵਿਚਾਰਿਆਂ ਕੋਲ ਕੋਈ ਹਥੌਲ਼ਾ ਪਾਉਣ ਵਾਲਾ ਸਾਧ ਹੀ ਹੈ ਨਹੀਂ।

ਚਲੋ ਜੀ ਜਿਵੇਂ ਨਾ ਕਿਵੇਂ ਅਸੀਂ ਵੀ ਆਦੀ ਹੋ ਗਏ ਇਹਨਾਂ ਵਾਂਗੂੰ ਰਹਿਣ-ਸਹਿਣ ਦੇ ਅਤੇ ਹੌਲੀ-ਹੌਲੀ ਵਿਗਿਆਨ ਦੀ ਗਰਮੀ ਵਧਦੀ ਗਈ ਤੇ ਦੁਨੀਆ ਸਿਮਟ ਕੇ ਇਕ ਪਿੰਡ ਦਾ ਰੂਪ ਧਾਰਨ ਕਰ ਗਈ ਤਾਂ ਸਾਡੇ ਕੋਲੋਂ ਵਿਛੋੜੇ ਵਾਲਾ ਦੁੱਖ ਵੀ ਜਾਂਦਾ ਰਿਹਾ। ਜਦੋਂ ਜੀ ਕੀਤਾ ਫ਼ੋਨ ਮਿਲਾ ਲਿਆ ਤੇ ਜਦੋਂ ਜੀ ਕੀਤਾ ਇੰਟਰਨੈੱਟ ਤੇ ਬਹਿ ਕੇ ਇੱਕ ਦੂਜੇ ਨੂੰ ਦੇਖ ਲਿਆ। ਹੁਣ ਤਾਂ ਆਲਮ ਇਹ ਹੈ ਕਿ ਪਿੰਡ ਜਦੋਂ ਗੁਆਂਢੀਆਂ ਦਾ ਕੁੱਤਾ ਭੌਂਕਦਾ ਤਾਂ ਸਾਨੂੰ ਏਥੇ ਸੁਣਦਾ ਅਤੇ ਕਈ

ਵਾਰ ਤਾਂ ਇੰਜ ਹੁੰਦਾ ਕਿ ਜਦੋਂ ਕਦੇ ਮਾਤ੍ਰਡ਼ ਦੀ ਰਾਤ ਦੀ ਜੌਬ ਹੁੰਦੀ ਹੈ ਤਾਂ ਇੰਡੀਆ ਬੈਠੀ ਮਾਂ ਫ਼ੋਨ ਦੀ ਘੰਟੀ ਮਾਰ ਕੇ ਅਲਾਰਮ ਦਾ ਕੰਮ ਕਰਦੀ ਹੈ। ਮੁੱਕਦੀ ਗੱਲ ਇਹ ਹੈ ਜੀ ਕਿ ਦਾਤੇ ਦੀ ਕਿਰਪਾ ਤੇ ਸਾਡੀ ਮਿਹਨਤ ਸਦਕਾ ਹੁਣ ਹਰ ਪਾਸੇ ਛਹਿਬਰਾਂ ਲੱਗੀਆਂ ਪਈਆਂ ਸਨ ਤੇ ਜ਼ਿੰਦਗੀ ਘੁੱਗ ਵੱਸ ਰਹੀ ਸੀ। ਪਰ ਸਾਡੀਆਂ ਇਹ ਮੌਜਾਂ ਕਈਆਂ ਨੂੰ ਰਾਸ ਨਹੀਂ ਆਈਆਂ ਤੇ ਉਹ ਸਾਨੂੰ ਟੇਢੀ ਅੱਖ ਨਾਲ ਦੇਖਣ ਲੱਗ ਪਏ ਅਤੇ ਸਾਡੀ ਜ਼ਿੰਦਗੀ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿਤਾ। ਉਹ ਵੀ ਦੋ ਦੋ ਪਾਸਿਆਂ ਤੋਂ ਇੱਕ ਸਿਆਸੀ ਤੇ ਦੂਜਾ ਧਰਮੀ। ਭਾਵੇਂ ਸਿਆਸੀ ਦਖ਼ਲ ਅੰਦਾਜ਼ੀ ਬਹੁਤ ਪਹਿਲਾਂ ਹੀ ਸ਼ੁਰੂ ਹੋ ਗਈ ਸੀ ਪਰ ਹੁਣ ਤਾਂ ਇਹ ਅੱਤ ਦੇ ਦੌਰ ਵਿੱਚ ਪਹੁੰਚ ਗਈ ਹੈ। ਪਹਿਲਾਂ ਵੀ ਕੋਈ ਨਾ ਕੋਈ ਲੀਡਰ ਵਿਦੇਸ਼ਾਂ ਦੇ ਦੌਰੇ ਤੇ ਆਉਂਦਾ ਰਹਿੰਦਾ ਸੀ ਪਰ ਉਹ ਦੌਰੇ ਜਾਂ ਤਾਂ ਸਰਕਾਰੀ ਹੁੰਦੇ ਸਨ ਜਾਂ ਨਿੱਜੀ। ਇਹਨਾਂ ਦੌਰਿਆਂ ਦਾ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ ਹੁੰਦਾ। ਇਹਨਾਂ ਨੂੰ ਇੱਕ ਮਹਿਮਾਨ ਦੇ ਤੌਰ 'ਤੇ ਦੇਖਿਆ ਜਾਂਦਾ ਸੀ ਅਤੇ ਬਣਦਾ ਮਾਣ ਸਤਿਕਾਰ ਵੀ ਦਿੱਤਾ ਜਾਂਦਾ ਸੀ ਪਰ ਪਿਛਲੇ ਕੁਝ ਕੁ ਸਾਲਾਂ ਤੋਂ ਐਵੇਂ ਕੰਨ ਦੁਖਦੇ ਦਾ ਬਹਾਨਾ ਕਰ ਕੇ ਹਰੇਕ ਨੇਤਾ ਵਿਦੇਸ਼ਾਂ ਵੱਲ ਨੂੰ ਤੁਰਿਆ ਆਉਂਦਾ ਹੈ ਅਤੇ ਆ ਕੇ ਸ਼ੁਰੂ ਕਰ ਦਿੰਦਾ ਏਥੇ ਆਪਣੀਆਂ ਸਿਆਸੀ ਗਤੀਵਿਧੀਆਂ। ਕੁਝ ਇੱਕ ਨੂੰ ਕੁਰਸੀ ਦਾ ਚਸਕਾ ਪਾ ਕੇ ਲੋਕਲ ਨੇਤਾ ਥਾਪ ਦਿੰਦਾ ਹੈ। ਫੇਰ ਆਪਣਾ ਅਸਲੀ ਮਕਸਦ ਡਾਲਰ ਇਕੱਠੇ ਕਰਨ ਦਾ ਸ਼ੁਰੂ ਕਰ ਦਿੰਦਾ ਹੈ। ਏਸੇ ਦਾ ਨਤੀਜਾ ਹੈ ਕਿ ਹੁਣ ਕਿਧਰੇ ਨੀਲੇ, ਕਿਧਰੇ, ਚਿੱਟੇ ਤੇ ਕਿਧਰੇ ਖ਼ਾਕੀ ਲੀਡਰਾਂ ਦੇ ਝੁੰਡ ਤੁਹਾਨੂੰ ਹਰ ਰੋਜ਼ ਦੇਖਣ ਨੂੰ ਮਿਲ ਜਾਣਗੇ।

ਹੁਣ ਸਾਡੀ ਇੱਕ ਗੱਲ ਸਮਝ ਨਹੀਂ ਆਉਂਦੀ ਕਿ ਇਹ ਅਖੌਤੀ ਨੇਤਾ ਇੱਥੇ ਏਹੋ ਜੇਹਾ ਕੀ ਸੰਵਾਰਨ ਆਉਂਦੇ ਹਨ ਜਿਹੜਾ ਇੱਥੋਂ ਦੀਆਂ ਸਰਕਾਰਾਂ ਤੋਂ ਨਹੀਂ ਹੁੰਦਾ ! ਸੋਚਣ ਵਾਲ਼ੀ ਗੱਲ ਹੈ ਕਿ ਏਥੇ ਨਾ ਤਾਂ ਕਿਤੇ ਟੁੱਟੀਆਂ ਸੜਕਾਂ ਨੇ, ਨਾ ਕਿਤੇ ਕੋਈ ਸਿਹਤ ਸਹੂਲਤਾਂ ਦੀ ਘਾਟ ਆ, ਨਾ ਕਿਸੇ ਸਕੂਲ ਵਿੱਚ ਤਿੰਨ ਸੌ ਜੁਆਕਾਂ ਲਈ ਇੱਕ ਮਾਸਟਰ ਹੈ, ਨਾ ਕਿਤੇ ਸਾਡੇ ਕੋਈ ਹੱਕ ਹੀ ਖਾ ਰਿਹਾ ਹੈ, ਨਾ ਬੁਢਾਪਾ ਪੈਨਸ਼ਨ ਲੈਣ ਲਈ ਪਟਵਾਰੀਆਂ ਦੀ ਦੇਹਲੀ ਨੀਵੀਂ ਤੇ ਤਲੀ ਗਰਮ ਕਰਨੀ

ਪੈਂਦੀ ਹੈ, ਨਾ ਕਿਤੇ ਕੰਡਕਟਰ ਭਾਰਤੀ ਹੋਣ ਲਈ ਟਰਾਂਸਪੋਰਟ ਮੰਤਰੀ ਦਾ ਫ਼ੋਨ ਕਰਵਾਉਣਾ ਪੈਂਦਾ ਹੈ

ਅਤੇ ਨਾ ਹੀ ਕਿਸੇ ਕੰਮ ਲਈ ਸਰਕਾਰੀ ਦਫ਼ਤਰਾਂ ਦੇ ਗੇੜੇ ਲਾਉਣੇ ਪੈਂਦੇ ਹਨ। ਬਿਜਲੀ ਦਾ ਕੋਈ ਰੌਲ਼ਾ ਹੀ ਨਹੀਂ; ਜੇ ਇਹ ਕਿਤੇ ਜਾਊ ਤਾਂ ਹੀ ਆਉਣ ਦੀ ਸਮੱਸਿਆ ਆਵੇਗੀ।

ਹੁਣ ਤੁਸੀਂ ਹੀ ਦੱਸੋ ਕਿ ਇਹਨਾਂ ਦਾ ਅਸਲੀ ਮਕਸਦ ਕੀ ਹੋ ਸਕਦਾ ਹੈ ਏਥੇ ਦੇ ਭਲਵਾਨੀ ਗੇੜੇ ਦੇਣ ਦਾ! ਅਸੀਂ ਤਾਂ ਸੋਚ-ਸੋਚ ਕੇ ਇੱਕ ਹੀ ਨਤੀਜਾ ਕੱਢਿਆ ਕਿ ਜਾਂ ਤਾਂ ਇਹ ਆਪਣਾ ਕਾਲ਼ਾ ਧਨ ਸਾਂਭਣ ਆਉਂਦੇ ਹਨ ਜਾਂ ਫੇਰ ਏਥੇ ਡਾਲਰ ਇਕੱਠੇ ਕਰਨ ਆਉਂਦੇ ਹੋਣਗੇ। ਕਿਉਂਕਿ ਜੇ ਇਹਨਾਂ ਦਾ ਮਕਸਦ ਸਮੱਸਿਆ ਸੁਲਝਾ ਕੇ ਜਨਤਾ ਦੀ ਸੇਵਾ ਕਰਨਾ ਹੁੰਦਾ ਤਾਂ ਇਹ ਕਾਰਜ ਇਹ ਅਖੌਤੀ ਨੇਤਾ ਆਪਣੇ ਦੇਸ਼ ਵਿੱਚ ਹੀ ਕਰ ਲੈਂਦੇ। ਹੁਣ ਇੱਕ ਹੋਰ ਗੱਲ ਏਥੇ ਸੋਚਣ ਦੀ ਇਹ ਹੈ ਕਿ ਜੇ ਇਹਨਾਂ ਨੂੰ ਇਕੱਲੇ ਡਾਲਰ ਹੀ ਪਿਆਰੇ ਹੁੰਦੇ ਤਾਂ ਇਹ ਪੱਕੇ ਤੌਰ 'ਤੇ ਵਿਦੇਸ਼ ਹੀ ਆ ਵੱਸਦੇ। ਨਹੀਂ ਮੇਰੇ ਵੀਰੋ ਇਹਨਾਂ ਨੂੰ ਇਕੱਲੇ ਡਾਲਰਾਂ ਨਾਲ ਪ੍ਰੇਮ ਨਹੀਂ ਇਹਨਾਂ ਨੂੰ ਤਾਂ ਚੌਧਰ, ਕੁਰਸੀ, ਵਾਹ-ਵਾਹ, ਚਮਚਾਗੀਰੀ, ਸਲੂਟਾਂ ਨਾਲ ਹੀ ਪ੍ਰੇਮ ਹੈ। ਭਾਵੇਂ ਇਹ ਆਪਣੀ ਨੇਤਾਗਿਰੀ ਵਿਦੇਸ਼ ਵਿਚ ਆ ਕੇ ਵੀ ਕਰ ਸਕਦੇ ਹਨ ਪਰ ਇਹਨਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਏਥੇ ਉਹੋ ਜਿਹੇ ਨਜ਼ਾਰੇ ਨਹੀਂ ਆਉਣੇ ਜੋ ਇੰਡੀਆ ਵਿੱਚ ਹਨ। ਏਥੇ ਤਾਂ ਸੱਚੀਂ-ਮੁੱਚੀਂ ਦਾ ਸੇਵਾਦਾਰ ਬਣਨਾ ਪੈਂਦਾ ਨਾ ਕਿ ਕਾਗ਼ਜ਼ੀ।

ਹੁਣ ਤੁਸੀ ਸੋਚਦੇ ਹੋਵੋਂਗੇ ਕਿ ਕੋਈ ਮਰਜ਼ੀ ਕੁਝ ਕਰੀ ਜਾਵੇ ਤੁਹਾਨੂੰ ਕੀ ਤਕਲੀਫ਼? ਭਰਾਵੋ, ਜੇ ਤਕਲੀਫ਼ ਹੋਈ ਹੈ ਤਾਂ ਹੀ ਇਹ ਖ਼ਤ ਲਿਖਣ ਬੈਠੇ ਹਾਂ। ਸਭ ਤੋਂ ਵੱਡੀ ਤਕਲੀਫ਼ ਤਾਂ ਇਹ ਹੈ ਕਿ ਆਮ ਜਨਤਾ, ਜਿਸ ਨੇ ਕਰੜੀ ਮਿਹਨਤ ਸਦਕਾ ਇੱਕ ਚੰਗੇ ਸਿਸਟਮ ਵਿੱਚ ਹਾਲੇ ਸੁੱਖ ਦਾ ਸਾਹ ਲੈਣਾ ਸ਼ੁਰੂ ਹੀ ਕੀਤਾ ਸੀ ਤੇ ਓਹੀ ਕਲੇਸ਼ ਏਥੇ ਵੀ ਸ਼ੁਰੂ ਹੋ ਗਿਆ। ਅਸੀਂ ਵਿਦੇਸ਼ਾਂ ਵਿੱਚ ਵੱਖ-ਵੱਖ ਥਾਵਾਂ ਤੋਂ ਆ ਕੇ ਵਸੇ ਹੋਣ ਕਰਕੇ ਸਾਡੇ ਵਿੱਚ ਕੋਈ ਜ਼ਿਆਦਾ ਸ਼ਰੀਕਾ ਨਹੀਂ ਸੀ ਪਰ ਇਹਨਾਂ ਨੇ ਆ ਕੇ ਸਾਡੇ ਵਿੱਚ ਫੇਰ ਵੰਡੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪਹਿਲਾਂ ਅਸੀਂ ਇੱਕ ਦੂਜੇ ਨੂੰ ਉਸ ਦੇ ਪਿੰਡ ਜਾ ਹਲਕੇ ਕਰਕੇ ਜਾਣਦੇ ਹੁੰਦੇ ਸੀ ਕਿ ਫ਼ਲਾਣਾ ਸਿਓਂ ਮਾਲਵੇ ਦਾ ਤੇ ਫ਼ਲਾਣਾ ਸਿਓਂ ਦੁਆਬੇ ਦਾ। ਹੁਣ ਸਾਡੀ ਪਛਾਣ ਪਾਰਟੀਆਂ ਦੇ ਆਧਾਰ 'ਤੇ ਹੁੰਦੀ ਹੈ। ਕੋਈ ਜਿੱਤਦਾ ਹਾਰਦਾ ਪੰਜਾਬ 'ਚ ਹੈ ਤੇ ਮੇਹਣੋ-ਮੇਹਣੀਂ ਅਸੀਂ ਏਥੇ ਹੋਣ ਲੱਗ ਜਾਂਦੇ ਹਾਂ। ਹੁਣ ਸਾਨੂੰ ਆਪਣਿਆਂ ਦਾ ਫ਼ਿਕਰ ਘੱਟ ਤੇ ਪਾਰਟੀਆਂ ਦਾ ਫ਼ਿਕਰ ਜ਼ਿਆਦਾ ਰਹਿੰਦਾ ਹੈ। ਏਥੋਂ ਤੱਕ ਕਿ ਹੁਣ ਸਾਡਾ ਆਪਣੇ ਦੇਸ਼ ਗੇੜਾ ਲਾਉਣ ਦਾ ਪ੍ਰੋਗਰਾਮ ਵੀ ਵੋਟਾਂ ਦੇ ਹਿਸਾਬ ਨਾਲ ਹੀ ਬਣਦਾ ਹੈ।

ਸਾਨੂੰ ਸੁਖ ਇਹਨਾਂ ਦਾ ਭੋਰਾ ਵੀ ਨਹੀਂ ਹੈ। ਜਦੋਂ ਕਦੇ ਸਾਨੂੰ ਕੋਈ ਲੋੜ ਪੈਂਦੀ ਹੈ ਤਾਂ ਉਹ ਫੇਰ ਵਿਚਾਰੇ ਡਾਲਰ ਹੀ ਪੂਰੀ ਕਰਦੇ ਹਨ। ਜੋ ਪਿੱਛੇ ਸਾਡੀ ਜਾਇਦਾਦ ਹੈ, ਉਨ੍ਹਾਂ ਨੂੰ ਜ਼ਿਆਦਾ ਖ਼ਤਰਾ ਇਹਨਾਂ ਤੋਂ ਹੀ ਹੁੰਦਾ ਹੈ ਕਿਉਂਕਿ ਇਹਨਾਂ ਦੇ ਇਸ਼ਾਰੇ 'ਤੇ ਹੀ ਕੋਈ ਨਾ ਕੋਈ ਸਾਡੀ ਜਾਇਦਾਦ ਉਤੇ ਅੱਖ ਰੱਖ ਲੈਂਦਾ ਹੈ ਤੇ ਫੇਰ ਸਾਨੂੰ ਦੋਹਾਂ ਪਾਸਿਆਂ ਤੋਂ ਰਗੜਾ ਚੜ੍ਹਦਾ ਹੈ। ਜੇ ਅਸੀਂ ਆਪਣੇ ਹੱਡ ਬਚਾਉਣ ਆਪਣੇ ਮੁਲਕ ਆਉਂਦੇ ਹਾਂ ਤਾਂ ਵੀ ਸਭ ਨੂੰ ਸਾਡੇ ਡਾਲਰ ਹੀ ਦਿਸਦੇ ਹਨ; ਸਾਡਾ ਵਜੂਦ ਕੋਈ ਖ਼ਾਸ ਮਹਿਨਾ ਨਹੀਂ ਰੱਖਦਾ। ਜਦੋਂ ਅਸੀਂ ਨਾਜਾਇਜ਼ ਕਬਜ਼ਿਆਂ ਦੀ ਸ਼ਿਕਾਇਤ ਕਰਨ ਥਾਣਿਆਂ 'ਚ ਜਾਂਦੇ ਹਾਂ ਤਾਂ ਮੋਹਰਿਓਂ ਅਫ਼ਸਰ ਲਾਲਾਂ ਸਿੱਟੀ ਜਾਂਦੇ ਆ। ਜੇ ਉਨ੍ਹਾਂ ਤੋਂ ਬਚਣ ਲਈ ਇਹਨਾਂ ਲੀਡਰਾਂ ਕੋਲ ਜਾਈਦਾ ਤਾਂ ਮਹਿਸੂਸ ਹੁੰਦਾ ਕਿ ਇਸ ਨਾਲੋਂ ਤੋਂ ਉਸ ਅਫ਼ਸਰ ਦਾ ਮੂੰਹ ਹੀ ਛੋਟਾ ਸੀ ਤੇ ਸੌਖਾ ਭਰ ਜਾਣਾ ਸੀ। ਫੇਰ ਭਗਵੰਤ ਮਾਨ ਦੀ ਉਹ ਗੱਲ ਚੇਤੇ ਆਉਂਦੀ ਹੈ ਕਿ ਸਾਨੂੰ ਕੀ

.ਫ਼ਾਇਦਾ ਹੋਇਆ ਤੁਹਾਨੂੰ ਐਲ.ਐਮ.ਏ.(ਐਮ.ਐਲ.ਏ.) ਬਣਾਉਣ ਦਾ ? ਦੁੱਖ ਤਾਂ ਹੋਰ ਵੀ ਬਥੇਰੇ ਹਨ ਪਰ ਇਸ ਲਈ ਤਾਂ ਪੂਰੀ ਕਿਤਾਬ ਲਿਖਣੀ ਪੈਣੀ ਹੈ। ਇਸ ਲਈ ਅਗਲੀ ਤਕਲੀ.ਫ ਤੇ ਜਾਂਦੇ ਹਾਂ।

ਸਾਡਾ ਦੂਜਾ ਦੁੱਖ ਸੰਵੇਦਨਸ਼ੀਲ ਹੈ; ਇਸ ਲਈ ਇਹ ਤੁਹਾਡੇ ਨਾਲ ਸਾਂਝਾ ਕਰਨਾ ਅਤਿ ਜ਼ਰੂਰੀ ਹੈ। ਸਾਡਾ ਸਿੱਖ ਧਰਮ ਵੇਲੇ-ਵੇਲੇ ਸਿਰ ਕਿਸੇ ਨਾ ਕਿਸੇ ਰੋਗ ਨਾਲ ਪੀੜਤ ਹੀ ਰਿਹਾ ਹੈ। ਕਦੇ ਵਕਤ ਦੇ ਹਾਕਮਾਂ ਨੇ ਸਾਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਤੇ ਕਦੇ ਹੋਰ ਕੌਮਾਂ ਨੂੰ ਸਾਡਾ ਧਰਮ ਚੁਭਣ ਲੱਗਿਆ ਤੇ ਕਦੇ ਸਾਡੇ ਆਪਣਿਆਂ ਨੇ ਸਾਨੂੰ ਅੰਦਰੋਂ ਅੰਦਰੀਂ ਵੰਡਿਆ। ਕਦੇ ਮਸੰਦਾਂ ਨੇ ਸਾਨੂੰ ਖੋਰਾ ਲਾਇਆ। ਅੱਜ ਦੇ ਵਕਤ ਵਿੱਚ ਜੇ ਕੋਈ ਸਿੱਖ ਕੌਮ ਨੂੰ ਖੋਰਾ ਲਾ ਰਿਹਾ ਹੈ ਤਾਂ ਇਹ ਹਨ ਆਪੇ ਬਣੇ ਬਾਬੇ ਅਤੇ ਸੰਤ। ਅਸੀਂ ਪਹਿਲਾਂ ਵੀ ਚਿੰਤਾ ਵਿੱਚ ਰਹਿੰਦੇ ਸੀ ਕਿ ਸਾਡਾ ਧਰਮ ਕਿੱਧਰ ਨੂੰ ਜਾ ਰਿਹਾ ਹੈ। ਪਰ ਹੁਣ ਤਾਂ ਅਸੀਂ ਇਹਨਾਂ ਅਖੌਤੀ ਬਾਬਿਆਂ ਤੋਂ ਬਹੁਤ ਹੀ ਦੁਖੀ ਹੋ ਗਏ ਹਾਂ। ਹਰ ਤੀਜੇ ਦਿਨ ਜਥਾ ਲੈ ਕੇ ਵਿਦੇਸ਼ਾਂ ’ਚ ਆ ਬਹੁੜਦੇ ਹਨ ਅਤੇ ਸਾਨੂੰ ਜਜ਼ਬਾਤੀ ਕਰ ਕੇ ਆਪਣੀਆਂ ਝੋਲ਼ੀਆਂ ਭਰ ਕੇ ਮੁੜ ਜਾਂਦੇ ਹਨ। ਹਰ ਵਾਰ ਅਸੀਂ ਸੋਚਦੇ ਹਾਂ ਕਿ ਸ਼ਾਇਦ ਇਹ ਮਹਾਂਪੁਰਖ ਸਾਨੂੰ ਮੁਕਤੀ ਦਾ ਰਾਹ ਦਿਖਾਏਗਾ ਪਰ ਜਦ ਕਿਸੇ ਵੀ ਬਾਬੇ ਦੀ ਆਮਦ ਦਾ ਪਤਾ ਚਲਦਾ ਹੈ ਕਿ ਐਨੀ ਤਾਰੀਖ਼ ਨੂੰ ਸੰਤ ਜੀ ਆ ਰਹੇ ਹਨ ਤਾਂ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਕੱਚੇ ਚਿੱਠੇ ਏਥੇ ਪਹੁੰਚ ਜਾਂਦੇ ਹਨ। ਇਹਨਾਂ ਨੂੰ ਸੁਣ-ਸੁਣ ਕੇ ਬਾਬੇ ਦੇ ਆਉਣ ਤੱਕ ਬਾਬੇ ’ਚ ਸ਼ਰਧਾ ਹੀ ਨਹੀਂ ਰਹਿੰਦੀ। ਸਾਨੂੰ ਇਹ ਵੀ ਪਤਾ ਕਿ ਭਾਵੇਂ ਕੋਈ ਕਿੰਨਾ ਵੀ ਮਾੜਾ ਬਾਬਾ ਹੋਵੇ ਪਰ ਜਦ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਬੈਠ ਕੇ ਕਥਾ ਕੀਰਤਨ ਕਰਦਾ ਹੈ ਤਾਂ ਉਹ ਕੋਈ ਬੁਰਾਈ ਨਹੀਂ ਕਰ ਸਕਦਾ। ਪਰ ਅਸੀਂ ਕੀ ਕਰੀਏ ਜਦੋਂ ਸਾਡੇ ਜ਼ਿਹਨ ਵਿੱਚ ਬਾਬੇ ਦਾ ਅਸਲੀ ਰੂਪ ਘੁੰਮ ਰਿਹਾ ਹੁੰਦਾ ਹੈ ਤਾਂ ਮਨ ਉਨ੍ਹਾਂ ਦੇ ਵਿਚਾਰਾਂ ਵਿੱਚ ਲੱਗਦਾ ਹੀ ਨਹੀਂ।

ਭਰਾਵੋ, ਤੁਹਾਡੇ ਅੱਗੇ ਬੇਨਤੀ ਹੈ ਕਿ ਜਾਂ ਤਾਂ ਤੁਸੀ ਇਹੋ ਜਿਹੇ ਬਾਬਿਆਂ ਨੂੰ ਸਾਡੇ ਕੋਲ ਭੇਜਿਆ ਨਾ ਕਰੋ ਜਾਂ ਫੇਰ ਇਹਨਾਂ ਦੀਆਂ ਕਰਤੂਤਾਂ ਆਪਣੇ ਕੋਲ ਰੱਖ ਲਿਆ ਕਰੋ। ਇਸ ਨਾਲ ਅਸੀਂ ਅਣਜਾਣਪੁਣੇ ਵਿੱਚ ਕੁਝ ਵਕਤ ਰੱਬ ਦਾ ਨਾਂ ਤਾਂ ਚਿੱਤ ਲਾ ਕੇ ਲੈ ਲਿਆ ਕਰਾਂਗੇ। ਜੇ ਅਸਲੀ ਪੁੱਛੋ ਤਾਂ ਤੁਸੀਂ ਇਹਨਾਂ ਨੂੰ ਏਥੇ ਨਾ ਹੀ ਭੇਜਿਆ ਕਰੋ। ਜੇ ਭੇਜਣਾ ਵੀ ਹੋਵੇ ਤਾਂ ਕੋਈ ਆਪਣੇ ਨਾਂ ਮੂਹਰੇ ਗਿਆਨੀ, ਭਾਈ ਜਾਂ ਕਥਾ ਵਾਚਕ ਲਗਾਉਣ ਵਾਲਾ ਭੇਜ ਦਿਆ ਕਰੋ ਨਹੀਂ ਤਾਂ ਇਕੱਲੇ ਕੀਰਤਨ ਕਰਨ ਵਾਲੇ ਸਿੰਘ ਹੀ ਭੇਜ ਦਿਆ ਕਰੋ ਕਿਉਂਕਿ ਅਸੀਂ ਪਿਛਲੇ ਕਾ.ਫ਼ੀ ਸਮੇਂ ਤੋਂ ਇਹ ਤੱਤ ਕੱਢਿਆ ਹੈ ਕਿ ਇਹਨਾਂ ਅਖੌਤੀ ਸੰਤਾਂ ਨਾਲੋਂ ਇਹ ਲੋਕ ਹਜ਼ਾਰ ਗੁਣਾਂ ਚੰਗੇ ਹੁੰਦੇ ਹਨ। ਘੱਟ ਤੋਂ ਘੱਟ ਇਹ ਸਾਡੇ ਜਜ਼ਬਾਤ ਤਾਂ ਨਹੀਂ ਭੜਕਾਉਂਦੇ। ਨਾ ਹੀ ਇਹਨਾਂ ਨੂੰ ਪੈਰੀਂ ਹੱਥ ਲਗਵਾਉਣ ਦਾ ਚਸਕਾ ਹੁੰਦਾ, ਨਾ ਹੀ ਇਹਨਾਂ ਨੂੰ ਇਕ ਦੂਜੇ ਤੋਂ ਵੱਡਾ ਡੇਰਾ ਤੇ ਇਮਾਰਤਾਂ ਬਣਾਉਣ ਲਈ .ਫ਼ੰਡ ਚਾਹੀਦਾ ਹੁੰਦਾ। ਬੱਸ ਜੋ ਮੱਥਾ ਟੇਕ ਦਿਓ ਉਸੇ ਨਾਲ ਸਬਰ ਕਰ ਲੈਂਦੇ ਹਨ ਅਤੇ ਜੇ ਮਰਿਆਦਾ ਮੁਤਾਬਿਕ ਸਿਰੋਪਾ ਦੀ ਬਖ਼ਸ਼ਿਸ਼ ਹੋ ਜਾਵੇ ਤਾਂ ਹੋਰ ਵੀ ਚੰਗਾ। ਇਸ ਦੇ ਉਲ਼ਟ ਆਪਣੇ ਮੂਹਰੇ ਸੰਤ ਲਗਾਉਣ ਵਾਲੇ ਇਹੋ ਜਿਹੀਆਂ ਉਦਾਹਰਨਾਂ ਦਿੰਦੇ ਹਨ ਕਿ ਇਕ ਅਡੋਲ ਗੁਰਸਿੱਖ ਵੀ ਡੋਲ ਜਾਂਦਾ ਹੈ।

ਭਰਾਵੋ, ਜੋ ਬੰਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਉਸ ਨੂੰ ਇਹ ਚੰਗੀ ਤਰ੍ਹਾਂ ਪਤਾ ਕਿ ਇੱਕ ਸੰਤ ਦੀ ਨਿੰਦਿਆ ਦਾ ਕੀ ਨਤੀਜਾ ਨਿਕਲਦਾ ਹੈ; ਇਸ ਲਈ ਉਹ ਇੱਕ ਸੰਤ ਪ੍ਰਤੀ ਕੋਈ ਸ਼ਬਦ

ਬੋਲਣ ਤੋਂ ਪਹਿਲਾਂ ਕਈ ਵਾਰ ਸੋਚਦਾ ਹੈ। ਬੱਸ ਸਾਡੀ ਏਸੇ ਕਮਜ਼ੋਰੀ ਦਾ ਇਹ ਅਖੌਤੀ ਸੰਤ ਲਾਭ ਲੈ ਰਹੇ ਹਨ।ਅਸੀਂ ਤਾਂ ਹੈਰਾਨ ਹਾਂ ਕਿ ਇਹਨਾਂ ਨੂੰ ਰੱਬ ਦਾ ਭੋਰਾ ਵੀ ਡਰ ਨਹੀਂ ਹੈ;

ਉਲ਼ਟਾ ਹਿੱਕ ਤਾਣ ਕੇ ਗ਼ਲਤੀਆਂ ਕਰਦੇ ਹਨ। ਇੱਕ ਦਿਨ ਦੀ ਗੱਲ ਤੁਹਾਨੂੰ ਸੁਣਾਉਂਦਾ ਹਾਂ। ਅਸੀਂ ਕਿਸੇ ਇੱਕ ਬਾਬੇ ਨੂੰ ਉਸ ਦੀ ਪੁਰਾਣੀ ਕਰਤੂਤ ਯਾਦ ਕਰਵਾ ਦਿੱਤੀ ਤਾਂ ਮੂਹਰੋਂ ਕਹਿੰਦਾ, "ਆਖ਼ਰ ਅਸੀਂ ਨੌ ਸੌ ਚੂਹਾ ਖਾ ਕੇ ਹੱਜ ਨੂੰ ਤਾਂ ਆ ਗਏ; ਕਈ ਤਾਂ ਹੱਜ ਕਰਦੇ ਵੀ ਚੂਹੇ ਖਾਈ ਜਾਂਦੇ ਹਨ।" ਹੁਣ ਤੁਸੀ ਦੱਸੋ ਇਹੋ ਜਿਹੇ ਵਿਚਾਰਾਂ ਵਾਲੇ ਕੌਮ ਦਾ ਕੀ ਸਵਾਰ ਦੇਣਗੇ ? ਪਹਿਲਾਂ ਤਾਂ ਇਹ ਦੀਵਾਨ ਲਾਉਣ ਤੋਂ ਪਹਿਲਾਂ ਕਿਸੇ ਕਲਾਕਾਰ ਵਾਂਗੂੰ ਸ਼ਰਤਾਂ ਪੂਰੀਆਂ ਕਰਵਾ ਕੇ ਆਉਂਦੇ ਹਨ ਤੇ ਫੇਰ ਜਾਣ ਲੱਗੇ ਨਖ਼ਰੇ ਕਰਦੇ ਹਨ ਕਿ ਜਿਹੜੀ ਲੋਈ ਤੁਸੀਂ ਦਿੱਤੀ ਹੈ ਇਹੋ ਜਿਹੀ ਤਾਂ ਸਾਡੇ ਸੇਵਾਦਾਰ ਵੀ ਉੱਤੇ ਨਹੀਂ ਲੈਂਦੇ। ਇੱਕ ਹੋਰ ਖ਼ਾਸ ਗੱਲ ਇਹ ਹੈ ਕਿ ਜੇ ਤੁਹਾਡੇ 'ਚ ਹਿੰਮਤ ਹੈ ਤਾਂ ਇਹਨਾਂ ਅਖੌਤੀ ਸੰਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਲਾਈ ਲੰਗਰ ਦੀ ਮਹਾਨ ਪਰੰਪਰਾ ਮੁਤਾਬਿਕ, ਪੰਗਤ ਵਿੱਚ ਬਹਿ ਕੇ ਲੰਗਰ ਛਕਾ ਕੇ ਦਿਖਾ ਦਿਓ ਤਾਂ ਅਸੀਂ ਤੁਹਾਡੇ ਵੱਲੋਂ ਭੇਜੇ ਹਰ ਸੰਤ ਦੇ ਪੈਰਾਂ ਹੇਠ ਹੱਥ ਰੱਖਾਂਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੇ ਸੰਤ ਦੀ ਨਿੰਦਿਆ ਨਾ ਕਰਨ ਲਈ ਕਿਹਾ ਗਿਆ ਹੈ ਤਾਂ ਇਸ 'ਧੁਰ ਕੀ ਬਾਣੀ' ਵਿੱਚ ਸੰਤ ਦੀ ਪਰਿਭਾਸ਼ਾ ਵੀ ਦਰਜ ਹੈ ਕਿ ਸੰਤ ਕਿਹੋ ਜਿਹੇ ਹੁੰਦੇ ਹਨ :-

ਸਾਧ ਕੀ ਸੋਭਾ ਊਚ ਤੇ ਊਚੀ ॥<br>
ਸਾਧ ਕੀ ਸੋਭਾ ਮੂਚ ਤੇ ਮੂਚੀ ॥<br>
ਸਾਧ ਕੀ ਸੋਭਾ ਸਾਧ ਬਨਿ ਆਈ ॥<br>
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥ (੨੭੨)

ਪਹਿਲਾਂ ਸਿੱਖ ਇਤਿਹਾਸ ਵਿੱਚ ਅਸੀਂ ਬਹੁਤ ਕਰਨੀ ਵਾਲੇ ਸੰਤਾਂ ਬਾਰੇ ਪੜ੍ਹ ਚੁਕੇ ਹਾਂ ਪਰ ਅੱਜ ਤੱਕ ਇਹ ਨਹੀਂ ਸੁਣਿਆ ਕਿ ਕਿਸੇ ਸੰਤ ਨੇ ਮਹਿਲ ਉਸਾਰੇ ਹੋਣ ਜਾਂ ਫਿਰ ਗੰਨਮੈਨ ਰੱਖੇ ਹੋਣ। ਅਸੀਂ ਤਾਂ ਕੁਝ ਇਹੋ ਜਿਹੇ ਮਹਾਂਪੁਰਖਾਂ ਨੂੰ ਜ਼ਰੂਰ ਜਾਣਦੇ ਹਾਂ ਜਿਹੜੇ ਸਾਰੀ ਉਮਰ ਕੱਖਾਂ ਦੀਆਂ ਕੁੱਲੀਆਂ ਵਿੱਚ ਨਾਮ ਸਿਮਰਨ ਕਰਦੇ ਰਹੇ ਤੇ ਜਾਣ ਲੱਗਿਆਂ ਕੋਈ ਯਾਦਗਾਰ ਵੀ ਨਹੀਂ ਛੱਡ ਕੇ ਗਏ। ਤੁਸੀ ਅਕਸਰ ਸੁਣਦੇ ਹੋ ਕਿ ਸਾਧਾਂ ਨੂੰ ਕੀ ਸੁਆਦਾਂ ਨਾਲ਼ ? ਪਰ ਅੱਜਕੱਲ੍ਹ ਦੇ ਸੰਤਾਂ ਨੂੰ ਤਾਂ ਲੰਗਰ ਦਾ ਪ੍ਰਸ਼ਾਦਾ ਚੰਗਾ ਨਹੀਂ ਲਗਦਾ। ਐਸ.ਯੂ.ਬੀ. ਗੱਡੀ ਤੋਂ ਬਿਨਾਂ ਇਹਨਾਂ ਨੂੰ ਯਾਤਰਾ ਕਰਨੀ ਸੋਭਾ ਨਹੀਂ ਦਿੰਦੀ। ਪੰਜ ਸੱਤ ਗੰਨਮੈਨਾਂ ਬਿਨਾਂ ਵੀ ਕਾਹਦੀ ਸਾਧਗਿਰੀ ? ਤੁਸੀ ਦੱਸੋ, ਆਪਣੀ ਜਾਨ ਦੀ ਰਾਖੀ ਦੂਜਿਆਂ ਤੋਂ ਕਰਵਾਉਣ ਵਾਲਾ ਦੂਜੇ ਦੀ ਜਾਨ ਕਿਵੇਂ ਬਚਾਊ ? ਜੇ 'ਸਾਧ' ਸ਼ਬਦ ਵਰਤਿਆ ਤਾਂ ਤੁਹਾਨੂੰ ਇਸ ਦੇ ਅੱਖਰੀ ਅਰਥ ਵੀ ਯਾਦ ਕਰਵਾ ਦੇਵਾਂ। ਸਾਧ ਦਾ ਮਤਲਬ ਹੈ ਜਿਸ ਨੇ ਸਭ ਕੁਝ ਸਾਧ ਲਿਆ ਹੋਵੇ। ਉਂਜ ਜੇ ਦੇਖਿਆ ਜਾਵੇ ਤਾਂ ਇਹਨਾਂ ਵੀ ਸਭ ਕੁਝ ਸਾਧ ਹੀ ਲਿਆ ਹੈ। ਬੱਸ ਫ਼ਰਕ ਯੁੱਗ ਦਾ ਹੈ। ਕਲਯੁਗ ਵਿੱਚ ਜੋ ਬੰਦਾ ਕੋਠੀ, ਕਾਰ, ਕੁੱਕੜ, ਕੁੜੀ ਅਤੇ ਕੈਸ਼; ਇਹਨਾਂ ਪੰਜ ਚੀਜ਼ਾਂ ਤੇ ਆਪਣੀ ਪਕੜ ਮਜ਼ਬੂਤ ਕਰ ਲਵੇ ਓਹੀ ਸਾਧ ਹੁੰਦਾ ਹੈ। ਅਸਲ ਵਿੱਚ ਇਹਨਾਂ ਨੂੰ ਸੰਤ ਦੀ ਥਾਂ ਤੇ ਅਸੰਤ ਕਿਹਾ ਜਾਵੇ ਤਾਂ ਜ਼ਿਆਦਾ ਠੀਕ ਹੋਵੇਗਾ ਕਿਉਂਕਿ ਗੁਰਬਾਣੀ ਵਿੱਚ ਇਸ ਦੀ ਪਰਿਭਾਸ਼ਾ ਇੰਜ ਦਰਜ ਹੈ:

ਅਸੰਤੁ ਅਨਾੜੀ ਕਦੇ ਨ ਬੂਝੈ ॥

ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥
ਅੰਧੁ ਅਗਿਆਨੀ ਕਦੇ ਨ ਸੀਝੈ ॥੨॥ (੧੬੦)

ਇਸ ਦੇ ਨਾਲ ਹੀ ਗੁਰਬਾਣੀ ਵਿੱਚ ਜੋ ਤ੍ਰੈ ਗੁਣਾਂ ਦਾ ਜ਼ਿਕਰ ਆਉਂਦਾ ਹੈ ਉਨ੍ਹਾਂ ਦੇ ਨਾਂ ਹਨ : ਰੱਜੋ ਗੁਣ, ਤਮੋ ਗੁਣ ਅਤੇ ਸਤੋ ਗੁਣ। ਇਸ ਦੀ ਪੂਰੀ ਵਿਆਖਿਆ ਕਰਨ ਤੋਂ ਤਾਂ ਅਸੀਂ ਅਗਿਆਨੀ ਅਸਮਰਥ ਹਾਂ ਪਰ ਏਨਾ ਕੁ ਜ਼ਰੂਰ ਪਤਾ ਹੈ ਕਿ ਅੱਜਕੱਲ੍ਹ ਦੇ ਸੰਤ ਪਹਿਲੇ ਦੋ ਗੁਣਾਂ ਵਿਚ ਵਿਸ਼ਵਾਸ ਕਰਦੇ ਹਨ ਅਤੇ ਤੀਜਾ ਸਤੋ ਗੁਣ ਤਾਂ ਇਹਨਾਂ ਨੂੰ ਚੰਗਾ ਨਹੀਂ ਲਗਦਾ। ਗੁਰਬਾਣੀ ਅਸਲੀ ਸੰਤ ਦੀ ਮਹਾਨਤਾ ਬਾਰੇ ਸਾਨੂੰ ਦੱਸਦੀ ਹੈ ਕਿ ਸੰਤ ਏਥੇ ਅਤੇ ਦਰਗਾਹੇ ਆਪ ਆਪਣੇ ਭਗਤਾਂ ਨੂੰ ਬਾਂਹ ਫੜ ਕੇ ਪਾਰ ਲੰਘਾਉਂਦਾ ਹੈ ਪਰ ਅੱਜ ਦਾ ਸੰਤ ਏਥੇ ਤਾਂ ਸਾਡਾ ਗੀਝਾ ਫੋਲਣ ਦੀ ਕੋਸ਼ਿਸ਼ ਕਰਦਾ ਅਤੇ ਅੱਗੇ ਕਿਸੇ ਦੇਖਿਆ ਨਹੀਂ। ਗੁਰਬਾਣੀ ਵਿੱਚ ਅਥਾਹ ਵਿਸ਼ਵਾਸ ਰੱਖਣ ਕਰਕੇ ਸੰਤ ਦੀ ਨਿੰਦਿਆ ਕਰਨ ਵਿੱਚ ਡਰ ਤਾਂ ਬਹੁਤ ਲੱਗ ਰਿਹਾ ਹੈ ਪਰ ਹੌਸਲਾ ਇੱਕ ਹੀ ਗੱਲ ਦਾ ਹੈ ਕਿ ਗੁਰਬਾਣੀ ਦਾ ਹੋਕਾ ਸੱਚ ਤੇ ਬੱਸ ਸੱਚ ਹੈ। ਅਸਲੀ ਸੰਤ ਨੂੰ ਕੁਝ ਕਹਿਣਾ ਸੰਤ ਦੀ ਨਿੰਦਿਆ ਹੋ ਸਕਦੀ ਹੈ ਪਰ ਇਹਨਾਂ ਆਪੇ ਬਣੇ ਡਰਾਮੇ ਬਾਜਾਂ ਨੂੰ ਨੰਗਾ ਕਰਨ ਲਈ ਤਾਂ ਸੱਚ ਦੀ ਹੀ ਲੋੜ ਹੈ; ਚਾਹੇ ਉਹ ਕਿਸੇ ਦੇ ਹਜ਼ਮ ਹੋਵੇ ਚਾਹੇ ਨਾ ਹੋਵੇ।

ਪਿਛਲੇ ਦਿਨੀਂ ਕਿਸੇ ਸਾਡੇ ਨਾਲ ਇਸ ਦੁੱਖ ਵਿੱਚ ਸ਼ਰੀਕ ਹੁੰਦਿਆਂ ਦਲੀਲ ਦਿੱਤੀ ਕਿ ਹੁਣ ਤਾਂ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਵਾਲਾ ਵਕਤ ਆ ਗਿਆ ਹੈ ਤੇ ਸਾਨੂੰ ਮੱਖਣ ਸ਼ਾਹ ਲੁਬਾਣੇ ਵਾਂਗੂੰ ਅਸਲੀ ਸੰਤ ਲੱਭਣਾ ਪਊ ਪਰ ਯਾਰੋ, ਇਹ ਉਸ ਦੇ ਆਪਣੇ ਵਿਚਾਰ ਹੋ ਸਕਦੇ ਹਨ; ਸਾਨੂੰ ਤਾਂ ਇਹ ਗੱਲ ਜਚੀ ਨਹੀਂ। ਅਸੀਂ ਤਾਂ ਗੁਰੂ ਮਾਨਿਓ ਗ੍ਰੰਥ ਵਿੱਚ ਹੀ ਵਿਸ਼ਵਾਸ ਕਰਦੇ ਹਾਂ ਤੇ ਸਾਨੂੰ ਤਾਂ ਕਦੇ ਕਿਸੇ ਇਨਸਾਨ ਤੋਂ ਕੋਈ ਸੇਧ ਲੈਣ ਦੀ ਲੋੜ ਮਹਿਸੂਸ ਨਹੀਂ ਹੋਈ। ਜਦ ਕਦੇ ਕਿਸੇ ਦੁਚਿੱਤੀ ਵਿੱਚ ਆਏ ਤਾਂ ਬੱਸ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈਣ ਵਿੱਚ ਬੜੀ ਖ਼ੁਸ਼ੀ ਮਹਿਸੂਸ ਹੋਈ ਹੈ ਪਰ ਹਾਂ, ਕਦੇ ਕਦੇ ਗਿਆਨੀ ਇਨਸਾਨ ਦੀ ਘਾਟ ਬਹੁਤ ਰੜਕਦੀ ਹੈ ਕਿਉਂਕਿ ਕਈ ਵਾਰ ਸਮੁੰਦਰੋਂ ਡੂੰਘੀ ਬਾਣੀ ਸਾਡੇ ਜਿਹੇ ਦੁਨਿਆਵੀ ਪੁਰਖਾਂ ਨੂੰ ਸਮਝ ਨਹੀਂ ਆਉਂਦੀ। ਇਸ ਲਈ ਉਸ ਵਕਤ ਗੁਰਬਾਣੀ ਦੇ ਦਾਇਰੇ ਵਿੱਚ ਰਹਿਣ ਵਾਲਾ ਕੋਈ ਗਿਆਨੀ ਸਾਨੂੰ ਬਾਣੀ ਦੀ ਡੂੰਘਾਈ ਸਮਝਾ ਦੇਵੇ ਤਾਂ ਸਾਨੂੰ ਬੜੀ ਤਸੱਲੀ ਹੋਵੇਗੀ। ਸੋ ਵੀਰੋ, ਜੇ ਤੁਸੀ ਸੱਚਮੁੱਚ ਹੀ ਸਾਡੀ ਮਦਦ ਕਰਨਾ ਚਾਹੁੰਦੇ ਹੋ ਤਾਂ ਗਿਆਨਵਾਨ ਕਥਾ ਵਾਚਕ ਸਾਡੇ ਕੋਲ ਭੇਜ ਦਿਆ ਕਰੋ ਜਿਨ੍ਹਾਂ ਤੋਂ ਅਸੀਂ ਤੇ ਸਾਡੀ ਜਵਾਨ ਹੋ ਰਹੀ ਪੀਹੜੀ ਕੁਝ ਸਿੱਖ ਕੇ ਗੁਰਸਿੱਖ ਬਣ ਸਕੇ। ਸਾਨੂੰ ਰਾਜੇ ਰਾਣੀਆਂ ਦੀਆਂ ਬਾਤਾਂ ਸੁਣਾਉਣ ਵਾਲ਼ੇ ਬਾਬੇ ਨਹੀਂ ਚਾਹੀਦੇ। ਗੁਰਬਾਣੀ ਪੜ੍ਹ ਸੁਣ ਕੇ ਸਾਨੂੰ ਏਨਾ ਕੁ ਗਿਆਨ ਤਾਂ ਆ ਹੀ ਗਿਆ ਹੈ ਕਿ ਜਿਸ ਨੂੰ ਸੱਚਮੁੱਚ ਦਾ ਗਿਆਨ ਹੁੰਦਾ ਹੈ ਉਹ ਕਦੇ ਆਪਣੇ ਨਾਂ ਅੱਗੇ ਸੰਤ ਨਹੀਂ ਲਿਖ ਸਕਦਾ। ਸਾਨੂੰ ਤਾਂ 'ਧੁਰ ਕੀ ਬਾਣੀ' ਦੇ ਸਹਾਰੇ ਮੁਕਤੀ ਦਾ ਰਾਹ ਦਿਖਾਉਣ ਵਾਲੇ ਕਿਸੇ ਮਹਾਪੁਰਖ ਦੀ ਉਡੀਕ ਹੈ ਜੋ ਹਾਲੇ ਤਕ ਤਾਂ ਸਾਨੂੰ ਮਿਲਿਆ ਨਹੀਂ, ਜੇ ਕਦੇ ਤੁਹਾਨੂੰ ਮਿਲ ਜਾਵੇ ਤਾਂ ਜ਼ਰੂਰ ਦੱਸਣਾ।ਸਾਨੂੰ ਇਹ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਇਸ ਲੇਖ ਬਾਰੇ ਇਹਨਾਂ ਅਖੋਤੀਆਂ, ਫੇਰ ਗੁਰਬਾਣੀ ਦੀ ਆੜ ਲੈ ਕੇ ਇਹ ਹੀ ਦਲੀਲ ਦੇਣੀ ਹੈ ਕਿ :

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥

ਮੂਰਖੈ ਨਾਲਿ ਨ ਲੁਝੀਐ ॥੧੯॥(੪੭੩)

ਇਸ ਖ਼ਤ ਦੇ ਅਖੀਰ ਵਿੱਚ ਇੱਕ ਹੋਰ ਬੇਨਤੀ ਕਰਨੀ ਚਾਹੁੰਦੇ ਹਾਂ : ਜੋ ਤੁਹਾਨੂੰ ਇੱਕ ਭੁਲੇਖਾ ਹੈ ਕਿ ਵਿਦੇਸ਼ਾਂ 'ਚ ਡਾਲਰ ਦਰਖ਼ਤਾਂ ਨੂੰ ਲਗਦੇ ਹਨ; ਉਹ ਕਿਸੇ ਹੱਦ ਤੱਕ ਠੀਕ ਵੀ ਹੈ ਪਰ ਦੋਸਤੋ ਦਰਖ਼ਤਾਂ ਨੂੰ ਡਾਲਰਾਂ ਨਾਲ ਕੰਡੇ ਵੀ ਲੱਗੇ ਹੁੰਦੇ ਹਨ। ਕੁਝ ਡਾਲਰ ਕਾਫ਼ੀ ਉਚਾਈ 'ਤੇ ਲੱਗੇ ਹੁੰਦੇ ਹਨ ਤੇ ਉਨ੍ਹਾਂ ਨੂੰ ਤੋੜਨ ਲਈ ਸਾਰਾ-ਸਾਰਾ ਦਿਨ ਅਤੇ ਕਈ-ਕਈ ਵਾਰ ਪੌੜੀ 'ਤੇ ਚੜ੍ਹਨਾ ਉੱਤਰਨਾ ਪੈਂਦਾ ਹੈ। ਕੁਝ ਲੋਕਾਂ ਨੂੰ ਭੁਲੇਖਾ ਹੈ ਕਿ ਡਾਲਰ ਫ਼ਰਸ਼ਾਂ ਤੋਂ ਹੀ ਹੂੰਝਣੇ ਹੁੰਦੇ ਹਨ। ਬਿਲਕੁਲ ਠੀਕ, ਵੀਰ ਜੀ, ਤੁਸੀ ਸੌ ਪ੍ਰਤੀਸ਼ਤ ਸਹੀ ਅੰਦਾਜ਼ਾ ਲਾਇਆ ਪਰ ਵੀਰ ਇੱਕ ਛੋਟਾ ਜਿਹਾ ਹਾਦਸਾ ਸੁਣਾਉਣਾ ਚਾਹੁੰਦੇ ਹਾਂ : ਚਾਰ ਕੁ ਮਹੀਨੇ ਪਹਿਲਾਂ ਸਾਡਾ ਇਕ ਲੇਖਕ ਭਾਈ ਵਿਦੇਸ਼ ਦੀ ਚਮਕ 'ਚ ਸੰਮੋਹਿਤ ਹੋ ਕੇ ਕਿਵੇਂ ਨਾ ਕਿਵੇਂ ਇਥੇ ਆਉਣ ਵਿੱਚ ਕਾਮਯਾਬ ਹੋ ਗਿਆ। ਜਦ ਥੋੜ੍ਹੀ ਕੁ ਦੇਰ ਬਾਅਦ ਸੰਮੋਹਨ ਟੁੱਟਿਆ ਤਾਂ ਅਸੀਂ ਪੁੱਛਿਆ, "ਕਿਵੇਂ ਚੱਲ ਰਹੀ ਹੈ ਲਾਈਫ਼ ?" ਤਾਂ ਕਹਿੰਦਾ, "ਵੀਰ, ਦੇਖਿਆ ਜਾਵੇ ਤਾਂ ਕੋਈ ਖ਼ਾਸ ਫ਼ਰਕ ਨਹੀਂ। ਓਥੇ ਵੀ ਪੱਪਾ ਚਲਾਉਂਦੇ ਸੀ ਤੇ ਏਥੇ ਵੀ ਪੱਪਾ ਹੀ ਚਲਾ ਰਹੇ ਹਾਂ।" ਜਦੋਂ ਅਸੀਂ ਉਸ ਦੀ ਗੱਲ ਸਮਝਣ 'ਚ ਅਸਮਰਥਤਾ ਦਿਖਾਈ ਤਾਂ ਉਸ ਨੇ ਸਰਲ ਭਾਸ਼ਾ 'ਚ ਦੱਸਿਆ, "ਆਪਣੇ ਦੇਸ਼ ਵਿੱਚ ਇਹਨਾਂ ਹੱਥਾਂ ਵਿੱਚ ਪੈੱਨ ਹੁੰਦਾ ਸੀ ਤੇ ਅੱਜਕੱਲ੍ਹ ਪੋਚਾ ਹੈ। ਦੋਨੋਂ ਚੀਜ਼ਾਂ ਦੇ ਨਾਂ ਤਾਂ ਪੱਪੇ ਤੋਂ ਹੀ ਸ਼ੁਰੂ ਹੁੰਦੇ ਹਨ।" ਸੋ ਵੀਰ ਜੀ, ਤੁਸੀਂ ਫ਼ਰਸ਼ ਤੋਂ ਡਾਲਰ ਇਕੱਠੇ ਕਰਨ ਵਾਲੀ ਕਹਾਣੀ ਤਾਂ ਸਮਝ ਹੀ ਗਏ ਹੋਵੋਗੇ। ਡਾਲਰ ਇਕੱਠੇ ਕਰਨ ਪਿੱਛੇ ਦੀਆਂ ਕਹਾਣੀਆਂ ਨਾਲ ਤਾਂ ਅਸੀਂ ਖੂਹ ਭਰ ਸਕਦੇ ਹਾਂ ਪਰ ਥਾਂ 'ਤੇ ਵਕਤ ਦੀ ਕਮੀ ਹੈ। ਬੱਸ ਇੰਨੀਆਂ ਕੁ ਉਦਾਹਰਣਾਂ ਨਾਲ ਤੁਸੀ ਡਾਲਰਾਂ ਲਈ ਬਹਾਏ ਸਾਡੇ ਮੁੜ੍ਹਕੇ ਦੀ ਮੁਸ਼ਕ ਮਹਿਸੂਸ ਕਰ ਸਕਦੇ ਹੋ। ਹੁਣ ਤੁਸੀਂ ਦੱਸੋ ਕਿ ਜੇ ਸਾਡੇ ਇੱਕ ਦੇ ਚਾਲ੍ਹੀ ਹੁੰਦੇ ਹਨ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਇਹ ਅਖੌਤੀ ਲੀਡਰਾਂ ਜਾਂ ਬਾਬਿਆਂ ਦੀ ਭੇਂਟ ਕਰੀ ਜਾਈਏ। ਹਾਂ, ਵੀਰੋ ਇੱਕ ਗੱਲ ਹੋਰ: ਜੇ ਤੁਸੀ ਖੇਡ ਮੇਲੇ ਜਾਂ ਕੋਈ ਲੋੜਵੰਦ ਲਈ ਜਾਂ ਕਿਸੇ ਸਮਾਜਿਕ ਬੁਰਾਈ ਨੂੰ ਦੂਰ ਕਰਨ ਲਈ ਕਦੇ ਪੈਸੇ ਦੀ ਥੁੜ ਮਹਿਸੂਸ ਕਰੋ ਤਾਂ ਸਾਨੂੰ ਆਪਣੇ ਵਹਾਏ ਮੁੜ੍ਹਕੇ ਦਾ ਭੋਰਾ ਦੁੱਖ ਨਹੀਂ ਹੋਵੇਗਾ।

ਲਓ ਯਾਰੋ, ਅਸੀਂ ਤਾਂ ਪਰਦੇਸੀਂ ਬੈਠੇ ਐਵੇਂ ਹੀ ਰੋਈ ਜਾਨੇ ਆਂ ਧੰਨ ਹੋ ਤੁਸੀ ਜੋ ਇਹਨਾਂ ਲੋਕਾਂ ਨੂੰ ਹਰ ਵਕਤ ਝੱਲਦੇ ਹੋ। ਸਾਡੇ ਕੋਲ ਤਾਂ ਇਹ ਕਦੇ-ਕਦੇ ਹੀ ਆਉਂਦੇ ਹਨ। ਵਾਰੇ ਵਾਰੇ ਜਾਈਏ ਤੁਹਾਡੇ ਜਿਗਰੇ ਦੇ। ਅੰਤ ਵਿੱਚ ਇੱਕ ਤਜ਼ਰਬਾ ਲਿਖਣਾ ਚਾਹੁੰਦੇ ਹਾਂ ਕਿ ਜੇ ਤੁਹਾਨੂੰ ਕੋਈ ਕਹੇ, "ਆਪਣੇ ਦੁੱਖ ਮੈਨੂੰ ਦੇ ਦੇ; ਅਸਲ ਵਿੱਚ ਉਹ ਤੁਹਾਨੂੰ ਹੋਰ ਦੁੱਖ ਦੇਣ ਆਇਆ ਹੁੰਦਾ ਹੈ।

ਤੁਹਾਡੇ ਆਪਣੇ

ਪਰਦੇਸੀ

## ਮਿੰਟੂ ਬਰਾੜ ਦੀ ਚੱਕੀ ਸਿੱਧਾ ਮੈਦਾ ਈ ਪੀਂਹਦੀ ਐ !

ਜਿਸ ਦਿਨ ਦੀ ਵੱਡੇ ਵੀਰ ਮਿੰਟੂ ਬਰਾੜ ਨਾਲ ਧਰਤੀ ਦੇ ਅਲੱਗ-ਅਲੱਗ ਕੋਨਿਆਂ 'ਚ ਬੈਠਿਆਂ ਦੀ ਸਾਂਝ ਬਣੀ ਸੀ, ਓਹ ਦਿਨ ਤਾਂ ਯਾਦ ਨਹੀਂ ਪਰ ਇਉਂ ਮਹਿਸੂਸ ਨਹੀਂ ਹੁੰਦਾ ਕਿ ਕਦੇ ਮਿਲੇ ਵੀ ਨਹੀਂ। ਵੱਡੇ ਵੀਰ ਦਾ ਨਾਂ ਵੀ ਮਿੰਟੂ ਹੋਣ ਕਰਕੇ ਜਦ ਵੀ ਕਦੇ ਮਿੰਟੂ ਬਰਾੜ ਦਾ ਜ਼ਿਕਰ ਹੁੰਦੈ ਤਾਂ ਮੈਂ ਬਿਨ ਜਹਾਜ਼ੋਂ ਪਿੰਡ ਜ਼ਰੂਰ ਪਹੁੰਚ ਜਾਂਦਾ ਹਾਂ। ਆਪਣੇ ਅਨੁਭਵਾਂ ਨੂੰ ਲਫ਼ਜ਼ਾਂ ਦੀ ਲੜੀ 'ਚ ਪਰੋ ਕੇ ਸਾਹਿਤ ਜਗਤ ਦੀ ਝੋਲੀ ਇਹ ਪਲੇਠਾ ਲੇਖ ਸੰਗ੍ਰਹਿ ਪਾਉਣ 'ਤੇ ਜਿੱਥੇ ਮਿੰਟੂ ਬਰਾੜ ਨੂੰ ਵਧਾਈ ਦਿੰਦਾ ਹਾਂ ਉੱਥੇ ਮਾਣ ਵੀ ਮਹਿਸੂਸ ਕਰ ਰਿਹਾ ਹਾਂ ਕਿ ਆਪਣੇ ਨਿੱਕੇ ਵੀਰ ਨੂੰ ਵੀ ਛਪਣ ਤੋਂ ਪਹਿਲਾਂ ਕਿਤਾਬ ਪੜ੍ਹਨ ਦਾ ਮੌਕਾ ਬਖ਼ਸ਼ਿਆ।

ਇਸ ਪੁਸਤਕ ਦੇ ਸੰਦਰਭ 'ਚ ਲਿਖਦਿਆਂ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਮਿੰਟੂ ਬਰਾੜ ਦੇ ਹਰ ਲੇਖ ਵਿਚਲੀ ਸ਼ਬਦਾਵਲੀ ਇੱਕ ਦੂਸਰੇ ਨਾਲੋਂ ਹਟਵੀਂ, ਰੋਚਕ, ਦਿਲ ਟੁੰਬਵੇਂ ਵਿਸ਼ੇ ਅਤੇ ਸੁਨੇਹਿਆਂ ਨਾਲ ਭਰੀ ਹੋਈ ਹੈ। ਜਿੰਨੀ ਕੁ ਨਿਮਰਤਾ, ਹਲੀਮੀ ਅਤੇ ਸਾਕਾਰਾਤਮਕ ਸੋਚ ਦਾ ਮਾਲਕ ਖ਼ੁਦ ਮਿੰਟੂ ਬਰਾੜ ਆਪ ਹੈ, ਓਹੋ ਜਿਹਾ ਕੁਝ ਹੀ ਕੱਲਾ-ਕੱਲਾ ਲਫ਼ਜ਼ ਬੋਲਦਾ ਦਿਖਾਈ ਦਿੰਦਾ ਹੈ। ਮਿੰਟੂ ਬਾਈ ਦੀ ਇਸ ਯੁਕਤ ਤੋਂ ਬਲਿਹਾਰੇ ਜਾਂਦਾ ਹਾਂ ਕਿ ਜੇਕਰ ਕਿਧਰੇ ਤਿੱਖੇ ਸ਼ਬਦ ਵਰਤੇ ਵੀ ਹਨ ਤਾਂ ਇਸ ਢੰਗ ਨਾਲ ਕਿ ਪੜ੍ਹਨ ਵਾਲੇ ਨੂੰ ਓਪਰੇ ਨਾ ਲੱਗਣ ਸਗੋਂ ਸੰਬੰਧਿਤ ਹਸਤੀ ਜ਼ਰੂਰ ਤਿਲਮਿਲਾ ਉੱਠੇ ਤੇ ਸੋਚਣ ਲਈ ਮਜਬੂਰ ਹੋਵੇ। ਹਰ ਲੇਖ ਦੇ ਅੱਗੇ ਉਸ ਲੇਖ ਨਾਲ ਸੰਬੰਧਿਤ ਮੁੱਖ ਘਟਨਾਕ੍ਰਮ (ਕਿ ਲੇਖ ਕਿਉਂ ਲਿਖਿਆ ਹੈ ?) ਇੱਕ ਵਿਲੱਖਣ ਸ਼ੁਰੂਆਤ ਲੱਗੀ। ਮਿੰਟੂ ਵੀਰ, ਇਹੀ ਕਹਾਂਗਾ ਕਿ "ਤੇਰੇ ਪੀਠੇ ਦਾ ਕੀ ਛਾਨਣਾ ? ਮਿੰਟੂ ਬਰਾੜ ਦੀ ਚੱਕੀ ਸਿੱਧਾ ਮੈਦਾ ਈ ਪੀਂਹਦੀ ਐ।''......ਦੁਆ ਕਰਦਾ ਹਾਂ ਕਿ ਤੁਹਾਡੀ ਕਲਮ ਦੀ ਨੋਕ ਪਾਟੇ ਸੀਨਿਆਂ ਨੂੰ ਇੱਕ ਸੁਘੜ ਸਿਆਣੇ ਵੈਦ ਵਾਂਗ ਤੰਦਰੁਸਤੀ ਦਾ ਸਬਕ ਦਿੰਦੀ ਰਹੇ।

- ਮਨਦੀਪ ਖੁਰਮੀ ਹਿੰਮਤਪੁਰਾ

## ਆਸਟ੍ਰੇਲੀਆ ! ਤੈਨੂੰ ਢੇਰ ਸਾਰੇ ਗੁਰਸ਼ਮਿੰਦਰਾਂ ਦੀ ਲੋੜ

ਗੁਰਸ਼ਮਿੰਦਰ ਸਿੰਘ ਉਰਫ਼ ਮਿੰਟੂ ਬਰਾੜ ਪੰਜਾਬੀ ਭਾਈਚਾਰੇ ਦੇ ਸਰਬਕਾਲੀ ਮਸਲਿਆਂ ਅਤੇ ਸਮਕਾਲੀ ਸਮੱਸਿਆਵਾਂ ਬਾਰੇ ਡੂੰਘੀ ਸ਼ਿੱਦਤ ਨਾਲ ਲਿਖਦਾ ਹੈ। ਭਵਿੱਖ 'ਚ ਸ਼ਖ਼ਸੀਅਤਾਂ ਨੂੰ ਰੱਤਾ ਗੋਹ ਨਾਲ ਪਰਖ ਕੇ ਲਿਖਿਆ ਇਹ ਦੀ ਲਿਖਤ ਦੀ ਪੁਖ਼ਤਗੀ ਤੇ ਸ਼ਖ਼ਸੀਅਤ ਨੂੰ ਕਿਤੇ ਦੀ ਕਿਤੇ ਲੈ ਜਾਵੇਗਾ। ਆਸਟ੍ਰੇਲੀਆ ! ਤੈਨੂੰ ਢੇਰ ਸਾਰੇ ਗੁਰਸ਼ਮਿੰਦਰਾਂ ਦੀ ਲੋੜ ਹੈ।

**ਰਣਜੀਤ ਖੇੜਾ**

**ਸਿਡਨੀ-ਆਸਟ੍ਰੇਲੀਆ**

# ਸਾਨੂੰ ਨਸਲਵਾਦ ਨਹੀਂ; ਅਸਲਵਾਦ ਨੇ ਮਾਰਿਆ

ਇਸ ਘੋਰ ਕਲਯੁੱਗ 'ਚ ਇਹ ਇੱਕ ਕੌੜੀ ਸਚਾਈ ਹੈ ਕਿ ਜਿਨਾਂ ਆਪਣੇ ਇੱਕ ਦੂਜੇ ਦੇ ਵੈਰੀ ਬਣੇ ਹੋਏ ਹਨ ਉੱਨੇ ਬੇਗਾਨੇ ਨਹੀਂ। ਜਦੋਂ ਇਹੋ ਜਿਹਾ ਕੁਝ ਬੇਗਾਨੀ ਧਰਤੀ ਤੇ ਹੁੰਦਾ ਹੈ ਤਾਂ ਇਹ ਵਰਤਾਰਾ ਹੋਰ ਵੀ ਦਿਲ ਨੂੰ ਧੂਹ ਪਾਉਣ ਵਾਲਾ ਹੁੰਦਾ ਹੈ। ਸਾਲ 2010 'ਚ ਇੱਕ ਦਿਨ ਉੱਘੇ ਟੀ.ਵੀ. ਸਮੀਖਿਅਕ ਪ੍ਰੋ ਕੁਲਬੀਰ ਸਿੰਘ ਐਡੀਲੇਡ ਫੇਰੀ 'ਤੇ ਆਏ ਤਾਂ ਅਸੀਂ ਕੁਝ ਕੁ ਮਿੱਤਰਾਂ ਨਾਲ ਐਡੀਲੇਡ ਦੇ ਦਾਰਸ਼ਨਿਕ ਥਾਵਾਂ 'ਤੇ ਘੁੰਮ ਰਹੇ ਸੀ ਤਾਂ ਵੀਹ-ਤੀਹ ਮੁੰਡਿਆਂ ਦਾ ਕਾਫ਼ਲਾ ਸਾਨੂੰ ਮਿਲਣ ਆਇਆ ਤੇ ਉਨ੍ਹਾਂ ਸਾਨੂੰ ਆਪਣੀ ਤਕਲੀਫ਼ ਮੀਡੀਆ ਰਾਹੀਂ ਦੁਨੀਆਂ ਮੂਹਰੇ ਲਿਆਉਣ ਦੀ ਗੁਜ਼ਾਰਿਸ਼ ਕੀਤੀ। ਮੈਂ ਪਿਛਲੇ ਕਾਫ਼ੀ ਚਿਰਾਂ ਤੋਂ ਇਹੋ ਜਿਹੇ ਵਰਤਾਰੇ ਸਿਰਫ਼ ਇਸ ਲਈ ਅੱਖੋਂ ਓਹਲੇ ਕਰ ਰਿਹਾ ਸੀ ਕਿ ਆਪਣਾ ਕੁੜਤਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ। ਪਰ ਇਸ ਕਾਂਡ ਨੇ ਮੈਨੂੰ ਇਹ ਲੇਖ ਲਿਖਣ ਲਈ ਮਜਬੂਰ ਕਰ ਦਿੱਤਾ।



ਸਾਊਥ ਆਸਟ੍ਰੇਲੀਆ ਦੀ ਮਲਟੀ ਕਲਚਰ ਮੰਤਰੀ ਮਾਨਯੋਗ ਜੈਨੀਫਰ ਰਿਨਕਨ ਨਾਲ ਲੇਖਕ

# ਸਾਨੂੰ ਨਸਲਵਾਦ ਨਹੀਂ; ਅਸਲਵਾਦ ਨੇ ਮਾਰਿਆ

ਅੱਜ ਫੇਰ ਤੁਹਾਡੇ ਮੂਹਰੇ ਉਹੀ ਕਹੀ ਤੇ ਕੁਹਾੜੀ ਲੈ ਕੇ ਬਹਿ ਗਿਆ ਹਾਂ। ਬਹੁਤ ਸਾਰੇ ਪਾਠਕ ਸੋਚਣਗੇ ਕਿ ਮੇਰੇ ਕੋਲ ਸ਼ਾਇਦ ਲਿਖਣ ਨੂੰ ਕੁੱਝ ਬਾਕੀ ਨਹੀਂ ਰਿਹਾ ਤੇ ਇਸੇ ਲਈ ਵਾਰ-ਵਾਰ ਉਹੀ ਘਸਿਆ-ਪੁਰਾਣਾ ਮੁੱਦਾ ਲੈ ਕੇ ਬਹਿ ਜਾਂਦਾ ਹਾਂ। ਪਰ ਦੋਸਤੋ ਲਿਖਣ ਨੂੰ ਤਾਂ ਬਹੁਤ ਕੁੱਝ ਹੈ। ਪਰ, ਜਿੰਨਾਂ ਕਹਾਣੀਆਂ ਨੇ ਕਿਸੇ ਦਾ ਕੁੱਝ ਸੰਵਾਰਨਾ ਹੀ ਨਹੀਂ ਉਹ ਪਾਉਣੀਆਂ ਵਕਤ ਦੀ ਬਰਬਾਦੀ ਤੋਂ ਵੱਧ ਹੋਰ ਕੁੱਝ ਵੀ ਨਹੀਂ ਹਨ ਅਤੇ ਦੂਜੀ ਗੱਲ ਜਦੋਂ ਅੱਖਾਂ ਦੇ ਸਾਹਮਣੇ ਹਕੀਕਤ ਦੇਖ ਰਹੇ ਹੋਈਏ ਤਾਂ ਕਲਪਨਾਵਾਂ ਕਰਨ ਦੀ ਕੀ ਲੋੜ ਹੈ ? ਹਕੀਕਤ ਵੀ ਇਹੋ ਜਿਹੀ ਜਿਸ ਨੇ ਇੱਕ ਨਹੀਂ ਲੱਖਾਂ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੋਵੇ। ਸੋ ਦੋਸਤੋ ਭਾਵੇਂ ਮੁੱਦਾ ਉਹੀ ਪੁਰਾਣਾ ਆਸਟ੍ਰੇਲੀਆ ਵਿੱਚ ਚੰਗੇ ਭਵਿੱਖ ਦੀ ਭਾਲ 'ਚ ਆਏ ਲੱਖਾਂ ਭਾਰਤੀ ਵਿਦਿਆਰਥੀਆਂ ਦੇ ਉੱਤੇ ਹੀ ਘੁੰਮਦਾ ਹੈ ਪਰ ਹੁਣ ਜੋ ਮੋੜ ਇਹ ਮਾਮਲਾ ਲੈ ਚੁੱਕਿਆ ਹੈ ਉਸ ਦਾ ਵਿਸਥਾਰ ਤੁਹਾਡੇ ਨਾਲ ਸਾਂਝਾ ਕਰਨ ਲਈ ਇਹ ਲੇਖ ਲਿਖਣਾ ਮੇਰੀ ਮਜਬੂਰੀ ਬਣ ਗਿਆ ਸੀ।

ਆਸਟ੍ਰੇਲੀਆ ਪੜ੍ਹਨ ਆਉਣ ਤੋਂ ਪਹਿਲਾਂ ਇੰਡੀਆ ਵਿੱਚ ਆਈਲਟਸ ਦੀ ਤਿਆਰੀ ਵੇਲੇ ਇੰਟਰਵਿਊ ਦੀ ਪ੍ਰੈਕਟਿਸ ਕਰ ਰਹੇ ਹਰ ਵਿਦਿਆਰਥੀ ਤੋਂ ਇੱਕ ਸਵਾਲ ਪੁੱਛਿਆ ਜਾਂਦਾ ਹੈ ਕਿ, ਤੁਸੀ ਆਸਟ੍ਰੇਲੀਆ ਕੀ ਲੈਣ ਜਾ ਰਹੇ ਹੋ ? ਤਾਂ ਹਰ ਇੱਕ ਦਾ ਇੱਕੋ ਜਵਾਬ ਹੁੰਦਾ ਹੈ ਕਿ ਚੰਗੇ ਭਵਿੱਖ ਲਈ। ਇਹ ਕੋਈ ਘੜਿਆ-ਘੜਾਇਆ ਜਵਾਬ ਨਹੀਂ ਹੁੰਦਾ ਬਲਕਿ ਇੱਕ ਨਿਰੋਲ ਸੱਚ ਹੁੰਦਾ ਹੈ। ਪਰ ਅੱਜ ਇਹੀ ਸੱਚ ਸਰਾਪ ਦਾ ਰੂਪ ਧਾਰਨ ਕਰਕੇ ਚੰਗੇ ਭਵਿੱਖ ਦੇ ਸੌਦਾਗਰਾਂ ਨੂੰ ਇੱਕ-ਇੱਕ ਕਰਕੇ ਨਿਗਲ਼ ਰਿਹਾ ਹੈ। ਇਸ ਉਲਝ ਚੁੱਕੇ ਤਾਣੇ-ਬਾਣੇ ਨੂੰ ਸੁਲਝਣਾ ਸੁਖਾਲਾ ਨਹੀਂ ਜਾਪ ਰਿਹਾ। ਪਰ ਆਪਾਂ 'ਆਪਾ-ਪੜਚੋਲ' ਜ਼ਰੂਰ ਕਰ ਸਕਦੇ ਹਾਂ ਕਿ ਅੱਜ ਜੋ ਹਾਲਾਤ ਬਣੇ ਹਨ ਉਸ ਪਿੱਛੇ ਦੋਸ਼ੀ ਕੌਣ ਹੈ ?

ਦੋਸ਼ੀ ਦੱਸਣ ਦੀ ਲੋੜ ਨਹੀਂ ਕਿਉਂਕਿ ਉਹ ਤਾਂ ਇਸ ਲੇਖ ਦਾ ਸਿਰਲੇਖ ਹੀ ਦੱਸ ਰਿਹਾ ਹੈ ਕਿ 'ਸਾਨੂੰ ਨਸਲਵਾਦ ਨਹੀਂ ਅਸਲਵਾਦ ਨੇ ਮਾਰਿਆ'। ਸਭ ਤੋਂ ਪਹਿਲਾਂ ਨਸਲਵਾਦ ਤੇ ਅਸਲਵਾਦ ਦੇ ਅੱਖਰੀਂ ਅਰਥ ਜਾਣਨੇ ਬਹੁਤ ਜ਼ਰੂਰੀ ਹਨ। ਨਸਲਵਾਦ ਤਾਂ ਹਰ ਇੱਕ ਦੇ ਸਮਝ ਆਉਣ ਵਾਲਾ ਸ਼ਬਦ ਹੈ ਪਰ ਅਸਲਵਾਦ ਹਾਲੇ ਤੱਕ ਕਿਸੇ ਸ਼ਬਦ-ਕੋਸ਼ ਦਾ ਹਿੱਸਾ ਨਹੀਂ ਹੈ। ਪਰ ਕਈ ਵਾਰ ਕੁੱਝ ਖ਼ਾਸ ਹਾਲਾਤ ਨਵੇਂ ਸ਼ਬਦ ਦੀ ਉਤਪਤੀ ਕਰ ਦਿੰਦੇ ਹਨ। ਅੱਜ ਆਸਟ੍ਰੇਲੀਆ ਵਿੱਚ ਪੈਦਾ ਹੋਏ ਹਾਲਤਾਂ ਨੇ ਅਸਲਵਾਦ ਸ਼ਬਦ ਨੂੰ ਜਨਮ ਦਿੱਤਾ ਹੈ। ਸਰਲ ਭਾਸ਼ਾ ਵਿੱਚ ਇਸ ਦਾ ਅਰਥ 'ਆਪਣਿਆਂ ਵੱਲੋਂ ਕੀਤਾ ਦੁਰਵਿਹਾਰ' ਕਿਹਾ ਜਾ ਸਕਦਾ ਹੈ। ਕਿਉਂਕਿ ਇਸ ਲੇਖ ਵਿੱਚ ਸਾਨੂੰ ਇਹ ਸ਼ਬਦ ਵਾਰ-ਵਾਰ ਵਰਤਣਾ ਪਵੇਗਾ ਸੋ ਅਸੀਂ ਇਥੇ ਆਪਣਿਆਂ ਨੂੰ ਅਸਲੀ ਤੇ ਗ਼ੈਰਾਂ ਨੂੰ ਨਸਲੀ ਕਹਿ ਕੇ ਸੰਬੋਧਨ ਕਰਾਂਗੇ। ਭਾਵੇਂ ਮੇਰੇ ਧਰਮ ਵਿੱਚ ਇਹੋ ਜਿਹੇ ਸ਼ਬਦਾਂ ਲਈ ਕੋਈ ਥਾਂ ਨਹੀਂ ਕਿਉਂਕਿ ਸਾਡਾ ਧਰਮ ਤਾਂ ਕਹਿੰਦਾ ਹੈ ਕਿ, 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ'। ਪਰ ਇਸ ਕਲਯੁਗੀ ਵਕਤ ਵਿੱਚ ਅਸੀਂ ਕਿੰਨਾ ਕੁ ਧਰਮ ਨਿਭਾ ਰਹੇ ਹਾਂ ? ਜੇ ਇੱਕ ਹੋਰ ਕੁਤਾਹੀ ਕਰ ਲਵਾਂਗੇ ਤਾਂ ਕੀ ਫ਼ਰਕ ਪੈਣ ਲੱਗਾ।

ਇਸ ਸਾਰੇ ਕਾਂਡ ਨੂੰ ਵਿਸਥਾਰ 'ਚ ਜਾਨਣ ਲਈ ਕੁੱਝ ਸਾਲ ਪਿੱਛੇ ਮੁੜ ਕੇ ਦੇਖਣਾ ਪਵੇਗਾ।

ਜਦੋਂ ਤੋਂ ਆਸਟ੍ਰੇਲੀਆ ਵਿੱਚ ਸਟੂਡੈਂਟਸ ਦੀ ਆਮਦ ਸ਼ੁਰੂ ਹੋਈ ਹੈ ਉਸੇ ਦਿਨ ਤੋਂ ਇਹ ਨਸਲੀਆਂ ਦੀ ਅੱਖ ਵਿੱਚ ਭਾਵੇਂ ਇਹ ਰੜਕੇ ਹੋਣ ਜਾਂ ਨਾ ਪਰ ਅਸਲੀਆਂ ਦੀ ਅੱਖ ਵਿੱਚ ਰੋੜ੍ਹ ਵਾਂਗੂੰ ਚੁਭ ਰਹੇ ਹਨ। ਇਸ ਦਾ ਕਾਰਨ ਸੀ ਨਵੇਂ ਆਏ ਮੁੰਡਿਆਂ ਦਾ ਵਰਤਾਰਾ। ਜਿਸ ਦਾ ਅਸਲੀ ਕਾਰਨ ਦੋ ਸੱਭਿਆਚਾਰਾਂ ਦਾ ਫ਼ਰਕ ਸੀ। ਕਹਿੰਦੇ ਹਨ ਕਿ ਸਪਰਿੰਗ ਨੂੰ ਜਿੰਨਾਂ ਦੱਬੀ ਰੱਖੋਗੇ ਛੱਡਣ ਤੇ ਉਹ ਉਨ੍ਹਾਂ ਜ਼ਿਆਦਾ ਹੀ ਬੁੜ੍ਹਕਦਾ। ਇੰਡੀਆ ਵਿੱਚ 'ਲੋਕ ਕੀ ਕਹਿਣਗੇ' ਦੇ ਭਾਰ ਥੱਲੇ ਦੱਬਿਆ ਇਹ ਸਟੂਡੈਂਟ ਰੂਪੀ ਸਪਰਿੰਗ ਜਦ ਆਸਟ੍ਰੇਲੀਆ ਦੀ ਖੁੱਲ੍ਹੀ ਹਵਾ ਵਾਲੇ ਮੈਦਾਨ ਵੱਲ ਨੂੰ ਮੂੰਹ ਕਰਕੇ ਛਡਿਆ ਤਾਂ ਉਸ ਨੇ ਆਪਣੀ ਅਪਚਾਰਿਕਤਾ ਤਾਂ ਨਿਭਾਉਣੀ ਹੀ ਸੀ। ਜੋ ਸਾਡੇ ਇਥੇ ਸਥਾਪਿਤ ਹੋ ਚੁੱਕੇ ਸਮਾਜ ਨੂੰ ਚੰਗੀ ਨਹੀਂ ਲੱਗੀ ਤੇ ਪਹਿਲੇ ਦਿਨ ਤੋਂ ਹੀ ਦੋਹਾਂ ਦਰਮਿਆਨ ਪਾੜਾ ਪੈ ਗਿਆ। ਬੱਸ ਇੱਥੋਂ ਚੱਲੀ ਇਹ ਰੀਤ ਹਾਲੇ ਤੱਕ ਨਿਰਵਿਘਨ ਜਾਰੀ ਹੈ। ਅਸਲ ਵਿੱਚ ਇਹ ਸੀ ਵੀ ਨਾ ਹਜ਼ਮ ਹੋਣ ਵਾਲੀ ਗੱਲ ਪਰ ਇਸ ਦਾ ਹੱਲ ਕੱਢਿਆ ਜਾ ਸਕਦਾ ਸੀ।

ਤੁਹਾਨੂੰ ਰਾਹੇ ਵਗਾਹੇ ਜਾਂਦੇ ਇਹੋ ਜਿਹੇ ਇਨਸਾਨ ਆਮ ਮਿਲ ਜਾਣਗੇ ਜੋ ਇਹ ਕਹਿੰਦੇ ਆਮ ਸੁਣੇ ਜਾ ਸਕਦੇ ਹਨ ਕਿ 'ਬਈ ਸੁੱਖ ਨਾਲ ਬੜੀਆਂ ਰੌਣਕਾਂ ਲੱਗ ਗਈਆਂ ਹੁਣ ਤਾਂ ਆਸਟ੍ਰੇਲੀਆ ਵਿੱਚ ਆਪਣੇ ਲੋਕਾਂ ਦੀਆਂ ਕਿਆ ਬਾਤ ਹੈ' ਪਰ ਮੈਨੂੰ ਨਹੀਂ ਲਗਦਾ ਉਹ ਇਹ ਗੱਲ ਦਿਲੋਂ ਕਹਿ ਰਹੇ ਹੋਣ, ਕਿਉਂਕਿ ਜੇ ਉਹ ਇਹ ਦਿਲੋਂ ਕਹਿੰਦੇ ਹੁੰਦੇ ਤਾਂ ਇਹ ਕੋਈ ਖ਼ਾਸ ਮਸਲਾ ਨਹੀਂ ਸੀ। ਇਸ ਬੁੜ੍ਹਕਦੇ ਸਪਰਿੰਗ ਨੂੰ ਤਜਰਬੇਕਾਰ 'ਅਸਲੀ' ਬੜੀ ਆਸਾਨੀ ਨਾਲ ਕਾਬੂ ਕਰ ਸਕਦੇ ਸਨ। ਪਰ ਕਿਸੇ ਨੇ ਵੀ ਇੱਕ ਦੂਜੇ ਨਾਲ ਗੱਲਾਂ ਕਰਨ ਤੋਂ ਬਿਨਾਂ ਇਸ ਦਾ ਹੱਲ ਕੱਢਣ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਵਿੱਚੋਂ ਕੁਝ ਨਵਿਆਂ ਨੂੰ ਨਿੰਦਣ ਤੋਂ ਪਹਿਲਾਂ ਆਪਣਾ ਵਕਤ ਭੁੱਲ ਗਏ ਜਦੋਂ ਉਹ ਇੱਥੇ ਆਏ ਸਨ।

ਕੁੱਝ ਇੰਜ ਹੀ ਰਲਦੀ ਮਿਲਦੀ ਗੱਲ ਜੋ ਮੇਰੇ ਨਾਲ ਵਾਪਰੀ ਮੈਂ ਉਹ ਇੱਥੇ ਲਿਖਣੀ ਚਾਹਾਂਗਾ। ਇੱਕ ਦਿਨ ਜਦੋਂ ਲੰਗਰ ਪਾਣੀ ਛੱਕ ਕੇ ਅਸੀਂ ਗੁਰਦੁਆਰਾ ਸਾਹਿਬ ਦੇ ਬਾਹਰ ਖੜ੍ਹੇ ਖੁੰਢ ਚਰਚਾ ਕਰ ਰਹੇ ਸੀ, ਤਾਂ ਇੱਕ ਨਵੇਂ ਆਏ ਮੁੰਡੇ ਨੂੰ ਇੱਕ ਪੁਰਾਣਾ ਬੰਦਾ ਬੜੇ ਹੀ ਅਟ-ਪਟੇ ਜਿਹੇ ਅੰਦਾਜ਼ ਵਿੱਚ ਕਹਿੰਦਾ ਫੋਬ ! ਜਿਸ ਦਾ ਮਤਲਬ ਬਹੁਤ ਸਾਰੇ ਵੀਰ ਜਾਣਦੇ ਹੋਣਗੇ ਤੇ ਬਾਕੀਆਂ ਲਈ 'ਫੋਬ'; 'ਫਰੈੱਸ਼ ਆਫ਼ ਦੀ ਬੋਟ' ਸਿੱਧੀ ਭਾਸ਼ਾ 'ਚ ਕਹੀਏ ਤਾਂ 'ਹਾਲੇ ਜਿਸ ਨੇ ਨਵੀਂ ਦੁਨੀਆ ਨਹੀਂ ਦੇਖੀ'। ਇਹ ਸ਼ਬਦ ਜਾਂ ਇਸ ਦੇ ਅਰਥ ਇੰਨੇ ਮਾੜੇ ਨਹੀਂ ਸੀ, ਜਿੰਨਾਂ ਉਸ ਕਹਿਣ ਵਾਲੇ ਦਾ ਅੰਦਾਜ਼। ਮੇਰੇ ਤੋਂ ਵੀ ਚੁੱਪ ਰਹਿ ਨਾ ਹੋਇਆ। ਮੈਂ ਉਸ ਨੂੰ ਪੁੱਛਿਆ ਕਿ ਤੁਸੀ ਇਸ ਮੁੰਡੇ ਨੂੰ ਜਾਣਦੇ ਹੋ ? ਅੱਗੋਂ ਕਹਿੰਦਾ ਨਹੀਂ ਐਵੇਂ ਲੱਲੀ-ਛੱਲੀ ਤੁਰੀ ਆਉਂਦੀ ਆ ਇੱਧਰ ਨੂੰ ਮੂੰਹ ਚੱਕੀ।

ਮੈਂ ਗੱਲ ਬਦਲਦੇ ਹੋਏ ਉਸ ਭੱਦਰ ਪੁਰਸ ਨੂੰ ਪੁੱਛਿਆ ਜਦੋਂ ਤੁਸੀ ਇੱਥੇ ਆਏ ਸੀ ਉਸ ਵਕਤ ਮਾਹੌਲ ਕਿਵੇਂ ਸੀ ? ਜਨਾਬ ਕਹਿੰਦੇ, ਅਸੀਂ ਇੱਕ ਗਰੀਕੀ ਸਮੁੰਦਰੀ ਬੇੜੇ ਤੋਂ ਉੱਤਰ ਕੇ ਲੁੱਕ ਗਏ ਸੀ। ਇੱਕ ਬੋਰੀ 'ਚ ਸਾਡੀ ਸਾਰੀ ਕਬੀਲਦਾਰੀ ਹੁੰਦੀ ਸੀ, ਇਮੀਗ੍ਰੇਸ਼ਨ ਤੋਂ ਡਰਦੇ ਇੱਕ ਰਾਤ ਕਿਤੇ ਤੇ ਇੱਕ ਰਾਤ ਕਿਤੇ। ਅੰਗਰੇਜ਼ੀ ਆਉਂਦੀ ਨਹੀਂ ਸੀ ਪਹਿਲੀ ਵਾਰ ਜਹਾਜ਼ ਚੜ੍ਹ ਕੇ ਬਰਫ਼ ਨੂੰ

ਆਈਸ ਦੀ ਥਾਂ 'ਤੇ ਸਨੋ ਕਹਿ ਕੇ ਮੰਗਿਆ ਸੀ। ਜਨਾਬ ਆਪਣੀਆਂ ਭੱਦਰਕਾਰੀਆਂ ਇਕੋ ਸਾਹ ਦੱਸਦੇ ਹੋਏ ਅਖੀਰ ਨੂੰ ਕਹਿੰਦੇ ਸ਼ੁਕਰ ਹੈ ਗੋਰਿਆਂ ਦਾ ਜਿਨ੍ਹਾਂ ਇੱਕ ਮਤਾ ਪਾਸ ਕਰਕੇ ਇੱਕੋ ਦਿਨ 'ਚ ਸਾਰਿਆਂ ਨੂੰ ਪੱਕਾ ਕਰ ਦਿਤਾ। ਮੈਂ ਕਿਹਾ ਫੇਰ ਤਾਂ ਬੜਾ ਫ਼ਰਕ ਹੈ ਇਸ 'ਫੋਬ' ਤੇ ਤੁਹਾਡੇ ਵੇਲੇ ਦ ੇ 'ਫੋਬ' 'ਚ ਤਾਂ। ਉਹ ਕਹਿੰਦਾ ਉਹ ਕਿਵੇਂ ? ਮੈਂ ਉਸ ਨੂੰ ਦੱਸਿਆ ਆਹ ਜਿਸ ਨੂੰ ਤੁਸੀ ਹੁਣੇ ਫੋਬ ਕਿਹਾ ਸੀ ਇਸ ਨੇ ਮਾਸਟਰਜ਼ ਕੀਤੀ ਹੋਈ ਹੈ। ਮੂਹਰੋਂ ਕਹਿੰਦਾ ਏਸ ਨੇ ਕੀਤੀ ਹੋਵੇਗੀ ਸਾਰਿਆਂ ਨੇ ਤਾਂ ਨਹੀਂ। ਮੈਂ ਉਸ ਨੂੰ ਪੁੱਛਿਆ ਕਿ ਤੁਸੀ ਇੱਕ ਗੱਲ ਤਾਂ ਮੰਨਦੇ ਹੋ ਕਿ ਨਵੇਂ ਆਏ ਬੰਦੇ ਨੂੰ ਦੂਜੇ ਦੀ ਮਦਦ ਦੀ ਲੋੜ ਹੁੰਦੀ ਹੈ ? ਜੋ ਤੁਹਾਨੂੰ ਗ਼ੈਰਾਂ ਵੱਲੋਂ ਮਿਲੀ ਤੇ ਅੱਜ ਇਹਨਾਂ ਨੂੰ ਵੀ ਸਹਾਰਾ ਚਾਹੀਦਾ ਹੈ ? ਅੱਜ ਜਦੋਂ ਆਪਣੇ ਹੀ ਸਹਾਰਾ ਦੇਣ ਦੇ ਕਾਬਿਲ ਹਨ, ਤਾਂ ਉਹ ਆਪਣੇ ਫ਼ਰਜ਼ ਤੋਂ ਕੰਨੀ ਕਿਉਂ ਕਤਰਾ ਰਹੇ ਹਨ ? ਅੱਗੋਂ ਕਹਿੰਦਾ ਅਸੀਂ ਕੀ ਇਹਨਾਂ ਨੂੰ ਕਾਰਡ ਦੇ ਕੇ ਬੁਲਾਇਆ ਸੀ। ਇਸ ਕਾਂਡ ਨਾਲ ਹੁਣ ਤੁਹਾਨੂੰ ਉਪਰੋਕਤ ਲਿਖੀ ਗੱਲ ਕਿ 'ਹੁਣ ਤਾਂ ਸੁੱਖ ਨਾਲ ਰੌਣਕਾਂ ਲਗ ਗਈਆਂ' ਕਹਿਣ ਵਾਲਿਆਂ ਦੇ ਅੰਦਰ ਦੀ ਆਵਾਜ਼ ਜ਼ਰੂਰ ਸੁਣ ਗਈ ਹੋਵੇਗੀ।

ਗੱਲ ਅੱਗੇ ਤੋਰਦੇ ਹਾਂ, ਪਿਛਲੇ ਹਾਦਸਿਆਂ ਨੂੰ ਸੰਖੇਪ ਵਿੱਚ ਦੇਖੋ ਜੋ ਕਿ ਪ੍ਰਮਾਣਿਤ ਹੋ ਚੁੱਕੇ ਹਨ। ਇਹ ਕਿੰਨੇ ਨਸਲੀ ਸਨ ਤੇ ਕਿੰਨੇ ਅਸਲੀ। ਇਸ ਕਾਰਜ ਦੀ ਸ਼ੁਰੂਆਤ ਮਾਈਗਰੇਸ਼ਨ ਦੇ ਏਜੰਟ ਤੋਂ ਹੁੰਦੀ ਹੈ। ਝੂਠੇ ਸੁਪਨੇ ਦਿਖਾਉਣ ਵਾਲੇ ਇਹ ਸ਼ਖ਼ਸ ਵੀ 'ਅਸਲੀ' ਹੀ ਸਨ। ਜੇ ਸਟੂਡੈਂਟਸ ਨੇ ਨਾਅਰੇ-ਮੁਜ਼ਾਹਰਿਆਂ ਦਾ ਰਾਹ ਅਪਣਾਇਆ ਸੀ ਤਾਂ ਉਸ ਪਿੱਛੇ ਵੀ ਕੁੱਝ ਅਸਲੀਆਂ ਦਾ ਹੀ ਦਿਮਾਗ਼ ਸੀ ਤੇ ਉਨ੍ਹਾਂ ਦੀ ਇਹ ਸਕੀਮ ਕਾਮਯਾਬ ਵੀ ਹੋ ਗਈ ਸੀ। ਜਿਸ ਮੀਡੀਏ ਨੇ ਉਸ ਵਕਤ ਵੱਧ ਚੜ੍ਹ ਕੇ ਰੌਲਾ ਪਾਇਆ ਉਹ ਵੀ 'ਅਸਲੀ' ਸੀ। ਕਤਲ ਹੋਣ 'ਤੇ ਕਤਲ ਕਰਨ ਵਾਲੇ ਵੀ ਜ਼ਿਆਦਾਤਰ 'ਅਸਲੀ' ਹੀ ਸਨ। ਅੰਨ੍ਹੇਵਾਹ ਕਾਲਜ ਖੋਲ੍ਹਣ ਵਾਲੇ ਵੀ 'ਅਸਲੀ' ਹੀ ਸੀ। ਮਜਬੂਰ ਸਟੂਡੈਂਟਸ ਤੋਂ ਮਹੀਨਾ-ਮਹੀਨਾ ਕੰਮ ਕਰਵਾ ਕੇ ਪੈਸੇ ਮਾਰਨ ਵਾਲੇ ਵੀ 'ਅਸਲੀ' ਹੀ ਹਨ। ਝੂਠੇ ਤਜਰਬੇ ਦੇ ਸਰਟੀਫਿਕੇਟ ਦੇਣ ਲਈ ਹਜ਼ਾਰਾਂ ਡਾਲਰ ਲੈਣ ਵਾਲੇ ਵੀ 'ਅਸਲੀ' ਹੀ ਹਨ। 5-5 ਡਾਲਰ ਘੰਟਾ ਕੰਮ ਕਰਵਾਉਣ ਵਾਲੇ ਵੀ 'ਅਸਲੀ' ਹੀ ਹਨ।

ਇਸ ਤੋਂ ਵੀ ਅੱਗੇ ਦੀ ਗੱਲ ਸੁਣ ਲਵੋ ਜੋ ਤੁਸੀ ਸਭ ਨੇ ਕਈ-ਕਈ ਵਾਰ ਕਹੀ ਸੁਣੀ ਹੋਵੇਗੀ, ਉਹ ਇਹ ਕਿ ਜਦੋਂ ਵੀ ਕੋਈ ਨਵਾਂ 'ਅਸਲੀ' ਇਥੇ ਆਉਂਦਾ ਹੈ ਤਾਂ ਅਸੀਂ ਉਸ ਨੂੰ ਇਸ ਸੱਚ ਤੋਂ ਜਾਣੂ ਕਰਵਾਉਣਾ ਆਪਣਾ ਫ਼ਰਜ਼ ਸਮਝਦੇ ਹਾਂ, ਕਿ ਜਿੱਥੇ ਮਰਜ਼ੀ ਕੰਮ ਕਰ ਲਈਂ ਆਪਣੇ ਦੇਸੀ ਦੇ ਨਾ ਕਰੀ। ਕਿਉਂ ? ਕਿਉਂ ਦਾ ਜਵਾਬ ਦੇਣ ਦੀ ਲੋੜ ਨਹੀਂ ਤੁਸੀ ਆਪ ਹੀ ਸਮਝਦਾਰ ਹੋ। ਪਰ ਮੈਂ ਆਪਣੀ ਜਿਗਿਆਸਾ ਮਿਟਾਉਣ ਲਈ ਅਕਸਰ ਹੀ ਇਹ ਸਵਾਲ ਨਵੇਂ ਤੇ ਪੁਰਾਣਿਆਂ ਨੂੰ
ਕਰਦਾ ਰਹਿੰਦਾ ਹਾਂ ਤੇ ਇਹਨਾਂ ਸਾਰੀਆਂ ਦੇ ਜਵਾਬਾਂ ਦਾ ਨਿਚੋੜ ਇੱਕ ਦੂਜੇ ਤੇ ਚਿੱਕੜ ਸੁੱਟਣ ਤੋਂ ਜ਼ਿਆਦਾ ਕੁੱਝ ਨਹੀਂ ਹੁੰਦਾ। ਪੁਰਾਣੇ ਕਹਿੰਦੇ ਆ ਕੰਮ ਇਹਨਾਂ ਨੂੰ ਨਹੀਂ ਕਰਨਾ ਆਉਂਦਾ, ਕਸਟਮਰ ਸਰਵਿਸ ਇਹਨਾਂ ਨੂੰ ਨਹੀਂ ਆਉਂਦੀ ਤੇ ਜਦੋਂ ਨੂੰ ਕੁੱਝ ਸਿਖਾਉਂਦੇ ਹਾਂ ਤਾਂ ਇਹ ਕਿਤੇ ਹੋਰ ਭੱਜ ਜਾਂਦੇ ਹਨ। ਜਦੋਂ ਨਵਿਆਂ ਦੇ ਦੁਖੜੇ ਸੁਣਦੇ ਹਾਂ ਤਾਂ ਉਹ ਕਹਿੰਦੇ ਆ ਇਹ ਇਕੱਲਾ ਚੰਮ ਪੁੱਟਦੇ ਹਨ, ਦੇਣ ਲੈਣ ਨੂੰ ਕੁੱਝ ਹੁੰਦਾ ਨਹੀਂ।

ਇਹ ਸਭ ਤਾਂ ਹੁਣ ਇਤਿਹਾਸ ਹੋ ਚੁੱਕਿਆ ਇਸ ਨੂੰ ਮਿਟਾਇਆ ਜਾ ਸੁਧਾਰਿਆ ਨਹੀਂ ਜਾ

ਸਕਦਾ। ਹਾਂ, ਇਸ ਤੋਂ ਸਿੱਖ ਜ਼ਰੂਰ ਸਕਦੇ ਸੀ। ਜੋ ਅਸੀਂ ਸਿੱਖਿਆ ਨਹੀਂ ਅਸਲਵਾਦ ਘਟਣ ਦੀ ਥਾਂ ਤੇ ਦਿਨੋ ਦਿਨ ਵੱਧ ਜ਼ਰੂਰ ਰਿਹਾ ਹੈ। ਜਿਸ ਦੀ ਤਾਜ਼ਾ ਮਿਸਾਲ ਐਡੀਲੇਡ ਵਿੱਚ ਇੱਕ ਅਸਲੀਆਂ ਦੇ ਕਾਲਜ ਦੀ ਦੇਖੀ ਜਾ ਸਕਦੀ ਹੈ। ਜਦੋਂ ਤੋਂ ਆਸਟ੍ਰੇਲੀਆ ਸਰਕਾਰ ਨੇ ਆਪਨਾ ਅਕਸ ਸੁਧਾਰਨ ਲਈ ਥੋੜ੍ਹੀ ਜਿਹੀ ਸਖ਼ਤੀ ਕੀਤੀ ਹੈ ਉਸੇ ਦਿਨ ਤੋਂ ਕੋਈ ਨਾ ਕੋਈ ਨਵੀਂ ਗੱਲ

ਸੁਣਨ ਨੂੰ ਮਿਲ ਰਹੀ ਹੈ। ਸਾਡੇ ਸੁਭਾਅ ਮੁਤਾਬਿਕ ਗੱਲ ਇੱਕ ਮੂੰਹੋਂ ਦੂਜੇ ਮੂੰਹ ਹੁੰਦੀ-ਹੁੰਦੀ ਹੋਰ ਹੀ ਰੂਪ ਧਾਰਨ ਕਰ ਲੈਂਦੀ ਹੈ। ਇਹਨਾਂ ਅਫ਼ਵਾਹਾਂ ਨੇ ਲੋਕਾਂ ਨੂੰ ਸਾਰੀ ਤਕਨੀਕੀ ਭਾਸ਼ਾ ਸਿਖਾ ਦਿੱਤੀ ਹੈ। ਹੁਣ ਜਦੋਂ ਕੋਈ ਦੋ 'ਅਸਲੀ' ਗੱਲ ਕਰਦੇ ਹਨ ਤਾਂ ਉਨ੍ਹਾਂ ਦੇ ਵਿਸ਼ੇ 'ਚ ਇਹ ਸ਼ਾਮਿਲ ਹੁੰਦਾ ਕਿ ਯਾਰ ਸੁਣਿਆ ਫਲਾਣੇ ਕਾਲਜ ਦੇ ਆਡਿਟ ਵਿੱਚ 14 ਵਿੱਚੋਂ 2 ਪੁਆਇੰਟ ਹੀ ਮਿਲੇ ਆ।

ਭਾਵੇਂ ਇਸ ਕਾਂਡ ਬਾਰੇ ਬਹੁਤ ਸਾਰੇ ਲੋਕਾਂ ਨੂੰ ਪਤਾ ਹੀ ਹੋਵੇਗਾ ਪਰ ਮੈਂ ਜਿੰਨਾ ਕੁ ਨੇੜੇ ਤੋਂ ਇਹ ਕਾਂਡ ਦੇਖਿਆ ਜਾਂ ਪੀੜਤਾਂ ਦੀਆਂ ਗੱਲਾਂ ਸੁਣੀਆਂ ਉਨ੍ਹਾਂ ਦੇ ਆਧਾਰਿਤ ਪਹਿਲੀ ਨਜ਼ਰੇ ਵਿਦਿਆਰਥੀ ਹੀ ਪੀੜਤ ਨਜ਼ਰ ਆਉਂਦੇ ਹਨ। ਪਰ ਜੇ ਗਹਿਰਾਈ ਨਾਲ ਇਸ ਵਿਸ਼ੇ ਨੂੰ ਦੇਖੀਏ ਤਾਂ ਦੁੱਧ ਧੋਤਾ ਕੋਈ ਵੀ ਨਹੀਂ। ਚਲੋ ਮੈਂ ਤਾਂ ਜੋ ਮਹਿਸੂਸ ਕੀਤਾ ਉਹੀ ਲਿਖ ਰਿਹਾ ਹਾਂ। ਫ਼ੈਸਲਾ ਤਾਂ ਜਨਤਾ ਜਨਾਰਧਨ ਨੇ ਕਰਨਾ ਹੁੰਦਾ ਕਿ ਕੌਣ ਸਹੀ ਤੇ ਕੌਣ ਗ਼ਲਤ ਹੈ।

ਆਸਟ੍ਰੇਲੀਆ ਦੇ ਸਾਰੇ ਸ਼ਹਿਰਾਂ ਤੋਂ ਬਾਅਦ ਐਡੀਲੇਡ ਨੇ ਵੀ ਕਈ ਬਿਜ਼ਨੈੱਸ ਕਰਨ ਵਾਲਿਆਂ ਨੂੰ ਆਪਣੇ ਵੱਲ ਖਿੱਚਿਆ। ਦੇਖਦੇ ਹੀ ਦੇਖਦੇ ਇਥੇ ਕਈ ਕਾਲਜ ਹੋਂਦ 'ਚ ਆ ਗਏ। ਇਹਨਾਂ ਵਿੱਚੋਂ ਇੱਕ ਇਹ ਕਾਲਜ ਵੀ ਸੀ ਜਿਸ ਦੀ ਗੱਲ ਮੈਂ ਇਥੇ ਕਰ ਰਿਹਾ ਹਾਂ। ਸੂਤਰ ਦੱਸਦੇ ਹਨ ਕਿ ਜ਼ਿਆਦਾਤਰ ਕਾਲਜਾਂ ਵਾਲੇ ਸਟੂਡੈਂਟਸ ਨੂੰ ਆਕਰਸ਼ਿਤ ਕਰਨ ਲਈ ਦਾਖ਼ਲੇ ਵੇਲੇ ਇਹ ਲਾਲਚ ਦੇ ਦਿੰਦੇ ਹਨ ਕਿ ਸਾਡੇ ਕਾਲਜ ਵਿੱਚ ਦਾਖਲਾ ਲੈ ਲਓ ਬਹੁਤ ਘੱਟ ਟਾਈਮ ਕਲਾਸ ਲਾਉਣੀ ਪਵੇਗੀ ਤੇ ਬਾਕੀ ਅਸੀਂ ਕੰਮ ਦਾ ਵੀ ਆਪ ਇੰਤਜ਼ਾਮ ਕਰ ਕੇ ਦੇਵਾਂਗੇ। ਬੱਸ ਉਸੇ ਤਰਜ਼ 'ਤੇ ਇਸ ਕਾਲਜ ਵਾਲਿਆਂ ਨੇ ਵੀ ਸਟੂਡੈਂਟਸ ਨੂੰ ਕੁੱਝ ਛੁੱਟ ਦੇ ਦਿੱਤੀ ਤੇ ਹੁਣ ਤੁਸੀਂ ਦੱਸੋ ਕਿ ਜਵਾਨੀ 'ਚ ਪੈਰ ਧਰਨ ਵਾਲੇ ਇਹਨਾਂ ਨੌਜਵਾਨਾ ਨੂੰ ਹੋਰ ਕੀ ਚਾਹੀਦਾ ਸੀ ? ਬਾਕੀ ਇੱਕ ਗੱਲ ਕਿਸੇ ਤੋਂ ਛਿਪੀ ਨਹੀਂ ਕਿ ਪੜ੍ਹਾਈ ਕਰਨ ਇੱਥੇ ਕਿਹੜਾ ਭੜੂਆ ਆਇਆ ਹਰ ਇੱਕ ਨੂੰ ਬੱਸ 'ਪੀ.ਆਰ.' ਹੀ ਦਿਸ ਰਹੀ ਸੀ।

ਪਰ ਜਦੋਂ ਕਾਲਜ ਦੇ ਗੱਲ 'ਚ ਸਰਕਾਰ ਨੇ ਆ ਗਲਾਵਾਂ ਪਾ ਲਿਆ ਤਾਂ ਹੁਣ ਉਹਨੇ ਕਿਵੇਂ ਨਾ ਕਿਵੇਂ ਤਾਂ ਆਪਣੀ ਧੌਣ ਛੁਡਾਉਣੀ ਹੀ ਸੀ। ਬੱਸ ਉਨ੍ਹਾਂ ਜਿਹੜੀ ਜ਼ਬਾਨ ਨਾਲ ਇਹਨਾਂ ਸਟੂਡੈਂਟਾਂ ਨੂੰ ਕਿਹਾ ਸੀ ਕਿ ਹਾਜ਼ਰੀਆਂ ਦੀ ਕੋਈ ਪਰਵਾਹ ਨਹੀਂ। ਉਹੀ ਮੂੰਹ ਹੁਣ ਕਹਿ ਰਿਹਾ ਕਿ ਅਸੀਂ ਇਹਨਾਂ ਨੂੰ ਸੈਕਸ਼ਨ 20 ਇਸ ਲਈ ਜਾਰੀ ਕੀਤਾ ਕਿਉਂਕਿ ਇਹ ਕਾਲਜ ਹਾਜ਼ਿਰ ਨਹੀਂ ਹੁੰਦੇ ਸੀ। ਇਸ ਕਰਕੇ ਇਹਨਾਂ ਦੀਆਂ ਹਾਜ਼ਰੀਆਂ ਘੱਟ ਗਈਆਂ ਹਨ। ਭਾਵੇਂ ਇਸ ਇਕ ਗੱਲ ਨਾਲ ਕਾਲਜ ਦੇ 12 ਪੁਆਇੰਟ ਪੂਰੇ ਨਹੀਂ ਹੁੰਦੇ ਤੇ ਨਾ ਹੀ ਇਹ ਸਰਕਾਰ ਦੀ ਨਿਗਾਹ ਵਿੱਚ ਆਪਣਾ ਅਕਸ ਸਾਫ਼ ਕਰ ਸਕਦਾ ਹੈ। ਇਸ ਪਿੱਛੇ ਤਾਂ ਕਾਲਜ ਵਾਲਿਆਂ ਦੀ ਬੱਸ ਇੱਕ ਹੀ ਮਨਸ਼ਾ ਸੀ ਕਿ ਜਾਂਦੇ ਚੋਰ ਦੀ ਪੱਗ ਹੀ ਸਹੀ ਕਿਉਂਕਿ ਫੈਡਰਲ ਸਰਕਾਰ ਇਸ ਕਾਲਜ ਦੀ ਮਾਨਤਾ ਰੱਦ ਕਰ ਚੁੱਕੀ ਹੈ ਤੇ ਸਟੇਟ ਗੌਰਮਿੰਟ ਦਾ ਫ਼ੈਸਲਾ ਆਉਣਾ ਬਾਕੀ ਹੈ। ਸਟੇਟ ਵਾਲਿਆਂ ਤੋਂ ਕਿਸੇ ਚਮਤਕਾਰ ਦੀ ਆਸ ਨਹੀਂ ਕੀਤੀ ਜਾ ਸਕਦੀ। ਕਾਲਜ ਬੰਦ ਹੋਣ ਦੀ ਹਾਲਤ ਵਿੱਚ ਆਸਟ੍ਰੇਲੀਆ ਲਾਅ ਮੁਤਾਬਿਕ ਸਾਰੇ ਸਟੂਡੈਂਟਸ ਨੂੰ ਕਿਸੇ

ਹੋਰ ਕਾਲਜ ਵਿੱਚ ਐਡਜਸਟ ਕਰਵਾਉਣ ਦੀ ਸ਼ਕਲ ’ਚ ਕਾਲਜ ਵਾਲਿਆਂ ਨੂੰ ਬਹੁਤ ਸਾਰਾ ਪੈਸਾ ਲਾਉਣਾ ਪੈਣਾ ਸੀ। ਸੋ ਹਿੰਦੁਸਤਾਨੀ ਦਿਮਾਗ਼ ਨੇ ਇਹ ਪੱਤਾ ਚੱਲ ਦਿਤਾ ਕਿ ਆਉਣ ਵਾਲੇ 28 ਦਿਨਾਂ ’ਚ ਇਹ ਸਟੂਡੈਂਟ ਆਪੋ-ਆਪਣੇ ਘਰਾਂ ਨੂੰ ਮੁੜ ਜਾਣਗੇ ਤੇ ਸਾਡੇ ਪੈਸੇ ਬਚ ਜਾਣਗੇ। ਇਥੇ ਜ਼ਿਕਰਯੋਗ ਹੈ ਆਸਟ੍ਰੇਲੀਆ ਵਿੱਚ ਜਦੋਂ ਕਿਸੇ ਸਟੂਡੈਂਟ ਨੂੰ ਸੈਕਸ਼ਨ 20 ਜਾਰੀ ਹੋ ਜਾਂਦਾ ਹੈ ਤਾਂ ਉਸ ਨੂੰ 28 ਦਿਨਾਂ ਦੇ ਵਿੱਚ ਆਸਟ੍ਰੇਲੀਆ ਛੱਡਣਾ ਪੈਂਦਾ।

ਹੁਣ ਤੁਸੀਂ ਅਗਲਾ ਕਾਂਡ ਦੇਖੋ, ਇੱਕੋ ਵਕਤ ਇੰਨੇ ਸਟੂਡੈਂਟਸ ਨੂੰ ਸੈਕਸ਼ਨ 20 ਜਾਰੀ ਹੋਣ ਨਾਲ ਇੱਕਦਮ ਹੜਕੰਪ ਜਿਹਾ ਮੱਚ ਪਿਆ ਤੇ ਇੱਕ ਵਾਰ ਤਾਂ ਇਹਨਾਂ ਨੇ ਵੀ ਭੰਨ ਤੋੜ ਵਾਲਾ ਰਸਤਾ ਫੜ੍ਹਨ ਦੀ ਕੋਸ਼ਿਸ਼ ਕੀਤੀ ਪਰ ਕੁੱਝ ਇੱਕ ਸੂਝਵਾਨ ਬੰਦਿਆਂ ਇਹਨਾਂ ਨੂੰ ਇੰਜ ਕਰਨ ਤੋਂ ਵਰਜ ਲਿਆ ਤੇ ਇਹਨਾਂ ਆਸਟ੍ਰੇਲੀਆ ਦੇ ਕਾਨੂੰਨ ਰਾਹੀਂ ਚੱਲਣ ਨੂੰ ਪਹਿਲ ਦੇਣ ਦੀ ਸਲਾਹ ਦਿੱਤੀ। ਯੋਗ ਅਗਵਾਈ ਹੇਠ ਇਹਨਾਂ ਐਡੀਲੇਡ ਦੇ ਮਸ਼ਹੂਰ ਵਕੀਲ ਰਾਹੀਂ ਇਮੀਗ੍ਰੇਸ਼ਨ ਕੋਲ ਆਪਣੀ ਆਵਾਜ਼ ਪਹੁੰਚਾਈ। ਜਿਸ ਦੀ ਬੜੀ ਛੇਤੀ ਸੁਣਵਾਈ ਹੋਈ ਤੇ ਇਹਨਾਂ ਨੂੰ ਇੱਕ ਵਾਰ ਆਰਜ਼ੀ ਤੌਰ ’ਤੇ ਰਾਹਤ ਮਿਲ ਗਈ।

ਪਰ ਹੁਣ ਫੇਰ ਅਸਲੀ ਮੁੱਦੇ ਤੇ ਆਉਂਦੇ ਹਾਂ ਇਸ ਸਾਰੇ ਕਾਂਡ ਵਿੱਚ ਵੀ ‘ਅਸਲੀਆਂ’ ਨੇ ਜੋ ਲੱਤਾਂ ਖਿੱਚੀਆਂ ਉਹ ਵੀ ਸੁਣ ਲਓ; ਭਾਵੇਂ ਕਾਲਜ ਦੇ ਕੁੱਲ ਡੇਢ ਸੌ ਸਟੂਡੈਂਟਸ ਵਿੱਚੋਂ ਸੱਤਰ ਕੋਲ ਇਹ ਚਿੱਠੀਆਂ ਆ ਗਈਆਂ ਸਨ ਪਰ ਫੇਰ ਵੀ ਪਹਿਲੇ ਦਿਨ ਜੋ ਇਕੱਠ ਹੋਇਆ ਸੀ, ਹਰ ਅਗਲੀ ਮੀਟਿੰਗ ਵੇਲੇ ਇਹਨਾਂ ਦੀ ਸੰਖਿਆ ਘਟਦੀ ਗਈ ਤੇ ਅਖੀਰ ਜਿਸ ਦਿਨ ਇਮੀਗ੍ਰੇਸ਼ਨ ਵਾਲਿਆਂ ਨੇ ਸੱਦਿਆ ਉਸ ਦਿਨ ਇਹਨਾਂ ਵਿੱਚੋਂ ਕੇਵਲ ਉਨੀ ਸਟੂਡੈਂਟ ਹੀ ਹਾਜਿਰ ਹੋਏ। ਏਕੇ ’ਚ ਬਰਕਤ ਵਾਲਾ ਬੂਹਾ ਢੋਹ ਕੇ ਇਹਨਾਂ ਕੱਲੇ-ਕੱਲੇ ਜੰਗ ਜਿੱਤਣ ਨੂੰ ਤਰਜੀਹ ਦਿੱਤੀ। ਇਸ ਸਾਰੇ ਕਾਂਡ ਦੌਰਾਨ ਇੱਕ ਕਾਲਜ ਦੇ ਮੁਅੱਤਲ ਡਾਇਰੈਕਟਰ ਕਾਲਜ ਨਾਲ ਆਪਣੀ ਕਿੜ ਕਢਨ ਲਈ ਸਟੂਡੈਂਟਾਂ ਦੇ ਮੋਢੇ ਤੇ ਬੰਦੂਕ ਧਰ ਕੇ ਚਲਾਉਣ ਲਈ ਬੜਾ ਤਰਲੋ ਮੱਛੀ ਹੁੰਦਾ ਦੇਖਿਆ ਗਿਆ। ਇਹ ਤਾਂ ਸ਼ੁਕਰ ਹੈ ਕਿ ਇਹ ਸਟੂਡੈਂਟ ਉਸ ਦੇ ਮਗਰ ਨਹੀਂ ਲੱਗੇ ਨਹੀਂ ਤੇ ਅਸਲਵਾਦ ਦਾ ਇੱਕ ਹੋਰ ਕਾਂਡ ਲਿਖਿਆ ਜਾਣਾ ਸੀ।

ਉਂਜ ਤਾਂ ਬਰਸਾਤ ਦੇ ਮੌਸਮ ’ਚ ਖੁੰਬਾਂ ਵਾਂਗੂੰ ਉੱਘੇ ਇਹਨਾਂ ਕਾਲਜਾਂ ਵਿੱਚ ਜ਼ਿਆਦਾਤਰ ਬੱਸ ਪੈਸਾ ਇਕੱਠਾ ਕਰਨ ਲਈ ਹੀ ਖੋਲ੍ਹੇ ਗਏ ਸਨ। ਪਰ ਫੇਰ ਵੀ ਜੇ ਕੁੱਝ ਇੱਕ ਆਪਣੇ ਕੰਮ ਨੂੰ ਸਹੀ ਅੰਜਾਮ ਦੇ ਰਹੇ ਹਨ, ਉਨ੍ਹਾਂ ਦਾ ਅੱਜਕੱਲ੍ਹ ਜੀਣਾ ਦੁੱਭਰ ਹੋਇਆ ਪਿਆ ਹੈ। ਸਟੂਡੈਂਟ ਫ਼ੀਸ ਰੋਕੀ ਬੈਠੇ ਹਨ ਕਿਉਂਕਿ ਅਫ਼ਵਾਹਾਂ ਦੇ ਬਾਜ਼ਾਰ ਹਰ ਰੋਜ਼ ਇਹਨਾਂ ਕਾਲਜਾਂ ਨੂੰ ਸਵੇਰੇ ਸ਼ਾਮ ਬੰਦ ਕਰ ਦਿੰਦੇ ਹਨ। ਇਸ ਗੱਲੋਂ ਡਰਦਾ ਸਟੂਡੈਂਟ ਫ਼ੀਸ ਨਹੀਂ ਭਰ ਰਿਹਾ ਕਿ ਕਿਤੇ ਫ਼ੀਸ ਹੀ ਨਾ ਡੁੱਬ ਜਾਵੇ। ਜਿਸ ਦਾ ਤਾਜ਼ਾ ਉਦਾਹਰਨ ਕੁੱਝ ਇੱਕ ਕਾਲਜਾਂ ਦੇ ਪ੍ਰਬੰਧਕਾਂ ਵੱਲੋਂ ਗੁਰੂ ਘਰਾਂ ਵਿੱਚ ਜਾ ਕੇ ਭਾਈਚਾਰੇ ਨਾਲ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਜਿਸ ਨਾਲ ਕਿ ਅਫ਼ਵਾਹਾਂ ਨੂੰ ਰੋਕ ਲਾਈ ਜਾ ਸਕੇ। ਇੱਥੇ ਫੇਰ ਉਹੀ ਗੱਲ ਆ ਗਈ ਅਫ਼ਵਾਹਾਂ ਫੈਲਾਉਣ ਵਾਲੇ ਕੌਣ ਹਨ ? ਜੀ ਹਾਂ, ਉਹ ਵੀ ਆਪਣੇ ‘ਅਸਲੀ’ ਹੀ ਹਨ।

ਅੰਤ ਵਿੱਚ ਇੱਕ ਹੋਰ ਅਫ਼ਵਾਹ ਬਾਰੇ ਗੱਲ ਕਰਦੇ ਹਾਂ, ਸੁਣਿਆ ਹੈ ਕਿ ਇਮੀਗ੍ਰੇਸ਼ਨ ਦੇ ਨਵੇਂ ਆਏ ਰੂਲਜ਼ ਦੇ ਵਿਰੋਧ ਵਿੱਚ ਆਉਣ ਵਾਲੇ ਦਿਨਾਂ ’ਚ ਮੈਲਬਰਨ ’ਚ ਧਰਨੇ, ਨਾਅਰੇ,

ਮੁਜ਼ਾਹਰੇ ਦਾ ਦੌਰ ਫੇਰ ਸ਼ੁਰੂ ਹੋ ਰਿਹਾ। ਕਾਸ਼ ਇਹ ਇੱਕ ਅਫ਼ਵਾਹ ਹੀ ਹੋਵੇ। ਮੰਨਿਆ ਪੀ.ਆਰ. ਦੇ ਸਖ਼ਤ ਹੋਏ ਕਾਨੂੰਨ ਨਾਲ ਬੜੀ ਵੱਡੀ ਗਿਣਤੀ 'ਚ ਲੋਕ ਪ੍ਰਭਾਵਿਤ ਹੋਏ ਹਨ। ਪਰ ਦੋਸਤੋ ਇਸ ਵਾਰ ਆਪਣੀ ਗੱਲ ਸਰਕਾਰ ਤੱਕ ਪਹੁੰਚਾਉਣ ਲਈ ਪਹਿਲਾਂ ਵਾਲਾ ਰਾਹ ਜੇ ਨਾ ਅਪਨਾਇਓ ਤਾਂ ਹੀ ਚੰਗਾ ਹੈ। ਅੱਜ ਅਸੀਂ ਜਿਹੜੀ ਫ਼ਸਲ ਵੱਢ ਰਹੇ ਹਾਂ, ਇਹ ਪਿਛਲੇ ਸਾਲ ਅਸੀਂ ਆਪ ਹੀ ਬੀਜੀ ਸੀ। ਅਸੀਂ ਆਪ ਹੀ ਸ਼ੀਸ਼ੇ ਭੰਨ ਕੇ ਆਪਣੇ ਰਾਹਾਂ ਵਿੱਚ ਵਿਛਾਏ ਸਨ। ਜਿਸ ਕਰਕੇ ਸਾਡਾ ਰਾਹ ਇੰਨਾ ਔਖਾ ਹੋ ਗਿਆ। ਜਦੋਂ ਸਾਲ ਪਹਿਲਾਂ ਮੇਰਾ ਇੱਕ ਲੇਖ 'ਮੈਲਬਰਨ ਵਿੱਚ ਭੰਨੇ ਸ਼ੀਸ਼ੇ ਦੀ ਗੂੰਜ' ਦੁਨੀਆ ਭਰ 'ਚ ਛਪਿਆ ਸੀ ਤਾਂ ਉਸ ਵਕਤ ਕੁੱਝ ਲੋਕਾਂ ਨੂੰ ਇਹ ਫ਼ਾਲਤੂ ਦੀਆਂ ਗੱਲਾਂ ਲੱਗਿਆ ਸੀ। ਪਰ ਹੁਣ ਤੁਸੀ ਉਸ ਲੇਖ ਨੂੰ ਪੜ੍ਹ ਕੇ ਦੇਖੋ (mintubrar.com) ਤੁਹਾਨੂੰ ਉਸ ਲੇਖ ਦਾ ਅੱਖਰ-ਅੱਖਰ ਸੱਚ ਹੋਇਆ ਜਾਪੇਗਾ। ਸੋ ਹੁਣ ਤਾਂ ਲੋੜ ਹੈ ਬਹੁਤ ਹੀ ਸੂਝ-ਬੂਝ ਨਾਲ ਕਦਮ ਚੁੱਕਣ ਦੀ ਨਾ ਕਿ ਕੁੱਝ ਇੱਕ ਮੌਕਾ ਪ੍ਰਸਤਾਂ ਪਿੱਛੇ ਲੱਗ ਕੇ ਸਦਾ ਲਈ ਆਪਣੇ ਰਾਹ ਬੰਦ ਕਰਨ ਦੀ। ਹਾਲੇ ਵੀ ਆਸ ਦੀ ਕਿਰਨ ਦਿੱਖ ਰਹੀ ਹੈ ਬੱਸ ਲੋੜ ਹੈ ਇਸ ਮੁਲਕ ਦੇ ਕਾਨੂੰਨ ਦੀ ਕਦਰ ਕਰਦੇ ਹੋਏ ਆਪਣੀ ਗੱਲ ਸਰਕਾਰੇ ਦਰਬਾਰੇ ਪਹੁੰਚਾਉਣ ਦੀ।

ਅਖੀਰ ਵਿੱਚ ਇਸ ਸਚਾਈ ਨੂੰ ਖੁੱਲ੍ਹੇ ਦਿਲ ਨਾਲ ਮੰਨੋ ਕਿ ਸਾਡਾ ਉਨ੍ਹਾਂ ਨੁਕਸਾਨ ਨਸਲਵਾਦ ਨੇ ਨਹੀਂ ਕੀਤਾ ਜਿੰਨਾਂ ਅਸਲਵਾਦ ਨੇ ਕੀਤਾ ਤੇ ਹਾਲੇ ਕਰ ਰਿਹਾ। ਇਹ ਤਾਂ ਸ਼ੁਕਰ ਹੈ ਕਿ ਉਸ ਕੁਦਰਤ ਦਾ ਜਿਸ ਨੇ ਪੰਜਾਂ ਉਂਗਲਾਂ ਨੂੰ ਇੱਕੋ ਜਿਹਾ ਨਹੀਂ ਬਣਾਇਆ ਤੇ ਅੱਜ ਵੀ ਮੇਰੇ ਬਹੁਤ ਸਾਰੇ 'ਅਸਲੀ' ਹਰ ਥਾਂ ਤੇ ਸਹਿਯੋਗ ਕਰ ਰਹੇ ਹਨ। ਆਸਟ੍ਰੇਲੀਆ ਦੀ ਪੰਜਾਬੀ ਪ੍ਰੈੱਸ ਤੁਹਾਡੀ ਗੱਲ ਸਰਕਾਰੇ ਦਰਬਾਰੇ ਪਹੁੰਚਾਉਣ ਲਈ ਹਰ ਸਮੇਂ ਤੁਹਾਡੀ ਮਦਦ ਕਰ ਰਹੀ ਹੈ। ਸੋ ਆਓ ਇਸ ਬਾਰ ਇਸ ਮੋਰਚੇ 'ਤੇ ਬਿਨਾਂ ਇੱਕ ਦੂਜੇ ਦੀਆਂ ਲੱਤਾਂ ਖਿੱਚੇ ਸਹਿਯੋਗ ਦੇਈਏ ਅਤੇ ਮੋਰਚਾ ਫਤਿਹ ਕਰ ਕੇ ਦੁਨੀਆ ਨੂੰ ਦਿਖਾ ਦੇਈਏ ਕਿ ਹੁਣ ਅਸੀਂ ਅਸਲਵਾਦ ਛੱਡ ਦਿਤਾ ਹੈ।

ਪਰ ਇਸ ਸਾਰੇ ਲੇਖ ਦੌਰਾਨ ਭੋਟੂ ਸ਼ਾਹ ਦਾ ਇਹ ਵਿਅੰਗ ਮੇਰੇ ਜ਼ਿਹਨ 'ਚ ਹਰ ਵਕਤ ਘੁੰਮਦਾ ਰਿਹਾ ਤੇ ਉਮੀਦ ਹੈ ਤੁਸੀਂ ਵੀ ਇਸ ਵਿਅੰਗ ਨਾਲ ਸਹਿਮਤ ਹੋਵੋਗੇ ਕਿ; ਸਾਡੀ ਕਿਸ਼ਤੀ ਉੱਥੇ ਡੁੱਬੀ ਜਿੱਥੇ ਪਾਣੀ ਕਮ ਸੀ, ਸਾਨੂੰ ਆਪਣਿਆਂ ਹੀ ਵੱਢਿਆ, ਨਹੀਂ ਤਾਂ ਗ਼ੈਰਾਂ ਦੀ ਕੁੱਤੀ ਵਿੱਚ ਕਿੱਥੇ ਦਮ ਸੀ।

****

## ਅਲਵਿਦਾ ਕੱਚੀ ਪਹਿਲੀ ਦਿਆ ਪੱਕਿਆ ਯਾਰਾ !

ਹੁਣ ਤੱਕ ਲਿਖੇ ਆਪਣੇ ਲੇਖਾਂ ਦਾ ਜੇ ਲੇਖਾ ਜੋਖਾ ਕਰਾਂ ਤਾਂ ਕੁਝ ਲੇਖ ਮੈਂ ਆਪਣੇ ਆਪ ਤੋਂ ਧੱਕੇ ਨਾਲ ਲਿਖਵਾਏ, ਕੁਝ ਹੋਰਾਂ ਨੇ ਮੇਰੇ ਤੋਂ ਲਿਖਵਾਏ, ਕੁਝ ਲੋਕਾਂ ਦੀਆਂ ਗੱਲਾਂ 'ਚ ਆ ਕੇ ਲਿਖੇ ਤੇ ਕੁਝ ਆਪਣੇ ਦਿਲ ਦੇ ਕਹੇ ਤੇ ਲਿਖੇ। ਲੇਖਣ ਦੇ ਖੇਤਰ 'ਚ ਹਾਲੇ ਨਵਾਂ ਹੋਣ ਕਾਰਨ ਇਹਨਾਂ ਲੇਖਾਂ ਦਾ ਕੱਚ ਘਰੜ ਹੋਣਾ ਲਾਜ਼ਮੀ ਹੈ। ਕਈ ਲੇਖ ਕਾ.ਗਜ਼ ਤੇ ਆਉਂਦੇ ਆਉਂਦੇ ਬਹੁਤ ਵਕਤ ਲੈ ਗਏ ਪਰ ਕੁਝ ਕੁ ਲੇਖ ਮਹਿਜ਼ ਪਲ ਭਰ 'ਚ ਕਾ.ਗਜ਼ ਤੇ ਉੱਕਰੇ ਗਏ। ਉਨ੍ਹਾਂ ਲੇਖਾਂ 'ਚੋਂ ਇੱਕ ਇਹ ਲੇਖ ਹੈ। ਮਈ ੨੦੧੩ ਦੀ ਗੱਲ ਹੈ, ਹਰ ਰੋਜ ਵਾਂਗ ਕੰਮ ਤੇ ਜਾਣ ਲਈ ਤਿਆਰ ਹੋ ਰਿਹਾ ਸੀ ਕਿ ਆਪਣੇ ਇੱਕ ਮਿੱਤਰ ਦੀ ਮੌਤ ਦੀ ਮਨਹੂਸ ਖ਼ਬਰ ਦਾ ਫ਼ੋਨ ਆ ਗਿਆ। ਇਹੋ ਜਿਹੇ ਵਕਤ 'ਤੇ ਦਿਲ ਹੋਲਾ ਕਰਨ ਲਈ ਕਿਸੇ ਮੋਢੇ ਦੀ ਲੋੜ ਹੁੰਦੀ ਹੈ। ਵਿਦੇਸ਼ ਦੀ ਧਰਤੀ ਤੇ ਵਿਚਰਦਿਆਂ ਇਹ ਘਾਟ ਹਰ ਇੱਕ ਨੂੰ ਰੜਕਦੀ ਹੈ। ਸੋ ਫ਼ੋਨ ਰੱਖਦੇ ਸਾਰ ਜੇ ਮੈਨੂੰ ਕੋਈ ਆਪਣੇ ਸਭ ਤੋਂ ਨੇੜੇ ਮੋਢਾ ਦਿਸਿਆ ਤਾਂ ਉਹ ਸੀ ਮੇਰੀ ਕਲਮ ਦਾ ਮੋਢਾ। ਮੇਰੀ ਕਲਮ ਨੇ ਵੀ ਉਸ ਵਕਤ ਮੈਨੂੰ ਨਿਰਾਸ਼ ਨਹੀਂ ਕੀਤਾ ਤੇ ਸਿਰਫ਼ ਵੀਹ ਕੁ ਮਿੰਟਾਂ 'ਚ ਮੇਰੇ ਦਿਲ ਦੀ ਭੜਾਸ ਕਾ.ਗਜ਼ 'ਤੇ ਕੱਢ ਮਾਰੀ। ਹੁਣ ਤੱਕ ਲਿਖੇ ਆਪਣੇ ਜ਼ਿਆਦਾਤਰ ਲੇਖਾਂ ਨੂੰ ਕਦੇ ਦੂਜੀ ਵਾਰ ਮੈਂ ਖ਼ੁਦ ਨਹੀਂ ਨਹੀਂ ਪੜ੍ਹ ਸਕਿਆ ਪਾਠਕ ਤਾਂ ਵਿਚਾਰਾ ਕਿਥੋਂ ਪੜ੍ਹੇਗਾ। ਪਰ ਪਤਾ ਨਹੀਂ ਹੁਣ ਤੱਕ ਮੈਂ ਇਹ ਲੇਖ ਕਿੰਨੀ ਬਾਰੀ ਪੜ੍ਹ ਚੁੱਕਿਆ ਹਾਂ। ਹਰ ਬਾਰ ਪੜ੍ਹਨ ਤੇ ਜੋ ਅਹਿਸਾਸ ਮੈਨੂੰ ਹੁੰਦਾ ਉਸ ਨੂੰ ਸ਼ਬਦਾਂ 'ਚ ਬਿਆਨ ਕਰਨ ਦੇ ਕਾਬਿਲ ਹਾਲੇ ਮੇਰੀ ਕਲਮ ਨਹੀਂ ਹੋਈ ਹੈ।



ਲੇਖਕ ਦੇ ਜੱਦੀ ਪਿੰਡ ਦੇਸੁ ਮਲਕਾਨਾ ਪਿੰਡ ਦੀ ਸੱਥ ਦੀ ਫੋਟੋ




ਕਿੱਕ ਡਰੱਗਜ਼ ਸੰਸਥਾ ਮੈਲਬਾਰਨ ਵੱਲੋਂ ਨਸ਼ਿਆਂ ਖ਼ਿਲਾ.ਫ ਮੁਹਿੰਮ ਦਾ ਅਗਾਜਿ ਕਰਨ ਵੇਲੇ
ਅਮਨਦੀਪ ਸਿੱਧੂ ਅਤੇ ਸੰਸਥਾ ਦੇ ਮੈਂਬਰਾਂ ਨਾਲ ਲੇਖਕ

# ਅਲਵਿਦਾ ਕੱਚੀ ਪਹਿਲੀ ਦਿਆ ਪੱਕਿਆ ਯਾਰਾ !

ਕੇਹੀ ਖੇਡ ਰਚਾਈ ਹੈ, ਰਚਣਹਾਰ ਨੇ ! ਪਤਾ ਨਹੀਂ ਕਦੋਂ, ਕੌਣ 'ਹੈ' ਤੋਂ 'ਸੀ' ਹੋ ਜਾਏ। ਕੱਲ ਤੱਕ ਜਗਰੂਪ ਮੇਰੇ ਪਿੰਡ ਦੀ ਸੱਥ ਦੀ ਰੌਣਕ ਸੀ ਪਰ ਅੱਜ ? ਅੱਜ ਤੜਕਸਾਰ ਜਦੋਂ ਮੋਬਾਈਲ ਚੁੱਕਿਆ ਤਾਂ ਇੰਗਲੈਂਡ ਵੱਸਦੇ ਤਾਏ ਦੇ ਪੁੱਤ ਸ਼ਮਸ਼ੇਰ ਵੀਰ ਦਾ ਸੁਨੇਹਾ ਪੜ੍ਹਿਆ, 'ਮੱਦਾ ਸਿੰਘ ਨੋ ਮੋਰਸ਼'। ਇੱਕ ਵਾਰ ਤਾਂ ਯਕੀਨ ਨਹੀਂ ਆਇਆ ਕਿ ਮੱਦੇ ਜਿਹੇ ਜਰਵਾਣੇ ਨੂੰ ਅਚਾਨਕ ਇਹ ਕੀ ਹੋ ਗਿਆ। ਮੁੜ ਪਤਾ ਲੱਗਿਆ ਕਿ ਉਸ ਨੂੰ ਕੈਂਸਰ ਨੇ ਆਪਣੀ ਲਪੇਟ 'ਚ ਲੈ ਲਿਆ। ਕੁਝ ਇੱਕ ਰਿਸ਼ਤੇ ਇਹੋ ਜਿਹੇ ਹੁੰਦੇ ਹਨ, ਜਿਨ੍ਹਾਂ ਨਾਲ ਭਾਵੇਂ ਅਸੀਂ ਹਰ ਰੋਜ਼ ਨਹੀਂ ਵਿਚਰਦੇ, ਪਰ ਫੇਰ ਵੀ ਸਾਡੇ ਦਿਲ ਦੇ ਕਿਸੇ ਕੋਨੇ 'ਚ ਉਨ੍ਹਾਂ ਲਈ ਇੱਕ ਖ਼ਾਸ ਥਾਂ ਹੁੰਦੀ ਹੈ। ਮੱਦਾ ਨਾ ਤਾਂ ਕੋਈ ਮਸ਼ਹੂਰ ਹਸਤੀ ਸੀ, ਨਾ ਹੀ ਅਮੀਰ ਜਾਂ ਸ਼ਾਹੂਕਾਰ ਸੀ ਤੇ ਨਾ ਹੀ ਜ਼ਿੰਦਗੀ 'ਚ ਕੋਈ ਵੱਖਰਾ ਮਾਰ੍ਕਾ ਮਾਰਿਆ ਸੀ, ਬੱਸ ਸਧਾਰਣ ਕਿਰਸਾਣ ਦੇ ਘਰ ਜਨਮ ਲੈ ਕੇ, ਜ਼ਿੰਦਗੀ ਨਾਲ ਦੋ ਚਾਰ ਹੁੰਦਿਆਂ ਇਸ ਫਾਨੀ ਜਹਾਨ ਨੂੰ ਅਲਵਿਦਾ ਕਹਿ ਗਿਆ। ਲੋਕਾਂ ਲਈ ਆਮ ਤੇ ਮੇਰੇ ਲਈ ਇਸ ਖ਼ਾਸ ਇਨਸਾਨ ਦੀ ਅਹਿਮੀਅਤ ਨੇ ਅੱਜ ਮੈਨੂੰ ਇਹ ਚਾਰ ਸ਼ਬਦ ਲਿਖਣ ਲਈ ਮਜਬੂਰ ਕਰ ਦਿੱਤਾ।

ਉਸ ਦਾ ਪੱਕਾ ਨਾਂ ਜਗਰੂਪ ਸਿੰਘ ਸੀ। ਸਾਡੇ ਪਿੰਡ 'ਚ ਤਕਰੀਬਨ ਹਰ ਗੋਤ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਦੋ ਕੁ ਘਰ ਨੱਤਾਂ ਨਾਲ ਸੰਬੰਧਿਤ ਹਨ। ਉਹ ਗੁਰਦਿਆਲ ਸਿੰਘ ਨੱਤ ਦਾ ਸਭ ਤੋਂ ਛੋਟਾ ਮੁੰਡਾ ਸੀ। ਇਹ ਤਾਂ ਸ਼ਾਇਦ ਮੱਦੇ ਦੇ ਗੁਆਂਢੀਆਂ ਨੂੰ ਵੀ ਨਾ ਪਤਾ ਲੱਗੇ ਕਿ ਜਗਰੂਪ ਸਿੰਘ ਕੌਣ ਹੋਇਆ ? ਕਿਉਂਕਿ ਸਾਰਾ ਪਿੰਡ ਉਸ ਨੂੰ 'ਨੱਤਾਂ ਦਾ ਮੱਦਾ' ਕਰ ਕੇ ਹੀ ਜਾਣਦਾ ਸੀ। ਖੁੱਲ੍ਹੇ ਹੱਡ-ਪੈਰਾਂ ਦਾ ਹੋਣ ਕਾਰਨ ਸ਼ਾਇਦ ਉਸ ਨੂੰ ਬਚਪਨ 'ਚ ਮੱਦਾ-ਮੱਦਾ ਕਹਿ ਕੇ ਚਿੜਾਉਂਦੇ ਹੁੰਦੇ ਸੀ, ਜੋ ਬਾਅਦ 'ਚ ਉਸ ਦੀ ਪਹਿਚਾਣ ਹੀ ਬਣ ਗਈ। ਜ਼ਿਹਨ 'ਚ ਮੱਦੇ ਨਾਲ਼ ਪੁਗਾਈ ਸਾਂਝ ਦੀਆਂ ਕੁਝ ਕੁ ਯਾਦਾਂ ਘੁੰਮ ਰਹੀਆਂ ਹਨ। ਅੱਜ ਮੱਦੇ ਦੇ ਤੁਰ ਜਾਣ ਕਰਕੇ ਭਰਿਆ ਦਿਲ ਹੌਲਾ ਕਰਨਾ ਚਾਹੁੰਦਾ ਹਾਂ ਪਰ ਸਮਝ ਨਹੀਂ ਲਗਦੀ, ਕੀਹਦੇ ਨਾਲ਼ ਕਰਾਂ। ਇਹੋ ਜਿਹੇ ਮੌਕੇ 'ਤੇ ਵਿਦੇਸ਼ ਵਿਓ ਵਰਗਾ ਲੱਗਦਾ ਹੈ। ਦਿਲ ਕਰਦੈ ਉੱਡ ਕੇ ਪਿੰਡ ਪਹੁੰਚ ਜਾਵਾਂ ਤੇ ਜਾ ਕੇ ਅੰਬੋਂ ਤੇ ਚਾਚੀ ਦੇ ਇਸ ਦੁੱਖ 'ਚ ਸ਼ਰੀਕ ਹੋਵਾਂ।

ਮੇਰਾ ਪਿੰਡ 'ਦੇਸੂ ਮਲਕਾਣਾ' ਹਰਿਆਣਾ-ਪੰਜਾਬ ਦੀ ਸਰਹੱਦ 'ਤੇ ਪੈਂਦਾ ਹੈ। ਪਿੰਡ ਦੀ ਕੋਈ ਇਤਿਹਾਸਿਕ ਪ੍ਰਾਪਤੀ ਤਾਂ ਨਹੀਂ ਹੈ ਪਰ ਜਦੋਂ ਦੀ ਭਾਖੜਾ ਨਹਿਰ ਨਿਕਲੀ ਹੈ, ਸਾਡੇ ਬਰਾਨੀ ਇਲਾਕੇ ਨੂੰ ਆਬਾਦ ਕਰ ਗਈ ਹੈ। ਪਿੰਡ ਦੇ ਚੜ੍ਹਦੇ ਵਾਲੇ ਪਾਸੇ ਨਹਿਰ ਦਾ ਹੈੱਡ ਹੈ, ਜਿੱਥੋਂ ਦੋ ਸੂਏ ਅਤੇ ਦੋ ਕੱਸੀਆਂ ਨਿਕਲਦੀਆਂ ਹਨ। ਭਾਖੜਾ ਦੇ ਨੀਲੇ ਪਾਣੀ ਨੇ ਪਿੰਡ ਦੀ ਨੁਹਾਰ ਬਦਲ ਦਿੱਤੀ ਹੈ। ਇਹਨਾਂ ਸੂਇਆਂ ਤੇ ਕੱਸੀਆਂ 'ਚ ਚੁੱਭੀਆਂ ਮਾਰ ਸਾਡਾ ਬਚਪਨ ਬੀਤਿਆ।

ਸੰਨ 1972 ਦੀ ਗੱਲ ਹੈ, ਜਦੋਂ ਮੈਨੂੰ ਮਹਿਜ਼ ਪੌਣੇ ਤਿੰਨ ਸਾਲ ਦੇ ਨੂੰ ਸਾਡੇ ਘਰ ਕੋਲ ਰਹਿੰਦੇ ਡਰਾਇੰਗ ਮਾਸਟਰ ਸੁਖਦਰਸ਼ਨ ਸਿੰਘ ਜੀ ਗੋਦੀ ਚੁੱਕ ਕੇ ਸਕੂਲ ਲੈ ਗਏ। ਅਗਾਂਹ ਹੈੱਡ ਮਾਸਟਰ ਸਾਹਿਬ ਨੇ ਦਾਖ਼ਲਾ ਦੇਣ ਤੋਂ ਇਨਕਾਰ ਕਰ ਦਿੱਤਾ, ਕਹਿੰਦੇ ਹਾਲੇ ਉਮਰ ਛੋਟੀ ਹੈ। ਚਲੋ ਜੀ, ਕਾ.ਗਜ਼ਾਂ 'ਚ ਹੀ ਜਨਮ ਮਿਤੀ ਬਦਲਣੀ ਸੀ, ਸੋ ਬਦਲ ਦਿੱਤੀ। ਪਹਿਲੀ ਜਮਾਤ 'ਚ ਪਹਿਲਾ ਦਿਨ

ਹੁਣ ਮੇਰੇ ਭਾਵੇਂ ਚੇਤੇ ਨਹੀਂ ਹੈ ਪਰ ਘਰ ਦੇ ਅਤੇ ਮਾਸਟਰ ਜੀ ਦੱਸਦੇ ਹਨ ਕਿ ਸਾਰੀ ਜਮਾਤ 'ਚ ਨੱਤਾਂ ਦਾ ਮੱਦਾ ਉਮਰ 'ਚ ਅਤੇ ਕੱਦ ਕਾਠ 'ਚ ਸਭ ਤੋਂ ਵੱਡਾ ਸੀ। ਮੱਦੇ ਕਾ ਘਰ ਸਾਡੇ ਘਰ ਦੇ ਨੇੜੇ ਸੀ। ਸਾਡਾ ਚਾਰ ਕੁ ਮਰਲੇ ਥਾਂ, ਜਿੱਥੇ ਅਸੀਂ ਛੱਟੀਆਂ ਦਾ ਛੌਰ ਲਾਉਂਦੇ ਹੁੰਦੇ ਸੀ ਜਾਂ ਰੂੜੀ ਸਿੱਟਦੇ ਹੁੰਦੇ ਸੀ। ਉਹ ਮੱਦੇ ਕੇ ਘਰ ਨਾਲ ਕੰਧ ਸਾਂਝਾ ਸੀ। ਬੱਸ ਇਸੇ ਕਾਰਨ ਮੇਰੀ ਉਂਗਲ ਮੱਦੇ ਦੇ ਹੱਥ ਫੜ੍ਹਾ ਦਿੱਤੀ ਗਈ ਤੇ ਉਹ ਜ਼ਿੰਮੇਵਾਰੀ ਨਾਲ ਮੈਨੂੰ ਸਕੂਲ ਲਿਆਉਣ ਲਿਜਾਣ ਲੱਗ ਪਿਆ ਸੀ। ਭਾਵੇਂ ਪਿੰਡ 'ਚ ਪੀੜ੍ਹੀਆਂ ਦੇ ਫ਼ਰਕ ਕਾਰਣ ਉਹ ਮੇਰਾ ਚਾਚਾ ਲਗਦਾ ਸੀ ਪਰ ਕੱਚੀ ਪਹਿਲੀ ਦੀ ਯਾਰੀ ਨੇ ਕਦੇ ਚਾਚਾ ਹੋਣ ਦਾ ਅਹਿਸਾਸ ਹੀ ਨਹੀਂ ਹੋਣ ਦਿੱਤਾ ਸੀ। ਹਰ ਰੋਜ਼ ਦਾ ਸਾਥ ਪੱਕੀ ਯਾਰੀ 'ਚ ਤਬਦੀਲ ਹੋ ਗਿਆ।

ਜਿੰਨਾ ਕੁ ਮੈਨੂੰ ਹੁਣ ਯਾਦ ਹੈ, ਮੱਦੇ ਕੇ ਘਰ ਦੇ ਸਾਹਮਣੇ ਸਰਕਾਰੀ ਟੂਟੀ ਲੱਗੀ ਸੀ, ਜਿੱਥੋਂ ਸਾਰਾ 'ਵਿਹੜਾ' ਪਾਣੀ ਭਰਦਾ ਹੁੰਦਾ ਸੀ। ਐਨ ਸਾਹਮਣੇ ਸਾਡਾ ਚੌਂਤਰਾ ਸੀ, ਜਿੱਥੇ ਬਹਿ ਕੇ ਸਾਡਾ ਵੱਡਾ ਬਾਬਾ ਪਰਤਾਪ ਸਿੰਘ ਆਪਣੀ ਲੰਬੜਦਾਰੀ ਚਲਾਉਂਦਾ ਹੁੰਦਾ ਸੀ। ਇੱਕ ਦਿਨ ਮੰਡੀ ਤੋਂ ਕੁਝ ਬਾਊ, ਬਾਬਾ ਜੀ ਕੋਲ ਆਏ ਤੇ ਕਹਿੰਦੇ ਕਿ ਅਸੀਂ ਕਾਲਾਂਵਾਲੀ 'ਚ ਅੰਗਰੇਜ਼ੀ ਸਕੂਲ ਖੋਲ੍ਹਿਐ, ਤੁਸੀਂ ਓਥੇ ਆਪਣੇ ਜੁਆਕ ਪੜ੍ਹਨੇ ਲਾ ਦਿਓ। ਤਿੰਨ ਜਮਾਤਾਂ ਪਿੰਡ ਦੇ ਸਕੂਲ 'ਚ ਕਰ ਕੇ ਮੈਂ ਮੰਡੀ ਕਾਲਾਂਵਾਲੀ ਪੜ੍ਹਨ ਲੱਗ ਪਿਆ ਪਰ ਮੱਦੇ ਨਾਲੋਂ ਸਾਂਝ ਹਾਲੇ ਟੁੱਟੀ ਨਹੀਂ ਸੀ। ਸਕੂਲ ਤੋਂ ਆਉਣ ਸਾਰ ਅਸੀਂ ਸੂਏ 'ਤੇ ਨਹਾਉਣ ਚਲੇ ਜਾਂਦੇ ਸਾਂ ਤੇ ਘਰ ਦਿਆਂ ਨੇ ਵੀ ਮੱਦੇ ਨਾਲ ਜਾਣ ਤੋਂ ਕਦੇ ਨਾ ਰੋਕਣਾ ਕਿਉਂਕਿ ਸਾਊ ਸੁਭਾਅ ਦਾ ਮੱਦਾ ਸ਼ੁਰੂ ਤੋਂ ਹੀ ਜ਼ਿੰਮੇਵਾਰ ਬੰਦਾ ਸੀ।

ਮੱਦੇ ਦੇ ਕੱਦ-ਕਾਠ ਦਾ ਲਾਹਾ ਅਸੀਂ ਸਾਰੇ ਹਾਣੀ ਅਕਸਰ ਹੀ ਲੈਂਦੇ ਸੀ। ਆਥਣ ਵੇਲੇ ਜਦੋਂ ਮਹਿਲਾਂ ਵਾਲਿਆਂ ਦੀ ਬੋਤੀ ਜਵਾਰ ਦਾ ਲੱਧਾ ਲੈ ਕੇ ਸਾਡੇ ਚੌਂਤਰੇ ਕੋਲ ਦੀ ਲੰਘਦੀ ਤਾਂ ਮੱਦਾ ਦਲਬੀਰ ਸਿਉਂ ਬਾਬੇ ਤੋਂ ਅੱਖ ਬਚਾ ਕੇ ਦੋ ਚਾਰ ਗੰਨੇ ਖਿੱਚ ਲੈਂਦਾ ਤੇ ਫੇਰ ਸਾਨੂੰ ਛਿੱਲਣ ਲੱਗਿਆਂ ਸਿਖਾਉਂਦਾ ਕਿ ਛਿਲਕਾ ਕਿਵੇਂ ਲੰਮਾ ਰੱਖਣੈ ? ਉਸ ਵਕਤ ਸਾਡੇ ਕੋਲ ਕਿਹੜਾ ਖੇਡਣ ਨੂੰ ਐਂਗਰੀ ਬਰਡ ਸੀ, ਅਸੀਂ ਤਾਂ ਉਸ ਛਿਲਕੇ ਦੀਆਂ ਚੀਜ਼ਾਂ ਬਣਾ-ਬਣਾ ਕੇ ਹੀ ਖੇਡਣਾ ਹੁੰਦਾ ਸੀ। ਮੱਦਾ ਅਕਸਰ ਹੀ ਮੈਨੂੰ ਉਨ੍ਹਾਂ ਤੀਲ੍ਹਿਆਂ ਦਾ ਇੱਕ ਜਹਾਜ਼ ਬਣਾ ਕੇ ਦਿੰਦਾ ਹੁੰਦਾ ਸੀ। ਲੀਰਾਂ ਦੀ ਖੁੱਦੋ ਮੜ੍ਹਨ 'ਚ ਸੋਥੇ ਵਾਲੇ ਤਾਰੇ ਬਾਬੇ ਤੋਂ ਬਾਅਦ ਮੱਦਾ ਹੀ ਤਜ਼ਰਬੇਕਾਰ ਸੀ। ਬਾਬਾ ਤਾਂ ਕਦੇ ਕਦੇ ਸਾਨੂੰ ਲਲਕਰ ਦਿੰਦਾ ਪਰ ਮੱਦੇ ਤੋਂ ਜਦੋਂ ਜੀ ਕਰਦਾ, ਖੁੱਦੋ ਮੜ੍ਹਾ ਲੈਂਦੇ ਸੀ। ਮੱਦੇ ਦੀ ਮੜ੍ਹੀ ਖੁੱਦੋ ਏਨੀ ਕੁ ਕਰੜੀ ਹੁੰਦੀ ਸੀ ਕਿ ਅੱਜ ਵੀ ਮੇਰੀ ਸੇਲ੍ਹੀ ਦੇ ਉਤੇ ਇਕ ਨਿਸ਼ਾਨ ਹੈ, ਜੋ ਗੀਤੇ ਲੰਬੜਦਾਰ ਨਾਲ ਡੰਡਾ-ਡੁੱਕ ਖੇਡਦਿਆਂ ਪਿਆ ਸੀ।

ਵਕਤ ਬੀਤਦਾ ਗਿਆ, ਮੱਦਾ ਪੰਜ ਸੱਤ ਪੜ੍ਹ ਕੇ ਖੇਤੀ ਕਰਨ ਲੱਗ ਪਿਆ। ਅਸੀਂ ਪਿੰਡ ਵਾਲਾ ਘਰ ਵੇਚ ਕੇ ਮੰਡੀ ਜਾ ਘਰ ਪਾਇਆ। ਓਧਰ ਮੱਦੇ ਦਾ ਵਿਆਹ ਹੋ ਗਿਆ ਤੇ ਮੇਲ ਜੋਲ ਵੀ ਕਦੇ ਕਦਾਈਂ 'ਤੇ ਸੀਮਤ ਹੋ ਗਿਆ। ਕਦੇ ਕਦੇ ਲੋਕ ਲੱਜੋਂ ਮੱਦੇ ਨੂੰ ਚਾਚਾ ਕਹਿ ਦੇਣਾ ਪਰ ਮਗਰੋਂ ਦੋਹਾਂ ਨੇ ਹੱਸ ਪੈਣਾ। ਮੈਂ ਕਾਲਾਂਵਾਲੀ ਤੋਂ ਬਠਿੰਡੇ ਨੂੰ ਹੋ ਤੁਰਿਆ। ਮੱਦਾ ਕਬੀਲਦਾਰੀ 'ਚ ਉਲਝ ਗਿਆ ਤੇ ਰੱਬੀ ਸਬੱਬੀਂ ਹੀ ਮੇਲ ਹੋਣਾ। ਮੁੜ ਭਾਵੇਂ ਮੱਦੇ ਦੀ ਦਾੜ੍ਹੀ ਅੱਧੀ ਚਿੱਟੀ ਹੋ ਗਈ ਪਰ ਉਹ ਜੁੱਸੇ ਦਾ ਭਰਵਾਂ ਤੇ ਰੋਹਬਦਾਰ ਦਿੱਖ ਦਾ ਮਾਲਕ ਸੀ। ਅਸੀਂ ਜਦੋਂ ਵੀ ਕਦੇ ਮਿਲਣਾ ਤਾਂ ਮੈਂ ਕੋਲ ਖੜ੍ਹੇ

ਲੋਕਾਂ ਨੂੰ ਇੱਕ ਗੱਲ ਕਹਿਣੀ ਕਿ ਤੁਸੀਂ ਮੰਨ ਸਕਦੇ ਹੋ ਕਿ ਅਸੀਂ ਦੋਨੋਂ ਜਮਾਤੀ ਹਾਂ। ਕਿਸੇ ਨੇ ਯਕੀਨ ਨਾ ਕਰਨਾ ਤੇ ਕਈਆਂ ਨੇ ਤਾਂ ਇਹ ਵੀ ਕਹਿ ਦੇਣਾ ਕਿ ਤੇਰਾ ਨਹੀਂ ਤੇਰੇ ਪਾਪਾ ਜੀ ਦਾ ਜਮਾਤੀ ਹੋਣਾ ਮੱਦਾ।

ਮੱਦੇ ਨਾਲ ਮੇਰੀਆਂ ਅਖੀਰ ਦੀਆਂ ਕੁਝ ਮੁਲਾਕਾਤਾਂ 'ਚ ਇੱਕ 2006 ਦੀ ਗੱਲ ਹੈ। ਜਦੋਂ ਮੈਂ ਬਠਿੰਡੇ ਆਈਲਟਸ ਦੀ ਤਿਆਰੀ ਕਰ ਰਿਹਾ ਸੀ ਤਾਂ ਇੱਕ ਦਿਨ ਮੈਨੂੰ ਹਨੂਮਾਨ ਚੌਂਕ ਕੋਲ ਇੱਕ ਹਸਪਤਾਲ ਮੂਹਰੇ ਬੈਠਾ ਮੱਦਾ ਦਿਸ ਪਿਆ। ਮੈਂ ਕਾਰ ਰੋਕ ਕੇ ਉਸ ਕੋਲ ਆਇਆ। ਉਹ ਵੀ ਹੁਣ ਮੈਨੂੰ ਮਿੰਟੂ ਜਾਂ ਲਾਡ 'ਚ ਮਿੰਕੂ ਕਹਿਣ ਦੀ ਥਾਂ ਲੰਬੜਦਾਰਾ ਕਹਿ ਕੇ ਹੀ ਬੁਲਾਉਂਦਾ ਸੀ। ਜਦੋਂ ਮੈਂ ਉਸ ਨੂੰ ਹਸਪਤਾਲ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਮੁੰਡਾ ਢਿੱਲਾ ਹੋਣ ਬਾਰੇ ਦੱਸਿਆ। ਮੈਂ ਕਾਰ ਇੱਕ ਪਾਸੇ ਲਾ ਕੇ ਉਸ ਨਾਲ ਦੁੱਖ-ਸੁੱਖ ਕਰਨ ਲੱਗ ਪਿਆ। ਗੱਲਾਂ-ਗੱਲਾਂ 'ਚ ਮੈਨੂੰ ਕਹਿੰਦਾ ਕਿਧਰੋਂ ਆ ਰਿਹਾ ਸੀ ਲੰਬੜਦਾਰਾ ? ਮੈਂ ਕਿਹਾ ਕਿ ਕਲਾਸ ਲਾ ਕੇ ਆਇਆ ਹਾਂ। ਉਹ ਹੈਰਾਨ ਜਿਹਾ ਹੋ ਕੇ ਕਹਿੰਦਾ "ਓਏ ਲੰਬੜਦਾਰਾ ! ਹਾਲੇ ਵੀ ਪੜ੍ਹੀ ਜਾਨੈ" ? ਜਦੋਂ ਨੂੰ ਮੈਂ ਕੋਈ ਜਵਾਬ ਦਿੰਦਾ, ਆਪ ਹੀ ਕਹਿੰਦਾ "ਓਏ ਪਤੰਦਰਾ ! ਜੁਗੜੇ ਹੋ ਗਏ, ਹੁਣ ਤੱਕ ਤਾਂ ਤੂੰ ਸਾਰੀ ਪੜ੍ਹਾਈ ਮੁਕਾ ਦਿੱਤੀ ਹੋਣੀ ਆ"। ਉਸ ਦੀ ਭੋਲੀ ਜਿਹੀ ਗੱਲ ਸੁਣ ਕੇ ਮੇਰਾ ਹਾਸਾ ਨਿਕਲ ਗਿਆ। ਉਹ ਨਾਲ ਹੀ ਮੈਨੂੰ ਉਲਾਂਭਾ ਦੇ ਗਿਆ ਕਿ ਜੇ ਤੂੰ ਮੰਡੀ ਪੜ੍ਹਨ ਨਾ ਲਗਦਾ ਤਾਂ ਅੱਜ ਮੈਂ ਵੀ ਤੇਰੇ ਜਿੰਨਾ ਪੜ੍ਹ ਜਾਣਾ ਸੀ।

ਦੂਜੀ ਵਾਰ ਮੇਰੀ ਮੁਲਾਕਾਤ ਮੱਦੇ ਨਾਲ ਉਦੋਂ ਹੋਈ ਜਦੋਂ 2010 'ਚ ਮੈਂ ਇੰਡੀਆ ਗਿਆ ਸਾਂ ਤਾਂ ਅਚਾਨਕ ਪਾਪਾ ਜੀ ਇੱਕ ਐਕਸੀਡੈਂਟ 'ਚ ਸਭ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਭੋਗ ਤੋਂ ਚਾਰ ਕੁ ਦਿਨਾਂ ਮਗਰੋਂ ਮੱਦਾ ਮੇਰੇ ਕੋਲ ਆਇਆ ਤੇ ਕਹਿੰਦਾ, "ਲੰਬੜਦਾਰਾ ! ਉਦੋਂ ਕੱਠ-ਬੱਠ 'ਚ ਤੈਨੂੰ ਕਹਿ ਨਹੀਂ ਹੋਇਆ, ਸੋ ਅੱਜ ਕਹਿਣ ਆਇਆ ਹਾਂ ਕਿ ਤੂੰ ਹੁਣ ਬਾਹਰਲੇ ਮੁਲਕ ਨਾ ਜਾਈਂ। ਤੈਨੂੰ ਵਫ਼ਾ ਨਹੀਂ ਕੀਤਾ ਯਾਰ। ਦੇਖ ਕਿੱਡੀ ਸੱਟ ਖਾਧੀ ਆ। ਘੋੜੇ ਵਰਗਾ ਪਿਆ ਸੀ ਸਾਡਾ ਬਾਈ, ਨਾਲੇ ਕੀ ਕਮੀ ਹੈ ਤੇਰੇ ਕੋਲ ਸੁੱਖ ਨਾਲ ਇੱਥੇ ?" ਉਹ ਵਾਰ-ਵਾਰ ਮੈਨੂੰ ਇਹੀ ਜਤਾ ਰਿਹਾ ਸੀ ਕਿ ਹੁਣ ਮੈਂ ਭਾਰਤ ਹੀ ਰਹਾਂ। ਮੈਂ ਗੱਲ ਬਦਲਣ ਲਈ ਉਸ ਨੂੰ ਕਿਹਾ, "ਚਾਚਾ ਯਾਰ ਕੋਈ ਕੱਚੀ ਪਹਿਲੀ ਵਾਲੀ ਗੱਲ ਸੁਣਾ।"

"ਲੈ ਸੁਣ ਲੈ ਫੇਰ ! ਉਦੋਂ ਦੋ ਵਾਰੀ ਤਾਂ ਤੂੰ ਮੇਰੇ ਸਾਹਮਣੇ ਆਪਣੀ ਕੱਛ ਭਿਓਂ ਲਈ ਸੀ, ਹੁਣ ਭਾਵੇਂ ਬਣਿਆ ਫਿਰ ਨਾਢੂ ਖਾਨ।"

ਮੈਂ ਆਸਾ-ਪਾਸਾ ਜਿਹਾ ਤੱਕਿਆ ਤੇ ਕਿਹਾ, "ਕਿਉਂ ਝੂਠ ਬੋਲੀ ਜਾਨੈਂ ਚਾਚਾ ?"

"ਕੀਹਦੀ ਸੌਂਹ ਲੱਗੇ ? ਭਾਬੀ ਤੇਰੀਆਂ ਪੱਟੀਆਂ-ਪੁਟੀਆਂ ਪੋਚ ਕੇ, ਪੂਛਾਂ ਵਾਲਾ ਸੂਰਮਾ ਪਾ ਕੇ, ਮੇਰੀ ਗੋਦੀ ਚਾੜ੍ਹ ਦਿੰਦੀ ਸੀ। ਇੱਕ ਦਿਨ ਤੇਰੇ ਲਾਲ ਕੱਛ ਪਾਈ, ਪੂਰੀ ਬੈਲਟ-ਬੁਲਟ ਲੱਗੀ। ਮੈਨੂੰ ਖੋਲ੍ਹਣ ਦਾ ਹਿਸਾਬ ਜਾ ਨਹੀਂ ਆਇਆ। ਏਨੇ ਚਿਰ 'ਚ ਤੂੰ ਤਾਂ ਚਲਾ ਦਿੱਤਾ ਪਰਨਾਲਾ। ਮੈਨੂੰ ਪਤੈ ਕਿ ਮੈਂ ਇੱਕ ਹੱਥ 'ਚ ਲਮਕਾ ਕੇ ਕਿਵੇਂ ਤੁਹਾਡੇ ਘਰੇ ਲਿਆ ਸੁੱਟਿਆ ਸੀ।

ਲੈ ਲਗਦੇ ਹੱਥ ਦੂਜੀ ਵੀ ਸੁਣ ਲੈ; ਇਕ ਵਾਰੀ ਪਿੜਾਂ 'ਚ ਦਾਵੀ-ਦੁਕੜੇ ਖੇਡ ਰਹੇ ਸੀ ਕਿ ਤੈਨੂੰ ਤੇਹ ਲੱਗ ਆਈ। ਮੈਂ ਕਣਕ ਦੇ ਬੋਹਲ ਕੋਲ ਪਏ ਤੌੜੇ 'ਚੋਂ ਪਾਣੀ ਦੀ ਬਾਟੀ ਭਰ ਕੇ ਦੇ ਦਿੱਤੀ, ਤੂੰ ਉੱਤੋਂ ਦੀ ਪੀਈ ਜਾਵੇਂ ਤੇ ਥੱਲਿਓਂ ਦੀ ਕੱਢੀ ਜਾਵੇ। ਮੈਨੂੰ ਤਾਂ ਉਦੋਂ ਪਤਾ ਲੱਗਿਆ, ਜਦੋਂ ਤਾਏ ਗੁਰਚਰਨ ਨੇ

ਚਲਾਵੀਂ ਬਹੁਕਰ ਮਾਰੀ ਸਾਡੇ ਵੱਲ ਨੂੰ।''

ਉਸ ਦੀਆਂ ਗੱਲਾਂ ਨੇ ਮੇਰੇ ਉੱਤੇ ਟੁੱਟੇ ਪਹਾੜ ਨੂੰ ਥੋੜ੍ਹਾ ਹੌਲਾ ਕਰ ਦਿੱਤਾ ਸੀ। ਜਾਂਦਾ-ਜਾਂਦਾ ਵੀ ਕਹਿੰਦਾ ਜਾਏ, ''ਜੇ ਆਪਣਾ ਆੜੀ ਮੰਨਦੈਂ ਤਾਂ ਹੁਣ ਨਾ ਜਾਈਂ ਬਾਹਰ, ਤੈਨੂੰ ਉਸ ਮੁਲਕ ਨੇ ਵਫ਼ਾ ਨਹੀਂ ਕੀਤੀ।'' ਮੈਂ ਬਹਾਨੇ ਜਿਹੇ ਬਣਾਉਣ ਲੱਗਿਆ ਤਾਂ ਕਹਿੰਦਾ,''ਤੇਰੇ ਤੋਂ ਗੱਲਾਂ 'ਚ ਕਿਹੜਾ ਜਿੱਤੇ ? ਜਦੋਂ ਪਾਈਆ ਕੁ ਦਾ ਸੀ, ਉਦੋਂ ਨਹੀਂ ਸੀ ਮੰਨਦਾ, ਹੁਣ ਤਾਂ ਸੁੱਖ ਨਾਲ ਡੂਢ ਮਣ ਪੱਕੇ ਦਾ ਹੈਂ।''

ਮੱਦੇ ਨਾਲ ਮੇਰੀ ਆਖ਼ਰੀ ਮੁਲਾਕਾਤ 2011'ਚ ਹੋਈ, ਜਦੋਂ ਮੈਂ ਪਾਪਾ ਜੀ ਦੀ ਬਰਸੀ ਲਈ ਇੰਡੀਆ ਗਿਆ। ਉਹ ਬੋਹੜਾਂ ਹੇਠ ਪੰਜ-ਸੱਤ ਬੰਦਿਆਂ ਨਾਲ਼ ਬੈਂਚ 'ਤੇ ਬੈਠਾ ਸੀ। ਮੈਂ ਸਾਰੀ ਪੰਚਾਇਤ ਨੂੰ ਹੱਥ ਚੱਕ ਕੇ ਜੀਪ ਆਪਣੇ ਪੁਰਾਣੇ ਘਰ ਵੱਲ ਮੋੜ ਦਿੱਤੀ। ਪਰ ਜੀਪ ਤਾਏ ਜਗਰਾਜ ਸਿਉਂ ਕੇ ਨੌਹਰੇ 'ਚ ਠੱਲ੍ਹਣ ਤੋਂ ਬਾਅਦ ਪੈਰ ਮੱਲੋ-ਮੱਲੀ ਬੋਹੜਾਂ ਵੱਲ ਮੁੜ ਪਏ। ਉਥੇ ਜਾ ਕੇ ਸਾਰਿਆਂ ਨਾਲ ਦੁੱਖ-ਸੁੱਖ ਸਾਂਝਾ ਕੀਤਾ। ਤਾਇਆ ਬਲਦੇਵ ਸਿੰਘ ਬਾੜੀ ਵਾਲਾ ਮੈਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਪੈ ਰਹੀ ਇਮਾਰਤ ਦਿਖਾਉਣ ਲੈ ਗਿਆ। ਜਦੋਂ ਮੈਂ ਉੱਥੋਂ ਵਾਪਸ ਬੋਹੜ ਹੇਠ ਆਇਆ ਤਾਂ ਇਕ ਦੋ ਛੋਟੇ-ਛੋਟੇ ਜੁਆਕ ਸਾਈਕਲ 'ਤੇ ਝੂਟੇ ਲੈ ਰਹੇ ਸੀ। ਮੈਨੂੰ ਮੱਦਾ ਕਹਿੰਦਾ ਕਿ ਇਹਨਾਂ ਦੀ ਫ਼ੋਟੋ ਖਿੱਚ ਦੇ। ਜਦੋਂ ਮੈਂ ਉਨ੍ਹਾਂ ਦੀ ਫ਼ੋਟੋ ਖਿੱਚ ਰਿਹਾ ਸੀ ਤਾਂ ਇੱਕ ਜੁਆਕ ਮੇਰਾ ਹੁਲੀਆ ਜੇਹਾ ਦੇਖ ਕੇ ਮੈਨੂੰ ਹਿੰਦੀ 'ਚ ਪੁੱਛਣ ਲੱਗਿਆ ਕਿ "ਤੁਮ ਕਹਾਂ ਕੇ ਰਹਿਣੇ ਵਾਲੇ ਹੋ ?" ਸਾਰੇ ਹੱਸਣ ਲੱਗ ਗਏ ਪਰ ਮੇਰੀ ਬੋਲਤੀ ਬੰਦ ਹੋ ਗਈ। ਮੱਦੇ ਨੇ ਮੇਰੀ ਚੁੱਪ ਤੋੜੀ ਤੇ ਕਹਿੰਦਾ, ''ਨਾ ਲੰਬੜਦਾਰਾ ! ਤੈਨੂੰ ਕਿਹਾ ਸੀ ਕਿ ਨਾ ਜਾ ਬਾਹਰਲੇ ਮੁਲਕ। ਹੁਣ ਦੇਖ ਲਾ ਤੇਰੇ ਪਿੰਡ ਦੇ ਜੁਆਕ ਹੀ ਨਹੀਂ ਪਛਾਣਦੇ ਤੈਨੂੰ, ਐਵੇਂ ਹਵਾ ਕਰੀ ਜਾਨੈਂ ਸਾਡੇ 'ਤੇ।'' ਮੱਦੇ ਦੀ ਗੱਲ ਮੇਰੇ ਧੁਰ ਅੰਦਰ ਤੱਕ ਲਹਿ ਗਈ । ਮੈਂ ਚੁੱਪ ਕਰ ਕੇ ਜੀਪ ਚੁੱਕੀ ਤੇ ਵਾਪਸ ਮੰਡੀ ਆ ਗਿਆ। ਘਰ ਦੇ ਪੁੱਛਣ ਕਿ ਕੀਹਦੇ-ਕੀਹਦੇ ਘਰ ਜਾ ਆਇਐਂ ? ਮੈਂ ਕਿਹਾ ਇਕੱਲੇ ਗੁਰੂ ਦੇ ਘਰ ਹੀ ਗਿਆ ਸੀ, ਬੱਸ ਉੱਥੋਂ ਹੀ ਵਾਪਸ ਆ ਗਿਆ।''

ਅੱਜ ਵੀ ਮੇਰੇ ਜ਼ਿਹਨ 'ਚ ਮੱਦੇ ਨਾਲ਼ ਸਾਂਝੇ ਹੋਏ ਆਖ਼ਰੀ ਬੋਲ ਗੂੰਜ ਰਹੇ ਹਨ, ਤੇ ਸੋਚਦਾ ਹਾਂ ਕਿ ਆਪਣੀ ਅਸਲੀ ਹੋਂਦ ਗੁਆ ਕੇ ਕਿਹੜੀ ਝੂਠੀ ਹੋਂਦ ਦੇ ਚੱਕਰਾਂ 'ਚ ਪਿਆ ਫਿਰਦਾ ਹਾਂ ? ਉੱਥੇ ਆਪਣੇ ਸਨ, ਜੇ ਵੱਢਦੇ ਵੀ ਸੀ ਤਾਂ ਛਾਵੇਂ ਤਾਂ ਸੁੱਟਦੇ ਸਨ.... !!!

****

## ਕਵੀਸ਼ਰ ਤੋਂ ਫ਼ਿਲਮ ਸਟਾਰ ਤਕ- ਹਰਭਜਨ ਮਾਨ

ਭਾਵੇਂ ਇਹ ਲੇਖ ਸੰਨ 2009 'ਚ ਹਰਭਜਨ ਮਾਨ ਦੇ ਆਸਟ੍ਰੇਲੀਆ ਦੌਰੇ ਤੋਂ ਪਹਿਲਾਂ ਲਿਖਿਆ ਸੀ। ਪਰ ਇਸ ਦੀ ਬਣਤਰ ਮੇਰੇ ਅੰਦਰ ਬਹੁਤ ਪਹਿਲਾਂ ਤੋਂ ਬਣੀ ਪਈ ਸੀ ਕਿਉਂਕਿ ਹਰਭਜਨ ਮਾਨ ਇੱਕ ਇਹੋ ਜਿਹਾ ਗਾਇਕ ਹੈ ਜੋ ਗਾਇਕੀ ਤੋਂ ਵੀ ਜ਼ਿਆਦਾ ਇੱਕ ਇਨਸਾਨ ਦੇ ਤੌਰ ਤੇ ਮੈਨੂੰ ਪ੍ਰਭਾਵਿਤ ਕਰਦਾ ਰਿਹਾ ਹੈ। ਸੋ ਸਹੀ ਵੇਲੇ ਦੀ ਝਾਕ 'ਚ ਇਸ ਲੇਖ ਨੂੰ ਕਾ.ਗਜ਼ 'ਤੇ ਆਉਣ 'ਚ ਏਨੇ ਸਾਲ ਲੱਗ ਗਏ। ਬਾਪੂ ਪਾਰਸ ਤੋਂ ਲਏ ਬਹੁਤ ਸਾਰੇ ਗੁਰਾਂ ਦੀ ਚਰਚਾ ਜਦੋਂ ਵੀ ਹਰਭਜਨ ਨਾਲ ਕਰਨ ਦਾ ਮੌਕਾ ਮਿਲਿਆ ਤਾਂ ਸੁਣਨਾ ਚੰਗਾ ਲਗਿਆ ਹੈ। ਹੁਣ ਵੀ ਜਦੋਂ ਕਦੇ ਸੰਜੋਗਵੱਸ ਮਾਨ ਸਾਹਿਬ ਨਾਲ ਮੇਲ ਹੁੰਦਾ ਤਾਂ ਗੱਲ-ਗੱਲ 'ਚੋਂ ਬਾਪੂ ਪਾਰਸ ਵੱਲੋਂ ਦਿੱਤੀ ਸਿੱਖਿਆ ਦਾ ਝਲਕਾਰਾ ਪੈਂਦਾ ਹੈ। ਹਰਭਜਨ ਤੇ ਬਾਪੂ ਪਾਰਸ ਅੱਜ ਦੇ ਆਧੁਨਿਕ ਯੁੱਗ 'ਚ ਗੁਰੂ ਚੇਲੇ ਦੀ ਇੱਕ ਅਨੂਠੀ ਮਿਸਾਲ ਹਨ। ਹਰ ਬਾਰ ਮੇਰੀ ਇਹੀ ਸੋਚ ਹੁੰਦੀ ਹੈ ਕਿ ਇਸ ਬਾਰ ਜਦੋਂ ਮੈਂ ਮਾਨ ਸਾਹਿਬ ਨੂੰ ਮਿਲਿਆ ਤਾਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਸਾਡੇ ਨੌਜਵਾਨਾਂ ਲਈ ਇੱਕ ਕਿਤਾਬ ਲਿਖਣ। ਜਿਸ ਵਿੱਚ ਗੁਰੂ ਤੋਂ ਲਏ ਗਿਆਨ ਅਤੇ ਗੁਰੂ ਪ੍ਰਤੀ ਸਤਿਕਾਰ ਬਾਰੇ ਦੱਸਣ ਤਾਂ ਕਿ ਨਵੀਂ ਪੀੜ੍ਹੀ ਵਿੱਚੋਂ ਹੋਰ ਹਰਭਜਨ ਮਾਨ ਪੈਦਾ ਕੀਤੇ ਜਾ ਸਕਣ।



ਜਨਾਬ ਹਰਭਜਨ ਮਾਨ ਨਾਲ ਲੇਖਕ



ਮਨਪ੍ਰੀਤ ਸਿੰਘ ਢੀਂਡਸਾ, ਕਮਲ ਹੀਰ, ਦੀਪਕ ਬਾਲੀ (ਪਲਾਜ਼ਮਾ ਰਿਕਾਰਡਜ਼)
ਜਨਾਬ ਮਨਮੋਹਨ ਵਾਰਿਸ ਅਤੇ ਜੌਹਰ ਗਰਗ ਨਾਲ ਲੇਖਕ

# ਕਵੀਸ਼ਰ ਤੋਂ ਫ਼ਿਲਮ ਸਟਾਰ ਤੱਕ- ਹਰਭਜਨ ਮਾਨ

ਮਾਲਵੇ ਦੀ ਧਰਤੀ ਨੂੰ ਪੰਜਾਬੀ ਸੱਭਿਆਚਾਰ ਵਿੱਚ ਪਾਏ ਆਪਣੇ ਯੋਗਦਾਨ ਦਾ ਮਾਣ ਹੈ, ਖ਼ਾਸ ਕਰਕੇ ਪੰਜਾਬੀ ਗੀਤ-ਸੰਗੀਤ ਵਿੱਚ ਅੱਜ ਮਲਵਈਆਂ ਦੀ ਤੂਤੀ ਸਾਰੀ ਦੁਨੀਆ 'ਚ ਬੋਲਦੀ ਹੈ। ਜਦੋਂ-ਜਦੋਂ ਇਤਿਹਾਸ ਪੰਜਾਬੀ ਗੀਤ ਸੰਗੀਤ ਦਾ ਲੇਖਾ-ਜੋਖਾ ਕਰੇਗਾ ਤਾਂ ਮਲਵਈ ਅੱਧ ਨਾਲੋਂ ਵੱਧ ਹਿੱਸਾ ਵੰਡਾਂ ਕੇ ਲੈ ਜਾਣਗੇ।

ਮੇਰਾ ਇੱਥੇ ਇਹ ਮਕਸਦ ਨਹੀਂ ਕਿ ਸਾਰਿਆ ਦੇ ਸਾਂਝੇ ਇੰਨਾ ਕਲਾਕਾਰਾਂ ਨੂੰ ਮਾਝੇ-ਮਾਲਵੇ ਦੀਆਂ ਹੱਦਾਂ ਵਿੱਚ ਬੰਨ੍ਹਾਂ ਪਰ ਜੋ ਲਕੀਰਾਂ ਪਹਿਲਾਂ ਤੋਂ ਹੀ ਖਿੱਚਿਆਂ ਪਈਆਂ ਹਨ ਉਨ੍ਹਾਂ ਨੂੰ ਮਿਟਾ ਸਕਾਂ, ਇਹ ਗੱਲ ਵੀ ਤਾਂ ਕਿਸੇ ਇੱਕ ਦੇ ਵੱਸ ਵਿੱਚ ਨਹੀਂ। ਚਲੋ ਛੱਡੋ ਇਸ ਚਿੰਤਾ ਨੂੰ ਇਹ ਚਿੰਤਾਯੋਗ ਗੱਲ ਜ਼ਰੂਰ ਹੈ ਪਰ ਕਿਸੇ ਢੁਕਵੇਂ ਮੌਕੇ ਤੇ ਇਸ ਦੀ ਚਰਚਾ ਕਰਾਂਗੇ ਫਿਲਹਾਲ ਅੱਜ ਦੇ ਵਿਸ਼ੇ ਤੇ ਆਉਂਦੇ ਹਾਂ।

ਪੰਜਾਬੀ ਗੀਤ ਸੰਗੀਤ ਵਿੱਚ ਮਾਨਾਂ ਨੂੰ ਜੋ ਮਾਣ ਮਿਲਿਆ ਹੈ ਉਹ ਕਿਸੇ ਵਿਸ਼ਲੇਸ਼ਣ ਦਾ ਮੁਹਤਾਜ ਨਹੀਂ ਤੇ ਇਹ ਵੀ ਇੱਕ ਸੰਜੋਗ ਹੀ ਹੈ ਕਿ ਇਹਨਾਂ ਮਾਨਾਂ ਵਿੱਚੋਂ ਸਾਰੇ ਹੀ ਵੱਡੇ ਨਾਂ ਮਾਲਵੇ ਨਾਲ ਸਬੰਧਿਤ ਹਨ। ਜਿਵੇਂ ਕਿ ਗੀਤਕਾਰੀ ਵਿੱਚ ਅੱਧੀ ਸਦੀ ਤੋਂ ਵੀ ਵੱਧ ਦੀ ਆਪਣੀ ਸਰਦਾਰੀ ਬਣਾਈ ਬੈਠਾ ਬਾਬੂ ਸਿੰਘ ਮਾਨ ਮਰਾੜਾਂ ਵਾਲਾ, ਪੀਰਾਂ-ਫ਼ਕੀਰਾਂ ਵਾਲੀ ਸੋਚ ਵਾਲਾ ਗੁਰਦਾਸ ਮਾਨ, ਹਲੀਮੀ ਭਰਪੂਰ ਤੇ ਹਰ ਵਰਗ 'ਚ ਹਰਮਨ ਪਿਆਰਾ ਹਰਭਜਨ ਮਾਨ, ਹਾਸਿਆਂ ਦਾ ਬਾਦਸ਼ਾਹ ਭਗਵੰਤ ਮਾਨ, ਨੌਜਵਾਨਾਂ ਦੇ ਦਿਲਾਂ ਦੀ ਧੜਕਣ ਬੱਬੂ ਮਾਨ ਜਾਂ ਫੇਰ ਅੱਜ ਦੇ ਯੁੱਗ ਵਿੱਚ ਆਪਣੀ ਥਾਂ ਬਣਾਉਂਦੇ ਸ਼ੈਰੀ ਮਾਨ ਤੇ ਲਖਵਿੰਦਰ ਮਾਨ ਹੋਣ। ਇਹ ਸਾਰੇ ਹੀ ਦੁਨੀਆ ਭਰ 'ਚ ਆਪਣੇ-ਆਪਣੇ ਅੰਦਾਜ਼ ਵਿੱਚ ਹਰਮਨ ਪਿਆਰੇ ਹਨ ਤੇ ਇੰਨਾ 'ਚ ਇੱਕ ਗੱਲ ਜੇ ਸਾਂਝੀ ਹੈ ਤਾਂ ਉਹ ਇੰਨਾ ਦਾ ਮਲਵਈ ਹੋਣਾ ਹੈ। ਅੱਜ ਦੇ ਇਸ ਲੇਖ ਦਾ ਸਾਡਾ ਨਾਇਕ ਆਪਣੀ ਇੱਕ ਖ਼ਾਸ ਥਾਂ ਬਣਾਈ ਬੈਠਾ ਮਲੂਕੜਾ ਜਿਹਾ ਹਰਭਜਨ ਮਾਨ ਹੈ।

ਤਕਰੀਬਨ ਦੋ-ਤਿੰਨ ਕੁ ਮਹੀਨੇ ਪਹਿਲਾਂ ਇੱਕ ਦਿਨ ਐਡੀਲੇਡ ਤੋਂ ਟਾਈਮ ਇਮੀਗ੍ਰੇਸ਼ਨ ਵਾਲੇ ਮਨਦੀਪ ਸਿੰਘ ਨਾਲ ਗੱਲਾਂ ਕਰਦਿਆਂ ਪਤਾ ਲੱਗਿਆ ਕਿ ਹਰਭਜਨ ਮਾਨ ਆਸਟ੍ਰੇਲੀਆ ਦੇ ਦੌਰੇ ਤੇ ਆ ਰਿਹਾ ਹੈ ਤਾਂ ਮੇਰਾ ਸਭ ਤੋਂ ਪਹਿਲਾ ਸਵਾਲ ਉਨ੍ਹਾਂ ਨੂੰ ਇਹ ਸੀ ਕਿ ਉਹ ਸਾਊਥ ਆਸਟ੍ਰੇਲੀਆ ਆ ਰਿਹਾ ਕਿ ਨਹੀਂ ? ਤਾਂ ਉਨ੍ਹਾਂ ਜਦੋਂ ਹਾਂ 'ਚ ਸਿਰ ਹਿਲਾਇਆ ਤਾਂ ਮਨ ਨੂੰ ਬੜਾ ਸਕੂਨ ਜਿਹਾ ਮਿਲਿਆ। ਮੇਰੀ ਸੰਕਾ ਦਾ ਕਾਰਨ ਇਹ ਸੀ ਕੇ ਇਸ ਵਾਰ ਵੀ ਉਹੀ ਕੰਪਨੀ ਇਸ ਦੌਰੇ ਦਾ ਆਯੋਜਨ ਕਰ ਰਹੀ ਸੀ ਜਿਸ ਨੇ ਪਿਛਲੇ ਦਿਨੀਂ ਗੁਰਦਾਸ ਮਾਨ ਦੇ ਟੂਰ ਦਾ ਪ੍ਰਬੰਧ ਕੀਤਾ ਸੀ। ਉਹ ਉਸ ਵਕਤ ਸਾਨੂੰ ਯਾਨੀ ਸਾਊਥ ਆਸਟ੍ਰੇਲੀਆ ਨੂੰ ਭੁੱਲ ਗਏ ਸਨ। ਸੋ ਓਸੇ ਦਿਨ ਤੋਂ ਹੀ ਮਨ ਵਿੱਚ ਆਇਆ ਕੇ ਮਾਰਚ ਮਹੀਨੇ ਦੇ ਪਰਚੇ ਵਿੱਚ ਹਰਭਜਨ ਮਾਨ ਬਾਰੇ ਲਿਖਣ ਦੀ ਕੋਸ਼ਿਸ਼ ਕਰਾਂਗਾ।

ਅੱਜ ਜਦੋਂ ਲਿਖਣ ਲੱਗਿਆ ਤਾਂ ਮਾਲਵੇ ਦੇ ਦਿਲ ਬਠਿੰਡੇ ਨਾਲ ਸਬੰਧ ਰੱਖਣ ਕਰਕੇ ਆਪ ਮੁਹਾਰੇ ਹੀ ਮਾਲਵੇ ਦੀ ਵਡਾਈ ਨਾਲ ਲੇਖ ਸ਼ੁਰੂ ਕਰ ਲਿਆ ਤੇ ਕੁੱਝ ਫ਼ਖਰ ਜਿਹਾ ਵੀ ਮਹਿਸੂਸ ਹੋ ਰਿਹਾ ਲਿਖਣ ਲੱਗਿਆ ਕਿਉਂਕਿ ਆਖ਼ਰ ਮੇਰਾ ਤੇ ਹਰਭਜਨ ਮਾਨ ਦਾ ਜ਼ਿਲ੍ਹਾ ਇੱਕ ਹੈ ਤੇ ਥੋੜ੍ਹੀ ਬਹੁਤ ਸਾਂਝ ਵੀ ਰਹੀ ਹੈ ਖੇਮੁਆਣੇ ਨਾਲ, ਜੀ ਹਾਂ ਇਹ ਓਹੀ ਖੇਮੁਆਣਾ ਪਿੰਡ ਹੈ ਜਿੱਥੇ ਇਸ ਸਿਤਾਰੇ ਨੇ

ਆਪਣਾ ਬਚਪਨ ਗੁਜ਼ਾਰਿਆ।

ਅੱਜ ਹਰਭਜਨ ਮਾਨ ਨੂੰ ਆਪਾਂ ਜਿਸ ਉਚਾਈ ਤੇ ਖੜ੍ਹਾ ਦੇਖਦੇ ਹਾਂ ਉਹ ਕੋਈ ਇੱਕ-ਦੋ ਦਿਨਾਂ 'ਚ ਹਾਸਿਲ ਨਹੀਂ ਹੋਈ, ਪੂਰੇ ਵੀਹ ਵਰ੍ਹੇ ਲੱਗੇ ਹਨ ਇਸ ਟੀਸੀ ਨੂੰ ਛੋਹਣ ਲਈ। ਇਹਨਾਂ ਦੀ ਗਾਇਕੀ ਦਾ ਸਫ਼ਰ ਅੱਸੀ ਦੇ ਦਹਾਕੇ ਤੋਂ ਵੀ ਪਹਿਲਾਂ ਸ਼ੁਰੂ ਹੋਇਆ। ਇਹ ਉਹ ਵਕਤ ਸੀ ਜਦੋਂ ਦੋ ਗਾਣਾ ਗਾਇਕੀ ਆਪਣੇ ਜੋਬਨ ਤੇ ਸੀ ਤੇ ਕਵੀਸ਼ਰੀ ਆਪਣੇ ਅਖੀਰੀ ਸਾਹਾ ਤੇ ਖੜ੍ਹੀ ਸੀ। ਉਨ੍ਹਾਂ ਦਿਨਾਂ 'ਚ ਬਾਪੂ ਕਰਨੈਲ ਸਿੰਘ ਪਾਰਸ ਜੋ ਕਿ ਸਰਦਾਰ ਹਰਨੇਕ ਸਿੰਘ ਮਾਨ ਦੇ ਚੰਗੇ ਮਿੱਤਰ ਸਨ ਤੇ ਅਕਸਰ ਹੀ ਖੇਮੂਆਣੇ ਆਉਂਦੇ ਰਹਿੰਦੇ ਸਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਹਰਭਜਨ ਨੇ ਆਪਣੇ ਛੋਟੇ ਵੀਰ ਗੁਰਸੇਵਕ ਨਾਲ ਬਹੁਤ ਛੋਟੀ ਉਮਰੇ ਕਵੀਸ਼ਰੀ ਦੀ ਡੁੱਬ ਰਹੀ ਬੇੜੀ 'ਚ ਪੈਰ ਧਰਨ ਦਾ ਹੌਂਸਲਾ ਵਿਖਾਇਆ। ਕੁੱਝ ਮੇਲਿਆ ਤੇ ਗੁਰੂ ਘਰਾਂ ਵਿਚੋਂ ਗਾਇਕੀ ਦਾ ਜੋ ਸਫ਼ਰ ਸ਼ੁਰੂ ਹੋਇਆ ਸੀ ਉਹ ਚੱਲ ਸੋ ਚੱਲ ਅੱਜ ਤੱਕ ਨਿਰਵਿਘਨ ਜਾਰੀ ਹੈ।

ਪਰਵਾਰਿਕ ਪਿਛੋਕੜ ਤੇ ਝਾਤ ਮਾਰੀਏ ਤਾਂ ਛੋਟੀ ਉਮਰੇ ਮਾਂ ਦੀ ਬੁੱਕਲ ਦਾ ਨਿੱਘ ਖੁੱਸ ਗਿਆ ਸਵਰਗਵਾਸੀ ਮਾਤਾ ਦਲੀਪ ਕੌਰ ਮਸਾਂ ਤੇਰ੍ਹਾਂ ਕੁ ਵਰ੍ਹੇ ਦੇ ਬਾਲਕੇ ਨੂੰ ਛੱਡ ਕੇ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹਿ ਗਏ। ਤਿੰਨ ਭੈਣਾਂ ਤੇ ਚਾਰ ਭਰਾਵਾਂ ਦਾ ਪਾਲਣ-ਪੋਸਣ ਬਾਪ ਸਰਦਾਰ ਹਰਨੇਕ ਸਿੰਘ ਮਾਨ ਦੇ ਮੋਢਿਆਂ ਤੇ ਆ ਗਿਆ। ਉਨ੍ਹਾਂ ਆਪਣਾ ਫ਼ਰਜ਼ ਬਖ਼ੂਬੀ ਨਿਭਾਇਆਂ ਤੇ ਸਾਰੇ ਬੱਚਿਆਂ ਦੀਆਂ ਜ਼ੁੰਮੇਵਾਰੀਆਂ ਵੇਲੇ ਸਿਰ ਨੇਪਰੇ ਚੜ੍ਹਾਈਆਂ।

ਅੱਸੀ ਦਹਾਕੇ ਦੇ ਸ਼ੁਰੂ 'ਚ ਕਿਸਮਤ ਹਰਭਜਨ ਨੂੰ ਬੇਗਾਨੀ ਧਰਤੀ ਤੇ ਲੈ ਗਈ ਤੇ ਇੱਥੇ ਜ਼ਿਆਦਾ ਜ਼ਰੂਰਤ ਨਹੀਂ ਦੱਸਣ ਦੀ ਕੀ ਛੋਟੀ ਉਮਰੇ ਵਿਦੇਸ਼ਾਂ 'ਚ ਕਿਹੋ ਜਿਹੇ ਹਾਲਾਤ ਹੁੰਦੇ ਹਨ। ਪਰ ਹਰਭਜਨ ਨੇ ਕੰਮ ਦੇ ਨਾਲ-ਨਾਲ ਆਪਣੇ ਸ਼ੋਕ ਨੂੰ ਨਹੀਂ ਮਰਨ ਦਿਤਾ ਤੇ ਜਦੋਂ ਵੀ ਟਾਈਮ ਮਿਲਿਆ ਓਥੇ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ। ਨੱਬੇ ਦੇ ਦਹਾਕੇ ਦੇ ਸ਼ੁਰੂ 'ਚ ਜਗਤ ਪ੍ਰਸਿੱਧ ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਸਾਹਿਬ ਜੀ (ਇਹ ਆਰਟੀਕਲ ਲਿਖਦੇ ਲਿਖਦੇ ਇੱਕ ਨਿਰਾਸ਼ ਕਰਨ ਵਾਲੀ ਖ਼ਬਰ ਇਹ ਆਈ ਕੇ ਬਾਪੂ ਕਰਨੈਲ ਸਿੰਘ ਪਾਰਸ ਜੀ ਛੋਟੀ ਜਿਹੀ ਬਿਮਾਰੀ ਪਿੱਛੋਂ ਇਸ ਜਹਾਨ ਨੂੰ ਅਲਵਿਦਾ ਕਹਿ ਗਏ ਉਨ੍ਹਾਂ ਦੇ ਜੀਵਨ 'ਤੇ ਝਾਤ ਕਿਸੇ ਅਗਲੇ ਲੇਖ 'ਚ ਪਾਵਾਂਗੇ) ਨਾਲ ਗੁਰੂ ਚੇਲੇ ਵਾਲਾ ਰਿਸ਼ਤਾ, ਰਿਸ਼ਤੇਦਾਰੀ ਵਿੱਚ ਬਦਲ ਗਿਆ ਜਦੋਂ ਉਨ੍ਹਾਂ ਦੀ ਲਾਡਲੀ ਪੋਤੀ ਤੇ ਹਰਚਰਨ ਸਿੰਘ ਗਿੱਲ ਦੀ ਪਿਆਰੀ ਧੀ ਬੀਬਾ ਹਰਮਨਦੀਪ ਕੌਰ ਨਾਲ ਵਿਆਹ ਦੇ ਪਵਿੱਤਰ ਬੰਧਨ ਵਿੱਚ ਪਰੋਏ ਗਏ। ਅੱਜ ਦੋ ਪੁੱਤਰ ਅਵਕਾਸ਼ ਤੇ ਮਿਹਰ ਇੰਦਰ ਸਿੰਘ ਮਾਨ ਤੇ ਇਕ ਧੀ ਸਹਰ ਮਾਨ ਦੇ ਨਾਲ ਹਰਭਜਨ ਆਪਣੀ ਮਸਰੂਫ਼ੀਅਤ ਭਰੀ ਜ਼ਿੰਦਗੀ ਮੁਹਾਲੀ ਵਿਖੇ ਗੁਜ਼ਾਰ ਰਿਹਾ ਹੈ।

ਸੰਨ 1985-86 ਦੀ ਗੱਲ ਹੋਣੀ ਬਠਿੰਡੇ ਦੇ ਡੀ.ਏ.ਵੀ. ਕਾਲਜ 'ਚ ਪੜ੍ਹਨ ਦੇ ਦਿਨਾਂ 'ਚ ਸਾਡੇ ਇੱਕ ਪਿਆਰੇ ਮਿੱਤਰ ਪੱਪੂ ਮਾਨ ਨੇ ਇੱਕ ਦਿਨ ਮੈਨੂੰ ਇੱਕ ਰੀਲ ਦਿੱਤੀ ਤੇ ਕਹਿਣ ਲੱਗਿਆ ਕਿ ਇਹ ਮੇਰੇ ਚਾਚੇ ਦੇ ਪੁੱਤ ਦੀ ਹੈ ਉਹ ਕੈਨੇਡਾ 'ਚ ਰਹਿੰਦਾ ਤੇ ਤੂੰ ਸੁਣ ਕੇ ਦੇਖੀਂ। ਇਹ ਉਹ ਯੁੱਗ ਸੀ ਜਦੋਂ ਤਵਿਆਂ ਦੇ ਯੁੱਗ ਦਾ ਅੰਤ ਹੋ ਗਿਆ ਸੀ ਤੇ ਰੀਲਾਂ ਦਾ ਯੁੱਗ ਪੰਜਾਬ ਦੇ ਮਾੜੇ ਹਾਲਾਤ ਵਿੱਚ ਆਪਣੇ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਟੇਪ ਐਚ.ਐਮ.ਵੀ. ਕੰਪਨੀ ਨੇ 'ਇਸ਼ਕ ਦੇ ਮਾਮਲੇ' ਨਾਂ ਹੇਠ ਕੱਢੀ ਸੀ ਤੇ ਉਸ ਵਿੱਚ ਸ਼ਾਮਲ ਇੱਕ ਗੀਤ ਦੇ ਬੋਲ ਅੱਜ ਵੀ ਮੇਰੇ ਜ਼ਿਹਨ ਵਿੱਚ ਹਨ, 'ਲੁਧਿਆਣਾ ਮੋਗਾ ਮੈਨੂੰ ਭੀੜਾ-ਭੀੜਾ ਜਾਪੇ ਵੱਢ-ਵੱਢ ਖਾਣ ਜਗਰਾਵਾਂ, ਜਾਣਾ ਸੀ ਜੇ ਪਰਦੇਸ ਨੂੰ ਕਾਹਨੂੰ ਲਈਆਂ ਸੀ

ਚੰਦਰਿਆ ਲਾਵਾਂ' ਅਤੇ ਇੱਕ ਹੋਰ ਗੀਤ 'ਹਰ ਚਰਖੇ ਦੇ ਗੇੜੇ ਵੇ ਤੈਨੂੰ ਯਾਦ ਕਰਾਂ' ਵੀ ਸੁਣਨ ਵਾਲੇ ਨੂੰ ਸਕੂਨ ਦਿੰਦਾ ਸੀ ਮੁੱਕਦੀ ਗੱਲ ਉਹ ਟੇਪ ਬਹੁਤ ਮਿਆਰੀ ਸੀ ਪਰ ਪਤਾ ਨਹੀਂ ਕਿਉਂ ਉਹ ਹਰਭਜਨ ਦੀ ਪਹਿਚਾਣ ਨਹੀਂ ਬਣਾ ਸਕੀ ਸੀ।

ਉਸ ਤੋਂ ਪਿੱਛੋਂ ਕਾਫ਼ੀ ਚਿਰ ਬੀਤ ਗਿਆ ਤੇ ਕੋਈ ਨਵੀਂ ਟੇਪ ਹਰਭਜਨ ਦੀ ਸੁਣਨ ਨੂੰ ਨਾ ਮਿਲੀ। 1992 'ਚ ਆ ਕੇ ਇੱਕ ਦਿਨ ਦੂਰਦਰਸ਼ਨ ਜਲੰਧਰ ਤੇ ਗੀਤਾਂ ਦੇ ਇੱਕ ਪ੍ਰੋਗਰਾਮ 'ਚ ਜਦ ਇੱਕ ਨਵੇਂ ਜਿਹੇ ਮੁੰਡੇ ਦੇ ਮੂੰਹੋਂ ਉਸ ਵਕਤ ਦੇ ਮਸ਼ਹੂਰ ਗੀਤਕਾਰ ਦਵਿੰਦਰ ਖੰਨੇ ਵਾਲੇ ਦਾ ਗੀਤ 'ਚਿੱਠੀਏ ਨੀ ਚਿੱਠੀਏ' ਸੁਣਨ ਨੂੰ ਮਿਲਿਆ ਤਾਂ ਇੱਕ ਵਾਰ ਹਰ ਪਾਸੇ ਇਸੇ ਗਾਇਕ ਦੇ ਚਰਚੇ ਛਿੜ ਗਏ। ਮੇਰੇ ਅੱਜ ਵੀ ਉਹ ਸਾਰਾ ਸੀਨ ਯਾਦ ਹੈ ਜਦ ਉਸ ਗਾਣੇ ਨੂੰ ਸੁਣਨ ਤੋਂ ਪਿੱਛੋਂ ਮੈਂ ਆਪਣੇ ਇੱਕ ਪਰਮ ਮਿੱਤਰ 'ਲੱਭੀ' ਜੋ ਕਿ ਥੋੜ੍ਹਾ ਜਿਹਾ ਵਕਤ ਪਹਿਲਾਂ ਹੀ ਕੈਨੇਡਾ ਗਿਆ ਸੀ ਨੂੰ ਚਿੱਠੀ ਲਿਖਣ ਬੈਠ ਗਿਆ ਸੀ ਤੇ ਉਸ ਚਿੱਠੀ ਵਿੱਚ ਉਹ ਸਾਰੇ ਦਾ ਸਾਰਾ ਗੀਤ ਲਿਖ ਦਿੱਤਾ ਸੀ। ਪਰ ਮੈਂ ਉਸ ਵਕਤ ਹਰਭਜਨ ਨੂੰ ਨਹੀਂ ਪਹਿਚਾਣ ਸਕਿਆ ਸੀ ਤੇ ਮੈਂ ਚਿੱਠੀ ਵਿੱਚ ਵੀ ਇਹ ਲਿਖਿਆ ਸੀ ਕਿ ਨਵਾਂ ਜਿਹਾ ਮੁੰਡਾ ਹੀ ਹੈ ਗਾਉਣ ਵਾਲਾ। ਪਰ ਉਂਜ ਸਿਰਾ ਲਾ ਦਿੱਤਾ ਗਾਣਾ ਗਾਉਣ ਦਾ। ਜਦੋਂ ਦੂਜੇ ਦਿਨ ਮੈਨੂੰ ਪਤਾ ਲੱਗਿਆ ਕਿ ਇਹ ਤਾਂ ਉਹ ਹੀ ਹਰਭਜਨ ਹੈ ਮੇਰੇ ਦੋਸਤ ਦੇ ਚਾਚੇ ਦਾ ਪੁੱਤ ਤਾਂ ਮੇਰੀ ਖ਼ੁਸ਼ੀ ਹੋਰ ਜ਼ਿਆਦਾ ਹੋ ਗਈ ਤੇ ਆਪਣਾਪਣ ਜਿਹਾ ਝਲਕਣ ਲਗ ਪਿਆ।

ਬੱਸ ਇਸ ਟੇਪ ਨੇ ਕਾਮਯਾਬੀ ਦੇ ਅਗਲੇ-ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਉਸ ਤੋਂ ਲੈ ਕੇ ਅੱਜ ਤੱਕ ਹਰਭਜਨ ਮਾਨ ਦਾ ਹਰ ਕਦਮ ਅੱਗੇ ਵੱਲ ਨੂੰ ਹੀ ਪਿਆ। ਭਾਵੇਂ 'ਚਿੱਠੀਏ ਨੀ ਚਿੱਠੀਏ' ਟੇਪ ਨੇ ਹਰਭਜਨ ਨੂੰ ਦੇਸ਼-ਪਰਦੇਸ 'ਚ ਪੰਜਾਬੀਆ ਦਾ ਹਰਮਨ ਪਿਆਰਾ ਗਾਇਕ ਬਣਾ ਦਿਤਾ ਸੀ ਪਰ ਹਰਭਜਨ ਦਾ ਅਸਲੀ ਦਾਇਰਾ ਤਾਂ 1999 'ਚ ਆਈ 'ਓਏ ਹੋਏ' ਟੇਪ ਦੇ ਗੀਤ 'ਗੱਲ੍ਹਾਂ ਗੋਰੀਆਂ ਦੇ ਵਿੱਚ ਟੋਏ' ਤੋਂ ਪਿੱਛੋਂ ਹੀ ਖੁੱਲ੍ਹਿਆ। ਜਦੋਂ ਉਸ ਦੀ ਪਹਿਚਾਣ ਪੰਜਾਬੀਅਤ ਤੋਂ ਬਾਹਰ ਵੀ ਬਣੀ ਤੇ ਉਸ ਵਕਤ ਦੇਸ਼-ਵਿਦੇਸ਼ ਦੇ ਹਰ ਕੋਨੇ ਵਿੱਚੋਂ ਇਹ ਹੀ ਗੀਤ ਵੱਜਦਾ ਸੁਣਾਈ ਦਿੰਦਾ ਸੀ। ਇਸ ਗੀਤ ਦੀਆਂ ਕਈ ਖ਼ੂਬੀਆਂ ਸਨ ਜਿਵੇਂ ਕਿ ਇਸ ਦਾ ਵੀਡੀਓ ਬਹੁਤ ਸੋਹਣਾ ਸੀ ਤੇ ਗੀਤਕਾਰੀ ਵੀ ਗਜ਼ਬ ਦੀ ਸੀ। ਅਸਲੀ ਚਾਰ-ਚੰਨ ਤਾਂ ਹਰਭਜਨ ਦੀ ਸੋਜ ਭਰੀ ਤੇ ਵੱਖਰੀ ਆਵਾਜ਼ ਤੇ ਦਿਲਕਸ਼ ਪੇਸ਼ਕਾਰੀ ਨੇ ਲਾਏ ਸੀ। ਇਸ ਗੀਤ ਦੇ ਗੀਤਕਾਰ ਬਾਬੂ ਸਿੰਘ ਮਾਨ ਨੇ ਇਸ ਗਾਣੇ ਦੇ ਸੁਪਰ ਹਿੱਟ ਹੋਣ ਤੋਂ ਪਿੱਛੋਂ ਇੱਕ ਮੁਲਾਕਾਤ 'ਚ ਕਿਹਾ ਸੀ ਕਿ ਮੈਨੂੰ ਤੀਹ-ਚਾਲੀ ਵਰ੍ਹੇ ਹੋ ਗਏ ਗੀਤ ਲਿਖਦਿਆਂ ਪਰ ਹਾਲੇ ਤੱਕ ਮੈਨੂੰ ਬਠਿੰਡੇ ਤੋਂ ਪਰ੍ਹੇ ਨਹੀਂ ਸੀ ਕੋਈ ਪਛਾਣਦਾ, ਪਰ ਇਸ ਇੱਕ ਗੀਤ ਨੇ ਮੈਨੂੰ ਜਗਤ ਪਛਾਣ ਦਿੱਤੀ। ਪਰ ਇਹ ਗੱਲ ਨਹੀਂ ਸੀ ਪੰਜਾਬੀ ਗੀਤਕਾਰੀ 'ਚ ਇਸ ਤੋਂ ਪਹਿਲਾਂ ਵੀ ਮਾਨ ਮਰਾੜਾਂ ਵਾਲੇ ਦੀ ਸਰਦਾਰੀ ਸੀ ਪਰ ਹਾਂ ਅੰਤਰਰਾਸ਼ਟਰੀ ਪੱਧਰ ਤੇ ਵਾਕਿਆ ਹੀ ਇਸ ਗੀਤ ਨੇ ਉਨ੍ਹਾਂ ਨੂੰ ਪ੍ਰਸਿੱਧੀ ਦਿੱਤੀ ਸੀ।

ਹੁਣ ਤੱਕ ਹਰਭਜਨ ਬਹੁਤ ਸਾਰੀਆਂ ਹਿੱਟ ਟੇਪਾਂ ਲੋਕਾਂ ਦੀ ਝੋਲੀ ਪਾ ਚੁੱਕਿਆ ਜਿਨ੍ਹਾਂ ਵਿੱਚੋਂ ਕੁੱਝ ਇੱਕ ਦੇ ਨਾਂ ਹਨ, 'ਚਿੱਠੀਏ ਨੀ ਚਿੱਠੀਏ', 'ਜੱਗ ਜਿਉਂ ਦਿਆਂ ਦੇ ਮੇਲੇ', 'ਪੰਥ ਤੇਰੇ ਦੀਆਂ ਗੂੰਜਾਂ', 'ਰਾਜ ਕਰੇਗਾ ਖ਼ਾਲਸਾ', 'ਵਧਾਈਆਂ ਜੀ ਵਧਾਈਆਂ', 'ਅੰਮ੍ਰਿਤ ਦਾ ਬਾਟਾ', 'ਓਏ ਹੋਏ', 'ਲਾਲਾ-ਲਾਲਾ', 'ਹਾਏ ਮੇਰੀ ਬਿੱਲੋ', 'ਨੱਚ ਲੈ', 'ਸਤਰੰਗੀ ਪੀਂਘ', 'ਦਿਲ ਡੋਲ ਗਿਆ', 'ਮੌਜ ਮਸਤੀਆਂ ਤੇ ਸੋਹਣੀਏ' ਆਦਿ ਜ਼ਿਕਰਯੋਗ ਹੈ। ਉਪਰੋਕਤ ਸਾਰੀਆਂ ਟੇਪਾਂ ਨੇ ਹੀ ਆਪਣੇ-ਆਪਣੇ

ਵਕਤ ਧਮਾਲ ਪਾਈ ਭਾਵੇਂ ਉਹ ਧਾਰਮਿਕ ਟੇਪ ਹੋਵੇ ਚਾਹੇ ਸਤਰੰਗੀ ਪੀਂਘ ਜਿਹੀ ਨਿਰੋਲ ਸਭਿਆਚਾਰਕ ਟੇਪ ਹੋਵੇ। ਇਸੇ ਦੌਰਾਨ 2002 'ਚ ਹਰਭਜਨ ਦੇ ਵਿਅਕਤੀਤਵ ਦਾ ਇੱਕ ਹੋਰ ਪੱਖ ਲੋਕਾਂ ਸਾਹਮਣੇ ਆਇਆ ਜਦੋਂ ਮਸ਼ਹੂਰ ਕੈਮਰਾਮੈਨ ਤੇ ਡਾਇਰੈਕਟਰ ਮਨਮੋਹਨ ਸਿੰਘ ਹੋਰਾਂ ਨਾਲ ਮਿਲ ਕੇ ਪੰਜਾਬੀ ਫ਼ਿਲਮੀ ਜਗਤ ਨੂੰ ਇੱਕ ਨਵੀਂ ਸੇਧ ਦਿੱਤੀ ਤੇ ਜੀ ਆਇਆ ਨੂੰ ਫ਼ਿਲਮ ਨਾਲ ਇੱਕ ਹੋਰ ਇਤਿਹਾਸ ਸਿਰਜਿਆ। ਉਸ ਤੋਂ ਪਿੱਛੋਂ ਹਰ ਸਾਲ ਇੱਕ ਤੋਂ ਵੱਧ ਇੱਕ ਸੋਹਣੀ ਤੇ ਮਿਆਰੀ ਫ਼ਿਲਮ ਦਰਸ਼ਕਾਂ ਦੀ ਝੋਲੀ ਪਾਈ। ਹੁਣ ਤੱਕ ਆਈਆ ਹਰਭਜਨ ਦੀਆਂ ਫ਼ਿਲਮਾਂ 'ਜੀ ਆਇਆ ਨੂੰ,' 'ਅਸਾਂ ਨੂੰ ਮਾਣ ਵਤਨਾਂ ਦਾ', 'ਦਿਲ ਆਪਣਾ ਪੰਜਾਬੀ', 'ਮਿੱਟੀ ਵਾਜਾ ਮਾਰਦੀ', 'ਮਾਈ ਪਿੰਡ ਮਾਈ ਹੋਮ' ਅਤੇ ਨਵੀਂ ਨਿਕੋਰ 'ਜੱਗ ਜਿਉਂਦਿਆਂ ਦੇ ਮੇਲੇ' ਹਨ।

ਇਹ ਲੇਖ ਲਿਖਦਿਆ ਮਨ ਵਿੱਚ ਖ਼ਿਆਲ ਆਇਆ ਕਿ ਕਿਉਂ ਨਾ ਕੁੱਝ ਗੱਲਾਂ ਹਰਭਜਨ ਮਾਨ ਦੇ ਮੂੰਹੋਂ ਸੁਣੀਆਂ ਜਾਣ। ਭਾਵੇਂ ਇਸ ਵਕਤ ਉਹ ਆਪਣੀ ਨਵੀਂ ਫ਼ਿਲਮ ਦੇ ਪ੍ਰੋਮੋਸ਼ਨ ਵਿੱਚ ਬਹੁਤ ਰੁੱਝੇ ਹੋਏ ਸਨ। ਪਰ ਫੇਰ ਇੱਕ ਦਿਨ ਉਨ੍ਹਾਂ ਨਾਲ ਗੱਲ ਕਰਨ ਦਾ ਸਬੱਬ ਬਣ ਹੀ ਗਿਆ। ਗੱਲਾਂ-ਬਾਤਾਂ ਦਾ ਸਿਲਸਿਲਾ ਸਾਡੀ ਸਾਂਝ ਮੇਰਾ ਯਾਨੀ ਮੇਰਾ ਮਿੱਤਰ ਤੇ ਹਰਭਜਨ ਦੇ ਤਾਏ ਦਾ ਪੁੱਤਰ 'ਪੱਪੂ ਮਾਨ' ਜੋ ਕਿ ਅੱਜ ਇਸ ਦੁਨੀਆ 'ਚ ਨਹੀਂ ਹਨ ਦੇ ਬਾਰੇ 'ਚ ਗੱਲਾਂ ਨਾਲ ਸ਼ੁਰੂ ਹੋਇਆ। ਹਰਭਜਨ ਕਹਿਣ ਲੱਗੇ ਯਾਰ ਅੱਧ ਵਿਚਾਲੋਂ ਛੱਡ ਗਿਆ ਪੱਪੂ ਯਾਰਾਂ ਦਾ ਯਾਰ ਸੀ। ਹਰਭਜਨ ਨਾਲ ਗੱਲ ਕਰਨ ਤੇ ਪੱਪੂ ਮਾਨ ਦਾ ਦੁੱਖ ਫੇਰ ਹਰਾ ਜਿਹਾ ਹੋ ਗਿਆ ਸੀ ਤੇ ਉਹ ਹਾਕੀ ਖੇਡਣਾ ਤੇ ਬਠਿੰਡੇ 'ਚ ਯਾਰਾਂ ਨਾਲ ਗੁਜ਼ਾਰੇ ਪਲ ਅੱਖਾਂ ਸਾਹਮਣੇ ਘੁੰਮ ਗਏ ਸੀ। ਆਪਣੇ ਆਪ ਨੂੰ ਸੰਭਾਲਦਿਆਂ ਜਦ ਮੈਂ ਉਨ੍ਹਾਂ ਨੂੰ ਦਸਿਆ ਕੇ ਤੁਹਾਡੇ ਆਸਟ੍ਰੇਲੀਆ ਟੂਰ ਦੇ ਮੱਦੇ ਨਜ਼ਰ ਇੱਕ ਲੇਖ ਲਿਖ ਰਿਹਾ ਹਾਂ ਤੇ ਕੁੱਝ ਅਪਡੇਟਸ ਤੁਹਾਡੀ ਜ਼ਬਾਨੋਂ ਚਾਹੀਦੀਆਂ ਹਨ ਤਾਂ ਆਪਣੇ ਸੁਭਾਅ ਮੁਤਾਬਿਕ ਬੜੀ ਹਲੀਮੀ ਨਾਲ ਕਹਿੰਦੇ ਪੁੱਛੋ ਜੀ ਜੋ ਪੁੱਛਣਾ ਚਾਹੁੰਦੇ ਹੋ। ਮੈਂ ਉਨ੍ਹਾਂ ਦੇ ਕੈਨੇਡਾ ਜਾਣ 'ਤੇ ਪੜ੍ਹਾਈ ਬਾਰੇ ਸਵਾਲ ਕੀਤਾ ਤਾਂ ਉਨ੍ਹਾਂ ਦੱਸਿਆ; ਸੱਤ ਕੁ ਜਮਾਤਾਂ ਖੇਮੁਆਣੇ ਪੜ੍ਹਨ ਤੋਂ ਪਿੱਛੋਂ ਸਾਰੇ ਪਰਿਵਾਰ ਸਮੇਤ ਕੈਨੇਡਾ ਚਲੇ ਗਏ ਤੇ ਬਾਕੀ ਦੀ ਪੜ੍ਹਾਈ ਓਥੇ ਹੀ ਕੀਤੀ। ਜਦ ਗਾਉਣ ਲੱਗਣ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਬਾਪੂ ਕਰਨੈਲ ਸਿੰਘ ਪਾਰਸ ਤੇ ਮੇਰੇ ਪਿਤਾ ਜੀ ਚੰਗੇ ਦੋਸਤ ਸਨ। ਉਹ ਅਕਸਰ ਹੀ ਸਾਡੇ ਘਰ ਆਉਂਦੇ ਰਹਿੰਦੇ ਸਨ ਤੇ ਉਨ੍ਹਾਂ ਦੀ ਹੱਲਾਸ਼ੇਰੀ ਸਦਕਾ ਸ਼ੁਰੂ-ਸ਼ੁਰੂ 'ਚ ਕਵੀਸ਼ਰੀ ਗਾਉਣੀ ਸ਼ੁਰੂ ਕੀਤੀ। ਗੁਰਸੇਵਕ ਇਸ ਵਿੱਚ ਮੇਰਾ ਸਾਥ ਦਿੰਦਾ ਸੀ ਤੇ ਇਹ ਕੈਨੇਡਾ 'ਚ ਵੀ ਜਾਰੀ ਰਿਹਾ। ਛੋਟੀ ਜਿਹੀ ਉਮਰੇ ਕੈਨੇਡਾ ਇੱਕ ਕਵੀਸ਼ਰੀ ਗਾਈ ਜਿਸ ਦੇ ਬੋਲ ਸਨ 'ਬਾਪੂ ਤੇਰੇ ਕੁੜਮਾਂ ਨੇ ਤੇਰੀ ਧੀ ਬੇਰੀ ਤੋੜਨ ਲਾ ਤੀ' ਇਹ ਇੱਕ ਸਚਾਈ ਸੀ ਤੇ ਲੋਕਾਂ ਇਸ ਨੂੰ ਬੜਾ ਪਸੰਦ ਕੀਤਾ। ਮੇਰਾ ਵੀ ਕੁੱਝ ਹੋਰ ਕਰਨ ਦਾ ਹੌਸਲਾ ਵਧਿਆ। 1985-86 'ਚ ਆ ਕੇ ਦੋ ਟੇਪਾਂ ਕੀਤੀਆ। ਇੱਕ ਤਾਂ 'ਇਸ਼ਕ ਦੇ ਮਾਮਲੇ' ਤੇ ਦੂਜੀ 'ਗਿੱਧਾ ਪੰਜਾਬਣਾਂ ਦਾ' ਜੋ ਕਿ ਆਸ ਮੁਤਾਬਿਕ ਸਫਲ ਨਾ ਹੋਈਆਂ ਪਰ ਹੌਸਲਾ ਨਹੀਂ ਹਾਰਿਆ 1992 'ਚ ਆ ਕੇ ਜਨਾਬ ਚਰਨਜੀਤ ਅਹੂਜਾ ਸਾਹਿਬ ਕੋਲ ਨਵੀਂ ਟੇਪ ਕਰਨ ਬਾਰੇ ਤਿਆਰੀ ਸ਼ੁਰੂ ਕੀਤੀ ਤਾਂ ਉਨ੍ਹਾਂ ਦਵਿੰਦਰ ਖੰਨੇ ਵਾਲੇ ਜੀ ਦਾ ਲਿਖਿਆ ਗੀਤ 'ਚਿੱਠੀਏ ਨੀ ਚਿੱਠੀਏ' ਤਿਆਰ ਕਰਵਾਇਆ। ਬੱਸ ਜੀ ਉਹ ਹੀ ਸਫਲਤਾ ਦੀ ਕੁੰਜੀ ਨਿਕਲਿਆ।

ਜਦ ਫ਼ਿਲਮਾਂ 'ਚ ਆਉਣ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕੇ ਜਦ ਲੋਕਾਂ ਮੇਰੀ ਗਾਇਕੀ ਨੂੰ ਪਰਵਾਨ ਕਰ ਲਿਆ ਤਾਂ ਮਨ 'ਚ ਖ਼ਿਆਲ ਆਇਆ ਕਿ ਆਪਣੀ ਗੱਲ ਲੋਕਾਂ ਸਾਹਮਣੇ

ਵਧੀਆ ਢੰਗ ਨਾਲ ਰੱਖਣ ਲਈ ਸਿਨਮੇ ਤੋਂ ਚੰਗਾ ਹੋਰ ਕੋਈ ਸਾਧਨ ਨਹੀਂ ਹੈ। ਸੋ ਇੱਕ ਦਿਨ ਆਪਣੇ ਖ਼ਾਸ ਮਿੱਤਰ ਮਨਮੋਹਨ ਸਿੰਘ ਨਾਲ ਗੱਲ ਕੀਤੀ ਤਾਂ ਉਹ ਵੀ ਇਸ ਨਾਲ ਸਹਿਮਤ ਹੋ ਗਏ ਤੇ ਇਹ ਸਿਲਸਿਲਾ ਚੱਲ ਨਿਕਲਿਆ। ਮੇਰੇ ਇਹ ਪੁੱਛਣ 'ਤੇ ਕੀ ਅਗਲੀ ਕਿ ਯੋਜਨਾ ਹੈ ? ਤਾਂ ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਤਾਂ ਇਹ ਹੈ ਕਿ ਪੰਜਾਬੀ ਅੱਜ 150 ਮੁਲਕਾਂ 'ਚ ਵੱਸਦੇ ਹਨ ਤੇ ਮੇਰੀ ਦਿਲੀ ਇੱਛਾ ਹੈ ਕੇ ਸਾਡੀਆਂ ਪੰਜਾਬੀ ਫ਼ਿਲਮਾਂ ਸਾਰੇ ਦੇ ਸਾਰੇ ਮੁਲਕਾਂ 'ਚ ਪ੍ਰਦਰਸ਼ਿਤ ਹੋਣ ਤਾਂ ਕਿ ਪੰਜਾਬੀ ਦਾ ਹੋਰ ਪਸਾਰ ਹੋ ਸਕੇ। ਹੁਣ ਤੱਕ ਦੇ ਸਾਡੇ ਯਤਨਾਂ ਨਾਲ ਅਸੀਂ ਇਸ ਲਾਈਨ 'ਚ ਕਾਫ਼ੀ ਕਾਮਯਾਬੀ ਹਾਸਿਲ ਵੀ ਕੀਤੀ ਹੈ ਪਰ ਹਾਲੇ ਹੋਰ ਬਹੁਤ ਮਿਹਨਤ ਦੀ ਲੋੜ ਹੈ। ਅੱਜ ਦੇ ਮੀਡੀਆ ਬਾਰੇ ਗੱਲ ਕਰਦਿਆਂ ਉਨ੍ਹਾਂ ਥੋੜ੍ਹਾ ਸ਼ਿਕਵਾ ਕੀਤਾ ਕਿ ਸਾਡਾ ਪੰਜਾਬੀ ਮੀਡੀਆ ਹੀ ਸਾਡੀ ਅਣਦੇਖੀ ਕਰ ਰਿਹਾ ਹੈ। ਇਸ ਸੰਦਰਭ 'ਚ ਉਨ੍ਹਾਂ ਇੱਕ ਉਦਾਹਰਣ ਵੀ ਦਿੱਤੀ ਕਹਿੰਦੇ ਪਿੱਛੇ ਜਿਹੇ ਅਸੀਂ ਲੁਧਿਆਣੇ ਆਪਣੀ ਫ਼ਿਲਮ ਲਾਂਚ ਕੀਤੀ ਤੇ ਅਗਲੇ ਦਿਨ ਅਖ਼ਬਾਰਾਂ ਨੇ ਸਾਨੂੰ ਤਾਂ ਇਕੱਲੇ ਲੁਧਿਆਣੇ ਐਡੀਸ਼ਨ 'ਚ ਥਾਂ ਦਿੱਤੀ ਤੇ ਮੁੰਬਈ ਤੋਂ ਆਈ ਇੱਕ ਹੀਰੋਇਨ ਵੱਲੋਂ ਕੀਤੇ ਇੱਕ ਸ਼ੋਅ ਰੂਮ ਦੇ ਉਦਘਾਟਨ ਨੂੰ ਮੁੱਖ ਪੰਨੇ 'ਤੇ ਥਾਂ ਦਿੱਤੀ। ਸੋ ਅਸੀਂ ਕਿਵੇਂ ਹਰ ਕੋਨੇ ਤੱਕ ਆਪਣੀ ਆਵਾਜ਼ ਪਹੁੰਚਾ ਸਕਾਂਗੇ ਜੇ ਪੰਜਾਬੀ ਮੀਡੀਆ ਸਾਡਾ ਸਾਥ ਨਾ ਦੇਵੇਗਾ ?

ਆਖੀਰ ਵਿੱਚ ਜਦ ਮੈਂ ਹਰਭਜਨ ਨੂੰ ਆਸਟ੍ਰੇਲੀਆ ਆਉਣ ਤੋਂ ਪਹਿਲਾਂ ਆਸਟ੍ਰੇਲੀਆ 'ਚ ਵੱਸਦੇ ਪੰਜਾਬੀ ਭਾਈਚਾਰੇ ਲਈ ਕੋਈ ਸੰਦੇਸ਼ ਤੇ ਇਥੇ ਆਉਣ ਬਾਰੇ ਕੀ ਸੋਚਦੇ ਹੋ ਬਾਰੇ ਪੁੱਛਿਆ ਤਾਂ ਉਨ੍ਹਾਂ ਅਸਲੀ ਮਲਵਈ ਸਟਾਈਲ 'ਚ ਕਿਹਾ ਕਿ ਸੱਚੀ ਮੈਨੂੰ ਬਹੁਤ ਚਾਅ ਚੜ੍ਹਿਆ ਪਿਆ ਹੈ ਆਸਟ੍ਰੇਲੀਆ ਆਉਣ ਦਾ। ਅੱਜ ਤੋਂ ਪੰਜ ਸਾਲ ਪਹਿਲਾ ਜਦੋਂ ਆਇਆ ਸੀ ਤਾਂ ਉਸ ਵਕਤ ਇੰਨੇ ਜ਼ਿਆਦਾ ਪੰਜਾਬੀ ਨਹੀਂ ਸਨ ਆਸਟ੍ਰੇਲੀਆ 'ਚ, ਪਰ ਹੁਣ ਤਾਂ ਸੁਣਿਆ ਸੁੱਖ ਨਾਲ ਦੂਜਾ ਕੈਨੇਡਾ ਬਣਾ ਦਿਤਾ ਮੇਰੇ ਵੀਰਾ ਨੇ। ਹੁਣ ਤਾਂ ਮਨ ਕਾਹਲਾ ਪਿਆ ਹੈ ਕਿ ਕਦੋਂ ਤੁਹਾਡੇ ਦਰਸ਼ਨ ਕਰਾਂ ਤੇ ਰਹੀ ਗੱਲ ਸੰਦੇਸ਼ ਦੀ, ਯਾਰ ਜਦੋਂ ਕੁੱਝ ਸੰਦੇਸ਼ ਦੇਣ ਜੋਗਾ ਹੋਇਆ ਤਾਂ ਜ਼ਰੂਰ ਦੇਵਾਂਗਾ ਪਰ ਫ਼ਿਲਹਾਲ ਤਾਂ ਕੁੱਝ ਨਵਾਂ ਸਿੱਖਣ ਤੁਹਾਡੇ ਕੋਲ ਆ ਰਿਹਾ ਹਾਂ। ਉਨ੍ਹਾਂ ਦਾ ਇਹ ਜਵਾਬ ਸੁਣ ਕੇ ਮੇਰੇ ਮਨ ਵਿੱਚ ਆਇਆ ਕੇ ਇੰਨਾ ਵਡਾ ਸਟਾਰ ਬਣਨ ਦੇ ਬਾਵਜੂਦ ਕੋਈ ਨਖ਼ਰਾ ਨਾ ਹੋਣਾ ਤੇ ਆਪਣੇ ਪੈਰ ਧਰਤੀ 'ਤੇ ਰੱਖਣਾ ਹੀ ਤਾਂ ਹਰਭਜਨ ਨੂੰ ਹਰਦਿਲ ਅਜ਼ੀਜ਼ ਬਣਾਉਂਦਾ ਹੈ ਤੇ ਇੱਕ ਹੋਰ ਖ਼ਾਸ ਗੱਲ ਹਰਭਜਨ ਦੀ ਮੈਨੂੰ ਇਹ ਲੱਗੀ ਕਿ ਅੱਜ ਤੱਕ ਫੋਕੀ ਸ਼ੋਹਰਤ ਲਈ ਉਸ ਨੇ ਕਦੇ ਕੋਈ ਸਾਂਗ ਨਹੀਂ ਧਾਰਿਆ ਤੇ ਨਾ ਕਦੇ ਆਪਣੇ ਬਾਲ ਰੰਗੇ ਨਾ ਕਦੇ ਗੁੰਦ ਜਿਹੀ ਲਾਈ ਨਾ ਕਦੇ ਗਲ਼ੇ 'ਚ ਚੈਨੀਆਂ ਤੇ ਉਂਗਲ਼ਾਂ 'ਚ ਛਾਪਾਂ-ਛੱਲੇ ਪਾਏ। ਮੈਂ ਤਾਂ ਇਹ ਕਹਿ ਸਕਦਾ ਕਿ ਜਿਸ ਕੋਲ ਸੀਰਤ ਹੋਵੇ ਉਹ ਕਦੇ ਵੀ ਕੁਦਰਤ ਵੱਲੋਂ ਬਖ਼ਸ਼ੀ ਸੂਰਤ ਨੂੰ ਨਹੀਂ ਵਿਗਾੜਦਾ ਹੁੰਦਾ ਬਾਕੀ ਇਹਨਾਂ ਨਕਲੀ ਚੀਜ਼ਾਂ ਦੀ ਹਰਭਜਨ ਨੂੰ ਲੋੜ ਹੀ ਨਹੀਂ ਰੱਬ ਨੇ ਹੀ ਉਸ ਨੂੰ ਏਨਾ ਅਕਰਸ਼ਕ ਬਣਾਇਆ ਹੈ ਕਿ ਉਹ ਹਰ ਇੱਕ ਨੂੰ ਆਪਣੇ ਵੱਲ ਖਿੱਚ ਸਕਦਾ ਹੈ।

****

## ਬਾ-ਦਲੀਲ ਅਤੇ ਲੱਛੇਦਾਰ ਭਾਸ਼ਾ ਵਾਲੇ ਲੇਖ

ਗੁਰਸ਼ਮਿੰਦਰ ਸਿੰਘ ਬਰਾੜ ਬੁਨਿਆਦੀ ਤੌਰ ’ਤੇ ਇੱਕ ਪੰਜਾਬੀ ਲੇਖਕ ਹੈ। ਕਾ.ਗਜ਼ਾਂ ਵਿਚ ਬੇਸ਼ੱਕ ਉਸ ਦਾ ਨਾਂ ‘ਗੁਰਸ਼ਮਿੰਦਰ ਸਿੰਘ ਬਰਾੜ’ ਹੈ, ਪਰ ਪੂਰੀ ਦੁਨੀਆ ਵਿਚ ਉਸ ਨੇ ‘ਮਿੰਟੂ ਬਰਾੜ’ ਦੇ ਨਾਂ ਨਾਲ ਆਪਣੀ ਪਹਿਚਾਣ ਬਣਾਈ ਹੈ। ਵਿਦੇਸ਼ ਵਿੱਚ ਰਹਿ ਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨਾ ਹੀ ਉਸ ਦੀ ਇੱਕ ਪ੍ਰਾਪਤੀ ਹੈ। ਕੁਝ ਚਿਰ ਪਹਿਲਾਂ ਉਸ ਨੇ ਆਸਟ੍ਰੇਲੀਆ ’ਚ ਵੱਸਦੇ ਪੰਜਾਬੀਆਂ ਲਈ ‘ਪੰਜਾਬੀ ਅਖ਼ਬਾਰ’ ਸ਼ੁਰੂ ਕੀਤੀ। ਲੱਖਾਂ ਔਕੜਾਂ ਆਉਣ ਦੇ ਬਾਵਜੂਦ ਮਿੰਟੂ ਬਰਾੜ ਇਸ ਅਖ਼ਬਾਰ ਨੂੰ ਨਿਰੰਤਰ ਪ੍ਰਕਾਸ਼ਿਤ ਕਰ ਰਿਹਾ ਹੈ। ਮਿੰਟੂ ਬਰਾੜ ਇੱਕ ਪੱਤਰਕਾਰ ਤਾਂ ਹੈ ਹੀ, ਸਾਹਿਤ ਸਿਰਜਨਾ ਨਾਲ ਵੀ ਉਸ ਦਾ ਬੇਪਨਾਹ ਪਿਆਰ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮਿੰਟੂ ਨੇ ਆਪਣੇ ਕੁਝ ਲੇਖਾਂ ਨੂੰ ‘ਕੈਂਗਰੂਨਾਮਾ’ ਨਾਂ ਦੀ ਪੁਸਤਕ ਹੇਠ ਛਾਪਣ ਦਾ ਫੈਸਲਾ ਕੀਤਾ ਹੈ। ਮਿੰਟੂ ਦੇ ਕੁਝ ਲੇਖਾਂ ’ਤੇ ਮੈਂ ਪੰਛੀ ਝਾਤ ਪਾਈ ਹੈ। ਮਿੰਟੂ ਬਰਾੜ ਨੇ ਆਪਣੇ ਲੇਖਾਂ ਵਿਚ ਆਸਟ੍ਰੇਲੀਆ ਵੱਸਦੇ ਪੰਜਾਬੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਬਾ-ਦਲੀਲ ਢੰਗ ਨਾਲ ਪੇਸ਼ ਕੀਤਾ। ਮਿੰਟੂ ਬਰਾੜ ਦੀ ਪੁਸਤਕ ‘ਕੈਂਗਰੂਨਾਮਾ’ ਵਿਚ ਲਿਖੇ ਲੇਖ ਬੜੇ ਹੀ ਧੜੱਲੇਦਾਰ ਹਨ। ਉਸ ਦੇ ਲੇਖਾਂ ਵਿਚਲੀ ਭਾਸ਼ਾ ਬੜੀ ਹੀ ਲੱਛੇਦਾਰ ਹੈ। ਮਿੰਟੂ ਨੇ ਕੁਝ ਲੇਖ ਬੜੀ ਹੀ ਹਿੰਮਤ ਨਾਲ ਲਿਖੇ ਹਨ। ਆਸਟ੍ਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ਉਤੇ ਹੋਏ ਹਮਲਿਆਂ ਸਬੰਧੀ ਲਿਖੇ ਲੇਖ ਵਿੱਚ ਮਿੰਟੂ ਨੇ ਲੋਕਾਂ ਸਾਹਮਣੇ ਸਾ.ਫ ਸ਼ੀਸ਼ਾ ਪੇਸ਼ ਕਰ ਦਿੱਤਾ ਹੈ। ਉਸ ਦੇ ਬਾਕੀ ਲੇਖਾਂ ਵਿਚ ਵੀ ਸਚਾਈ ਦੀ ਝਲਕ ਮਹਿਸੂਸ ਹੁੰਦੀ ਹੈ। ਮੈਂ ਮਿੰਟੂ ਬਰਾੜ ਦੀ ਪੁਸਤਕ ‘ਕੈਂਗਰੂਨਾਮਾ’ ਲਈ ਦੋ ਸ਼ਬਦ ਲਿਖਣ ਦਾ ਮਾਣ ਲੈ ਰਿਹਾ ਹਾਂ। ਆਸ ਹੈ ਕਿ ਪਾਠਕ ਇਸ ਦਾ ਨਿੱਘਾ ਸਵਾਗਤ ਕਰਨਗੇ।

ਸ਼ਰਨਜੀਤ ਬੈਂਸ (ਮੁੱਖ ਸੰਪਾਦਕ)
ਰੋਜ਼ਾਨਾ ‘ਦਾ ਟਾਈਮਜ਼ ਆਫ ਪੰਜਾਬ

## ਨਿਡਰ, ਬੇਬਾਕ ਅਤੇ ਦਲੇਰ ਪੱਤਰਕਾਰ

ਗੁਰਸ਼ਮਿੰਦਰ ਸਿੰਘ ਬਰਾੜ, ਸਾਰੇ ਨਿਕਟ-ਵਰਤੀਆਂ, ਪੱਤਰਕਾਰਿਤਾ ਅਤੇ ਸਾਹਿਤ ਦੇ ਖੇਤਰ ਵਿੱਚ ਮਿੰਟੂ ਬਰਾੜ ਦੇ ਨਾਂ ਨਾਲ ਜਾਣਿਆ-ਸਤਿਕਾਰਿਆ ਜਾਂਦਾ ਹੈ। ਮਿੰਟੂ ਬਰਾੜ ਨਾਲ ਮੇਰੀ ਸਾਂਝ ਅਤੇ ਨੇੜਤਾ ਪਿਛਲੇ ਸੱਤ ਸਾਲਾਂ ਤੋਂ ਵੀ ਵੱਧ ਦੀ ਹੈ। ਮੈਂ ਮਿੰਟੂ ਵਿਚਲੇ ਨਿਪੁੰਨ ਲੇਖਕ ਦਾ ਰੱਜ ਕੇ ਸਤਿਕਾਰ ਕਰਦਾ ਹਾਂ ਅਤੇ ਇਸ ਵਿਚਲੇ ਨਿਡਰ, ਬੇਬਾਕ ਅਤੇ ਦਲੇਰ ਪੱਤਰਕਾਰ ਨੂੰ ਸਲੂਟ ਕਰਦਾ ਹਾਂ। ਸਾਨੂੰ ਐਡੀਲੇਡ ਵਾਸੀਆਂ ਨੂੰ ਮਾਣ ਹੈ ਕਿ ਉਹ ਸਾਡੇ ਸ਼ਹਿਰ ਦਾ ਬਾਸ਼ਿੰਦਾ ਹੈ ਅਤੇ ਕਿਸੇ ਵੀ ਔਕੜ ਵੇਲੇ ਸਾਨੂੰ ਸੇਧ ਦੇਣ ਵਿੱਚ ਸਹਾਈ ਹੁੰਦਾ ਹੈ। ਬੜੀ ਤਸੱਲੀ ਵਾਲੀ ਗੱਲ ਹੈ ਕਿ ਮਿੰਟੂ ਬਰਾੜ ਦੀ ਪਲੇਠੀ ਪੁਸਤਕ ‘ਕੈਂਗਰੂਨਾਮਾ’ ਛਪੀ ਹੈ ਜੋ ਕਿ ਮਿੰਟੂ ਬਰਾੜ ਵੱਲੋਂ ਲਿਖੇ ਗਏ ਹਰਮਨ ਪਿਆਰੇ ਆਰਟੀਕਲਾਂ ’ਤੇ ਆਧਾਰਿਤ ਹੈ। ਜੋ ਏਨੇ ਰੌਚਕ ਅਤੇ ਦਿਲਚਸਪ ਹਨ ਕਿ ਇਹਨਾਂ ਨੂੰ ਪੜ੍ਹੀ ਜਾਵੋ, ਖੁੱਭੀ ਜਾਵੋ ਤੇ ਰਸ ਮਾਣੀ ਜਾਵੋ। ਜਿੰਨ੍ਹਾਂ ਪਾਠਕਾਂ ਵਿੱਚ ‘ਜਾਨਣ’ ਤੇ ‘ਮਾਣਨ’ ਦੀ ਭੁੱਖ ਜਾਂ ਅਭਿਲਾਸ਼ਾ ਹੈ ਉਨ੍ਹਾਂ ਲਈ ‘ਕੈਂਗਰੂਨਾਮਾ’ ਇੱਕ ਸੁਗਾਤ ਹੈ। ਪੰਜਾਬੀ ਸਾਹਿਤ ਦਾ ਇੱਕ ਪਾਠਕ ਹੋਣ ਦੇ ਨਾਤੇ ਮੈਂ ‘ਕੈਂਗਰੂਨਾਮਾ’ ਨੂੰ ਖੁਸ਼ਆਮਦੀਦ ਆਖਦਾ ਹਾਂ ਅਤੇ ‘ਯਾਰਾਂ ਦੇ ਯਾਰ ਮਿੰਟੂ ਬਰਾੜ’ ਨੂੰ ਤਹਿ ਦਿਲੋਂ ਵਧਾਈ ਦਿੰਦਾ ਹਾਂ। ਆਮੀਨ !

ਜੋਗਿੰਦਰ ਸਿੰਘ ਕੁੰਦੀ ਐਡੀਲੇਡ (ਸਾਊਥ ਆਸਟ੍ਰੇਲੀਆ

## ਸਿਆਸੀ ਕਾਂ

ਮੈਨੂੰ ਨਹੀਂ ਪਤਾ ਮੈਂ ਇਸ ਨੂੰ ਲੇਖ ਕਹਾਂ, ਵਿਅੰਗ ਕਹਾਂ ਜਾਂ ਕਹਾਣੀ ਜੋ ਵੀ ਹੈ ਤੁਹਾਡੇ ਮੂਹਰੇ ਹੈ। ਤੁਸੀਂ ਖ਼ੁਦ ਹੀ ਫ਼ੈਸਲਾ ਕਰ ਲੈਣਾ ਕਿ ਇਹ ਮੇਰੇ ਤੋਂ ਕੀ ਲਿਖ ਹੋ ਗਿਆ। ਬੱਸ ਏਨਾ ਕੁ ਦਸ ਦਿੰਦਾ ਹਾਂ ਕਿ ਇਹ ਜੋ ਵੀ ਹੈ ਇਹ ਉਦੋਂ ਹੋਂਦ 'ਚ ਆਇਆ ਜਦੋਂ ਇਕ ਬਾਰ ਦੇਸ਼ ਦੇ ਪਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਨੇ ਪ੍ਰਮਾਣੂ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਆਪਣੀ ਕੁਰਸੀ ਦਾਅ 'ਤੇ ਲਾ ਦਿੱਤੀ ਸੀ। ਉਸ ਵਕਤ ਇੱਕ ਇਹੋ ਜਿਹਾ ਮਾਹੌਲ ਬਣ ਗਿਆ ਸੀ ਕਿ ਸਭ ਨੂੰ ਉਮੀਦ ਸੀ ਕਿ ਬਾਦਲ ਸਾਹਿਬ ਸਿਆਸਤ ਤੋਂ ਉੱਚਾ ਉੱਠ ਕੇ ਮਨਮੋਹਨ ਸਿੰਘ ਦੇ ਹੱਕ 'ਚ ਭੁਗਤਣਗੇ। ਪਰ ਇੰਝ ਹੋਇਆ ਨਹੀਂ ਸੀ। ਪਰ ਅਖੀਰ ਨੂੰ ਭਾਵੇਂ ਮਨਮੋਹਨ ਸਿੰਘ ਆਪਣੇ ਮਕਸਦ 'ਚ ਕਾਮਯਾਬ ਹੋ ਗਏ ਸਨ। ਪਰ ਮੈਂ ਮਹਿਸੂਸ ਕੀਤਾ ਸੀ ਕਿ ਬਾਦਲ ਸਾਹਿਬ ਨੇ ਸੱਚ ਦਾ ਸਾਥ ਨਾ ਦੇ ਕੇ ਇੱਕ ਅਮਰ ਹੋਣ ਦਾ ਮੌਕਾ ਗੁਆ ਲਿਆ ਸੀ। ਪਰ ਮੇਰੇ ਜਿਹੀ ਘਟ ਬੁੱਧੀ ਵਾਲੇ ਨੂੰ ਕੀ ਪਤਾ ਕਿ ਸਿਆਸਤ ਕਿਸ ਨੂੰ ਕਹਿੰਦੇ ਹਨ। ਸੋ ਮੇਰੇ ਜਿਹੇ ਚੱਕੀ ਰਾਹੇ ਦੀ ਮੇਲੇ 'ਚ ਕੀਹਨੇ ਸੁਣਨੀ ਸੀ। ਸੋ ਆਪਾਂ ਕਾਗ਼ਜ਼ ਤੇ ਭੜਾਸ ਕੱਢ ਲਈ, ਕੁਝ ਇੱਕ ਅਖ਼ਬਾਰਾਂ ਵਾਲੀਆਂ ਨੇ ਆਪਣਾ ਇਹ 'ਜੋ ਵੀ' ਹੈ ਛਾਪ ਕੇ ਮਾਣ ਰੱਖ ਲਿਆ ਸੀ। ਸੋ ਉਮੀਦ ਹੈ ਜੀ ਤੁਸੀਂ ਵੀ ਇਸ ਨੂੰ ਪੜ੍ਹ ਕੇ ਨਿਮਾਣੇ ਦਾ ਮਾਣ ਰੱਖੋਗੇ ਜੀ। ਪਰ ਹਾਂ ਪੜ੍ਹ ਕੇ ਇਹ ਦੱਸਣਾ ਨਾ ਭੁਲਿਓ ਕਿ ਇਹ ਹੈ ਕੀ? ਲੇਖ, ਕਹਾਣੀ, ਵਿਅੰਗ ਜਾਂ ਕੁਝ ਹੋਰ?



ਪ੍ਰੋ ਕੁਲਬੀਰ ਸਿੰਘ ਦੀ ਰਿਵਰਲੈਂਡ ਸਾਊਥ ਆਸਟ੍ਰੇਲੀਆ ਫੇਰੀ
ਦੌਰਾਨ ਇਕ ਨੁੱਕੜ ਮੀਟਿੰਗ ਦੀ ਤਸਵੀਰ




ਜਨਾਬ ਮੱਖਣ ਬਰਾੜ ਅਤੇ ਮਨਜਿੰਦਰ ਸਿੰਘ ਧਾਲੀਵਾਲ
(ਮੈਨੇਜਰ ਪਰਮਵੀਰ ਗੈਸ ਸਰਵਿਸ) ਨਾਲ ਲੇਖਕ

# ਸਿਆਸੀ ਕਾਂ

ਕੋਈ ਵੇਲਾ ਸੀ ਕਾਂ ਪਾਣੀ ਦਾ ਤਿਹਾਇਆ ਸੀ ਤੇ ਉਸ ਦੀ ਇਸ ਤੇਹ ਨੇ ਉਸਨੂੰ ਸਾਇੰਸਦਾਨ ਬਣਾ ਦਿੱਤਾ ਸੀ, ਜਾਂ ਫੇਰ ਇਹ ਕਹਿ ਲਵੋ ਕਿ ਉਸ ਦੀ ਇਸ ਲੋੜ ਨੇ ਉਸ ਨੂੰ ਜੁਗਾੜੀ ਬਣਾ ਦਿਤਾ ਸੀ। ਭਾਵੇਂ ਇਹ ਪੱਕੇ ਤੌਰ ’ਤੇ ਨਹੀਂ ਕਹਿ ਸਕਦੇ ਕਿ ਇਹ ਘਟਨਾ ਕਿੰਨੀ ਪੁਰਾਣੀ ਹੈ; ਸ਼ਾਇਦ ਜਦੋਂ ਤੋਂ ਅੱਖਰੀ ਭਾਸ਼ਾ ਹੋਂਦ ਵਿੱਚ ਆਈ ਜਾਂ ਫੇਰ ਉਸ ਤੋਂ ਵੀ ਪਹਿਲਾਂ ਜਦੋਂ ਦੰਦ ਕਥਾਵਾਂ ਪ੍ਰਚਲਿਤ ਹੋਈਆਂ। ਪਰ ਜਦੋਂ ਤੋਂ ਮਰਜ਼ੀ ਹੋਵੇ, ਇੱਕ ਗੱਲ ਜੱਗ ਜ਼ਹਿਰ ਹੈ ਕਿ ਜਿਸ ਕਿਸੇ ਨੇ ਵੀ ਸਕੂਲ ਦਾ ਮੂੰਹ ਦੇਖਿਆ ਹੈ ਉਹ ਇਸ ਸਾਇੰਸਦਾਨੀ ਕਾਂ ਤੋਂ ਚੰਗੀ ਤਰ੍ਹਾਂ ਵਾਕਫ਼ ਹੈ। ਅੱਜ ਵੀ ਜੇ ਕੋਈ ਪਿਆਸੇ ਕਾਂ ਦੀ ਗੱਲ ਕਰਦਾ ਹੈ ਤਾਂ ਹਰ ਇੱਕ ਮੂਹਰੇ ਉਸ ਦਾ ਬਚਪਨ ਆ ਖਲੋਂਦਾ ਹੈ। ਉਹ ਦਿਨ ਸ਼ਾਇਦ ਹੀ ਕੋਈ ਭੁੱਲ ਸਕੇ ਜਦੋਂ ਰੱਟੇ ਲਾ-ਲਾ ਕੇ ਇਸ ਕਾਂ ਨੂੰ ਇਹੋ ਜਿਹਾ ਜ਼ਿਹਨ ਵਿੱਚ ਬਿਠਾਇਆ ਕਿ ਅੱਜ ਤੱਕ ਇੰਜ ਮਹਿਸੂਸ ਹੁੰਦਾ ਹੈ ਕਿ ਜਿਵੇਂ ਪਾਣੀ ਵਾਲੇ ਘੜੇ ਵਿੱਚ ਪੱਥਰ ਕਾਂ ਨੇ ਸਾਡੇ ਮੂਹਰੇ ਹੀ ਪਾਏ ਹੋਣ। ਸ਼ਾਇਦ ਇਹੋ ਜਿਹੇ ਲੋਕ ਵੀ ਹੋਣ ਜੋ ਇਸ ਕਾਂਡ ਨੂੰ ਭੁੱਲ ਜਾਣ ਪਰ ਮੈਂ ਤਾਂ ਚਾਹੁੰਦਾ ਹੋਇਆ ਵੀ ਇਸ ਨੂੰ ਹਾਲੇ ਤੱਕ ਭੁਲਾ ਨਹੀਂ ਸਕਿਆ। ਮੇਰੇ ਚੰਗੀ ਤਰ੍ਹਾਂ ਯਾਦ ਹੈ ਉਹ ਦਿਨ ਜਦ ਸਾਡੇ ਸਕੂਲ ਵਿੱਚ ਮਾਸਟਰਾਂ ਦੀ ਘਾਟ ਕਾਰਨ ਡਰਾਇੰਗ ਟੀਚਰ ਦੀ ਡਿਊਟੀ ਸਾਨੂੰ ਅੰਗਰੇਜ਼ੀ ਪੜ੍ਹਾਉਣ ’ਤੇ ਲਾ ਦਿੱਤੀ। ਉਨ੍ਹਾਂ ਆਉਂਦਿਆਂ ਹੀ ਫ਼ਰਮਾਨ ਸੁਣਾ ਦਿੱਤਾ ਕਿ ਕੱਲ੍ਹ ਨੂੰ ਥਰਸੱਟੀ ਕ੍ਰੋ ਯਾਦ ਕਰ ਕੇ ਆਇਓ। ਕਹਾਣੀ ਤਾਂ ਕਿਵੇਂ ਨਾ ਕਿਵੇਂ ਯਾਦ ਕਰ ਲਈ ਪਰ ਸ਼ੁਰੂ ਤੋਂ ਹੀ ਦੁਨੀਆ ਨੂੰ ਹੋਰ ਨਜ਼ਰੀਏ ਨਾਲ ਦੇਖਣ ਦੀ ਆਦਤ ਨੇ ਮੈਨੂੰ ਮੁਸੀਬਤ ਵਿੱਚ ਪਾ ਦਿੱਤਾ ਸੀ।

ਹੋਇਆ ਇੰਜ ਕਿ ਜਦੋਂ ਮੈਂ ਕਹਾਣੀ ਯਾਦ ਕਰ ਰਿਹਾ ਸੀ ਤਾਂ ਮਨ ਅੰਦਰ ਵਿਚਾਰ ਆਇਆ ਕਿ ਕਿਉਂ ਨਾ ਕਾਂ ਵਾਲਾ ਤਜ਼ੁਰਬਾ ਆਪ ਕਰਕੇ ਦੇਖਿਆ ਜਾਵੇ ਬੱਸ ਫੇਰ ਕੀ ਸੀ ਲੈ ਆਇਆ ਇੱਕ ਛੋਟਾ ਜਿਹਾ ਕੁੱਜਾ ਤੇ ਉਹ ’ਚ ਪਾਣੀ ਪਾ ਕੇ ਠੀਕਰੀਆਂ ਸੁੱਟ ਕੇ ਦੇਖੀਆਂ ਤਾਂ ਪਾਣੀ ਨੇ ਉਤਾਂਹ ਤਾਂ ਕਿ ਆਉਣਾ ਸੀ ਉਲਟਾ ਉਨ੍ਹਾਂ ਠੀਕਰੀਆਂ ਵਿੱਚ ਹੀ ਸਮਾ ਗਿਆ। ਮਨ ਵਿੱਚ ਫੇਰ ਫੁਰਨਾ ਆਇਆ ਕਿ ਕਾਂ ਨੇ ਜ਼ਰੂਰ ਪੱਕੇ ਪੱਥਰ ਦੀ ਬੱਜਰੀ ਪਾਣੀ ਵਿੱਚ ਪਾਈ ਹੋਵੇਗੀ ਸੋ ਉਹ ਵੀ ਕਰਕੇ ਦੇਖ ਲਿਆ ਪਰ ਫੇਰ ਵੀ ਪਾਣੀ ਤਾਂ ਉਤਾਂਹ ਨਾ ਆਇਆ। ਮਨ ਵਿੱਚ ਸਵਾਲ ਜ਼ਰੂਰ ਆ ਗਏ। ਦੂਜੇ ਦਿਨ ਉਹੀ ਸਵਾਲ ਮਾਸਟਰ ਜੀ ਮੂਹਰੇ ਕਰ ਦਿੱਤੇ ਕਿ ਮਾਸਟਰ ਜੀ ਜਾਂ ਤਾਂ ਕਾਂ ਝੂਠਾ ਹੈ ਤੇ ਜਾਂ ਵਿਚਲੀ ਗੱਲ ਕੋਈ ਹੋਰ ਹੈ, ਵਿਚਾਰਾ ਮਾਸਟਰ ਤਾਂ ਪਹਿਲਾਂ ਆਪ ਹੀ ਔਖਾ ਸੀ ਅੰਗਰੇਜ਼ੀ ਕੋਲੋਂ ਤੇ ਉੱਤੋਂ ਸਾਡਾ ਪੜ੍ਹਾਈ ਦਾ ਸਿਸਟਮ ਕਿ ਮਾਸਟਰ ਚਾਹੇ ਜਿੰਨੇ ਮਰਜ਼ੀ ਸਵਾਲ ਕਰੀ ਜਾਵੇ ਪਰ ਉਸ ਨੂੰ ਜੁਆਕ ਸਵਾਲ ਨਹੀਂ ਕਰ ਸਕਦੇ। ਮੇਰੇ ਵੱਲੋਂ ਕਾਂ ਦੀ ਕੀਤੀ ਤੌਹੀਨ ਮਾਸਟਰ ਜੀ ਤੋਂ ਬਰਦਾਸ਼ਤ ਨਹੀਂ ਹੋਈ ਤੇ ਸਿੱਟੇ ਵੱਜੋ ਸਾਰਾ ਦਿਨ ਧੁੱਪੇ ਮੁਰਗ਼ਾ ਬਣਨਾ ਪਿਆ ਅਤੇ ਮੁਰਗ਼ਾ ਬਣੇ ਨੂੰ ਗੁਆਂਢੀਆਂ ਦੇ ਬਨੇਰੇ ’ਤੇ ਬੈਠਾ ਕਾਂ ਭਾਵੇਂ ਮੈਨੂੰ ਉਲਟਾ ਦਿੱਖ ਰਿਹਾ ਸੀ, ਪਰ ਉਸ ਦੀ ਕਾਂ-ਕਾਂ ਮੇਰੇ ਨਜ਼ਰੀਏ ਤੇ ਦੰਦੀਆਂ ਕੱਢ ਰਹੀ ਜਾਪਦੀ ਸੀ। ਬੱਸ ਉਸੇ ਦਿਨ ਤੋਂ ਕਾਂ ਨਾਲ ਗੁੱਝੀ ਜੇਹੀ ਜੰਗ ਸ਼ੁਰੂ ਹੋ ਗਈ ਤੇ ਜੋ ਅੱਜ ਤੱਕ ਨਿਰਵਿਘਨ ਜਾਰੀ ਹੈ।

ਉਸ ਤੋਂ ਬਾਅਦ ਜਦੋਂ ਵੀ ਮੈਂ ਕਾਂ ਨੂੰ ਦੇਖਿਆ ਤਾਂ ਇਕ ਸਾਇੰਸਦਾਨੀ ਨਹੀਂ ਬਲਕਿ ਇੱਕ ਸਿਆਸਤਦਾਨ ਦੇ ਦਰਸ਼ਨ ਮੈਨੂੰ ਇਸ ਦੀ ਸ਼ਕਲ ਵਿੱਚੋਂ ਹੋਏ। ਕੁੱਝ ਕੁ ਸਾਲ ਪਹਿਲਾਂ ਮੇਰੀ ਇਸ ਸੋਚ ਤੇ

ਉਸ ਵਕਤ ਮੋਹਰ ਲੱਗ ਗਈ ਜਦੋਂ ਮੈਂ ਭੂਆ ਕੇ ਪਿੰਡ ਤੜਕਸਾਰ ਚੁੱਲ੍ਹੇ ਮੂਹਰੇ ਬੈਠਾ ਅੱਗ ਸੇਕ ਰਿਹਾ ਸੀ ਤੇ ਨਾਲੋਂ ਨਾਲ ਰੋਟੀਆਂ ਲਾਹ ਰਹੀ ਭੂਆ ਨਾਲ ਢਿੱਡ ਹੌਲਾ ਕਰੀ ਜਾ ਰਿਹਾ ਸੀ। ਮੇਰੀ ਰੱਬ ਦੀ ਭਗਤਣੀ ਭੂਆ ਰੋਟੀਆਂ ਪਕਾਉਂਦੀ ਐਨੀ ਔਖੀ ਨਹੀਂ ਸੀ ਜਿੰਨੀ ਇਕ ਕਾਂ ਦੀ ਕਾਂ-ਕਾਂ ਨੇ ਕਰ ਰੱਖੀ ਸੀ। ਬਥੇਰੀ ਪ੍ਰਾਂਤ ਖੜਕਾਈ ਭੂਆ ਨੇ, ਪਰ ਉਹ ਉਨ੍ਹਾਂ ਹੀ ਮਚਲੀ ਜਾਵੇ, ਕਦੇ ਉਸ ਬਨੇਰੇ 'ਤੇ ਕਦੇ ਉਸ ਬਨੇਰੇ 'ਤੇ ਅਤੇ ਕਦੇ ਸਿੱਧਾ ਛਾਬੇ ਵੱਲ ਨੂੰ ਆਵੇ। ਹੁਣ ਆਪਣੀ ਤਾਂ ਪਹਿਲੇ ਦਿਨ ਤੋਂ ਹੀ ਕਾਂ ਹੋਰਾਂ ਨਾਲ ਅੱਖ ਮੈਲੀ ਸੀ, ਪਰ ਫੇਰ ਵੀ ਭੂਆ ਨਾਲ ਢਿੱਡ ਹੌਲਾ ਕਰਨ ਦੀ ਝਾਕ ਵਿੱਚ ਭੂਆ ਨੂੰ ਕਹਿ ਦਿੱਤਾ ਕਿ ਇਸ ਨੂੰ ਦਫ਼ਾ ਕਰ ਭੋਰਾ ਰੋਟੀ ਦਾ ਸੁੱਟ ਕੇ, ਪਰ ਭੂਆ ਆਖੇ ਤੈਨੂੰ ਨਹੀਂ ਪਤਾ ਇਹ ਬਾਹਲਾ ਚੰਦਰਾ, ਇਹ ਰੋਟੀ ਨਹੀਂ ਖਾਂਦਾ, ਲਹੂ ਪੀਂਦਾ ਵੀਰ। ਏਨੀ ਗੱਲ ਸੁਣਦੇ ਅਸੀਂ ਵੀ ਪੈਰੋਂ ਛਿੱਤਰ ਲਾਹ ਮਾਰਿਆ ਉਸ ਕਾਂ ਵੱਲ ਤੇ ਪੰਜ ਸੱਤ ਛੱਡੀਆਂ ਕਰਾਰੀਆਂ ਜਿਹਾ ਗਾਲ੍ਹਾਂ। ਭੂਆ ਕਹੇ ਪੜ੍ਹਾਕੂ ਵੀ ਇਹੋ ਜਿਹੀਆਂ ਗਾਲ੍ਹਾਂ ਕੱਢ ਲੈਂਦੇ ਆ ਭਾਈ ! ਮੈਂ ਕਿਹਾ ਨਹੀਂ ਭੂਆ ਤੈਨੂੰ ਨਹੀਂ ਪਤਾ ਅਸਲੀ ਗੱਲ ਦਾ; ਮੇਰੀ ਪੁਰਾਣੀ ਲਾਗ-ਡਾਟ ਹੈ ਇਹਦੇ ਨਾਲ।

ਛਿੱਤਰ ਦੀ ਗੂੰਜ ਨੇ ਵੱਡੇ ਸਿਆਸਤਦਾਨ ਦੀ ਭੂਤਨੀ ਭੁਲਾ ਦਿੱਤੀ ਸੀ ਤੇ ਹੁਣ ਉਹ ਕੰਨ 'ਚ ਪਾਇਆ ਨਹੀਂ ਸੀ ਰੜਕ ਰਿਹਾ ਤੇ ਮੈਂ ਭੂਆ ਨੂੰ ਅਸਲੀ ਗੱਲ ਦੱਸਣ ਲਈ ਕਾਹਲਾ ਸੀ ਤੇ ਭੂਆ ਰੋਟੀਆਂ ਲਾਹੁਣ ਲਈ ਕਾਹਲੀ ਸੀ। ਉਹ ਕਾਹਲੀ-ਕਾਹਲੀ ਨਾਲ ਰੋਟੀਆਂ ਲਾਹੀ ਜਾਵੇ ਨਾਲੇ ਫੁੱਫੜ ਕੋਲੋਂ ਡਰੀ ਜਾਵੇ, ਜਿਹੜਾ ਘੰਟੇ ਤੋਂ ਮੋਟਰ ਸਾਈਕਲ 'ਤੇ ਖ਼ੁਰਜੀ ਪਾਈ ਖੜਾ ਸੀ। ਲੈ ਪੁੱਤ ਗਰਣ-ਗਰਣ ਬਾਲਣ ਢਾਹੀ ਜਾ ਹੁਣ ਨੀ ਬੋਲਦਾ ਇਹ ਆਥਣੇ ਘੁੱਟ ਪੀ ਕੇ ਦੇਖੀ ਖਡਦੂ ਪੱਟਦਾ। ਬੱਸ ਇਹੋ ਜਿਹੀ ਗੱਲਾਂ 'ਚ ਅਸੀਂ ਕਾਂ ਵਾਲਾ ਵਕਤ ਤਾਂ ਭੁੱਲ ਜਿਹੇ ਗਏ ਸੀ। ਗੱਲਾਂ-ਗੱਲਾਂ 'ਚ ਭੂਆ ਨੇ ਰੋਟੀਆਂ ਵਾਲਾ ਛਾਬਾ ਟੀਸੀ ਲਾ ਦਿੱਤਾ ਸੀ ਤੇ ਮੈਨੂੰ ਭੂਆ ਨੇ ਰਿੜਕਣੇ 'ਚੋਂ ਲੱਸੀ ਵਾਲੀ ਢੋਲੀ ਭਰਨ ਨੂੰ ਕਿਹਾ, ਹਾਲੇ ਮੈਂ ਪਿੱਠ ਹੀ ਘੁਮਾਈ ਸੀ ਕਿ ਨੇੜੇ ਜਿਹੇ ਖੰਭਾ ਦੀ ਫੜ੍ਹ-ਫੜ ਜੀ ਨੇ ਇਕੋ ਦਮ ਕਾਲਜਾ ਜਿਹਾ ਹੀ ਕੱਢ ਲਿਆ। ਜਦੋਂ ਨਿਗਾਹ ਛਾਬੇ ਵੱਲ ਗਈ ਤਾਂ ਅਸੀਂ ਭੂਆ-ਭਤੀਜਾ ਇੱਕ ਦੂਜੇ ਦੇ ਮੂੰਹ ਕੰਨੀ ਝਾਕਦੇ ਰਹਿ ਗਏ। ਉਹ ਛਾਬੇ ਵਿੱਚ ਪਤਾ ਨਹੀਂ ਕਾਹਦੇ ਮਾਸ ਦਾ ਲੋਥੜਾ ਰੋਟੀਆਂ ਉੱਤੇ ਇੰਜ ਸਿੱਟ ਗਿਆ ਜਿਵੇਂ ਪੱਕਾ ਨਿਸ਼ਾਨੇਬਾਜ਼ ਹੋਵੇ। ਜਿਹੜੀ ਭੂਆ ਇੱਕ ਬੁਰਕੀ ਕਾਂ ਨੂੰ ਨਹੀਂ ਸੀ ਪਾ ਰਹੀ ਉਸੇ ਭੂਆ ਨੇ ਸਾਰੇ ਦਾ ਸਾਰਾ ਛਾਬਾ ਕੰਧ ਉੱਤੋਂ ਦੀ ਵਗਾਹ ਕੇ ਮਾਰਿਆ ਰੂੜੀਆਂ 'ਤੇ। ਮੈਂ ਆਪ ਮੁਹਾਰੇ ਹੀ ਬੋਲ ਪਿਆ ਭੂਆ ਮੈਂ ਨਹੀਂ ਕਹਿੰਦਾ ਸੀ ਕਿ ਇਹ ਕਾਂ ਸਾਇੰਸਦਾਨੀ ਨਹੀਂ ਸਿਆਸਤਦਾਨ ਹੁੰਦੇ ਆ, ਦੇਖ ਕਿਵੇਂ ਸਾਡੇ ਨਾਲ ਚਾਲ ਖੇਡ ਗਿਆ, ਲੈ ਗਿਆ ਨਾ ਘਿਉ ਟੇਢੀ ਉਂਗਲ ਨਾਲ ਕੱਢ ਕੇ। ਭੂਆ ਕਹੇ ਵੀਰ ਮੈਨੂੰ ਨਹੀਂ ਤੇਰੀਆਂ ਗੱਲਾਂ ਸਮਝ ਆ ਰਹੀਆਂ।

ਅਸੀਂ ਫੇਰ ਉਹੀ ਕੰਮ ਸ਼ੁਰੂ ਕਰ ਲਿਆ ਫੇਰ ਚੁੱਲ੍ਹਾ ਤਪਾ ਲਿਆ ਬੱਸ ਏਸ ਬਾਰ ਵਿਚਾਰਾ ਫੁੱਫੜ ਨਾਲੇ ਖੇਤ ਕੰਮ ਕਰ ਰਹੇ ਕਾਮਿਆਂ ਦਾ ਸੰਸਾ ਕਰੀ ਜਾਵੇ ਨਾਲੇ ਸੰਦੂਕ 'ਚੋਂ ਦੁਨਾਲੀ ਕੱਢ ਕੇ ਬਹਿ ਗਿਆ ਤੇ ਕਹੇ ਜਵਾਨੀ ਵੇਲੇ ਬਥੇਰੇ ਉੱਡਦੇ ਪੰਛੀ ਲਾਹੇ ਆ ਤੇ ਹਾਲੇ ਵੀ ਇਹ ਟੁੱਟੀ ਡਾਂਗ ਏਸ ਕਾਂ ਜੋਗੀ ਤਾਂ ਹੈਗੀ।

ਮੈਂ ਝੋਕਾ ਲਾਉਂਦਾ-ਲਾਉਂਦਾ ਭੂਆ ਨੂੰ ਸਾਇੰਸਦਾਨੀ ਤੇ ਸਿਆਸਤਦਾਨ ਵਿਚਲਾ ਫ਼ਰਕ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ। ਭੂਆ ਉਹ ਜਿਹੜਾ ਆਪਣਾ ਪਿਛਲਾ ਰਾਸ਼ਟਰਪਤੀ ਸੀ ਕਲਾਮ; ਉਹ ਸੀ ਇੱਕ ਸਾਇੰਸਦਾਨੀ।

ਭੂਆ ਕਹਿੰਦੀ ਕਿਹੜਾ ? ਜਿਹੜਾ ਮਸਾਂ ਜਿਹਾ ਤੁਰਦਾ ਸੀ ਕਿ ਵੱਡੇ-ਵੱਡੇ ਜੇਹੇ ਵਾਲਾਂ ਵਾਲਾ ? ਹਾਂ-ਹਾਂ ਉਹੀ ਵੱਡੇ-ਵੱਡੇ ਵਾਲਾਂ ਵਾਲਾ, ਉਹ ਔਖਾ ਜਿਹਾ ਤੁਰਨ ਵਾਲਾ ਤਾਂ ਪਰਧਾਨ ਮੰਤਰੀ ਸੀ। ਉਸ ਸਾਇੰਸਦਾਨ ਨੇ ਖ਼ੁਦ ਪ੍ਰਮਾਣੂ ਤਕਨੀਕ ਆਜ਼ਾਦ ਕੀਤੀ ਤੇ ਹੁਣ ਤੂੰ ਦੱਸ ਭੂਆ ਜਿਹਨੇ ਆਪ ਕੋਈ ਚੀਜ਼ ਬਣਾਈ ਹੋਵੇ ਉਹਨੂੰ ਉਸ ਬਾਰੇ ਜ਼ਿਆਦਾ ਪਤਾ ਕਿ ਆਪਣੇ ਪਿੰਡ ਵਾਲੇ ਅਨਪੜ੍ਹ ਬੂਟੇ ਨੂੰ ਜ਼ਿਆਦਾ ਪਤਾ ਹੋਊ ?

ਬੱਸ ਇਹੀ ਗੱਲ ਦਾ ਦੁੱਖ ਹੈ ਕਿ ਅਸਲੀ ਬੰਦੇ ਦੀ ਕੋਈ ਨਹੀਂ ਸੁਣਦਾ ਕਾਂਵਾਂ ਦੀ ਕਾਂ-ਕਾਂ ਹਰ ਇੱਕ ਸੁਣੀ ਜਾਂਦਾ। ਪੁੱਤ ਤੂੰ ਬੁਝਾਰਤਾਂ ਜਿਹੀ ਕਿ ਪਾਈ ਜਾਣਾ ਸਿੱਧਾ ਫ਼ੁੱਟ !

ਗੱਲ ਤਾਂ ਭੂਆ ਸਿੱਧੀ ਜਿਹੀ ਹੈ ਜਦੋਂ ਆਪਣੇ ਸਰਦਾਰ ਭਾਈ ਨੇ ਆਹ ਪ੍ਰਮਾਣੂ ਸਮਝੌਤਾ ਕੀਤਾ ਤਾਂ ਸਣੇ ਕਲਾਮ ਨੇ ਕਿਹਾ ਭਾਈ ਇਹ ਫ਼ਾਇਦੇ ਦਾ ਸੌਦਾ ਹੈ ਦੇਸ਼ ਲਈ। ਪਰ ਕਿਸੇ ਨਾ ਸੁਣੀ, ਸਾਰੇ ਉਹ ਕਾਂਵਾਂ ਦੀ ਕਾਂ-ਕਾਂ ਨੂੰ ਸੁਣੀ ਜਾਣ ਜਿਨ੍ਹਾਂ ਵਿਚੋਂ ਬਹੁਤਿਆਂ ਨੇ ਕਦੇ ਪਿਆਸਾ ਕਾਂ ਦੀ ਕਹਾਣੀ ਨਹੀਂ ਪੜ੍ਹੀ ਹੋਵੇਗੀ; ਉਹ ਪੜ੍ਹ ਵੀ ਕਿਵੇਂ ਸਕਦੇ ਸੀ ਜੇ ਸਕੂਲ ਦਾ ਮੂੰਹ ਦੇਖਿਆ ਹੋਵੇ ਤਾਂ ਹੀ ਕੁੱਝ ਸਿੱਖਣ,ਤੇ ਮ੍ਰਾਤੜ-ਤਮ੍ਰਾਤੜ ਇਹਨਾਂ ਦੀਆ ਗੱਲਾਂ 'ਚ ਇੰਜ ਆ ਜਾਂਦੇ ਜਿਵੇਂ ਟੋਕੇ 'ਚ ਬਾਂਹ ਆ ਜਾਂਦੀ ਆ, ਪਰ ਭੂਆ ਮੈਨੂੰ ਤਾਂ ਪੂਰਾ ਯਕੀਨ ਆ ਕਿ ਇਹ ਪਿਛਲੇ ਜਨਮ 'ਚ ਜ਼ਰੂਰ ਕਾਂ ਹੀ ਹੋਣਗੇ, ਹੋਰ ਤਾਂ ਹੋਰ ਭੂਆ ਵਿਚਾਰੇ ਸਰਦਾਰ ਨੂੰ ਆਪਣੇ ਸਰਦਾਰਾਂ ਨੇ ਵੀ ਐਨ ਮੌਕੇ 'ਤੇ ਪਿੱਠ ਦਿਖਾ ਦਿੱਤੀ ਸੀ ਇਹ ਤਾਂ ਭਾਈ ਭਲਾ ਹੋਵੇ ਪੜ੍ਹੇ-ਲਿਖੇ ਲੋਕਾਂ ਦਾ ਜਿਨ੍ਹਾਂ ਉਸ ਵਕਤ ਪੱਗ ਦੀ ਲਾਜ ਰੱਖੀ।

ਲੈ ਭੂਆ ਤੂੰ ਹੀ ਸੁਣ ਲੈ ਇਹਨਾਂ ਕਾਮਰੇਡਾ ਦੀ ਜਦੋਂ ਵੋਟਾਂ 'ਚ ਕਿਸੇ ਨੇ ਇਹਨਾਂ ਨੂੰ ਮੂੰਹ ਨਾ ਲਾਇਆ ਤਾਂ ਕਹਿੰਦੇ ਅਸੀਂ ਸਮੀਖਿਆ ਕੀਤੀ ਆ ਸਾਡੀ ਹਾਰ ਦੀ। ਬੱਸ ਇਕੋ ਇੱਕ ਕਾਰਨ ਸਾਨੂੰ ਇਹ ਲੱਭਿਆ ਕੇ ਭਾਈ ਜਿਹੜੇ ਕਾਮੇ ਤੇ ਕਿਰਤੀ ਹੁਣ ਤੱਕ ਸਾਡੇ ਮਗਰ ਲਗਦੇ ਸਨ ਉਨ੍ਹਾਂ ਆਪਣੇ ਨਿਆਣੇ ਪੜ੍ਹਾ-ਲਿਖਾ ਲਏ। ਦਸ ਹੁਣ ਇਹ ਤਾਂ ਇਹੀ ਚਾਹੁੰਦੇ ਸੀ ਕਿ ਸਾਡੇ ਮਗਰ ਦਾਤੀ ਹਥੌੜਾ ਲੈ ਕੇ ਤੁਰੇ ਫਿਰਨ ਆਪਣੇ ਦਿਮਾਗ਼ ਤੋਂ ਕੰਮ ਨਾ ਲੈਣ।

ਲੈ ਪੁੱਤ ਤੂੰ ਆਖੇਗਾ ਕਿ ਭਾਈ ਮੈਂ ਨਿੰਦੀ ਜਾਣੀ ਆ ਤੇਰੇ ਪ੍ਰਧਾਨ ਨੂੰ, ਭਾਵੇਂ ਵੀਰ ਤੂੰ ਗੁੱਸੇ ਹੀ ਹੋਵੇ ਭਾਈ ਪਰ ਇਹ ਤੇਰਾ ਪਰਧਾਨ ਵਾਲ੍ਹਾ ਹੀ ਸੰਗਾਲੂ ਆ, ਐਵੇਂ ਜੀ-ਜੀ ਜਿਹੀ ਕਰੀ ਜਾਂਦਾ, ਡਾਂਗ ਖਿੱਚ ਲਏ ਤੇਰੇ ਫੁੱਫੜ ਆਂਗੂੰ; ਆਹ ਪਿਛਲੀ ਮਾਘੀ ਵੇਲੇ ਤਾਰੂ ਕਾ ਬਚਨਾ ਰੋਜ਼ ਹੀ ਲੂਤੀਆਂ ਜਿਹੀਆਂ ਲਾਈ ਜਾਵੇ, ਇੱਕ ਦਿਨ ਤੇਰੇ ਫੁੱਫੜ ਤੇ ਆਪਣੇ ਸੀਰੇ ਨੇ ਬਣਾਇਆ; ਅੱਜ ਆਹ ਦਿਨ ਆ ਗਏ ਕੰਨ 'ਚ ਪਾਇਆ ਨੀ ਰੜਕਦਾ।

ਆ ਤੇਰੀ ਇਹ ਗੱਲ ਤਾਂ ਠੀਕ ਆ ਪਰ ਇਹ ਕੁੱਝ ਪਿੰਡਾਂ 'ਚ ਤਾਂ ਹੋ ਸਕਦਾ ਪਰ ਮੁਲਕਾਂ 'ਚ ਨਹੀਂ ਹੋ ਸਕਦਾ ਤੇ ਰਹੀ ਸੰਗਾਲੂ ਦੀ ਗੱਲ ਤਾਂ ਭੂਆ ਪੜ੍ਹਾਈ ਚੀਜ਼ ਹੀ ਐਸੀ ਹੈ ਜਿਸ ਨਾਲ ਨਿਮਰਤਾ ਆ ਹੀ ਜਾਂਦੀ ਹੈ।

ਲੈ ਪੁੱਤ ਸੀ ਉਹ ਵੀ ਚੰਗਾ ਜਿਹੜਾ ਅੱਖਾਂ ਜਿਹੀਆਂ ਮੀਚ ਕੇ ਹੌਲੀ-ਹੌਲੀ ਗੱਲਾਂ ਜੇਹੀਆ ਕਰਦਾ ਹੁੰਦਾ ਸੀ ਤੇ ਮਸਾਂ ਜਿਹਾ ਤੁਰਦਾ ਸੀ। ਹਾਂ ਭੂਆ ਉਹ ਤਾਂ ਚੰਗਾ ਸੀ ਪਰ ਉਹਦੇ ਵੀ ਪਿੱਛੇ ਕਾਂਵਾਂ ਦੀ ਡਾਰ ਸੀ ਤਾਹੀ ਤਾਂ ਜਦੋਂ ਉਹ ਘਰ ਬੈਠ ਗਿਆ ਤਾਂ ਬਾਕੀ ਕਾਂਵਾਂ 'ਚ ਕੁਰਸੀ ਨੂੰ ਲੈ ਕੇ ਕਾਂਵਾਂ-ਰੌਲ਼ੀ ਪੈ ਗਈ।

ਪੁੱਤ ਭਾਵੇਂ ਜਮ੍ਹਾ ਅਨਪੜ੍ਹ ਹਾਂ ਪਰ ਫੇਰ ਵੀ ਤੇਰੇ ਫੁੱਫੜ ਦੀ ਸਰਪੰਚੀ ਕਰਕੇ ਖ਼ਬਰਾਂ-

ਖ਼ੁਬਰਾਂ ਦੇਖਦੀ ਰਹਿਨੀ ਆਂ ਤੇ ਮੈਂ ਤਾਂ ਤੇਰੇ ਫੁੱਫੜ ਨੂੰ ਉਸੇ ਦਿਨ ਕਹਿ ਦਿੱਤਾ ਸੀ ਕਿ ਜੇ ਆਹ ਆਪਣੇ ਵਾਲਾ ਬੱਦਲ ਸਹੀ ਥਾਂ 'ਤੇ ਵਰ੍ਹ ਜਾਂਦਾ ਤਾਂ ਭਾਈ ਅਮਰ ਹੋ ਜਾਂਦਾ। ਅਗਲੇ ਪਿਛਲੇ ਸਾਰੇ ਧੋਣੇ ਧੋ ਦਿੰਦਾ, ਕੁਲ ਤਰ ਜਾਂਦੀ ਪੁੱਤ ਏਸ ਦੀ ਤਾਂ, ਇਹਦੇ ਕੋਲ ਤਾਂ ਭਾਈ ਬਹਾਨਾ ਹੀ ਸੌਖਾ ਸੀ ਵੀ ਭਾਈ ਸਾਡੀ ਪੱਗ ਦੀ ਲਾਜ ਆ ਅਸੀਂ ਤਾਂ ਸਾਰੀਆਂ ਦੀਆਂ ਸਾਰੀਆਂ ਵੋਟਾਂ ਭਾਈ ਸਾਡੇ ਸਰਦਾਰ ਭਰਾ ਨੂੰ ਪਾਵਾਂਗੇ। ਪਰ ਕਿੱਥੇ ਵੀਰ ਪੁੱਤਰ ਮੋਹ 'ਚ ਪਿਆ ਲਾਈਲੱਗ ਹੋ ਗਿਆ, ਵੀਰ ਕੁੱਝ ਨਾ ਦਿਸਿਆ ਏਸ ਨੂੰ ਉਂਜ ਸਾਰਾ ਦਿਨ ਰੌਲਾ ਪਾਈ ਜਾਂਦਾ।

ਭੂਆ ਇਹ ਗੱਲ ਨਹੀਂ ਕਿ ਸਾਨੂੰ ਸਰਦਾਰ ਹੋ ਕੇ ਸਰਦਾਰ ਦੀ ਹੀ ਮਦਦ ਕਰਨੀ ਚਾਹੀਦੀ ਆ। ਗੱਲ ਤਾਂ ਇਹ ਹੈ ਕਿ ਉਸ ਸਰਦਾਰ ਦੇ ਕੱਦ ਦਾ ਕੋਈ ਲਿਆ ਕੇ ਬਰਾਬਰ ਖੜ੍ਹਾ ਤਾਂ ਕਰੋ, ਤਾਂ ਹੀ ਅਸੀਂ ਕੁਝ ਹੋਰ ਸੋਚੀਏ। ਭੂਆ ਮੇਰਾ ਬੱਸ ਚਲਦਾ ਤਾਂ ਮੈਂ ਤਾਂ ਸਾਰੀ ਉਮਰ ਲਈ ਆਪਣੇ ਮੁਲਕ ਦੀ ਬਾਗ਼ ਡੋਰ ਇਹਨਾਂ ਦੋਹਾਂ ਦੇ ਹੱਥ ਫੜਾ ਦਿੰਦਾ ਦੇਖ ਲੈ ਭੂਆ ਇੱਕ ਸਿਰੇ ਦਾ ਸਾਇੰਸਦਾਨੀ ਤੇ ਦੂਜਾ ਪੈਸੇ ਟਕੇ ਦਾ ਹਿਸਾਬੀ-ਕਿਤਾਬੀ ਜਿਹਨੇ ਦੁਨੀਆ ਦੇ ਮੂਹਰੇ ਲਿਆ ਖੜ੍ਹਾ ਕੀਤਾ ਆਪਣੇ ਮੁਲਕ ਨੂੰ, ਫੇਰ ਸੋਨੇ ਦੀ ਚਿੜੀ ਕਹਾਉਣ ਜੋਗਾ ਕਰ ਦਿਤਾ ਇਹਨਾਂ ਨੇ ਸਾਡੇ ਮੁਲਕ ਨੂੰ। ਪਰ ਜੇ ਇਹਨਾਂ ਕਾਂਵਾਂ ਦਾ ਬੱਸ ਚਲੇ ਤਾਂ ਆਪਣੇ ਮੁਲਕ ਨੂੰ ਹੱਡਾਂ-ਰੋੜੀ ਬਣਾ ਦੇਣ।

ਬੱਸ ਭੂਆ ਇਹਨਾਂ ਦਾ ਤਾਂ ਇਕੋ-ਇੱਕ ਇਲਾਜ ਛਿੱਤਰ ਹੀ ਹੈ। ਜਿਵੇਂ ਤੂੰ ਦੇਖਿਆ ਹੀ ਹੈ ਇੱਕ ਛਿੱਤਰ ਨੇ ਅਮਰੀਕਾ ਵਾਲੇ ਬੁਸ਼ ਦੀ ਲੀਡਰੀ ਰੋਲ ਕੇ ਰੱਖ ਦਿੱਤੀ ਸੀ। ਕਹਿੰਦੇ ਨੀ ਹੁੰਦੇ ਕਿ ਜੁੱਤਾਂ ਮੂਹਰੇ ਭੂਤ ਵੀ ਨੱਚਦੇ ਹਨ। ਬੱਸ ਜੇ ਲੋੜ ਹੈ ਤਾਂ ਜਾਗ੍ਰਿਤੀ ਦੀ ਲੋੜ ਹੈ। ਜੇ ਪਿੰਡ-ਪਿੰਡ 'ਚ ਇਹਨਾਂ ਨੂੰ ਮੂਹਰੋਂ ਸਵਾਲ ਪੁੱਛਣ ਵਾਲੇ ਮਿਲ ਜਾਣ ਤਾਂ ਇਹਨਾਂ ਦੀ ਮੱਤ ਟਿਕਾਣੇ ਆ ਜੇ। ਪਰ ਭੂਆ ਇਹਨਾਂ ਦੀਆਂ ਗੱਲਾਂ 'ਚ ਆਪਾਂ ਛੇਤੀ ਆ ਜਾਂਦੇ ਆ।

ਨਾ ਵੀਰ ਮੈਂ ਨਹੀਂ ਆਉਂਦੀ ਇਹਨਾਂ ਦੀਆਂ ਗੱਲਾਂ 'ਚ ਭਾਵੇਂ ਤੇਰੇ ਫੁੱਫੜ ਤੋਂ ਪੁੱਛ ਲੈ।

ਐਨੇ ਨੂੰ ਗੁਰਦੁਆਰੇ ਵਾਲਾ ਭਾਈ ਸਪੀਕਰ 'ਚ ਬੋਲੀ ਜਾਵੇ ਕਿ ਭਾਈ ਮੰਤਰੀ ਜੀ ਘੰਟੇ ਨੂੰ ਪੈਨਸ਼ਨ ਵੰਡਣ ਲਈ ਸੱਥ 'ਚ ਆਉਣਗੇ। ਭੂਆ ਸੁਣਦੇ ਸਾਰ ਕਹਿੰਦੀ ਨਾਂ ਪੁੱਤ ਸਾਰੇ ਲੀਡਰ ਮਾੜੇ ਨਹੀਂ ਹੁੰਦੇ ਆਹ ਵੇਖ ਮੰਤਰੀ ਸਾਡੇ ਪਿੰਡ 'ਚ ਪਿਲਸਨ ਦੇਣ ਆਪ ਆਇਆ। ਲੈ ਭੂਆ ਆ ਗਈ ਨਾ ਫੇਰ ਝਾਂਸੇ 'ਚ, ਪਿਛਲੇ ਪੰਜ ਸਾਲਾਂ 'ਚ ਕੈ ਵਾਰ ਆਇਆ ਥੋਡੇ ਪਿੰਡ 'ਚ ਇਹ ਮੰਤਰੀ ? ਹੁਣ ਵੋਟਾਂ ਵੇਲਾ ਆ ਗਿਆ ਤੇ ਇਹਨਾਂ ਦੀ ਕਾਂ-ਕਾਂ ਸ਼ੁਰੂ ਹੋ ਗਈ।

ਐਨੇ ਨੂੰ ਪਿੰਡ ਦਾ ਚੌਕੀਦਾਰ ਨੇ ਆ ਆਵਾਜ਼ ਮਾਰੀ, ਸਰਪੰਚਾ ਬਾਈ ਤੈਨੂੰ ਮੰਤਰੀ ਜੀ ਦਾ ਸੁਨੇਹਾ ਆਇਆ ਵੀ ਸੱਥ 'ਚ ਆ ਜਾ। ਜਿਹੜਾ ਫੁੱਫੜ ਚੁੱਪ-ਚਾਪ ਹੁਣ ਤੱਕ ਮੇਰੀ ਤੇ ਭੂਆ ਦੀ ਵਾਰਤਾਲਾਪ ਸੁਣ ਰਿਹਾ ਸੀ ਉੱਖੜੇ ਕੁਹਾੜੇ ਆਂਗੂੰ ਪੈ ਗਿਆ ਚੌਕੀਦਾਰ ਨੂੰ ਕਹੇ ਜਾ ਕਹਿ ਦੇ ਓਏ ਤੇਰੇ ਮੰਤਰੀ ਨੂੰ ਮੈਂ ਨੀ ਆਉਂਦਾ ਉਸ ਕੋਲ ! ਹੁਣ ਤੱਕ ਕਿੱਥੇ ਸੀ ਇਹ ਜਦੋਂ ਅਸੀਂ ਤਰਸਦੇ ਰਹੇ ਪਾਣੀ-ਬਿਜਲੀ ਨੂੰ ? ਐਵੇਂ ਭੁਲੇਖੇ 'ਚ ਹੀ ਤੁਰੇ ਫਿਰੇ ਅਸੀਂ ਤਾਂ ਇਹਨਾਂ ਮਗਰ, ਅੱਜ ਮੇਰੀਆਂ ਅੱਖਾਂ ਖੁੱਲ੍ਹ ਗਈਆਂ ਮੁੰਡੇ ਦੀਆਂ ਗੱਲਾਂ ਸੁਣ ਕੇ ਕਿ ਕਾਂ ਸਿਆਸੀ ਨਹੀਂ ਹੁੰਦੇ, ਉਲਟਾ ਸਿਆਸੀ ਲੋਕ ਕਾਂ ਹੁੰਦੇ ਹਨ ਤੇ ਕਾਂ ਤਾਂ ਬੱਸ ਛਿੱਤਰਾਂ ਦੇ ਲਾਇਕ ਹੀ ਹੁੰਦੇ ਹਨ।

****

## 'ਸ਼ਬਦ ਗੁਰੂ ਦੇ ਵਾਰਿਸ ਭਾਈ ਮਨੀ ਸਿੰਘ ਤੋਂ ਯੋ-ਯੋ ਹੈ-ਨਈ ਸਿੰਘ ਤੱਕ'

ਇਸ ਲੇਖ ਦਾ ਸਿਰਲੇਖ ਜੂਨ 2012 'ਚ ਐਡੀਲੇਡ 'ਚ ਗੁਰਪ੍ਰੀਤ ਘੁੱਗੀ ਨਾਲ ਹੋਈ ਮੇਰੀ ਮੁਲਾਕਾਤ ਦੌਰਾਨ ਨਿਕਲ ਕੇ ਆਇਆ। ਪਰ ਇਹ ਲੇਖ ਜਨਵਰੀ 2013 'ਚ ਹੋਂਦ 'ਚ ਉਸ ਵਕਤ ਆਇਆ ਜਦੋਂ 'ਉਹ ਮਾਈ ਗਾਡ' ਨਾਂ ਦੀ ਫ਼ਿਲਮ ਦੇਖ ਕੇ ਆਇਆ ਤਾਂ ਮਹਿਸੂਸ ਹੋਇਆ ਕਿ ਇਸ ਸੰਜੀਦਾ ਮਸਲੇ 'ਤੇ ਕੁਝ ਲਿਖਾ। ਪਰ ਧਰਮ ਦੇ ਮਾਮਲੇ 'ਚ ਸੀਮਤ ਗਿਆਨ ਹੋਣ ਕਾਰਨ ਦਿਲ ਇਸ ਲੇਖ ਨੂੰ ਲਿਖਣ ਦੀ ਇਜਾਜ਼ਤ ਨਹੀਂ ਸੀ ਦੇ ਰਿਹਾ। ਦੂਜਾ ਕਾਰਨ ਇਹ ਸੀ ਕਿ ਇਸ ਮੁੱਦੇ ਤੇ ਅੱਜ ਤੱਕ ਏਨਾ ਜ਼ਿਆਦਾ ਲਿਖਿਆ ਗਿਆ ਕਿ ਹੁਣ ਲੋਕ ਇਸ ਮੁੱਦੇ ਬਾਰੇ ਕੁਝ ਪੜ੍ਹਨਾ ਸੁਣਨਾ ਨਹੀਂ ਚਾਹੁੰਦੇ। ਮੇਰੀ ਇੱਛਾ ਸੀ ਕਿ ਇਸ ਮੁੱਦੇ ਨੂੰ ਸਾਡੀ ਨੌਜਵਾਨ ਪੀੜ੍ਹੀ ਜ਼ਰੂਰ ਪੜ੍ਹੇ ਇਸ ਲਈ ਮੈਨੂੰ ਇਸ ਦੇ ਸਿਰਲੇਖ 'ਚ ਸਿੱਖ ਕੌਮ ਦੇ ਇੱਕ ਮਹਾਨ ਸ਼ਹੀਦ ਦੇ ਨਾਂ ਦੇ ਨਾਲ ਇੱਕ ਇਹੋ ਜਿਹੇ ਇਨਸਾਨ ਦਾ ਨਾਂ ਲਿਖਣਾ ਪਿਆ ਜਿਸ ਲਈ ਮੇਰੀ ਜ਼ਮੀਰ ਆਗਿਆ ਨਹੀਂ ਸੀ ਦਿੰਦੀ। ਪਰ ਮਜਬੂਰਨ ਇਹ ਲਿਖਣਾ ਪਿਆ ਕਿਉਂਕਿ ਅੱਜਕੱਲ੍ਹ ਲੋਕਾਂ ਨੂੰ ਚਟਪਟੀਆਂ ਗੱਲਾਂ ਹੀ ਆਪਣੇ ਵੱਲ ਖਿੱਚ ਦੀਆਂ, ਸੋ ਮੇਰਾ ਇਹ ਤੀਰ ਨਿਸ਼ਾਨੇ 'ਤੇ ਲੱਗਿਆ ਤੇ ਇਸ ਲੇਖ ਨੂੰ ਬਹੁਤ ਸਾਰੇ ਨੌਜਵਾਨਾਂ ਨੇ ਇਸ ਦੇ ਸਿਰਲੇਖ ਕਰ ਕੇ ਪੜ੍ਹਿਆ ਤੇ ਮੈਨੂੰ ਫੀਡ ਬੈਕ ਵੀ ਦਿੱਤੀ। ਜਿਨ੍ਹਾਂ ਵਿਚੋਂ ਬਹੁਤਿਆਂ ਦਾ ਕਹਿਣਾ ਸੀ ਕਿ ਅਸੀਂ ਇਹ ਲੇਖ ਸਿਰਫ਼ ਇਸ ਲਈ ਪੜ੍ਹਿਆ ਕਿ ਇਸ ਵਿਚ ਸਾਡੇ ਰੋਲ ਮਾਡਲ ਦਾ ਨਾਮ ਸੀ। ਮੈਨੂੰ ਬੜੀ ਖ਼ੁਸ਼ੀ ਹੋਈ ਕਿ ਚਲੋ ਅੱਜ ਦਾ ਨੌਜਵਾਨ ਭਾਈ ਮਨੀ ਸਿੰਘ ਨੂੰ ਆਪਣਾ ਰੋਲ ਮਾਡਲ ਮੰਨਦਾ। ਪਰ ਜਦੋਂ ਕੁਝ ਨੌਜਵਾਨਾਂ ਨਾਲ ਵਿਸਤਾਰ 'ਚ ਗੱਲ ਹੋਈ ਤਾਂ ਉਹ ਕਹਿੰਦੇ ਨਹੀਂ ਬਾਈ ਸਾਨੂੰ ਭਾਈ ਮਨੀ ਸਿੰਘ ਬਾਰੇ ਤਾਂ ਜ਼ਿਆਦਾ ਪਤਾ ਨਹੀਂ ਹਾਂ ਹਨੀ ਸਿੰਘ ਦੇ ਪਿੰਡੇ ਦੇ ਵਾਲ-ਵਾਲ ਬਾਰੇ ਦੱਸ ਸਕਦੇ ਹਾਂ।



ਗੁਰਪ੍ਰੀਤ ਘੁੱਗੀ ਨਾਲ ਲੇਖਕ



ਲੇਖਕ ਦੇ ਮਾਤਾ ਜੀ ਸਰਦਾਰਨੀ ਇੰਦਰਜੀਤ ਕੌਰ ਦੀ ਆਸਟ੍ਰੇਲੀਆ ਫੇਰੀ ਦੌਰਾਨ
ਸ ਨਿਰਮਲ ਸਿੰਘ ਗਿੱਲ ਵਿਨਕੀ ਰਿਵਰਲੈਂਡ ਦੇ ਪਰਵਾਰ ਨਾਲ ਯਾਦਗਾਰ ਤਸਵੀਰ

# 'ਸ਼ਬਦ ਗੁਰੂ ਦੇ ਵਾਰਿਸ ਭਾਈ ਮਨੀ ਸਿੰਘ ਤੋਂ ਯੋ-ਯੋ ਹੈ-ਨਈ ਸਿੰਘ ਤੱਕ'

ਪਿਛਲੇ ਵਰ੍ਹੇ ਜੂਨ ਮਹੀਨੇ 'ਚ ਗੁਰਪ੍ਰੀਤ ਘੁੱਗੀ ਦੇ ਆਸਟ੍ਰੇਲੀਆ ਦੌਰੇ ਦੌਰਾਨ ਉਨ੍ਹਾਂ ਨਾਲ ਕੁਝ ਵਕਤ ਗੁਜ਼ਾਰਨ ਦਾ ਮੌਕਾ ਮਿਲਿਆ। ਜਿਸ ਦੌਰਾਨ ਕਾਮੇਡੀ ਤੋਂ ਹਟ ਕੇ ਹੋਰ ਬਹੁਤ ਸਾਰੇ ਮੁੱਦਿਆਂ 'ਤੇ ਸਾਡੀ ਗੱਲ ਹੋਈ। ਮੇਰੇ ਮਨ 'ਚ ਪਹਿਲਾਂ ਵੀ ਗੁਰਪ੍ਰੀਤ ਲਈ ਕਾਫ਼ੀ ਸਤਿਕਾਰ ਸੀ। ਪਰ ਉਸ ਦਿਨ ਦੀ ਮੁਲਾਕਾਤ ਤੋਂ ਬਾਅਦ ਮੇਰੇ ਵਿਚਾਰਾਂ ਨੂੰ ਹੋਰ ਪ੍ਰੋੜ੍ਹਤਾ ਮਿਲੀ। ਉਹ ਆਪਣੇ ਵਿਰਸੇ ਪ੍ਰਤੀ ਕਾਫ਼ੀ ਚਿੰਤਤ ਹੈ। ਗੱਲਾਂ-ਬਾਤਾਂ ਦੌਰਾਨ ਉਨ੍ਹਾਂ ਕਿਹਾ ਕਿ ਤੁਸੀਂ ਬਹੁਤ ਕੁਝ ਲਿਖਦੇ ਰਹਿੰਦੇ ਹੋ, ਕਿਸੇ ਦਿਨ ਸਾਡੇ ਵਿਗੜ ਰਹੇ ਵਿਰਸੇ ਅਤੇ ਧਰਮ 'ਤੇ ਵੀ ਲਿਖੋ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਤਕਰੀਬਨ ਤਿੰਨ ਕੁ ਵਰ੍ਹੇ ਪਹਿਲਾਂ ਆਪਣੇ ਆਪ ਨਾਲ ਵਾਅਦਾ ਕਰ ਬੈਠਾ ਹਾਂ ਕਿ ਭਵਿੱਖ 'ਚ ਕਦੇ ਆਪਣੇ ਧਰਮ ਬਾਬਤ ਨਹੀਂ ਲਿਖਾਂਗਾ ਕਿਉਂਕਿ ਉਸ ਵਕਤ ਮੈਂ ਇੱਕ-ਦੋ ਖੁੱਲ੍ਹੀਆਂ ਚਿੱਠੀਆਂ ਪੰਥ ਦੇ ਨਾਂ ਲਿਖ ਦਿੱਤੀਆਂ ਸਨ ਤੇ ਪੰਥ ਦੇ ਠੇਕੇਦਾਰਾਂ ਨੇ ਮੈਨੂੰ ਇਸ ਪਾਸੇ ਲਿਖਣ ਲਈ ਤੌਬਾ ਕਰਵਾ ਦਿੱਤੀ ਸੀ। ਭਾਵੇਂ ਇਹ ਮੈਂ ਕਿਸੇ ਦੇ ਡਰੋਂ ਨਹੀਂ ਕੀਤਾ, ਬੱਸ ਉਸ ਵਕਤ ਸ਼ਬਦ ਗੁਰੂ ਤੋਂ ਹੁਕਮ ਮੰਗਿਆ ਤਾਂ ਉਥੋਂ ਇਹੀ ਹਦਾਇਤ ਆਈ ਕਿ 'ਮੂਰਖੈ ਨਾਲਿ ਨ ਲੁਝੀਐ'। ਸੋ, ਉਸੇ ਦਿਨ ਤੋਂ ਇਸ ਹੁਕਮ ਦਾ ਇਸ਼ਾਰਾ ਸਮਝ ਗਿਆ ਕਿ ਜਾਂ ਤਾਂ ਸ਼ਬਦ ਗੁਰੂ ਉਨ੍ਹਾਂ ਲੋਕਾਂ ਨੂੰ ਅਗਾਂਹ ਕਰ ਰਹੇ ਹਨ, ਜੋ ਮੇਰੇ ਜਿਹੇ ਮੂਰਖ ਨਾਲ ਸਿੰਘ ਅੜਾਉਂਦੇ ਹਨ ਜਾਂ ਫੇਰ ਇਸ ਦੇ ਉਲਟ ਇਸ਼ਾਰਾ ਹੋਵੇ।

ਗੱਲ ਅੱਗੇ ਤੋਰਨ ਤੋਂ ਪਹਿਲਾਂ ਦੱਸ ਦਿਆਂ ਕਿ ਧਰਮ ਦੇ ਠੇਕੇਦਾਰਾਂ ਨੇ ਉਸ ਵਕਤ ਮੈਨੂੰ ਇਸ ਲਈ ਵਰਜਿਆ ਸੀ ਕਿ ਇੱਕ ਤਾਂ ਮੈਂ ਰਹਿਤ ਧਾਰੀ ਨਹੀਂ ਹਾਂ ਤੇ ਦੂਜਾ ਮੇਰੇ ਨਾਂ ਨਾਲ 'ਸਿੰਘ' ਨਹੀਂ ਲਿਖਿਆ ਹੋਇਆ। ਫੇਰ ਸੋਚਣ 'ਤੇ ਮਜਬੂਰ ਹੁੰਦਾ ਹਾਂ ਕਿ ਹਨੀ ਸਿੰਘ ਤਾਂ 'ਸਿੰਘ' ਲਿਖਦਾ !!! ਚਲੋ ਛੱਡੋ ਜੀ, ਬਹੁਤ ਕੁਝ ਹੈ ਇਸ ਮਸਲੇ 'ਚ ਮੇਰੇ ਕੋਲ ਲਿਖਣ ਲਈ ਪਰ ਮੈਂ ਉਲਝਣਾ ਨਹੀਂ ਚਾਹੁੰਦਾ। ਹਰ ਬੰਦੇ ਦੀ ਆਪਣੀ ਆਜ਼ਾਦੀ ਹੁੰਦੀ ਹੈ ਕਿ ਉਹ ਕੀ ਬਣਨਾ ਚਾਹੁੰਦਾ ਹੈ, ਸੋ ਮੈਂ ਸਿੱਖ ਬਣ ਕੇ ਬਹੁਤ ਖ਼ੁਸ਼ ਹਾਂ ਤੇ ਹਾਲੇ ਬਹੁਤ ਕੁਝ ਸਿੱਖਣਾ ਚਾਹੁੰਦਾ ਹਾਂ। ਹਾਂ ! ਜਿਸ ਦਿਨ ਲੱਗਿਆ ਕਿ ਹੁਣ ਮੈਂ ਸਿੰਘ ਸਜਣ ਲਈ ਪਰਪੱਕ ਹੋ ਗਿਆਂ ਹਾਂ ਤਾਂ ਜ਼ਰੂਰ ਸਜਾਂਗਾ।

ਹੁਣ ਤੁਸੀਂ ਸੋਚਦੇ ਹੋਵੋਗੇ ਕਿ ਜੇ ਧਰਮ ਬਾਰੇ ਨਾ ਲਿਖਣ ਦਾ ਵਾਅਦਾ ਕੀਤਾ ਸੀ ਤਾਂ ਅੱਜ ਫੇਰ ਕਿਉਂ ਲੱਸੀ ਰਿੜਕਣ ਬੈਠ ਗਿਆ ਹਾਂ। ਦੋਸਤੋ ! ਮੇਰੇ ਯੂ ਟਰਨ ਮਾਰਨ ਦਾ ਕਾਰਨ ਹਿੰਦੀ ਫ਼ਿਲਮ 'ਓ ਮਾਈ ਗਾਡ' ਬਣੀ ਹੈ। ਥੋੜ੍ਹਾ ਚਿਰ ਪਹਿਲਾਂ ਰਿਲੀਜ਼ ਹੋਈ ਇਸ ਫ਼ਿਲਮ ਨੂੰ ਜੋ ਵੀ ਦੇਖ ਆਉਂਦਾ ਸੀ, ਆਉਣ ਸਾਰ ਫੇਸਬੁੱਕ 'ਤੇ ਸਿਫ਼ਤਾਂ ਦੇ ਪੁਲ ਬੰਨ੍ਹ ਦਿੰਦਾ ਸੀ। ਮੇਰੀ ਜਿਗਿਆਸਾ ਵੀ ਵਧੀ ਕਿ ਇਸ ਫ਼ਿਲਮ 'ਚ ਇਹੋ ਜਿਹਾ ਕੀ ਹੈ ? ਸੋ ਫ਼ਿਲਮ ਦੇਖੀ, ਦੇਖ ਕੇ ਹਜ਼ਾਰਾਂ ਹੀ ਸਵਾਲ ਮਨ 'ਚ ਖੜ੍ਹੇ ਹੋ ਗਏ। ਜਿਨ੍ਹਾਂ ਵਿਚ ਇੱਕ ਤਾਂ ਇਹ ਸੀ ਕਿ ਲੋਕ ਹਿੰਦੀ ਫ਼ਿਲਮਾਂ 'ਚ ਨੰਗੇਜ ਅਤੇ ਦੋ ਅਰਥੀ ਸ਼ਬਦਾਵਲੀ ਨੂੰ ਸਮੇਂ ਦੀ ਲੋੜ ਦੱਸਦੇ ਹਨ। ਉਨ੍ਹਾਂ ਦੀ ਦਲੀਲ ਹੁੰਦੀ ਹੈ ਕੀ ਇਹਨਾਂ ਚੀਜ਼ਾਂ ਬਿਨਾਂ ਫ਼ਿਲਮ ਹਿੱਟ ਨਹੀਂ ਹੋ ਸਕਦੀ। ਪਰ ਬਿਨਾਂ ਕਿਸੇ ਨੰਗੇਜ ਦੇ ਸੁਪਰ ਹਿੱਟ ਹੋ ਕੇ ਇਸ ਫ਼ਿਲਮ ਨੇ ਸਾਬਤ

ਕਰ ਦਿੱਤਾ ਹੈ ਕਿ ਕਿੰਝ ਸਾਫ਼ ਸੁਥਰੀਆਂ ਫ਼ਿਲਮਾਂ ਵੀ ਹਿੱਟ ਹੋ ਜਾਂਦੀਆਂ ਹਨ।

ਪਰ ਅਸਲੀ ਸਵਾਲ ਤਾਂ ਇਹ ਹੈ ਕਿ ਫ਼ਿਲਮ ਵਿੱਚ ਸ਼ਬਦ ਗੁਰੂ ਦੀ ਮਹੱਤਤਾ ਦਰਸਾਈ ਗਈ ਹੈ। ਸਾਰੀ ਦੀ ਸਾਰੀ ਫ਼ਿਲਮ ਗੁਰੂ ਨਾਨਕ ਜੀ ਦੇ ਫ਼ਲਸਫ਼ੇ 'ਤੇ ਆਧਾਰਿਤ ਹੈ। ਪਰ ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜਾਂ ਫੇਰ ਉਸ ਦੇ ਵਾਰਿਸਾਂ ਦਾ ਕਿਤੇ ਜ਼ਿਕਰ ਕਿਉਂ ਨਹੀਂ ਕੀਤਾ ਗਿਆ ? ਬਹੁਤ ਹੀ ਸਮਝਦਾਰੀ ਨਾਲ ਇਸ ਫ਼ਿਲਮ ਨੂੰ ਸਿੱਖ ਧਰਮ ਤੋਂ ਦੂਰ ਰੱਖਿਆ ਗਿਆ ਹੈ। ਭਾਵੇਂ ਮੈਂ ਪਹਿਲਾਂ ਕਹਿ ਚੁੱਕਿਆਂ ਕਿ ਫ਼ਲਸਫ਼ਾ ਸਿੱਖ ਧਰਮ ਦਾ ਅਪਣਾਇਆ ਗਿਆ ਹੈ ਤੇ ਬਹੁਤ ਸਾਰੀਆਂ ਬੁਰਾਈਆਂ ਵੀ ਉਹੀ ਦਿਖਾਈਆਂ ਹਨ, ਜੋ ਅੱਜਕੱਲ੍ਹ ਸਿੱਖ ਧਰਮ 'ਚ ਦਾਖਿਲ ਹੋ ਚੁੱਕੀਆਂ ਹਨ। ਜਿਵੇਂ ਕਿ ਡੇਰਾਵਾਦ, ਗੋਲਕਵਾਦ, ਧਰਮ ਦੇ ਨਾਂ ਤੇ ਸਿਆਸਤ ਅਤੇ ਜਜ਼ਬਾਤੀ ਬਲੈਕਮੇਲ ਆਦਿ। ਫ਼ਿਲਮ ਦੇਖ ਕੇ ਇੱਕ ਵਿਚਾਰ ਮਨ ਵਿਚ ਆਉਂਦਾ ਹੈ ਕਿ ਕੀ ਅੱਜ ਭਾਰਤ ਵਿਚ ਤਿੰਨ ਹੀ ਧਰਮ ਹਨ। ਭਾਵੇਂ ਨਿੱਜੀ ਤੌਰ ਤੇ ਮੈਂ ਇਹਨਾਂ ਧਰਮ ਦੇ ਨਾਂ 'ਤੇ ਵੰਡੀਆਂ 'ਚ ਯਕੀਨ ਨਹੀਂ ਰੱਖਦਾ, ਪਰ ਇੱਕ ਗੱਲ ਚਿੰਤਾ ਜ਼ਰੂਰ ਪੈਦਾ ਕਰਦੀ ਹੈ ਕਿ ਇਹ ਸਭ ਕੁਝ ਇਤਿਹਾਸ ਨੂੰ ਬਦਲਣ ਵੱਲ ਇਸ਼ਾਰਾ ਹੈ। ਭਾਵੇਂ ਸਿਆਣੇ ਕਹਿੰਦੇ ਹਨ ਕਿ ਇਤਿਹਾਸ ਨੂੰ ਕੋਈ ਵੀ ਬਦਲ ਨਹੀਂ ਸਕਦਾ, ਪਰ ਇੱਕ ਸੱਚ ਇਹ ਵੀ ਹੈ ਕਿ ਜੇ ਇੱਕ ਪੀੜ੍ਹੀ ਅਗਲੀ ਪੀੜ੍ਹੀ ਨੂੰ ਇਤਿਹਾਸ ਦੀ ਤੋੜ ਮਰੋੜ ਕੇ ਜਾਣਕਾਰੀ ਦੇਣੀ ਸ਼ੁਰੂ ਕਰ ਦੇਵੇ ਤਾਂ ਸਿਰਫ਼ ਵੀਹ ਕੁ ਵਰ੍ਹਿਆਂ 'ਚ ਆਉਣ ਵਾਲੀ ਪੀੜ੍ਹੀ ਸੱਚ ਤੋਂ ਅਣਜਾਣ ਹੋ ਜਾਵੇਗੀ।

ਇੱਕ ਗੱਲ ਹੋਰ ਜੋ ਜ਼ਿਹਨ 'ਚ ਆਉਂਦੀ ਹੈ ਉਹ ਇਹ ਕਿ ਜਦੋਂ ਅੱਜ ਤੋਂ ਵੀਹ-ਤੀਹ ਵਰ੍ਹੇ ਬਾਅਦ ਕੋਈ ਇਹ ਫ਼ਿਲਮ ਦੇਖੇਗਾ ਤਾਂ ਉਸ ਦੇ ਦਿਮਾਗ਼ 'ਚ ਇਹੀ ਗੱਲ ਆਵੇਗੀ ਕਿ ਉਸ ਵਕਤ ਸਿੱਖ ਧਰਮ ਦਾ ਕੋਈ ਵਜੂਦ ਨਹੀਂ ਸੀ। ਕਿਉਂਕਿ ਇਸ ਫ਼ਿਲਮ 'ਚ ਇਹੀ ਦਰਸਾਇਆ ਗਿਆ ਹੈ। ਹੁਣ ਗੱਲ ਆਉਂਦੀ ਹੈ ਕਿ ਇੰਝ ਕਿਉਂ ਹੋਇਆ ? ਦੋਸਤੋ ! ਇੱਕ ਗੱਲ ਜੱਗ ਜ਼ਾਹਿਰ ਹੈ ਕਿ ਹਿੰਦੀ ਫ਼ਿਲਮਾਂ ਨੂੰ ਕਾਮਯਾਬ ਕਰਨ ਲਈ ਪੰਜਾਬੀ ਤੜਕਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਰਿਹਾ ਹੈ। ਪਰ ਪਿਛਲੇ ਕੁਝ ਕੁ ਸਮੇਂ ਦਾ, ਜਦੋਂ ਤੋਂ ਜਾਗਰੂਕ ਲੋਕਾਂ ਨੇ ਕੁਝ ਨਕੇਲ ਕੱਸੀ ਤਾਂ ਕਿਸੇ ਟਾਈਮ 'ਚ ਮਜ਼ਾਕ ਦਾ ਪਾਤਰ ਬਣਾਏ ਜਾਂਦੇ ਸਾਡੇ ਭਾਈਚਾਰੇ ਨੂੰ ਕੁਝ ਠੀਕ ਰੂਪ 'ਚ ਦਿਖਾਉਣਾ ਸ਼ੁਰੂ ਕੀਤਾ ਗਿਆ ਹੈ। ਪਰ ਕੁਝ ਇੱਕ ਗੱਲਾਂ 'ਚ ਸਾਡੇ 'ਤੇ ਕਲੇਸ਼ੀ ਹੋਣ ਦੀ ਮੋਹਰ ਵੀ ਲੱਗ ਗਈ ਹੈ। ਹਰ ਫ਼ਿਲਮ ਬਣਾਉਣ ਵਾਲਾ ਸੋਚਦਾ ਹੈ ਕਿ ਪਤਾ ਨਹੀਂ ਕਦੋਂ ਇਹ ਕੌਮ ਨੰਗੀਆਂ ਤਲਵਾਰਾਂ ਲਹਿਰਾਉਣ ਲੱਗ ਜਾਵੇ। ਇਹਨਾਂ ਗੱਲਾਂ ਨੂੰ ਮੱਦੇ-ਨਜ਼ਰ ਰੱਖਦਿਆਂ ਕੋਈ ਬੰਦਾ ਨਹੀਂ ਚਾਹੁੰਦਾ ਕਿ ਬਿਨਾਂ ਕਿਸੇ ਗੱਲ ਦੇ ਕੋਈ ਵਿਵਾਦ ਸਹੇੜਿਆ ਜਾਵੇ। 'ਸੌ ਰਾੜ੍ਹ ਨਾਲੋਂ ਵਾੜ ਚੰਗੀ' ਦੇ ਫ਼ਾਰਮੂਲੇ ਤੇ ਕੰਮ ਕਰਦਿਆਂ ਇਹਨਾਂ ਨੇ ਸਾਨੂੰ ਅੱਜ ਦੇ ਸਮਾਜ 'ਚੋਂ ਮਨਫ਼ੀ ਕਰ ਕੇ ਦੇਖਣਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ 'ਚ ਕੋਈ ਦੁਚਿੱਤੀ ਨਹੀਂ ਹੋਣੀ ਚਾਹੀਦੀ ਕਿ ਜਦੋਂ ਅੱਜ ਅਸੀਂ ਸਮਾਜ 'ਚੋਂ ਮਨਫ਼ੀ ਹੋ ਗਏ ਤਾਂ ਇਤਿਹਾਸ 'ਚ ਸਾਡਾ ਜ਼ਿਕਰ ਕਿਵੇਂ ਆਵੇਗਾ ?

ਹੁਣ ਚਿੰਤਨ ਕਰਨ ਦੀ ਗੱਲ ਇਹ ਆਉਂਦੀ ਹੈ ਕਿ ਗ਼ਲਤੀ ਕਿੱਥੇ ਹੋ ਰਹੀ ਹੈ ? ਇਸ ਮੁੱਦੇ ਤੇ ਮੈਂ ਬਹੁਤ ਸਾਰੇ ਨੌਜਵਾਨਾਂ ਨਾਲ ਗੱਲਬਾਤ ਕੀਤੀ। ਹਰ ਬੰਦਾ ਆਪਣਾ ਪੱਖ ਨਵੇਂ ਰੂਪ 'ਚ ਲੈ ਕੇ ਆਉਂਦਾ ਹੈ। ਪਰ ਜਿਹੜੀ ਇੱਕ ਸਾਂਝੀ ਗੱਲ ਇਹਨਾਂ ਸਾਰਿਆਂ ਦੇ ਵਿਚਾਰਾਂ 'ਚ ਦੇਖਣ ਨੂੰ ਮਿਲੀ ਉਹ

ਇਹ ਹੈ ਕਿ ਹਰ ਕੋਈ ਚਿੰਤਨ ਕਰ ਰਿਹਾ ਹੈ ਕਿ ਅਸੀਂ ਕਿਸੇ ਵੱਡੀ ਸਾਜ਼ਿਸ਼ ਦਾ ਸ਼ਿਕਾਰ ਹੋ ਰਹੇ ਹਾਂ। ਕੱਲ੍ਹ ਦੀ ਹੀ ਗੱਲ ਹੈਂ ਮੈਂ ਨੌਜਵਾਨ ਸ਼ਾਇਰ ਦਵਿੰਦਰ ਸਿੰਘ ਧਾਲੀਵਾਲ ਨਾਲ ਗੱਲ ਕਰ ਰਿਹਾ ਸੀ ਤਾਂ ਉਹ ਕਹਿੰਦਾ ਬਾਈ ਤੂੰ ਬਹੁਤ ਢੀਠ ਬੰਦਾ ਹੈਂ, ਸਾਰਾ ਦਿਨ ਹਵਾ 'ਚ ਵਾਰ ਕਰੀ ਜਾਂਦਾ ਰਹਿਦੈਂ। ਚੰਗਾ ਭਲਾ ਤੈਨੂੰ ਪਤਾ ਕਿ ਸਾਰੇ ਦਾ ਸਾਰਾ ਸਿਸਟਮ ਸਿੱਖੀ ਨੂੰ ਮਿੱਠਾ ਜ਼ਹਿਰ ਦੇ ਕੇ ਖ਼ਤਮ ਕਰਨ 'ਚ ਲੱਗਿਆ ਪਿਆ ਹੈ। ਬਾਈ ਤੂੰ ਫੇਰ ਵੀ ਆਸ ਦੀ ਕਿਰਨ ਭਾਲੀ ਜਾਂਦੈਂ।

ਦਵਿੰਦਰ ਦੀ ਗੱਲ 'ਚ ਇਕ ਬਹੁਤ ਵੱਡੀ ਸਚਾਈ ਦਿਖਾਈ ਦੇ ਰਹੀ ਹੈ। ਜਿੱਥੇ ਮੇਰੇ ਜਿਹੇ ਸਿੱਖੀ ਸਰੂਪ ਤੋਂ ਮੁਨਕਰ ਹੋ ਕੇ ਸਿੱਖੀ ਨੂੰ ਢਾਹ ਲਾ ਰਹੇ ਹਨ, ਉਥੇ ਧਰਮ ਦੇ ਠੇਕੇਦਾਰ ਵੀ ਕੋਈ ਘੱਟ ਨਹੀਂ ਗੁਜ਼ਾਰ ਰਹੇ। ਨਰਮ ਖਿਆਲੀਆਂ ਦਾ ਇਸ ਕਲਯੁਗ 'ਚ ਕੁਝ ਵੱਟਿਆ ਨਹੀਂ ਜਾ ਰਿਹਾ ਤੇ ਗਰਮ ਖ਼ਿਆਲੀਏ ਜੋਸ਼ 'ਚ ਹੋਸ਼ ਗਵਾ ਕੇ ਕੰਮ ਕਰ ਰਹੇ ਹਨ। ਜਿਹੜੀ ਸਿੱਖੀ ਦਾ ਸਭ ਤੋਂ ਪਹਿਲਾ ਫ਼ਲਸਫ਼ਾ ਹੀ ਬਾਬਾ ਨਾਨਕ ਜੀ ਨੇ ਨਿਮਰਤਾ ਦਾ ਦਿੱਤਾ, ਉਸ ਤੋਂ ਕੋਹਾਂ ਦੂਰ ਹੈ ਸਾਡੀ ਕੌਮ। ਮੁੱਕਦੀ ਗੱਲ ਹੈ ਜੀ ਕਿ 'ਪੱਤਾ-ਪੱਤਾ ਸਿੰਘਾਂ ਦਾ ਵੈਰੀ' ਵਾਲੀ ਗੱਲ ਸੋਲ੍ਹਾਂ ਆਨੇ ਸੱਚ ਸਾਬਤ ਹੋ ਰਹੀ ਹੈ। ਚਲੋ ਆਓ ਇਹਨਾਂ ਵਿਚੋਂ ਕੁਝ ਇੱਕ ਪੱਤਿਆਂ 'ਤੇ ਝਾਤ ਮਾਰਦੇ ਹਾਂ।

ਜਗਤ ਗੁਰੂ ਬਾਬਾ ਨਾਨਕ ਜੀ ਵੱਲੋਂ ਗੱਡੀ ਮੋੜ੍ਹੀ, ਦਸਮ ਗੁਰੂ ਸਾਹਿਬਾਨ ਦੇ ਆਉਂਦੇ-ਆਉਂਦੇ ਇੱਕ ਬਹੁਤ ਹੀ ਸੰਘਣੀ ਛਾਂ ਵਾਲੇ ਦਰਖ਼ਤ ਦੇ ਰੂਪ 'ਚ ਦੁਨੀਆ 'ਚ ਉਜਾਗਰ ਹੋਈ। ਇਸ ਮਹਾਨ ਦਰਖ਼ਤ ਨੇ ਪਤਾ ਨਹੀਂ ਕਿੰਨੇ ਲੋੜਵੰਦਾਂ, ਮਜਲੂਮਾਂ ਨੂੰ ਪਨਾਹ ਦਿੱਤੀ। ਪਰ ਵਕਤ ਦੇ ਥਪੇੜੇ ਕਿਸੇ ਨਾ ਕਿਸੇ ਰੂਪ 'ਚ ਇਸ ਨੂੰ ਜੜ੍ਹੋਂ ਪੁੱਟਣ ਦੀ ਕੋਸ਼ਿਸ਼ 'ਚ ਲੱਗੇ ਰਹੇ। ਜਦੋਂ ਮਸੰਦਾਂ ਤੋਂ ਖਹਿੜਾ ਛੁਡਵਾਇਆ ਸੀ ਤਾਂ ਲਗਦਾ ਸੀ ਕਿ ਇਸ ਸਬਕ ਤੋਂ ਸਾਡੀ ਕੌਮ ਬਹੁਤ ਕੁਝ ਸਿੱਖਿਆ ਹੈ ਤੇ ਮੁੜ ਕੇ ਕਦੇ ਵੀ ਇਹੋ ਜਿਹੀ ਸਥਿਤੀ ਇਸ ਕੌਮ 'ਤੇ ਨਹੀਂ ਆਵੇਗੀ। ਪਰ ਵਕਤ ਬੜੀ ਜ਼ਾਲਮ ਸ਼ੈਅ ਦਾ ਨਾਂ ਹੈ। ਮਸੰਦਾਂ ਨਾਲੋਂ ਵੱਧ ਕੇ ਡੇਰੇ ਅੱਜ ਸਾਡਾ ਮੂੰਹ ਚਿੜਾਉਂਦੇ ਹਨ। ਸਿੱਖੀ ਦਾ ਸਹਾਰਾ ਲੈ ਕੇ ਚਲੇ ਇਹ ਡੇਰੇ ਹੌਲੀ- ਹੌਲੀ ਸਿੱਖੀ ਦੇ ਸ਼ਰੀਕ ਬਣ ਕੇ ਸਾਹਮਣੇ ਆ ਖੜ੍ਹੇ ਹੋਏ। ਜਦੋਂ ਗ਼ੈਰ ਪੰਥਕ ਸਰਕਾਰਾਂ ਆਉਂਦੀਆਂ ਹਨ ਤਾਂ ਉਨ੍ਹਾਂ 'ਤੇ ਡੇਰਾਵਾਦ ਫੈਲਾਉਣ ਦੇ ਦੋਸ਼ ਲਾਏ ਜਾਂਦੇ ਹਨ। ਜਦੋਂ ਪੰਥ ਦੇ ਬਾਲੀ-ਵਾਰਿਸ ਕਹਾਉਣ ਵਾਲੇ ਤਾਕਤ 'ਚ ਆਉਂਦੇ ਹਨ ਤਾਂ ਸਭ ਕੁਝ ਭੁਲਾ ਦਿੱਤਾ ਜਾਂਦਾ ਹੈ।
ਮੈਂ ਇੱਥੇ ਇਹ ਨਹੀਂ ਲਿਖਾਂਗਾ ਕਿ 'ਪਤਾ ਨਹੀਂ ਕਿਉਂ', ਕਿਉਂਕਿ ਸਭ ਨੂੰ ਪਤਾ ਹੀ ਹੈ ਕਿ ਸਿਸਟਮ ਕਿੱਦਾਂ ਕੰਮ ਕਰਦਾ ਹੈ। ਹਾਲੇ ਤੱਕ ਦੇ ਸਿੱਖ ਇਤਿਹਾਸ 'ਚ ਮੈਨੂੰ ਤਾਂ ਕਦੇ ਨਜ਼ਰ ਨਹੀਂ ਆਇਆ ਜਦੋਂ ਕਿ ਸਾਡਾ ਆਹਢਾ ਕਦੇ ਸਮੇਂ ਦੇ ਹਾਕਮਾਂ ਨਾਲ ਨਾ ਲੱਗਿਆ ਹੋਵੇ। ਹੁਣ ਤੱਕ ਦੇ ਸਾਰੇ ਇਤਿਹਾਸ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਜ ਨੂੰ ਛੱਡ ਕਦੇ ਇਹੋ ਜਿਹਾ ਵਕਤ ਦਿਖਾਈ ਨਹੀਂ ਦਿੱਤਾ ਜਦੋਂ ਸਾਡੇ ਹਾਕਮਾਂ ਖ਼ਿਲਾਫ਼ ਮੋਰਚੇ ਨਾ ਲੱਗੇ ਹੋਣ।

ਅਗਲੇ ਕਾਰਨ ਤੇ ਆ ਜਾਓ; ਸਾਨੂੰ ਸ਼ਬਦ ਗੁਰੂ ਦੇ ਵਾਰਿਸ ਬਣਾ ਕੇ ਗੁਰੂ ਸਾਹਿਬਾਨ ਨੇ ਅੱਗੇ ਜ਼ਿੰਦਗੀ ਜਿਉਣ ਦਾ ਰਾਹ ਦਿਖਾ ਕੇ, ਇੱਕ ਵੱਖਰੀ ਪਛਾਣ ਦੇ ਕੇ, ਇਸ ਸਮਾਜ ਦਾ ਇੱਕ ਅੰਗ ਬਣਾ ਦਿੱਤਾ ਸੀ। ਉਸ ਤੋਂ ਬਾਅਦ ਦੀ ਜ਼ਿੰਮੇਵਾਰੀ ਆ ਗਈ ਸੀ, ਸਾਡੇ ਪ੍ਰਚਾਰਕਾਂ, ਬੁੱਧੀਜੀਵੀਆਂ ਅਤੇ ਹਾਕਮਾਂ ਦੀ। ਹਾਕਮਾਂ 'ਤੇ ਤਾਂ ਹੋਰ ਕੀ ਚਰਚਾ ਕਰਨੀ, ਉਹ ਪਹਿਲਾਂ ਵਾਲੀ ਕਾਫ਼ੀ ਹੈ। ਬੁੱਧੀਜੀਵੀਆਂ ਬਾਰੇ ਮੈਂ ਕੁਝ ਟਿੱਪਣੀ ਕਰ ਸਕਾਂ, ਇਸ ਲਈ ਮੇਰੇ ਕੋਲ ਏਨੀ ਬੁੱਧੀ ਨਹੀਂ ਹੈ ਅਤੇ

ਕਿਸੇ ਵੀ ਪੱਖੋਂ ਖ਼ੁਦ ਪੂਰਾ ਨਹੀਂ ਕਿ ਕਿਸੇ ਨੂੰ ਅਧੂਰਾ ਕਹਿ ਸਕਾਂ। ਬੱਸ ਇੱਕ ਗੱਲ ਸਾਂਝੀ ਕਰ ਸਕਦਾਂ ਮਤਲਬ ਤੁਸੀ ਆਪ ਕੱਢ ਲਿਓ।

ਜਗਤ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਕ ਫ਼ਲਸਫ਼ਾ ਦਿਤਾ ਸੀ, ਉਹ ਸੀ ਗੋਸ਼ਟੀ, ਜੋ ਉਨ੍ਹਾਂ ਨੇ ਸਿੱਧਾਂ ਨਾਲ ਬਹੁਤ ਹੀ ਛੋਟੀ ਉਮਰੇ ਕੀਤੀ। ਇਥੇ ਮੈਂ ਇੱਕ ਗੱਲ ਇਹ ਸਾਂਝੀ ਕਰਨੀ ਚਾਹਾਂਗਾ ਕਿ ਸਿੱਖ ਧਰਮ ਦੇ ਸਿਰਜਣਹਾਰ ਨੇ ਕੋਈ ਵੀ ਇਹੋ ਜਿਹੀ ਉਦਾਹਰਣ ਨਹੀਂ ਦਿੱਤੀ, ਜੋ

ਸਿਰਫ਼ ਕਿਤਾਬੀ ਹੋਵੇ। ਉਨ੍ਹਾਂ ਹਰ ਚੀਜ਼ ਨੂੰ ਅਮਲੀ ਕਰ ਕੇ ਦਿਖਾਇਆ, ਉਸੇ 'ਚੋਂ ਇੱਕ ਗੋਸ਼ਟੀ ਹੈ। ਅੱਜ ਸਾਰਾ ਸੰਸਾਰ ਮੰਨਦਾ ਹੈ ਕਿ ਵਾਰਤਾ ਬਿਨਾਂ ਕਿਸੇ ਵੀ ਮਸਲੇ ਦਾ ਹੱਲ ਕੱਢਣਾ ਬਹੁਤ ਮੁਸ਼ਕਿਲ ਹੁੰਦਾ ਹੈ। ਸਾਡੇ 'ਤੇ ਅੱਜ ਇਹ ਦੋਸ਼ ਲੱਗਦਾ ਹੈ ਕਿ ਅਸੀਂ ਵਾਰਤਾ ਦੀ ਥਾਂ ਡਾਂਗਾਂ ਕੱਢਣ 'ਚ ਜ਼ਿਆਦਾ ਵਿਸ਼ਵਾਸ ਕਰਦੇ ਹਾਂ। ਇਥੇ ਸਵਾਲ ਇਹ ਪੈਦਾ ਹੁੰਦਾ ਕਿ ਡਾਂਗਾਂ ਬੁੱਧੀਜੀਵੀ ਤਾਂ ਕੱਢਦੇ ਨਹੀਂ, ਇਹ ਤਾਂ ਆਮ ਆਦਮੀ ਦੇ ਹਿੱਸੇ ਆਉਂਦੀਆਂ ਹਨ। ਆਮ ਆਦਮੀ ਕਦੋਂ ਮੋਰਚੇ ਲਾਉਂਦਾ ਜਦੋਂ ਕੋਈ ਵਾਰਤਾ ਨਾ ਕਰੇ। ਸੋ ਅਸਲੀ ਸਵਾਲ ਇਹ ਹੈ ਕਿ ਬੁੱਧੀਜੀਵੀ ਵਾਰਤਾ ਕਿਉਂ ਨਹੀਂ ਕਰਦੇ ?

ਜਦੋਂ ਤੋਂ ਅਸੀਂ ਸ਼ਬਦ ਗੁਰੂ ਦੇ ਵਾਰਿਸ ਬਣੇ ਹਾਂ, ਉਦੋਂ ਤੋਂ ਬਹੁਤ ਸਾਰੇ ਮਸਲੇ ਸਾਡੇ ਕੋਲ ਅਣਸੁਲਝੇ ਪਏ ਹਨ। ਪਿਛਲੇ ਤਿੰਨ-ਚਾਰ ਸੌ ਸਾਲਾਂ 'ਚ ਸਾਡੀ ਕੌਮ 'ਚ ਬਹੁਤ ਸਾਰੇ ਬੁੱਧੀਜੀਵੀ ਪੈਦਾ ਹੋਏ ਪਰ ਕੋਈ ਸਿਰੇ ਲਾਉਣ ਵਾਲੀ ਵਾਰਤਾ ਕਿਤੇ ਨਹੀਂ ਹੋਈ, ਜੋ ਇਹਨਾਂ ਮਸਲਿਆਂ ਦਾ ਸਾਰਥਿਕ ਹੱਲ ਕੱਢ ਸਕਦੀ। ਮਸਲੇ ਤਾਂ ਅਣਗਿਣਤ ਹਨ ਪਰ ਇਥੇ ਉਦਾਹਰਣ ਦੇ ਤੌਰ ਤੇ ਦਸਮ ਗ੍ਰੰਥ ਜਿਹੇ ਅਹਿਮ ਮਸਲੇ 'ਤੇ ਗੱਲ ਕਰਦੇ ਹਾਂ। ਮੇਰੇ ਸਮੇਤ ਬਹੁਤ ਸਾਰੇ ਲੋਕਾਂ ਲਈ ਇਹ ਮਸਲਾ ਭੰਬਲਭੂਸਾ ਬਣਿਆ ਹੋਇਆ ਹੈ। ਸਾਡੇ 'ਚ ਏਨੀ ਤਾਂ ਬੁੱਧੀ ਅਤੇ ਸ਼ਕਤੀ ਹੈ ਨਹੀਂ ਕਿ ਅਸੀਂ ਖ਼ੁਦ ਇਸ ਗ੍ਰੰਥ 'ਤੇ ਘੋਖ ਵਿਚਾਰ ਕਰ ਸਕੀਏ। ਅਸੀਂ ਤਾਂ ਆਪਣੇ ਬੁੱਧੀਜੀਵੀਆਂ ਦੇ ਮੁਹਤਾਜ ਹਾਂ। ਜਦੋਂ ਅਸੀਂ ਕਦੇ ਦਸਮ ਗ੍ਰੰਥੀਆਂ ਦੀ ਗੱਲ ਸੁਣ ਲੈਂਦੇ ਹਾਂ ਤਾਂ ਉਹ ਸੱਚੇ ਲਗਦੇ ਹਨ ਤੇ ਜਦੋਂ ਦਸਮ ਗ੍ਰੰਥ ਦੇ ਵਿਰੋਧੀਆਂ ਦੇ ਵਿਚਾਰ ਸੁਣ ਲੈਂਦੇ ਹਾਂ ਤਾਂ ਉਹ ਠੀਕ ਲਗਦੇ ਹਨ। ਭਾਈ ਕਾਹਨ ਸਿੰਘ ਨਾਭਾ ਨੇ ਕਈ ਵਾਰ ਭਾਸ਼ਾ ਦੇ ਮਾਮਲੇ 'ਚ ਆਪਣੇ ਗ੍ਰੰਥ 'ਮਹਾਨਕੋਸ਼' ਨਾਲ ਦੁਚਿੱਤੀ 'ਚੋਂ ਕੱਢਿਆ, ਪਰ ਜਦੋਂ ਦਸਮ ਗ੍ਰੰਥ ਦੇ ਮਾਮਲੇ 'ਚ ਉਨ੍ਹਾਂ ਕੋਲ ਜਾਈਦੈ ਤਾਂ ਉਥੇ ਵੀ ਸਥਿਤੀ ਸਪੱਸ਼ਟ ਨਹੀਂ ਹੁੰਦੀ। ਇਸ ਲਈ ਵੇਲੇ-ਵੇਲੇ ਸਿਰ ਬਹੁਤ ਸਾਰੇ ਬੁੱਧੀਜੀਵੀਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਤਸੱਲੀ ਨਹੀਂ ਹੋਈ।

ਇਸ ਬਾਰ ਸੰਜੋਗਵੱਸ ਦੋਹਾਂ ਧਿਰਾਂ ਦੇ ਲੋਕ ਐਡੀਲੇਡ ਵਿੱਚ ਆਏ। ਜਿਨ੍ਹਾਂ ਵਿੱਚੋਂ ਡਾਕਟਰ ਹਰਪਾਲ ਸਿੰਘ ਪੰਨੂੰ ਜੋ ਕਿ ਦਸਮ ਗ੍ਰੰਥ ਬਾਰੇ ਕਾਫ਼ੀ ਰਿਸਰਚ ਕਰ ਚੁੱਕੇ ਹਨ ਤੇ ਉਧਰ ਨੌਜਵਾਨ ਪ੍ਰਚਾਰਕ ਪ੍ਰੋਫੈਸਰ ਸਰਬਜੀਤ ਸਿੰਘ ਧੂੰਦਾ। ਪੰਨੂੰ ਸਾਹਿਬ ਕੋਲ ਮੈਂ ਇਹ ਗੱਲ ਰੱਖੀ ਕਿ ਆਮ ਇਨਸਾਨ ਜੋ ਦੋਚਿੱਤੀ ਦੀ ਜ਼ਿੰਦਗੀ ਜਿਉਂ ਰਿਹਾ ਹੈ, ਉਸ ਦਾ ਹੱਲ ਬੁੱਧੀਜੀਵੀ ਵਰਗ ਕਿਉਂ ਨਹੀ ਕੱਢ ਰਿਹਾ ? ਮੈਂ ਉਨ੍ਹਾਂ ਨੂੰ ਇਹ ਵੀ ਬੇਨਤੀ ਕੀਤੀ ਕਿ ਭਾਵੇਂ ਦੋ-ਤਿੰਨ ਸਾਲ ਦਾ ਵਕਤ ਲੈ ਲਵੋ ਅਤੇ ਇੱਕ ਉੱਚ ਪੱਧਰੀ ਵਫ਼ਦ ਬਣਾ ਕੇ ਇੱਕ ਫ਼ੈਸਲਾ ਸੁਣਾ ਦਿਓ ਕਿ ਕੀ ਅਸੀਂ ਦਸਮ ਗ੍ਰੰਥ ਨੂੰ ਵੀ ਮੰਨਣਾ ਹੈ ਜਾਂ ਨਹੀਂ ? ਉਹ ਕਹਿੰਦੇ ਕਿ ਪਹਿਲੀ ਗੱਲ ਤਾਂ ਇਹ ਕਿ ਮੈਂ ਹਾਲੇ ਤੱਕ ਇਹ ਭਰਮ ਨਹੀਂ ਪਾਲਿਆ ਕਿ ਮੈਂ ਕੋਈ ਬੁੱਧੀਜੀਵੀ ਹਾਂ ਪਰ ਫੇਰ ਵੀ ਜਿੰਨਾਂ ਕੁ ਮੈਂ ਅਧਿਐਨ ਕੀਤਾ ਉਸ ਮੁਤਾਬਿਕ ਜੇ ਕੋਈ ਇਹੋ ਜਿਹੀ ਕਮੇਟੀ

ਬਣਦੀ ਹੈ ਤਾਂ ਮੈਂ ਉਸ ਵਿੱਚ ਇੱਕ ਪੱਖ ਜ਼ਰੂਰ ਰੱਖ ਸਕਦਾ ਹਾਂ ਅਤੇ ਉਸਾਰੂ ਬਹਿਸ ਲਈ ਹਰ ਵਕਤ ਤਿਆਰ ਹਾਂ।

ਪ੍ਰੋਫੈਸਰ ਧੂੰਦਾ ਸਾਹਿਬ ਪਿੱਛੇ ਜਿਹੇ ਆਪਣੀਆਂ ਬੇਬਾਕ ਟਿੱਪਣੀਆਂ ਕਾਰਨ ਬੜੀ ਤੇਜ਼ੀ ਨਾਲ ਸੁਰਖ਼ੀਆਂ 'ਚ ਆਏ ਸਨ। ਪਰ ਅਫ਼ਸੋਸ ਪਤਾ ਨਹੀਂ ਕਿਸ ਦਬਾਅ ਹੇਠ ਇਹ ਨੌਜਵਾਨ ਬੁੱਧੀਜੀਵੀ ਵੀ ਆਪਣੇ ਆਪ ਨਾਲ ਸਮਝੌਤਾ ਕਰ ਗਿਆ ਕਿਉਂਕਿ ਪਿਛਲੇ ਦਿਨੀਂ ਉਹ ਆਸਟ੍ਰੇਲੀਆ 'ਚ ਆਏ ਤੇ ਉਨ੍ਹਾਂ ਦੇ ਆਉਣ ਵੇਲੇ ਜੋ ਕੁਝ ਹੋਇਆ ਉਹ ਆਮ ਆਦਮੀ ਭਾਵੇਂ ਨਹੀਂ ਜਾਣਦਾ ਪਰ ਕੁਝ ਇੱਕ ਅੰਦਰੂਨੀ ਲੋਕਾਂ ਤੋਂ ਇਹ ਗੱਲ ਲੁਕੀ ਨਹੀਂ ਹੈ ਕਿ ਕਿੰਝ ਉਨ੍ਹਾਂ ਦੇ ਮੂੰਹ 'ਚ ਮੋਂਦਾ ਦੇ ਕੇ ਉਨ੍ਹਾਂ ਨੂੰ ਪ੍ਰਚਾਰ ਕਰਨ ਲਈ ਸੰਗਤਾਂ ਮੂਹਰੇ ਲਿਆਂਦਾ ਗਿਆ। ਜਿਨ੍ਹਾਂ ਆਸਾਂ ਨਾਲ ਉਨ੍ਹਾਂ ਦੇ ਚਾਹੁਣ ਵਾਲੇ ਸੁਣਨ ਗਏ ਸਨ, ਉਹ ਉਸ ਤੋਂ ਵਾਂਝੇ ਹੀ ਰਹੇ।

ਪਤਾ ਨਹੀਂ ਕਦੋਂ ਉਹ ਦਿਨ ਆਵੇਗਾ ਜਦੋਂ ਸਾਡੇ ਸਰਬ ਉੱਚ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਬਿਨਾਂ ਕਿਸੇ ਦਬਾਅ ਦੇ ਸਿੱਖ ਸੰਗਤ ਦੇ ਨਾਂ ਤੇ ਇੱਕ ਫ਼ਰਮਾਨ ਜਾਰੀ ਹੋਵੇਗਾ ? ਜਿਸ ਵਿਚ ਸਾਡੀ ਦੁਚਿੱਤੀ ਦਾ ਹੱਲ ਹੋਵੇਗਾ। ਕੌਮ ਦੇ ਨਾਂ ਇਸ ਹੁਕਮ 'ਚ ਜਾਂ ਤਾਂ ਦਸਮ ਪਿਤਾ ਜੀ ਦੇ ਹੁਕਮ ਗੁਰੂ ਮਾਨਿਓ ਗ੍ਰੰਥ ਨੂੰ ਪ੍ਰੋੜ੍ਹਤਾ ਮਿਲੇ ਜਾਂ ਫੇਰ ਇਹ ਹੁਕਮ ਹੋਵੇ ਕਿ ਆਤਮਿਕ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਿਹਾਰਕ ਲਈ ਦਸਮ ਗ੍ਰੰਥ ਦੀ ਮੰਨੋਂ ਜੀ। ਇਸ ਅਸੰਭਵ ਜਿਹੇ ਫ਼ੈਸਲੇ ਦੀ ਉਡੀਕ 'ਚ ਪਤਾ ਨਹੀਂ ਕਦੋਂ ਤੱਕ ਪਿਸਦਾ ਰਹੇਗਾ ਆਮ ਸਿੱਖ ? ਬਾਕੀ ਆਮ ਸਿੱਖ ਕਿਹੜਾ ਘੱਟ ਹੈ ਸਮੇਂ-ਸਮੇਂ ਸਿਰ ਹੋਏ ਸਿੱਖ ਬੁੱਧੀਜੀਵੀਆਂ ਨੂੰ ਅਸੀਂ ਕਿਹੜਾ ਬਖ਼ਸ਼ਿਆ ? ਭਾਵੇਂ ਉਹ ਮਾਸਟਰ ਤਾਰਾ ਸਿੰਘ ਹੋਵੇ, ਭਾਵੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਹੋਣ। ਇਲਜ਼ਾਮ ਲਾਉਂਦਿਆਂ ਵੀ ਸਾਨੂੰ ਤਾਂ ਸ਼ਰਮ ਨਹੀਂ ਆਉਂਦੀ ਕਿ ਸਾਡੇ ਬੁੱਧੀਜੀਵੀ ਰਸਗੁੱਲਿਆਂ 'ਤੇ ਡੁੱਲ੍ਹ ਗਏ।

ਹੁਣ ਗੱਲ ਕਰਦੇ ਹਾਂ ਪ੍ਰਚਾਰਕਾਂ ਦੀ। ਪ੍ਰਚਾਰਕ ਕਿਸੇ ਵੀ ਧਰਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਸਿੱਖ ਧਰਮ 'ਚ ਵੀ ਕਾਫ਼ੀ ਵੱਡੇ ਨਾਂ ਪ੍ਰਚਾਰਕਾਂ ਦੇ ਰੂਪ 'ਚ ਹੋਏ ਹਨ। ਪਰ ਤ੍ਰਾਸਦੀ ਇਹ ਰਹੀ ਹੈ ਕਿ ਕੁਝ ਇੱਕ ਪ੍ਰਚਾਰਕਾਂ ਦਾ ਜਦੋਂ ਸੰਗਤਾਂ ਵਿਚ ਬੋਲਬਾਲਾ ਹੋ ਗਿਆ ਤਾਂ ਉਹ ਆਪਣੀਆਂ ਵੱਖਰੀਆਂ ਦੁਕਾਨਾਂ ਖੋਲ੍ਹ ਕੇ ਬਹਿ ਗਏ। ਕਈਆਂ ਨੇ ਪ੍ਰਚਾਰ ਬਾਅਦ 'ਚ ਸ਼ੁਰੂ ਕੀਤਾ ਤੇ ਸੰਤ ਦੀ ਉਪਾਧੀ ਪਹਿਲਾਂ ਆਪੇ ਹੀ ਲੈ ਲਈ। ਹਾਂ ਇੱਕ ਸੱਚਮੁੱਚ ਦੇ ਸੰਤ ਯਾਨੀ ਕਿ ਸੰਤ ਸਿੰਘ ਮਸਕੀਨ ਵੀ ਪਿਛਲੇ ਦੌਰ 'ਚ ਆਏ। ਪਰ ਸਾਡੀ ਕੌਮ ਦੀ ਤ੍ਰਾਸਦੀ ਕਿ ਉਹ ਜਦੋਂ ਕੁਝ ਕੌਮ ਨੂੰ ਦੇਣ ਜੋਗੇ ਹੋਏ ਤਾਂ ਇਸ ਜਹਾਨ ਤੋਂ ਤੁਰ ਗਏ। ਸਾਡੇ ਸਿੱਖੀ ਦੇ ਮੁੱਖ ਅਦਾਰੇ ਦੀ ਸੁਣ ਲਵੋ, ਮਸਕੀਨ ਸਾਹਿਬ ਦੇ ਜਿਉਂਦੇ ਜੀਅ ਕੋਈ ਉਪਰਾਲਾ ਨਹੀਂ ਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਦੱਸ ਰਹੇ ਹਨ ਕਿ ਉਹ ਇਕੋ-ਇਕ ਪ੍ਰਚਾਰਕ ਸਨ, ਜੋ ਕਦੇ ਦਰਬਾਰ ਸਾਹਿਬ ਕਥਾ ਕਰਨ ਦੇ ਪੈਸੇ ਨਹੀਂ ਸਨ ਲੈਂਦੇ। ਉਹ ਤਾਂ ਸਾਨੂੰ ਧੰਨਵਾਦ ਕਰਨਾ ਚਾਹੀਦਾ ਹੈ ਇਕ ਪੰਜਾਬੀ ਚੈਨਲ ਦਾ ਜਿਨ੍ਹਾਂ ਉਨ੍ਹਾਂ ਨੂੰ ਘਰ-ਘਰ ਪਹੁੰਚਾ ਦਿੱਤਾ। ਇਸ ਗੱਲ ਦਾ ਸਦਾ ਹੀ ਮਲਾਲ ਰਹੇਗਾ ਕਿ ਮਸਕੀਨ ਜੀ ਜਿਹਾ ਪ੍ਰਚਾਰਕ ਆਪਣੇ ਸਿਖਰ ਦੇ ਵਕਤ ਸਾਨੂੰ ਛੱਡ ਗਿਆ। ਪ੍ਰਚਾਰ ਦੇ ਖੇਤਰ ਵਿੱਚ ਕੁਝ ਹੋਰ ਵੀ ਆਸ ਦੀਆਂ ਕਿਰਨਾਂ ਚਮਕ ਰਹੀਆਂ ਹਨ ਪਰ ਜਦੋਂ ਪਾਰ ਲੱਗੀਆਂ ਉਦੋਂ ਜਾਣਾਂਗੇ।

ਪ੍ਰਚਾਰਕਾਂ ਤੋਂ ਬਾਅਦ ਗੱਲ ਆਉਂਦੀ ਹੈ ਗ੍ਰੰਥੀ ਸਿੰਘਾਂ ਦੀ ਜਿਹੜੇ ਕਿ ਸ੍ਰੀ ਗੁਰੂ ਗ੍ਰੰਥ

ਸਾਹਿਬ ਦੀ ਸੇਵਾ ਤੋਂ ਬਿਨਾਂ ਮੁੱਢਲਾ ਪ੍ਰਚਾਰ ਵੀ ਸਾਂਭਦੇ ਹਨ। ਪਰ ਇਥੇ ਵੀ ਹੈਰਾਨੀਜਨਕ ਗੱਲਾਂ ਸਾਹਮਣੇ ਆਉਂਦੀਆਂ ਹਨ। ਗੁਰੂ ਘਰਾਂ ਦੇ ਪ੍ਰਬੰਧਕਾਂ ਉਤੇ ਅਕਸਰ ਹੀ ਇਹ ਦੋਸ਼ ਲੱਗਦੇ ਹੁੰਦੇ ਹਨ ਕਿ ਉਹ ਗ੍ਰੰਥੀ ਸਿੰਘ ਨੂੰ ਇਹੋ ਜਿਹਾ ਅਹਿਸਾਸ ਕਰਵਾਉਂਦੇ ਹਨ ਕਿ ਗ੍ਰੰਥੀ ਸਿੰਘ ਆਪਣੇ ਆਪ ਨੂੰ ਇੱਕ ਸੇਵਾਦਾਰ ਨਾ ਸਮਝ ਕੇ ਇਕ ਬੰਧੂਆ ਮਜ਼ਦੂਰ ਸਮਝਣ ਲੱਗ ਪੈਂਦੇ ਹਨ। ਇੱਕ ਗ੍ਰੰਥੀ ਸਿੰਘ ਨਾਲ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਭਾਈ ਸਾਹਿਬ ਸਾਡੇ ਉਤੇ ਹਰ ਵਕਤ ਤਲਵਾਰ ਲਟਕਦੀ ਰਹਿੰਦੀ ਹੈ ਕਿ ਜੇ ਅਸੀਂ ਪ੍ਰਬੰਧਕਾਂ ਦੇ ਸਤਿਕਾਰ 'ਚ ਥੋੜ੍ਹੀ ਬਹੁਤ ਵੀ ਢਿੱਲ ਕਰ ਗਏ ਤਾਂ ਸਾਡਾ ਦੇਸ਼ ਨਿਕਾਲਾ ਹੋਇਆ ਸਮਝਿਓ। ਉਨ੍ਹਾਂ ਦੇ ਕਹਿਣ ਮੁਤਾਬਿਕ ਕਿ ਸਾਨੂੰ ਦੇਸ਼ ਨਿਕਾਲੇ ਦਾ ਵੀ ਕੋਈ ਡਰ ਨਹੀਂ ਪਰ ਜੋ ਦੋਸ਼ ਲਾ ਕੇ ਤੇ ਜ਼ਲੀਲ ਕਰ ਕੇ ਸਾਨੂੰ ਕੱਢਿਆ ਜਾਂਦਾ ਹੈ, ਉਹ ਸਾਡੇ ਭਵਿੱਖ ਨੂੰ ਹੀ ਖ਼ਤਮ ਕਰ ਦਿੰਦਾ ਹੈ। ਇਹਨਾਂ ਆਮ ਹੀ ਲਗਾਏ ਜਾਣ ਵਾਲੇ ਦੋਸ਼ਾਂ ਚੋਂ ਗੋਲਕ ਚੋਰੀ, ਮੈਲੀ ਅੱਖ ਅਤੇ ਮਾੜਾ ਚਰਿੱਤਰ ਸਭ ਤੋਂ ਪਹਿਲਾਂ ਲੱਗਦੇ ਹਨ। ਹੁਣ ਤੁਸੀਂ ਦੱਸੋ ਕਿ ਇਸ ਸਥਿਤੀ 'ਚ ਜਿਉਣ ਵਾਲਾ ਆਪਣੀ ਕੌਮ ਦਾ ਕੀ ਸਵਾਰ ਲਵੇਗਾ ?

ਲਓ ਜੀ ! ਇਸ ਨਿਘਾਰ ਦੀ ਅਗਲੀ ਕੜੀ ਦੀ ਗੱਲ ਕਰ ਲਈਏ, ਜੋ ਕਿ ਸਭ ਤੋਂ ਮਹੱਤਵਪੂਰਨ ਹੈ। ਉਹ ਹੈ ਮਾਪੇ ! ਜਿਨ੍ਹਾਂ ਨੂੰ ਜੁਆਕ ਦੇ ਪਹਿਲੇ ਗੁਰੂ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ। ਇਥੇ ਮੈਂ ਇਹ ਗੱਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸੰਸਾਰ 'ਚ ਕੋਈ ਵੀ ਇਹੋ ਜਿਹਾ ਮਾਂ-ਬਾਪ ਨਹੀਂ ਹੋਵੇਗਾ ਜੋ ਆਪਣੇ ਬੱਚਿਆਂ ਨੂੰ ਕੋਈ ਬੁਰੀ ਆਦਤ ਸਿਖਾਉਣ ਦੀ ਕੋਸ਼ਿਸ਼ ਕਰੇਗਾ। ਹਾਂ ਅਣਜਾਣਪੁਣੇ 'ਚ ਬਹੁਤ ਕੁਝ ਹੋ ਰਿਹਾ ਹੈ। ਪਿਛਲੇ ਦਿਨੀਂ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਮਨਾਉਣ ਵੇਲੇ ਵੀ ਇਹ ਸਵਾਲ ਮੈਂ ਮਾਪਿਆਂ ਨੂੰ ਕੀਤਾ ਸੀ ਕਿ ਜੇ ਅੱਜ ਅਸੀਂ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਗੱਲ ਕਰ ਰਹੇ ਹਾਂ ਤਾਂ ਉਹ ਦੇ ਪਿੱਛੇ ਹਵਲਦਾਰ ਈਸ਼ਰ ਸਿੰਘ ਹੋਰਾਂ ਦਾ ਪਾਲਣ ਪੋਸ਼ਣ ਕੰਮ ਕਰਦਾ ਹੈ। ਉਨ੍ਹਾਂ ਨੂੰ ਬਚਪਨ 'ਚ ਸਾਡੇ ਮਹਾਨ ਸ਼ਹੀਦਾਂ ਦੀਆਂ ਜੀਵਨੀਆਂ ਉਨ੍ਹਾਂ ਦੇ ਮਾਪਿਆਂ ਨੇ ਸੁਣਾਈਆਂ ਸਨ ਕਿ ਕਿਵੇਂ ਭਾਈ ਮਨੀ ਸਿੰਘ ਬੰਦ-ਬੰਦ ਕਟਵਾਉਣ ਵੇਲੇ ਅਡੋਲ ਰਹੇ, ਕਿਵੇਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਿਹ ਕੀਤੀ, ਕਿਵੇਂ ਹਰੀ ਸਿੰਘ ਨਲੂਆ ਵਰਗੇ ਜਰਨੈਲਾਂ ਨੇ ਦੁਸ਼ਮਣਾਂ ਦੀਆਂ ਭਾਜੜਾਂ ਪੁਆਈਆਂ। ਪਰ ਅੱਜ ਦੇ ਮਾਪੇ ਬੱਚੇ ਨੂੰ ਟੀ.ਵੀ. ਤੇ ਸ਼ਕਤੀਮਾਨ, ਬੈਟਮੈਨ ਤੇ ਜਾਂ ਫੇਰ ਸਪਾਈਡਰ ਮੈਨ ਦੇ ਸ਼ੋਅ ਲਾ ਕੇ ਬੱਚਿਆਂ ਨੂੰ ਸਾਂਭ ਦਿੰਦੇ ਹਨ। ਬੜੀ ਹੈਰਾਨੀ ਹੁੰਦੀ ਹੈ ਕਿ ਜਦੋਂ ਸਾਡੀ ਕੌਮ ਕੋਲ ਅਸਲੀ ਹੀਰੋ ਮੌਜੂਦ ਹਨ ਤਾਂ ਨਕਲੀ ਦੇ ਸ਼ਕਤੀਮਾਨ ਦਿਖਾ ਕੇ ਅਸੀਂ ਕਿਹੜੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹਾਂ।

'ਜਿਸ ਘਰ ਦੇ ਸਿਆਣੇ ਆਪਸ ਵਿਚ ਇਕਸੁਰ ਨਹੀਂ, ਉਸ ਘਰ ਦੇ ਨਿਆਣਿਆਂ ਤੋਂ ਕਿਵੇਂ ਅਲਾਪ ਲਾਉਣ ਦੀ ਆਸ ਕੀਤੀ ਜਾ ਸਕਦੀ ਹੈ ?' ਸੋ ਇਹੀ ਫ਼ਾਰਮੂਲਾ ਇੱਥੇ ਕੰਮ ਕਰ ਰਿਹਾ ਹੈ। ਸਾਡੇ ਨੌਜਵਾਨਾਂ ਨੂੰ ਜਦੋਂ ਅਸੀਂ ਕੁਝ ਸਪੱਸ਼ਟ ਨਹੀਂ ਕਰ ਰਹੇ ਤਾਂ ਉਹ ਆਪਣੇ ਰਾਹ ਆਪ ਚੁਣਦੇ ਹਨ। ਆਪੇ ਚੁਣੇ ਰਾਹ 'ਚ ਭਾਈ ਮਨੀ ਸਿੰਘ ਵਾਲਾ ਜਜ਼ਬਾ ਆਉਣਾ ਖਾਲਾ ਜੀ ਦਾ ਵਾੜਾ ਨਹੀਂ। ਬਾਕੀ ਚੜ੍ਹਦੀ ਉਮਰੇ ਤਾਂ ਵਾਹਿਗੁਰੂ-ਵਾਹਿਗੁਰੂ ਦੀ ਥਾਂ ਯੋ-ਯੋ ਹੀ ਮਨ ਭਾਉਂਦਾ ਹੈ। ਮੈਂ ਇਥੇ ਕਿਸੇ ਵਿਸ਼ੇਸ਼ ਕਲਾਕਾਰ ਦੀ ਗੱਲ ਨਹੀਂ ਕਰ ਰਿਹਾ ਅੱਜਕੱਲ੍ਹ ਇੱਕ ਨਹੀਂ ਬਹੁਤ ਸਾਰੇ ਕਲਾਕਾਰ ਸਿਰਫ਼ ਪੈਸੇ ਤੇ ਸ਼ੋਹਰਤ ਲਈ ਸਾਡੀ ਜਵਾਨੀ ਨੂੰ ਸਾਡੇ ਅਮੀਰ ਵਿਰਸੇ ਤੋਂ ਦੂਰ ਕਰਨ ਦੀ ਭੂਮਿਕਾ ਨਿਭਾ ਰਹੇ

ਹਨ। ਸਾਨੂੰ ਅੱਜ ਚਟਪਟੀਆਂ ਅਤੇ ਮਸਾਲੇਦਾਰ ਗੱਲਾਂ ਚੰਗੀਆਂ ਲਗਦੀਆਂ ਹਨ। ਸੋ ਇਸੇ ਫ਼ਿਤਰਤ ਦਾ ਲਾਹਾ ਮੈਂ ਇਸ ਲੇਖ ਦਾ ਸਿਰਲੇਖ ਦੇਣ 'ਚ ਲੈ ਗਿਆ ਕਿ ਚਲੋ ਇਹੋ ਜਿਹੇ ਚਟਪਟੇ ਸਿਰਲੇਖ ਦੇ ਬਹਾਨੇ ਇਸ ਬਹੁਤ ਹੀ ਸੰਜੀਦਾ ਮੁੱਦੇ ਨੂੰ ਲੋਕ ਪੜ੍ਹ ਤਾਂ ਲੈਣਗੇ।

ਹੁਣ ਜੇ ਮੈਂ ਆਪਣੀ ਨਿੱਜੀ ਰਾਇ ਦੀ ਗੱਲ ਕਰਾਂ ਤਾਂ ਇੱਕ ਹੀ ਗੱਲ ਕਹਿ ਸਕਦਾ ਹਾਂ ਕਿ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਨੂੰ' ਮੰਨਣ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਦੀ' ਮੰਨਣ ਲੱਗ ਜਾਵਾਂਗੇ, ਓਦੋਂ ਹਰ ਸਵਾਲ ਦਾ ਜਵਾਬ ਸਾਨੂੰ ਮਿਲ ਜਾਣਾ ਹੈ। ਪਰ ਇਹ ਅਧਿਐਨ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਸੋ ਆਓ ਅੱਜ ਤੋਂ ਇੱਕ ਪ੍ਰਣ ਕਰੀਏ ਕਿ ਅਸੀਂ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਅੰਗ ਦੇ ਅਰਥ ਖ਼ੁਦ ਪੜ੍ਹ ਕੇ ਸਮਝਣ ਦੀ ਕੋਸ਼ਿਸ਼ ਕਰੀਏ। ਸਿਰਫ਼ ਤਿੰਨ ਕੁ ਵਰ੍ਹਿਆਂ 'ਚ ਇਸ ਕਾਬਿਲ ਹੋ ਜਾਈਏ ਕਿ ਅਸੀਂ ਖ਼ੁਦ ਦੇ ਸਵਾਲ ਦਾ ਹੱਲ ਖ਼ੁਦ ਹੀ ਕੱਢ ਸਕੀਏ। ਬਾਕੀ ਜਿੰਨੀ ਕੁ ਮੱਤ ਸੀ ਉਨ੍ਹਾਂ ਕੁ ਲਿਖ ਦਿੱਤਾ ਜੀ, ਚੰਗਾ ਮਾੜਾ ਲੱਗੇ ਮਾਫ਼ ਕਰਨਾ। ਅਖੀਰ ਗੁਰਬਾਣੀ ਦਾ ਇਹੀ ਫ਼ਰਮਾਨ ਚੇਤੇ ਆ ਰਿਹਾ ਕਿ; ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥

****

# ‘ਸਾਫ਼ ਨੀਅਤ ਤੇ ਸਪੱਸ਼ਟ ਨੀਤੀ’

ਇੱਕ ਇਨਸਾਨ ’ਚ ਚੰਗਾ ਲੇਖਕ, ਚਿੰਤਕ, ਬੁਲਾਰਾ, ਮਿੱਤਰ ਤੇ ਸਭ ਨਾਲੋਂ ਵਧ ਕੇ ਇਨਸਾਨੀਅਤ ਹੋਣਾ ਕਾਫ਼ੀ ਮਹੱਤਵਪੂਰਨ ਹੁੰਦਾ ਹੈ ।ਕੋਈ ਵੀ ਇਨਸਾਨ ਕਦੇ ਵੀ ਸੰਪੂਰਨ ਨਹੀਂ ਹੋ ਸਕਦਾ। ਸੰਪੂਰਨ ਤਾਂ ਕੀ ‘ਪੂਰਨ’ ਸ਼ਬਦ ਦੇ ਨੇੜੇ-ਤੇੜੇ ਢੁੱਕਣਾ ਵੀ ਕਿਸੇ ਲਈ ਬਹੁਤ ਵੱਡੀ ਗੱਲ ਹੁੰਦੀ ਹੈ।‘ਸਾਫ਼ ਨੀਅਤ ਤੇ ਸਪੱਸ਼ਟ ਨੀਤੀ’ ਤਕੀਆ ਕਲਾਮ ਦਾ ਧਾਰਣੀ ਮਿੰਟੂ ਬਰਾੜ, ਅਸਲ ’ਚ ਹੀ ਅਜਿਹਾ ਇੱਕ ਕਿਰਦਾਰ ਹੈ, ਜੋ ਕਿ ਚੱਤੋ ਪਹਿਰ ਆਪਣੇ ਜਾਂ ਬੇਗਾਨੇ ਦਾ ਫ਼ਰਕ ਕੀਤੇ ਬਿਨਾਂ ਹਰੇਕ ਦੀ ਮੱਦਦ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਨਵੇਂ ਉੱਦਮੀ ਤੇ ਯੋਗ ਚਿਹਰਿਆਂ ਨੂੰ ਨਿਸੁਆਰਥ ਭਾਵਨਾ ਨਾਲ਼ ਅੱਗੇ ਲੈ ਕੇ ਆਉਣਾ ਉਸਦੀ ਆਦਤ ’ਚ ਸ਼ੁਮਾਰ ਹੋ ਚੁੱਕਾ ਹੈ।ਰਾਣੀ ਨੂੰ ਅੱਗਾ ਢਕਣ ਬਾਰੇ ਕਹਿਣ ਦਾ ਹੌਸਲਾ ਰੱਖਣ ਵਾਲਾ ਮਿੰਟੂ ਬਰਾੜ ਰਾਜਨੀਤੀ ’ਤੇ ਧਰਮ ਬਾਰੇ ਵੀ ਚੰਗੀ ਸੂਝ ਰੱਖਦਾ ਹੈ। ਉਸਦੀ ਸੱਚ ਬੋਲਣ ਦੀ ਆਦਤ ਬਾਰੇ ਕਈ ਵਾਰ ਸ਼ਾਇਰ ਸੁਰਜੀਤ ਪਾਤਰ ਹੋਰਾਂ ਦਾ ਸ਼ਿਅਰ ਸਹਿਜੇ ਹੀ ਚਿੱਤ ’ਚ ਆ ਜਾਂਦਾ ਹੈ;

‘ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ,
ਚਾਰ ਕੁ ਬੰਦੇ ਛੱਡ ਲੈ, ਮੋਢਾ ਦੇਣ ਲਈ।’

ਪਰ ਜੇਕਰ ਇਤਿਹਾਸ ’ਚ ਸੱਚ ਨੂੰ ਹੋਰ ਡੂੰਘਾਈ ਨਾਲ਼ ਵਿਚਾਰਿਆ ਜਾਵੇ ਤਾਂ ਸੱਚ ਨੂੰ ਸਦਾ ਹੀ ਸੂਲ਼ੀਆਂ ’ਤੇ ਟੰਗਿਆ ਗਿਆ ਹੈ।ਫੇਰ ਇਸ ਸ਼ਿਅਰ ਬਾਰੇ ਮੁੜ ਤੋਂ ਵਿਚਾਰ ਕਰਨੀ ਪੈਂਦੀ ਹੈ ਤੇ ਬਰਾੜ ਦੇ ਹੌਸਲੇ ਨੂੰ ਦਾਦ ਦੇਣ ਨੂੰ ਜੀਅ ਕਰਦਾ ਹੈ।

ਜੇਕਰ ਉਸਦੀ ਕਲਮ ਦੀ ਗੱਲ ਕਰਾਂ ਤਾਂ ਬੜੇ ਵਰ੍ਹੇ ਆਸਟ੍ਰੇਲੀਆ ਵਰਗੇ ਮੁਲਕ ’ਚ ਬਿਤਾਉਣ ਦੇ ਬਾਵਜੂਦ ਅੱਜ ਵੀ ਉਹ ਡੇਢ ਨੂੰ ਡੂਢ ਕਹਿਣ ’ਤੇ ਲਿਖਣ ਵਾਲਾ ਮਲਵਈ ਹੈ।ਉਸਦੀ ਲੇਖਣੀ ’ਚ ਗੱਲ ਬੜੀ ਸਾਫ਼ ਸਪੱਸ਼ਟ ਤੇ ਸਿੱਧੇ ਤਰੀਕੇ ਨਾਲ਼ ਕਹੀ ਗਈ ਹੁੰਦੀ ਹੈ। ਕਾਲਪਨਿਕ ਕਹਾਣੀਆਂ ਨੂੰ ਛੱਡ ਕੇ ਉਹ ਸਮੇਂ ਦੇ ਹਾਣ ਦਾ ਬਣ ਕੇ ਲੇਖ ਲਿਖਣ ’ਚ ਦਿਲਚਸਪੀ ਰੱਖਦਾ ਹੈ।ਕਈ ਵਾਰ ਉਸਦੀਆਂ ਗੱਲਾਂ ’ਚ ਨਿੱਜਤਾ ਹਾਵੀ ਹੋ ਜਾਂਦੀ ਹੈ, ਜਦ ਉਹ ਕਲਮ ਚਲਾਉਂਦਾ ਹੈ, ਸਟੇਜ ’ਤੇ ਹੁੰਦਾ ਹੈ ਜਾਂ ਰੇਡੀਓ ਪ੍ਰੋਗਰਾਮ ਕਰ ਰਿਹਾ ਹੁੰਦਾ ਹੈ ਪਰ ਇਹ ਵਿਚਾਰ ਵੀ ਨਾਲ਼ ਹੀ ਦਿਲ ’ਚ ਆ ਜਾਂਦਾ ਹੈ ਕਿ ਨਿੱਜੀ ਤਜਰਬੇ ਰਾਹੀਂ ਗੱਲ ਜ਼ਿਆਦਾ ਵਧੀਆ ਤਰੀਕੇ ਨਾਲ਼ ਪੇਸ਼ ਕੀਤੀ ਜਾ ਸਕਦੀ ਹੈ।

ਹਥਲੀ ਪੁਸਤਕ ਬਾਰੇ ਉਸਨੂੰ ਸ਼ੁਭਇੱਛਾਵਾਂ ਭੇਂਟ ਕਰਦਿਆਂ, ਇਸ ਗੱਲ ਦੀ ਖੁਸ਼ੀ ਵੀ ਮਹਿਸੂਸ ਕਰ ਰਿਹਾ ਹਾਂ ਕਿ ਉਸਦੇ ਜ਼ਿਆਦਾਤਰ ਲੇਖਾਂ ਦੇ ਰਚਣ ਕਾਲ ਦਾ ਗਵਾਹ ਰਿਹਾ ਹਾਂ।ਸ਼ਾਲਾ ! ਮਿੰਟੂ ਬਰਾੜ ਜ਼ਿੰਦਗੀ ਦੇ ਸਫ਼ਰ ’ਚ ਇੰਝ ਹੀ ਤਰੱਕੀਆਂ ਦੀਆਂ ਮੰਜ਼ਿਲਾਂ ਨੂੰ ਛੋਂਹਦਾ ਰਹੇ।ਆਮੀਨ।

**ਰਿਸ਼ੀ ਗੁਲਾਟੀ**
**ਮੈਨੇਜਰ ‘ਹਰਮਨ ਰੇਡੀਓ’**
+61 433 442 722, + 9 1- 9 9 15177

## ਜਸਪਾਲ ਭੱਟੀ ਨਾਲ ਮੇਰੀ ਅੰਤਿਮ ਸਾਂਝ

ਇਹ ਲੇਖ ਅਕਤੂਬਰ 2012 'ਚ ਜਸਪਾਲ ਭੱਟੀ ਹੋਰਾਂ ਦੀ ਅਚਨਚੇਤ ਮੌਤ ਤੋਂ ਬਾਅਦ ਮੈਨੂੰ ਲਿਖਣਾ ਪਿਆ ਸੀ। ਉਨ੍ਹਾਂ ਦੀ ਮੌਤ ਤੋਂ ਤਿੰਨ ਦਿਨ ਪਹਿਲਾਂ ਮੈਂ ਭੱਟੀ ਸਾਹਿਬ ਨਾਲ ਰੇਡੀਓ 'ਤੇ ਆਨ ਏਅਰ ਉਨ੍ਹਾਂ ਦੀ ਫ਼ਿਲਮ ਦਾ ਰੀਵਿਊ ਲਿਖਣ ਦਾ ਵਾਅਦਾ ਕੀਤਾ ਸੀ। ਉਸ ਵਕਤ ਇਹ ਨਹੀਂ ਸੀ ਪਤਾ ਕਿ ਮੈਂ ਤਾਂ ਇਹ ਵਾਅਦਾ ਪੁਗਾ ਦੇਵਾਂਗਾ ਪਰ ਭੱਟੀ ਸਾਹਿਬ ਨੇ ਇਸ ਨੂੰ ਨਹੀਂ ਪੜ੍ਹਨਾ। ਅਕਸਰ ਹੀ ਇੱਕ ਗੱਲ ਸੁਣਨ ਨੂੰ ਮਿਲਦੀ ਹੈ ਕਿ ਜੇ ਤੁਸੀਂ ਕਿਸੇ ਨੂੰ ਚਾਹੁੰਦੇ ਹੋ ਤਾਂ ਉਸ ਨੂੰ ਮਿਲਣ ਦੀ ਕੋਸ਼ਿਸ਼ ਨਾ ਕਰੋ। ਮੈਂ ਇਸ ਗੱਲ ਦੀ ਗਹਿਰਾਈ ਨੂੰ ਕਈ ਵਾਰ ਮਾਪਿਆ। ਬਹੁਤ ਸਾਰੇ ਸਿਤਾਰਿਆਂ ਨੂੰ ਮਿਲਣ ਤੇ ਉਨ੍ਹਾਂ ਬਾਰੇ ਮੇਰੇ ਭਰਮ ਟੁੱਟ ਗਏ ਸਨ ਤੇ ਦਿਲ ਵੀ ਦੁਖਿਆ ਸੀ। ਪਰ ਜਸਪਾਲ ਭੱਟੀ ਸਾਹਿਬ ਨਾਲ ਉਨ੍ਹਾਂ ਦੀ ਜ਼ਿੰਦਗੀ ਦੇ ਸਿਰਫ਼ ਅਖੀਰੀ ਤਿੰਨ ਦਿਨਾਂ ਦੀ ਸਾਂਝ ਨੇ ਵੀ ਮੈਨੂੰ ਬਹੁਤ ਦੁਖੀ ਕੀਤਾ ਪਰ ਇਸ ਵਾਰ ਦਿਲ ਦੁਖਣ ਦਾ ਕਾਰਨ ਵੱਖਰਾ ਸੀ ਕਿਉਂਕਿ ਉਨ੍ਹਾਂ ਨਾਲ ਮੇਰੀ ਇਹ ਛੋਟੀ ਜਿਹੀ ਸਾਂਝ ਇੱਕ ਪਛਤਾਵਾ ਛੱਡ ਗਈ ਸੀ। ਦਸ ਕੁ ਸਾਲ ਪਹਿਲਾਂ ਮੈਨੂੰ ਭੱਟੀ ਸਾਹਿਬ ਨੂੰ ਮਿਲਣ ਦਾ ਮੌਕਾ ਮਿਲਿਆ ਸੀ ਪਰ ਮੈਂ ਉਸ ਵਕਤ ਇਸ ਕਹਾਵਤ 'ਤੇ ਅਮਲ ਕਰ ਗਿਆ ਸੀ ਕਿਉਂਕਿ ਮੈਂ ਆਪਣੇ ਭਰਮ ਨੂੰ ਤੋੜਨਾ ਨਹੀਂ ਸੀ ਚਾਹੁੰਦਾ। ਸੋ ਉਸ ਵਕਤ ਦਾ ਮੇਰਾ ਗ਼ਲਤ ਫ਼ੈਸਲਾ ਮੇਰੇ ਲਈ ਸਾਰੀ ਉਮਰ ਦਾ ਪਛਤਾਵਾ ਰਹੇਗਾ।



ਮੈਲਬਰਨ ਇਕ ਖੇਡ ਮੇਲੇ ਦੀ ਸਟੇਜ ਤੇ ਖੱਬਿਓਂ ਸਵਰਨ ਬਰਨਾਲਾ, ਡੀ.ਪੀ.ਐੱਸ. ਭੁੱਲਰ, ਹਰਮੀਤ ਸਿੰਘ, ਹਰਿੰਦਰ ਸੰਧੂ, ਦਿਲਾਵਰ ਸਿੱਧੂ, ਰਾਣਾ ਰਣਬੀਰ, ਬੌਂਬੀ ਸੰਧੂ ਅਤੇ ਲੇਖਕ




ਵਿਕਟੋਰੀਅਨ ਪਾਰਲੀਮੈਂਟ ਜਾਂਦੇ ਹੋਏ ਡੀ.ਪੀ.ਐੱਸ. ਭੁੱਲਰ, ਦਿਲਾਵਰ ਸਿੱਧੂ, ਰਾਣਾ ਰਣਬੀਰ, ਜਸ਼ਨਜੀਤ ਗੋਸ਼ਾ, ਗੋਲਡੀ ਬਰਾੜ ਅਤੇ ਲੇਖਕ

# ਜਸਪਾਲ ਭੱਟੀ ਨਾਲ ਮੇਰੀ ਅੰਤਿਮ ਸਾਂਝ

ਸਾਡੀ ਜ਼ਿੰਦਗੀ 'ਚ ਕੁਝ ਇੱਕ ਵਰਤਾਰੇ ਇਹੋ ਜਿਹੇ ਹੁੰਦੇ ਹਨ, ਜੋ ਵਾਪਰਨ ਤੋਂ ਬਾਅਦ ਹੀ ਸਾਨੂੰ ਸਮਝ ਆਉਂਦੇ ਹਨ। ਇਨ੍ਹਾਂ ਵਿਚੋਂ ਇੱਕ ਵਰਤਾਰਾ ਇਹ ਹੈ ਕਿ ਸਾਨੂੰ ਜਦੋਂ ਕੋਈ ਛੱਡ ਕੇ ਜਾਂਦਾ ਹੈ ਤਾਂ ਉਸ ਤੋਂ ਬਾਅਦ ਸਾਨੂੰ ਪਤਾ ਲਗਦਾ ਕਿ ਅਸੀਂ ਕਿਸ ਹੱਦ ਤੱਕ ਉਸ ਇਨਸਾਨ ਨੂੰ ਚਾਹੁੰਦੇ ਸੀ। ਬੱਸ ਇਹੋ ਕੁਝ ਜਸਪਾਲ ਭੱਟੀ ਹੋਰਾਂ ਨੂੰ ਚਾਹੁਣ ਵਾਲਿਆਂ ਨਾਲ ਵਾਪਰਿਆ। ਉਨ੍ਹਾਂ ਦੇ ਚਲੇ ਜਾਣ ਨਾਲ ਦੁਨੀਆਂ ਭਰ 'ਚ ਉਨ੍ਹਾਂ ਨੂੰ ਚਾਹੁਣ ਵਾਲੇ ਠੱਗੇ-ਠੱਗੇ ਜਿਹੇ ਮਹਿਸੂਸ ਕਰ ਰਹੇ ਹਨ।

ਗੱਲ ਜਸਪਾਲ ਭੱਟੀ ਹੋਰਾਂ ਨਾਲ ਆਪਣੀ ਸਾਂਝ ਤੋਂ ਸ਼ੁਰੂ ਕਰਨੀ ਚਾਹਾਂਗਾ। ਉਨ੍ਹਾਂ ਨੂੰ ਮੈਂ ਤਕਰੀਬਨ ਅੱਸੀ ਦੇ ਦਹਾਕੇ ਤੋਂ ਜਾਣਦਾ ਤੇ ਪ੍ਰਸ਼ੰਸਕ ਹਾਂ, ਜਦੋਂ ਹਾਲੇ ਬਲੈਕ ਐਂਡ ਵਾਈਟ ਟੀ.ਵੀ. ਦਾ ਜ਼ਮਾਨਾ ਸੀ। ਪਰ ਅਫ਼ਸੋਸ ਕਦੇ ਉਨ੍ਹਾਂ ਨੂੰ ਮਿਲ ਨਹੀਂ ਸਕਿਆ। ਉਨ੍ਹਾਂ ਨਾਲ ਮੇਰੀ ਗੱਲਬਾਤ ਦੀ ਜੋ ਸਾਂਝ ਪਈ, ਉਸ ਦੀ ਉਮਰ ਸਿਰਫ਼ ਤਿੰਨ ਦਿਨ ਹੀ ਰਹੀ। ਨਾ ਕਦੇ ਸੋਚਿਆ ਸੀ, ਨਾ ਕਦੇ ਉਮੀਦ ਹੀ ਸੀ ਕਿ ਉਨ੍ਹਾਂ ਨਾਲ ਇੰਝ ਸਾਂਝ ਪਵੇਗੀ। ਜਿਸ ਵਕਤ ਉਨ੍ਹਾਂ ਨਾਲ ਗੱਲ ਹੋਈ, ਮੈਂ ਆਪਣੇ ਆਪ ਨੂੰ ਬੜਾ ਖ਼ੁਸ਼ਨਸੀਬ ਸਮਝਿਆ। ਮੈਂ ਉਨ੍ਹਾਂ ਦੇ ਇਕ ਹਾਸਰਸ ਕਲਾਕਾਰ ਹੋਣ ਕਰ ਕੇ ਮੁਰੀਦ ਘੱਟ ਤੇ ਉਨ੍ਹਾਂ ਦੀ ਉਸਾਰੂ ਸੋਚ ਅਤੇ ਬੇਬਾਕ-ਪੁਣੇ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸੀ। ਮੇਰੀ ਖ਼ੁਸ਼ੀ ਸਿਰਫ਼ ਤਿੰਨ ਦਿਨ ਰਹੀ ਤੇ ਉਹ ਇਸ ਫ਼ਾਨੀ ਜਹਾਨ ਨੂੰ ਹਸਾਉਂਦੇ ਹਸਾਉਂਦੇ ਅਚਾਨਕ ਰੁਆ ਕੇ ਰੁਖ਼ਸਤ ਹੋ ਗਏ। ਹੁਣ ਮੈਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਸਿਰਫ਼ ਤਿੰਨ ਦਿਨਾਂ ਦੀ ਇਹ ਸਾਂਝ ਮੇਰੇ ਦੁੱਖ ਨੂੰ ਹੋਰ ਵਧਾਉਣ ਲਈ ਸੀ।

ਗੱਲ 21 ਅਕਤੂਬਰ ਦੀ ਹੈ, ਬੀ.ਐਮ.ਜੀ. ਫਿਲਮਜ਼ ਦੇ ਕਰਤਾ ਧਰਤਾ ਮਨਪ੍ਰੀਤ ਗਿੱਲ ਹੋਰਾਂ ਦਾ 'ਹਰਮਨ ਰੇਡੀਓ' ਲਈ ਫ਼ਿਲਮ ਦੇ ਕਲਾਕਾਰਾਂ ਨਾਲ ਗੱਲ ਕਰਨ ਦਾ ਸੁਨੇਹਾ ਆਇਆ, ਜੋ ਕਿ ਭੱਟੀ ਸਾਹਿਬ ਦੀ ਫ਼ਿਲਮ 'ਪਾਵਰ ਕੱਟ' ਸਾਰੇ ਆਸਟ੍ਰੇਲੀਆ 'ਚ ਰਿਲੀਜ਼ ਕਰ ਰਹੇ ਹਨ। ਜਦੋਂ ਮੈਂ ਸ਼ਾਮ ਨੂੰ ਚਾਰ ਕੁ ਵਜੇ ਭੱਟੀ ਸਾਹਿਬ ਨੂੰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਹੋ ਨਾ ਸਕਿਆ। ਉਨ੍ਹਾਂ ਦੀ ਮਸਰੂਫ਼ੀਅਤ ਦੇ ਮੱਦੇਨਜ਼ਰ ਮੈਂ ਇਹ ਗੱਲ ਕਿਸੇ ਹੋਰ ਵਕਤ 'ਤੇ ਛੱਡ ਦਿੱਤੀ। ਰਾਤ ਨੂੰ ਮੈਂ ਹਾਲੇ ਸੁੱਤਾ ਹੀ ਸੀ ਕਿ ਦੱਸ ਵਜ ਕੇ ਉੱਨੀ ਕੁ ਮਿੰਟ 'ਤੇ ਮੇਰਾ ਫ਼ੋਨ ਵੱਜਿਆ ਤੇ ਅੱਧ-ਸੁੱਤੇ ਜਿਹੇ ਨੇ ਦੇਖਿਆ ਤਾਂ ਭੱਟੀ ਸਾਹਿਬ ਦਾ ਫ਼ੋਨ ਸੀ;

''ਬਹੁਤ ਬਿਜ਼ੀ ਹੋਣ ਕਾਰਨ ਕਾਲ ਮਿਸ ਕਰ ਗਿਆ ਸੀ, ਇਸ ਲਈ ਮਾਫ਼ੀ ਚਾਹੁੰਦਾ ਹਾਂ।'' ਭੱਟੀ ਸਾਹਿਬ ਨੇ ਕਿਹਾ।

ਦੁਆ ਸਲਾਮ ਤੋਂ ਬਾਅਦ ਮੈਂ ਉਨ੍ਹਾਂ ਨੂੰ ਦੱਸਿਆ ਕਿ "ਹਰਮਨ ਰੇਡੀਓ ਲਈ 'ਪਾਵਰ ਕੱਟ' ਦੇ ਸਬੰਧ 'ਚ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹਾਂ, ਪਰ ਸਮੱਸਿਆ ਇਹ ਹੈ ਕਿ ਮੇਰੇ ਟਾਕ ਸ਼ੋਅ 'ਲਹਿਰਾਂ' ਦੇ ਸਮੇਂ ਪੰਜਾਬ 'ਚ ਅੱਧੀ ਰਾਤ ਹੁੰਦੀ ਹੈ। ਸੋ ਜੇ ਤੁਸੀਂ ਉੱਠ ਸਕੋ ਤਾਂ ਮੈਂ ਤੁਹਾਡੇ ਨਾਲ ਲਾਈਵ ਗੱਲ ਕਰਨੀ ਚਾਹਾਂਗਾ।''

''ਜੇ ਮੇਰੇ ਤੋਂ ਉਸ ਵੇਲੇ ਉੱਠਿਆ ਨਾ ਗਿਆ ਤਾਂ ਸਰੋਤਿਆਂ ਲਈ ਗ਼ਲਤ ਹੋਵੇਗਾ। ਸੋ

ਤੁਸੀਂ ਹੁਣੇ ਰਿਕਾਰਡ ਕਰ ਲਵੋ।'' ਉਨ੍ਹਾਂ ਦਾ ਜੁਆਬ ਸੀ।

''ਸਾਡੇ ਰਿਕਾਡਿਸਟ ਤਾਂ ਹੁਣ ਸੌਂ ਗਏ ਨੇ, ਪਰ ਮੈਂ ਰਿਸ਼ੀ ਗੁਲਾਟੀ ਹੋਰਾਂ ਨੂੰ ਫ਼ੋਨ ਲਾ ਕੇ ਦੇਖਦਾ ਹਾਂ, ਜੇ ਉਹ ਉੱਠ ਖੜ੍ਹਨ ਤਾਂ।''

''ਚਲੋ ਫੇਰ ਰਹਿਣ ਦਿਓ, ਮੈਂ ਹੀ ਉੱਠ ਖੜ੍ਹਾਂਗਾ।'' ਨਿਮਰਤਾ ਸਹਿਤ ਭੱਟੀ ਸਾਹਿਬ ਨੇ ਕਿਹਾ।

''ਮੈਨੂੰ ਪੰਜ ਮਿੰਟ ਦਿਓ ਮੈਂ ਕੋਸ਼ਿਸ਼ ਕਰਦਾ ਹਾਂ, ਨਹੀਂ ਤਾਂ ਫੇਰ ਤੁਹਾਨੂੰ ਕਸ਼ਟ ਦੇਣਾ ਹੀ ਪੈਣਾ ਹੈ ਕਿਉਂਕਿ ਮੈਂ ਪਹਿਲਾਂ ਹੀ ਅਨਾਊਂਸ ਕਰ ਚੁੱਕਿਆ ਹਾਂ ਕਿ ਅਸੀਂ 'ਲਹਿਰਾਂ' 'ਚ ਭੱਟੀ ਸਾਹਿਬ ਨਾਲ ਮਿਲਾਵਾਂਗੇ।''

ਚਲੋ ਜੀ! ਮੈਂ ਰਿਸ਼ੀ ਨੂੰ ਉਠਾਇਆ, ਉਹ ਅੱਭੜਵਾਹੇ ਜਿਹੇ ਕੁਝ ਹੋਰ ਹੀ ਬੋਲੀ ਜਾਵੇ। ਮੈਂ ਉਨ੍ਹਾਂ ਨੂੰ ਕਿਹਾ ਕਿ ਪਾਣੀ ਦੇ ਛਿੱਟੇ ਮਾਰੋ ਪਹਿਲਾਂ ਅੱਖਾਂ 'ਤੇ ਫੇਰ ਆਪਾਂ ਰਿਕਾਰਡਿੰਗ ਕਰਨੀ ਹੈ। ਉਹ ਕਹਿੰਦੇ ਭਾਜੀ ਇਹ ਕਿਹੜਾ ਟਾਈਮ ਆ? ਮੈਂ ਜਦੋਂ ਭੱਟੀ ਸਾਹਿਬ ਬਾਰੇ ਦੱਸਿਆ ਤਾਂ ਉਹ ਮਿੰਟੋ-ਮਿੰਟੀ ਤਿਆਰ ਹੋ ਗਏ।

ਅਸੀਂ ਸਟੂਡੀਓ ਤੋਂ ਭੱਟੀ ਸਾਹਿਬ ਨੂੰ ਫੋਨ ਕੀਤਾ ਤੇ ਉਨ੍ਹਾਂ ਨੂੰ ਦੱਸਿਆ ਕਿ ਸਾਡੇ ਅੱਜ ਦੇ ਟਾਕ ਸ਼ੋਅ ਦਾ ਵਿਸ਼ਾ ਵੀ ਪਾਵਰ ਕੱਟ ਹੈ ਤਾਂ ਉਹ ਬਹੁਤ ਖ਼ੁਸ਼ ਹੋਏ। ਉਨ੍ਹਾਂ ਦਿਲ ਖੋਲ੍ਹ ਕੇ ਗੱਲਾਂ ਕੀਤੀਆਂ ਜੋ ਕਿ ਹੁਣ ਵੀ ਹਰਮਨ ਰੇਡੀਓ ਦੇ ਪੌਡਕਾਸਟ ਵਿੱਚ ਜਾ ਕੇ ਸੁਣੀਆਂ ਜਾ ਸਕਦੀਆਂ ਹਨ। ਜਿਹੜੀ ਗੱਲ ਮੈਨੂੰ ਵਧੀਆ ਲੱਗੀ ਉਹ ਇਹ ਸੀ ਕਿ ਜਦੋਂ ਮੈਂ ਉਨ੍ਹਾਂ ਨੂੰ ਫ਼ਿਲਮ 'ਚ ਨੰਗੇਜਵਾਦ ਅਤੇ ਪਰਿਵਾਰਿਕ ਫ਼ਿਲਮ ਹੋਣ ਦੇ ਬਾਰੇ ਸਵਾਲ ਕੀਤਾ ਤਾਂ ਉਹ ਕਹਿੰਦੇ;

''ਹਾਂ ਜੀ! ਸਾਡੀ ਫ਼ਿਲਮ 'ਚ ਬੱਸ ਇਕੋ ਚੀਜ਼ ਨੰਗੀ ਹੈ ਪਰ ਉਸ ਦਾ ਵੀ ਕੋਈ ਡਰ ਨਹੀਂ।''

''ਮੈਂ ਸਮਝਿਆ ਨਹੀਂ।'' ਮੈਂ ਕਿਹਾ।

''ਫ਼ਿਲਮ 'ਚ ਬਿਜਲੀ ਦੀ ਤਾਰ ਨੰਗੀ ਹੈ ਪਰ ਉਸ ਵਿੱਚ ਕਰੰਟ ਨਹੀਂ ਹੈ, ਉਸ ਦਾ ਕਾਹਦਾ ਡਰ ? ਉਹ ਤਾਂ ਕੱਪੜੇ ਸੁਕਾਉਣ ਦੇ ਕੰਮ ਆਉਂਦੀ ਹੈ।''

ਪਰਿਵਾਰ ਨਾਲ ਫ਼ਿਲਮ ਦੇਖਣ ਦੇ ਬਾਰੇ 'ਚ ਉਹ ਕਹਿੰਦੇ ਕਿ ਪਰਿਵਾਰ ਨਾਲ ਤਾਂ ਜਦੋਂ ਮਰਜ਼ੀ ਫ਼ਿਲਮ ਦੇਖ ਲਿਓ ਪਰ ਕਿਸੇ ਬਿਜਲੀ ਦੇ ਮੁਲਾਜ਼ਮ ਨਾਲ ਨਾ ਦੇਖਿਓ ਕਿਉਂਕਿ ਜਦੋਂ ਤੁਸੀਂ ਹੱਸੋਗੇ ਤਾਂ ਉਨ੍ਹਾਂ ਤੁਹਾਡਾ ਸਿਰ ਪਾੜ ਦੇਣਾ ਹੈ। ਤਕਰੀਬਨ ਅੱਧਾ ਘੰਟਾ ਸਾਡੀ ਰਿਕਾਰਡਿੰਗ ਹੋਈ। ਰਿਕਾਰਡਿੰਗ ਤੋਂ ਬਾਅਦ ਕਾਫ਼ੀ ਵਕਤ ਉਹ ਮੇਰੇ ਨਾਲ ਗੱਲਬਾਤ ਕਰਦੇ ਰਹੇ। ਮੈਂ ਉਨ੍ਹਾਂ ਨੂੰ ਕਿਹਾ ਕਿ ਪਾਇਰੇਸੀ ਰੋਕਣ ਲਈ ਕੀ ਕਰੋਗੇ ? ਤਾਂ ਉਹ ਕਹਿੰਦੇ ਕਿ ਫ਼ਿਲਮ ਰਿਲੀਜ਼ ਤੋਂ ਇੱਕ ਦਿਨ ਪਹਿਲਾਂ ਉਹ ਖ਼ੁਦ ਜਲੰਧਰ ਵਿੱਚ ਇਸ ਦੀ ਪਾਇਰੇਟਡ ਡੀ.ਵੀ.ਡੀ. ਰਿਲੀਜ਼ ਕਰਨਗੇ। ਮੈਨੂੰ ਉਨ੍ਹਾਂ ਦੇ ਇਸ ਕੰਸੈਪਟ 'ਤੇ ਵੱਡੀ ਹੈਰਾਨੀ ਹੋਈ ਸੀ ਕਿ ਕਿਹੋ ਜਿਹਾ ਇਨਸਾਨ ਹੈ ਇਹ ਹਰ ਗੱਲ ਹੀ ਉਲਟੀ ਕਰਦਾ! ਪਰ ਰੱਬ ਨੂੰ ਸ਼ਾਇਦ ਇਹ ਗੱਲ ਮਨਜ਼ੂਰ ਨਹੀਂ ਸੀ ਤਾਂ ਹੀ ਉਹ ਜਲੰਧਰ ਪਹੁੰਚ ਨਾ ਸਕੇ।

ਉਨ੍ਹਾਂ ਮੈਨੂੰ ਕਿਹਾ ਸੀ ਕਿ ਫ਼ਿਲਮ ਦਾ ਰੀਵਿਊ ਜ਼ਰੂਰ ਲਿਖਿਓ, ਭਾਵੇਂ ਤੁਹਾਡੇ ਲੇਖ ਨਾਲ ਮੇਰੀ ਪਾਵਰ ਕੱਟੀ ਜਾਵੇ, ਭਾਵੇਂ ਹੋਰ ਵਧੇ ਪਰ ਜੋ ਦੇਖੋ ਉਹ ਲਿਖਿਓ, ਅਸੀਂ ਖੁੱਲ੍ਹੇ ਦਿਲੋਂ ਸਵੀਕਾਰ

ਕਰਾਂਗੇ। ਉਨ੍ਹਾਂ ਅਖੀਰ 'ਚ ਮੇਰੀ ਈਮੇਲ ਆਈ.ਡੀ. ਮੰਗੀ ਤੇ ਕਹਿੰਦੇ ਸੰਪਰਕ ਬਣਾਈ ਰੱਖਿਓ ਤੇ ਮੈਂ ਛੇਤੀ ਆਸਟ੍ਰੇਲੀਆ ਆ ਕੇ ਤੁਹਾਨੂੰ ਮਿਲਾਂਗਾ। ਪਰ ਮੈਂ ਉਦੋਂ ਸੋਚਿਆ ਵੀ ਨਹੀਂ ਸੀ
ਕਿ ਏਨਾ ਸੱਚ ਬੋਲਣ ਵਾਲਾ ਬੰਦਾ ਏਨਾ ਵੱਡਾ ਝੂਠ ਬੋਲੇਗਾ ਮੇਰੇ ਨਾਲ। ਮਿਲਣ ਦਾ ਵਾਅਦਾ ਕਰ ਕੇ ਇਸ ਜਹਾਨ ਨੂੰ ਅਲਵਿਦਾ ਕਹਿ ਦੇਵੇਗਾ। ਹਾਲੇ ਤੱਕ ਦਿਲ ਮੰਨਣ ਨੂੰ ਤਿਆਰ ਨਹੀਂ। ਭਾਵੇਂ ਮੇਰੀ ਸਾਂਝ ਉਨ੍ਹਾਂ ਨਾਲ ਬਹੁਤ ਥੋੜ੍ਹੀ ਰਹੀ ਪਰ ਮੈਂ ਜੋ ਵਾਅਦਾ ਇਸ ਦੌਰਾਨ ਕੀਤਾ ਉਨ੍ਹਾਂ ਦੀ ਇਸ ਆਖਰੀ ਫ਼ਿਲਮ ਤੇ ਰੀਵਿਊ ਲਿਖਣ ਦਾ, ਉਸ ਲਈ ਕੱਲ੍ਹ 'ਪਾਵਰ ਕੱਟ' ਦੇਖੀ ਤੇ ਜਿਵੇਂ ਦੀ ਮੈਨੂੰ ਲੱਗੀ ਉਹ ਲਿਖ ਰਿਹਾ ਹਾਂ।

ਜ਼ਿੰਦਗੀ 'ਚ ਪਹਿਲੀ ਵਾਰ ਇਹੋ ਜਿਹਾ ਵਕਤ ਦੇਖਣ ਨੂੰ ਮਿਲਿਆ, ਜਦੋਂ ਇੱਕ ਕਲਾਕਾਰ ਦਾ ਸਿਵਾ ਬਲ ਰਿਹਾ ਹੋਵੇ ਤੇ ਦੂਜੇ ਪਾਸੇ ਉਸ ਦੀ ਫ਼ਿਲਮ ਦੁਨੀਆਂ ਦਾ ਮਨੋਰੰਜਨ ਕਰ ਰਹੀ ਹੋਵੇ। ਬੜੀ ਅਜੀਬ ਸਥਿਤੀ ਸੀ ਕਿ ਕਿਸੇ ਇਨਸਾਨ ਨੂੰ ਸ਼ਰਧਾਂਜਲੀ, ਉਸ ਦੀ ਫ਼ਿਲਮ ਦੇਖ ਕੇ ਹੱਸ-ਹੱਸ ਕੇ ਦੇ ਰਹੇ ਹੋਈਏ। ਫ਼ਿਲਮ ਦੇਖਣ ਦਾ ਨਜ਼ਰੀਆ ਬਦਲਿਆ ਹੋਇਆ ਸੀ। ਜਿਸ ਪੱਖ ਤੋਂ ਫ਼ਿਲਮ ਨੂੰ ਪਰਖਣਾ ਚਾਹੁੰਦਾ ਸੀ ਉਸ ਪਾਸੇ ਧਿਆਨ ਹੀ ਨਹੀਂ ਜਾ ਰਿਹਾ ਸੀ। ਏਨੇ ਅੱਲ੍ਹੇ ਜ਼ਖ਼ਮਾਂ ਨੂੰ ਲੈ ਕੇ ਹੱਸਣਾ ਬਹੁਤ ਔਖਾ ਹੁੰਦਾ ਹੈ। ਦਿਮਾਗ਼ 'ਚ ਰਹਿ-ਰਹਿ ਕੇ ਇਹ ਗੱਲ ਆ ਰਹੀ ਸੀ ਕਿ ਇਸ ਬੰਦੇ ਦਾ ਹਰ ਕੰਮ ਨੂੰ ਕਰਨ ਦਾ ਇੱਕ ਵੱਖਰਾ ਅੰਦਾਜ਼ ਸੀ, ਸੋ ਇਸ ਜਹਾਨ ਤੋਂ ਰੁਖ਼ਸਤ ਹੋਣ ਦਾ ਰਾਹ ਵੀ ਉਸ ਨੇ ਵੱਖਰਾ ਹੀ ਚੁਣਿਆ। ਜਿਸ ਵਿੱਚ ਅਫ਼ਸੋਸ ਕਰਨ ਵਾਲੇ ਨੂੰ ਕਿਹਾ ਜਾਂਦਾ ਹੈ ਕਿ ਜੇ ਤੂੰ ਦਿਲੋਂ ਅਫ਼ਸੋਸ ਕਰਨਾ ਚਾਹੁੰਦਾ ਹੈ ਤਾਂ ਫ਼ਿਲਮ ਦੇਖੋ ਅਤੇ ਮੇਰੀ ਮੌਤ ਤੇ ਹੱਸੋ, ਕਿਆ ਅਜੀਬ ਹਾਲਾਤ ਨੇ !

ਜਸਪਾਲ ਭੱਟੀ ਦੀਆਂ ਫ਼ਿਲਮਾਂ ਦੀ ਨੰਬਰਿੰਗ ਹੀ ਦਰਸ਼ਕਾਂ ਨੂੰ ਹੱਸਣ ਲਈ ਮਜਬੂਰ ਕਰ ਦਿੰਦੀ ਹੈ। ਇਸ ਵਿੱਚ ਵੀ ਰਵਾਇਤੀ ਗੱਲਾਂ ਦੇ ਨਾਲ ਨਾਲ ਫ਼ਿਲਮ ਦੇ ਨਿਰਮਾਤਾ ਦਾ ਨਾਂ ਆਉਂਦਾ ਤਾਂ ਉਸ ਮੂਹਰੇ ਲਿਖਿਆ ਹੁੰਦਾ 'ਐਟ ਫੁੱਲ ਆਫ਼ ਰਿਸਕ'। ਫ਼ਿਲਮ ਦੇ ਨਾਂ 'ਤੇ ਪ੍ਰਮੋਸ਼ਨ ਤੋਂ ਲੱਗਦਾ ਸੀ ਕਿ ਸਾਰੀ ਫ਼ਿਲਮ ਸਿਰਫ਼ ਬਿਜਲੀ ਮਹਿਕਮੇ 'ਤੇ ਹੀ ਆਧਾਰਿਤ ਹੋਵੇਗੀ। ਪਰ ਨਹੀਂ ਇਸ ਫ਼ਿਲਮ ਨੂੰ ਹੋਰ ਮਨੋਰੰਜਕ ਬਣਾਉਣ ਲਈ ਇਸ ਵਿਚ ਇੱਕ ਲਵ ਸਟੋਰੀ ਵੀ ਨਾਲ-ਨਾਲ ਚਲਦੀ ਰਹਿੰਦੀ ਹੈ। ਜਸਪਾਲ ਭੱਟੀ ਹੋਰਾਂ ਨੇ ਆਪਣੀ ਬਣ ਚੁੱਕੀ ਇੱਕ ਖ਼ਾਸ ਇਮੇਜ ਨੂੰ ਭੰਡ ਦੇ ਰੂਪ 'ਚ ਤੋੜਿਆ ਹੈ। ਉਨ੍ਹਾਂ ਦੇ ਬੋਲਣ ਦਾ ਤਰੀਕਾ ਬਹੁਤ ਵੱਖਰਾ ਹੈ। ਕਈ ਵਾਰ ਤਾਂ ਸ਼ੱਕ ਪੈਂਦਾ ਹੈ ਕਿ ਕੀ ਇਹ ਉਹੀ ਜਸਪਾਲ ਭੱਟੀ ਹੈ ਜੋ ਪਿਛਲੇ ਪੱਚੀ-ਤੀਹ ਵਰ੍ਹਿਆਂ ਤੋਂ ਇਕੋ ਅੰਦਾਜ਼ 'ਚ ਲੋਕਾਂ ਨੂੰ ਹਸਾ ਰਿਹਾ ਹੈ ? ਉਨ੍ਹਾਂ ਨੇ ਪਹਿਰਾਵਾ ਵੀ ਬਦਲਿਆ ਤੇ ਖੁੱਲ੍ਹੀ ਦਾੜ੍ਹੀ ਵੀ ਪਹਿਲੀ ਵਾਰ ਛੱਡੀ ਹੈ। ਫ਼ਿਲਮ ਵਿੱਚ ਜਸਵਿੰਦਰ ਭੱਲੇ ਨੇ ਵੀ ਆਪਣੀ ਰੀਤ ਤੋੜੀ ਹੈ। ਨਹੀਂ ਤਾਂ ਇਕੋ ਸਟਾਈਲ ਤੋਂ ਲੋਕ ਬੋਰ ਹੁੰਦੇ ਜਾ ਰਹੇ ਸਨ। ਫ਼ਿਲਮ ਵਿੱਚ ਉਨ੍ਹਾਂ ਦੇ ਪੰਚ ਫ਼ਿਲਮ ਦੀ ਜਾਨ ਹਨ। ਉਨ੍ਹਾਂ ਦੇ ਕੰਮ ਦੀ ਤਾਰੀਫ਼ ਲਿਖੇ ਤੋਂ ਨਹੀਂ ਸਮੇਟੀ ਜਾ ਸਕਦੀ। ਹੁਣ ਤੱਕ ਦੀਆਂ ਉਨ੍ਹਾਂ ਦੀਆਂ ਫ਼ਿਲਮਾਂ ਨਾਲੋਂ ਕਈ ਦਰਜੇ ਚੰਗੀ ਕਹਾਂਗਾ। ਬੀ.ਐਨ. ਸ਼ਰਮਾ ਬਾਰੇ ਤਾਂ ਇਹੀ ਕਹਾਂਗਾ ਕਿ ਭੱਟੀ ਸਾਹਿਬ ਨਾਲ ਅੱਜ ਤੱਕ ਜਿੰਨਾਂ ਕੰਮ ਵੀ ਸ਼ਰਮਾ ਜੀ ਨੇ ਕੀਤਾ ਉਸ ਵਿੱਚ ਹਰ ਵਾਰ ਕੁਝ ਨਵਾਂ ਹੀ ਹੁੰਦਾ ਹੈ। ਇਸ ਫ਼ਿਲਮ ਦਾ ਕਿਰਦਾਰ ਵੀ ਬਹੁਤ ਦੇਰ ਤੱਕ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦਾ ਇੱਕ ਸੰਵਾਦ ''ਮੈਂ ਤਾਂ ਫੇਰ ਵੜ ਗਿਆ ਨਾ ਭਾਂਡੇ 'ਚ'', ਹਰ ਇੱਕ ਦੀ ਜ਼ੁਬਾਨ 'ਤੇ ਚੜ੍ਹਨ ਦੀ ਸਮਰੱਥਾ ਰੱਖਦਾ। ਫ਼ਿਲਮ ਦੀ ਪਿਆਰ ਕਹਾਣੀ ਤਿੰਨ ਨਵੇਂ ਚਿਹਰਿਆਂ

ਦੁਆਲੇ ਘੁੰਮਦੀ ਹੈ। ਜਿਸ ਵਿੱਚ ਉਹ ਖ਼ੂਬ ਜਚੇ ਹਨ। ਜਸਰਾਜ ਭੱਟੀ ਵਿੱਚ ਸਟਾਰਡਮ ਝਲਕਦਾ ਹੈ ਪਰ ਹਾਲੇ ਵਕਤ ਲੱਗੇਗਾ ਨਿਖਾਰ ਆਉਣ 'ਚ। ਇੱਕ ਹੋਰ ਆਸ ਦੀ ਕਿਰਨ ਦਿਖਾਈ ਦਿੰਦੀ ਹੈ ਕਿ ਉਹ ਆਪਣੇ ਪਿਤਾ ਜੀ ਵਾਂਗ ਪੱਗ ਦੀ ਮਹਿਮਾ ਨੂੰ ਹੋਰ ਵਧਾਏਗਾ। ਫ਼ਿਲਮ ਦੀ ਹੀਰੋਇਨ ਸੁਰੀਲੀ ਗੌਤਮ 'ਚ ਵੀ ਕਾਫ਼ੀ ਸੰਭਾਵਨਾ ਦਿਖਾਈ ਦਿੰਦੀਆਂ ਹਨ। ਪ੍ਰੇਮ ਚੋਪੜਾ, ਗੁਰਚੇਤ ਚਿੱਤਰਕਾਰ, ਜਸਵੰਤ ਜ਼ਫ਼ਰ, ਰਾਜੇਸ਼ ਪੂਰੀ ਅਤੇ ਹਰਪਾਲ ਨੇ ਵੀ ਆਪਣੇ-ਆਪਣੇ ਰੋਲ 'ਚ ਪ੍ਰਭਾਵਿਤ ਕੀਤਾ ਹੈ। ਗੁਰਤੇਜ ਕਿਤੇ-ਕਿਤੇ ਓਵਰ ਐਕਟ ਕਰਦਾ ਦਿਖਾਈ ਦਿੱਤਾ। ਸਵਿਤਾ ਭੱਟੀ ਨੇ ਮਰਾਸਣ ਦੇ ਰੂਪ 'ਚ ਚੰਗੇ ਸੰਵਾਦ ਬੋਲੇ ਹਨ, ਭਾਵੇਂ ਕਿਤੇ-ਕਿਤੇ ਉਨ੍ਹਾਂ ਦੀ ਦਿੱਖ ਮਰਾਸਣਾਂ ਜਿਹੀ ਨਹੀਂ ਦਿਖਾਈ ਦਿੱਤੀ। ਫ਼ਿਲਮ ਦਾ ਸੰਗੀਤ ਇਸ ਦਾ ਇੱਕ ਮਜ਼ਬੂਤ ਪੱਖ ਹੈ। ਡਇਰੈਕਸ਼ਨ 'ਚ ਉਂਝ ਤਾਂ ਕੋਈ ਕਮੀ ਨਹੀਂ ਦਿਖਾਈ ਦਿੱਤੀ ਪਰ ਇੱਕ ਗੱਲ ਨੇ ਮੈਨੂੰ ਬੜਾ ਹੈਰਾਨ ਕੀਤਾ ਕਿ ਬਿਜਲੀ ਮਹਿਕਮੇ 'ਚ ਐਕਸੀਅਨ ਤੱਕ ਰਹਿ ਚੁੱਕੇ ਭੱਟੀ ਸਾਹਿਬ ਇਹ ਕਿਵੇਂ ਭੁੱਲ ਗਏ ਕਿ ਬਿਜਲੀ ਦੀਆਂ ਦੋਵੇਂ ਤਾਰਾਂ ਇਕੋ ਵਾਰ 'ਚ ਪਲਾਸ ਨਾਲ ਨਹੀਂ ਕੱਟੀਆਂ ਜਾਂਦੀਆਂ ਕਿਉਂਕਿ ਨੈਗੇਟਿਵ ਅਤੇ ਪੌਜ਼ੀਟਿਵ ਦਾ ਮੇਲ ਬਹੁਤ ਖ਼ਤਰਨਾਕ ਹੁੰਦਾ ਹੈ। ਖੈਰ ! ਮੇਰਾ ਇਹ ਸਵਾਲ ਹਨ ਅਣਸੁਲਝਿਆ ਹੀ ਰਹੇਗਾ।

ਜਿਸ ਕੰਮ ਲਈ ਜਸਪਾਲ ਭੱਟੀ ਮਸ਼ਹੂਰ ਰਹੇ ਹਨ ਉਹ ਹੈ 'ਤਿੱਖੇ ਵਿਅੰਗ' ਜੋ ਬੋਲਣ ਲੱਗੇ ਉਹ ਕਦੇ ਨਹੀਂ ਸਨ ਘਬਰਾਉਂਦੇ। ਇਸ ਫ਼ਿਲਮ 'ਚ ਵੀ ਇਹੋ ਜਿਹੇ ਸ਼ਬਦਾਂ ਦੇ ਤਿੱਖੇ ਤੀਰ ਉਨ੍ਹਾਂ ਚਲਾਏ ਹਨ। ਮੈਂ ਦਾਅਵੇ ਨਾਲ ਕਹਿ ਸਕਦਾ ਕਿ ਜੇ ਉਹ ਅੱਜ ਸਾਡੇ ਵਿਚਕਾਰ ਸਹੀ ਸਲਾਮਤ ਹੁੰਦੇ ਤਾਂ ਉਹ ਸਰਕਾਰੀ ਸ਼ਿਕੰਜੇ 'ਚ ਜ਼ਰੂਰ ਫਸੇ ਹੋਣੇ ਸੀ ਕਿਉਂਕਿ ਉਨ੍ਹਾਂ ਦੇ ਕੁਝ ਸੰਵਾਦ ਇਸ ਗੱਲ ਦੀ ਗਵਾਹੀ ਭਰਦੇ ਹਨ ਜਿਵੇਂ ਕਿ ''ਜਦੋਂ ਚਾਰ ਪੜ੍ਹਿਆ ਮੰਤਰੀ ਲੱਗ ਸਕਦਾ ਤਾਂ ਨੌਕਰੀ ਕਿਉਂ ਨਹੀਂ ਕਰ ਸਕਦਾ'', ''ਰਾਜ ਗਾਇਕ ਨਈ ਬਣਾਉਣਾ ਅਸੀਂ ਮੁੰਡੇ ਨੂੰ, ਫੇਰ ਤਾਂ ਉਹ ਗਾਉਣ ਤੋਂ ਵੀ ਜਾਊ", ''ਬਾਲਾ ਕਿਥੇ ਆ ? ਉਹ ਤਾਂ ਪਹਾੜਾਂ 'ਚ ਗਿਆ ਪਾਕਿਸਤਾਨ ਤੋਂ ਆਈ ਆਪਣੀ ਮਰਾਸਣ ਸਹੇਲੀ ਨਾਲ''।

ਦੋਸਤੋ ! ਫ਼ਿਲਮ ਤੁਹਾਡੇ ਪੈਸੇ ਦਾ ਮੁੱਲ ਮੋੜਨ ਦੀ ਸਮਰੱਥਾ ਰੱਖਦੀ ਹੈ। ਉਮੀਦ ਹੈ ਭੱਟੀ ਸਾਹਿਬ ਨੂੰ ਦਿਲੋਂ ਚਾਹੁਣ ਵਾਲੇ ਜ਼ਰੂਰ ਇਸ ਫ਼ਿਲਮ ਨੂੰ ਦੇਖਣ ਜਾਣਗੇ। ਹੁਦ ਮੈਂ ਇਸ ਦੁਚਿੱਤੀ 'ਚ ਹਾਂ ਕਿ ਭੱਟੀ ਸਾਹਿਬ ਨੂੰ ਸਭ ਤੋਂ ਵੱਧ ਲੋਕਾਂ ਨੂੰ ਹਸਾਉਣ ਵਾਲਾ ਬੰਦਾ ਕਹਾਂ ਕਿ ਸਭ ਤੋਂ ਵੱਧ ਲੋਕਾਂ ਨੂੰ ਰੁਆਉਣ ਵਾਲਾ ?

****

## ਜੰਤਰ-ਮੰਤਰ ਗੰਢਾਤੰਤਰ

ਇਹ ਲੇਖ ਅਗਸਤ 2013 'ਚ ਉਸ ਵਕਤ ਹੋਂਦ 'ਚ ਆਇਆ ਜਦੋਂ ਇੱਕ ਬਾਰ ਫੇਰ ਗੰਢਿਆਂ ਦੀ ਸਿਆਸਤ ਦੀ ਮੁਸਕ ਭਾਰਤ ਭਰ 'ਚ ਫੈਲੀ ਹੋਈ ਸੀ। ਲੇਖ ਲਿਖਣ ਦਾ ਮਕਸਦ ਸਿਰਫ਼ ਇੱਕ ਹਲੂਣਾ ਦੇਣਾ ਸੀ ਪਤਾ ਨਹੀਂ ਅਸੀਂ ਕਦੋਂ ਆਪਣੇ ਦਿਮਾਗ਼ ਨਾਲ ਸੋਚਣ ਲੱਗਾਂਗੇ।



ਗ੍ਰੇਸ ਪਰੋਟੋਲੀਸਾ (ਮਲਟੀ ਕਲਚਰ ਮੰਤਰੀ) ਮਾਇਕ ਰੈਨ(ਪ੍ਰੀਮੀਅਰ ਸਾਊਥ ਆਸਟ੍ਰੇਲੀਆ)
ਅਤੇ ਸਾਬਕਾ ਪ੍ਰਧਾਨ ਅਤੇ ਵਿਦੇਸ਼ ਮੰਤਰੀ ਜਨਾਬ ਕੇਵਿਨ ਰੱਡ ਨਾਲ ਲੇਖਕ



ਸਾਊਥ ਅਸਟ੍ਰੇਲੀਆ ਦੇ ਉੱਪਰਲੇ ਸਦਨ ਚ ਸਪੀਕਰ ਦੀ ਕੁਰਸੀ ਨਾਲ
ਲੇਖਕ ਦੀ ਨਿੱਕੀ ਜਿਹੀ ਇਕ ਸਾਂਝ

# ਜੰਤਰ-ਮੰਤਰ ਗੰਢਾਤੰਤਰ

ਜਨਮ ਭੂਮੀ ਵਾਸੀਓ ਕੀ ਹੋ ਗਿਆ ਅਸੀਂ ਆਪਣੀ ਕਰਮ ਭੂਮੀ ਬਦਲ ਲਈ ਹੈ ਪਰ ਇਹ ਨਾ ਕਹੋ ਕਿ ਅਸੀਂ ਤੁਹਾਡੇ ਸੁੱਖ-ਦੁੱਖ ਦੇ ਸਾਥੀ ਨਹੀਂ। ਸੁਣਿਐ ਅੱਜਕੱਲ੍ਹ ਤੁਹਾਨੂੰ ਗੰਢੇ (ਪਿਆਜ਼) ਬੜਾ ਰੁਆ ਰਹੇ ਹਨ। ਪਰ ਦੋਸਤੋ ਮੈਨੂੰ ਇਹ ਦੱਸੋ ਕਿ ਗੰਢੇ ਹਸਾਉਂਦੇ ਕਦੋਂ ਹੁੰਦੇ ਸੀ ? ਮੈਂ ਤਾਂ ਜਦੋਂ ਦਾ ਜੰਮਿਆਂ ਗੰਢਿਆਂ ਨੂੰ ਰੁਆਉਂਦੇ ਹੀ ਦੇਖਿਆ ਹੈ। ਹੁਣ ਇੱਕ ਗੱਲ ਮੈਨੂੰ ਸਮਝ ਨਹੀਂ ਆਉਂਦੀ ਕਿ ਜਿਹੜੀ ਚੀਜ਼ ਨੇ ਜ਼ਿੰਦਗੀ 'ਚ ਸਦਾ ਹੀ ਹੰਝੂ ਦਿੱਤੇ ਹਨ ਉਸ ਨੂੰ ਕੀ ਰੋਣਾ ਤੇ ਕੀ ਦੁਖੀ ਹੋਣਾ ? ਮੈਨੂੰ ਤਾਂ ਨਹੀਂ ਲਗਦਾ ਕਿ ਗੰਢਿਆਂ ਬਿਨਾਂ ਕੋਈ ਬੰਦਾ ਜਿਉਂ ਨਹੀਂ ਸਕਦਾ। ਜੇ ਇਹ ਗੱਲ ਹੁੰਦੀ ਤਾਂ ਸ਼ਾਇਦ ਅੱਜ ਤੱਕ ਜੈਨ ਧਰਮ 'ਹੈ' ਨਾ ਹੋ ਕੇ 'ਸੀ' ਹੁੰਦਾ ਕਿਉਂਕਿ ਸਭ ਨੂੰ ਪਤਾ ਹੈ ਕਿ 'ਜੈਨੀ' ਗੰਢੇ ਨਹੀਂ ਖਾਂਦੇ। ਲਗਦੇ ਹੱਥ ਇੱਕ ਹੋਰ ਸੁਣ ਲਵੋ ਥੋੜ੍ਹੇ ਦਿਨ ਪਹਿਲਾਂ ਮੇਰੀ ਅਮਨਦੀਪ ਸਿੱਧੂ ਨਾਲ ਯੋਗੀਆਂ ਦੀ ਵਿਦਿਆ 'ਤੇ ਗੱਲ ਚੱਲ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਇਸ ਵਿਦਿਆ 'ਚ ਮੁਹਾਰਤ ਹਾਸਿਲ ਹੈ। ਯੋਗ-ਤੰਤਰ ਯਾਨੀ ਯੋਗੀਆਂ ਦੀ ਵਿਦਿਆ ਇਹ ਕਹਿੰਦੀ ਹੈ ਕਿ ਜੋ ਚੀਜ਼ ਜ਼ਮੀਨ ਦੇ ਅੰਦਰ ਪੈਦਾ ਹੁੰਦੀ ਹੈ ਉਹ ਬੰਦੇ ਦੀ ਉਮਰ ਘਟਾਉਂਦੀ ਹੈ ਕਿਉਂਕਿ ਇਸ ਨਾਲ ਪਾਚਨ ਕਿਰਿਆ ਤੇਜ ਹੋ ਜਾਂਦੀ ਹੈ ਤੇ ਸਾਡੇ ਸਰੀਰ ਨੂੰ ਕਈ ਦਿਨਾਂ ਦਾ ਕੰਮ ਇੱਕ ਦਿਨ 'ਚ ਹੀ ਕਰਨਾ ਪੈਂਦਾ ਹੈ। ਯੋਗੀਆਂ ਦਾ ਮੰਨਣਾ ਹੈ ਕਿ ਇਹ ਚੀਜ਼ਾਂ ਇੱਕ ਚੰਗੀ ਔਸ਼ਧੀ (ਦਵਾਈ) ਤਾਂ ਹੋ ਸਕਦੀਆਂ ਹਨ ਪਰ ਖ਼ੁਰਾਕ ਨਹੀਂ।

ਚੱਲ ਇਹ ਮੰਨ ਲੈਨੇ ਹਾਂ ਕਿ ਗੰਢਿਆਂ ਬਿਨਾਂ ਦਾਲ ਸਬਜ਼ੀ ਸੁਆਦ ਨਹੀਂ ਬਣਦੀ। ਫੇਰ ਇਹ ਕਹੋ ਕਿ ਰੋਣਾ ਗੰਢਿਆਂ ਦਾ ਨਹੀਂ ਰੋਣਾ ਤਾਂ ਜੀਭ ਦੇ ਸੁਆਦ ਦਾ। ਧੁਰ ਕੀ ਬਾਣੀ ਬਹੁਤ ਸਮਝਾਉਂਦੀ ਹੈ ਕਿ ਇਹ ਦੁਨਿਆਵੀ ਸੁਆਦ ਚਿਰ ਸਥਾਈ ਨਹੀਂ ਹੁੰਦੇ। ਪਰ ਇਹ ਗੱਲ ਤਾਂ ਸਾਡੇ ਤਾਂਹੀਓਂ ਸਮਝ ਆਵੇ ਜੇ ਅਸੀਂ ਕਦੇ ਗੁਰਬਾਣੀ ਨੂੰ ਪੜ੍ਹਿਆ ਹੋਵੇ ਜਾਂ ਫੇਰ ਧਿਆਨ ਨਾਲ ਸੁਣਿਆ ਹੋਵੇ। ਗੱਲ ਗੰਢਿਆਂ ਦੀ ਹੋ ਰਹੀ ਸੀ ਪਰ ਵਿੱਚ ਇਹ ਪ੍ਰਵਚਨ ਹੋ ਗਿਆ ਮਾਫ਼ੀ ਚਾਹੁੰਦਾ ਹਾਂ। ਪਰ ਮੇਰਾ ਇਥੇ ਗੁਰਬਾਣੀ ਦੀ ਉਦਾਹਰਣ ਦੇਣ ਦਾ ਇਕੋ ਮਕਸਦ ਹੈ ਕਿ ਜਿਸ ਪਾਸੇ ਜਾਣ ਤੋਂ ਸਾਨੂੰ ਵਰਜਿਆ ਜਾਂਦਾ ਉਸੇ ਪਾਸੇ ਜਾਣ 'ਚ ਹੀ ਸੁਆਦ ਆਉਂਦਾ। ਹੁਣ ਦੱਸੋ ਸੁਆਦ ਦਾ ਭੁੱਖਾ ਵੀ ਕਦੇ ਕੋਈ ਰੋਂਦਾ ਹੁੰਦਾ ?

ਇੱਕ ਸੋਚਣ ਦੀ ਗੱਲ ਇਹ ਵੀ ਆ ਜਾਂਦੀ ਹੈ ਕਿ ਇਹ ਗੰਢੇ ਅਕਸਰ ਹੀ ਕਿਸੇ ਨਾ ਕਿਸੇ ਸਰਕਾਰ ਦੇ ਹੱਡੀਂ ਬਹਿ ਕੇ ਉਨ੍ਹਾਂ ਦੀਆਂ ਅੱਖਾਂ 'ਚ ਵੀ ਹੰਝੂ ਲਿਆ ਦਿੰਦੇ ਹਨ। ਅਕਸਰ ਹੀ ਇਹ ਗੰਢੇ ਉਦੋਂ ਅਸਮਾਨੀ ਚੜ੍ਹਦੇ ਹਨ ਜਦੋਂ ਵੋਟਾਂ ਨੇੜੇ ਹੋਣ। ਇੱਕ ਗੱਲ ਹੋਰ ਕਿ ਅਸੀਂ ਇਕੋ ਟ੍ਰਿਕ ਨਾਲ ਕਈ ਬਾਰ ਬੁੱਧੂ ਬਣ ਚੁੱਕੇ ਹਾਂ। ਪਤਾ ਨਹੀਂ ਹੋਰ ਕਿੰਨਾ ਚਿਰ ਸਿਆਸੀ ਲੋਕ ਸਾਨੂੰ ਆਪਣੀਆਂ ਉਹੀ ਪੁਰਾਣੀਆਂ ਚਾਲਾਂ ਨਾਲ 'ਘੋਗੜ' ਬਣਾਉਂਦੇ ਰਹਿਣਗੇ। ਜੇ ਕਿਸੇ ਨੂੰ ਸਿਆਸਤ ਦਾ ਅੱਖਰੀ ਅਰਥ ਪੁੱਛਿਆ ਜਾਵੇ ਤਾਂ ਉਹ ਸਿਆ+ਸਤ ਮਤਲਬ 'ਕਾਲਾ ਸੱਚ' ਕਹੇਗਾ। ਪਰ ਜਦੋਂ ਦੀ ਇਸ ਸਿਆਸਤ ਦਾ ਦੂਜਾ ਪਾਸਾ ਦੇਖਿਆ ਉਦੋਂ ਤੋਂ ਮੇਰੇ ਮੁਤਾਬਿਕ ਸਿਆਸਤ ਦਾ ਮਤਲਬ; ਜੋ ਗੱਲ ਵਾਪਰਨ ਤੋਂ ਬਾਅਦ ਸਮਝ ਆਵੇ ਉਹੀ ਸਿਆਸਤ ਹੈ। ਬਾਅਦ 'ਚ ਅਸੀਂ ਅਕਸਰ ਹੀ ਆਖਦੇ ਹੁੰਦੇ

ਹਾਂ ਕਿ ਯਾਰ ਮੇਰੇ ਨਾਲ ਤਾਂ ਸਿਆਸਤ ਖੇਡੀ ਗਈ।

ਸਾਡੇ ਸਿਆਸਤਦਾਨ ਕਿਸੇ ਹੋਰ ਜਹਾਨ ਤੋਂ ਤਾਂ ਆਏ ਨਹੀਂ ਸਾਡੇ ਚੋਂ ਹੀ ਕੁਝ ਇੱਕ ਦੇ ਕੜਾ ਲੋਟ ਆ ਗਿਆ ਤੇ ਨੇਤਾ ਜੀ ਬਣ ਗਏ। ਪਰ ਅਫ਼ਸੋਸ ਤਾਂ ਇਸ ਗੱਲ ਦਾ ਆਉਂਦਾ ਹੈ ਕਿ ਪਤੰਦਰ ਕੋਈ ਨਵਾਂ ਪੈਂਤੜਾ ਨਹੀਂ ਖੇਡਦੇ ! ਹਰ ਬਾਰ ਹੀ ਇਹ ਗੰਢਿਆਂ ਵਾਲਾ ਪੱਤਾ ਚੱਲ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਕਿ ਮੱਝਾਂ ਦਾ ਦੁੱਧ ਪੀਣ ਵਾਲਿਆਂ ਦੀ ਮੱਤ ਵੀ ਕੱਟੇ ਵਰਗੀ ਹੋ ਗਈ ਹੈ।

ਇਹ ਗੰਢਿਆਂ 'ਚ ਮੱਝਾਂ ਦਾ ਦੁੱਧ ਕਿਥੋਂ ਆ ਗਿਆ.. ! ਚਲੋ ਕੋਈ ਨਾ ਪਹਿਲਾਂ ਇਸੇ ਦੇ ਵਿਸਤਾਰ 'ਚ ਜਾਂਦੇ ਹਾਂ 'ਦੁੱਧ ਤੇ ਬੁੱਧ' ਦਾ ਕੀ ਰੌਲਾ ਜਾਂ ਕਹਿ ਲਵੋ ਬੁੱਧ ਨਾਲ ਦੁੱਧ ਦਾ ਕੀ ਸੰਬੰਧ ਹੈ ?

ਮੈਂ ਕਈ ਸਾਲ ਡੇਲੀ ਪੈਸੰਜਰ ਦੇ ਤੌਰ 'ਤੇ ਕਾਲਾਂਵਾਲੀ ਤੋਂ ਬਠਿੰਡੇ ਆਉਂਦਾ ਜਾਂਦਾ ਰਿਹਾ। ਭਾਵੇਂ ਇਹ ਦੂਰੀ ਚਾਲੀ ਕੁ ਕਿੱਲੋਮੀਟਰ ਦੀ ਹੈ ਪਰ ਭਾਰਤੀ ਰੇਲ ਇਹ ਸਫ਼ਰ ਅਕਸਰ ਹੀ ਤਿੰਨ ਕੁ ਘੰਟਿਆਂ 'ਚ ਪੂਰਾ ਕਰਦੀ ਹੈ। ਪਰ ਉਥੇ ਸਫ਼ਰ ਕਰਨ ਵਾਲੇ ਆਦੀ ਜਿਹੇ ਹੋ ਗਏ ਹਨ। ਜਦੋਂ ਇੱਕ ਬੰਦਾ ਟ੍ਰੇਨ 'ਚ ਹਰ ਰੋਜ ਜ਼ਿੰਦਗੀ ਦਾ ਐਨਾ ਬੇਸ਼ਕੀਮਤੀ ਵਕਤ ਗੁਜ਼ਾਰਦਾ ਹੈ ਤਾਂ ਉਸ ਵੱਟੇ ਉਸ ਨੂੰ ਥੋੜ੍ਹਾ ਬਹੁਤ ਮਿਲਦਾ ਵੀ ਹੈ। ਜਿਸ ਤਹਿਤ ਭਾਂਤ-ਭਾਂਤ ਦੇ ਲੋਕਾਂ ਦੇ ਤਜ਼ਰਬੇ। ਬਾਕੀ ਮੇਰੇ ਵਰਗੇ ਬੰਦੇ ਨੂੰ ਤਾਂ ਕੋਈ ਨਾ ਕੋਈ ਇਹੋ ਜਿਹਾ ਟੱਕਰ ਹੀ ਜਾਂਦਾ ਹੈ। ਕਈ ਸਾਲ ਸਫ਼ਰ ਕਰਦਾ ਰਿਹਾ ਪਹਿਲਾਂ ਪੜ੍ਹਾਈ ਦੌਰਾਨ ਫੇਰ ਕੰਮ ਦੇ ਸਿਲਸਿਲੇ 'ਚ। ਰੁਕੋ-ਰੁਕੋ ! ਟ੍ਰੇਨ 'ਤੇ ਕਾਹਦਾ ਚੜ੍ਹੇ ਆਪਾਂ ਤਾਂ ਵਿਸ਼ੇ ਤੋਂ ਭੜਕ ਗਏ। ਵਿਸ਼ੇ ਤੇ ਆਉਂਦੇ ਹਾਂ।

ਗੱਲ ਚੱਲ ਰਹੀ ਸੀ ਮੋਟੀ ਬੁੱਧੀ ਦੀ। ਗੱਲ ਘੇਰ ਕੇ ਉਥੇ ਹੀ ਲਿਆਉਂਦੇ ਹਾਂ। ਬਹੁਤ ਸਾਰੇ ਲੋਕ ਇਸ ਰੇਲ ਦੇ ਸਫ਼ਰ 'ਚ ਹਮਸਫ਼ਰ ਬਣੇ। ਜਿਨ੍ਹਾਂ ਵਿਚੋਂ ਇੱਕ ਦਿਨ 60 ਕੁ ਵਰ੍ਹਿਆਂ ਦੇ ਅੰਕਲ ਜੀ ਮਿਲੇ। ਗੱਲਾਂ ਮਾਰਨ 'ਚ ਤਾਂ ਮੈਂ ਵੀ ਸ਼ੇਰ ਸੀ, ਪਰ ਅੰਕਲ ਜੀ ਸਵਾ ਸੇਰ ਨਿਕਲੇ। ਉਨ੍ਹਾਂ ਦੀ ਸਲੀਕੇ ਨਾਲ ਸੰਵਾਰੀ ਦਾੜ੍ਹੀ ਹੀ ਦੱਸਦੀ ਸੀ ਕਿ ਉਹ ਕਿਸੇ ਅਫ਼ਸਰੀ ਦਾ ਆਨੰਦ ਮਾਣ ਕੇ ਰਿਟਾਇਰ ਹੋਏ ਹੋਣ। ਗੱਲਾਂ ਚੱਲੀਆਂ ਤਾਂ ਪਤਾ ਲੱਗਿਆ ਕਿ ਡੀ.ਐਸ.ਪੀ. ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਨੌਕਰੀ ਦੌਰਾਨ ਮਾਰੀ ਇੱਕ ਵਿਸ਼ੇਸ਼ ਮੱਲ ਦਾ ਜ਼ਿਕਰ ਵਾਰ-ਵਾਰ ਉਨ੍ਹਾਂ ਦੀਆਂ ਗੱਲਾਂ 'ਚ ਆ ਰਿਹਾ ਸੀ। ਉਹ ਸੀ ਕੈਪਟਨ ਦੇ ਰਾਜ 'ਚ ਬਾਦਲ ਨੂੰ ਭ੍ਰਿਸ਼ਟਾਚਾਰ ਦੇ ਦੋਸ਼ 'ਚ ਗ੍ਰਿਫ਼ਤਾਰ ਕਰਨਾ। ਸਬੂਤ ਵਜੋਂ ਉਨ੍ਹਾਂ ਦੇ ਬਟੂਏ 'ਚ ਅਖ਼ਬਾਰ ਦੀ ਕਟਿੰਗ ਵੀ ਸੀ। ਜਿਸ ਵਿੱਚ ਕਈ ਲੋਕਾਂ ਦੇ ਵਿਚ ਉਹ ਬਾਦਲ ਸਾਹਿਬ ਨੂੰ ਵਾਰੰਟ ਦੇ ਰਹੇ ਦਿਖਾਈ ਦੇ ਰਹੇ ਸਨ।

ਇਹ ਵੀ ਇੱਕ ਇਨਸਾਨੀ ਫ਼ਿਤਰਤ ਹੀ ਹੈ ਕਿ ਕਈ ਵਾਰ ਅਸੀਂ ਕਿਸੇ ਇੱਕ ਪ੍ਰਾਪਤੀ ਨੂੰ ਏਨਾ ਕੁ ਵਰਤ ਲੈਂਦੇ ਹਾਂ ਕਿ ਵਕਤ ਨਾਲ ਉਹ ਪ੍ਰਾਪਤੀ ਘੱਟ ਤੇ 'ਟਰੇਡ ਮਾਰਕ' ਵੱਧ ਬਣ ਜਾਂਦੀ ਹੈ। ਰਾਜੇ ਮਹਾਰਾਜਿਆਂ ਦੇ ਵੇਲੇ ਵਕਤਾਂ 'ਚ ਜਦੋਂ ਕਿਸੇ ਨੂੰ ਸੰਬੋਧਨ ਕੀਤਾ ਜਾਂਦਾ ਸੀ ਤਾਂ ਉਸ ਦੇ ਨਾਂ ਮੂਹਰੇ ਉਸ ਦੀਆਂ ਪ੍ਰਾਪਤੀਆਂ ਗਿਣਾਈਆਂ ਜਾਂਦੀਆਂ ਸਨ, ਪਰ ਉਦੋਂ ਫ਼ਰਕ ਏਨਾ ਕੁ ਹੁੰਦਾ ਸੀ ਕਿ ਪ੍ਰਾਪਤੀਆਂ ਕੋਈ ਹੋਰ ਗਿਣਾਉਂਦਾ ਹੁੰਦਾ ਸੀ। ਜਿਵੇਂ ਮਹਾਂ-ਬਲ਼ਸ਼ਾਲੀ ਅਤਿ ਪਰਾਕਰਮੀ ਮਹਾਂ ਯੋਧੇ ਫਲਾਂ ਫਲਾਂ ਪਧਾਰ ਰਹੇ ਹਨ.... ! ਪਰ ਅੱਜ ਦੇ ਯੁੱਗ 'ਚ ਤਾਂ ਸਾਨੂੰ ਆਪਣੇ ਕੱਸੀਦੇ ਆਪ ਹੀ ਪੜ੍ਹਨੇ ਪੈਂਦੇ ਹਨ। ਉਦਾਹਰਣ ਦੇ ਤੌਰ 'ਤੇ ਇਕ ਨਮੂਨਾ ਵੀ ਸੁਣਾ ਦਿੰਦਾ ਹਾਂ; ਪੰਦਰ੍ਹਾਂ ਕੁ ਵਰ੍ਹੇ ਪਹਿਲਾਂ ਅਸੀਂ ਕਈ ਮਿੱਤਰਾਂ ਨੇ ਉੱਘੇ ਸਮਾਜ ਸੇਵਕ ਜੰਟਾ ਸਿੰਘ ਪਟਵਾਰੀ ਦੀ ਪ੍ਰੇਰਨਾ ਸਦਕਾ

ਮਰਨ ਉਪਰਾਂਤ ਆਪਣੇ ਸਰੀਰ ਦਾਨ ਕਰਨ ਲਈ ਹਲਫ਼ੀਆ ਬਿਆਨ ਦਿੱਤੇ। ਉਨ੍ਹਾਂ ਵਿੱਚ ਇੱਕ ਸਾਡੇ ਮਿੱਤਰ ਮਾਸਟਰ ਜੀ ਨੇ ਵੀ ਇਸ ਕਾਰਜ 'ਚ ਯੋਗਦਾਨ ਪਾਇਆ। ਪਰ ਉਸੇ ਸ਼ਾਮ ਨੂੰ ਜਦੋਂ ਮੈਂ ਉਨ੍ਹਾਂ ਦੀ ਮਾਰੂਤੀ ਕਾਰ ਕੋਲ ਦੀ ਜਾਂਦੀ ਦੇਖੀ ਤਾਂ ਉਸ ਦੇ ਪਿੱਛੇ ਲਿਖਿਆ ਸੀ ਸਰੀਰਦਾਨੀ ਮਾਸਟਰ ਫਲਾਂ ਸਿਉਂ। ਚਲੋ ਇਹ ਮਸਲਾ ਇੱਥੇ ਹੀ ਛੱਡੋ ਕਿਉਂਕਿ ਲੋਕ ਤਾਂ ਸੰਗਰਾਂਦ ਵਾਲੇ ਦਿਨ ਦੋ ਰੁਪਏ ਦੇ ਕੇ ਦਸ ਵਾਰ ਸਾਰੇ ਖ਼ਾਨਦਾਨ ਦਾ ਨਾਂ ਬੁਲਾ ਦਿੰਦੇ ਹਨ ਇਹ ਤਾਂ ਫੇਰ ਵੀ ਸਰੀਰਦਾਨ ਹੈ।

ਗੱਲ ਅੱਗ ਤੋਰਦੇ ਹਾਂ! 'ਬਾਦਲ-ਪਕੜ' ਅੰਕਲ ਸੀ ਬਰੀਕ ਬੁੱਧੀ ਦੇ, ਇਹ ਗੱਲ ਅਸੀਂ ਉਸੇ ਦਿਨ ਹੀ ਮੰਨ ਲਈ ਸੀ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਫੇਰ ਅੱਜਕੱਲ੍ਹ ਕੀ ਰੁਝੇਵੇਂ ਚੱਲ ਰਹੇ ਹਨ? ਤਾਂ ਕਹਿੰਦੇ, "ਇੱਕ ਕਿਤਾਬ ਲਿਖ ਰਿਹਾ ਹਾਂ।" ਕਿਸ ਵਿਸ਼ੇ ਤੇ! ਪੁੱਛਣ 'ਤੇ? ਉਨ੍ਹਾਂ ਦੱਸਿਆ ਕਿ ਮੇਰੀ ਕਿਤਾਬ ਦਾ ਨਾਂ ਹੈ 'ਦੁੱਧ ਤੇ ਬੁੱਧ'। ਉਸ ਵਿੱਚ ਮੈਂ ਇਹ ਸਾਬਤ ਕਰਾਂਗਾ ਕਿ "ਜਿਹੋ ਜਿਹਾ ਪੀਓਗੇ ਦੁੱਧ, ਉਹੋ ਜਿਹੀ ਹੋ ਜਾਂਦੀ ਹੈ ਬੁੱਧ।" ਮੇਰੇ ਸਮੇਤ ਡੱਬੇ 'ਚ ਬੈਠੇ ਸਾਰੀਆਂ ਦੇ ਮੂੰਹ 'ਤੇ ਕੜਛੀ ਮਤਲਬ ਪ੍ਰਸ਼ਨਵਾਚਕ ਚਿੰਨ੍ਹ ਬੜੀ ਆਸਾਨੀ ਨਾਲ ਦੇਖਿਆ ਜਾ ਸਕਦਾ ਸੀ। ਚੁੱਪ ਤੋੜਦਿਆਂ ਮੈਂ ਸਿਰਫ਼ "ਕਿਵੇਂ" ਹੀ ਕਿਹਾ ਸੀ ਤਾਂ ਅੰਕਲ ਜੀ ਨੇ ਸਿੱਧੀ ਛਾਲ ਮਾਰੀ ਸਿਕੰਦਰ ਦੇ ਕਾਲ 'ਚ। ਕਹਿੰਦੇ ਜਦੋਂ ਸਿਕੰਦਰ ਆਪਣੇ ਜੇਤੂ ਰੱਥ 'ਤੇ ਸਵਾਰ ਹੋ ਕੇ ਪੰਜਾਬ ਪਹੁੰਚਿਆ ਸੀ ਤਾਂ ਜਿੱਥੇ ਪੰਜਾਬ 'ਚੋਂ ਉਸ ਨੂੰ ਜਿਸਮਾਨੀ ਤੌਰ 'ਤੇ ਕਰੜੀ ਟੱਕਰ ਮਿਲੀ ਉੱਥੇ ਵਿਦਵਾਨੀ ਤੌਰ 'ਤੇ ਵੀ ਉਸ ਨੂੰ ਕਾਫ਼ੀ ਵਿਦਵਾਨਾਂ ਦਾ ਸਾਹਮਣਾ ਕਰਨਾ ਪਿਆ ਸੀ। ਸਿਕੰਦਰ ਨਾਲ ਆਈ ਬੁੱਧੀਜੀਵੀਆਂ ਦੀ ਟੀਮ ਨੇ ਜਦੋਂ ਇਸ ਬਾਰੇ ਘੋਖ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਹ ਲੋਕ ਗਾਂ ਤੇ ਬੱਕਰੀ ਦਾ ਦੁੱਧ ਪੀਂਦੇ ਹਨ ਇਸੇ ਲਈ ਇਹਨਾਂ ਦੀ ਬੁੱਧੀ ਵੀ ਤੀਖਣ ਹੈ। ਇਸ ਰਿਪੋਰਟ ਤੋਂ ਬਾਅਦ ਸਿਕੰਦਰ ਨੇ ਯੂਨਾਨ ਤੋਂ ਮੱਝਾਂ ਲਿਆ ਕੇ ਇਥੇ ਛੱਡਣ ਦਾ ਫ਼ਰਮਾਨ ਦੇ ਦਿੱਤਾ ਸੀ ਕਿਉਂਕਿ ਮਾਹਿਰਾਂ ਦਾ ਮੰਨਣਾ ਸੀ ਕਿ ਮੱਝ ਦਾ ਦੁੱਧ ਬੰਦੇ ਦੀ ਬੁੱਧ ਨੂੰ ਮੋਟਾ ਕਰ ਦਿੰਦਾ ਹੈ ਤੇ ਮੋਟੀ ਬੁੱਧੀ ਦੇ ਬੰਦਿਆਂ 'ਤੇ ਰਾਜ ਕਰਨਾ ਸੌਖਾ ਹੁੰਦਾ ਹੈ।

ਇਸੇ ਵਿਸ਼ੇ ਤੇ ਮੇਰੀ ਗੱਲ ਇੱਕ ਦਿਨ ਸਾਡੇ ਮਿੱਤਰ ਸ਼ਿਵਦੀਪ ਨਾਲ ਹੋ ਰਹੀ ਸੀ ਤਾਂ ਉਹ ਕਹਿੰਦਾ ਬਾਈ ਤੁਹਾਨੂੰ ਨਹੀਂ ਲਗਦਾ ਕਿ ਸਿਕੰਦਰ ਨੇ ਉਸ ਵਕਤ ਗ਼ਲਤੀ ਕੀਤੀ ਸੀ ਇਥੇ ਮੱਝਾਂ ਲਿਆ ਕੇ ਛੱਡਣ ਦੀ। ਮੈਂ ਹੈਰਾਨ ਜਿਹਾ ਹੋ ਕੇ ਪੁੱਛਿਆ ਕਿ ਉਹ ਕਿਵੇਂ? ਉਹ ਕਹਿੰਦਾ ਬਾਈ ਜੇ ਉਹ ਬੁਰਾਈ ਇਥੇ ਛੱਡਣ ਦੀ ਥਾਂ ਚੰਗਿਆਈ ਇੱਥੋਂ ਲੈ ਜਾਣ ਬਾਰੇ ਸੋਚਦਾ ਤਾਂ ਅੱਜ ਦੁਨੀਆਂ ਦਾ ਨਕਸ਼ਾ ਹੋਰ ਹੋਣਾ ਸੀ। ਹਰ ਵਾਰ ਵਾਂਗ ਇਸ ਵਾਰ ਵੀ ਸ਼ਿਵ ਗੱਲ ਪਤੇ ਦੀ ਕਹਿ ਗਿਆ ਸੀ।

ਸੱਤਾ ਦੇ ਨਸ਼ੇ 'ਚ ਸਿਕੰਦਰ ਏਨਾ ਕੁ ਅੰਨ੍ਹਾ ਹੋ ਗਿਆ ਸੀ ਕਿ ਉਹ ਦੂਜਿਆਂ ਦੀ ਬੁੱਧੀ ਮੋਟੀ ਕਰਨ ਦੇ ਚੱਕਰ 'ਚ ਇਥੇ ਮੱਝਾਂ ਛੱਡਣ ਬਾਰੇ ਤਾਂ ਫ਼ੈਸਲਾ ਲੈ ਲਿਆ ਪਰ ਬੱਕਰੀਆਂ ਜਾਂ ਗਾਵਾਂ ਨੂੰ ਨਾਲ ਲੈ ਜਾਣ ਦੀ ਸੋਚ ਉਸ ਦੀ ਮੋਟੀ ਬੁੱਧੀ 'ਚ ਨਹੀਂ ਆਈ। ਅਕਸਰ ਉਹ ਵੀ ਤਾਂ ਮੱਝਾਂ ਦਾ ਦੁੱਧ ਚੁੰਘ ਕੇ ਹੀ ਜਵਾਨ ਹੋਇਆ ਸੀ। ਇਹੀ ਦੋਸ਼ ਪੰਜਾਬ ਦੇ ਅੱਜ ਦੇ ਸਿਕੰਦਰ 'ਤੇ ਵੀ ਲਗਦੇ ਹਨ ਕਿ ਉਹ ਪੰਜਾਬ ਦੀ ਜਵਾਨੀ ਨਸ਼ਿਆਂ 'ਚ ਪਾ ਕੇ ਉਸ 'ਤੇ ਕਈ ਪੁਸ਼ਤਾਂ ਤੱਕ ਰਾਜ ਕਰਨਾ ਚਾਹੁੰਦਾ ਹੈ। ਇਥੇ ਸੋਚਣ ਦੀ ਗੱਲ ਹੈ ਕਿ ਸਿਕੰਦਰ ਤਾਂ ਜਾਂਦਾ-ਜਾਂਦਾ ਦੁਨੀਆ ਨੂੰ ਖ਼ਾਲੀ ਹੱਥੀ ਜਾਣ ਦਾ ਸੁਨੇਹਾ ਦੇ ਗਿਆ ਸੀ ਪਰ ਅੱਜ ਤੱਕ ਮੈਨੂੰ ਸਿਕੰਦਰ ਦੀ ਉਸ ਨਸੀਹਤ ਨੂੰ ਪੱਲੇ ਬੰਨ੍ਹੀ ਬੈਠਾ ਕੋਈ ਨਹੀਂ ਮਿਲਿਆ।

ਗੱਲ ਗੰਢਿਆਂ ਤੋਂ ਚਲੀ ਸੀ ਤੇ ਬਠਿੰਡੇ ਵਾਲੀ ਗੱਡੀ ਚੜ੍ਹ ਕੇ ਸਿਕੰਦਰ ਦੇ ਕਾਲ 'ਚ

ਜਾ ਵੜੀ। ਮਾਫ਼ੀ ਚਾਹੁੰਦਾ ਹਾਂ ਦੋਸਤੋ ਕਿਉਂਕਿ ਇਹ ਵੀ ਇੱਕ ਰੋਗ ਹੁੰਦਾ ਮੇਰੇ ਵਰਗੇ ਗਾਲੜੀ ਬੰਦੇ ਨੂੰ। ਚਲੋ ਕੋਈ ਨਾ ਤੁਸੀਂ ਸਮਝਦਾਰ ਹੋ ਇਸ ਵਿਚੋਂ ਜੋ ਚੰਗਾ ਲੱਗੇ ਰੱਖ ਲਿਓ ਫ਼ਾਲਤੂ ਦਾ ਵਗਾਹ ਮਾਰਿਓ। ਭਾਵੇਂ ਗੱਲ ਕਿਤੋਂ ਚੱਲ ਕੇ ਕਿਤੇ ਪਹੁੰਚ ਗਈ ਪਰ ਕੇਂਦਰ ਬਿੰਦੂ ਉਹੀ ਹੈ ਕਿ ਕਦੋਂ ਤੱਕ ਅਸੀਂ ਮੂਰਖ ਬਣਦੇ ਰਹਾਂਗੇ। ਪਿਛੋਕੜ 'ਤੇ ਝਾਤ ਮਾਰ ਕੇ ਦੇਖੋ ਗੰਢੇ ਜ਼ਿਆਦਾਤਰ ਕਾਂਗਰਸ ਦੇ ਰਾਜ 'ਚ ਹੀ ਮਹਿੰਗੇ ਹੁੰਦੇ ਹਨ। ਪਤਾ ਕਿਉਂ ? ਮੇਰੀ ਮੋਟੀ ਬੁੱਧੀ ਕਹਿੰਦੀ ਹੈ ਕੇ ਵਿਰੋਧੀ ਧਿਰ 'ਚ ਬੈਠੀ ਵਪਾਰੀਆਂ ਦੀ ਪਾਰਟੀ ਇੱਕ ਪੰਥ ਨਾਲ ਦੋ-ਦੋ ਕਾਜ ਕਰ ਲੈਂਦੀ ਹੈ। ਉਹ ਇਹੋ ਜਿਹੀ ਚੀਜ਼ ਲੱਭਦੇ ਆ ਜੋ ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਆਮ ਆਦਮੀ ਨੂੰ ਆਪਣੀ ਲਪੇਟ 'ਚ ਲੈ ਲਵੇ ਅਤੇ ਨਾਲ ਹੀ ਦੋ ਚਾਰ ਮਹੀਨੇ ਸਟੋਰ ਵੀ ਹੋ ਸਕਦੀ ਹੋਵੇ ਕਿਉਂਕਿ ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਤਾਂ ਟਮਾਟਰ ਵੀ ਆਉਂਦੇ ਹਨ ਪਰ ਮਾੜੇ ਭਾਗੀ ਉਨ੍ਹਾਂ ਨੂੰ ਸਟੋਰ ਕਰਨ ਤੇ 'ਦਾੜ੍ਹੀ ਨਾਲੋਂ ਮੁਛਾਂ' ਵਧਣ ਦਾ ਖ਼ਤਰਾ ਹੁੰਦਾ ਹੈ। ਭਾਵੇਂ ਅਕਸਰ ਗੰਢੇ ਵੀ ਗਲ਼ ਜਾਂਦੇ ਹਨ ਪਰ... ! ਉਹ ਮਾਤ੍ਹੜ-ਤਮ੍ਹਾਤੜ ਦੇ ਗਲ਼ਦੇ ਹਨ ਇਹਨਾਂ ਵੱਡੀਆਂ ਮੱਛੀਆਂ ਦੇ ਨਹੀਂ। ਇਹ ਵਪਾਰੀ ਨਾਲੇ ਤਾਂ ਰਕਮ ਦੁੱਗਣੀ-ਚੌਗਣੀ ਕਰ ਜਾਂਦੇ ਹਨ, ਨਾਲੇ ਹਾਕਮਾਂ ਦੀ ਕੁਰਸੀ ਮੂਧੀ ਮਾਰ ਦਿੰਦੇ ਹਨ। ਅਸੀਂ ! ਢੁੱਡ ਮਾਰ ਕੇ ਬੂਰੀਆਂ ਮੱਝਾਂ ਚੁੰਘਣ ਵਾਲੇ ਕੱਟਿਆਂ ਵਾਂਗੂੰ ਕਿਲ੍ਹੇ ਪੁਟਾਉਣ 'ਚ ਜੋਰ ਅਜ਼ਮਾਈ ਕਰਦੇ ਰਹਿ ਜਾਂਦੇ ਹਾਂ।

ਦੋਸਤੋ ! ਇੱਕ ਹੁੰਦਾ ਦੇਖਣ ਦਾ ਨਜ਼ਰੀਆ ਤੇ ਦੂਜੀ ਹੁੰਦੀ ਹੈ ਦਿਸ਼ਾ, ਮਤਲਬ ਕਿਹੜੇ ਪਾਸੇ ਤੋਂ ਤੁਸੀਂ ਕਿਸੇ ਚੀਜ਼ ਜਾਂ ਮਸਲੇ ਨੂੰ ਦੇਖ ਰਹੇ ਹੋ। ਕੁਦਰਤ ਨੇ ਸਾਨੂੰ ਅਨਮੋਲ ਖਜ਼ਾਨੇ ਦਿੱਤੇ ਹਨ। ਜਿਨ੍ਹਾਂ ਵਿਚੋਂ ਇੱਕ ਹੈ ਵੰਨਗੀ। ਜਿਸ ਦਾ ਅਹਿਸਾਸ ਤੁਸੀ ਹੁਣੇ ਹੀ ਲੈ ਸਕਦੇ ਹੋ ਜਿਵੇਂ ਕਿ ਆਪਣੇ ਸਾਹਮਣੇ ਦੇਖੋ ਤੁਹਾਨੂੰ ਜੋ ਵੀ ਦਿੱਖ ਰਿਹਾ ਉਸ 'ਤੇ ਗ਼ੌਰ ਕਰੋ, ਹੁਣ ਇਸ ਤਾਂ ਤੋਂ ਦੋ ਕਦਮ ਇੱਕ ਪਾਸੇ ਵੱਲ ਜਾ ਕੇ ਉਹੀ ਚੀਜ਼ ਦੇਖੋ ਤੇ ਤੁਹਾਨੂੰ ਉਸ ਦਾ ਇੱਕ ਹੋਰ ਪੱਖ ਦਿਖਾਈ ਦੇਵੇਗਾ। ਇਥੇ

ਮੇਰਾ ਇਹ ਦ੍ਰਿਸ਼ ਦਿਖਾਉਣ ਦਾ ਕਾਰਨ ਸੀ ਕਿ ਹਰ ਮਸਲੇ ਦੇ ਅਣਗਿਣਤ ਪਹਿਲੂ ਹੁੰਦੇ ਹਨ। ਜਿਹੜਾ ਇਨਸਾਨ ਮਸਲੇ ਦੇ ਚਾਰ-ਚੁਫੇਰੇ ਗੇੜਾ ਲਾ ਕੇ ਆਪਣੀ ਧਾਰਨਾ ਬਣਾਉਂਦਾ ਹੈ ਉਸ ਨੂੰ ਕਦੇ ਨੀਵਾਂ ਨਹੀਂ ਝਾਕਣਾ ਪੈਂਦਾ। ਪਰ ਅਫ਼ਸੋਸ ਅਸੀਂ ਤਾਂ ਦੇਖਾ-ਦੇਖੀ ਜਾਂ ਸੁਣਾ-ਸੁਣੀ ਆਪਣੀ ਧਾਰਨਾ ਬਣਾ ਲੈਂਦੇ ਹਾਂ। ਗੱਲ ਗੰਢਿਆਂ ਦੀ ਹੋ ਰਹੀ ਸੀ, ਸੋਚਣ ਦੀ ਗੱਲ ਇਹ ਹੈ ਕਿ ਗੰਢੇ ਮਹਿੰਗੇ ਹੋਣ ਦਾ ਕਾਰਨ ਕਾਲਾ ਬਾਜ਼ਾਰੀ ਨਾ ਹੋ ਕੇ ਪੈਦਾਵਾਰ ਦਾ ਘੱਟ ਹੋਣਾ ਵੀ ਹੋ ਸਕਦਾ। ਜਿਵੇਂ ਮੈਂ ਸ਼ੁਰੂ 'ਚ ਕਿਹਾ ਗੰਢਿਆਂ ਦਾ ਕੰਮ ਹੈ ਰੁਆਉਣਾ ਸੋ ਜੇ ਇਹਨਾਂ ਦੀ ਪੈਦਾਵਾਰ ਘੱਟ ਜਾਵੇ ਤਾਂ ਵੀ ਆਮ ਆਦਮੀ ਰੋਂਦਾ ਤੇ ਜੇ ਵੱਧ ਜਾਵੇ ਤਾਂ ਵਿਚਾਰਾ ਜ਼ਿਮੀਂਦਾਰ ਰੋਂਦਾ, ਜਦੋਂ ਉਸ ਦੀ ਫ਼ਸਲ ਮੰਡੀ 'ਚ ਰੁਲਦੀ ਹੈ। ਸੋ ਪੈਦਾਵਾਰ ਵੀ ਇੱਕ ਪੱਖ ਹੋ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਆਸਟ੍ਰੇਲੀਆ ਦੇ ਕੇਲਿਆਂ ਦੀ ਗੱਲ ਕੀਤੀ ਜਾ ਸਕਦੀ ਹੈ। ਇੱਕ ਸਾਲ ਪੈਦਾਵਾਰ ਨਾ ਹੋਵੇ ਤਾਂ ਭਾਅ ਅਸਮਾਨੀ ਚੜ੍ਹ ਜਾਂਦੇ ਹਨ ਤੇ ਦੂਜੇ ਸਾਲ ਇਹੀ ਕੇਲੇ ਰੁਲਦੇ ਫਿਰਦੇ ਹੁੰਦੇ ਹਨ। ਇਸ ਨਾਲ ਇਹ ਸਾਫ਼ ਹੋ ਜਾਂਦਾ ਹੈ ਕਿ ਇਹ ਇੱਕ ਕੁਦਰਤੀ ਵਰਤਾਰਾ ਵੀ ਹੋ ਸਕਦਾ ਹੈ ਨਾ ਕਿ ਕਾਂਗਰਸ ਜਾਂ ਬੀ.ਜੇ.ਪੀ. ਦੀ ਲੁਕਣ ਮਿਚੀ।

ਮੰਨ ਲੈਂਦੇ ਹਾਂ ਕਿ ਗੰਢੇ ਮਹਿੰਗੇ ਕਾਲਾਬਾਜ਼ਾਰੀ ਕਰਕੇ ਹੋ ਰਹੇ ਹਨ, ਫੇਰ ਇਸ ਦੇ ਦੋ ਹੱਲ ਹਨ। ਇੱਕ ਤਾਂ ਇਹ ਕਿ ਜੇ ਕਿਸੇ ਨੇ ਗੰਢੇ ਸਟੋਰ ਕੀਤੇ ਹਨ ਤਾਂ ਉਸ ਨੇ ਪਤਾਲ 'ਚ ਤਾਂ ਕੀਤੇ ਨਹੀਂ ਹੋਣੇ, ਇਸ ਧਰਤੀ 'ਤੇ ਹੋਣਗੇ। ਸੋ ਜਿੱਥੇ ਵੀ ਗੰਢਿਆਂ ਦਾ ਸਟੋਰ ਮਿਲਦਾ ਉਸ ਨੂੰ ਪੈ ਜਾਓ ਉੱਲੀ-

ਉੱਲੀ ਕਰਕੇ... ! ਰੁਕੋ-ਰੁਕੋ ਕਿ ਤੁਹਾਨੂੰ ਲਗਦਾ ਇਹ ਕਦਮ ਸਹੀ ਹੋਵੇਗਾ। ਨਹੀਂ ਜੀ ਮੇਰੇ ਵਰਗੇ ਕਾਨੂੰਨ ਦੇ ਡਰਪੋਕ ਤੇ ਸ਼ਾਂਤੀ ਪਸੰਦ ਬੰਦੇ ਲਈ ਤਾਂ ਨਹੀਂ। ਸੋ ਦੂਜਾ ਕਦਮ ਇਹ ਹੈ ਕਿ ਤੁਹਾਡੇ ਹੱਥ ਇਹੋ ਜਿਹੀ ਪਾਵਰ ਹੈ ਕਿ ਤੁਸੀਂ ਜਦੋਂ ਚਾਹੋਂ ਇਹਨਾਂ ਸਰਕਾਰੀਆਂ ਦੇ ਤੇ ਵਪਾਰੀਆਂ ਦੇ ਗੰਢੇ ਗਾਲ਼ ਸਕਦੇ ਹੋ। ਅੱਜ ਜੇ ਅਸੀਂ ਇੱਕ ਸੁਰ ਹੋ ਕੇ ਸਿਰਫ਼ ਦੋ ਮਹੀਨੇ ਗੰਢੇ ਨਾ ਖਾਣ ਦੀ ਸੌਂਹ ਪਾ ਦੇਈਏ ਤਾਂ ਦੇਖਿਓ ਇਹਨਾਂ ਦੇ ਗੰਢਿਆਂ ਦੀ ਬੋ ਹੀ ਇਹਨਾਂ ਦਾ ਦਮ ਘੁੱਟ ਦੇਵੇਗੀ। ਪਰ ਜਦੋਂ ਅਸੀਂ ਕਿਸੇ ਚੀਜ਼ ਦੇ ਆਦੀ ਹੋ ਜਾਈਏ ਤਾਂ ਛੱਡਣੀ ਔਖੀ ਹੋ ਜਾਂਦਾ ਹੈ। ਸੋ ਗੰਢੇ ਛੁਡਾਉਣ ਦਾ ਮੇਰਾ ਹੇਠ ਦਿੱਤਾ ਨੁਸਖ਼ਾ ਆਪਣਾ ਕੇ ਦੇਖਿਆ ਜਾ ਸਕਦਾ ਹੈ ਉਮੀਦ ਹੈ ਲਾਹੇਵੰਦ ਹੋਵੇਗਾ।

ਜਦੋਂ ਕਿਸੇ ਚੀਜ਼ ਤੋਂ ਮਨ ਭਜਾਉਣਾ ਹੋਵੇ ਤਾਂ ਉਸ ਦੇ ਇਕੱਲੇ ਨਕਾਰਾਤਮਕ ਪੱਖ ਦੇਖੋ। ਬੱਸ ਥੋੜ੍ਹੇ ਦਿਨਾਂ 'ਚ ਹੀ ਤੁਹਾਡਾ ਅੰਦਰ ਉਸ ਚੀਜ਼ ਲਈ ਮੰਗ ਨਹੀਂ ਕਰੇਗਾ। ਉਦਾਹਰਣ ਦੇ ਤੌਰ 'ਤੇ ਇੱਕ ਪੂਰੇ ਪਰਿਵਾਰ ਦੇ ਜੀਆਂ ਦਾ ਗੰਢਿਆਂ ਪ੍ਰਤੀ ਨਜ਼ਰੀਆ ਦੇਖੋ; ਗੰਢੇ ਛਿਲਦਿਆਂ ਮਾਂ ਕਹਿੰਦੀ ਹੈ ਕਿ ਅੱਖਾਂ 'ਚੋਂ ਪਾਣੀ ਨਿਕਲਦਾ, ਬਾਪੂ ਕਹਿੰਦਾ ਹੈ ਕਿ ਗੰਢੇ ਘੱਟ ਲਿਆਇਆ ਕਰੋ ਦਸ ਕੁ ਦਿਨਾਂ 'ਚ ਗਲ਼ ਜਾਂਦੇ ਹਨ ਜਾਂ ਭੂਕਾਂ ਨਿਕਲ ਆਉਂਦੀਆਂ ਹਨ। ਘਰ ਵਾਲੀ ਗਿਲਾ ਕਰਦੀ ਆ ਕੇ ਤੁਹਾਡੇ ਤਾਂ ਮੂੰਹ 'ਚੋਂ ਬੋ ਆਉਂਦੀ ਹੈ। ਨਿਆਣੇ ਕਹਿੰਦੇ ਆ ਗੰਢੇ ਕੱਟਣ ਵਾਲੇ ਹੱਥਾਂ ਨਾਲ ਸਾਨੂੰ ਦੁੱਧ ਨਾ ਦਿਓ ਮੁਸਕ ਆਉਂਦੀ ਹੈ। ਹੁਣ ਤੁਸੀਂ ਦੱਸੋ ਜਦੋਂ ਇਹਨਾਂ ਗੰਢਿਆਂ ਤੋਂ ਸਾਰਾ ਟੱਬਰ ਦੁਖੀ ਹੈ ਤਾਂ ਫੇਰ 'ਗੰਢਿਆਂ ਤੋਂ ਕੀ ਗੰਢੇ ਲੈਣੇ ਆ ਅਸੀਂ। ਬੱਸ ਇੰਨੀਆਂ ਕੁ ਗੱਲਾਂ ਨਾਲ ਤੁਹਾਨੂੰ ਗੰਢਿਆਂ ਤੋਂ ਨਫ਼ਰਤ ਹੋ ਜਾਵੇਗੀ। ਜਦੋਂ ਗੰਢੇ ਹੋ ਗਏ ਸਸਤੇ ਉਦੋਂ ਆਪਾਂ ਫੇਰ ਨੁਸਖ਼ਾ ਨੰਬਰ ਦੋ ਵਰਤ ਲਵਾਂਗੇ ਯਾਨੀ ਇਹਨਾਂ ਦਾ ਸਕਾਰਾਤਮਕ ਪੱਖ ਪ੍ਰਚਾਰ ਲਵਾਂਗੇ। ਪਰ ਫ਼ਿਲਹਾਲ ਜਾਂ ਤਾਂ ਅੰਗੂਰ ਖੱਟੇ ਕਹਿਣ 'ਚ ਹੀ ਭਲਾਈ ਹੈ ਜਾਂ ਫੇਰ ਸੱਸ ਬਹੂ ਦੇ ਸੀਰੀਅਲ ਅਤੇ ਫੇਸਬੁੱਕ ਛੱਡ ਕੇ ਦੋ ਮੰਜੀਆਂ ਜਿੰਨੇ ਥਾਂ 'ਚ ਦੋ ਕਿਆਰੀਆਂ ਗੰਢੇ ਬੀਜ ਲਵੋ ਤਾਜ਼ੇ ਪੱਟੋ ਤੇ ਤਾਜ਼ੇ ਖਾਓ। ਜਾਂਦਾ-ਜਾਂਦਾ ਇਹ ਵੀ ਦੱਸ ਦੇਵਾਂ ਕਿ ਗੰਢਿਆਂ ਦੀਆਂ ਭੂਕਾਂ ਸੁੱਟਿਓ ਨਾ ਚਟਣੀ ਬਹੁਤ ਖ਼ੂਬ ਬਣਦੀ ਆ ਹਰੀਆਂ ਭੂਕਾਂ ਦੀ।

****

# ਬੇਬਾਕ ਇਮਾਨਦਾਰੀ

ਮਿੰਟੂ ਬਰਾੜ ਦੇ ਲੇਖ ਅਕਸਰ ਹੀ ਅਖ਼ਬਾਰਾਂ ਜਾਂ ਨੈੱਟ ਤੇ ਮੇਰੇ ਨਾਲ ਆ ਟਕਰਾਉਂਦੇ ਹਨ। ਉਸ ਵੱਲੋਂ ਚੁੱਕੇ ਹੋਏ ਸਮਾਜਿਕ ਮੁੱਦੇ ਝੂਠ ਨਾਲ ਭਰਵੀਂ ਟੱਕਰ ਲੈਂਦੇ ਹੋਏ ਤੁਹਾਡੇ ਦਿਲੋਂ ਦਿਮਾਗ 'ਚ ਵੜ ਜਾਦੇ ਹਨ। 'ਕੰਗਰੂਨਾਮਾ' ਕਿਤਾਬ ਇੱਕ ਇਹੋ ਜਿਹਾ ਦਸਤਾਵੇਜ਼ ਬਣਨ ਜਾ ਰਿਹਾ ਹੈ, ਜੋ ਸਮੇਂ ਦੇ ਸਮਾਜਿਕ ਵਰਤਾਰੇ ਦੇ ਇਤਿਹਾਸ ਨੂੰ, ਭਵਿੱਖ ਦੇ ਸਮਾਜਿਕ ਖ਼ੋਜੀਆਂ ਲਈ ਇੱਕ ਪਲੇਟਫ਼ਾਰਮ ਦੇਵੇਗਾ। ਆਪਣੀ ਗੱਲ ਕਹਿਣਾ ਤਾਂ ਹਰ ਲੇਖਕ ਚਾਹੁੰਦਾ ਹੈ, ਪਰ ਅਕਸਰ ਉਹ ਕਿਸੇ ਲਾਲਚ ਵੱਸ ਜਾਂ ਡਰ ਕੇ ਸੱਚ ਬੋਲਣ ਤੋਂ ਜਾਂ ਪਿੱਛੇ ਹਟ ਜਾਂਦਾ ਹੈ ਜਾਂ ਗੱਲ ਗੋਲ-ਮੋਲ ਕਰ ਦੇਂਦਾ ਹੈ। ਮਿੰਟੂ ਨੇ ਸਾਫ ਤੇ ਸਪੱਸ਼ਟ ਗੱਲਾਂ ਕੀਤੀਆਂ ਹਨ। ਹੋ ਸਕਦਾ ਇਸ ਕਾਰਨ ਕਦੇ-ਕਦੇ ਦੁੱਖ ਵੀ ਸਹਿਣਾ ਪਿਆ ਹੋਵੇ। ਵੱਡੇ ਲੇਖਕਾਂ, ਵਪਾਰੀਆਂ ਜਾਂ ਅਦਾਰਿਆਂ ਨੂੰ ਨਾਰਾਜ਼ ਵੀ ਕੀਤਾ ਹੋਵੇ। ਪਰ ਯਾਦ ਰੱਖਣ ਵਾਲੀ ਗੱਲ ਇਹੋ ਹੈ ਕਿ ਇਹ ਤਾਂ ਸਮੇਂ ਦੀਆਂ ਵਕਤੀ ਮਾਰਾਂ ਹਨ। ਓੜਕ ਸੱਚ ਨੇ ਹੀ 'ਸਮੇਂ ਦਾ ਸੱਚ' ਬਣਨਾ ਹੈ। ਮੈਂ 'ਮਿੰਟੂ' ਨੂੰ ਇਸ 'ਬੇਬਾਕ ਇਮਾਨਦਾਰੀ' ਨਾਲ ਲਿਖੇ ਲੇਖਾਂ ਲਈ ਵਧਾਈ ਦੇਂਦਾ ਹਾਂ।

**ਜਨਮੇਜਾ ਸਿੰਘ ਜੌਹਲ**

+91 98159-45018

# ਮਾਲਵੇ ਦੇ ਟਿੱਬਿਆਂ 'ਚ ਉੱਗਿਆ ਫੁੱਲ

ਮਿੰਟੂ ਬਰਾੜ ਮਾਲਵੇ ਦੇ ਟਿੱਬਿਆਂ ਦੀ ਪੰਜਾਬੀ ਬੋਲੀ 'ਚ ਆਪਣਿਆ ਯਾਦਾਂ ਦੇ ਫੁੱਲ ਪਰੋ ਕੇ ਇਸ ਤਰ੍ਹਾਂ ਪਾਠਕਾਂ ਅੱਗੇ ਰੱਖਦਾ ਹੈ ਕਿ ਹਰ ਇੱਕ ਪੜ੍ਹਨ ਵਾਲਾ ਪਾਠਕ ਉਨ੍ਹਾਂ ਫੁੱਲਾਂ ਦੀ ਖ਼ੁਸ਼ਬੋ ਨਾਲ ਮੁਹਾਤਰ ਹੋ ਜਾਂਦਾ ਹੈ। ਕਾਫ਼ੀ ਲੰਬੇ ਵਕਫ਼ੇ ਤੋਂ ਆਸਟ੍ਰੇਲੀਆ ਦੀ ਧਰਤੀ 'ਤੇ ਰਹਿੰਦੇ ਹੋਏ ਇੱਥੋਂ ਦੇ ਜੀਵਨ ਸਭਿਆਚਾਰ ਤੇ ਪੰਜਾਬ ਵੱਸਦੇ ਸੱਜਣਾਂ ਦੀ ਯਾਦ 'ਚ ਲੰਘਦੇ ਵਕਤ ਦੀ ਪੀੜ ਵੀ ਇਸ ਕਲਮ ਨੇ ਖ਼ੂਬ ਹੰਢਾਈ ਹੈ। ਅਕਸਰ ਮਿੰਟੂ ਬਰਾੜ ਹੋਰਾਂ ਦੇ ਲੇਖਾਂ 'ਚੋਂ ਜਿੱਥੇ ਇੱਕ ਸਿਆਣੇ ਸੂਝਵਾਨ ਤੇ ਸੁਹਿਰਦ ਲੇਖਕ ਦੀ ਝਲਕ ਮਿਲਦੀ ਹੈ ਓਥੇ ਹੀ ਇੱਕ ਅਣਭੋਲ ਪੇਂਡੂ ਮੁੰਡੇ ਦੇ ਜਜ਼ਬਾਤ ਵੀ ਉਨ੍ਹਾਂ ਨਾਲ ਜੁੜੇ ਹੋਏ ਮਹਿਸੂਸ ਹੁੰਦੇ ਨੇ।

ਕੰਗਰੂਨਾਮਾ ਪੁਸਤਕ ਇੱਕ ਯਾਦਾਂ ਦੇ ਫੁੱਲਾਂ ਦੀ ਬਣੀ ਹੋਈ ਉਹ ਮਾਲਾ ਹੈ ਜਿਸ ਦਾ ਹਰ ਇੱਕ ਫੁੱਲ ਆਪਣੀ ਸਦੀਵੀ ਮਹਿਕ ਵੰਡਦਾ ਰਹੇਗਾ ਤੇ ਵਕਤ ਵੀ ਇਸ ਮਾਲਾ ਦੀ ਮਹਿਕ ਨੂੰ ਕਦੇ ਫਿੱਕਾ ਨੀ ਪਾ ਸਕਦਾ। ਇਸ ਕਿਤਾਬ ਅਤੇ ਇਸ ਦੇ ਲੇਖਕ ਮਿੰਟੂ ਬਰਾੜ ਹੋਰਾਂ ਲਈ ਮੈਂ ਦੁਆ ਕਰਦਾ ਹਾਂ ਕਿ ਇਹ ਹਮੇਸ਼ਾ ਹੀ ਆਪਣੇ ਪਾਠਕਾਂ ਦੇ ਦਿਲਾਂ 'ਚ ਇੱਕ ਖ਼ਾਸ ਸਨਮਾਨ ਬਣਾਈ ਰੱਖਣ।

**ਮਨਪ੍ਰੀਤ ਸਿੰਘ ਢੀਂਡਸਾ**

**ਐਡੀਲੇਡ**

## 'ਰਿਵਰਲੈਂਡ' ਇਕ ਪੰਜਾਬੀ ਝਾਤ

ਸੰਨ 2007 'ਚ ਆਸਟ੍ਰੇਲੀਆ ਆ ਕੇ ਜਿਹੜੀਆਂ ਕੁਝ ਕੁ ਘਾਟਾਂ ਮਹਿਸੂਸ ਹੋਈਆਂ ਉਨ੍ਹਾਂ ਵਿੱਚ ਇੱਕ ਸੀ ਆਪਣੀ ਲਿਖਣ ਪੜ੍ਹਨ ਦੀ ਝੱਸ ਪੂਰੀ ਕਰਨ ਦੀ। ਭਾਵੇਂ ਆਸਟ੍ਰੇਲੀਆ 'ਚ ਪੰਜਾਬੀ ਅਖ਼ਬਾਰ ਮੇਰੇ ਆਉਣ ਤੋਂ ਬਹੁਤ ਪਹਿਲਾਂ ਛਪਣੇ ਸ਼ੁਰੂ ਹੋ ਗਏ ਸਨ। ਪਰ ਮੈਂ ਸਾਊਥ ਆਸਟ੍ਰੇਲੀਆ ਦੇ ਪੇਂਡੂ ਵਸੋਂ ਵਾਲੇ ਇਲਾਕੇ 'ਚ ਆਉਣ ਕਾਰਨ ਇੰਨ੍ਹਾਂ ਤੋਂ ਵਾਂਝਾ ਸੀ। ਤਕਰੀਬਨ ਇੱਕ ਸਾਲ ਲੱਗ ਗਿਆ ਅਖ਼ਬਾਰਾਂ ਤੱਕ ਆਪਣੀ ਪਹੁੰਚ ਬਣਾਉਣ 'ਚ। ਪਰ ਇੱਕ ਦਿਨ ਮਨਜੀਤ ਬੋਪਾਰਾਏ ਵੱਲੋਂ ਸ਼ੁਰੂ ਕੀਤਾ ਅਖ਼ਬਾਰ 'ਦੀ ਪੰਜਾਬ' ਹੱਥ ਲੱਗਿਆ। ਉਸ ਵਿੱਚੋਂ ਕੁਝ ਕੁ ਗੱਲਾਂ ਮੈਨੂੰ ਰੜਕੀਆਂ ਤੇ ਆਪਾਂ ਸੰਪਾਦਕ ਸਾਹਿਬ ਨੂੰ ਫ਼ੋਨ ਲਾ ਲਿਆ। ਲੰਬੀ ਚੌੜੀ ਗੱਲਬਾਤ ਤੋਂ ਬਾਅਦ ਮੈਂ ਉਨ੍ਹਾਂ ਨਾਲ ਉਨ੍ਹਾਂ ਦੇ ਅਖ਼ਬਾਰ 'ਚ ਲਗਾਤਾਰ ਲਿਖਣ ਦਾ ਵਾਅਦਾ ਕੀਤਾ। ਸ਼ੁਰੂਆਤ ਰਿਵਰਲੈਂਡ ਤੋਂ ਕਰਨ ਦੀ ਗੱਲ ਹੋਈ। ਸੋ ਇਹ ਮੇਰਾ ਪਹਿਲਾ ਲੇਖ ਬਣਿਆ ਆਸਟ੍ਰੇਲੀਆ ਦੇ ਅਖ਼ਬਾਰ 'ਚ ਛਪਣ ਵਾਲਾ। ਇਸ ਲੇਖ ਤੋਂ ਬਾਅਦ ਮੈਨੂੰ ਆਸਟ੍ਰੇਲੀਆ ਭਰ ਤੋਂ ਫ਼ੋਨ ਆਏ ਤੇ ਲੋਕਾਂ ਦੀ ਇਸ ਪੇਂਡੂ ਇਲਾਕੇ ਬਾਰੇ ਜਿਗਿਆਸਾ ਕਾਫ਼ੀ ਵਧੀ। ਮੇਰਾ ਇਹ ਲੇਖ 2008 'ਚ 'ਦੀ ਪੰਜਾਬ' 'ਚ ਛਪਿਆ ਸੀ। ਇਸ ਤੋਂ ਛੇਤੀ ਬਾਅਦ ਮੇਰੀ ਇਸ ਅਖ਼ਬਾਰ 'ਚ ਸਹਿ ਸੰਪਾਦਕ ਵੱਜੋ ਨਿਯੁਕਤੀ ਹੋ ਗਈ ਸੀ। ਜੋ ਅੱਜ ਤੱਕ ਨਿਰਵਿਘਨ ਜਾਰੀ ਹੈ।



# Former resident bestowed writer's award

FORMER Berri resident and journalist Gurshminder Singh (Mintu Brar) recently received the prestigious honour of Pen of the Year from *The Punjab International* newspaper.

Mr Singh, now living in Adelaide, received the award for showing appreciation and dedication to the Punjabi language as a regular columnist.

Honoured to receive the acknowledgement, Mr Singh said it is the first time an award of its type has been given to a Punjabi writer living in Australia.

"I feel very happy because I (have) got a lot of awards in my country but in Australia this is the first one for me," he said.

Editor of the *Punjabi News Online*, Mr Singh said he has written about many topics, including local issues such as the shortage of water.

"I write about those just to highlight the truth," he said.

RECOGNISED: Former Riverlander Gurshminder Singh (Mintu Brar) was awarded the Pen of the Year award by *The Punjab International* newspaper. Photo: BRAD PERRY

**ਲੋਕਲ ਅਖ਼ਬਾਰ ਰਿਵਰਲੈਂਡ ਵੀਕਲੀ ਵਿੱਚ ਲੇਖਕ ਬਾਰੇ ਖ਼ਬਰ**



**ਐਡੀਲੇਡ ਦੇ ਇਕ ਪਾਰਕ ਵਿਚ ਲੇਖਕ ਦੇ ਕੁਝ ਪਲ ਰਾਸ਼ਟਰੀ ਜਾਨਵਰ ਕੈਂਗਰੂ ਨਾਲ**

# 'ਰਿਵਰਲੈਂਡ' ਇਕ ਪੰਜਾਬੀ ਝਾਤ

If you want to peace of mind, you can get it in Riverland.

ਜਿਵੇਂ ਕਿ ਪੰਜਾਬ ਕਹਿਣ ਤੇ ਸਹਿਜੇ ਹੀ ਪੰਜਾਂ ਪਾਣੀਆਂ ਦਾ ਖ਼ਿਆਲ ਸਾਡੇ ਮਨ ਵਿੱਚ ਆ ਜਾਂਦਾ ਹੈ। ਉਸੇ ਤਰ੍ਹਾਂ ਹੀ ਰਿਵਰਲੈਂਡ ਦੀ ਝਲਕ ਵੀ ਇਸ ਦੇ ਨਾਂ ਵਿਚੋਂ ਆਸਾਨੀ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ। ਆਪਣੇ ਨਾਂ ਮੁਤਾਬਿਕ ਮਰੇ ਰਿਵਰ (ਨਦੀ) ਦੇ ਕੰਢੇ-ਕੰਢੇ ਵਸੇ ਕੁਝ ਕਸਬਿਆਂ ਨੂੰ ਮਿਲਾ ਕੇ ਰਿਵਰਲੈਂਡ ਬਣਦਾ ਹੈ। ਇਹ ਭੂਗੋਲਿਕ ਸਥਿਤੀ ਅਨੁਸਾਰ ਦੱਖਣੀ ਅਸਟ੍ਰੇਲੀਆ ਦੀ ਰਾਜਧਾਨੀ ਐਡੀਲੇਡ ਦੇ ਉੱਤਰ ਵੱਲ ਸਟੁਅਰਟ ਹਾਈਵੇ ਏ-20 'ਤੇ ਐਡੀਲੇਡ ਤੋਂ ਤਕਰੀਬਨ 130 ਕਿਲੋਮੀਟਰ ਤੋਂ ਸ਼ੁਰੂ ਹੋ ਕੇ ਵਿਕਟੋਰੀਆ ਰਾਜ ਦੀ ਹੱਦ ਨਾਲ ਜਾ ਲਗਦਾ ਹੈ। ਕੁਲ 2530 ਕਿਲੋਮੀਟਰ ਲੰਮੀ ਮਰੇ ਨਦੀ ਆਪਣਾ ਲਗਭਗ 150 ਕਿਲੋਮੀਟਰ ਦਾ ਸ.ਫਰ ਰਿਵਰਲੈਂਡ ਵਿੱਚ ਦੀ ਤੈਅ ਕਰਦੀ ਹੈ। ਇੰਨੇ ਲੰਮੇ ਰਾਹ ਵਿੱਚ ਬਲੈਂਚ ਟਾਊਨ, ਸਵਾਨ ਰੀਚ, ਵਾਏਕਰੀ, ਕਿੰਗਸਟਨ, ਮਾਰੂਕ, ਕਬਡੋਗਲਾ, ਲਵ ਡੇ, ਬਾਮਰਾ, ਮੋਨਾਸ਼, ਗਲੋਸਪ, ਵਿਨਕੀ, ਬੈਰੀ, ਰੈਨਮਾਰਕ, ਲੀਰੁਪ, ਲੋਕਸਟਨ, ਪਰੀਂਗਾ ਆਦਿ ਕਸਬੇ ਆਉਂਦੇ ਹਨ। ਜਦੋਂ ਕਿ ਮੋਰਗਨ ਇੱਕ ਪਾਸੇ ਹਟਵਾਂ ਹੈ। ਇਨ੍ਹਾਂ ਸਾਰੇ ਕਸਬਿਆਂ ਦੀ ਕੁਲ ਆਬਾਦੀ ਤਕਰੀਬਨ 30,000 ਹੈ ਅਤੇ ਇੱਥੋਂ ਦਾ ਤਾਪਮਾਨ ਆਮ ਤੌਰ ਤੇ ਘੱਟ ਤੋਂ ਘੱਟ 5 ਡਿਗਰੀ ਸੈਲਸੀਅਸ ਤੇ ਵੱਧ ਤੋਂ ਵੱਧ 33 ਡਿਗਰੀ ਸੈਲਸੀਅਸ ਹੁੰਦਾ ਪਰ ਪਿਛਲੇ ਕੁਝ ਸਾਲਾਂ ਤੋਂ ਇਹ 45 ਡਿਗਰੀ ਸੈਲਸੀਅਸ ਤੱਕ ਵੀ ਰਿਕਾਰਡ ਕੀਤਾ ਗਿਆ।

ਰਿਵਰਲੈਂਡ ਦੀ ਪਛਾਣ ਅਸਟ੍ਰੇਲੀਆ ਤਾਂ ਕੀ ਪੂਰੀ ਦੁਨੀਆ ਵਿੱਚ ਇਸ ਦੀ ਵਾਈਨ ਕਰਕੇ ਕੀਤੀ ਜਾਂਦੀ ਹੈ। ਇੱਥੋਂ ਦੀ ਵਾਈਨ ਦਾ ਇਤਿਹਾਸ ਇੱਕ ਸਦੀ ਤੋਂ ਵੀ ਪੁਰਾਣਾ ਹੈ। ਇਸੇ ਕਰਕੇ ਇੱਥੇ ਆਕੇ ਜੱਦੋ ਤੁਸੀਂ ਆਪਣੀ ਨਿਗ੍ਹਾ ਘੁੰਮਾਉਂਦੇ ਹੋ ਤਾਂ ਤੁਹਾਨੂੰ ਚਾਰੇ ਪਾਸੇ ਅੰਗੂਰਾਂ ਦੇ ਬਾ.ਗ ਹੀ ਬਾ.ਗ ਦਿਖਾਈ ਦੇਣਗੇ। ਆਂਕੜੇ ਦੱਸਦੇ ਹਨ ਕਿ ਦੱਖਣੀ ਅਸਟ੍ਰੇਲੀਆ ਵਿੱਚ ਬਣਨ ਵਾਲੀ ਕੁਲ ਵਾਈਨ ਦਾ ਤਕਰੀਬਨ ਅੱਧਾ ਹਿੱਸਾ ਅਤੇ ਪੂਰੇ ਅਸਟ੍ਰੇਲੀਆ ਵਿੱਚ ਬਣਨ ਵਾਲੀ ਕੁਲ ਵਾਈਨ ਦਾ ਇੱਕ ਚੌਥਾਈ ਹਿੱਸਾ ਇਕੱਲੇ ਰਿਵਰਲੈਂਡ ਵਿੱਚ ਬਣਦਾ ਹੈ। ਇਤਿਹਾਸ ਦੱਸਦਾ ਹੈ ਕਿ ਪਹਿਲੇ ਵਿਸ਼ਵ ਯੁੱਧ ਤੋਂ ਪਿੱਛੋਂ ਇਸ ਵਿੱਚ ਹਿੱਸਾ ਲੈਣ ਵਾਲੇ ਬਹੁਤ ਸਾਰੇ .ਫੌਜੀਆਂ ਨੂੰ ਸਰਕਾਰ ਨੇ ਇੱਥੇ ਜ਼ਮੀਨਾਂ ਅਲਾਟ ਕੀਤੀਆ ਸਨ। ਰਿਵਰਲੈਂਡ ਨੂੰ ਸਿੰਚਾਈ ਹੇਠ ਲੈ ਕੇ ਆਉਣ ਦਾ ਸਿਹਰਾ ਕੈਨੇਡੀਅਨ ਜੌਰਜ ਛੈਫੀ ਅਤੇ ਉਨ੍ਹਾਂ ਦੇ ਭਰਾਵਾਂ ਨੂੰ ਜਾਂਦਾ ਹੈ। ਉਨ੍ਹਾਂ ਸੰਨ 1887 ਦੇ ਨੇੜੇ-ਤੇੜੇ ਇਸ ਕੰਮ ਨੂੰ ਅੰਜਾਮ ਦਿਤਾ ਤੇ ਜਿਸ ਦੇ ਨਤੀਜੇ ਵਜੋਂ ਅੱਜ ਇਥੇ ਤਕਰੀਬਨ 1300 ਕਿਸਾਨ 480, 000 ਟਨ ਅੰਗੂਰ ਪੈਦਾ ਕਰ ਰਹੇ ਹਨ ਅਤੇ ਬਹੁਤ ਸਾਰੇ ਕਿਸਾਨ ਸੰਤਰੇ, ਸਟੋਨ ਫਰੂਟ ਅਤੇ ਬਦਾਮ ਵੀ ਪੈਦਾ ਕਰ ਰਹੇ ਹਨ। ਜਿਸ ਕਰਕੇ ਰਿਵਰਲੈਂਡ ਦੁਨੀਆਂ ਦੇ ਨਕਸ਼ੇ 'ਤੇ ਉੱਭਰ ਕੇ ਆਇਆ। ਰਿਵਰਲੈਂਡ ਵਿੱਚ ਪਹਿਲੀ ਵਾਇਨਰੀ 1910 ਵਿੱਚ ਡਾਕਟਰ ਡਬਲਯੂ. ਟੀ. ਐਨਗਵ ਨੇ ਸਥਾਪਿਤ ਕੀਤੀ ਸੀ ਤੇ ਹੌਲੀ-ਹੌਲੀ ਕਿੰਨੀਆਂ ਹੀ ਛੋਟੀਆਂ-ਵੱਡੀਆਂ ਵਾਇਨਰੀਆਂ ਇੱਥੇ ਸਥਾਪਿਤ ਹੋ ਗਈਆ। ਅੱਜ ਅਸਟ੍ਰੇਲੀਆ ਦੀ ਸਭ ਤੋਂ ਵੱਡੀ ਵਾਇਨਰੀ ਬੈਰੀ ਅਸਟੇਟ Constellation Wines (Berri Estate) ਨੂੰ ਕੌਣ ਨਹੀਂ ਜਾਣਦਾ। ਜੋ ਕਿ ਰਿਵਰਲੈਂਡ ਦਾ ਦਿਲ ਕਹੇ ਜਾਂਦੇ ਕਸਬੇ ਬੈਰੀ ਵਿਚ ਬੜੀ

ਕਾਮਯਾਬੀ ਨਾਲ ਚੱਲ ਰਹੀ ਹੈ।

ਇਸ ਤੋਂ ਇਲਾਵਾ ਰਿਵਰਲੈਂਡ ਦੇ ਕੁਝ ਇਤਿਹਾਸਕ ਤੇ ਦੇਖਣਯੋਗ ਥਾਂ ਜਿਵੇਂ ਕਿ ਲੇਕ ਬੋਨੀ, ਬਿਗ ਔਰੰਜ, ਅਡਵੈਂਚਰ ਪਾਰਕ, ਲੋਕਸਟਨ ਹਿਸਟੋਰੀਕਲ ਵੀਲੇਜ ਅਤੇ ਰਿਵਰਲੈਂਡ ਡਰਾਈਵ ਇਨ ਸਿਨਮਾ ਹਨ, ਜੋਕਿ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦੇ ਹਨ। ਇੱਥੋਂ ਦੇ ਅੰਤਰਰਾਸ਼ਟਰੀ ਪੱਧਰ ਦੇ ਗੌਲਫ਼ ਕੋਰਸ, ਬਾਲਿੰਗ ਕਲੱਬ ਅਤੇ ਹਾਊਸ ਬੋਟ ਵੀ ਦੇਖਣਯੋਗ ਹਨ। ਮੁਕਦੀ ਗੱਲ ਹੈ ਕਿ ਸ਼ਹਿਰਾਂ ਦੇ ਭੀੜ-ਭੜਕੇ ਵਿਚੋਂ ਆਏ ਹਰ ਇੱਕ ਇਨਸਾਨ ਨੂੰ ਰਿਵਰਲੈਂਡ ਦੀ ਹਰ ਚੀਜ਼ ਮਨ ਦੀ ਸ਼ਾਂਤੀ ਅਤੇ ਸਕੂਨ ਦਿੰਦੀ ਹੈ।

ਜੇਕਰ ਇੱਥੇ ਆਪਾਂ ਅਸਟ੍ਰੇਲੀਆ ਦੇ ਮੂਲ ਨਿਵਾਸੀਆਂ ਜਾਣੀ ਕਿ ਅਬਰਿਜਨਲਾਂ ਦੀ ਗੱਲ ਨਹੀਂ ਕਰਦੇ ਤਾਂ ਇਨਸਾਫ਼ ਨਹੀ ਹੋਵੇਗਾ। ਸੰਨ 1824 ਤੋਂ ਪਹਿਲਾਂ ਇੱਥੇ ਇਕੱਲੇ ਅਬਰਿਜਨਲ ਹੀ ਵੱਸਦੇ ਸਨ। ਕਹਿੰਦੇ ਹਨ ਸੰਨ 1824 ਵਿੱਚ ਹਮਿਲਟਨ ਹਉਮ ਅਤੇ ਵਿਲੀਅਮ ਹੋਵਲ ਇੱਥੇ ਆਉਣ ਵਾਲੇ ਪਹਿਲੇ ਗੋਰੇ ਸਨ ਤੇ ਹੌਲੀ-ਹੌਲੀ ਹੋਰ ਮੁਲਕਾਂ ਤੋਂ ਆਕੇ ਲੋਕ ਇੱਥੇ ਵੱਸਦੇ ਗਏ ਅਤੇ ਰਿਵਰਲੈਂਡ ਦੀ ਕਾਮਯਾਬੀ ਵਿੱਚ ਬਣਦਾ ਯੋਗਦਾਨ ਪਾਉਂਦੇ ਰਹੇ। ਅੱਜ ਵੀ ਬਹੁਤ ਸਾਰੇ ਅਬਰਿਜਨਲ ਇੱਥੇ ਵੱਸਦੇ ਹਨ। ਇੱਥੋਂ ਦੇ ਜ਼ਿਆਦਾਤਰ ਕਸਬਿਆਂ ਦੇ ਨਾਂ ਵੀ ਇਨ੍ਹਾਂ ਦੀ ਭਾਸ਼ਾ ਵਿਚੋਂ ਹੀ ਨਿਕਲੇ ਹਨ। ਅੱਜ ਵੀ ਜਦੋਂ ਤੁਸੀ ਸੁਪਰ ਮਾਰਕੀਟ ਜਾਂਦੇ ਹੋ ਤਾਂ ਉੱਥੇ ਇਨ੍ਹਾਂ ਦੀ ਭਾਸ਼ਾ ਵਿੱਚ ਸਵਾਗਤ ਲਿਖਿਆ ਦੇਖ ਸਕਦੇ ਹੋ ਪਰ ਪੜ੍ਹ ਨਹੀ, ਕਿਉਂਕਿ ਆਪਾਂ ਇਨ੍ਹਾਂ ਦੀ ਭਾਸ਼ਾ ਪੜ੍ਹਣ ਤੋਂ ਅਸਮਰਥ ਹਾਂ ਪਰ ਜੇਕਰ ਆਪਾਂ ਕੁਛ ਪੜ੍ਹ ਕੇ ਖੁਸ਼ ਹੋ ਸਕਦੇ ਹਾਂ ਤਾਂ ਉਹ ਹੈ ਇੱਥੇ ਪੰਜਾਬੀ ਵਿਚ ਵੀ ਲਿਖਿਆ ਹੈ ॥ਜੀ ਆਇਆਂ ਨੂੰ ॥ ਜੋ ਰਿਵਰਲੈਂਡ ’ਚ ਪੰਜਾਬੀਆਂ ਦੀ ਹੋਂਦ ਦਰਸਾਉਂਦਾ ਹੈ।

ਹੁਣ ਗੱਲ ਇੱਥੇ ਆ ਜਾਂਦੀ ਹੈ ਕਿ ਦੁਨੀਆ ਦੇ ਕਿਸੇ ਕੋਨੇ ਦੀ ਗੱਲ ਹੋਵੇ ਤੇ ਉੱਥੇ ਪੰਜਾਬੀਆਂ ਦਾ ਜ਼ਿਕਰ ਨਾ ਹੋਵੇ ਇਹ ਤਾਂ ਹੋ ਹੀ ਨਹੀ ਸਕਦਾ। ਰਿਵਰਲੈਂਡ ਵਿੱਚ ਪੰਜਾਬੀਆਂ ਦਾ ਇਤਿਹਾਸ 1970 ਦੇ ਕਰੀਬ ਸ਼ੁਰੂ ਹੁੰਦਾ ਤੇ ਅੱਜ ਆਲਮ ਇਹ ਹੈ ਕਿ 200 ਦੇ ਕਰੀਬ ਪਰਿਵਾਰ ਇੱਥੇ ਪੱਕੇ ਤੌਰ ’ਤੇ ਅਪਣੀ ਜ਼ਿੰਦਗੀ ਬਸਰ ਕਰ ਰਹੇ ਹਨ। ਬਹੁਤ ਸਾਰੇ ਪੰਜਾਬੀਆਂ ਕੋਲ ਆਪਣੇ 30 ਤੋਂ 100 ਏਕੜ ਤੱਕ ਦੇ ਬਲਾਕ ਹਨ ਤੇ ਕੁਝ ਨੌਕਰੀਆਂ ਕਰਦੇ ਹਨ ਅਤੇ ਅੱਜ ਕੱਲ ਬਹੁਤ ਸਾਰੇ ਨਵੇਂ ਆਏ ਨੌਜਵਾਨ ਕੰਮ ਕਰਨ ਲਈ ਆਰਜ਼ੀ ਤੌਰ ’ਤੇ ਨੇੜਲੇ ਸ਼ਹਿਰਾਂ ਵਿਚੋਂ ਆ-ਜਾ ਰਹੇ ਹਨ। ਦੂਰ-ਦੂਰ ਖੇਤਾਂ ਵਿੱਚ ਪੰਜਾਬੀਆਂ ਦੇ ਘਰ ਪੰਜਾਬ ਦੀਆਂ ਢਾਣੀਆਂ ਦੀ ਯਾਦ ਤਾਜਾ ਕਰਵਾ ਦਿੰਦੇ ਹਨ ਤੇ ਕਈ ਵਾਰ ਤਾਂ ਕੋਈ ਨਾ ਕੋਈ ਪੰਜਾਬੀ ਵੀਰ ਸਿਰ ’ਤੇ ਪਰਨਾ ਬੰਨ੍ਹੀ ਤੇ ਕੁੜਤਾ ਪਜਾਮਾ ਪਾਈ ਆਪਣੇ ਖੇਤੋਂ ਕੰਮ ਕਰਦਾ-ਕਰਦਾ ਕੁਝ ਖ਼ਰੀਦੋ-ਫ਼ਰੋਖ਼ਤ ਕਰਨ ਆਇਆ ਬਾਜ਼ਾਰ ਮਿਲ ਜਾਂਦਾ ਹੈ ਤਾਂ ਅਚਨਚੇਤ ਹੀ ਪੰਜਾਬ ਦੀ ਕਿਸੇ ਮੰਡੀ ਦਾ ਚੇਤਾ ਆ ਜਾਂਦਾ ਹੈ। ਇੱਥੇ ਜ਼ਿਆਦਾਤਰ ਪੰਜਾਬੀ ਦੁਆਬੇ ਨਾਲ ਸਬੰਧਿਤ ਹਨ ਅਤੇ ਕੁੱਝ ਕੁ ਮਾਲਵੇ ਤੇ ਮਾਝੇ ਤੋਂ ਵੀ ਹਨ। ਸਾਰੀ ਦੁਨੀਆਂ ਵਾਂਗੂੰ ਇੱਥੇ ਵੀ ਪੰਜਾਬੀਆਂ ਆਪਣੀ ਮਿਹਨਤ ਸਦਕਾ ਦੂਜੀਆਂ ਕੌਮਾਂ ਵਿਚਕਾਰ ਆਪਣਾ ਖ਼ਾਸ ਥਾਂ ਬਣਾਇਆ ਹੋਇਆ ਹੈ। ਪੰਜਾਬੀਆ ਦੀਆਂ ਮੁੱਢਲੀਆਂ ਜ਼ਰੂਰਤਾਂ ਲਈ ਰੈਨਮਾਰਕ ਵਿੱਚ ਇੱਕ ਪੰਜਾਬੀ ਸਾਮਾਨ ਦੀ ਦੁਕਾਨ ਤੇ ਸਿਹਤ ਸਹੂਲਤਾਂ ਲਈ ਪੰਜਾਬੀ ਡਾਕਟਰ ਵੀ ਮੌਜੂਦ ਹਨ ਅਤੇ ਹਰ ਬੁੱਧਵਾਰ ਨੂੰ ਰਿਵਰਲੈਂਡ ਦੇ ਲੋਕਲ ਰੇਡੀਓ ਤੋਂ ਤੁਸੀਂ ਪੰਦਰ੍ਹਾਂ ਮਿੰਟ ਦਾ ਪੰਜਾਬੀ ਪ੍ਰੋਗਰਾਮ ਵੀ ਸੁਣ ਸਕਦੇ ਹੋ।

ਜਦੋਂ ਇੰਨੇ ਪੰਜਾਬੀ ਇੱਕ ਥਾਂ ’ਤੇ ਰਹਿੰਦੇ ਹੋਣ ਤਾਂ ਇਹ ਕਿਵੇਂ ਹੋ ਸਕਦਾ ਕਿ ਉਥੇ ਗੁਰਦਵਾਰਾ ਸਾਹਿਬ ਨਾ ਹੋਵੇ। ਰਿਵਰਲੈਂਡ ਵਿੱਚ ਇੱਕ ਨਹੀ ਦੋ ਗੁਰਦਵਾਰਾ ਸਾਹਿਬ ਹਨ। ਇੱਕ ਗਲੌਂਸਪ ਤੇ ਦੂਜੇ ਰੈਨਮਾਰਕ ਵਿੱਚ ਸੁਸ਼ੋਭਿਤ ਹਨ। ਗਲੌਂਸਪ ਗੁਰਦਵਾਰਾ ਸਾਹਿਬ ਰਿਵਰਲੈਂਡ ਦੇ ਬਿਲਕੁਲ ਵਿਚਕਾਰ ਪੈਂਦਾ ਹੈ। ਹਰ ਸ਼ਨੀਵਾਰ ਸਾਰੇ ਕਸਬਿਆਂ ਤੋਂ ਚਲ ਕੇ ਸੰਗਤਾਂ ਇੱਥੇ ਪਹੁੰਚਦੀਆਂ ਹਨ ਤੇ ਸਵੇਰੇ ਆਸਾ ਕੀ ਵਾਰ ਉਪਰੰਤ ਕੀਰਤਨ ਅਤੇ ਵਿਖਿਆਨ ਕੀਤੇ ਜਾਂਦੇ ਹਨ ਤੇ ਉਸ ਤੋਂ ਪਿਛੋ ਗੁਰੂ ਕਾ ਅਤੁਟ ਲੰਗਰ ਵਰਤਾਇਆ ਜਾਂਦਾ ਹੈ। ਹਰ ਵਾਰ ਲੰਗਰ ਦੀ ਸੇਵਾ ਕਿਸੇ ਨਾ ਕਿਸੇ ਇੱਕ ਪਰਿਵਾਰ ਵੱਲੋਂ ਕੀਤੀ ਜਾਂਦੀ ਹੈ ਤੇ ਕਈ ਵਾਰ ਸਾਰੀ ਸੰਗਤ ਵੱਲੋਂ। ਜਦੋਂ ਕਦੇ ਕੋਈ ਦਿਨ ਤਿਉਹਾਰ ਹੋਵੇ ਤਾਂ ਫਿਰ ਬਹੁਤ ਸੋਹਣੀ ਰੌਣਕ ਲਗਦੀ ਹੈ। ਰੈਨਮਾਰਕ ਗੁਰਦਵਾਰਾ ਸਾਹਿਬ ਵਿਚ ਵੀ ਸਮੇਂ-ਸਮੇਂ ਸਿਰ ਅਜਿਹੇ ਸਮਾਗਮ ਚਲਦੇ ਰਹਿੰਦੇ ਹਨ।

ਮੇਰੇ ਖ਼ਿਆਲ ਮੁਤਾਬਿਕ ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਮੈਂ ਇਕੱਲੀ ਵਡਿਆਈ ਹੀ ਕਰੀ ਜਾਨਾ ਰਿਵਰਲੈਂਡ ਦੀ, ਨਹੀਂ ਦੋਸਤੋ ਇਹ ਗੱਲ ਨਹੀਂ, ਰੁਪਈਏ ਦੇ ਇੱਕ ਪਾਸੇ ਸ਼ੇਰ ਦੀ ਤਸਵੀਰ ਵੀ ਹੁੰਦੀ ਹੈ। ਇਸੇ ਕਰਕੇ ਤਾਂ ਰਿਵਰਲੈਂਡ ਦਾ ਦੂਜਾ ਪੱਖ ਇਹ ਹੈ ਕਿ ਅੱਜ ਰਿਵਰਲੈਂਡ ਸੋਕੇ ਦੀ ਮਾਰ ਝੱਲ ਰਿਹਾ ਹੈ। ਵਧਦੀ ਮਹਿੰਗਾਈ ਤੇ ਘਟਦੇ ਪਾਣੀ ਨੇ ਅੱਜ ਇੱਥੋਂ ਦੇ ਕਿਸਾਨ ਦਾ ਲੱਕ ਤੋੜ ਰਖਿਆ ਹੈ। ਇਹ ਤਾਂ ਸ਼ੁਕਰ ਹੈ ਇੱਥੋਂ ਦੀ ਸਰਕਾਰ ਦਾ ਜੋ ਸਮੇਂ-ਸਮੇਂ ਸਿਰ ਥੋੜ੍ਹੀ-ਬਹੁਤ ਮਦਦ ਕਰ ਰਹੀ ਹੈ ਅਤੇ ਦੂਜੀ ਸਮੱਸਿਆ ਇੱਥੇ ਉਚੇਰੀ ਸਿੱਖਿਆ ਸੰਸਥਾਨ ਨਾ ਹੋਣਾ ਹੈ, ਜਿਸ ਕਾਰਨ ਇੱਥੋਂ ਦੇ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ ਦੂਰ-ਦੁਰਾਡੇ ਦੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ, ਇਸ ਕਰਕੇ ਇੱਥੋਂ ਦੀ ਨਵੀ ਪੀੜ੍ਹੀ ਦਾ ਰੁਝਾਨ ਸ਼ਹਿਰਾਂ ਵੱਲ ਜ਼ਿਆਦਾ ਹੋ ਗਿਆ ਹੈ।

ਇੱਕ ਖ਼ਾਸ ਗੱਲ ਤਾਂ ਤੁਹਾਡੇ ਨਾਲ ਸਾਂਝੀ ਕਰਨੀ ਰਹਿ ਹੀ ਗਈ ਸੀ ਰਿਵਰਲੈਂਡ ਦੇ ਪੰਜਾਬੀਆਂ ਬਾਰੇ ਤੇ ਉਹ ਹੈ ਕਿ ਜਿੱਥੇ ਇੰਨੇ ਪੰਜਾਬੀ ਰਹਿੰਦੇ ਹੋਣ ਤੇ ਉੱਥੇ ਲੜਾਈ-ਝਗੜਾ ਨਾ ਹੋਵੇ ਤਾਂ ਇਹ ਪੁਰਾਣੀ ਕਹਾਵਤ ਝੂਠੀ ਹੋ ਜਾਵੇਗੀ ਕਿ ‘ਬਿਨਾਂ ਜੱਟ ਦੇ ਕਚਹਿਰੀ ਕੋਈ ਕੇਸ ਨਾ ਲੜੇ’। ਸੋ ਆਪਣੇ ਬਜ਼ੁਰਗਾਂ ਦੀਆਂ ਦਿੱਤੀਆਂ ਕਹਾਵਤਾਂ ਨੂੰ ਬਚਾਉਣ ਲਈ ਇੱਥੋਂ ਦੇ ਪੰਜਾਬੀ ਆਪਣਾ ਫ਼ਰਜ਼ ਬਾਖ਼ੂਬੀ ਨਿਭਾ ਰਹੇ ਹਨ, ਚਲੋ ਇਸ ਗੱਲ ਦਾ ਦਿਲਾਸਾ ਵੀ ਆਪਾਂ ਇਸ ਕਹਾਵਤ ਨਾਲ ਦੇ ਲੈਂਦੇ ਹਾ ਕਿ ‘ਜਿੱਥੇ ਚਾਰ ਭਾਂਡੇ ਇਕਠੇ ਹੋਣਗੇ ਤਾਂ ਖੜਕਣਗੇ ਹੀ’।

ਰਿਵਰਲੈਂਡ ਆਪਣੇ ਅੰਦਰ ਵਿਲੱਖਣ ਨਜ਼ਾਰੇ ਸਮਾਈ ਬੈਠਾ ਹੈ ਜਿਸ ਦੀ ਵਿਆਖਿਆ ਇੰਨੇ ਥੋੜ੍ਹੇ ਸ਼ਬਦਾਂ ਵਿਚ ਨਹੀ ਹੋ ਸਕਦੀ, ਇਹ ਨਜ਼ਾਰੇ ਤਾਂ ਇੱਥੇ ਆ ਕੇ ਹੀ ਮਾਣੇ ਜਾ ਸਕਦੇ ਹਨ। ਜੇ ਮੌਕਾ ਮਿਲਿਆ ਤਾਂ ਬਾਕੀ ਕਿਸੇ ਅਗਲੇ ਲੇਖ ਵਿਚ ਕੋਸ਼ਿਸ਼ ਕਰਾਂਗਾ ਤਦ ਤੱਕ ਲਈ ਰੱਬ ਰਾਖਾ।

****

# ਸੱਚ ਹੈ ਕੈਂਗਰੂਨਾਮਾ

ਮਿੰਟੂ ਬਰਾੜ, ਗੁਰਸ਼ਮਿੰਦਰ, ਕੂਕਾਬਾਰਾ, ਕੈਂਗਰੂਨਾਮਾ ਇਹ ਸਾਰੇ ਨਾਂ ਠੀਕ ਹੁੰਦਿਆਂ ਵੀ ਅਜੀਬ ਹਨ। ਮੈਨੂੰ ਇਹਨਾਂ ਦੇ ਮਤਲਬ ਦਾ ਨਹੀ ਪਤਾ.. ? ਮਿੰਟੂ ਦਾ ਕੀ ਮਤਲਬ ... ? ਗੁਰਸ਼ਮਿੰਦਰ ਦਾ ਕੀ ਮਤਲਬ... ? ਕੂਕਾਬਾਰਾ ਕੀ ਹੈ... ? ਤੇ ਨਾ ਕੈਂਗਰੂਨਾਮਾ ਦਾ... ? ਹਾਂ ਕੈਂਗਰੂ ਦਾ ਮੈਨੂੰ ਪਤਾ ਹੈ, ਕੈਂਗਰੂ ਅੱਧਾ ਬੰਦਾ ਅੱਧਾ ਜਾਨਵਰ ...ਗਧੇ ਤੇ ਗਾਂ ਦੇ ਸਿਰ ਦੇ ਵਿਚਾਲੇ ਵਰਗੀ ਸ਼ਕਲ....ਦੋ ਲੱਤਾਂ ਤੇ ਚੱਲਣ ਵਾਲਾ ਤੇ ਕੁਦਰਤ ਨੇ ਉਸ ਦੇ ਢਿੱਡ 'ਤੇ ਇੱਕ ਖੱਲ ਮਾਸ ਦੀ ਝੋਲੀ ਬਣਾਈ ਹੈ। ਜਿਸ ਵਿੱਚ ਉਹ ਆਪਣੇ ਨਵ ਜੰਮੇ ਬੱਚੇ ਨੂੰ ਪਾ ਕੇ ਤੁਰਿਆ ਫਿਰਦਾ ਹੈ। ਜੱਦ ਬੱਚਾ ਜਵਾਨ ਹੋ ਜਾਂਦਾ ਹੈ ਬੱਚਾ ਉਸ ਦੀ ਝੋਲੀ ਵਿਚੋਂ ਭੁੜਕ ਕੇ ਬਾਹਰ ਆ ਜਾਂਦਾ ਹੈ, ਇੱਕ ਵਾਰ ਉਹ ਆਪਣੀ ਮਾਂ ਵੱਲ ਵੇਖਦਾ ਹੈ ਤੇ ਮਾਂ ਉਸ ਵੱਲ.. ? ਫਿਰ ਬੱਚਾ ਅਸਟਰੇਲੀਆ ਦੇ ਰੇਗਿਸਤਾਨਾਂ ਵਿੱਚ ਗਵਾਚ ਜਾਂਦਾ ਹੈ। ਕੈਂਗਰੂ ਤੇ ਆਸਟ੍ਰੇਲੀਆ ਇੱਕੋ ਹੀ ਦੇਸ਼ ਦੇ ਨਾਂ ਹਨ.... ਜੇ ਕੈਂਗਰੂ ਹੈ ਤਦੇ ਹੀ ਅਸਟ੍ਰੇਲੀਆ ਹੈ। ਗੁਰਸ਼ਮਿੰਦਰ ਬਨਾਮ ਮਿੰਟੂ ਬਰਾੜ ਵੀ ਬਠਿੰਡੇ ਦੇ ਟਿੱਬਿਆਂ ਵਿੱਚ ਉੱਗਿਆ ਤੇ ਕੈਂਗਰੂ ਦੇ ਬੱਚੇ ਵਾਂਗ ਮਾਂ ਦੀ ਝੋਲੀ ਵਿਚੋਂ ਨਿਕਲ ਕੈਂਗਰੂਆਂ ਦੀ ਧਰਤੀ ਅਸਟਰੇਲੀਆ ਆ ਗਿਆ ਜਿੱਥੇ ਇਕੱਲੇ ਕੈਂਗਰੂ ਹੀ ਨਹੀ ਵੱਸਦੇ ਸਨ ਬੰਦੇ ਵੀ ਸਨ। ਇੱਕ ਨਵੀ ਨਸਲ ਜੋ ਉਸ ਦੇ ਹਾਣ ਦੀ, ਜਿਸ ਨੂੰ ਵਿਦਿਆਰਥੀ ਬਨਾਮ ਸਟੂਡੈਂਟ ਕਿਹਾ ਜਾਂਦਾ ਸੀ, ਵੀ ਉਸ ਵਾਂਗ ਧੜਾਧੜ ਪੰਜਾਬ ਦੀ ਝੋਲੀ ਵਿਚੋਂ ਛਾਲਾਂ ਮਾਰ ਮਾਰ ਇਸ ਕੈਂਗਰੂਆਂ ਦੇ ਦੇਸ਼ ਵਿੱਚ ਸਿੱਖਿਆ ਹਾਸਲ ਕਰਨ ਆ ਰਹੇ ਸਨ... ? ਜਿਸ ਸ਼ਿੱਦਤ ਨਾਲ ਨਵੇਂ ਕੈਂਗਰੂ ਦੇਸ਼ ਵਿੱਚ ਮਿੰਟੂ ਨੇ ਪੰਜਾਬੀ ਵਿਦਿਆਰਥੀ ਕੈਂਗਰੂਆ ਬਾਰੇ ਲਿਖਿਆ ਹੈ ਉਹ ਕਮਾਲ ਦਾ ਸੱਚ ਹੈ। ਸੱਚ ਜੋ ਮਿੰਟੂ ਦਾ ਸੀ, ਸੱਚ ਜੋ ਨਵੇਂ ਰੰਗਰੂਟ ਕੈਂਗਰੂਆਂ ਦਾ ਸੱਚ ਸੀ, ਸੱਚ ਜੋ ਆਸਟਰੇਲੀਅਨ ਬਾਸ਼ਿੰਦਿਆਂ ਦੀ ਜ਼ਿੰਦਗੀ ਵਿੱਚ ਨਵੇਂ ਆਏ ਪੰਜਾਬੀ ਜਾਂ ਹਿੰਦੁਸਤਾਨੀ ਕੈਂਗਰੂਆਂ ਵੱਲੋਂ ਪਏ ਖ਼ਲਲ ਦਾ, ਟੁੱਟੇ ਦਿਲਾਂ ਦਾ, ਵਿਕਟੋਰੀਆ ਸਟੇਸ਼ਨ ਦੇ ਟੁੱਟੇ ਕੱਚ ਦਾ ਤੇ ਹੋਰ ਪਤਾ ਨੀ ਕੀ ਕੁਝ... ? ਇਸ ਕੈਂਗਰੂਨਾਮਾ ਵਿੱਚ। ਇਸ ਕਿਤਾਬ ਨੂੰ ਪੜ੍ਹੋ ਇਹ ਆਸਟ੍ਰੇਲੀਆ ਵਿੱਚ ਵੱਸਦੇ ਪੰਜਾਬੀਆਂ ਦੀ ਰੂਹ ਦੀ ਤਸਵੀਰ ਹੈ। ਮਨੁੱਖ ਹਜ਼ਾਰਾਂ ਸਾਲਾਂ ਤੋ ਆਪਣੇ ਵਿਚਾਰ, ਦੁੱਖ ਤਕਲੀਫ਼ਾਂ ਪੱਥਰਾਂ ਤੇ ਵਾਹੁੰਦਾ ਲਿਖਦਾ ਆਇਆ ਹੈ। ਜੋ ਲਿਖਿਆ ਗਿਆ ਉਹੀ ਅਮਰ ਹੈ। ਰਮਾਇਣ, ਮਹਾਂਭਾਰਤ, ਸ੍ਰੀ ਗੁਰੂ ਗਰੰਥ ਸਾਹਿਬ, ਜੇ ਲਿਖਤ ਨਾ ਹੁੰਦੀ ਤਾਂ ਇਹ ਵੀ ਨਾ ਹੁੰਦੇ।

**ਜੋਗਿੰਦਰ ਬਾਠ**

**ਹਾਲੈਂਡ**

## ‘ਰਿਵਰਲੈਂਡ’ ਫ਼ੀਲਡ ਡੇ

ਇਹ ਲੇਖ ਵੀ ਮੇਰੇ ਆਸਟ੍ਰੇਲੀਆ ਦੇ ਸ਼ੁਰੂਆਤੀ ਦੌਰ ਦਾ ਲੇਖ ਹੈ। ਭਾਵੇਂ ਵਕਤ ਨਾਲ ਵਿਦੇਸ਼ ਦੀ ਧਰਤੀ ਅਚਿੰਭਤ ਕਰਨੋਂ ਹਟ ਜਾਂਦੀ ਹੈ। ਪਰ ਨਵੇਂ ਨਵੇਂ ਆਇਆਂ ਨੂੰ ਇਕ ਵਾਰ ਹਰ ਚੀਜ਼ ਚੋਂ ਅਜੂਬਾ ਦਿਸਦਾ। ਖੇਤੀਬਾੜੀ ਪਿਛੋਕੜ ਚੋਂ ਆਉਣ ਕਾਰਨ ਅਤੇ ਦੂਜਾ ਸਾਊਥ ਆਸਟ੍ਰੇਲੀਆ ਦੇ ਖੇਤੀ ਵਾਲੇ ਇਲਾਕੇ ’ਚ ਆਉਣ ਕਾਰਨ ਸ਼ੁਰੂ ਵਿੱਚ ਹਰ ਗੱਲ ਵਿਚੋਂ ਜ਼ਮੀਨ ਅਸਮਾਨ ਦਾ ਫ਼ਰਕ ਦਿਖਾਈ ਦਿੱਤਾ। ਜਦੋਂ ਵੀ ਕੋਈ ਚੀਜ਼ ਦੇਖਦਾ ਝੱਟ ਇੰਡੀਆ ਫ਼ੋਨ ਲਾ ਲੈਂਦਾ ਕਿ ਤੁਸੀਂ ਐਵੇਂ ਤੰਗ ਹੋਈ ਜਾਂਦੇ ਹੋ ਇਥੇ ਇਹ ਵਧੀਆ, ਉਹ ਵਧੀਆ। ਭਾਰਤ ਰਹਿੰਦੀਆਂ ਕਿਸਾਨ ਮੇਲਿਆਂ ਤੇ ਜਾਣਾ ਇੱਕ ਸ਼ੌਂਕ ਸੀ। ਸੋ ਇਥੇ ਜਦੋਂ ਪਤਾ ਲੱਗਿਆ ਕਿ ਹਰ ਸਾਲ 9-10 ਮਹੀਨੇ ’ਚ ਇਥੇ ਵੀ ਕਿਸਾਨ ਮੇਲੇ ਲਗਦੇ ਹਨ ਤਾਂ ਦਿਲ ਬੜਾ ਖ਼ੁਸ਼ ਹੋਇਆ। ਸੋ 2008 ਦੇ ਕਿਸਾਨ ਮੇਲੇ ਨੂੰ ਇੱਕ ਲੇਖ ਦੇ ਰੂਪ ’ਚ ਲਿਖ ਕੇ ਆਪਣੇ ਦਿਲ ਦੀ ਭੜਾਸ ਕੱਢੀ ਸੀ।



ਰਿਵਰਲੈਂਡ ਸਾਊਥ ਆਸਟ੍ਰੇਲੀਆ ਵਿਚ ਲਗਦੇ ਕਿਸਾਨ ਮੇਲੇ ਦੀ ਇਕ ਝਲਕ



ਵਿਕਟੋਰੀਆ ਦੇ ਇਕ ਛੋਟੇ ਜਿਹੇ ਕਸਬੇ 'ਓਈਨ' ਵਿਖੇ ਆਸਟ੍ਰੇਲੀਆ ਦੇ
ਪੁਰਾਣੇ ਕਲਚਰ ਦੀਆਂ ਕੰਧ ਤੇ ਉੱਕਰੀਆਂ ਤਸਵੀਰਾਂ ਦੇਖਦੇ ਲੇਖਕ ਦੀ ਧਰਮ-ਪਤਨੀ
ਖੁਸ਼ਵੰਤ ਪਾਲ ਕੌਰ ਅਤੇ ਪੁੱਤਰ ਅਨਮੋਲ ਵੀਰ ਸਿੰਘ ਬਰਾੜ

# 'ਰਿਵਰਲੈਂਡ' ਫ਼ੀਲਡ ਡੇ

ਦੱਖਣੀ ਅਸਟ੍ਰੇਲੀਆ ਵਿੱਚ ਬਾਗ਼ਬਾਨੀ ਲਈ ਜਾਣੇ ਜਾਂਦੇ ਇਲਾਕੇ ਰਿਵਰਲੈਂਡ ਦੇ ਫ਼ੀਲਡ ਗਰਾਊਂਡ ਵਿੱਚ ਪਿਛਲੇ ਦਿਨੀਂ ਆਪਣਾ ਇਤਿਹਾਸਕ 51ਵਾਂ ਫ਼ੀਲਡ ਡੇ ਮਨਾਇਆ ਗਿਆ। ਇਹ ਇੱਥੋਂ ਦੇ ਭਾਸ਼ਾ ਵਿੱਚ ਫ਼ੀਲਡ ਡੇ ਹੋਵੇਗਾ ਪਰ ਸਾਡੇ ਪੰਜਾਬੀਆ ਲਈ ਤਾਂ ਇਹ ਇੱਕ ਕਿਸਾਨ ਮੇਲਾ ਹੀ ਹੁੰਦਾ ਹੈ। ਹਰ ਸਾਲ ਵਾਂਗੂੰ ਰਿਵਰਲੈਂਡ ਫ਼ੀਲਡ ਡੇ ਕਮੇਟੀ ਨੇ ਬੜੇ ਹੀ ਸੁਚੱਜੇ ਢੰਗ ਨਾਲ ਇਸ ਦਾ ਆਯੋਜਨ ਕੀਤਾ। ਪਰ ਪਿਛਲੇ ਕੁੱਝ ਸਾਲਾਂ ਤੋਂ ਇਸ ਇਲਾਕੇ ਦੇ ਸੋਕੇ ਦੀ ਮਾਰ ਦਾ ਅਸਰ ਏਸ ਵਾਰ ਮੇਲੇ ਵਿੱਚ ਵੀ ਦੇਖਣ ਨੂੰ ਮਿਲਿਆ ਪ੍ਰਤੱਖ ਦਰਸ਼ੀਆਂ ਦੇ ਦੱਸਣ ਅਨੁਸਾਰ ਅੱਜ ਤੋਂ ਦੋ-ਚਾਰ ਸਾਲ ਪਹਿਲਾਂ ਇਹ ਮੇਲਾ ਦੇਖਦੇ ਹੀ ਬਣਦਾ ਸੀ।

ਪਹਿਲੀ ਨਜ਼ਰੇ ਇਹ ਮੇਲਾ ਲੁਧਿਆਣੇ ਵਾਲੇ ਕਿਸਾਨ ਮੇਲੇ ਦੀ ਝਲਕ ਦਿੰਦਾ ਸੀ। ਜਿਵੇਂ ਕਿ ਉਹ ਹੀ ਕੰਪਨੀਆਂ ਦੀਆਂ ਨੁਮਾਇਸ਼ਾਂ, ਕੋਈ ਆਪਣੇ ਟਰੈਕਟਰ ਦਿਖਾ ਰਿਹਾ ਹੁੰਦਾ ਤੇ ਕੋਈ ਵੱਖ-ਵੱਖ ਵਰਤੋਂ 'ਚ ਆਉਣ ਵਾਲੇ ਸੰਦਾਂ ਦੀ ਨੁਮਾਇਸ਼ ਲਾਈ ਬੈਠਾ ਸੀ। ਜੇ ਫ਼ਰਕ ਸੀ ਤਾਂ ਸਿਰਫ ਭੀੜ-ਭੜੱਕੇ ਤੇ ਸੁਚੱਜੇ ਢੰਗ ਨਾਲ ਕੀਤੇ ਪ੍ਰਬੰਧਾਂ ਦਾ। ਮੇਰਾ ਮਕਸਦ ਇਥੇ ਆਪਣੇ ਪੰਜਾਬ ਨੂੰ ਭੰਡਣ ਦਾ ਨਹੀਂ ਪਰ ਜੋ ਸੱਚ ਹੈ ਉਸ ਨੂੰ ਅੱਖੋਂ ਪਰੋਖੇ ਵੀ ਨਹੀਂ ਕੀਤਾ ਜਾ ਸਕਦਾ। ਅਸੀਂ ਪੰਜਾਬ ਦੇ ਮੇਲੇ 'ਤੇ ਚਾਹੁੰਦੇ ਹੋਏ ਵੀ ਕਿਸੇ ਚੀਜ਼ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਲੈ ਸਕਦੇ ਬੱਸ ਇੱਕ ਦੇਖ ਹੀ ਸਕਦੇ ਹਾਂ ਕਿਉਂਕਿ ਭੀੜ ਹੀ ਏਨੀ ਹੁੰਦੀ ਹੈ ਕਿ ਅਸੀਂ ਬੇਬਸ ਹੋ ਜਾਂਦੇ ਹਾਂ ਤੇ ਨਾ ਹੀ ਪ੍ਰਬੰਧਕਾਂ ਵੱਲੋਂ ਕੋਈ ਚੰਗੇ ਇੰਤਜ਼ਾਮ ਹੀ ਕੀਤੇ ਹੁੰਦੇ ਹਨ। ਪਰ ਇਸ ਦੇ ਬਿਲਕੁਲ ਉਲਟ ਇਥੇ ਪ੍ਰਬੰਧਕਾਂ ਵੱਲੋਂ ਬਹੁਤ ਵਧੀਆ ਇੰਤਜ਼ਾਮ ਕੀਤੇ ਜਾਂਦੇ ਹਨ। ਹਰ ਚੀਜ਼ ਬਾਰੇ ਤੁਸੀਂ ਵਿਸਥਾਰ ਵਿੱਚ ਜਾਣਕਾਰੀ ਲੈ ਸਕਦੇ ਹੋ ਇੱਥੋਂ ਤੱਕ ਕਿ ਤੁਸੀ ਟੈੱਸਟ ਡਰਾਈਵ ਵੀ ਲੈ ਸਕਦੇ ਹੋ।

ਇਸ ਫ਼ਰਕ ਦੇ ਜੋ ਕਾਰਨ ਮੈਂ ਮਹਿਸੂਸ ਕੀਤੇ ਉਨ੍ਹਾਂ ਵਿਚੋਂ ਇੱਕ ਅਹਿਮ ਕਾਰਣ ਪ੍ਰਬੰਧਕ ਕਮੇਟੀ ਦਾ ਗਠਨ ਕਰਨਾ ਹੈ ਜਿਵੇਂ ਕਿ ਆਪਾਂ ਅਕਸਰ ਹੀ ਦੇਖਦੇ ਹਾਂ ਪੰਜਾਬ ਦੇ ਕਿਸਾਨ ਮੇਲਿਆਂ ਦੇ ਜ਼ਿਆਦਾਤਰ ਪ੍ਰਬੰਧ ਸਰਕਾਰੀ ਹੱਥਾਂ ਵਿੱਚ ਹੁੰਦੇ ਹਨ ਤੇ ਕਈ ਵਾਰ ਤਾਂ ਮੇਲਾ ਕਮੇਟੀ ਦਾ ਮੁਖੀ ਕੋਈ ਮੰਤਰੀ ਹੁੰਦਾ ਹੈ, ਜੋਕਿ ਆਪ ਚੰਡੀਗੜ੍ਹ ਬੈਠਾ ਹੁੰਦਾ। ਮੇਰੇ ਕਹਿਣ ਦਾ ਮਤਲਬ ਤੁਸੀਂ ਸਮਝ ਹੀ ਗਏ ਹੋਵੋਗੇ ਕਿ ਘਰ ਵਾਲਾ ਘਰ ਨਹੀਂ ਤੇ ਸਾਨੂੰ ਕਿਸੇ ਦਾ ਡਰ ਨਹੀਂ ਦੀ ਤਰਜ਼ 'ਤੇ ਬਾਕੀ ਮੈਂਬਰ

ਜੋਕਿ ਜ਼ਿਆਦਾਤਰ ਸਰਕਾਰੀ ਅਫ਼ਸਰ ਹੀ ਹੁੰਦੇ ਹਨ ਤੇ ਉਹ ਵੀ ਆਪਣੀ-ਅਪਣੀ ਜ਼ੁੰਮੇਵਾਰੀ ਤੋਂ ਭੱਜਦੇ ਹਨ। ਪਰ ਜੇਕਰ ਹੁਣ ਆਪਾਂ ਇੱਥੋਂ ਦੀ ਕਮੇਟੀ 'ਤੇ ਇੱਕ ਝਾਤ ਮਾਰੀਏ ਤਾਂ ਰਿਵਰਲੈਂਡ ਦੇ ਫ਼ੀਲਡ ਡੇ ਦੀ ਜੋ ਪ੍ਰਬੰਧਕ ਕਮੇਟੀ ਹੈ ਉਸ ਵਿੱਚ ਚੇਅਰਮੈਨ ਅਤੇ ਸੈਕਟਰੀ ਤੋਂ ਇਲਾਵਾ ਨੌਂ ਹੋਰ ਮੈਂਬਰ ਹਨ ਤੇ ਇਹ ਸਾਰੇ ਗਿਆਰ੍ਹਾਂ ਦੇ ਗਿਆਰ੍ਹਾਂ ਹੀ ਇੱਥੋਂ ਦੇ ਲੋਕਲ ਕਿਸਾਨ ਹਨ, ਜੋਕਿ ਇੱਕ ਕਿਸਾਨ ਦੀਆਂ ਜ਼ਰੂਰਤਾਂ ਤੋਂ ਭਲੀ-ਭਾਂਤੀ ਜਾਣੂ ਹਨ। ਇਹ ਸਾਰੇ ਰਿਵਰਲੈਂਡ ਦੇ ਵੱਖੋ-ਵੱਖ ਇਲਾਕਿਆਂ ਨਾਲ ਸੰਬੰਧਿਤ ਹਨ ਤੇ ਇਹ ਵੱਖਰੇ-ਵੱਖਰੇ ਢੰਗ ਦੀ ਖੇਤੀ ਕਰਦੇ ਹਨ। ਇਹਨਾਂ ਵਿਚੋਂ ਕੋਈ ਅੰਗੂਰਾਂ, ਕੋਈ ਸੰਤਰਿਆਂ, ਕੋਈ ਬਦਾਮਾਂ, ਕੋਈ ਸਬਜ਼ੀਆਂ ਅਤੇ ਕੋਈ ਕਣਕ ਦਾ ਮਹਾਰਥੀ ਹੈ। ਮੇਰੇ ਕਹਿਣ ਦਾ

ਮਤਲਬ ਕਿ ਉਹ ਕਿਸੇ ਵੀ ਗੱਲੋਂ ਅਣਜਾਣ ਨਹੀਂ ਹਨ। ਤਾਂ ਹੀ ਤਾਂ ਉਹ ਇਸ ਮੇਲੇ ਦਾ ਪ੍ਰਬੰਧ ਬੜੀ ਸਫਲਤਾ ਨਾਲ ਕਰ ਰਹੇ ਹਨ।

ਮੇਲਾ ਲੱਗਣ ਤੋਂ ਇੱਕ ਮਹੀਨਾ ਪਹਿਲਾਂ ਮੇਲੇ ਸੰਬੰਧੀ ਸਾਰੀ ਜਾਣਕਾਰੀ ਇੱਕ ਕਿਤਾਬ ਦੇ ਰੂਪ ਵਿੱਚ ਰਿਲੀਜ਼ ਕਰ ਦਿੱਤੀ ਜਾਂਦੀ ਹੈ। ਜਿਸ ਤੋਂ ਅਸੀਂ ਜਾਣ ਸਕਦੇ ਹਾਂ ਕਿ ਕਿਹੜੀ ਚੀਜ਼ ਦੀ ਸਟਾਲ ਕਿੰਨੇ ਨੰਬਰ ਅਤੇ ਕਿਹੜੀ ਥਾਂ ਤੇ ਲੱਗੀ ਹੋਵੇਗੀ।

ਹੁਣ ਜੇ ਆਪਾਂ ਪ੍ਰਬੰਧਕ ਕਮੇਟੀ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸਹੂਲਤਾਂ ਦੀ ਗੱਲ ਕਰੀਏ ਤਾਂ ਇਹ ਵੀ ਇੱਕ ਲੰਮੀ ਸੂਚੀ ਬਣ ਜਾਵੇਗੀ। ਉਨ੍ਹਾਂ ਵਿਚੋਂ ਕੁਝ ਇੱਕ ਜਿਵੇਂ ਕਿ ਸਾਰੇ ਮੇਲੇ ਦਾ ਨਕਸ਼ਾ, ਮੈਡੀਕਲ ਸਹੂਲਤ, ਗੁਆਚੀਆਂ ਤੇ ਲੱਭੀਆਂ ਵਸਤਾਂ ਲਈ ਕਾਂਉਂਟਰ, ਨਕਦ ਪੈਸੇ ਕਢਵਾਉਣ ਲਈ ਐਫਪੋਸ, ਆਰਾਮ ਕਰਨ ਲਈ ਆਰਾਮ ਘਰ ਅਤੇ ਤੁਹਾਡੇ ਵੱਲੋਂ ਖ਼ਰੀਦੀਆਂ ਗਈਆਂ ਵਸਤਾਂ ਨੂੰ ਸੰਭਾਲਣ ਲਈ ਕਾਂਉਂਟਰ ਤਾਂ ਕਿ ਤੁਹਾਨੂੰ ਭਾਰ ਚੁੱਕ ਕੇ ਨਾ ਮੇਲਾ ਦੇਖਣਾ ਪਵੇ। ਹਰ ਸਾਲ ਮੇਲੇ ਵਿੱਚ ਇੱਕ ਹੋਰ ਖਿੱਚ ਦਾ ਕੇਂਦਰ ਹੈਲੀਕਾਪਟਰ ਹੁੰਦਾ। ਜਿਸ ਤੇ ਤੁਸੀਂ ਥੋੜੇ ਜਿਹੇ ਡਾਲਰ ਖਰਚ ਕੇ ਝੂਟਾ ਲੈ ਸਕਦੇ ਹੋ।

ਇਕੋ-ਇੱਕ ਇਤਰਾਜ਼ਯੋਗ ਗੱਲ ਇਸ ਮੇਲੇ ਦੀ ਇਸ ਨੂੰ ਦੇਖਣ ਲਈ ਰੱਖੀ 10 ਡਾਲਰ ਦੀ ਟਿਕਟ ਸੀ ਭਾਵੇਂ ਪੜ੍ਹਾਕੂਆਂ ਲਈ ਇਹ ਮੁਫ਼ਤ ਸੀ ਪਰ ਆਮ ਲੋਕਾਂ ਵਿੱਚ ਇਹ ਇੱਕ ਚਰਚਾ ਦਾ ਵਿਸ਼ਾ ਸੀ ਕਿ ਇਹ ਹਰ ਇੱਕ ਲਈ ਮੁਫ਼ਤ ਹੋਣਾ ਚਾਹੀਦਾ।

ਇਸ ਮੇਲੇ ਦੇ ਚੇਅਰਮੈਨ ਜੋਨ ਪਲਸ਼ (John Plush) ਨਾਲ ਗੱਲ ਕਰਨ 'ਤੇ ਉਨ੍ਹਾਂ ਦੂਰ-ਦੂਰ ਤੋਂ ਆਈਆਂ ਕੰਪਨੀਆਂ ਅਤੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਮੁਸ਼ਕਿਲ ਵਕਤ ਵਿੱਚ ਵੀ ਇਥੇ ਆਕੇ ਰਿਵਰਲੈਂਡ ਦੇ ਨਿਵਾਸੀਆਂ ਦਾ ਜੋ ਇਹਨਾਂ ਸਾਥ ਦਿੱਤਾ ਉਸ ਨੂੰ ਅਸੀ ਕਦੇ ਭੁਲਾ ਨਹੀਂ ਸਕਾਂਗੇ। ਉਨ੍ਹਾਂ ਕਿਹਾ ਭਾਵੇਂ ਸੋਕੇ ਦੇ ਪ੍ਰਭਾਵ ਕਰਕੇ ਮਹਿੰਗੇ ਭਾਅ ਦੇ ਟਰੈਕਟਰ ਜਾਂ ਹੋਰ ਵਸਤਾਂ ਕੰਪਨੀਆਂ ਵਾਲੇ ਵੇਚ ਨਹੀਂ ਸਕੇ ਪਰ ਲੋਕਾਂ ਸਾਹਮਣੇ ਆਪਣੇ ਉਤਪਾਦ ਰੱਖ ਤਾਂ ਸਕੇ।

ਇੱਕ ਟਰੈਕਟਰ ਕੰਪਨੀ ਦੇ ਮੈਨੇਜਰ Geoff Zerk ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਭਾਵੇਂ ਇਸ ਮੰਦਵਾੜੇ ਵਿੱਚ ਸਾਡੀ ਕੰਪਨੀ ਨੂੰ ਇਸ ਵਾਰ ਇਥੇ ਕੋਈ ਨਫ਼ਾ ਨਹੀਂ ਹੋਇਆ ਪਰ ਅਸੀ ਇਹਨਾਂ ਲੋਕਾਂ ਦਾ ਸਾਥ ਮੰਦੇ ਦਿਨਾਂ ਵਿੱਚ ਕਿਵੇਂ ਛੱਡ ਸਕਦੇ ਹਾਂ ਜਿਨ੍ਹਾਂ ਸਾਨੂੰ ਚੰਗੇ ਦਿਨਾਂ ਵਿੱਚ ਬਹੁਤ ਬਿਜ਼ਨੈਸ ਦਿੱਤਾ।

ਅਸੀ ਪੰਜਾਬੀ ਤਾਂ ਮੇਲੇ ਦਾ ਨਾਂ ਸੁਣਕੇ ਹੀ ਖੁਸ਼ ਹੋ ਜਾਂਦੇ ਹਾਂ ਤੇ ਮੇਲਾ ਦੇਖਣ ਲਈ ਕੋਹਾਂ ਦੂਰ ਤੱਕ ਜਾ ਪਹੁੰਚਦੇ ਹਾਂ। ਭਾਵੇਂ ਪੰਜਾਬ ਦੇ ਮੇਲਿਆ ਵਾਂਗੂੰ ਰੌਲਾ-ਗੌਲਾ, ਪਕੌੜੇ, ਜਲੇਬੀਆਂ ਤੇ ਭੰਗ ਤਾਂ ਇਥੇ ਨਹੀਂ ਸੀ ਪਰ ਫੇਰ ਵੀ ਮੇਰੇ ਪੰਜਾਬੀ ਵੀਰਾਂ ਵਧ-ਚੜ੍ਹ ਕੇ ਇਸ ਮੇਲੇ ਦੀ ਰੌਣਕ ਵਧਾਈ ਤੇ ਅਗਾਂਹਵਧੂ ਸੋਚ ਦੇ ਮਾਲਕ ਮੇਰੇ ਪੰਜਾਬੀ ਭਰਾਵਾਂ ਨਵੀਂਆਂ-ਨਵੀਂਆਂ ਮਸ਼ੀਨਾਂ ਵਿੱਚ ਦਿਲਚਸਪੀ ਦਿਖਾਈ।

ਦੋ ਦਿਨਾਂ ਦਾ ਇਹ ਮੇਲਾ ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ ਛੱਡਦਾ ਅਗਲੇ ਸਾਲ ਫੇਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋ ਗਿਆ।

****

# ਗ੍ਰਿਫ਼ਥ ਖੇਡਾਂ ਮੇਰੀ ਨਜ਼ਰੇ

ਇਹ ਲੇਖ ਸਾਲ 2012 ਦੇ ਜੂਨ ਮਹੀਨੇ ਲਿਖਿਆ ਸੀ। ਭਾਵੇਂ ਇਸ ਨੂੰ ਲਿਖਣ ਦੇ ਕਾਰਨ ਦੱਸਣ ਦੀ ਲੋੜ ਨਹੀਂ ਕਿਉਂਕਿ ਇਸ ਨੂੰ ਇੱਕ-ਇੱਕ ਅੱਖੀਂ ਦੇਖੇ ਪੇਂਡੂ ਖੇਡ ਮੇਲੇ ਦੀ ਰਿਪੋਰਟ ਹੀ ਕਿਹਾ ਜਾ ਸਕਦਾ ਹੈ। ਪਰ ਇਸ ਲੇਖ ਦੇ ਛਪਣ ਤੋਂ ਬਾਅਦ ਦੇ ਕੁਝ ਤਜਰਬੇ ਇਥੇ ਦੱਸਣਾ ਚਾਹਾਂਗਾ। ਜਦੋਂ ਦਾ ਲਿਖਣ ਦੀ ਦੁਨੀਆ 'ਚ ਪੈਰ ਧਰਿਆ ਬਹੁਤ ਕੁਝ ਸਿੱਖਣ ਨੂੰ ਮਿਲਿਆ। ਸ਼ੁਰੂ-ਸ਼ੁਰੂ 'ਚ ਮਹਿਸੂਸ ਹੋਇਆ ਕਿ ਇਸ ਲੇਖਣੀ ਕਰਕੇ ਮੇਰੇ ਤੋਂ ਬਹੁਤ ਸਾਰੇ ਮਿੱਤਰ ਕੰਨੀ ਕਤਰਾਉਣ ਲੱਗ ਪਏ ਹਨ। ਕੁਝ ਤਾਂ ਇਸ ਕੰਮ 'ਚ ਨਵਾਂ ਹੋਣ ਕਾਰਨ ਗੱਲਾਂ ਦੇ ਲੱਛੇ ਨਹੀਂ ਸੀ ਬੰਨ੍ਹਾਉਣੇ ਆਉਂਦੇ। ਮੇਰੀਆਂ ਸਿੱਧੀਆਂ-ਸਾਦੀਆਂ ਜਿਹਿਆਂ ਗੱਲਾਂ ਕਈ ਬਾਰ ਬੇਗਾਨਿਆਂ ਦੇ ਨਾਲ ਨਾਲ ਆਪਣਿਆਂ ਦੇ ਵੀ ਜ਼ਖਮ ਕਰ ਜਾਂਦੀਆਂ ਸਨ। ਪਰ ਹੋਲੀ ਹੋਲੀ ਕੰਨ ਫੜ੍ਹਨ ਦਾ ਤਰੀਕਾ ਬਦਲਣ ਦੀ ਕੋਸ਼ਿਸ਼ ਕੀਤੀ। ਪਰ ਉਸ ਦੀ ਇਜਾਜ਼ਤ ਮੇਰੀ ਜ਼ਮੀਰ ਨੇ ਨਹੀਂ ਦਿੱਤੀ। ਜ਼ਮੀਰ ਕਹਿੰਦੀ ਕਿ ਤੂੰ ਆਪਣੇ ਗੁਰੂ ਅਤੇ ਮਾਪਿਆਂ ਨਾਲ ਧੋਖਾ ਕਰ ਰਿਹਾਂ। ਜਿੱਥੇ ਦਾਦਾ ਜੀ ਸੁਰਜੀਤ ਸਿੰਘ ਦੀਆਂ ਕਹੀਆਂ ਇਹ ਲਾਈਨਾਂ ਸਾਰਾ ਦਿਨ ਦਿਮਾਗ਼ 'ਚ ਘੁੰਮਦੀਆਂ ਰਹਿੰਦੀਆਂ ਸਨ ਕਿ ਜਿੱਥੇ ਮਰਜ਼ੀ ਰਹਿ ਜੋ ਮਰਜ਼ੀ ਕਰ ਪਰ ਜ਼ਿੰਦਗੀ 'ਚ ਨੀਤ ਅਤੇ ਨੀਤੀ 'ਚ ਫ਼ਰਕ ਨਾ ਆਉਣ ਦੇਵੀ। ਨੀਅਤ ਸਾਫ਼ ਅਤੇ ਨੀਤੀ ਸਪੱਸ਼ਟ ਰੱਖੀ, ਦੁਨੀਆਂ ਦੀ ਕੋਈ ਤਾਕਤ ਤੈਨੂੰ ਡੁੱਲ੍ਹਾ ਨਹੀਂ ਸਕੇਗੀ। ਦੂਜਾ ਆਪਣੇ ਗੁਰੂ ਗੁਰਮੇਲ ਸਰਾ ਦੀਆਂ ਕਹੀਆਂ ਰੁੱਖੀਆਂ ਜਿਹੀਆਂ ਗੱਲਾਂ ਹਰ ਵਕਤ ਨਾਲ ਰਹਿੰਦੀਆਂ ਹਨ। ਇਕ ਵਾਰ ਜਦੋਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਗੁਰ ਦਿਓ। ਉਹ ਕਹਿੰਦੇ ਚੱਲ ਪਰ੍ਹੇ ਮੈਂ ਡਰਪੋਕ ਬੰਦਿਆਂ ਨਾਲ ਯਾਰੀ ਨਹੀਂ ਲਾਉਂਦਾ। ਜਿੱਦਣ ਸੱਚ ਕਹਿਣ ਦੀ ਦਲੇਰੀ ਆ ਜਾਵੇ ਆ ਜਾਈਂ ਮੇਰੇ ਕੋਲ। ਇਸ ਲੇਖ ਨੂੰ ਛਾਪਣ ਤੋਂ ਪਹਿਲਾਂ ਕੁਝ ਕੁ ਮਿੱਤਰਾਂ ਨਾਲ ਇਸ 'ਤੇ ਚਰਚਾ ਕੀਤੀ ਤਾਂ ਉਹ ਕਹਿੰਦੇ ਯਾਰ ਕਿਉਂ ਨਾਰਾਜ਼ ਕਰਦਾ ਲੋਕਾਂ ਨੂੰ। ਬੱਸ ਬੱਲੇ ਬੱਲੇ ਲਿਖ ਦਿਓ ਸਭ ਦੀ ਤੇ ਆਪਣਾ ਦਾਇਰਾ ਵਧਾਓ। ਮੈਂ ਆਪਣੇ ਲੇਖਣੀ ਦੇ ਹੁਣ ਤੱਕ ਦੇ ਸਫ਼ਰ 'ਤੇ ਝਾਤ ਮਾਰੀ ਤਾਂ ਮਹਿਸੂਸ ਹੋਇਆ ਕਿ ਜੇ ਮੈਂ ਲੇਖਕ ਨਾ ਹੁੰਦਾ ਤਾਂ ਜੋ ਆਪਣੇ ਮੇਰੇ ਨਾਲ ਬੇਗਾਨੇ ਬਣ ਗਏ ਹਨ, ਉਹ ਹਾਲੇ ਆਪਣੇ ਹੀ ਹੁੰਦੇ। ਪਰ ਜਦੋਂ ਚਾਰ ਚੁਫੇਰੇ ਝਾਤ ਮਰਦਾਂ ਤਾਂ ਹੁਣ ਤੱਕ ਜੋ ਬੇਗਾਨੇ ਆਪਣੇ ਬਣੇ ਹਨ ਉਨ੍ਹਾਂ ਦੀ ਗਿਣਤੀ ਆਪਣਿਆਂ ਤੋਂ ਬੇਗਾਨੇ ਬਣਨ ਵਾਲਿਆਂ ਨਾਲੋਂ ਕਿਤੇ ਜ਼ਿਆਦਾ ਹੈ।



ਗ੍ਰਿ.ਫਥ ਖੇਡਾਂ ਦੌਰਾਨ ਗੱਜਣਵਾਲਾ ਸੁਖਮਿੰਦਰ, ਅਮਨਦੀਪ ਸਿੱਧੂ ਆਦਿ ਨਾਲ ਲੇਖਕ



ਗ੍ਰਿ.ਫਥ ਖੇਡਾਂ ਦੌਰਾਨ ਸਤੀਸ਼ ਚੰਦਰ ਮੈਦਾਨ ਦੀ ਸਫ਼ਾਈ ਦੀ ਸੇਵਾ ਕਰਦੇ ਹੋਏ

# ਗ੍ਰਿ.ਫਥ ਖੇਡਾਂ ਮੇਰੀ ਨਜ਼ਰੇ

ਭਾਵੇਂ ਮੈਨੂੰ ਆਸਟ੍ਰੇਲੀਆ ਆਏ ਨੂੰ ਪੂਰੇ ਪੰਜ ਵਰ੍ਹੇ ਬੀਤ ਗਏ ਹਨ ਅਤੇ ਪੈਰ ਚੱਕਰ ਹੋਣ ਕਾਰਨ ਇਸੇ ਦੌਰਾਨ ਤਕਰੀਬਨ ਸਾਰਾ ਆਸਟ੍ਰੇਲੀਆ ਗਾਹ ਮਾਰਿਆ, ਪਰ ਪੰਜਾਬੀ ਵਸੋਂ ਵਾਲੇ ਚਾਰ ਆਸਟ੍ਰੇਲਿਆਈ ਪੇਂਡੂ ਇਲਾਕੇ ਹਾਲੇ ਵੀ ਮੇਰੀ ਪਹੁੰਚ ਤੋਂ ਦੂਰ ਹੀ ਸਨ। ਜਿਨ੍ਹਾਂ ਵਿੱਚ ਗ੍ਰਿ.ਫਥ, ਸ਼ੈਪਰਟਨ, ਵੂਲਗੂਲਗਾ ਅਤੇ ਕੇਨਜ਼ ਦਾ ਨਾਂ ਜ਼ਿਕਰਯੋਗ ਹੈ। ਸੋ, ਘੁਮੱਕੜ ਕਿਸਮ ਦੇ ਬੰਦੇ ਲਈ ਇਹ ਇੱਕ ਚੀਸ ਹੀ ਸੀ ਕਿ ਹਾਲੇ ਤੱਕ ਪਿਛਲੇ ਸੋਲ੍ਹਾਂ ਵਰ੍ਹਿਆਂ ਤੋਂ ਹੋ ਰਹੀਆਂ, ਗ੍ਰਿ.ਫਥ ਦੀਆਂ ਜੂਨ ਚੁਰਾਸੀ ਦੇ ਸ਼ਹੀਦਾਂ ਦੀ ਯਾਦ 'ਚ ਕਰਵਾਈਆਂ ਜਾ ਰਹੀਆਂ ਇਹਨਾਂ ਖੇਡਾਂ ਤੱਕ ਵੀ ਪਹੁੰਚ ਨਹੀਂ ਸੀ ਕਰ ਸਕਿਆ। ਪਰ ਇਸ ਵਾਰ ਸਬੱਬ ਬਣ ਗਿਆ ਤੇ ਅਸੀਂ ਵੀ ਐਡੀਲੇਡ ਤੋਂ ਤਕਰੀਬਨ 850 ਕਿਲੋਮੀਟਰ ਦਾ ਸ.ਫਰ ਸੜਕ ਰਾਹੀਂ ਕਰ ਕੇ ਖੇਡਾਂ ਦੇ ਪਹਿਲੇ ਦਿਨ ਦੀ ਤੜਕਸਾਰ ਗ੍ਰਿ.ਫਥ ਦੀ ਧਰਤੀ ਨੂੰ ਜਾ ਛੋਹਿਆ।

ਸਾਰੀ ਰਾਤ ਦੇ ਸ.ਫਰ ਦਾ ਥਕੇਵਾਂ ਹੋਟਲ 'ਚ ਗਰਮ ਪਾਣੀ ਨਾਲ ਨਹਾ ਕੇ ਲਾਹਿਆ ਤੇ ਤਕਰੀਬਨ ਨੌਂ ਕੁ ਵਜੇ ਅਮਨਦੀਪ ਸਿੱਧੂ ਨੂੰ ਆਧੁਨਿਕਤਾ ਜਰੀਏ ਆਵਾਜ਼ ਮਾਰੀ, ਜੋ ਕਿ ਪਿਛਲੀ ਰਾਤ ਹੀ ਕੌਫਸ ਹਾਰਬਰ ਤੋਂ ਚੱਲ ਕੇ ਗ੍ਰਿ.ਫਥ ਪੁੱਜ ਚੁੱਕੇ ਸਨ।ਅਸੀਂ ਸਭ ਇਕੱਠੇ ਹੋ ਕੇ ਖੇਡ ਮੈਦਾਨ 'ਚ ਜਾ ਪੁੱਜੇ। ਮਹਿਕਮਾ-ਏ-ਮੌਸਮ ਦੀ ਭਵਿੱਖਬਾਣੀ ਸੋਲ੍ਹਾਂ ਆਨੇ ਸੱਚ ਸੀ ਤੇ ਦੋ ਦਿਨ ਕੋਹਰਾ ਪੈਣ ਦੀ ਉਨ੍ਹਾਂ ਦੀ ਭਵਿੱਖਬਾਣੀ ਦਾ ਸਬੂਤ ਸੜਕਾਂ 'ਤੇ ਖੜੀਆਂ ਕਾਰਾਂ ਉੱਤੇ ਜੰਮਿਆ ਕੋਹਰਾ ਦੇ ਰਿਹਾ ਸੀ। ਭਾਵੇਂ ਕੜਾਕੇ ਦੀ ਧੁੱਪ ਚੜ੍ਹੀ ਹੋਈ ਸੀ ਪਰ ਫੇਰ ਵੀ ਠੰਢ ਹੱਡ ਸੇਕ ਰਹੀ ਸੀ। ਹਰੇ-ਹਰੇ ਅਤੇ ਪਹਾੜੀ ਦੀ ਜੜ੍ਹ 'ਚ ਬਣੇ ਮੈਦਾਨ ਕੋਹਰੇ ਨਾਲ ਗੱਚ, ਬੜਾ ਹੀ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੇ ਸਨ। ਮੈਦਾਨ 'ਚ ਪ੍ਰਬੰਧਕਾਂ ਤੋਂ ਸਿਵਾਏ ਪਹੁੰਚਣ ਵਾਲਿਆਂ ਦੀ ਗਿਣਤੀ ਹਾਲੇ ਨਾ-ਮਾਤਰ ਹੀ ਸੀ। ਆਲੇ ਦੁਆਲੇ ਨਿਗ੍ਹਾ ਘੁਮਾ ਕੇ ਦੇਖਿਆ ਤਾਂ ਜਾਪਿਆ ਕਿ ਜਾਂ ਤਾਂ ਅਸੀਂ ਹੀ ਬਾਹਲ਼ੇ ਕਾਹਲੇ ਹਾਂ ਜਾਂ ਫੇਰ ਹਾਲੇ ਖੇਡਾਂ ਸ਼ੁਰੂ ਹੋਣ ਦਾ ਵਕਤ ਨਹੀਂ ਹੋਇਆ।ਕਾਰ 'ਚੋਂ ਉੱਤਰਦੇ ਸਾਰ ਗਰਮਾ-ਗਰਮ ਚਾਹ ਪੀਣ ਦੀ ਚੁੰਝ ਚਰਚਾ ਹਾਲੇ ਚੱਲ ਹੀ ਰਹੀ ਹੀ ਸੀ ਕਿ ਖੇਡ ਕਮੇਟੀ ਦੇ ਪ੍ਰਧਾਨ ਤੀਰਥ ਸਿੰਘ ਤੇ ਸੈਕਟਰੀ ਹਰਨੇਕ ਸਿੰਘ ਧਨੋਆ ਨੇ ਸਾਡਾ ਅੱਗਾ ਘੇਰ ਲਿਆ ਤੇ ਕਹਿੰਦੇ ਬਾਕੀ ਕੰਮ ਬਾਅਦ 'ਚ ਪਹਿਲਾਂ ਚਾਹ-ਪਾਣੀ ਛਕੋ।ਸਾਡੀ ਸੋਚ ਤਾਂ ਚਾਹ ਤੱਕ ਸੀਮਤ ਸੀ ਪਰ ਉਥੇ ਤਾਂ ਨਾਲ ਟਿੱਕੀਆਂ ਛੋਲੇ, ਉਤੇ ਮੂਲ਼ੀ ਪਾ ਕੇ ਵਰਤਾਉਣ ਲਈ ਕੁਝ ਸਿੰਘ ਤਿਆਰ ਖੜ੍ਹੇ ਸਨ।ਹੁਣ ਤੱਕ ਤਾਂ ਦੰਦ ਕੜਕਾ ਵੱਜੀ ਜਾਂਦਾ ਸੀ ਪਰ ਜਦੋਂ ਦੋ-ਦੋ ਟਿੱਕੀਆਂ ਤੇ ਚਾਹ ਦੇ ਕੱਪ ਅੰਦਰ ਗਏ ਤਾਂ ਕੁਝ ਗੱਲ ਜਿਹੀ ਔੜਨ ਲੱਗੀ। ਚਾਹ ਪੀ ਕੇ ਕੁਦਰਤ ਦੇ ਨਜ਼ਾਰੇ ਕੈਦ ਕਰਨ ਲੱਗਿਆਂ ਕੈਮਰੇ ਦੇ ਲੈਂਸ ਵਿਚੋਂ ਥੋੜ੍ਹੀ ਦੂਰ ਫੁੱਟਬਾਲ ਦੇ ਗਰਾਊਂਡ 'ਚ ਮੁੰਡੇ ਸਰੀਰ ਗਰਮ ਕਰਦੇ ਦਿਸੇ। ਉਨ੍ਹਾਂ ਕੋਲ ਜਾ ਕੇ ਦੇਖਿਆ ਤਾਂ ਉਹ ਵੀ ਘਰ ਦੇ ਹੀ ਨਿਕਲੇ ਯਾਨੀ ਐਡੀਲੇਡ ਤੋਂ ਮੋਹਨ ਨਾਗਰਾ ਦੀ ਟੀਮ ਪੰਜਾਬ ਲਾਇਨ ਵਾਲੇ ਲੋਹੜੇ ਦੀ ਠੰਢ 'ਚ ਕੱਪੜਿਓਂ ਬਾਹਰ ਹੋ ਰਹੇ ਸਨ। ਮੈਂ ਟੀਮ ਦੇ ਇੱਕ ਹੋਰ ਪ੍ਰਬੰਧਕ ਅਤੇ ਸਾਊਥ ਆਸਟ੍ਰੇਲੀਆ ਦੀ ਰੱਸਾਕਸੀ ਦੇ ਅਹਿਮ ਖਿਡਾਰੀ ਸੁਖਵਿੰਦਰ ਮੰਗੂਵਾਲੀਆ ਨੂੰ ਪੁੱਛਿਆ ਕਿ, "ਮੈਨੂੰ ਲਗਦੈ ਆਪਾਂ ਸਾਊਥ ਆਸਟ੍ਰੇਲੀਆ

ਵਾਲੇ ਕੁਝ ਜ਼ਿਆਦਾ ਹੀ ਕਾਹਲੇ ਲਗਦੇ ਹਾਂ ਤਗਮੇ ਜਿੱਤਣ ਨੂੰ ! ਹਾਲੇ ਕੋਈ ਹੋਰ ਤਾਂ ਇੱਥੇ ਬਹੁੜਿਆ ਨਹੀਂ !''

''ਕੋਈ ਨਾ ਬਾਈ ਆਪਾਂ ਜਿੰਨੀ ਕਾਹਲ ਨਾਲ ਆਏ ਹਾਂ, ਉੱਨੀ ਕਾਹਲ ਨਾਲ ਹੀ ਮੁੜ ਜਾਵਾਂਗੇ, ਕਿਉਂਕਿ ਫੁੱਟਬਾਲ 'ਚ ਪਹਿਲਾ ਹੀ ਮੁਕਾਬਲਾ ਸਿੱਖ ਗੇਮਜ਼ ਦੀ ਚੈਂਪੀਅਨ ਟੀਮ ਸਿੰਘ ਸਭਾ ਸਪੋਰਟਸ ਕਲੱਬ ਮੈਲਬਰਨ ਨਾਲ ਹੋਣਾ ਹੈ।'' ਮਜ਼ਾਕੀਆ ਸੁਭਾਅ ਦੇ ਸੁਖਵਿੰਦਰ ਦਾ ਜੁਆਬ ਸੀ ।

ਪਿਛਲੇ ਜਿਹੇ ਪਹਿਰ ਸੁਖਵਿੰਦਰ ਦੀ ਗੱਲ ਨੂੰ ਉਦੋਂ ਬੂਰ ਪੈ ਚੁੱਕਿਆ ਸੀ ਜਦੋਂ ਲੰਗਰ ਛਕ ਰਹੇ ਮੋਹਨ ਨਾਗਰਾ ਤੇ ਪ੍ਰਦੀਪ ਪਾਂਗਲੀ ਨੂੰ ਪੁੱਛਿਆ ਕਿ ਫੁੱਟਬਾਲ ਮੈਚਾਂ ਦਾ ਕੀ ਬਣਿਆ ? ਤਾਂ ਬੜੇ ਹੀ ਸਕਾਰਾਤਮਕ ਤਰੀਕੇ ਨਾਲ ਉਹ ਕਹਿੰਦੇ, ''ਤਿੰਨ ਮੁਕਾਬਲੇ ਹੋਏ ਨੇ ਜੀ, ਤਿੰਨੇ ਜਿੱਤ ਗਏ ਸਾਡੇ ਵਿਰੋਧੀ ਦੋ-ਦੋ ਦੇ ਫ਼ਰਕ ਨਾਲ।''

''ਚਲੋ'' ਮੈਂ ਕਿਹਾ, ''ਨਜ਼ਰੀਆ ਚੰਗਾ ਜੀ ਤੁਹਾਡਾ ਗਲਾਸ ਨੂੰ ਅੱਧਾ ਭਰਿਆ ਤੱਕਣ ਲਈ ਕਿਉਂਕਿ ਜੀਵਨ 'ਚ ਇੱਕ ਸਕਾਰਾਤਮਕਤਾ ਨੂੰ ਹੀ ਸਫ਼ਲਤਾ ਦੀ ਕੁੰਜੀ ਕਿਹਾ ਗਿਆ ਹੈ।''

ਪਰ ਦੂਜੇ ਪਾਸੇ ਕਬੱਡੀ ਦੇ ਮੈਦਾਨ ਵਕਤ ਦੀ ਸ਼ਿੱਦਤ ਨਾਲ ਹੋ ਰਹੀ ਬੇਕਦਰੀ ਨੂੰ ਬੇਨਕਾਬ ਕਰ ਰਹੇ ਸਨ। ਇਕ ਪਾਸੇ ਜਿੱਥੇ ਲਾਲੀ ਖਿਡਾਰੀਆਂ ਨੂੰ ਮੈਦਾਨ ਵਿੱਚ ਪਹੁੰਚਣ ਲਈ ਵਾਰ-ਵਾਰ ਸਟੇਜ 'ਤੇ ਗੁਜ਼ਾਰਿਸ਼ ਕਰ ਰਿਹਾ ਸੀ ਉਥੇ ਅਜੀਤ ਸਿੰਘ ਰਾਹੀ ਵੀ ਆਪਣੀਆਂ ਕਿਤਾਬਾਂ ਦੀ ਪ੍ਰਮੋਸ਼ਨ 'ਚ ਕਾਫ਼ੀ ਰੁੱਝੇ ਰੁੱਝੇ ਦਿਖਾਈ ਦੇ ਰਹੇ ਸਨ। ਦੇਰ ਨਾਲ ਸਹੀ ਪਰ ਹੌਲੀ-ਹੌਲੀ ਮੇਲੇ 'ਚ ਰੌਣਕ ਬਣਨੀ ਸ਼ੁਰੂ ਹੋ ਗਈ ਤੇ ਇੱਕ ਪਾਸੇ ਸੌਕਰ ਅਤੇ ਦੂਜੇ ਪਾਸੇ ਕਬੱਡੀ ਖਿਡਾਰੀ ਆਪਣੀ ਖੇਡ ਦੇ ਜੌਹਰ ਦਿਖਾਉਣ ਲੱਗੇ ਅਤੇ ਦਰਸ਼ਕਾਂ ਦੀ ਗਿਣਤੀ ਵੀ ਸੈਂਕੜਿਆਂ ਤੋਂ ਹਜ਼ਾਰਾਂ 'ਚ ਹੋ ਗਈ। ਸ਼ੁਰੂ ਦੇ ਕੁਝ ਮੈਚ ਬਿਨਾਂ ਕਮੈਂਟਰੀ ਦੇ ਕੁਝ ਸੁਸਤ ਜਿਹੇ ਲੱਗੇ ਪਰ ਦੁਪਹਿਰ ਤੱਕ ਜਾਂਦੇ-ਜਾਂਦੇ ਮਾਈਕ ਰਣਜੀਤ ਖੇੜਾ ਦੇ ਹੱਥ ਆ ਪਹੁੰਚਿਆ ਤਾਂ ਰੌਣਕ 'ਚ ਕੁਝ ਹੋਰ ਵਾਧਾ ਹੋਇਆ। ਕਬੱਡੀ ਦੇ ਨਾਲ-ਨਾਲ ਰੱਸਾਕਸੀ ਦੇ ਮੁਕਾਬਲੇ ਵੀ ਇੱਕ ਪਾਸੇ ਸ਼ੁਰੂ ਹੋ ਗਏ। ਜਿਸ ਵਿੱਚ ਨੌਜਵਾਨ ਕੁੜੀਆਂ ਦਾ ਇੱਕ ਮੁਕਾਬਲਾ ਦੇਖ ਕੇ ਹਰੇਕ ਦਰਸ਼ਕ ਦੰਦਾਂ ਹੇਠ ਉਂਗਲੀ ਦੇਣ ਲਈ ਮਜ਼ਬੂਰ ਹੋ ਗਿਆ ਜਦੋਂ ਉਨ੍ਹਾਂ ਨੇ ਪ੍ਰਬੰਧਕਾਂ ਵੱਲੋਂ ਦਿੱਤਾ ਰੱਸਾ ਤੋੜ ਕੇ, ਉਨ੍ਹਾਂ ਲੋਕਾਂ ਦੇ ਮੂੰਹ ਬੰਦ ਕਰ ਦਿੱਤੇ ਜੋ ਪੰਜਾਬਣ ਧੀਆਂ ਨੂੰ ਕਮਜ਼ੋਰ ਅਤੇ ਨਾਜ਼ੁਕ ਸਮਝਦੇ ਹਨ।

ਦੂਜੇ ਪਾਸੇ, ਜਦੋਂ ਦਾ ਮੈਂ ਆਸਟ੍ਰੇਲੀਆ ਆਇਆ ਹਾਂ ਤਾਂ ਗਾਹੇ-ਵਗਾਹੇ ਗ੍ਰਿਫ਼ਥ ਖੇਡਾਂ 'ਚ ਮੇਜ਼ਬਾਨੀ ਅਤੇ ਖਾਣ ਪੀਣ ਦੇ ਚਰਚੇ ਅਕਸਰ ਸੁਣਨ ਨੂੰ ਮਿਲਦੇ ਹਨ। ਪਰ ਅੱਖੀਂ ਦੇਖੇ ਬਿਨਾਂ ਕਿਥੇ ਯਕੀਨ ਆਉਂਦਾ ਹੈ ਕਿ ਵਾਕਿਆ ਹੀ ਸ਼ਹਿਰਾਂ ਤੇ ਪਿੰਡਾਂ ਦੀ ਮੇਜ਼ਬਾਨੀ ਦਾ ਫ਼ਰਕ ਹੁੰਦਾ ਹੈ। ਜਿੱਥੇ ਸ਼ਹਿਰਾਂ 'ਚ ਲਗਦੇ ਇਹੋ ਜਿਹੇ ਖੇਡ ਮੇਲਿਆਂ 'ਚ ਲੋਕ ਲੰਗਰ ਨੂੰ ਤਰਸਦੇ ਦੇਖੇ ਜਾਂਦੇ ਹਨ, ਉਥੇ ਗ੍ਰਿਫ਼ਥ ਦੇ ਇਸ ਖੇਡ ਮੇਲੇ 'ਚ ਨਿਰਣੇ ਕਾਲਜੇ ਤੋਂ ਲੈ ਕੇ ਮੇਲੇ ਦੇ ਅੰਤ ਤੱਕ ਚਾਹ-ਪਾਣੀ ਤੋਂ ਲੈ ਕੇ ਰੋਟੀ, ਮਠਿਆਈ ਅਤੇ ਤਾਜ਼ਾ ਫ਼ਰੂਟ ਲੋਕਾਂ ਤੋਂ ਖਾਧਾ ਨਹੀਂ ਜਾ ਰਿਹਾ ਸੀ। ਬੜੇ ਹੀ ਸੁਚੱਜੇ ਢੰਗ ਨਾਲ ਪ੍ਰਬੰਧਕ ਲੰਗਰ ਵਰਤਾ ਰਹੇ ਸਨ। ਕਈ-ਕਈ ਵਾਰ ਤਾਂ ਸੰਗਤਾਂ ਦੀਆਂ ਲਾਈਨਾਂ ਕਾਫ਼ੀ ਵੱਡੀਆਂ ਹੋ ਜਾਂਦੀਆਂ ਸਨ ਪਰ ਮੈਂ ਦੋ ਦਿਨਾਂ 'ਚ ਇਹ ਨਹੀਂ ਸੁਣਿਆ ਕਿ ਭਾਈ ਠਹਿਰ ਜਾਓ ਹਾਲੇ ਚਾਹ ਬਣ ਰਹੀ ਹੈ ਜਾਂ ਕੁਝ ਮੁੱਕ ਗਿਆ ਹੈ।

ਗ੍ਰਿਫ਼ਥ ਦਾ ਸ਼ਾਇਦ ਹੀ ਕੋਈ ਘਰ ਜਾਂ ਹੋਟਲ ਹੋਵੇਗਾ, ਜਿਸ ਵਿੱਚ ਮਹਿਮਾਨ ਨਾ ਹੋਣ। ਪਹਿਲੇ ਦਿਨ ਦੀ ਸ਼ਾਮ ਹੁੰਦੇ ਹੀ ਪਾਰਟੀਆਂ ਦਾ ਦੌਰ ਸ਼ੁਰੂ ਹੋ ਗਿਆ। ਵੱਖ-ਵੱਖ ਮਹਿਫ਼ਲਾਂ 'ਚ ਰੌਣਕਾਂ ਲੱਗ ਗਈਆਂ। ਅਸੀਂ ਜਿਹੜੇ ਹੋਟਲ ਵਿੱਚ ਰੁਕੇ ਹੋਏ ਸੀ ਉਥੇ ਵੀ ਦੇਰ ਰਾਤ ਤੱਕ ਢੋਲ ਵਜਦੇ ਰਹੇ। ਅੱਧੀ ਕੁ ਰਾਤ ਨੂੰ ਕਬੱਡੀ ਖਿਡਾਰੀ ਢੋਲ ਢਮੱਕਾ ਕਰ ਰਹੇ ਲੋਕਾਂ ਨੂੰ ਬੇਨਤੀਆਂ ਕਰਦੇ ਦੇਖੇ ਗਏ ਕਿ ਉਨ੍ਹਾਂ ਨੇ ਕੱਲ੍ਹ ਸਵੇਰ ਤੋਂ ਸ਼ਾਮ ਤੱਕ ਬਹੁਤ ਸਾਰੇ ਮੈਚ ਖੇਡਣੇ ਹਨ। ਸੋ ਉਨ੍ਹਾਂ ਨੂੰ ਸ਼ਾਂਤੀ ਨਾਲ ਆਰਾਮ ਕਰ ਲੈਣ ਦਿਓ, ਪਰ...। ਹਰ ਮਹਿਫ਼ਲ ਦਾ ਵੱਖਰਾ ਨਜ਼ਾਰਾ ਦੇਖਣ ਨੂੰ ਮਿਲ ਰਿਹਾ ਸੀ। ਸਾਡੇ ਕਮਰੇ 'ਚ ਵੀ ਮਹਿਫ਼ਲ ਸਜੀ ਹੋਈ ਸੀ, ਬੱਸ ਫ਼ਰਕ ਏਨਾ ਕੁ ਸੀ ਕਿ ਸਾਡੇ ਕਮਰੇ 'ਚ ਤਕਰੀਬਨ ਅਸੀਂ ਦਸ ਕੁ ਪਤਿਤ ਸਿੱਖ ਅੱਧੀ ਰਾਤ ਤੱਕ ਗੁਰਮਤੇ ਕਰਦੇ ਰਹੇ। ਕੁਝ ਇੱਕ ਨੌਜਵਾਨ ਲੇਖਕਾਂ ਜਿਵੇਂ ਦਵਿੰਦਰ ਧਾਲੀਵਾਲ, ਕਰਨ ਬਰਾੜ ਅਤੇ ਅੰਗਰੇਜ਼ ਸਿੰਘ ਆਦਿ ਨੇ ਬੜੇ ਜਿਗਿਆਸਾ ਭਰੇ ਸਵਾਲ ਕੀਤੇ। ਜਿਨ੍ਹਾਂ ਦੇ ਜਵਾਬ ਅਮਨਦੀਪ ਸਿੱਧੂ ਨੇ ਬੜੇ ਹੀ ਠਰ੍ਹੰਮੇ ਨਾਲ ਦੇ ਕੇ ਉਨ੍ਹਾਂ ਨੂੰ ਸੰਤੁਸ਼ਟ ਕੀਤਾ ਅਤੇ ਨਾਲ ਆਸਟ੍ਰੇਲੀਆ ਦੇ ਉਭਰ ਰਹੇ ਨੌਜਵਾਨ ਗਾਇਕ ਵੀਰ ਭੰਗੂ ਨੇ ਆਪਣੀ ਸੋਜ਼ ਭਰੀ ਆਵਾਜ਼ 'ਚ ਰੂਹਾਨੀਅਤ ਨਾਲ ਜੁੜੀਆਂ ਕੁਝ ਨਜ਼ਮਾਂ ਸੁਣਾ ਕੇ ਮਾਹੌਲ ਨੂੰ ਸੂਫ਼ੀਆਨਾ ਰੰਗਤ ਦੇ ਦਿੱਤੀ। ਉਧਰ ਸੁਲੱਖਣ ਸਿੰਘ ਸਹੋਤਾ ਜਿੱਥੇ ਸਾਨੂੰ ਅੱਠ ਬੰਦਿਆਂ ਨੂੰ ਗੱਡੀ 'ਚ ਲੱਦ ਕੇ ਗ੍ਰਿਫ਼ਥ ਲੈ ਪਹੁੰਚਿਆ ਸੀ, ਉਥੇ ਉਸ ਦਾ ਖੇਡਾਂ ਪ੍ਰਤੀ ਪਿਆਰ ਹਰ ਥਾਂ ਝਲਕ ਰਿਹਾ ਸੀ। ਗ੍ਰਿਫ਼ਥ ਆਇਆ ਸ਼ਾਇਦ ਹੀ ਕੋਈ ਇਹੋ ਜਿਹਾ ਬੰਦਾ ਹੋਵੇ ਜੋ ਸੁਲੱਖਣ ਸਿੰਘ ਦੇ ਗੁਣ ਨਾ ਗਾ ਰਿਹਾ ਹੋਵੇ।

ਦੂਜੇ ਦਿਨ ਫੇਰ ਉਸੇ ਵਰਤਾਰੇ ਨਾਲ ਖੇਡਾਂ ਸ਼ੁਰੂ ਹੋਈਆਂ। ਪ੍ਰਬੰਧਕਾਂ ਨਾਲ ਗੱਲ ਕਰਨ ਤੇ ਉਨ੍ਹਾਂ ਦੱਸਿਆ ਕਿ ਪਤਾ ਨਹੀਂ ਆਪਣੇ ਲੋਕ ਕਦੋਂ ਜ਼ਿੰਮੇਵਾਰ ਹੋਣਗੇ। ਉਨ੍ਹਾਂ ਦੱਸਿਆ ਕਿ ਅਸੀਂ ਆਪਣੇ ਵੱਲੋਂ ਮਹਿਮਾਨ ਨਿਵਾਜੀ 'ਚ ਕੋਈ ਕਸਰ ਨਹੀਂ ਛੱਡ ਰਹੇ ਪਰ ਫੇਰ ਵੀ ਲੋਕ ਆਪਣੀ ਕੋਈ ਜ਼ਿੰਮੇਵਾਰੀ ਨਹੀਂ ਨਿਭਾ ਰਹੇ। ਇਕੱਲੇ ਪ੍ਰਬੰਧਕ ਹੀ ਰਾਤ ਨੂੰ ਗਿਆਰਾਂ ਵਜੇ ਤੱਕ ਮੈਦਾਨ ਵਿਚ ਖਿੱਲਰੀਆਂ ਕੁਰਸੀਆਂ ਅਤੇ ਕੂੜਾ ਇਕੱਠਾ ਕਰਦੇ ਰਹੇ ਅਤੇ ਹੁਣ ਫੇਰ ਪੰਜ ਵਜੇ ਦੇ ਅੱਜ ਦੇ ਇੰਤਜ਼ਾਮ ਵਿਚ ਰੁੱਝੇ ਹੋਏ ਹਨ।

ਉਧਰ ਪਿਛਲੀ ਰਾਤ ਆਸਟ੍ਰੇਲੀਅਨ ਕਬੱਡੀ ਫੈਡਰੇਸ਼ਨ ਦੀ ਚੋਣ ਨੇ ਸਾਰਿਆਂ ਨੂੰ ਸਕੂਨ ਦਿੱਤਾ, ਜਿਸ ਵਿੱਚ ਅਹੁਦਾ ਛੱਡ ਰਹੇ ਪ੍ਰਧਾਨ ਜਗਜੀਤ ਸਿੰਘ ਗੁਰਮ ਦੀ ਥਾਂ ਸੁੱਖੇ ਜੌਹਲ ਨੂੰ ਸਰਬ ਸੰਮਤੀ ਨਾਲ ਇਹ ਜ਼ਿੰਮੇਵਾਰੀ ਦਿੱਤੀ ਗਈ ਅਤੇ ਸਕੱਤਰ ਦੀ ਕੁਰਸੀ ਰੋਣੀ ਰੰਧਾਵਾ ਦੇ ਹਿੱਸੇ ਆਈ। ਇੱਥੇ ਇਹ ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਦੇ ਸਾਰੇ ਹੀ ਕਬੱਡੀ ਕਲੱਬਾਂ ਨੂੰ ਇਸ ਕਾਰਜਕਾਰਨੀ 'ਚ ਬਣਦਾ ਥਾਂ ਦਿੱਤਾ ਗਿਆ ਤੇ ਉਹ ਵੀ ਸਾਰਿਆਂ ਦੀ ਸਹਿਮਤੀ ਨਾਲ। ਇਸ ਨਾਲ ਇੱਕ ਚਰਚਾ ਆਮ ਸੁਣਨ ਨੂੰ ਮਿਲੀ ਕਿ ਪ੍ਰਬੰਧਕਾਂ ਦੀ ਸਹਿਮਤੀ ਕਬੱਡੀ ਦੇ ਭਵਿੱਖ ਲਈ ਵਰਦਾਨ ਦਾ ਕੰਮ ਕਰੇਗੀ।

ਖੇਡਾਂ ਦੇ ਦੂਸਰੇ ਦਿਨ ਮੈਲਬਰਨ ਤੋਂ ਆਈ ਗੱਤਕਾ ਟੀਮ ਨੇ ਵਿਅਸਤ ਦਿਨ ਦੇ ਚੱਲਦਿਆਂ ਕਰੀਬ ਅੱਧਾ ਘੰਟਾ ਗੱਤਕੇ ਦੇ ਜੌਹਰ ਦਿਖਾ ਕੇ ਸਾਰਾ ਮਾਹੌਲ ਖ਼ਾਲਸਮਈ ਕਰ ਦਿੱਤਾ ਤੇ ਜੇਕਰ ਖੇਡਾਂ ਦੀ ਗੱਲ ਕੀਤੀ ਜਾਵੇ ਤਾਂ ਕਬੱਡੀ ਦੀਆਂ ਟੀਮਾਂ 'ਤੇ ਨਾ ਹਾਲੇ ਨਵੀਂ ਕਾਰਜਕਾਰਨੀ ਦਾ ਅਸਰ ਦਿਖਾਈ ਦੇ ਰਿਹਾ ਸੀ ਤੇ ਨਾ ਪੁਰਾਣੀ ਦਾ। ਪ੍ਰਬੰਧਕ ਅਕਸਰ ਦੀ ਤਰ੍ਹਾਂ ਵਾਰ-ਵਾਰ ਟੀਮਾਂ ਨੂੰ ਸੱਦੇ ਦੇ ਰਹੇ ਸਨ ਪਰ ਹਾਥੀ ਦੀ ਮਸਤ ਚਾਲ 'ਚ ਕੋਈ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ ਸੀ।

ਮੈਚ ਵੱਧ ਪਏ ਸਨ ਤੇ ਵਕਤ ਘੱਟ ਸੀ ਤੇ ਉੱਤੋਂ ਗ੍ਰਿਫ਼ਥ ਦੀ ਕੋਹਰੇ ਵਾਲੀ ਠੰਢ ਭਰੀ ਸ਼ਾਮ ਆਉਂਦੀ ਦਿਖਾਈ ਦੇ ਰਹੀ ਸੀ। ਜਿਵੇਂ-ਜਿਵੇਂ ਦਿਨ ਢਲਦਾ ਗਿਆ ਤਾਂ ਮੇਲਾ ਭਖਦਾ ਗਿਆ। ਜਿੱਥੇ ਰੱਸੇ ਖਿੱਚਣ ਵਾਲਿਆਂ 'ਚ ਕੈਨਬਰੇ ਦੇ ਗੱਭਰੂਆਂ ਨੇ ਫਾਈਨਲ ਮੈਚ ਵਿੱਚ ਸਾਊਥ ਆਸਟ੍ਰੇਲੀਅਨ ਗੱਭਰੂਆਂ ਦੇ ਪੈਰ ਹੀ ਨਹੀਂ ਲੱਗਣ ਦਿੱਤੇ, ਉਥੇ ਬੀਬੀਆਂ ਨੇ ਮਿਊਜ਼ੀਕਲ ਚੇਅਰ ਅਤੇ ਰੱਸਾਕਸੀ ਵਿੱਚ ਵੀ ਆਪਣੇ ਜੌਹਰ ਦਿਖਾਏ। ਵੂਲਗੂਲਗੇ ਦੇ ਨੌਜਵਾਨਾਂ ਨੇ ਜੂਨੀਅਰ ਕਬੱਡੀ ਵਿੱਚ ਆਪਣੀ ਝੰਡੀ ਗੱਡੀ ਅਤੇ ਇੱਕ ਅਰਧ ਪੰਜਾਬੀ ਮੁੰਡੇ ਵਿਲੀਅਮ ਨੇ ਸਭ ਨੂੰ ਦੱਸ ਦਿੱਤਾ ਕਿ ਪਾਸੇ ਹੋ ਜਾਓ ਆਉਣ ਵਾਲਾ ਭਵਿੱਖ ਮੇਰਾ ਹੈ।

ਬਾਕੀ ਤੇਜੀ ਢਿੱਲੋਂ ਤੇ ਰੌਣੀ ਰੰਧਾਵਾ ਅਤੇ ਸਿੰਘ ਸਭਾ ਸਪੋਰਟਸ ਕਲੱਬ ਦੇ ਪੈਰ ਧਰਤੀ 'ਤੇ ਨਹੀਂ ਸਨ ਲੱਗ ਰਹੇ ਕਿਉਂਕਿ ਉਨ੍ਹਾਂ ਦੀ ਪਿਛਲੇ ਸਾਲ ਤੋਂ ਚੱਲ ਰਹੀ ਜੇਤੂ ਮੁਹਿੰਮ ਜਾਰੀ ਸੀ। ਇਸ ਵਾਰ ਕੁਝ ਇੱਕ ਸਮੀਕਰਨ ਬਦਲੇ ਸਨ ਅਤੇ ਇਸ ਕਲੱਬ ਦਾ ਇੱਕ ਅਹਿਮ ਖਿਡਾਰੀ ਬੂਟਾ ਤਲਬਨ ਇਸ ਕਲੱਬ ਦੀ ਜੇਤੂ ਮੁਹਿੰਮ ਨੂੰ ਰੋਕਣ ਲਈ ਪੰਜਾਬੀ ਕਲੱਬ ਮੈਲਬਰਨ ਦੀ ਟੀਮ ਦਾ ਹਿੱਸਾ ਬਣ ਚੁੱਕਿਆ ਸੀ। ਸੰਜੋਗਵੱਸ ਉਸ ਦਾ ਫਾਈਨਲ ਮੁਕਾਬਲਾ ਉਸ ਦੇ ਆਪਣੇ ਹੀ ਪੁਰਾਣੇ ਸਾਥੀਆਂ ਨਾਲ ਹੋ ਰਿਹਾ ਸੀ ਤੇ ਫਾਈਨਲ ਮੈਚ ਦਾ ਆਲਮ ਇਹ ਸੀ ਕਿ ਦਰਸ਼ਕ ਆਮ ਹੀ ਇਹ ਕਹਿੰਦੇ ਸੁਣੇ ਗਏ ਕਿ ਇਹ ਫਾਈਨਲ ਵਰਲਡ ਕੱਪ ਦੇ ਫਾਈਨਲ ਨੂੰ ਵੀ ਮਾਤ ਪਾ ਗਿਆ। ਲੋਕਾਂ ਦਾ ਇੱਕ-ਇੱਕ ਰੇਡ 'ਤੇ ਡਾਲਰਾਂ ਦਾ ਮੀਂਹ ਵਰ੍ਹਾਉਣਾ ਅਤੇ ਉਨ੍ਹਾਂ ਵੱਲੋਂ ਪੈਂਦਾ ਰੌਲਾ ਇੰਝ ਲਗ ਰਿਹਾ ਸੀ ਕਿ ਖਿਡਾਰੀਆਂ ਦਾ ਜ਼ੋਰ ਘੱਟ ਤੇ ਦਰਸ਼ਕਾਂ ਦਾ ਜ਼ੋਰ ਵੱਧ ਲੱਗ ਰਿਹਾ ਸੀ। ਬੜੇ ਸਖ਼ਤ ਮੁਕਾਬਲੇ ਦਾ ਅੰਤ ਸਿੰਘ ਸਭਾ ਸਪੋਰਟਸ ਕਲੱਬ ਦੇ ਹੱਕ 'ਚ ਗਿਆ ਅਤੇ ਉਹ ਇੱਕ ਹੋਰ ਖ਼ਿਤਾਬ ਆਪਣੀ ਝੋਲੀ 'ਚ ਪਾਉਣ 'ਚ ਕਾਮਯਾਬ ਰਹੇ। ਪਰ ਇੱਥੇ ਇਹ ਜ਼ਿਕਰਯੋਗ ਗੱਲ ਹੈ ਕਿ ਲੋਕਾਂ ਵਿੱਚ ਇਹ ਵਿਸ਼ਾ ਚਰਚਾ 'ਚ ਸੀ ਕਿ ਸਿੰਘ ਸਭਾ ਵੱਲੋਂ ਮੋਟਾ ਪੈਸਾ ਲਾ ਕੇ ਸਥਾਪਿਤ ਕੀਤੇ ਖਿਡਾਰੀ ਨੂੰ ਇੰਝ ਕਲੱਬ ਨੂੰ ਵਿੱਚੇ ਛੱਡ ਕੇ ਦੂਜੇ ਕਲੱਬ ਲਈ ਖੇਡਣ ਲੱਗਣਾ ਕੀ ਸਹੀ ਕਦਮ ਹੈ। ਕੀ ਇਹ ਕਬੱਡੀ ਲਈ ਚੰਗੇ ਭਵਿੱਖ ਦਾ ਸੰਕੇਤ ਹੈ। ਪਰ ਇਸ ਦਾ ਫ਼ੈਸਲਾ ਤਾਂ ਆਉਣ ਵਾਲਾ ਕੱਲ੍ਹ ਹੀ ਕਰੇਗਾ ਤੇ ਦੂਜਾ ਪੱਖ ਜਾਣਨ ਲਈ ਸੰਬੰਧਿਤ ਖਿਡਾਰੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇੱਕ ਪੱਖ ਜਾਣਨ ਤੋਂ ਬਾਅਦ ਤਾਂ ਬੂਟੇ ਨੂੰ ਹੀ ਕਸੂਰਵਾਰ ਸਮਝਿਆ ਜਾ ਰਿਹਾ ਹੈ । ਖੇਡ ਦੌਰਾਨ ਬੂਟੇ ਤਲਬਨ ਦੇ ਪ੍ਰਦਰਸ਼ਨ ਵਿੱਚ ਵੀ ਇਸ ਸਾਰੇ ਕਾਂਡ ਦਾ ਅਸਰ ਸਾਫ਼ ਦਿਖਾਈ ਦਿੱਤਾ। ਜਿਹੜਾ ਬੂਟਾ ਬੈੱਸਟ ਜਾਫੀ ਹੁੰਦਾ ਸੀ, ਕੱਲ੍ਹ ਉਹ ਉਹੀ ਜਿਹੀ ਖੇਡ ਨਹੀਂ ਦਿਖਾ ਸਕਿਆ। ਪਰ ਉਮੀਦ ਕਰਦੇ ਹਾਂ ਕਿ ਛੇਤੀ ਹੀ ਇਹਨਾਂ ਮਸਲਿਆਂ ਦਾ ਹੱਲ ਨਿਕਲੇਗਾ ਅਤੇ ਦਰਸ਼ਕ ਬੂਟੇ ਦੀ ਖੇਡ ਦਾ ਆਨੰਦ ਮਾਣ ਸਕਣਗੇ। ਸੋਨੀ ਕਾਉਂਕੇ, ਗੱਲੀਂ ਪੱਤੋ ਅਤੇ ਰੋਮੀ ਨੂੰ ਬੈੱਸਟ ਰੇਡਰ ਚੁਣਿਆ ਗਿਆ। ਸੌਕਰ 'ਚ ਵੀ ਸਿੰਘ ਸਭਾ ਸਪੋਰਟਸ ਦੀ ਝੰਡੀ ਕਾਇਮ ਰਹੀ। ਆਸਟ੍ਰੇਲੀਆ ਦੇ ਉਭਰ ਰਹੇ ਗਾਇਕ ਵੀਰ ਭੰਗੂ ਨੇ ਆਪਣੀ ਬੁਲੰਦ ਆਵਾਜ਼ ਦੇ ਜੌਹਰ ਦੋਨੋਂ ਦਿਨ ਮੈਦਾਨ ਵਿੱਚ ਬਿਖੇਰ ਕੇ ਸਾਰੇ ਮਾਹੌਲ ਨੂੰ ਰੰਗਮਈ ਕਰ ਦਿੱਤਾ। ਸਾਡੇ ਇੱਕ ਬੜੇ ਹੀ ਪਿਆਰੇ ਮਿੱਤਰ ਦੀਪੀ ਗਿੱਲ ਨੇ ਸਾਰੇ ਮੇਲੇ ਦੌਰਾਨ ਤਕਰੀਬਨ ਬਾਰਾਂ ਸੌ ਫ਼ੋਟੋ ਖਿੱਚ ਕੇ ਇਸ ਮੇਲੇ ਨੂੰ ਸਦਾ ਲਈ ਕੈਦ ਕਰ ਲਿਆ।

ਲਓ ਜੀ ! ਹੁਣ ਆਪਣੀ ਪੀੜ੍ਹੀ ਥੱਲੇ ਵੀ ਸੋਟਾ ਮਾਰ ਲਈਏ। ਯਾਨੀ ਮੀਡੀਆ ਦੀ ਗੱਲ

ਕਰ ਲਈਏ। ਹਰ ਵਾਰ ਦੀ ਤਰ੍ਹਾਂ ਮੀਡੀਆ ਗੱਜ-ਵੱਜ ਕੇ ਪਿਛਲੇ ਇੱਕ ਮਹੀਨੇ ਤੋਂ ਗ੍ਰਿਫ਼ਥ ਖੇਡਾਂ ਦਾ ਢੋਲ ਆਪੋ ਆਪਣੀ ਤਾਲ 'ਚ ਵਜਾ ਰਿਹਾ ਸੀ। ਬਹੁਤ ਸਾਰੇ ਅਖ਼ਬਾਰਾਂ ਤੇ ਰੇਡੀਉ ਦੇ ਨੁਮਾਇੰਦੇ ਇੱਥੇ ਹਾਜ਼ਰ ਸਨ। ਉੱਘਾ ਕਾਲਮ ਨਵੀਸ ਗੱਜਣਵਾਲਾ ਸੁਖਮਿੰਦਰ ਪਿਛਲੇ ਸਾਲ ਦਾ
ਗਿੱਝਿਆ ਗਿਝਾਇਆ ਇਸ ਵਾਰ ਫਿਰ ਵਿਆਹ 'ਚ ਆਏ ਮੇਲ ਵਾਂਗ ਘੂਕਦਾ ਫਿਰਦਾ ਸੀ। ਪ੍ਰਬੰਧਕਾਂ ਵੱਲੋਂ ਮੀਡੀਆ ਲਈ ਸਨਮਾਨ ਚਿੰਨ੍ਹ ਵੀ ਬਣਾਏ ਹੋਏ ਸਨ। ਭਾਵੇਂ ਪ੍ਰਬੰਧਕਾਂ ਨੇ ਪਹਿਲੇ ਦਿਨ ਹੀ ਸਾਰੇ ਮੀਡੀਆ ਦੇ ਨੁਮਾਇੰਦਿਆਂ ਦੀ ਲਿਸਟ ਬਣਾ ਰੱਖੀ ਸੀ। ਪਰ "ਸਾਡੇ ਵਾਰੀ ਰੰਗ ਮੁੱਕਿਆ, ਹੋਲੀ ਗ਼ੈਰਾਂ ਨਾਲ ਖੇਡੀ ਤੂੰ ਬਥੇਰੀ" ਵਾਲੀ ਗੱਲ ਅਕਸਰ ਹੀ ਮੀਡੀਆ ਨਾਲ ਹੁੰਦੀ ਰਹੀ ਹੈ। ਮਾਈਕਧਾਰੀ, ਕੁਝ ਇੱਕ ਬੰਦਿਆਂ ਨੂੰ ਛੱਡ ਕੇ ਬਾਕੀ ਦੇ ਸਾਰੇ ਮੀਡੀਆ ਨੂੰ ਨਜ਼ਰ ਅੰਦਾਜ਼ ਕਰ ਰਹੇ ਸਨ। ਇੱਕ ਦੋ ਵਾਰ ਇਹ ਆਵਾਜ਼ਾਂ ਤਾਂ ਸੁਣਨ ਨੂੰ ਮਿਲ ਰਹੀਆਂ ਸਨ ਕਿ ਉਹ ਕਿਧਰ ਗਏ ਮੀਡੀਆ ਵਾਲ਼ਿਓ ! ਗਰਾਊਂਡ 'ਚ ਆ ਜੋ, ਫ਼ੋਟੋ ਖਿੱਚਣੀ ਹੈ। ਇਹ ਸੁਣ ਕੇ ਮੀਡੀਆ ਵਾਲਿਆਂ ਨੂੰ ਇੰਝ ਲਗ ਰਿਹਾ ਸੀ ਜਿਵੇਂ ਉਨ੍ਹਾਂ ਨੂੰ ਦਿਹਾੜੀ 'ਤੇ ਲਿਆਂਦਾ ਗਿਆ ਹੋਵੇ। ਪਰ ਇਹ ਕਿਸੇ ਤੋਂ ਛੁਪਿਆ ਨਹੀਂ ਕਿ ਖ਼ਾਸ ਕਰ ਕੇ ਵਿਦੇਸ਼ 'ਚ ਮੀਡੀਆ ਘਰ ਫ਼ੂਕ ਤਮਾਸ਼ੇ ਤੋਂ ਵੱਧ ਹੋਰ ਕੁਝ ਨਹੀਂ। ਇੱਥੇ ਇੱਕ ਗੱਲ ਜ਼ਿਕਰਯੋਗ ਹੈ ਕਿ ਗਰਾਊਂਡ ਦੇ ਨਾਲ-ਨਾਲ ਇੱਕ ਮਾਈਕ ਸਟੇਜ 'ਤੇ ਵੀ ਚੱਲ ਰਿਹਾ ਸੀ। ਪਰ ਕਿਸੇ ਵੱਲੋਂ ਵੀ ਪ੍ਰਬੰਧਕਾਂ ਵੱਲੋਂ ਦਿੱਤੀ ਲਿਸਟ ਦਾ ਜ਼ਿਕਰ ਨਹੀਂ ਕੀਤਾ ਗਿਆ। ਸ਼ਾਇਦ ਖੇਡਾਂ 'ਚ ਹੀ ਏਨੇ ਵਿਅਸਤ ਸਨ ਕਿ ਉਨ੍ਹਾਂ ਨੂੰ ਮੀਡੀਆ ਵੱਲੋਂ ਕੀਤੀ ਗਈ ਸੇਵਾ ਦਿਖਾਈ ਨਹੀਂ ਦਿੱਤੀ।

ਇਹ ਵੀ ਜ਼ਿਕਰਯੋਗ ਹੈ ਕਿ ਕੁਝ ਇੱਕ ਚੀਜ਼ਾਂ ਇਹੋ ਜਿਹੀਆਂ ਹੁੰਦੀਆਂ ਹਨ, ਜਦੋਂ ਉਹ ਕਿਸੇ ਕੋਲ ਆ ਜਾਣ ਤਾਂ ਇਨਸਾਨ ਦੀਆਂ ਜ਼ਿੰਮੇਵਾਰੀਆਂ 'ਚ ਕਾਫ਼ੀ ਵਾਧਾ ਹੋ ਜਾਂਦਾ ਹੈ। ਉਨ੍ਹਾਂ ਵਿਚੋਂ ਇੱਕ ਚੀਜ਼ ਮਾਈਕ ਵੀ ਹੈ। ਭਾਵੇਂ ਹਰ ਵਾਰ ਦੀ ਤਰ੍ਹਾਂ ਮਾਈਕ ਬਹੁਤ ਹੀ ਹੰਢੇ ਵਰਤੇ ਬੰਦਿਆਂ ਰਣਜੀਤ ਸਿੰਘ ਖੇੜਾ ਅਤੇ ਚਰਨਾਮਤ ਸਿੰਘ ਦੇ ਹੱਥ ਸੀ। ਪਰ ਫੇਰ ਵੀ ਉਹ ਪਤਾ ਨਹੀਂ ਕਿਉਂ ਕੁਝ ਇੱਕ ਗੱਲਾਂ ਨੂੰ ਅੱਖੋਂ ਪਰੋਖੇ ਕਰ ਰਹੇ ਸਨ। ਮੈਂ ਇੱਥੇ ਆਪਣੀ ਗੱਲ ਨਹੀਂ ਕਰ ਰਿਹਾ ਕਿ ਮੈਨੂੰ ਉਨ੍ਹਾਂ ਨੇ ਸਤਿਕਾਰ ਨਹੀਂ ਦਿੱਤਾ। ਉਲਟਾ ਮੇਰਾ ਜ਼ਿਕਰ ਤਾਂ ਇੱਕ ਦੋ ਵਾਰ ਹੋਇਆ ਪਰ ਉਥੇ ਅਜੀਤ, ਜੱਗ ਬਾਣੀ, ਪੰਜਾਬੀ ਟ੍ਰਿਬਿਊਨ, ਦੀ ਪੰਜਾਬ, ਚੜ੍ਹਦੀਕਲਾ, ਹਰਮਨ ਰੇਡੀਉ, ਆਪਣਾ ਪੰਜਾਬ ਟੀ ਵੀ, ਪੰਜਾਬੀ ਜਾਗਰਣ, ਪੰਜਾਬੀ ਨਿਊਜ਼ ਆਨਲਾਈਨ, ਦੀ ਟਾਈਮਜ਼ ਆਫ਼ ਪੰਜਾਬ, ਸਪਾਈਸ ਰੇਡੀਉ ਤੇ ਸ਼ਬਦ ਸਾਂਝ ਆਦਿ ਤੋਂ ਵੀ ਬੰਦੇ ਹਾਜ਼ਰ ਸਨ। ਮੈਂ ਉਨ੍ਹਾਂ ਦਾ ਜ਼ਿਕਰ ਪ੍ਰਬੰਧਕਾਂ ਕੋਲ ਪਈ ਲਿਸਟ 'ਚ ਤਾਂ ਦੇਖਿਆ ਸੀ ਪਰ ਕਿਤੇ ਹੋਰ ਹੁੰਦਾ ਨਹੀਂ ਸੁਣਿਆ। ਇਹਨਾਂ ਸਾਰੇ ਨੁਮਾਇੰਦਿਆਂ ਨਾਲ ਗੱਲ ਕਰਨ ਤੇ ਉਨ੍ਹਾਂ ਕਿਹਾ ਕਿ ਭਾਵੇਂ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਪਰ ਫੇਰ ਵੀ ਜਦੋਂ ਦੋ ਚਾਰ ਬੰਦਿਆਂ ਨੂੰ ਛੱਡ ਕੇ ਸਭ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੋਵੇ ਤਾਂ ਇਹ ਸਹੀ ਗੱਲ ਨਹੀਂ ਹੈ।

ਇੱਕ ਗੱਲ ਹੋਰ ਜ਼ਿਕਰਯੋਗ ਹੈ ਕਿ ਇਹ ਵਰਤਾਰਾ ਕੋਈ ਖ਼ਾਸ ਨਹੀਂ ਅਕਸਰ ਹੀ ਇੰਝ ਹੁੰਦਾ ਰਹਿੰਦਾ ਹੈ। ਇੱਥੇ ਬੱਸ ਏਨਾ ਕੁ ਫ਼ਰਕ ਸੀ ਕਿ ਪ੍ਰਬੰਧਕਾਂ ਦਾ ਕਸੂਰ ਕਿਤੇ ਵੀ ਦਿਖਾਈ ਨਹੀਂ ਦੇ ਰਿਹਾ ਸੀ। ਇੱਥੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਖੇਡ ਹੀ ਏਨੀ ਵਿਅਸਤ ਸੀ ਕਿ ਫ਼ਾਲਤੂ ਦੀਆਂ ਗੱਲਾਂ ਨੂੰ ਟਾਈਮ ਹੀ ਨਹੀਂ ਸੀ ਕਿਉਂਕਿ ਇਸ ਗੱਲ ਦਾ ਸਬੂਤ ਇਸ ਗੱਲ ਤੋਂ ਮਿਲਦਾ ਜਦੋਂ ਕੁਲਦੀਪ ਬਾਸੀ ਹੋਰਾਂ ਨੇ ਕਮੈਂਟਰੀ ਕਰਨ ਵਾਲਿਆਂ ਨੂੰ ਆਪਣਾ ਧਿਆਨ ਸਿਰਫ਼ ਖੇਡ 'ਤੇ ਕੇਂਦਰਿਤ ਕਰਨ ਨੂੰ ਕਿਹਾ, ਨਾ ਕਿ

ਬੀਬੀਆਂ ਦੇ ਸੂਟਾਂ ਅਤੇ ਹੋਰ ਚੁਟਕਲਿਆਂ 'ਚ ਵਕਤ ਬਰਬਾਦ ਕਰਨ 'ਤੇ। ਭਾਵੇਂ ਹਰ ਇੱਕ ਖੇਡ ਮੇਲੇ 'ਚ ਬਾਸੀ ਹੋਰਾਂ 'ਤੇ 'ਟਰਬਲ ਮੇਕਰ' ਹੋਣ ਦੇ ਦੋਸ਼ ਲੱਗਦੇ ਹਨ ਪਰ ਜੇ ਰਾਣੀ ਨੂੰ ਅੱਗਾ ਢੱਕਣ ਲਈ ਕਹਿਣਾ ਗ਼ਲਤ ਹੈ ਤਾਂ ਇਸ ਵਾਰ ਵੀ ਬਾਸੀ ਕਸੂਰਵਾਰ ਹੈ।

ਇੱਥੇ ਇੱਕ ਗੱਲ ਹੋਰ ਹੈ ਕਿ ਰਣਜੀਤ ਸਿੰਘ ਖੇੜਾ ਅਤੇ ਚਰਨਾਮਤ ਸਿੰਘ ਮੇਰੇ ਚੰਗੇ ਮਿੱਤਰ ਹਨ ਅਤੇ ਜਦੋਂ ਕਿਸੇ ਮਿੱਤਰ ਦੀ ਬੁਰਾਈ ਕਿਸੇ ਤੋਂ ਪਿੱਠ ਪਿੱਛੇ ਸੁਣੀਏ ਤਾਂ ਚੰਗਾ ਨਹੀਂ ਲਗਦਾ। ਦੂਜੀ ਗੱਲ ਇਹ ਹੈ ਕਿ ਭਾਵੇਂ ਮੈਂ ਨਿੱਜੀ ਤੌਰ 'ਤੇ ਇਨ੍ਹਾਂ ਦੀ ਕੁਮੈਂਟਰੀ ਤੇ ਨਿੱਕੀਆਂ ਨਿੱਕੀਆਂ ਹਾਸੇ ਭਰਪੂਰ ਗੱਲਾਂ ਪਸੰਦ ਕਰਦਾ ਹਾਂ ਪਰ ਨਾਲ ਦੀ ਨਾਲ ਮੇਰੇ ਕੋਲ ਕਲਮ ਦੀ ਜ਼ਿੰਮੇਵਾਰੀ ਵੀ ਹੈ ਤੇ ਕਲਮ ਲੇਖਕ ਦੀ ਨਿੱਜੀ ਪਸੰਦ ਨਾਪਸੰਦ ਲਿਖਣ ਲਈ ਵਾਜਿਦ ਨਹੀਂ ਹੁੰਦੀ ਤੇ ਉਸਨੂੰ ਲੋਕਾਂ ਦੀ ਗੱਲ ਹੀ ਕਰਨੀ ਪੈਂਦੀ ਹੈ। ਅਜਿਹਾ ਹੀ ਕੁਝ ਇਸ ਮੇਲੇ 'ਚ ਵੀ ਵਾਪਰਿਆ ਜਦੋਂ ਇਹਨਾਂ ਨੇ ਮਾਈਕ ਤੇ ਮਾਲਵੇ ਨੂੰ ਟਾਰਗੈਟ ਕਰ ਕੇ ਕਾਫ਼ੀ ਤਵੇ ਲਾਏ ਕਿ ਮਾਲਵੇ 'ਚ ਬਾਬੇ ਨੇ ਤੇ ਮਾਲਵੇ ਦੇ ਲੋਕ ਬਾਬਿਆਂ ਨੂੰ ਵਧਾਵਾ ਦਿੰਦੇ ਹਨ। ਮੈਨੂੰ ਵੀ ਇਹ ਗੱਲ ਉਸ ਵਕਤ ਚੁਭੀ ਸੀ ਭਾਵੇਂ ਇਹ ਗੱਲ ਨਹੀਂ ਕਿ ਮੈਂ ਮਾਲਵੇ ਨਾਲ ਸੰਬੰਧ ਰੱਖਦਾ ਹਾਂ। ਮੈਂ ਤਾਂ ਪੰਜਾਬ ਨੂੰ ਹੋਰ ਵੰਡਿਆ ਨਹੀਂ ਦੇਖਣਾ ਚਾਹੁੰਦਾ। ਬਾਕੀ ਇਸ ਗੱਲ ਨੂੰ ਜਦੋਂ ਮਰਜ਼ੀ ਵਧਾ ਲਵੋ ਤੇ ਕਹਿ ਦਿਓ ਕਿ ਨੂਰ ਮਹਿਲ ਤਾਂ ਮਾਲਵੇ 'ਚ ਨਹੀਂ ਜਾਂ ਫੇਰ ਹੋਰ ਬਹੁਤ ਸਾਰੇ ਉਦਾਹਰਣ ਹਨ ਮੇਰੇ ਕੋਲ।

ਮੇਲੇ ਦੀ ਸਮਾਪਤੀ ਤੋਂ ਬਾਅਦ ਜਦੋਂ ਅਸੀਂ ਐਡੀਲੇਡ ਨੂੰ ਵਾਪਸ ਆਉਣ ਦੀ ਤਿਆਰੀ 'ਚ ਸਾਂ ਤਾਂ ਪਾਰਕਿੰਗ 'ਚ ਸਾਡਾ ਇੰਤਜ਼ਾਰ ਕਰ ਰਹੇ, ਇੱਕ ਕਾਫ਼ੀ ਵੱਡੇ ਗਰੁੱਪ ਨਾਲ ਸਾਹਮਣਾ ਹੋਇਆ। ਉਨ੍ਹਾਂ ਵਿੱਚ ਤਕਰੀਬਨ ਸਾਰੇ ਸੁਲਝੇ ਹੋਏ ਮੁੰਡੇ ਸਨ। ਉਨ੍ਹਾਂ ਨੇ ਸਾਨੂੰ ਇਹ ਸਾਰੇ ਮੁੱਦੇ ਮੀਡੀਆ ਰਾਹੀਂ ਉਠਾਉਣ ਲਈ ਕਿਹਾ। ਉਨ੍ਹਾਂ ਇੱਥੇ ਇੱਕ ਹੋਰ ਗੱਲ ਦੱਸੀ ਕਿ ਜਦੋਂ ਇੱਕ ਨਵੇਂ ਮੁੰਡੇ ਨੇ ਮਾਈਕ 'ਤੇ ਕਮੈਂਟਰੀ ਕਰਨੀ ਸ਼ੁਰੂ ਕੀਤੀ ਤੇ ਜਦੋਂ ਹਰਮਨ ਰੇਡੀਉ ਦਾ ਨਾਂ ਲਿਆ ਤਾਂ ਇੱਕ ਮਿੰਟ 'ਚ ਹੀ ਉਸ ਤੋਂ ਮਾਈਕ ਫੜ ਲਿਆ ਗਿਆ। ਇਸ ਗੱਲ ਬਾਰੇ ਮੈਂ ਉਨ੍ਹਾਂ ਨੂੰ ਕਿਹਾ ਕਿ ਇਸ ਨਾਲ ਹਰਮਨ ਰੇਡੀਉ ਨੂੰ ਕੋਈ ਫ਼ਰਕ ਨਹੀਂ ਪੈਣ ਲੱਗਿਆ ਕਿਉਂਕਿ ਹਰਮਨ ਰੇਡੀਉ ਦੇ ਕੰਮ ਖ਼ੁਦ ਬੋਲ ਰਹੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਈਕ ਵਿੱਚ ਕਹੀ ਹਰ ਗੱਲ ਦਾ ਦਰਸ਼ਕ ਜਾਂ ਸਰੋਤੇ ਚੀਰ ਫਾੜ ਕਰਦੇ ਹਨ ਤੇ ਇਹ ਵਿਸ਼ਲੇਸ਼ਣ ਮਾਈਕ ਹੱਥ 'ਚ ਫੜ ਕੇ ਨਹੀਂ ਬਲਕਿ ਦਰਸ਼ਕ ਗੈਲਰੀ 'ਚ ਦਰਸ਼ਕ ਦੀ ਜੁੱਤੀ ਪਾ ਕੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਉਂਝ ਤਾਂ ਹਾਲੇ ਬਹੁਤ ਕੁਝ ਬਾਕੀ ਹੈ ਇਸ ਮੇਲੇ ਬਾਰੇ ਪਰ ਵਕਤ ਨੂੰ ਧਿਆਨ 'ਚ ਰੱਖਦਿਆਂ ਬੱਸ ਇੱਕ ਗੱਲ ਹੋਰ; ਇੱਕ ਪਾਸੇ ਕਬੱਡੀ ਦਾ ਫਾਈਨਲ ਚੱਲ ਰਿਹਾ ਸੀ ਤੇ ਦੂਜੇ ਪਾਸੇ ਇੱਕ ਸੱਠ ਕੁ ਸਾਲ ਦੇ ਬਜ਼ੁਰਗ ਸਤੀਸ਼ ਕੁਮਾਰ ਗਰਾਊਂਡ ਵਿੱਚੋਂ ਬੋਤਲਾਂ, ਕੈਨ, ਕਾਗ਼ਜ਼, ਪਲਾਸਟਿਕ ਦੇ ਚਮਚੇ ਆਦਿ ਕੂੜਾ ਇਕੱਠਾ ਕਰ ਰਹੇ ਸਨ। ਮੈਂ ਉਨ੍ਹਾਂ ਦੀ ਫ਼ੋਟੋ ਖਿੱਚ ਲਈ। ਜਦੋਂ ਉਹ ਰੁਕ ਗਏ ਤਾਂ ਮੈਂ ਆਸਟ੍ਰੇਲੀਆ ਦੇ ਕਾਨੂੰਨ ਮੁਤਾਬਿਕ ਉਨ੍ਹਾਂ ਤੋਂ ਇਜਾਜ਼ਤ ਮੰਗੀ ਕਿ ਜੇ ਤੁਹਾਨੂੰ ਕੋਈ ਇਤਰਾਜ਼ ਨਹੀਂ ਤਾਂ ਕਿ ਮੈਂ ਇਹ ਫ਼ੋਟੋ ਅਖ਼ਬਾਰ 'ਚ ਲੱਗਾ ਸਕਦਾਂ ? ਤਾਂ ਉਨ੍ਹਾਂ ਸਹਿਮਤੀ ਦੇ ਦਿੱਤੀ। ਮੈਂ ਪੁੱਛਿਆ ਕਿ ਤੁਸੀਂ ਮੈਚ ਕਿਉਂ ਨਹੀਂ ਦੇਖ ਰਹੇ ਤਾਂ ਉਹ ਕਹਿੰਦੇ ਕਿ ਨਹੀਂ ਜੀ ਮੈਚ ਨਾਲੋਂ ਮੇਰੇ ਲਈ ਇਹ ਜ਼ਰੂਰੀ ਹੈ। ਜਿਸ ਨਾਲ ਸਾਡੇ ਭਾਈਚਾਰੇ ਦੀ ਇੱਜ਼ਤ ਜੁੜੀ ਹੋਈ ਹੈ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਹਾਨੂੰ

ਇਹ ਸੋਚ ਕਿਵੇਂ ਆਈ ਤਾਂ ਕਹਿੰਦੇ ਅਸੀਂ 'ਦ ਪੰਜਾਬ' ਦੇ ਪਾਠਕ ਹਾਂ ਤੇ ਇੱਕ ਵਾਰ ਉਸ ਵਿੱਚ ਇੱਕ ਲੇਖ 'ਮੈਨੂੰ ਕੀ' ਪੜ੍ਹਿਆ ਸੀ ਤਾਂ ਅਸੀਂ ਕੁਝ ਮਿੱਤਰਾਂ ਨੇ ਸੌਂਹ ਖਾਧੀ ਕਿ 'ਮੈਨੂੰ ਕਿਉਂ ਨਹੀਂ'। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਇਸ ਲੇਖ ਦੇ ਲੇਖਕ ਨੂੰ ਮਿਲਣਾ ਚਾਹੋਗੇ ? ਤਾਂ ਕਹਿੰਦੇ ਬਿਲਕੁਲ ਜੀ। ਮੇਰੇ ਇਹ ਕਹਿਣ 'ਤੇ ਲਉ ਜੀ ਮਿਲੋ ਫੇਰ ਤਾਂ ਉਨ੍ਹਾਂ ਧਿਆਨ ਨਾਲ ਮੇਰੇ ਵੱਲ ਦੇਖਿਆ ਤੇ ਕਹਿੰਦੇ ਕਿ ਤੁਹਾਡੇ ਸਿਰ ਦੇ ਵਾਲ ਕਿੱਧਰ ਗਏ। ਮੈਂ ਕਿਹਾ ਆਹ ਫ਼ਾਲਤੂ ਦੀਆਂ ਟਿੱਡੇ ਵਾਲੀਆਂ ਜ਼ਿੰਮੇਵਾਰੀਆਂ ਨੇ ਝਾੜ ਦਿੱਤੇ। ਉਹ ਕਹਿੰਦੇ ਇੱਕ ਮਿੰਟ ਰੁਕੋ ਮੈਂ ਆਪਣੇ ਦੂਜੇ ਮਿੱਤਰਾਂ ਨੂੰ ਵੀ ਸੱਦ ਕੇ ਲਿਆਉਂਦਾ ਹਾਂ ਉਹ ਵੀ ਤੁਹਾਨੂੰ ਮਿਲਣਾ ਚਾਹੁੰਦੇ ਹਨ। ਮੈਂ ਕਿਹਾ ਨਹੀਂ ਤੁਸੀਂ ਨਾ ਜਾਓ ਮੈਂ ਤੁਹਾਡੇ ਨਾਲ ਹੀ ਚੱਲਦਾਂ।

ਉਨ੍ਹਾਂ ਸਾਰੇ ਰਿਟਾਇਰ ਬੰਦਿਆਂ ਨੂੰ ਮਿਲ ਕੇ ਮੇਰੀ ਖ਼ੁਸ਼ੀ ਤਾਂ ਕੋਈ ਟਿਕਾਣਾ ਨਹੀਂ ਸੀ ਕਿ ਮੇਰੀ ਮਿਹਨਤ ਦਾ ਫਲ ਮੇਰੇ ਸਾਹਮਣੇ ਸੀ। ਮੇਰੇ ਇੱਕ ਲੇਖ ਨੇ ਇਹਨਾਂ ਵਿੱਚ ਇਹ ਜਜ਼ਬਾ ਖੜ੍ਹਾ ਕੀਤਾ ਸੀ। ਮੇਰੀ ਇੱਕ ਖ਼ੁਸ਼ੀ ਆਪਣੇ ਸਿਰ 'ਤੇ ਬਜ਼ੁਰਗਾਂ ਦਾ ਹੱਥ ਟਿਕਣ ਦੀ ਵੀ ਸੀ। ਜਦੋਂ ਸਤੀਸ਼ ਕੁਮਾਰ ਨਾਮੀ ਇਸ ਬਜ਼ੁਰਗ ਨੇ ਮੇਰਾ ਮੋਢਾ ਥਪਥਪਾਇਆ ਤਾਂ ਮੇਰੀਆਂ ਅੱਖਾਂ ਵਿਚੋਂ ਅੱਥਰੂ ਆਪ ਮੁਹਾਰੇ ਚੱਲ ਪਏ ਤੇ ਯਾਦ ਆਈਆਂ ਫ਼ਿਰੋਜ਼ ਖਾਨ ਦੇ ਗੀਤ ਦੀਆਂ ਸਤਰਾਂ ਕਿ

'ਜਦ ਕੋਈ ਵਿੱਚ ਪਰਦੇਸੀ ਮੋਢਾ ਥਪਥਪਾ ਦੇਵੇ
ਜਾਂ ਕੋਈ ਸਿਆਣਾ ਬੰਦਾ ਪੁੱਤਰ ਆਖ ਬੁਲਾ ਦੇਵੇ,
ਜਦ ਹਿੱਕ ਨਾਲ ਲਾ ਕੇ ਕੋਈ ਬਜ਼ੁਰਗ ਪਿਆਰ ਜਿਤਾਉਂਦਾ ਹੈ,
ਫੇਰ ਰੱਬ ਤੋਂ ਪਹਿਲਾਂ ਬਾਪੂ ਚੇਤੇ ਆਉਂਦਾ ਹੈ।'

ਉਸ ਵਕਤ ਮੈਂ ਆਪਣੇ ਗੁਆ ਚੁੱਕੇ ਬਾਪ ਨੂੰ ਉਨ੍ਹਾਂ 'ਚੋਂ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਾਕੀ ਮੇਰੇ ਅੱਥਰੂਆਂ ਦੀ ਜੇ ਗੱਲ ਕਰਾਂ ਤਾਂ ਗ੍ਰਿਫ਼ਥ ਖੇਡਾਂ ਦੌਰਾਨ ਪਤਾ ਨਹੀਂ ਕਿਉਂ ਇਹ ਕਈ ਵਾਰ ਛਲਕੇ, ਜਦੋਂ ਵੀ ਕੋਈ ਮੇਰਾ ਪਾਠਕ ਜਾਂ ਹਰਮਨ ਰੇਡੀਉ ਦੇ ਜ਼ਰੀਏ ਸੁਣਨ ਵਾਲਾ ਆ ਕੇ ਮੇਰੇ ਕੰਮ ਦੇ ਮੁੱਲ 'ਚ ਮੇਰੇ ਤੋਂ ਲੱਖਾਂ ਮਣ ਪਿਆਰ ਨਿਛਾਵਰ ਕਰ ਦਿੰਦਾ ਸੀ ਤਾਂ ਇਹ ਝੱਲੇ ਅੱਥਰੂ ਮਲੋ ਮੱਲੀ ਤੁਰ ਪੈਂਦੇ ਸਨ ਜਿੰਨਾ ਨੂੰ ਲੁਕਾਉਣ ਲਈ ਮੈਨੂੰ ਆਪਣਾ ਮੂੰਹ ਲੁਕੋਣਾ ਪੈਂਦਾ ਸੀ।

****

# ਘਰ ਫੂਕ ਤਮਾਸ਼ਾ ਦੇਖਣ ਵਾਲਾ

2012 ਦੀ ਗੱਲ ਹੈ, ਮੈਂ ਯੂ ਟਿਊਬ 'ਤੇ ਵੀਡੀਉਜ਼ ਦੇਖ ਰਿਹਾ ਸੀ, ਹਰ ਦੂਜੀ ਵੀਡੀਓ ਹਨੀ ਸਿੰਘ ਦੀ, ਅਚਾਨਕ ਮੇਰੀ ਨਜ਼ਰ ਇੱਕ ਪ੍ਰੈੱਸ ਕਾਨਫਰੈਂਸ ਦੀ ਵੀਡੀਓ 'ਤੇ ਪਈ ਇਸ 'ਤੇ ਕਲਿੱਕ ਕੀਤਾ, ਚਿਹਰੇ ਦੇਖ, ਸਵਾਲ-ਜਵਾਬ ਸ਼ੁਰੂ ਹੋ ਗਏ, ਇੱਕ ਪਤਲਾ ਜਿਹਾ ਬੰਦਾ ਹਨੀ ਸਿੰਘ ਦੇ ਦੁਆਲੇ ਸਵਾਲਾਂ ਦਾ ਮੋਟਾ ਜਾਲ ਬੁਣੀ ਜਾਵੇ। ਇਸ ਜਾਲ ਵਿੱਚ ਫਸੇ ਬੈਠੇ ਹਨੀ ਸਿੰਘ ਦੇ ਚਿਹਰੇ 'ਤੋਂ ਸਾਫ਼ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਉਹ ਮਹਿਸੂਸ ਕਰ ਰਿਹਾ ਸੀ ਕਿ ਅੱਜ ਕਸੂਤੇ ਫਸ ਗਏ। ਇੱਕ ਪੱਤਰਕਾਰ ਦੀ ਏਨੀ ਦਲੇਰੀ ਦੇਖ ਕੇ ਮਨ ਬਾਗ਼ੋ-ਬਾਗ਼ ਹੋ ਗਿਆ। ਮਿੰਟੂ ਦੇ ਪਰਮ ਮਿੱਤਰ ਅਮਨਦੀਪ ਸਿੱਧੂ ਨਾਲ ਗੱਲ ਹੁੰਦੀ ਹੈ ਤਾਂ ਉਹ ਅਕਸਰ ਕਹਿੰਦੇ ਹੁੰਦੇ ਆ ਕਿ ਗੱਲ ਕਰਨ ਲੱਗਿਆਂ ਲਿਹਾਜ਼ ਨਾ ਕਰਨ ਦੀ ਸ਼ੈਲੀ ਮਿੰਟੂ ਨੂੰ ਦੁਨੀਆ ਦੀ ਭੀੜ ਤੋਂ ਵੱਖਰਾ ਕਰਦੀ ਹੈ।

ਨਿੱਜੀ ਤੌਰ ਤੇ ਮੇਰਾ ਮੇਲ-ਮਿਲਾਪ ਮਿੰਟੂ ਬਰਾੜ ਦੇ ਨਾਲ ਆਸਟ੍ਰੇਲੀਅਨ ਸਿੱਖ ਖੇਡਾਂ 2012 'ਤੇ ਸਿਡਨੀ 'ਚ ਹੋਇਆ। ਦੇਖ ਕੇ ਕੋਈ ਕਹਿ ਨਹੀਂ ਸਕਦਾ ਕਿ ਇਹ ਉਹੀ ਬੰਦਾਂ ਹੈ ਜੋ ਰੇਡੀਓ 'ਤੇ ਵੱਡਿਆਂ-ਵੱਡਿਆਂ ਦੀ ਬੋਲਤੀ ਬੰਦ ਕਰਵਾ ਦਿੰਦਾ ਜਦੋਂ ਗੱਲ ਸੱਚ ਇਨਸਾਫ਼ ਦੀ ਹੋਵੇ।

ਐਡੀਲੇਡ ਸ਼ਹਿਰ ਭਾਵੇਂ ਇੱਕ ਬਹੁਤ ਹੀ ਛੋਟਾ ਜਿਹਾ ਸ਼ਹਿਰ ਹੈ ਪਰ ਦੁਨੀਆ ਭਰ ਦੇ ਪੰਜਾਬੀਆਂ 'ਚ ਅੱਜ ਇਸ ਦੀ ਜੇ ਪਹਿਚਾਣ ਹੈ ਤਾਂ ਇਸ ਪਿੱਛੇ ਮਿੰਟੂ ਬਰਾੜ ਦੀ ਮਿਹਨਤ ਬੋਲਦੀ ਹੈ। ਜਿੱਥੇ ਮਿੰਟੂ ਬਰਾੜ ਇੱਕ ਪੜ੍ਹੇ ਲਿਖੇ, ਕਿਰਤ ਕਰਨ ਵਾਲੇ, ਆਪਣੇ ਫ਼ਰਜ਼ਾਂ ਪ੍ਰਤੀ ਇਮਾਨਦਾਰ ਗੱਲ ਕਹਿਣ 'ਚ ਨਿਡਰ ਇਨਸਾਨ ਹਨ ਉਥੇ ਆਪਣੇ ਆਲੇ-ਦੁਆਲੇ ਪ੍ਰਤੀ ਸੁਚੇਤ ਰਹਿਣ ਕਾਰਨ ਉਨ੍ਹਾਂ ਦੀਆਂ ਨਿਊਜ਼ੀਲੈਂਡ ਦੇ ਸਪਾਈਸ ਰੇਡੀਓ ਦੇ ਕਰੰਟ ਅਫੇਅਰਜ਼ ਪ੍ਰੋਗਰਾਮ ਵਿੱਚ ਕੀਤੀਆਂ ਬੇਬਾਕ ਟਿੱਪਣੀਆਂ ਸਰੋਤਿਆਂ ਨੂੰ ਸੋਚਣ 'ਤੇ ਮਜਬੂਰ ਕਰ ਦਿੰਦੀਆਂ ਹਨ। ਜਿਸ ਕਾਰਨ ਨਿਊਜ਼ੀਲੈਂਡ ਵਿੱਚ ਵੀ ਉਨ੍ਹਾਂ ਦੇ ਚਾਹੁਣ ਵਾਲਿਆਂ ਦੀ ਘਾਟ ਨਹੀਂ ਹੈ। ਪੰਜਾਬੀ ਅਖ਼ਬਾਰ, ਹਰਮਨ ਰੇਡੀਓ, ਕੂਕਾਬਾਰਾ ਮੈਗਜ਼ੀਨ ਅਤੇ ਸਮਾਜਿਕ ਰੁਝੇਵਿਆਂ ਦੇ ਬਾਵਜੂਦ ਉਹ ਆਪਣੀ ਪਲੇਠੀ ਕਿਤਾਬ ਕੰਗਰੂਨਾਮਾ ਲੈ ਕੇ ਹਾਜ਼ਿਰ ਹਨ। ਮਿੰਟੂ ਬਰਾੜ ਨੂੰ ਜਾਨਣ ਵਾਲਿਆਂ 'ਚ ਮੇਰੇ ਸਮੇਤ ਹਰ ਕੋਈ ਹੈਰਾਨ ਹੈ ਕਿ ਉਪਰੋਕਤ ਘਰ ਫੂਕ ਤਮਾਸ਼ਾ ਦੇਖਣ ਵਾਲੇ ਕੰਮਾਂ ਤੋਂ ਬਿਨਾਂ ਉਹ ਆਪਣੇ ਪਰਵਾਰ ਦਾ ਢਿੱਡ ਭਰਨ ਲਈ ਇਕ ਟੈਕਨੀਸ਼ੀਅਨ ਦੇ ਤੌਰ 'ਤੇ ਜੌਬ ਵੀ ਕਰਦੇ ਹਨ। ਕਹਿੰਦੇ ਹਨ ਕਿ ਕਿਰਤ ਕਰਨ ਵਾਲਾ ਬੰਦਾ ਕਦੇ ਸਿਦਕ ਤੋਂ ਨਹੀਂ ਡੋਲਦਾ ਕਈ ਬਾਰ ਮੈਨੂੰ ਮੇਰੇ ਅਜ਼ੀਜ਼ ਮਿੱਤਰ ਪਰਮਿੰਦਰ ਪਾਪਾਟੋਇਆ ਅਤੇ ਮਿੰਟੂ ਬਰਾੜ 'ਚ ਕਾਫ਼ੀ ਸਮਾਨਤਾਵਾਂ ਦਿਖਾਈ ਦਿੰਦੀਆਂ ਹਨ। ਐਤਵਾਰ ਵਾਲੇ ਦਿਨ ਜਦੋਂ ਮੇਰੇ ਪ੍ਰੋਗਰਾਮ 'ਕਰੰਟ ਅਫੇਅਰਜ਼' ਪ੍ਰੋਗਰਾਮ 'ਚ ਖ਼ਬਰ ਦੀ ਤਸੱਲੀ ਕਰਵਾ ਦਿੰਦੇ ਹਨ ਤਾਂ ਮੈਨੂੰ ਮਿੰਟੂ ਬਰਾੜ ਪੰਜਾਬ ਦੇ ਬਾਬਾ ਬੋਹੜ ਜਰਨਲਿਸਟ ਜਤਿੰਦਰ ਪੰਨੂੰ ਦੇ ਵਾਰਿਸ ਦਿਖਾਈ ਦਿੰਦੇ ਹਨ।

ਅਖੀਰ ਵਿੱਚ ਮੈਨੂੰ ਨਿੱਜੀ ਤੌਰ 'ਤੇ ਬੜੀ ਖ਼ੁਸ਼ੀ ਹੋਈ ਕਿ ਇਹਨਾਂ ਦੀ ਆ ਰਹੀ ਕਿਤਾਬ ਦਾ ਖਰੜਾ ਮੈਨੂੰ ਪੜ੍ਹਨ ਦਾ ਅਤੇ ਦੋ ਸ਼ਬਦ ਲਿਖਣ ਦਾ ਮੌਕਾ ਮਿਲਿਆ। ਮੈਂ ਨਿਊਜ਼ੀਲੈਂਡ ਦੇ ਸਾਰੇ ਪੰਜਾਬੀਆਂ ਵੱਲੋਂ ਉਨ੍ਹਾਂ ਦੀ ਇਸ ਕਿਤਾਬ ਲਈ ਮੁਬਾਰਕਬਾਦ ਕਹਿੰਦਾ ਹਾਂ ਤੇ ਵਾਹਿਗੁਰੂ ਅੱਗੇ ਦੁਆ ਕਰਦਾ ਹਾਂ ਕਿ ਆਉਣ ਵਾਲੇ ਦਿਨਾਂ 'ਚ ਸਾਨੂੰ ਇਹਨਾਂ ਦੀਆਂ ਬਹੁਤ ਸਾਰੀਆਂ ਸਿਰਜਣਾਵਾਂ ਪੜ੍ਹਨ ਸੁਣਨ ਨੂੰ ਮਿਲਣ।

**ਨਵਤੇਜ ਰੰਧਾਵਾ ਰੇਡੀਓ ਸਪਾਈਸ,ਨਿਊਜ਼ੀਲੈਂਡ**

## ਨਾ ਖੇਡਾਂ ਨਾ ਖੇਡਣ ਦੇਵਾਂ ਮੈਂ ਤਾਂ ਘੁੱਤੀ 'ਚ ਮੂ...

ਨਵੰਬਰ 2012 'ਚ ਜਦੋਂ ਆਸਟ੍ਰੇਲੀਆ ਨੂੰ ਪੰਜਾਬ 'ਚ ਹੋਣ ਵਾਲੇ ਕਬੱਡੀ ਵਰਲਡ ਕੱਪ 'ਚ ਸ਼ਾਮਿਲ ਹੋਣ ਦਾ ਸੱਦਾ ਨਾ ਮਿਲਿਆ ਤਾਂ ਇਹ ਲੇਖ ਹੋਂਦ 'ਚ ਆਇਆ ਸੀ। ਜਦੋਂ ਦਾ ਲਿਖਣ ਲੱਗਿਆਂ ਉਦੋਂ ਤੋਂ ਮਾੜੀ ਸ਼ਬਦਾਵਲੀ ਤੋਂ ਗੁਰੇਜ਼ ਕੀਤਾ ਹੈ ਪਰ ਇਹ ਲੇਖ ਲਿਖਣ ਤੋਂ ਪਹਿਲਾ ਇਸ ਦਾ ਸਿਰਲੇਖ ਹੀ ਕਰਾਰਾ ਜਿਹਾ ਲਿਖਿਆ ਗਿਆ। ਬਹੁਤ ਸੋਚਿਆ ਕਿ ਇਸ ਨੂੰ ਬਦਲ ਦੇਵਾਂ ਪਰ ਫੇਰ ਮਹਿਸੂਸ ਹੋਇਆ ਕਿ ਜੇ ਇਸ ਲੇਖ ਦਾ ਸਿਰਲੇਖ ਬਦਲ ਦਿੱਤਾ ਤਾਂ ਲੇਖ ਨਾਲ ਬੇਇਨਸਾਫ਼ੀ ਹੋਵੇਗੀ। ਸੋ ਲੇਖ ਦੇ ਸ਼ੁਰੂ 'ਚ ਇਸ ਵਰਤਾਰੇ ਲਈ ਮਾਫ਼ੀ ਮੰਗ ਲਈ ਸੀ। ਇਸ ਸਾਰੇ ਪਰਕਰਣ ਤੋਂ ਬਾਅਦ ਇੱਕ ਗੱਲ ਦਾ ਪਰਦਾ ਲਹਿ ਗਿਆ ਸੀ ਕਿ ਲੋਕਾਂ ਭਾਵੇਂ ਇਹ ਵਰਲਡ ਕੱਪ ਹੋਵੇ ਪਰ ਇਸ ਦੇ ਪਿੱਛੇ ਕੰਮ ਕਰਨ ਵਾਲੀ ਮਿਸ਼ਨਰੀ ਦਾ ਪੱਧਰ ਪਿੰਡ ਪੱਧਰ ਤਾਂ ਕਿ ਸਿਰਫ਼ ਗਲੀ ਮੁਹੱਲੇ ਪੱਧਰ ਦਾ ਚੱਲ ਰਿਹਾ। ਹੋ ਸਕਦਾ ਹੈ ਕਿ ਇਹ ਸ਼ੁਰੂਆਤੀ ਦੌਰ ਹੋਣ ਕਾਰਨ ਇਹੋ ਜਿਹਾ ਵਤੀਰਾ ਹੋ ਰਿਹਾ ਹੋਵੇ ! ਸੋ ਉਮੀਦ ਰੱਖਣੀ ਚਾਹੀਦੀ ਹੈ ਕਿ ਪੰਜਾਬ 'ਚ ਸ਼ੁਰੂ ਹੋਇਆ ਇਹ ਕਬੱਡੀ ਵਰਲਡ ਕੱਪ ਇੱਕ ਦਿਨ ਦੁਨੀਆ ਭਰ ਤੇ ਆਪਣੀ ਧਾਕ ਜਮਾਏਗਾ।



ਮੈਲਬਾਰਨ ਸਿੱਖ ਖੇਡਾਂ ਦੌਰਾਨ ਕਬੱਡੀ ਖਿਡਾਰੀ ਰਵੀ ਪੰਡਿਤ ਨਾਲ ਹਰਭਜਨ ਸਿੰਘ ਖਹਿਰਾ



ਮੈਲਬਾਰਨ ਖੇਡਾਂ ਦੌਰਾਨ ਕੁਲਦੀਪ ਬਾਸੀ ਅਤੇ ਅਮਨਦੀਪ ਸਿੱਧੂ ਨਾਲ ਲੇਖਕ

# ਨਾ ਖੇਡਾਂ ਨਾ ਖੇਡਣ ਦੇਵਾਂ ਮੈਂ ਤਾਂ ਘੁੱਤੀ 'ਚ ਮੂ...

(ਇਸੇ ਤਰਜ਼ ਤੇ ਆਸਟ੍ਰੇਲਿਆਈ ਕਬੱਡੀ ਟੀਮ ਵਰਲਡ ਕੱਪ 'ਚੋਂ ਬਾਹਰ)

ਦੋਸਤੋ ! ਲੇਖ ਦੇ ਸਿਰਲੇਖ ਲਈ ਮਾਫ਼ੀ ਚਾਹੁੰਦਾ ਹਾਂ। ਪਰ ਮਜਬੂਰ ਹਾਂ ਇਸ ਤੋਂ ਢੁਕਵਾਂ ਸਿਰਲੇਖ ਇਸ ਲੇਖ ਦਾ ਹੋ ਹੀ ਨਹੀਂ ਸਕਦਾ ਸੀ। ਸੋ ਲੇਖ ਪੜ੍ਹ ਕੇ ਜੇ ਕੁਝ ਗ਼ਲਤ ਲੱਗੇ ਤਾਂ ਜੋ ਮਰਜ਼ੀ ਸਜ਼ਾ ਦੇਣਾ ਜੀ ਕਬੂਲ ਹੋਵੇਗੀ। ਹੁਣੇ ਹੀ ਇੱਕ ਖ਼ਬਰ ਮਿਲੀ ਹੈ ਕਿ ਆਸਟ੍ਰੇਲੀਆ ਨੂੰ ਪੰਜਾਬ ਵਿੱਚ ਹੋ ਰਹੇ ਕਬੱਡੀ ਵਰਲਡ ਕੱਪ ਵਿਚ ਥਾਂ ਨਹੀਂ ਮਿਲੀ। ਇੱਕ ਵਾਰ ਤਾਂ ਯਕੀਨ ਜਿਹਾ ਨਹੀਂ ਆਇਆ ਕਿ ਇੰਝ ਕਿਵੇਂ ਹੋ ਸਕਦਾ ? ਪਰ ਜਦੋਂ ਇਸ ਗੱਲ ਦੀ ਪੁਸ਼ਟੀ ਕੀਤੀ ਤਾਂ ਇਹ ਇੱਕ ਕੌੜਾ ਸੱਚ ਸਾਬਤ ਹੋਈ। ਮਨ 'ਚ ਬਹੁਤ ਸਾਰੇ ਵਿਚਾਰ ਆਏ ਕਿ ਇੰਝ ਕਿਉਂ ਹੋਇਆ। ਜਿਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਤਾਂ ਇਹੀ ਸੋਚ ਆਈ ਕਿ ਪਿਛਲੀ ਵਾਰ ਜੋ ਕਿਰਕਰੀ ਨਸ਼ਿਆਂ ਨੂੰ ਲੈ ਕੇ ਹੋਈ ਸੀ ਸ਼ਾਇਦ ਉਹੀ ਵਜ੍ਹਾ ਰਹੀ ਹੋਵੇਗੀ। ਪਰ ਜਦੋਂ ਹੋਰ ਅੱਗੇ ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਇਹ ਕਾਰਨ ਨਹੀਂ ਹੈ। ਫੇਰ ਦੂਜੀ ਗੱਲ ਜੋ ਸਾਹਮਣੇ ਆਈ ਉਹ ਇਹ ਸੀ ਕਿ ਪਿਛਲੀ ਵਾਰ ਏਕੇ ਦੀ ਕਮੀ ਕਾਰਨ ਦੋ ਟੀਮਾਂ ਦਾ ਜਾਣਾ ਵੀ ਇੱਕ ਕਾਰਨ ਹੋ ਸਕਦਾ ਹੈ। ਪਰ ਇਹ ਵੀ ਸਹੀ ਨਹੀ ਲੱਗਦਾ ਕਿਉਂਕਿ ਇਸ ਵਾਰ ਸੁੱਖੀ-ਸਾਂਦੀ ਮਸਾ ਤਾਂ ਏਕਾ ਹੋਇਆ ਹੈ ਅਤੇ ਸਾਰੀਆਂ ਘਰੇਲੂ ਟੀਮਾਂ ਨੇ ਆਸਟ੍ਰੇਲੀਅਨ ਕਬੱਡੀ ਫੈਡਰੇਸ਼ਨ ਦੇ ਝੰਡੇ ਥੱਲੇ ਇਕੱਠਿਆਂ ਹੋ ਕੇ ਜੋਰਾਂ-ਸ਼ੋਰਾਂ ਨਾਲ ਕੱਪ ਦੀਆਂ ਤਿਆਰੀਆਂ 'ਚ ਦਿਨ-ਰਾਤ ਇੱਕ ਕੀਤਾ ਹੋਇਆ ਹੈ।

ਫੇਰ ਹੋਰ ਕੀ ਕਾਰਨ ਹੋ ਸਕਦਾ ? ਬੱਸ ਫੇਰ ਸ਼ੱਕ ਦੀ ਸੂਈ ਸਿਆਸਤ 'ਤੇ ਆ ਕੇ ਅਟਕਦੀ ਹੈ। ਪਰ ਇਥੇ ਵੀ ਹੈਰਾਨੀ ਹੁੰਦੀ ਹੈ ਕਿ ਇੱਕ ਵਰਲਡ ਕੱਪ ਲਈ ਇੱਕ ਪਿੰਡ ਪੱਧਰ ਦੀ ਸਿਆਸਤ ! ਮੇਰਾ ਪਿੰਡ ਪੱਧਰ ਕਹਿਣ ਦਾ ਮਤਲਬ ਇਹੀ ਹੈ ਕਿ ਜੇ ਸਿਆਸਤ ਉੱਚ ਪੱਧਰੀ ਹੁੰਦੀ ਤਾਂ ਇਸ ਤਰ੍ਹਾਂ ਆਸਟ੍ਰੇਲੀਆ ਦਾ ਭਾਂਡਾ ਨਹੀਂ ਟਾਲਿਆ ਜਾਣਾ ਸੀ। ਹਾਂ ਇੱਕ ਗੱਲ ਇੱਥੇ ਜ਼ਰੂਰ ਸਾਬਤ ਹੁੰਦੀ ਹੈ ਕਿ ਉੱਚ ਪੱਧਰੇ ਲੋਕ ਪਿੰਡ ਪੱਧਰ ਦੀ ਸਿਆਸਤ ਤੇ ਉਤਾਰੂ ਹੋਏ ਪਏ ਲਗਦੇ ਹਨ। ਇਹੋ ਜਿਹਾ ਕੁਝ ਗਲੀ ਮੁਹੱਲਿਆਂ ਦੇ ਟੂਰਨਾਮੈਂਟ 'ਚ ਤਾਂ ਹੁੰਦਾ ਸੁਣਿਆ ਸੀ ਪਰ ਮੁਲਕ ਪੱਧਰ ਤੇ ਪਹਿਲੀ ਵਾਰ ਘੁੱਤੀ ਗਿੱਲੀ ਹੁੰਦੀ ਦੇਖੀ ਹੈ।

ਦੋਸਤੋ ! ਥੋੜ੍ਹਾ ਬਹੁਤ ਪਿਛੋਕੜ ਫਰੋਲ ਕੇ ਦੇਖਦੇ ਹਾਂ। ਪਿਛਲੇ ਵਰਲਡ ਕੱਪ ਦੌਰਾਨ ਆਸਟ੍ਰੇਲੀਆ ਤੋਂ ਦੋ ਟੀਮਾਂ ਦੇ ਜਾਣ ਦੇ ਕਾਰਨ ਦਾ ਪਤਾ ਤਾਂ ਸਭ ਨੂੰ ਹੈ ਬੱਸ ਜਾਣ ਕੇ ਅਣਜਾਣ ਬਣਦੇ ਹਾਂ। ਪਿਛਲੀ ਵਾਰ ਇੱਕ ਕਬੱਡੀ ਫੈਡਰੇਸ਼ਨ ਤੇ ਇੱਕ ਸਿਆਸੀ ਫੈਡਰੇਸ਼ਨ ਦੀ ਠੰਢੀ ਜੰਗ ਚਲੀ ਸੀ। ਇਹ ਵੀ ਸੁਣਿਆ ਸੀ ਕਿ ਇੱਕ ਕੱਦਾਵਾਰ ਸਿਆਸੀ ਨੇਤਾ ਜੀ ਦੀ ਇੱਛਾ ਨੂੰ ਫੁੱਲ ਚੜ੍ਹਾਏ ਗਏ ਸਨ। ਪਰ ਉਸ ਵਕਤ ਕੁਝ ਇੱਕ ਕਸੂਰ ਕੁਝ ਕਲੱਬਾਂ ਦਾ ਵੀ ਸੀ ਜਿਨ੍ਹਾਂ ਦੀ ਫ਼ੁੱਟ ਦਾ ਫ਼ਾਇਦਾ ਇਹ ਸਿਆਸੀ ਲੋਕ ਲੈ ਗਏ ਸਨ। ਉਹ ਤਾਂ 'ਨਸ਼ਿਆਂ' ਵਾਲਾ ਐਪੀਸੋਡ 'ਦੋ ਟੀਮਾਂ' ਵਾਲੇ ਐਪੀਸੋਡ ਨਾਲੋਂ ਜ਼ਿਆਦਾ ਹਿੱਟ ਹੋ ਗਿਆ ਸੋ ਸਭ ਦਾ ਧਿਆਨ ਉਧਰ ਚਲਿਆ ਗਿਆ ਨਹੀਂ ਤਾਂ ਪਿਛਲੇ ਸਾਲ ਹੀ ਬਹੁਤ ਕੁਝ ਹੋਣਾ ਸੀ।

ਹੁਣ ਇੱਕ ਗੱਲ ਜੋ ਸਮਝ ਤੋਂ ਬਾਹਰ ਹੈ ਕਿ ਸਾਡੇ ਇਹ ਸਿਆਸੀ ਲੋਕ ਸਾਨੂੰ ਵਿਦੇਸ਼ ਬੈਠਿਆਂ ਨੂੰ ਵੀ ਕਿਉਂ ਨਹੀਂ ਜਿਉਣ ਦਿੰਦੇ ? ਹਰ ਤੀਜੇ ਦਿਨ ਸੁਣੀਂਦਾ ਕਿ ਫਲਾਂ ਮੰਤਰੀ ਆਇਆ ਸੀ ਤੇ ਫਲਾਂ ਬੰਦੇ ਨੂੰ ਆਸਟ੍ਰੇਲੀਆ ਇਕਾਈ ਦਾ ਪ੍ਰਧਾਨ ਥਾਪ ਗਿਆ। ਉਸ ਤੋਂ ਅੱਗੇ ਪਿੱਛੇ ਕਦੇ ਆਸਟ੍ਰੇਲਿਆਈ ਪਰਧਾਨ ਜੀ ਕਿਤੇ ਨਜ਼ਰ ਨਹੀਂ ਆਉਂਦੇ। ਬੱਸ ਕੀ ਕਹਿਣਾ ਕਦੇ ਮੀਂਹ ਪਏ ਤੋਂ ਜਿਵੇਂ ਕੀੜੀਆਂ ਦਿਸਦੀਆਂ ਇੰਝ ਕਿਸੇ ਅਖ਼ਬਾਰ 'ਚ ਬਿਆਨ ਜ਼ਰੂਰ ਛਪਵਾ ਦਿੰਦੇ ਹਨ। ਚਲੋ ਇਸ ਵਿੱਚ ਵੀ ਸਾਨੂੰ ਕੋਈ ਇਤਰਾਜ਼ ਨਹੀਂ ਕੋਈ ਕਿਸੇ ਪਾਰਟੀ ਲਈ ਕੁਝ ਕਰੇ ਇਹ ਉਸ ਦਾ ਆਪਣਾ ਬਿਜ਼ਨੈੱਸ ਹੈ। ਪਰ ਜਦੋਂ ਇਹੋ ਜਿਹੇ ਲੋਕ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ ਤਾਂ ਉਸ ਵਕਤ ਝੱਲਣਾ ਮੁਸ਼ਕਿਲ ਕੰਮ ਹੁੰਦਾ ਹੈ। ਹੁਣ ਉਹ ਜ਼ਮਾਨਾ ਤਾਂ ਰਿਹਾ ਨਹੀਂ ਜਦੋਂ ਇੱਕ ਤਰਫਾ ਮੀਡੀਆ ਸੀ ਜੋ ਸਪੀਕਰ 'ਚ ਬੋਲ ਦਿੱਤਾ ਬੱਸ ਉਹੀ ਪਰਵਾਨ ਚੜ੍ਹ ਗਿਆ। ਅੱਜ ਕੱਲ੍ਹ ਤਾਂ ਸੰਵਾਦ ਰਚੇ ਜਾਂਦੇ ਹਨ ਜੀ। ਮੇਰੇ ਜਿਹਾ ਨਾ ਸਮਝ ਵੀ ਹਰ ਵਰਤਾਰੇ ਦਾ ਘਰੇ ਬੈਠਾ ਹੀ ਜਵਾਬ ਮੰਗਦਾ ਹੈ।

ਇਸ ਵਾਰ ਤਾਂ ਆਸਟ੍ਰੇਲੀਆ ਵਿੱਚ ਇੱਕੋ ਕਬੱਡੀ ਫੈਡਰੇਸ਼ਨ ਹੈ ਤੇ ਉਹ ਵੀ ਸਰਵ ਸੰਮਤੀ ਨਾਲ ਬਣੀ ਕਾਰਜਕਾਰਨੀ ਨਾਲ ਲੈਸ ਹੈ। ਪਰ ਫੇਰ ਵੀ ਜਦੋਂ ਵਰਲਡ ਕੱਪ ਕਮੇਟੀ ਤੋਂ ਪੁੱਛਿਆ ਗਿਆ ਤਾਂ ਉਹ ਕਹਿੰਦੇ ਕਿ ਆਸਟ੍ਰੇਲੀਆ 'ਚ ਦੋ ਫੈਡਰੇਸ਼ਨਾਂ ਕੰਮ ਕਰ ਰਹੀਆਂ ਹਨ। ਜਿਨ੍ਹਾਂ ਬੰਦਿਆਂ ਨਾਲ ਉਨ੍ਹਾਂ ਸੰਪਰਕ ਕੀਤਾ ਉਹ ਕਹਿੰਦੇ ਕਿ ਅਸੀਂ ਵਰਲਡ ਕੱਪ 'ਚ ਖੇਡਣ ਦੇ ਇੱਛੁਕ ਨਹੀਂ ਹਾਂ ਕਿਉਂਕਿ ਸਾਡੇ ਕੋਲ ਕੋਈ ਟੀਮ ਹੀ ਨਹੀਂ ਹੈ। ਪਰ ਸੱਚ ਤਾਂ ਇਹ ਹੈ ਕਿ ਇਸ ਵਕਤ ਆਸਟ੍ਰੇਲੀਆ 'ਚ ਦਸ ਦੇ ਕਰੀਬ ਕਬੱਡੀ ਦੇ ਕਲੱਬ ਹਨ ਤੇ ਤਕਰੀਬਨ ਸਾਰੇ ਆਸਟ੍ਰੇਲੀਅਨ ਕਬੱਡੀ ਫੈਡਰੇਸ਼ਨ ਦੇ ਝੰਡੇ ਥੱਲੇ ਇਕੱਠੇ ਹਨ। ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਵਰਲਡ ਕੱਪ ਕਮੇਟੀ ਨੇ ਆਸਟ੍ਰੇਲੀਆ 'ਚ ਕਿਸ ਨਾਲ ਸੰਪਰਕ ਕੀਤਾ। ਇਹ ਤਾਂ ਹਾਲੇ ਭਵਿੱਖ ਦੇ ਗਰਭ 'ਚ ਹੈ। ਪਰ ਸਵਾਲ ਤਾਂ ਸਾਡੇ ਮੂੰਹਾਂ ਤੇ ਹੁਣੇ ਹੀ ਹਨ।

ਇਸ ਮਾਮਲੇ 'ਚ ਜਦੋਂ ਆਸਟ੍ਰੇਲੀਅਨ ਕਬੱਡੀ ਫੈਡਰੇਸ਼ਨ ਦੇ ਪਰਧਾਨ ਸੁਖਜੀਤ ਸਿੰਘ ਜੌਹਲ ਅਤੇ ਸਕੱਤਰ ਰੌਨੀਂ ਰੰਧਾਵਾ ਨਾਲ ਗੱਲ ਕੀਤੀ ਤਾਂ ਉਹ ਕਹਿੰਦੇ ਕਿ ਅਸੀਂ ਵੀ ਸਰਕਾਰ ਦੇ ਇਸ ਫ਼ੈਸਲੇ ਤੋਂ ਹੈਰਾਨ ਹਾਂ। ਜਦੋਂ ਅਸੀਂ ਅਧਿਕਾਰੀਆਂ ਨਾਲ ਗੱਲ ਕਰਦੇ ਹਾਂ ਤਾਂ ਉਹ ਕਹਿੰਦੇ ਹਨ ਪਹਿਲਾਂ ਦੂਜੇ ਬੰਦਿਆਂ ਨਾਲ ਸਮਝੌਤਾ ਕਰੋ ਫੇਰ ਗੱਲ ਕਰਿਓ ਅਤੇ ਜਦੋਂ ਅਸੀਂ ਉਨ੍ਹਾਂ ਦੂਜੇ ਬੰਦਿਆਂ ਦਾ ਕੰਟੈਕਟ ਮੰਗਦੇ ਹਾਂ ਤਾਂ ਉਹ ਕੋਈ ਦਿੰਦਾ ਨਹੀਂ। ਜਦੋਂ ਕਿ ਅਸੀਂ ਬੈਠ ਕੇ ਗੱਲਬਾਤ ਕਰਨ ਨੂੰ ਤਿਆਰ ਹਾਂ। ਪਰ ਹੁਣ ਇਹ ਸਮਝ ਤੋਂ ਬਾਹਰ ਦੀ ਗੱਲ ਹੈ ਕਿ ਦੂਜੀ ਧਿਰ ਗੱਲਬਾਤ ਕਰਨ ਲਈ ਮੂਹਰੇ ਕਿਉਂ ਨਹੀਂ ਆ ਰਹੀ। ਹੋ ਸਕਦਾ ਹੈ ਕਿ ਕਬੱਡੀ ਫੈਡਰੇਸ਼ਨ 'ਚ ਕੋਈ ਊਣਤਾਈ ਹੋਵੇ ਪਰ ਦੂਜੀ ਧਿਰ ਨੂੰ ਇਸ ਗੱਲ ਨੂੰ ਜਨਤਾ ਦੀ ਕਚਹਿਰੀ 'ਚ ਲੈ ਕੇ ਆਉਣਾ ਚਾਹੀਦਾ ਹੈ ਨਾ ਕਿ ਆਪਣੀਆਂ ਨਿੱਜੀ ਰੰਜਸ਼ਾਂ ਲਈ ਹਜ਼ਾਰਾਂ ਕਬੱਡੀ ਪ੍ਰੇਮੀਆਂ ਤੇ ਸੈਂਕੜੇ ਕਬੱਡੀ ਖਿਡਾਰੀਆਂ ਦੀਆਂ ਭਾਵਨਾਵਾਂ ਨਾਲ ਖੇਡਣਾ ਚਾਹੀਦਾ।

ਆਪਣੇ ਪੱਧਰ 'ਤੇ ਅਸੀਂ ਅੱਜ ਕਾਫ਼ੀ ਕੋਸ਼ਿਸ਼ ਕੀਤੀ ਕਿ ਕੋਈ ਸਰਕਾਰੀ ਪੱਖ ਜਾਣਿਆ ਜਾ ਸਕੇ। ਪਰ ਸੁਖਬੀਰ ਬਾਦਲ ਪਾਕਿਸਤਾਨ ਦੇ ਦੌਰੇ ਤੇ ਹੋਣ ਕਾਰਨ ਬਹੁਤੇ ਮੰਤਰੀ ਅਤੇ ਸੰਤਰੀ ਉਨ੍ਹਾਂ ਨਾਲ ਗਏ ਹੋਏ ਹਨ। ਦੂਜੀ ਕਤਾਰ ਦੇ ਅਧਿਕਾਰੀਆਂ 'ਚ ਏਨੀ ਜੁਰਅਤ ਨਹੀਂ ਕਿ ਉਹ ਕਿਤੇ

ਮੀਡੀਆ ਸਾਹਮਣੇ ਗੱਲ ਕਰ ਸਕਣ। ਅੱਜ ਮੈਂ ਪੰਜਾਬ ਖੇਡ ਮਹਿਕਮੇ 'ਚ ਗੱਲ ਕੀਤੀ, ਜਦੋਂ ਤੱਕ ਤਾਂ ਮੈਂ ਏਧਰਲੀਆਂ-ਉਧਰਲੀਆਂ ਗੱਲਾਂ ਕਰਦਾ ਰਿਹਾ ਤਾਂ ਅਧਿਕਾਰੀ ਮੇਰੀ ਗੱਲ ਸੁਣਦੇ ਰਹੇ ਪਰ ਜਦੋਂ ਮੈਂ ਕਿਹਾ ਕਿ ਮੈਂ 'ਹਰਮਨ ਰੇਡੀਓ' ਲਈ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹਾਂ ਤਾਂ ਨਾਲ ਦੀ ਨਾਲ ਮੇਰੀ ਆਵਾਜ਼ ਉਨ੍ਹਾਂ ਨੂੰ ਸੁਣਨੋਂ ਹਟ ਗਈ। ਜਦੋਂ ਮੈਂ ਹੈਲੋ ਹੈਲੋ ਕਰਦੇ ਨੇ ਕਿਹਾ ਕਿ ਦੁਬਾਰਾ ਕਾਲ ਕਰਦਾ ਹਾਂ ਤਾਂ ਉਨ੍ਹਾਂ ਨੂੰ ਇਹ ਗੱਲ ਸੁਣ ਗਈ ! ਮੈਂ ਸੋਚਿਆ ਕਿ ਸ਼ਾਇਦ ਸੱਚੀ ਨਾ ਸੁਣਦੀ ਹੋਵੇ ਦੁਬਾਰਾ ਜਦੋਂ ਕਾਲ ਕੀਤੀ ਤਾਂ ਇਕ ਬੀਬੀ ਜੀ ਨੇ ਚੁੱਕਿਆ ਤੇ ਕਹਿੰਦੇ ਸਾਹਿਬ ਤਾਂ ਆਫ਼ਿਸ 'ਚ ਨਹੀਂ ਜੋ ਸਿਰਫ਼ 30 ਸੈਕੰਡ ਪਹਿਲਾਂ ਮੇਰੇ ਨਾਲ ਇਸੇ ਫ਼ੋਨ ਤੇ ਗੱਲ ਕਰ ਰਹੇ ਸਨ। ਆਸ ਦੀ ਇਕੋ ਇੱਕ ਕਿਰਨ ਉੱਘੇ ਖਿਡਾਰੀ ਤੇ ਸਿਆਸਤਦਾਨ ਪਰਗਟ ਸਿੰਘ ਦੇ ਰੂਪ 'ਚ ਦਿਖਾਈ ਦਿੰਦੀ ਹੈ ਜਿਨ੍ਹਾਂ ਨਾਲ ਸੰਪਰਕ ਕੀਤਾ ਹੈ ਤੇ ਕਿਸੇ ਚੰਗੇ ਜਵਾਬ ਦੀ ਉਡੀਕ 'ਚ ਹਾਂ।

ਪਿਛਲੇ ਕੁਝ ਵਕਤ ਤੋਂ ਪੰਜਾਬ ਦੇ ਉਪ ਮੁੱਖ ਮੰਤਰੀ ਮਾਨਯੋਗ ਸੁਖਬੀਰ ਸਿੰਘ ਬਾਦਲ ਹੋਰਾਂ ਨੇ ਕਬੱਡੀ ਵਰਲਡ ਕੱਪ ਵੱਲ ਖ਼ਾਸ ਧਿਆਨ ਦਿੱਤਾ ਹੈ। ਜਿਸ ਦੀ ਹਰ ਪਾਸੇ ਸਲਾਹਣਾ ਹੋ ਰਹੀ ਹੈ। ਉਨ੍ਹਾਂ ਪਲੇਟਫ਼ਾਰਮ ਬਣਾ ਕੇ ਆਪਣਾ ਫ਼ਰਜ਼ ਨਿਭਾ ਦਿੱਤਾ ਹੈ। ਪਰ ਉਸ ਨੂੰ ਵਰਤਣਾ ਤਾਂ ਆਮ ਲੋਕਾਂ ਨੇ ਹੈ। ਹਰ ਕੰਮ ਸੁਖਬੀਰ ਬਾਦਲ ਤਾਂ ਕਰਨੋਂ ਰਿਹਾ। ਸੋ ਕੁਝ ਇੱਕ ਲੋਕਾਂ ਨੂੰ ਇਸ ਦੀ ਜ਼ੁੰਮੇਵਾਰੀ ਦੇ ਦਿੱਤੀ ਗਈ ਹੈ। ਹੁਣ ਜਦੋਂ ਇਸ ਕੰਮ ਲਈ ਜ਼ੁੰਮੇਵਾਰ ਲੋਕਾਂ ਦੀ ਗੱਲ ਕਰਦੇ ਹਾਂ ਤਾਂ ਉਥੇ ਇਹੋ ਜਿਹਾ ਗ਼ੈਰ ਜ਼ੁੰਮੇਵਾਰਨਾ ਕੰਮ ਤਾਂ ਕੋਈ ਨਾ ਸਮਝ ਬੰਦਾ ਹੀ ਕਰ ਸਕਦਾ ਹੈ ਕਿਉਂਕਿ ਦੂਰ ਅੰਦੇਸ਼ੀ ਬੰਦੇ ਨੂੰ ਤਾਂ ਡਿਪਲੋਮੈਟਿਕ ਗੱਲਾਂ ਦੀ ਸੋਝੀ ਹੁੰਦੀ ਹੈ। ਪਰ ਇਥੇ ਤਾਂ ਜੁਆਕਾਂ ਵਾਲੀ ਗੱਲ ਹੀ ਲਗਦੀ ਹੈ, ਜੋ ਮੈਂ ਲੇਖ ਦੇ ਸਿਰਲੇਖ 'ਚ ਕਹਿ ਚੁੱਕਿਆ ਹਾਂ। ਇਹੋ ਜਿਹੇ ਈਰਖਾ ਭਰੇ ਲੋਕ ਕਬੱਡੀ ਦੇ ਜੜਾਂ 'ਚ ਬੈਠ ਰਹੇ ਹਨ ਤੇ ਜੇ ਕੱਲ੍ਹ ਨੂੰ ਇਹੀ ਕਬੱਡੀ ਸਰਕਾਰ ਦੀਆਂ ਜੜਾਂ 'ਚ ਬੈਠ ਗਈ ਤਾਂ ਹੈਰਾਨ ਹੋਣ ਦੀ ਲੋੜ ਨਹੀਂ। ਇਸ ਗੱਲ ਵੱਲ ਬਾਦਲ ਸਾਹਿਬ ਨੂੰ ਵਿਸ਼ੇਸ਼ ਧਿਆਨ ਦੇਣਾ ਹੀ ਪੈਣਾ ਨਹੀਂ ਤਾਂ ਫੇਰ ਗਿੱਲੀ ਹੋਈ ਘੁੱਤੀ ਕੰਮ ਕਿਸੇ ਦੇ ਵੀ ਨਹੀਂ ਆਉਣੀ।

ਅੰਤ ਵਿੱਚ ਆਸਟ੍ਰੇਲੀਆ ਦੇ ਕਬੱਡੀ ਖਿਡਾਰੀਆਂ ਨੂੰ ਧਰਵਾਸਾ ਦੇਣਾ ਚਾਹਾਂਗਾ ਕਿ ਇਹੋ ਜਿਹੇ ਵਰਲਡ ਕੱਪ 'ਚ ਖੇਡ ਕੇ ਲੈਣਾ ਵੀ ਕੀ ਹੈ, ਜਿਸ ਵਿੱਚ ਗਲੀ ਮੁਹੱਲਿਆਂ ਵਾਲੀ ਸਿਆਸਤ ਚਲਦੀ ਹੋਵੇ।

****

# ਤਰਕ ਅਤੇ ਦਲੀਲ ਭਰਪੂਰ ਹੈ ਕੈਂਗਰੂਨਾਮਾ

ਪਰਵਾਸੀ ਲੇਖਕ ਮਿੰਟੂ ਬਰਾੜ ਦੀ ਕਲਮ ਦੀ ਕੁੱਖੋਂ ਜਨਮੇ ਇਸ ਪੁਸਤਕ ਵਿਚਲੇ ਸਾਰੇ ਲੇਖਾਂ ਨੂੰ ਮੈਂ ਸਮੇਂ-ਸਮੇਂ ਤੇ ਗਹੁ ਨਾਲ ਵਾਚਿਆ ਹੀ ਨਹੀਂ ਬਲਕਿ ਭਿੰਨ-ਭਿੰਨ ਪੱਖਾਂ ਤੋਂ ਇਹਨਾਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਕਲਮ ਨੇ ਹਮੇਸ਼ਾ ਸਮੇਂ ਦੇ ਹਾਣ ਦੀ ਬਣ ਕੇ ਸਮਾਜਕ ਸਰੋਕਾਰਾਂ ਦੀ ਬਾਤ ਪਾਈ ਹੈ। ਮਿੰਟੂ ਬਰਾੜ ਹੋਰਾਂ ਦੀ ਲਿਖਣ ਸ਼ੈਲੀ ਇੱਕ ਨਿਵੇਕਲੀ ਕਿਸਮ ਦੀ ਹੈ ਜੋ ਗੰਭੀਰ ਤੋਂ ਗੰਭੀਰ ਮੁੱਦਿਆਂ ਨੂੰ ਵੀ ਸੁੰਦਰ, ਸਰਲ, ਸੰਜੀਦਾ ਅਤੇ ਸਾਧਾਰਨ ਤਰੀਕੇ ਨਾਲ ਸਾਧਾਰਨ ਬੌਧਿਕ ਪੱਧਰ ਦੇ ਲੋਕਾਂ ਨੂੰ ਵੀ ਵਿਸ਼ਾ ਗਤ ਗੱਲ ਸਹਿਜਤਾ ਨਾਲ ਸਮਝਾਉਣ ਦੀ ਸਮਰੱਥਾ ਰੱਖਦੀ ਹੈ ਅਤੇ ਲੇਖਣੀ ਵਿੱਚ ਅਜਿਹੀ ਰਵਾਨਗੀ ਹੁੰਦੀ ਹੈ ਜੋ ਪਾਠਕ ਨੂੰ ਵਿਸ਼ੇ ਦੇ ਨਾਲ-ਨਾਲ ਤੋਰ ਲੈਂਦੀ ਹੈ। ਪੁਸਤਕ ਵਿਚਲੇ ਸਾਰੇ ਲੇਖਾਂ ਵਿੱਚ ਚਲੰਤ ਮਸਲਿਆਂ ਨੂੰ ਕਈ ਪਹਿਲੂਆਂ ਤੋਂ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਮਿੰਟੂ ਬਰਾੜ ਹੋਰਾਂ ਦੀ ਲੇਖਣੀ ਦੀ ਇੱਕ ਹੋਰ ਖ਼ਾਸ ਤੇ ਹਾਂ-ਪੱਖੀ ਗੱਲ ਇਹ ਵੀ ਹੈ ਕਿ ਇਹਨਾਂ ਦੀਆਂ ਲਿਖਤਾਂ ਜਿੱਥੇ ਤਰਕ ਅਤੇ ਦਲੀਲਾਂ ਭਰਪੂਰ ਹੁੰਦੀਆਂ ਹਨ ਉੱਥੇ ਇਹਨਾਂ ਦੀਆਂ ਲਿਖਤਾਂ ਵਿੱਚ ਆਪਣੇ ਪਿੰਡੇ ਉੱਤੇ ਹੰਢਾਏ ਤਜਰਬੇ ਵੀ ਆਖੀ ਜਾਣ ਵਾਲੀ ਗੱਲ ਦੀ ਪ੍ਰੋੜ੍ਹਤਾ ਦੇ ਵਜ਼ਨ ਵਿੱਚ ਵਾਧਾ ਕਰਦੇ ਅਤੇ ਦਿਲਚਸਪ ਬਣਾਉਂਦੇ ਹਨ। ਮਿੰਟੂ ਬਰਾੜ ਹੋਰਾਂ ਦੀ ਕਲਮ ਸਮਾਜ ਦੀ ਖ਼ਿਦਮਤਗਾਰ ਕਲਮ ਰਹੀ ਹੈ, ਨਿਧੜਕ ਵੀ ਹੈ ਜਿਸ ਨੂੰ ਜੇਠ ਹਾੜ ਵਿੱਚ ਮੈਂ ਕਦੀ ਖ਼ੁਸ਼ਕ ਹੁੰਦੀ ਨਹੀ ਦੇਖਿਆ ਅਤੇ ਨਾਂ ਹੀ ਪੋਹ ਮਾਘ ਵਿੱਚ ਇਸ ਕਲਮ ਨੂੰ ਕਦੇ ਕੰਬਣੀ ਛਿੜੀ ਹੈ। ਕੰਗਰੂਨਾਮਾ ਦੇ ਸਿਰਲੇਖ ਹੇਠ ਛਪੀ ਇਹਨਾਂ ਦੀ ਪਲੇਠੀ ਕੋਸ਼ਿਸ਼ ਨੂੰ ਮੈਂ ਖੁਸ਼ਆਮਦੀਦ ਆਖਦਾ ਹਾਂ ਤੇ ਆਸ ਵੀ ਕਰਦਾ ਹਾਂ ਕਿ ਇਹਨਾਂ ਦੀ ਕਲਮ ਆਪਣੀ ਮਸਤ ਚਾਲ ਚੱਲਦੀ ਹੋਈ ਹੋਰ ਵੀ ਸਮਾਜਿਕ ਮੁੱਦਿਆਂ ਨੂੰ ਹਮੇਸ਼ਾ ਸਾਡੇ ਸਨਮੁੱਖ ਕਰਦੀ ਰਹੇਗੀ।ਆਮੀਨ !

**ਹਰਮੰਦਰ ਕੰਗ (ਪਰਥ)**
**ਸਬ ਐਡੀਟਰ 'ਪੰਜਾਬੀ ਅਖ਼ਬਾਰ'**
**ਆਸਟ੍ਰੇਲੀਆ**

# ਸਚਿਨ ਅਹੂਜਾ

ਇਹ ਲੇਖ ਸਾਲ 2008 ਵਿੱਚ ਲਿਖਿਆ ਸੀ। ਜਿਸ ਦਾ ਮੁੱਖ ਕਾਰਨ ਐੱਮ.ਐੱਚ. 1 ਤੇ ਆਉਂਦੇ ਆਵਾਜ਼ ਪੰਜਾਬ ਦੀ ਪ੍ਰੋਗਰਾਮ ਵਿਚ ਜੱਜ ਦੀ ਭੂਮਿਕਾ ਨਿਭਾਉਣ ਵਾਲੇ ਇਕ ਜੱਜ ਸਚਿਨ ਅਹੂਜਾ ਦੀਆਂ ਬੇਬਾਕ ਅਤੇ ਨੱਪੀਆਂ ਤੁਲੀਆਂ ਟਿੱਪਣੀਆਂ ਨੇ ਮੈਨੂੰ ਉਨ੍ਹਾਂ ਦੇ ਵਿਅਕਤੀਤਵ ਵੱਲ ਖਿੱਚਿਆ। ਪਹਿਲਾਂ ਤੋਂ ਜਨਾਬ ਚਰਨਜੀਤ ਅਹੂਜਾ ਸਾਹਿਬ ਦਾ ਮੁਰੀਦ ਸੀ ਦੂਜਾ ਬਹੁਤ ਕੁਝ ਸਚਿਨ ਦੇ ਮਿਊਜ਼ਿਕ ਬਾਰੇ ਵੀ ਜਾਣਦਾ ਸੀ। ਪਰ ਉਨ੍ਹਾਂ ਨੂੰ ਇੱਕ ਜੱਜ ਦੇ ਰੂਪ 'ਚ ਦੇਖ ਸੁਣ ਕੇ ਜਿਗਿਆਸਾ ਹੋਰ ਵੱਧ ਗਈ ਸੀ। ਸੋ ਉਨ੍ਹਾਂ ਨਾਲ ਗੱਲਬਾਤ ਹੋਈ ਤੇ ਸੋਚਿਆ ਕਿਉਂ ਨਾ ਤੁਹਾਡੇ ਨਾਲ ਸਾਂਝੀ ਕੀਤੀ ਜਾਵੇ। ਇਸ ਲੇਖ ਤੋਂ ਬਾਅਦ 2010 'ਚ ਮੇਰੀ ਇੰਡੀਆ ਫੇਰੀ ਦੌਰਾਨ ਉਨ੍ਹਾਂ ਨੂੰ ਮਿਲਣ ਦਾ ਸਬੱਬ ਵੀ ਬਣਿਆ। ਜਦੋਂ ਉਹ ਦਿਲੀ ਆਪਣੇ ਘਰ ਪੈਰ 'ਚ ਮੋਚ ਪਵਾਈ ਬੈੱਡ ਰੈਸਟ ਤੇ ਸਨ, ਤਾਂ ਮੈਂ ਤੇ ਭੁਪਿੰਦਰ ਪੰਨੀਵਾਲੀਆ ਉਨ੍ਹਾਂ ਨੂੰ ਮਿਲ ਕੇ ਆਏ। ਆਮ ਤੌਰ ਤੇ ਕਈ ਬਾਰ ਕਿਸੇ ਇਨਸਾਨ ਨੂੰ ਮਿਲਣ ਤੋਂ ਬਾਅਦ ਉਸ ਬਾਰੇ ਸੋਚ ਬਦਲ ਜਾਂਦੀ ਹੈ ਮੇਰੀ ਵੀ ਸਚਿਨ ਪ੍ਰਤੀ ਧਾਰਨਾ 'ਚ ਕੁਝ ਬਦਲਾਅ ਆਇਆ। ਜੋ ਮੈਂ ਉਨ੍ਹਾਂ ਬਾਰੇ ਸੋਚਦਾ ਸੀ ਉਹ ਉਸ ਤੋਂ ਵੀ ਕਿਤੇ ਵਧੀਆ ਇਨਸਾਨ ਨਿਕਲੇ। ਜੋ ਇਸ ਲੇਖ 'ਚ ਲਿਖਿਆ ਸੀ ਸਚਿਨ ਨੂੰ ਮਿਲ ਕੇ ਉਸ ਤੋਂ ਵੱਧ ਹੀ ਮਿਲਿਆ।



ਉੱਘੇ ਸੰਗੀਤਕਾਰ ਸਚਿਨ ਅਹੂਜਾ ਨਾਲ ਲੇਖਕ ਦੀ ਯਾਦਗਾਰੀ ਤਸਵੀਰ



ਮੈਲਬਾਰਨ ਵਿੱਚ ਇੱਕ ਸ਼ੋਅ ਤੋਂ ਬਾਅਦ ਉੱਘੇ ਕਬੱਡੀ ਕੌਮਟੇਟਰ
ਚਰਨਾਮਤ ਸਿੰਘ, ਅਮਨਦੀਪ ਸਿੱਧੂ, ਬੱਬਲ ਰਾਏ, ਜਗਦੀਪ ਗੁਰਾਇਆ,
ਪਵਨ ਬੀਹਲਾ, ਉੱਘੇ ਪ੍ਰਮੋਟਰ ਸੱਤੀ ਅਤੇ ਹੋਰ ਮਿੱਤਰਾਂ ਨਾਲ ਲੇਖਕ

# ਸਚਿਨ ਅਹੂਜਾ

ਅਹੂਜਾ ਪਰਿਵਾਰ ਪੰਜਾਬੀ ਸੰਗੀਤ 'ਚ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ। ਸੱਤਰ ਦੇ ਦਹਾਕੇ ਤੋਂ ਵੀ ਪਹਿਲਾਂ ਇਸ ਪਰਵਾਰ ਦਾ ਸੰਗੀਤਕ ਸਫ਼ਰ ਸ਼ੁਰੂ ਹੋਇਆ ਤੇ ਅੱਜ ਤੱਕ ਨਿਰਵਿਘਨ ਚਲ ਰਿਹਾ ਹੈ। ਇਹ ਪਰਿਵਾਰ ਪੰਜਾਬੀ ਸੰਗੀਤ ਵਿੱਚ ਕੀਤੇ ਆਪਣੇ ਚੰਗੇ ਕੰਮਾਂ ਕਰਕੇ ਹਰ ਵਕਤ ਚਰਚਾ 'ਚ ਰਿਹਾ ਹੈ। ਸ਼ੁਰੂ ਦੇ ਦੋ-ਢਾਈ ਦਹਾਕੇ ਤਾਂ ਜਨਾਬ ਚਰਨਜੀਤ ਅਹੂਜਾ ਨੇ ਇਕੱਲਿਆਂ ਹੀ ਧੁੰਮਾਂ ਪਾਈਆ। ਪਰ ਪਿਛਲੇ ਗਿਆਰ੍ਹਾਂ-ਬਾਰ੍ਹਾਂ ਸਾਲਾਂ ਤੋਂ ਇੱਕ ਹੋਰ ਨਾਂ ਇਸ ਪਰਿਵਾਰ 'ਚ ਚਮਕਿਆ ਤੇ ਹੌਲੀ-ਹੌਲੀ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਣ ਵਿਚ ਕਾਮਯਾਬ ਹੋ ਗਿਆ ਤੇ ਅੱਜਕੱਲ੍ਹ ਉਹ ਪੰਜਾਬੀ ਸੰਗੀਤ ਦੇ ਅਸਮਾਨ 'ਤੇ ਆਪਣੀ ਮਿੱਠੀ-ਮਿੱਠੀ ਲੋਅ ਬਿਖੇਰ ਰਿਹਾ ਹੈ। ਉਹ ਸਿਤਾਰਾ ਕੋਈ ਹੋਰ ਨਹੀਂ ਜਨਾਬ ਚਰਨਜੀਤ ਅਹੂਜਾ ਸਾਹਿਬ ਦਾ ਹੋਣਹਾਰ ਸਪੁੱਤਰ ਤੇ ਨਵੀਂ ਪੀੜ੍ਹੀ 'ਚ ਪ੍ਰਵਾਨ ਹੋ ਚੁੱਕਿਆ ਸੰਗੀਤਕਾਰ ਸਚਿਨ ਅਹੂਜਾ ਹੀ ਹੈ।

ਜਿੱਥੋਂ ਤੱਕ ਮੇਰੇ ਯਾਦ ਆਉਂਦਾ ਹੈ ਅੱਜ ਤੋਂ ਬਾਰਾਂ ਕੇ ਵਰ੍ਹੇ ਪਹਿਲਾਂ ਇੱਕ ਦਿਨ ਉੱਘੇ ਗੀਤਕਾਰ ਤੇ ਪੇਸ਼ਕਾਰ ਭਿੰਦਰ ਡੱਬਵਾਲੀ ਨਾਲ ਫ਼ੁਰਸਤ ਦੇ ਪਲਾਂ 'ਚ ਬੈਠੇ ਜਨਾਬ ਚਰਨਜੀਤ ਅਹੂਜਾ ਸਾਹਿਬ ਦਾ ਸੁਪਰ ਹਿੱਟ ਗੀਤ ਸੁਣ ਰਹੇ ਸੀ ਤਾਂ ਮੈਂ ਅਚਾਨਕ ਹੀ ਬਾਈ ਭਿੰਦਰ ਨੂੰ ਸਵਾਲ ਕੀਤਾ ਕਿ ਜਨਾਬ ਚਰਨਜੀਤ ਅਹੂਜਾ ਸਾਹਿਬ ਦੀ ਇਹ ਵਿਰਾਸਤ ਨੂੰ ਅੱਗੇ ਵਧਾਉਣ ਵਾਲਾ ਵੀ ਕੋਈ ਹੈ ਕੇ ਨਹੀਂ ? ਤਾਂ ਉਨ੍ਹਾਂ ਇੱਕ ਪਲ ਵੀ ਨਾ ਲਾਇਆ ਸਚਿਨ ਅਹੂਜਾ ਕਹਿੰਦਿਆਂ ਤੇ ਕਹਿਣ ਲੱਗੇ ਉਸ ਮੁੰਡੇ ਦੀ ਦਿੱਖ ਵਿੱਚ ਹੀ ਗਲੈਮਰ ਭਰਿਆ ਪਿਆ ਹੈ ਤੂੰ ਦੇਖ ਲਈ ਆਉਣ ਵਾਲਾ ਕੱਲ੍ਹ ਉਸ ਦਾ ਹੈ। ਮੇਰੇ ਭਾਅ ਦੀ ਇਹ ਨਾਂ ਬਿਲਕੁਲ ਨਵਾਂ ਸੀ ਪਰ ਨਾਂ ਦੇ ਪਿੱਛੇ ਜੋ ਅਹੂਜਾ ਲੱਗਿਆ ਹੋਇਆ ਸੀ ਉਹ ਦਿਲ ਨੂੰ ਇਸ ਅਚਾਨਕ ਕੀਤੀ ਭਵਿੱਖਬਾਣੀ ਨੂੰ ਮੰਨਣ ਲਈ ਮਜਬੂਰ ਕਰ ਰਿਹਾ ਸੀ। ਜਿਵੇਂ ਕਿ ਓਸ ਵਕਤ ਹਿੰਦੀ ਫ਼ਿਲਮਾਂ 'ਚ ਨਾਂ ਪਿੱਛੇ ਕਪੂਰ ਸਫਲਤਾ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ ਬੱਸ ਉਹ ਹੀ ਭਾਵਨਾ ਰਹਿ-ਰਹਿ ਕੇ ਮੇਰੇ ਮਨ ਵਿਚ ਆ ਰਹੀ ਸੀ ਤੇ ਮੇਰੀ ਸ਼ੰਕਾ ਨੂੰ ਦੂਰ ਹੋਣ ਲਈ ਜ਼ਿਆਦਾ ਵਕਤ ਨਹੀਂ ਲੱਗਿਆ ਜਦੋਂ ਭਿੰਦਰ ਡੱਬਵਾਲੀ ਦੀ ਪੇਸ਼ਕਾਰੀ ਵਿੱਚ ਨਵੇਂ ਨਿਕੋਰ ਗਾਇਕ ਧਰਮਪ੍ਰੀਤ ਦੀ ਆਵਾਜ਼ ਵਿੱਚ ਨੌਜਵਾਨ ਸਚਿਨ ਅਹੂਜਾ ਦਾ ਤਾਜ਼ਗੀ ਭਰਿਆ ਸੰਗੀਤ ਕੰਨਾਂ ਵਿਚ ਰਸ ਘੋਲ਼ਨ ਲੱਗਿਆ ਤੇ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ। 'ਸਾਡਾ ਦਿਲ ਤੋੜ ਤਾ' ਨਾਂ ਹੇਠ ਆਈ ਇਸ ਟੇਪ ਨੇ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਸੁੱਟੇ ਤਾਂ ਮੈਨੂੰ ਮੇਰੇ ਸਵਾਲ ਦਾ ਜਵਾਬ ਸਬੂਤ ਸਮੇਤ ਮਿਲ ਗਿਆ ਸੀ।

ਇਹ ਉਹ ਦੌਰ ਸੀ ਜਦੋਂ ਪੰਜਾਬ ਇਕ ਲੰਮਾ ਸੰਤਾਪ ਭੋਗ ਕੇ ਹਾਲੇ ਸਹਿਮਿਆ ਜਿਹਾ ਹੌਲੀ-ਹੌਲੀ ਫੇਰ ਆਪਣੇ ਪੁਰਾਣੇ ਰੰਗ 'ਚ ਆਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਲੁਧਿਆਣੇ ਤੋਂ ਬਾਹਰ ਬਠਿੰਡਾ ਵਿੱਚ ਵੀ ਨਵੇਂ ਉੱਠ ਰਹੇ ਗਾਇਕ ਆਪਣੇ ਪੈਰ ਜਮਾਉਣ ਲੱਗੇ ਸਨ ਤੇ ਐਨ ਉਸ ਵਕਤ ਜਨਾਬ ਚਰਨਜੀਤ ਅਹੂਜਾ ਸਾਹਿਬ ਦੀ ਸਿਹਤ ਠੀਕ ਨਾ ਹੋਣ ਕਰਕੇ ਉਨ੍ਹਾਂ ਦੇ ਹੋਣਹਾਰ ਚਾਰ ਸਪੁੱਤਰਾਂ ਵਿਚੋਂ ਸਭ ਤੋਂ ਵੱਡੇ ਹੋਣ ਕਾਰਨ ਸਚਿਨ ਨੇ ਆਪਣੀ ਪੜ੍ਹਾਈ ਨੂੰ ਵਿੱਚੇ ਛੱਡ ਕੇ ਆਪਣਾ ਫ਼ਰਜ਼ ਸਮਝਦੇ ਹੋਏ ਆਪਣੇ ਪਿਤਾ ਜੀ ਨਾਲ ਬਤੌਰ ਸੰਗੀਤਕਾਰ ਦੇ ਤੌਰ 'ਤੇ ਆਪਣਾ ਨਵਾਂ ਸਫ਼ਰ

ਸ਼ੁਰੂ ਕੀਤਾ। ਇਸ ਦੌਰਾਨ ਭਿੰਦਰ ਡੱਬਵਾਲੀ ਦੀਆਂ ਪਾਰਖੂ ਨਜ਼ਰਾਂ ਇਸ ਹੋਣਹਾਰ ਨੌਜਵਾਨ ਤੇ ਪਈਆਂ ਤੇ ਉਨ੍ਹਾਂ ਸਚਿਨ ਨੂੰ ਪਹਿਲਾ ਬ੍ਰੇਕ ਦਿੱਤਾ।

ਕਾਮਯਾਬੀ ਲਈ ਸਚਿਨ ਨੂੰ ਰਤਾ ਵੀ ਇੰਤਜ਼ਾਰ ਨਹੀਂ ਕਰਨਾ ਪਿਆ ਕਿਉਂਕਿ ਉਨ੍ਹਾਂ ਦਾ ਪਹਿਲਾ ਪ੍ਰੋਜੈਕਟ ਹੀ ਸੁਪਰ ਹਿੱਟ ਹੋ ਗਿਆ ਸੀ ਤੇ ਰੱਬ ਦੇ ਰੰਗ ਦੇਖੋ ਜੋ ਨੌਜਵਾਨ ਡਾਕਟਰ ਬਣਨ ਦੇ ਸੁਪਨੇ ਸਜੋ ਰਿਹਾ ਸੀ ਕਿਸਮਤ ਨੇ ਓਸ ਨੂੰ ਰਾਤੋ ਰਾਤ ਸੰਗੀਤ ਦੇ ਖੇਤਰ 'ਚ ਇੱਕ ਨਵਾਂ ਹਸਤਾਖ਼ਰ ਬਣਾ ਦਿੱਤਾ ਸੀ। ਉਸ ਤੋਂ ਬਾਅਦ ਇਕੋ ਲਾਈਨ 'ਚ ਲਗਾਤਾਰ ਪੰਦਰ੍ਹਾਂ ਸੁਪਰ ਹਿੱਟ ਟੇਪਾਂ ਦੇ ਕੇ ਸਚਿਨ ਨੇ ਸਾਬਤ ਕਰ ਦਿੱਤਾ ਕਿ ਓਸ ਦੀ ਪਹਿਲੀ ਸਫਲਤਾ ਕੋਈ ਪੈਰ ਹੇਠ ਬਟੇਰ ਨਹੀਂ ਸੀ। ਇਹ ਉਹ ਦੌਰ ਸੀ ਜਦੋਂ ਬਠਿੰਡੇ ਦੇ ਨਵੇਂ ਉਠੇ ਗਾਇਕਾ ਨੇ ਲੁਧਿਆਣੇ ਜਿਹੀ ਸਥਾਪਤ ਪੰਜਾਬੀ ਗਾਇਕਾਂ ਦੀ ਮਾਰਕੀਟ ਤੋਂ ਅੱਧ ਵੰਡਾ ਲਿਆ ਸੀ ਤੇ ਓਸ ਸਾਰੀ ਤਬਦੀਲੀ ਪਿੱਛੇ ਸਚਿਨ ਦਾ ਸੰਗੀਤ ਇੱਕ ਅਹਿਮ ਕੜੀ ਸੀ ਕਿਉਂਕਿ ਪੇਸ਼ਕਾਰ ਭਿੰਦਰ ਡੱਬਵਾਲੀ ਤੇ ਸਚਿਨ ਦੀ ਇੱਕ ਇਹੋ-ਜਿਹੀ ਟੀਮ ਬਣ ਚੁੱਕੀ ਸੀ ਜਿਸ ਦਾ ਹਰ ਪ੍ਰੋਜੈਕਟ ਕਾਮਯਾਬੀ ਦੇ ਝੰਡੇ ਗੱਡ ਰਿਹਾ ਸੀ। ਕਦੇ ਹਰਦੇਵ ਮਾਹੀਨੰਗਲ, ਕਦੇ ਧਰਮਪ੍ਰੀਤ, ਕਦੇ ਆਕਾਸ਼ਦੀਪ ਤੇ ਕਦੇ ਜਸਵਿੰਦਰ ਬਰਾੜ ਤੇ ਹੋਰ ਵੀ ਬਹੁਤ ਸਾਰੇ ਉਭਰ ਰਹੇ ਗਾਇਕਾ ਦੀਆਂ ਰੀਲਾਂ ਹਿੱਟ ਹੋ ਰਹੀਆਂ ਸਨ।

ਉਸ ਦਿਨ ਤੋਂ ਲੈ ਕੇ ਅੱਜ ਤੱਕ ਸਚਿਨ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਹੌਲੀ- ਹੌਲੀ ਇਹਨਾਂ ਦੇ ਮਿਊਜ਼ਿਕ 'ਚ ਗਾਉਣ ਵਾਲਿਆਂ ਦੀ ਗਿਣਤੀ ਵਧਦੀ ਗਈ। ਭਾਵੇਂ ਉਹ ਸਥਾਪਿਤ ਹੋ ਚੁੱਕੇ ਗਾਇਕ ਸਲੀਮ ਹੋਵੇ ਤੇ ਭਾਵੇਂ ਨਵੀਂ ਸਨਸਨੀ ਰਾਣੀ ਰਣਦੀਪ ਹੋਵੇ ਹੁਣ ਤਾਂ ਨੌਬਤ ਇਹ ਹੈ ਕਿ ਜੇ ਅੱਜ ਇਨ੍ਹਾਂ ਦੀਆਂ ਹਿੱਟ ਟੇਪਾਂ ਨੂੰ ਇਥੇ ਲਿਖਣ ਲੱਗਾਂ ਤਾਂ ਸ਼ਾਇਦ ਲਿਖ ਨਾ ਸਕਾਂ ਪਰ ਫੇਰ ਵੀ ਇੰਨਾ ਵਿਚੋਂ ਕੁਝ ਬਹੁਤ ਹੀ ਮਕਬੂਲ ਹੋਈਆ ਟੇਪਾਂ ਜਿਵੇਂ ਕਿ ਸਲੀਮ ਦੀਆਂ 'ਸਲਾਮ ਤੇ ਇਕ ਜਿੰਦੜੀ', ਰਾਣੀ ਰਣਦੀਪ ਦੀਆਂ 'ਇਸ਼ਕੇ ਦੀ ਮਾਰ ਤੇ ਦਿਲ ਕੱਚ ਦਾ', ਭੁਪਿੰਦਰ ਗਿੱਲ ਤੇ ਮਿਸ ਨੀਲਮ ਦੀਆਂ 'ਬਟੂਆ, ਗੱਲਾਂ ਮਿੱਠੀਆਂ ਤੇ ਤੂੰ ਮੇਰਾ ਰਾਖਾ ਸਭਨੀ ਥਾਂਈ', ਹਰਦੇਵ ਮਾਹੀਨੰਗਲ ਦੀਆਂ 'ਮਾਹੀ ਚਾਹੁੰਦਾ ਕਿਸੇ ਹੋਰ ਨੂੰ ਤੇ ਚਲ ਚੱਲੀਏ ਗੁਰਦਵਾਰੇ', ਧਰਮਪ੍ਰੀਤ ਦੀਆਂ 'ਸਾਡਾ ਦਿਲ ਤੋੜ ਤਾ ਤੇ ਪੜ੍ਹ ਸਤਿਗੁਰ ਦੀ ਬਾਣੀ', ਜਸਵਿੰਦਰ ਬਰਾੜ ਦੀ 'ਗੱਲਾਂ ਪਿਆਰ ਦੀਆਂ', ਬਾਈ ਅਮਰਜੀਤ ਦੀ 'ਦਿਲ ਕਰੇ ਟਿੰਗਲਿੰਗ', ਦਿਲਜੀਤ ਦੀ 'ਲਗਦਾ ਇਸ਼ਕ ਹੋ ਗਿਆ', ਹਰਮਨਦੀਪ ਦੀ 'ਦੁਨੀਆ ਮਤਲਬ ਦੀ', ਆਕਾਸ਼ਦੀਪ ਦੀ 'ਟੁੱਟੇ ਦਿਲਾਂ ਦੇ ਇਲਾਜ', ਦੀਪਕ ਢਿੱਲੋਂ ਦੀ 'ਮਣਕੇ', ਕੁਲਦੀਪ ਰਸੀਲਾ ਦੀ 'ਮੇਲਾ', ਬਲਬੀਰ ਬੋਪਾਰਾਏ ਦੀ 'ਤੇਰੇ ਨਾਮ ਜ਼ਿੰਦਗੀ', ਰੌਸ਼ਨ ਪ੍ਰਿੰਸ ਦੀ 'ਆਵਾਜ਼ ਪੰਜਾਬ ਦੀ' ਅਤੇ ਸਿਮਰ ਜੀਤ/ਹਰਪ੍ਰੀਤ ਵਾਲੀਆ ਤੇ ਨਿਧੀ ਕੋਹਲੀ ਦੀ 'ਮਹਿੰਦੀ' ਆਦਿ ਹਨ।

ਮੈਨੂੰ ਸਚਿਨ ਦੀ ਇੱਕ ਹੋਰ ਗੱਲ ਜੋ ਖ਼ਾਸ ਲੱਗੀ ਉਹ ਹੈ ਇਹਨਾਂ ਵੱਲੋਂ ਕੀਤੇ ਪ੍ਰਾਜੈਕਟਾਂ ਦਾ ਕਾਮਯਾਬੀ ਰੇਟ ਹੈ, ਜੋ ਕਿ ਬਹੁਤ ਹੀ ਉੱਚਾ ਹੈ, ਭਾਵ ਅੱਸੀ ਤੋਂ ਪਚਾਸੀ ਪ੍ਰਤੀਸ਼ਤ। ਇਥੇ ਜ਼ਿਕਰਯੋਗ ਹੈ ਕਿ ਸਚਿਨ ਦੀਆਂ ਧਾਰਮਿਕ ਟੇਪਾਂ ਵੀ ਬਰਾਬਰ ਹੀ ਹਿੱਟ ਹੋਈਆਂ ਜਿੰਨੀਆਂ ਦੂਜੀਆਂ। ਭਾਵੇਂ ਅੱਠ-ਦਸ ਸਾਲ ਪਹਿਲਾ ਆਈ ਹਰਦੇਵ ਮਾਹੀਨੰਗਲ ਦੀ ਟੇਪ 'ਚੱਲ ਚੱਲੀਏ ਗੁਰਦੁਆਰੇ' ਹੋਵੇ ਤੇ ਭਾਵੇਂ ਹੁਣ ਦੀ ਤਾਜ਼ਾ ਭੁਪਿੰਦਰ ਗਿੱਲ ਤੇ ਨੀਲਮ ਦੀ ਟੇਪ 'ਤੂੰ ਮੇਰਾ ਰਾਖਾ ਸਭਨੀ ਥਾਈਂ' ਹੋਵੇ। ਆਮ ਦੇਖਣ 'ਚ ਆਇਆ ਹੈ ਕਿ ਇੱਕ ਟੇਪ ਦਾ ਇੱਕ ਹੀ ਗੀਤ ਲੋਕਾਂ ਦੀ ਜ਼ੁਬਾਨੀ ਚੜ੍ਹਦਾ ਹੁੰਦਾ ਪਰ ਜਦੋਂ ਸਚਿਨ

ਦੀ ਕਿਸੇ ਟੇਪ ਦੀ ਗੱਲ ਕਰਦੇ ਹਾਂ ਤਾਂ ਟੇਪ ਵਿਚਲੇ ਸਾਰੇ ਦੇ ਸਾਰੇ ਗੀਤ ਹੀ ਇੱਕ ਦੂਜੇ ਤੋਂ ਵੱਧ ਕੇ ਹੁੰਦੇ ਹਨ। ਕਿਸੇ ਵੀ ਕੰਮ ਵਿੱਚ ਦਾਖ਼ਲ ਹੋਣਾ ਤਾਂ ਬੜਾ ਸੌਖਾ ਹੁੰਦਾ ਪਰ ਆਪਣਾ ਮਿਆਰ ਬਣਾਈ ਰੱਖਣਾ ਬੜੀ ਔਖੀ ਗੱਲ ਹੈ ਤੇ ਉਹ ਵੀ ਓਦੋਂ ਜਦੋਂ ਤੁਹਾਡੀ ਮਾਰਕੀਟ ਵਿੱਚ ਆਮਦ ਬਹੁਤ ਹੀ ਚੰਗੀ ਹੁੰਦੀ ਹੈ ਤਾਂ ਲੋਕਾਂ ਦੀਆਂ ਉਮੀਦਾਂ ਹੋਰ ਵੀ ਵੱਧ ਜਾਂਦੀਆਂ ਹਨ ਪਰ ਹਾਲੇ ਤੱਕ ਤਾਂ ਸਚਿਨ ਇਸ ਨੂੰ ਬਣਾਈ ਰੱਖਣ 'ਚ ਕਾਮਯਾਬ ਰਿਹਾ ਹੈ ਤੇ ਕੱਲ੍ਹ ਕਿਸੇ ਨੇ ਦੇਖਿਆ ਨਹੀਂ।

ਥੋੜ੍ਹੇ ਦਿਨ ਪਹਿਲਾ ਸਚਿਨ ਨਾਲ ਗੱਲ ਕਰਨ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਦਿਲ ਖੋਲ੍ਹ ਕੇ ਆਪਣੇ ਹੁਣ ਤੱਕ ਦੇ ਸਫ਼ਰ ਨਾਲ ਜੁੜੇ ਕੋੜੇ-ਮਿੱਠੇ ਅਨੁਭਵ ਸਾਡੇ ਨਾਲ ਸਾਂਝੇ ਕੀਤੇ। ਸਭ ਤੋਂ ਪਹਿਲਾਂ ਤਾਂ ਓਦੋਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇੱਕ ਦਿਨ ਮੈਂ ਔਰਕੁਟ 'ਤੇ ਸਚਿਨ ਦੀ ਪ੍ਰੋਫਾਈਲ 'ਚ ਜਾ ਕੇ ਉਂਜ ਹੀ ਦੁਆ ਸਲਾਮ ਕੀਤੀ ਤਾਂ ਉਨ੍ਹਾਂ ਬੜੀ ਹਲੀਮੀ ਨਾਲ ਮੇਰਾ ਉੱਤਰ ਦਿੱਤਾ। ਨਹੀਂ ਤਾਂ ਅੱਜਕੱਲ੍ਹ ਕੋਈ ਆਮ ਬੰਦਾ ਵੀ ਜਵਾਬ ਦੇਣ 'ਚ ਆਪਣੀ ਹੇਠੀ ਸਮਝਦਾ ਤੇ ਇਸ ਕਾਰਨ ਮੈਂ ਇੱਕ ਦਿਨ ਫ਼ੋਨ ਕਰਕੇ ਉਨ੍ਹਾਂ ਨੂੰ ਪੁੱਛਿਆ ਕਿ ਮੈਂ ਤੁਹਾਡੇ ਤੇ ਇੱਕ ਆਰਟੀਕਲ ਲਿਖਣਾ ਚਾਹੁੰਦਾ ਤਾਂ ਅਸੀ ਆਪਣੀ ਸਹੂਲਤ ਮੁਤਾਬਿਕ ਵਕਤ ਮੁਕੱਰਰ ਕਰ ਲਿਆ। ਜਦੋਂ ਉਹ ਵਕਤ ਆਇਆ ਤਾਂ ਮੈਂ ਸਭ ਤੋਂ ਪਹਿਲਾਂ ਜੋ ਨੋਟ ਕੀਤਾ ਉਹ ਸੀ ਉਨ੍ਹਾਂ ਦਾ ਵਿਅਕਤੀਤਵ। ਐਨੀ ਕਾਮਯਾਬੀ ਦੇ ਬਾਵਜੂਦ ਵੀ ਪੈਰ ਧਰਤੀ 'ਤੇ ਹੋਣਾ ਬੜਾ ਚੰਗਾ ਲਗਿਆ, ਨਹੀਂ ਤਾਂ ਅੱਜ ਕੱਲ੍ਹ ਦੇ ਸਟਾਰ ਤਾਂ ਤੁਸੀਂ ਦੇਖੇ ਹੀ ਹਨ। ਪਰ ਇਸ ਗੱਲਬਾਤ ਦੌਰਾਨ ਮੈਨੂੰ ਇੱਕ ਵਾਰ ਵੀ ਅਹਿਸਾਸ ਨਹੀਂ ਹੋਇਆ ਕਿ ਮੈਂ ਕਿਸੇ ਸੁਪਰ ਸਟਾਰ ਨਾਲ ਗੱਲ ਕਰ ਰਿਹਾ ਹਾਂ।

ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਮੈਂ ਆਪਣੇ ਚਾਰ ਭਰਾਵਾਂ ਪੰਕਜ, ਕੁੱਸ਼ ਤੇ ਰੋਕੀ ਨਾਲੋਂ ਸਭ ਤੋਂ ਵੱਡਾ ਹਾਂ। ਡਾਕਟਰੀ ਲਾਈਨ 'ਚ ਜਾਣ ਦਾ ਇੱਛੁਕ ਸਾਂ ਪਰ ਅਚਾਨਕ ਪਿਤਾ ਜੀ ਦੀ ਸਿਹਤ ਠੀਕ ਨਾ ਰਹਿਣ ਕਾਰਨ ਅਤੇ ਘਰ ਵਿੱਚ ਸਭ ਤੋਂ ਵੱਡਾ ਹੋਣ ਕਰਕੇ ਪਿਤਾ ਜੀ ਨਾਲ ਸਟੂਡੀਓ ਵਿੱਚ ਹੱਥ ਵਟਾਉਣ ਲੱਗ ਗਿਆ। ਸ਼ੁਰੂ-ਸ਼ੁਰੂ ਵਿੱਚ ਸਾਊਂਡ ਰਿਕਾਡਿਸਟ ਦੇ ਤੌਰ 'ਤੇ ਕੰਮ ਕੀਤਾ। ਇਸ ਦੌਰਾਨ ਭਿੰਦਰ ਡੱਬਵਾਲੀ ਜੀ ਜੋ ਕਿ ਅਕਸਰ ਹੀ ਸਾਡੇ ਸਟੂਡੀਓ ਕੰਮ ਦੇ ਸਿਲਸਿਲੇ 'ਚ ਆਉਂਦੇ ਰਹਿੰਦੇ ਸਨ, ਉਨ੍ਹਾਂ ਨੇ ਮੇਰੇ 'ਚ ਵਿਸ਼ਵਾਸ ਦਿਖਾਇਆ ਤੇ ਧਰਮਪ੍ਰੀਤ ਦੀ ਟੇਪ ਲਈ ਸੰਗੀਤ ਤਿਆਰ ਕਰਨ ਲਈ ਕਿਹਾ ਤਾਂ ਮੈਂ ਰੱਬ ਦਾ ਨਾਂ ਲੈ ਕੇ ਇਸ 'ਤੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਕੁਝ ਤਾਂ ਖ਼ੂਨ ਵਿੱਚ ਹੀ ਸੰਗੀਤ ਸੀ ਤੇ ਕੁਝ ਬਚਪਨ ਤੋਂ ਲੈ ਕੇ ਇਹੋ ਜਿਹਾ ਮਾਹੌਲ ਮਿਲਿਆ ਸੀ ਤੇ ਬਾਕੀ ਪਿਤਾ ਜੀ ਦੀ ਛਾਂ ਹਰ ਵਕਤ ਉੱਤੇ ਸੀ। ਸੋ ਮੈਂ ਇਸ ਨੂੰ ਤਿਆਰ ਕਰਨ 'ਚ ਕੋਈ ਕਸਰ ਨਾ ਛੱਡੀ। ਇਹ ਟੇਪ ਸੁਰ ਸੰਗਮ ਕੰਪਨੀ ਵਿੱਚ ਰਿਲੀਜ਼ ਹੋਈ ਤੇ ਇਸ ਟੇਪ ਨੇ ਮੇਰੀਆਂ ਉਮੀਦਾਂ ਤੋਂ ਕਿਤੇ ਜ਼ਿਆਦਾ ਕਾਮਯਾਬੀ ਹਾਸਿਲ ਕੀਤੀ ਅਤੇ ਅੱਗੇ ਲਈ ਜ਼ਿੰਦਗੀ ਦੇ ਬਹੁਤ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ। ਬੱਸ ਇਸ ਤੋਂ ਬਾਅਦ ਤਾਂ ਚੱਲ ਸੋ ਚੱਲ ਇੱਕ ਵਕਤ ਤਾਂ ਇਹ ਸੀ ਕਿ ਲਗਾਤਾਰ ਪੰਦਰ੍ਹਾਂ ਟੇਪਾਂ ਸੁਪਰ ਹਿੱਟ ਹੋਈਆਂ।

ਜਦੋਂ ਐਮ.ਐਚ.1 ਟੀ.ਵੀ. ਚੈਨਲ ਦੇ ਬਹੁਤ ਹੀ ਮਸ਼ਹੂਰ ਸ਼ੋਅ 'ਆਵਾਜ਼ ਪੰਜਾਬ ਦੀ' ਬਾਰੇ ਉਨ੍ਹਾਂ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਜ਼ਿੰਦਗੀ ਵਿੱਚ ਹਰ ਵਕਤ ਕੁੱਝ ਨਾ ਕੁੱਝ ਨਵਾਂ ਕਰਨ ਦੀ ਚਾਹਤ ਦਾ ਨਤੀਜਾ ਹੈ ਇਹ ਪ੍ਰੋਗਰਾਮ। ਸਚਿਨ ਨੇ ਦੱਸਿਆ ਕਿ ਇੱਕ ਦਿਨ ਮੇਰੇ ਮਨ ਵਿੱਚ ਇਹ

ਆਈਡੀਆ ਆਇਆ ਤਾਂ ਮੈਂ ਇਹ ਐਮ.ਐਚ.1 ਟੀ.ਵੀ. ਚੈਨਲ ਦੇ ਮਾਲਕ ਮਹਿੰਦਰ ਸਿੰਘ ਬਾਠਲਾ ਜੀ ਨਾਲ ਸਾਂਝਾ ਕੀਤਾ ਤਾਂ ਉਨ੍ਹਾਂ ਇਸ ਨੂੰ ਬਹੁਤ ਪਸੰਦ ਕੀਤਾ ਤੇ ਛੇਤੀ ਹੀ ਅਸੀਂ ਇਸ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਤੇ ਇਸ ਦਾ ਨਤੀਜਾ ਸਭ ਦੇ ਸਾਹਮਣੇ ਹੈ। ਅੱਜ ਤੱਕ ਪੰਜਾਬੀ ਟੀ.ਵੀ. ਦੇ ਇਤਿਹਾਸ ਵਿੱਚ ਇਹੋ ਜਿਹਾ ਕੋਈ ਪ੍ਰੋਗਰਾਮ ਨਹੀਂ ਬਣਿਆ ਜਿਸ ਦੌਰਾਨ ਸੜਕਾਂ ਖ਼ਾਲੀ ਹੋ ਜਾਣ ਤੇ ਲੋਕ ਆਪਣੇ ਰੋਜ਼ਮਰ੍ਹਾ ਦੇ ਕੰਮ ਪ੍ਰੋਗਰਾਮ ਦੇ ਹਿਸਾਬ ਨਾਲ ਕਰਨ ਲੱਗ ਪੈਣ। ਜਿਹੋ ਜਿਹਾ ਮਾਹੌਲ ਰਾਮਾਇਣ ਤੇ ਮਹਾਂਭਾਰਤ ਵੇਲੇ ਸਾਰੇ ਹਿੰਦੁਸਤਾਨ 'ਚ ਹੁੰਦਾ ਸੀ ਬਿਲਕੁਲ ਉਹੋ ਜਿਹਾ ਹਾਲ ਪੰਜਾਬ ਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਹੁੰਦਾ ਸੀ 'ਆਵਾਜ਼ ਪੰਜਾਬ ਦੀ' ਨੂੰ ਦੇਖਣ ਲਈ। ਇਸ ਪ੍ਰੋਗਰਾਮ ਨੇ ਤੁਹਾਨੂੰ ਕੀ ਦਿੱਤਾ ਇਸ ਸਵਾਲ ਦੇ ਜਵਾਬ 'ਚ ਸਚਿਨ ਨੇ ਦੱਸਿਆ ਕੇ ਤੁਸੀਂ ਸੋਚ ਵੀ ਨਹੀਂ ਸਕਦੇ ਕਿ ਮੈਂ ਇਸ ਤੋਂ ਕਿ ਕੁਝ ਖੱਟਿਆ। ਉਨ੍ਹਾਂ ਦੱਸਿਆ ਕਿ ਭਾਵੇਂ ਇਸ ਸ਼ੋਅ ਤੋਂ ਪਹਿਲਾਂ ਇਕ ਸੰਗੀਤਕਾਰ ਦੇ ਰੂਪ ਵਿਚ ਮੈਨੂੰ ਲੋਕਾਂ ਨੇ ਪ੍ਰਵਾਨ ਕਰ ਲਿਆ ਸੀ ਪਰ ਮੇਰੀ ਸ਼ਖ਼ਸੀਅਤ ਦੀ ਅਸਲੀ ਪਹਿਚਾਣ ਇਸ ਪ੍ਰੋਗਰਾਮ ਤੋਂ ਬਾਅਦ ਹੀ ਬਣੀ। ਇੱਕ ਜੱਜ ਦੇ ਰੂਪ 'ਚ ਜੋ ਜ਼ੁੰਮੇਵਾਰੀਆਂ ਮੇਰੇ 'ਤੇ ਸਨ ਮੈਂ ਉਨ੍ਹਾਂ ਨੂੰ ਪੂਰੀ ਇਮਾਨਦਾਰੀ ਤੇ ਲਗਨ ਨਾਲ ਨਿਭਾਇਆ ਤੇ ਨਾਲੇ ਇਸ ਦੌਰਾਨ ਮੈਨੂੰ ਨਵੇਂ ਆਏ ਗਾਇਕਾਂ ਤੋਂ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਿਆ ਅਤੇ ਉਸਤਾਦ ਲੋਕਾਂ ਦੀ ਸੰਗਤ ਵੀ ਕਰਨ ਨੂੰ ਮਿਲੀ। ਤੁਸੀਂ ਇਸ ਨੂੰ ਮੇਰੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਵੀ ਕਹਿ ਸਕਦੇ ਹੋ ਇਸ ਨਾਲ ਮੇਰਾ ਸਰਕਲ ਬਹੁਤ ਵਿਸ਼ਾਲ ਹੋਇਆ ਤੇ ਮੈਨੂੰ ਇੱਕ ਨਵੀਂ ਪਹਿਚਾਣ ਮਿਲੀ।

ਜਦੋਂ ਐਵਾਰਡ ਦੀ ਗੱਲ ਚੱਲੀ ਤਾਂ ਉਨ੍ਹਾਂ ਪੰਜਾਬ ਰਤਨ ਦਾ ਜ਼ਿਕਰ ਕਰਦੇ ਦੱਸਿਆ ਕਿ ਮੈਨੂੰ ਬੜੀ ਖੁਸੀ ਹੋਈ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਮੈਨੂੰ 'ਪੰਜਾਬ ਰਤਨ' ਐਵਾਰਡ ਨਾਲ ਸਨਮਾਨਿਤ ਕੀਤਾ ਤੇ ਜਦੋਂ ਟੀ.ਵੀ. ਚੈਨਲਾਂ ਵੱਲੋਂ ਦਿੱਤੇ ਜਾਂਦੇ ਐਵਾਰਡਾਂ ਦੀ ਗੱਲ ਹੋਈ ਤਾਂ ਸਚਿਨ ਨੇ ਬੜੇ ਨਿਰਾਸ਼ ਜਿਹੇ ਲਹਿਜ਼ੇ 'ਚ ਕਿਹਾ ਕਿ ਉਥੇ ਕੰਮ ਦੀ ਕਦਰ ਨਹੀਂ ਹੁੰਦੀ ਉਹ ਤਾਂ ਬਿਜ਼ਨੈਸ 'ਤੇ ਆਧਾਰਿਤ ਐਵਾਰਡ ਦਿੱਤੇ ਜਾਂਦੇ ਹਨ ਜਿਸ ਨੇ ਜਿਨ੍ਹਾਂ ਵੱਧ ਬਿਜ਼ਨੈਸ ਦਿੱਤਾ ਓਨੇ ਹੀ ਵੱਧ ਐਵਾਰਡ ਉਸ ਦੀ ਝੋਲੀ ਪੈ ਜਾਂਦੇ ਹਨ।

ਪੰਜਾਬੀ ਗੀਤ ਸੰਗੀਤ 'ਚ ਆਏ ਲੱਚਰਪੁਣੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਭਾਵੇਂ ਇਹ ਬਹੁਤ ਬੁਰਾ ਹੋ ਰਿਹਾ ਹੈ ਤੇ ਇਹ ਹਰ ਹਾਲਤ ਵਿਚ ਰੋਕਣਾ ਚਾਹੀਦਾ ਹੈ ਪਰ ਇਸ ਪਿੱਛੇ ਇਕੱਲੇ ਲੱਚਰਤਾ ਪਰੋਸਣ ਵਾਲੇ ਕਸੂਰਵਾਰ ਨਹੀਂ। ਉਹ ਤਾਂ ਹੀ ਅਜਿਹਾ ਕਰਦੇ ਹਨ ਜੇ ਉਹ ਮਾਰਕੀਟ ਵਿੱਚ ਵਿਕਦਾ ਹੈ। ਸੋ ਇਸ ਵਿਚ ਲੱਚਰਤਾ ਪਸੰਦ ਕਰਨ ਵਾਲੇ ਵੀ ਬਰਾਬਰ ਦੇ ਕਸੂਰਵਾਰ ਹਨ ਜਿੰਨੇ ਇਹੋ ਜਿਹਾ ਬਣਾਉਣ ਵਾਲੇ ਹਨ, ਜੇ ਕੋਈ ਇਸ ਨੂੰ ਖ਼ਰੀਦਣ ਨੂੰ ਤਿਆਰ ਨਾ ਹੋਵੇ ਤਾਂ ਇਹ ਆਪਣੇ ਆਪ ਹੀ ਕੰਟਰੋਲ ਹੋ ਜਾਵੇਗਾ। ਉਨ੍ਹਾਂ ਨਾਲ ਹੀ ਦੱਸਿਆ ਕਿ ਉਹ ਗੀਤਾਂ ਦੀ ਚੋਣ ਕਰਨ ਵੇਲੇ ਇਹ ਬਹੁਤ ਧਿਆਨ ਦਿੰਦੇ ਹਨ ਕਿ ਉਹ ਪਰਿਵਾਰ ਵਿੱਚ ਬੈਠ ਕੇ ਸੁਣੇ ਜਾ ਸਕਣ। ਭਾਵੇਂ ਉਹ ਕੋਈ ਰੋਮਾਂਟਿਕ ਗੀਤ ਹੀ ਹੋਵੇ ਪਰ ਓਸ ਦੀ ਸ਼ਬਦਾਵਲੀ ਅਰਥ ਭਰਪੂਰ ਹੋਣੀ ਚਾਹੀਦੀ ਹੈ ਨਾ ਕਿ ਦੋ ਅਰਥੀ। ਉਨ੍ਹਾਂ ਦੱਸਿਆ ਕੇ ਹਾਲੇ ਤੱਕ ਰੱਬ ਦੀ ਕਿਰਪਾ ਨਾਲ ਉਹ ਦਿਨ ਮੇਰੇ 'ਤੇ ਨਹੀਂ ਆਇਆ ਜਦੋਂ ਆਪਣੇ ਬਿਜ਼ਨੈਸ ਨੂੰ ਸੰਵਾਰਨ ਲਈ ਮੈਨੂੰ ਆਪਣੇ ਅੰਦਰ ਬੈਠੇ ਕਲਾਕਾਰ ਨਾਲ ਸਮਝੌਤਾ ਕਰਨਾ ਪਿਆ ਹੋਵੇ। ਉਨ੍ਹਾਂ ਕਿਹਾ ਕਿ ਇਸ ਧੰਦੇ ਵਿੱਚ ਇੱਕ ਹੋਰ ਵੱਡਾ ਘੁਣ ਪਾਇਰੇਸੀ ਹੈ ਜਿਸ ਨਾਲ ਅੱਜਕੱਲ੍ਹ ਮਾਰਕੀਟ ਵਿੱਚ ਬਿਲਕੁਲ ਹੀ ਖੜੋਤ ਆਈ ਪਈ ਹੈ। ਵੱਡੀ ਤੋਂ ਵੱਡੀ ਕੰਪਨੀ ਟੇਪ ਜਾਰੀ ਕਰਨ ਤੋਂ ਡਰਦੀ ਹੈ।

ਉਨ੍ਹਾਂ ਦੱਸਿਆ ਕੇ ਅੱਜ ਦੇ ਯੁੱਗ 'ਚ ਟੇਪ ਦਾ ਬਜ਼ਟ ਬਹੁਤ ਵੱਧ ਗਿਆ ਹੈ ਤੇ ਜਦੋਂ ਕਮਾਈ ਕਰਨ ਦਾ ਵਕਤ ਆਉਂਦਾ ਹੈ ਤਾਂ ਇਸ ਨੂੰ ਪਾਇਰੇਸੀ ਮਾਰ ਜਾਂਦੀ ਹੈ, ਸੋ ਅੱਜ ਦੀ ਘੜੀ ਇਹ ਧੰਦਾ ਬਹੁਤ ਰਿਸਕੀ ਹੋ ਗਿਆ ਹੈ।

ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕੇ ਹਿੰਦੀ ਫ਼ਿਲਮਾਂ ਦਾ ਬੜਾ ਹੀ ਕਾਰਗਰ ਨੁਕਤਾ ਹੈ ਕਿ ਕੋਈ ਨਾ ਕੋਈ ਪੰਜਾਬੀ ਟੱਚ ਦਾ ਗੀਤ ਫ਼ਿਲਮ ਦੀ ਕਾਮਯਾਬੀ ਦੀ ਨਿਸ਼ਾਨੀ ਮੰਨਿਆ ਜਾਂਦਾ। ਟੱਚ ਦੇਣ ਵਾਲੇ ਜ਼ਿਆਦਾਤਰ ਸੰਗੀਤਕਾਰ ਪੰਜਾਬੀ ਨਹੀਂ ਹੁੰਦੇ ਪਰ ਫੇਰ ਵੀ ਉਹ ਇਹ ਕਰ ਰਹੇ ਹਨ। ਪਰ ਤੁਹਾਡੇ 'ਚ ਤਾਂ ਇਹ ਸਭ ਕੁਝ ਹੈ ਤੁਸੀਂ ਕਿਉਂ ਨਹੀਂ ਹਿੰਦੀ ਫ਼ਿਲਮਾਂ 'ਚ ਹੱਥ ਅਜ਼ਮਾਉਂਦੇ ? ਤਾਂ ਸਚਿਨ ਨੇ ਦੱਸਿਆ ਕੇ ਉਸ ਨੇ ਗੁਰਦਾਸ ਮਾਨ ਸਾਹਿਬ ਦੀ ਪੰਜਾਬੀ ਫ਼ਿਲਮ 'ਯਾਰੀਆਂ' ਕੀਤੀ ਹੈ ਤੇ ਅੱਗੇ ਤੋਂ ਵੀ ਜੇ ਕੋਈ ਚੰਗਾ ਆਫ਼ਰ ਆਵੇਗਾ ਤਾਂ ਜ਼ਰੂਰ ਕਰਾਂਗਾ। ਰਹੀ ਗੱਲ ਹਿੰਦੀ ਫ਼ਿਲਮਾਂ ਦੀ ਤਾਂ ਇਸ ਲਈ ਮੈਨੂੰ ਮੁੰਬਈ ਸੈਟ ਹੋਣਾ ਪੈਣਾ ਹੈ। ਪਰ ਹਾਲੇ ਤੱਕ ਮੇਰਾ ਲਗਾਉ ਦਿੱਲੀ ਨਾਲ ਹੈ ਤੇ ਪਤਾ ਨਹੀਂ ਕਿਉਂ ਮੈਂ ਚਾਹੁੰਦਾ ਹੋਇਆ ਵੀ ਦਿੱਲੀ ਨਹੀਂ ਛੱਡ ਸਕਦਾ। ਪਰ ਜੇ ਕੁਝ ਪਾਉਣਾ ਹੈ ਤਾਂ ਖੋਹਣਾ ਤਾਂ ਪੈਂਦਾ ਹੀ ਹੈ ਸੋ ਉਮੀਦ ਹੈ ਜੇ ਰੱਬ ਨੇ ਚਾਹਿਆ ਤਾਂ ਕੁਝ ਨਾ ਕੁਝ ਤਾਂ ਜ਼ਰੂਰ ਹੋਵੇਗਾ।

ਜਦੋਂ ਮੈਂ ਸਚਿਨ ਨੂੰ ਉਨ੍ਹਾਂ ਦੀ ਆਪਣੀ ਪਸੰਦ ਨਾ ਪਸੰਦ ਬਾਰੇ ਪੁੱਛਿਆ ਤਾਂ ਉਹ ਕਹਿੰਦੇ ਕਿ ਮੈਂ ਆਪਣੇ ਪਿਤਾ ਜੀ ਦਾ ਸਭ ਤੋਂ ਵੱਡਾ ਫੈਨ ਹਾਂ। ਮੈਂ ਉਨ੍ਹਾਂ ਨੂੰ ਵਿਚੋਂ ਟੋਕਦੇ ਹੋਏ ਕਿਹਾ ਨਹੀਂ ਇਹ ਤਾਂ ਨਹੀਂ ਹੋ ਸਕਦਾ ਕਿਉਂਕਿ ਉਨ੍ਹਾਂ ਦਾ ਸਭ ਤੋਂ ਵੱਡਾ ਫੈਨ ਤਾਂ ਮੈਂ ਹਾਂ ਤਾਂ ਉਹ ਕਹਿੰਦੇ ਨਹੀਂ ਮੈਂ ਇਸ ਕੁਰਸੀ ਨੂੰ ਛੱਡ ਤਾਂ ਨਹੀਂ ਸਕਦਾ, ਹਾਂ ਜੇ ਤੁਸੀਂ ਵੀ ਇਸ ਤੇ ਆਪਣਾ ਦਾਵਾ ਪੇਸ਼ ਕਰਦੇ ਹੋ ਤਾਂ ਚਲੋ ਆਪਾਂ ਸ਼ੇਅਰ ਕਰ ਲੈਂਦੇ ਹਾਂ ਇਹ ਸਭ ਤੋਂ ਵੱਡੇ ਫੈਨ ਦੀ ਕੁਰਸੀ। ਅੱਗੇ ਉਨ੍ਹਾਂ ਕਿਹਾ ਕਿ ਉਹ ਏ.ਆਰ. ਰਹਿਮਾਨ ਤੋਂ ਇਸ ਲਈ ਪ੍ਰਭਾਵਿਤ ਹਨ ਕਿਉਂਕਿ ਉਨ੍ਹਾਂ ਜਿਨ੍ਹਾਂ ਮਿਹਨਤੀ ਇਨਸਾਨ ਮੈਂ ਅੱਜ ਤੱਕ ਨਹੀਂ ਦੇਖਿਆ। ਉਂਜ ਤਾਂ ਹੁਣ ਵਿਹਲਾ ਟਾਈਮ ਮਿਲਦਾ ਹੀ ਨਹੀਂ ਜੇ ਮਿਲ ਜਾਵੇ ਤਾਂ ਮੈਂ ਹਰੀ ਹਰਨ ਜੀ, ਆਰ. ਡੀ. ਬਰਮਨ ਸਾਹਿਬ ਜਾਂ ਏ. ਆਰ. ਰਹਿਮਾਨ ਜੀ ਨੂੰ ਸੁਣਨਾ ਪਸੰਦ ਕਰਦਾ ਹਾਂ ਤੇ ਰਹੀ ਗੱਲ ਪੰਜਾਬੀ ਗਾਇਕਾਂ ਦੀ, ਉਂਜ ਤਾਂ ਅੱਜਕੱਲ੍ਹ ਗਾਇਕੀ ਸੁਣਨ ਨਾਲੋਂ ਦੇਖਣ ਵਾਲੀ ਚੀਜ਼ ਬਣ ਗਈ ਹੈ ਪਰ ਅੱਜ ਵੀ ਤੁਸੀਂ ਸਰਦੂਲ ਸਿਕੰਦਰ, ਦੁਰਗਾ ਰੰਗੀਲਾ, ਸਲੀਮ ਜਾਂ ਫੇਰ ਸਤਵਿੰਦਰ ਬੁੱਗਾ ਜਿਹੇ ਕਲਾਕਾਰਾਂ ਨੂੰ ਸੁਣ ਕੇ ਹੀ ਆਤਮ-ਸੰਤੁਸ਼ਟੀ ਪਾ ਸਕਦੇ ਹੋ। ਗੀਤਕਾਰਾਂ 'ਚ ਸ਼ਿਵ ਤੇ ਪਾਤਰ ਸਾਹਿਬ ਮੇਰੀ ਪਹਿਲੀ ਪਸੰਦ ਹਨ ਪਰ ਅੱਜ ਦੇ ਯੁੱਗ ਦੇ ਗੀਤਕਾਰਾਂ ਦੀ ਜੇ ਗੱਲ ਕਰਦੇ ਹਾਂ ਤਾਂ ਦੇਬੀ ਜੀ ਤੇ ਅਮਰਦੀਪ ਗਿੱਲ ਦੀ ਕਲਮ ਵਿੱਚ ਦਮ ਹੈ। ਉਹ ਗਹਿਰਾਈ ਦੇ ਨਾਲ ਕਮਰਸ਼ੀਅਲ ਪੱਖੋਂ ਵੀ ਬਹੁਤ ਵਧੀਆ ਹਨ।

ਅਖੀਰ ਵਿੱਚ ਉਨ੍ਹਾਂ ਨਾਲੋਂ ਗੱਲਬਾਤ ਖ਼ਤਮ ਕਰਦਿਆਂ ਉਨ੍ਹਾਂ ਨੂੰ ਆਸਟ੍ਰੇਲੀਆ ਆਉਣ ਦਾ ਸੱਦਾ ਦਿੱਤਾ ਅਤੇ ਇਸ ਗੱਲਬਾਤ ਤੋਂ ਬਾਅਦ ਮੈਂ ਮਹਿਸੂਸ ਕਰ ਰਿਹਾ ਸੀ ਕਿ ਉਂਝ ਹੀ ਸਾਰਾ ਦਿਨ ਪੰਜਾਬੀ ਸੰਗੀਤ 'ਚ ਆ ਰਹੇ ਨਿਘਾਰ ਤੋਂ ਡਰੀ ਜਾਂਦੇ ਹਾਂ, ਹਾਲੇ ਕੋਈ ਲੋੜ ਨਹੀਂ ਡਰਨ ਦੀ, ਹਾਲੇ ਸਚਿਨ ਜਿਹੇ ਹੋਣਹਾਰ ਪਹਿਰੇਦਾਰ ਮੌਜੂਦ ਹਨ ਪੰਜਾਬੀ ਮਾਂ ਬੋਲੀ ਦੀ ਰੱਖਿਆ ਕਰਨ ਲਈ, ਤੇ ਨਾਲੇ ਰੱਬ ਕੋਲੋਂ ਦੁਆ ਮੰਗੀ ਕਿ ਰੱਬ ਪੰਜਾਬੀ ਮਾਂ ਬੋਲੀ ਦੇ ਸਾਰੇ ਕਲਾਕਾਰਾਂ ਨੂੰ ਸਚਿਨ ਜਿਹੀ ਸੁਮੱਤ ਬਖ਼ਸ਼ੇ।

****

# ਸਮਾਜ ਸੁਧਾਰਕ ਮਿੰਟੂ ਬਰਾੜ ਦਾ 'ਕੈਂਗਰੂਨਾਮਾ'

ਮਿੰਟੂ ਬਰਾੜ ਦੀ ਜਦੋਂ ਵੀ ਚਰਚਾ ਚੱਲਦੀ ਹੈ ਤਾਂ ਇੱਕ ਅਜਿਹੇ ਨੌਜਵਾਨ ਦੀ ਸ਼ਕਲ ਮਨ ਦੀਆਂ ਅੱਖਾਂ ਅੱਗੇ ਘੁੰਮ ਜਾਂਦੀ ਹੈ ਜਿਹੜਾ ਪਰਦੇਸ ਤਾਂ ਆਪਣੇ ਢਿੱਡ ਲਈ ਗਿਆ ਪਰ ਉੱਥੇ ਜਾ ਕੇ ਵੀ ਉਹ ਆਪਣੇ ਖ਼ੂਨ 'ਚ ਮੌਜੂਦ ਸੰਸਕਾਰਾਂ ਨੂੰ ਨਿਭਾਉਂਦਾ ਰਿਹਾ। ਮਿੰਟੂ ਬਰਾੜ 'ਤੇ ਇਹ ਗੱਲ ਪੂਰੀ ਤਰਾਂ ਢੁਕਦੀ ਹੈ ਕਿ 'ਪੱਤਰਕਾਰ ਡਿਗਰੀਆਂ ਨਾਲ ਨਹੀਂ ਬਣਦਾ, ਮਾਂ ਦੇ ਪੇਟੋਂ ਹੀ ਜੰਮਦਾ ਹੈ।' ਸੋ ਆਸਟ੍ਰੇਲੀਆ ਦੀ ਧਰਤੀ 'ਤੇ ਜਾ ਕੇ ਵੀ ਉਸ ਨੇ ਸਮਾਜ ਨੂੰ ਸੁਧਾਰਨ ਦਾ ਸੁਪਨਾ ਸਾਕਾਰ ਕਰਨ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਰੱਖੀਆਂ ਹੋਈਆਂ ਹਨ। 'ਕੈਂਗਰੂਨਾਮਾ' ਇਸ ਦੀ ਗਵਾਹੀ ਹੈ। ਕੈਂਗਰੂਨਾਮਾ 'ਚ ਮਿੰਟੂ ਨੇ ਬਹੁਤ ਘੱਟ ਸ਼ਬਦਾਂ 'ਚ ਜ਼ਿੰਦਗੀ ਦੀਆਂ ਉਨ੍ਹਾਂ ਤਲਖ਼ ਸਚਾਈਆਂ ਨੂੰ ਪੇਸ਼ ਕੀਤਾ ਹੈ ਜਿਹੜੀਆਂ ਕਿਧਰੇ ਡਰਾਉਣੇ ਰੂਪ 'ਚ ਸਮਾਜ ਦਾ ਸੱਤਿਆਨਾਸ ਕਰਨ ਲਈ ਉਤਾਰੂ ਹੋਈਆਂ ਨਜ਼ਰੀਂ ਪੈਂਦੀਆਂ ਹਨ ਅਤੇ ਕਿਧਰੇ ਆਪਣਿਆਂ ਹੱਥੋਂ ਆਪਣਿਆਂ ਦਾ ਹੀ ਘਾਣ ਕਰਨ ਵੱਲ ਉਲਾਰ ਹਨ। ਪਰ ਸਦਕੇ ਜਾਈਏ ਮਿੰਟੂ ਦੇ ਜਿਨ੍ਹੇ ਨਿਰਾ-ਪੁਰਾ ਨਾਂਹ ਪੱਖੀ ਤਜ਼ਰਬੇ ਨੂੰ ਹੀ ਬਿਆਨ ਨਹੀਂ ਕੀਤਾ, ਨਾਲ ਜ਼ਿੰਦਗੀ ਦੇ ਖ਼ੂਬਸੂਰਤ ਪਾਸੇ ਅਤੇ ਖ਼ਾਸੇ ਨੂੰ ਵੀ ਬਿਆਨ ਕੀਤਾ ਹੈ। ਇਹ ਰੰਗ ਮਿੰਟੂ ਨੂੰ ਨਿਰਪੱਖਤਾ ਦੀ ਕਤਾਰ 'ਚ ਖੜ੍ਹਿਆਂ ਪੱਤਰਕਾਰਾਂ ਦਾ ਮੋਹਰੀ ਬਣਾ ਦਿੰਦਾ ਹੈ। ਜਿਸ ਬੇਬਾਕੀ ਨਾਲ ਉਹ ਨਾਂਹ ਪੱਖੀ ਰੁਚੀਆਂ ਨੂੰ ਸਾਡੇ ਨੌਜਵਾਨਾਂ ਅੱਗੇ ਰੱਖਦਾ ਹੋਇਆ ਉਨ੍ਹਾਂ ਨੂੰ ਸਮਾਜ ਦੇ ਖਲਨਾਇਕਾ ਬਾਰੇ ਜਾਗਰੂਕ ਕਰਦਾ ਹੈ, ਉਨੀ ਕੁ ਸੁਹਿਰਦਤਾ ਨਾਲ ਉਹ ਆਪਣੇ ਸੰਗੀਆਂ ਸਾਥੀਆਂ ਅਤੇ ਉਸਤਾਦਾਂ ਦੇ ਨਕਸ਼ੇ ਵੀ ਸਾਡੇ ਸਾਹਮਣੇ ਪੇਸ਼ ਕਰ ਦਿੰਦਾ ਹੈ। ਫਿਰਕੀ ਬਣ ਚੁੱਕੀ ਜ਼ਿੰਦਗੀ ਦੀ ਘੁੰਮਣਘੇਰੀ 'ਚ ਉਹ ਸਾਰਾ ਦਿਨ ਕੰਮ ਕਾਰ ਕਰਨ ਦੇ ਬਾਅਦ ਸ਼ਾਮ ਨੂੰ ਅਖ਼ਬਾਰ ਕੱਢ ਕੇ ਜਦੋਂ ਪੰਜਾਬੀ ਪਾਠਕਾਂ ਤੱਕ ਪਹੁੰਚਦਾ ਕਰਦਾ ਹੈ ਤਾਂ ਫਿਰ 'ਘਰ ਫ਼ੂਕ ਕੇ ਤਮਾਸ਼ਾ' ਦੇਖਦਾ ਹੋਇਆ ਉਹ ਕਹਿੰਦਾ ਹੈ, ''ਹਲ਼ ਛੱਡ ਕੇ ਚਰ੍ਹੀ ਨੂੰ ਜਾਣਾ...।'' ਇੰਟਰਨੈੱਟ ਦੇ ਜੁੱਗ 'ਚ ਵੀ ਉਹ ਉਨ੍ਹਾਂ ਸਭ ਤੋਂ ਵੱਧ ਪੜ੍ਹੇ ਅਤੇ ਨੋਟਿਸ ਕੀਤੇ ਜਾਣ ਵਾਲੇ ਪੱਤਰਕਾਰਾਂ, ਲੇਖਕਾਂ 'ਚ ਮੋਹਰੀ ਹੈ ਜਿਨ੍ਹਾਂ ਨੇ ਤਕਨੀਕ ਦੇ ਬਦਲੇ ਮੁਹਾਣਾਂ ਤੋਂ ਡਰ ਕੇ ਹੌਲ਼ੀ ਹੋਣ ਦੀ ਬਜਾਏ ਸਮੇਂ ਦੀ ਪੈੜ 'ਚ ਆਪਣਾ ਪੈਰ ਫਸਾ ਦਿੱਤਾ।

'ਕੈਂਗਰੂਨਾਮਾ' 'ਚ ਪਾਠਕਾਂ ਨੂੰ ਉਹ ਸਾਰਾ ਕੁਝ ਮਿਲੇਗਾ ਜੋ ਕਿਸੇ 'ਹਾਤਮਤਾਈ' ਦੀ ਕਥਾ 'ਚ ਮਿਲਦਾ ਹੈ। ਮਿੰਟੂ ਦਾ ਜੀਵਨ ਵੀ ਹਾਤਮਤਾਈ ਵਾਂਗ ਹੀ ਹੈ। ਦਿਲਚਸਪ ਵੀ ਅਤੇ ਔਖਾ ਵੀ। ਮਿੰਟੂ ਦੀ ਜ਼ਿੰਦਗੀ ਹੈ ਹੀ ਕੁੱਝ ਇਸੇ ਤਰਾਂ ਦੀ। 'ਕੈਂਗਰੂਨਾਮਾ' ਲਈ ਬੰਦਾ ਵਧਾਈ ਦਾ ਹੱਕਦਾਰ ਹੈ। ...ਤਾਂ ਮੇਰੇ ਵੱਲੋਂ ਲੱਖ ਲੱਖ ਵਧਾਈ।

ਸੁਰਿੰਦਰ ਸਿੰਘ
ਟਾਕਿੰਗ ਪੰਜਾਬ

# ਕੁਝ ਪੱਖੋਂ ਅਣਗੌਲੀਆਂ ਆਸਟ੍ਰੇਲੀਅਨ ਸਿੱਖ ਖੇਡਾਂ

ਇਹ ਲੇਖ ਅਪ੍ਰੈਲ 2013 ਦੀਆਂ 26ਵੀਆਂ ਆਸਟ੍ਰੇਲੀਅਨ ਸਿੱਖ ਖੇਡਾਂ ਤੋਂ ਬਾਅਦ ਲਿਖਿਆ ਸੀ। ਭਾਵੇ 2008 ਤੋਂ ਲੈ ਕੇ ਹੁਣ ਤੱਕ ਸਿੱਖ ਖੇਡਾਂ 'ਚ ਸ਼ਿਰਕਤ ਕਰਦਾ ਰਿਹਾ ਹਾਂ। ਪਰ ਇਹਨਾਂ ਬਾਰੇ ਲਿਖਣ ਦਾ ਸਬੱਬ ਪਹਿਲੀ ਵਾਰ2013'ਚ ਬਣਿਆ। ਇਹਨਾਂ ਖੇਡਾਂ ਦੀ ਆਸਟ੍ਰੇਲੀਆ ਵੱਸਦੇ ਪੰਜਾਬੀਆਂ 'ਚ ਇੱਕ ਵਿਸ਼ੇਸ਼ ਥਾਂ ਹੈ ਤੇ ਲਗਾਤਾਰ 26 ਸਾਲ ਤੋਂ ਇਹ ਨਿਰਵਿਘਨ ਹੋ ਰਹੀਆਂ ਹਨ। ਇਥੇ ਵੱਸਦੇ ਪੰਜਾਬੀਆਂ ਨੂੰ ਇਹਨਾਂ ਖੇਡਾਂ ਦਾ ਵਿਸਾਖੀ ਵਰਗਾ ਚਾਅ ਹੁੰਦਾ ਤੇ ਸਾਰਾ ਸਾਲ ਈਸਟਰ ਤੇ ਆਉਣ ਵਾਲੀਆਂ ਇਹਨਾਂ ਤਿੰਨ ਦਿਨਾਂ ਖੇਡਾਂ ਦੀ ਵਿਉਂਤਬੰਦੀ ਕਰਦੇ ਰਹਿੰਦੇ ਹਨ।ਹਰ ਸਾਲ ਵੱਖਰੇ ਵੱਖਰੇ ਸ਼ਹਿਰ 'ਚ ਹੋਣ ਕਾਰਨ ਜਿੱਥੇ ਪੰਜਾਬੀਆਂ ਨੂੰ ਇੱਕ ਦੂਜੇ ਨਾਲ ਮਿਲਣ ਅਤੇ ਘੁਮਣ ਦਾ ਮੌਕਾ ਮਿਲ ਜਾਂਦਾ ਉਥੇ ਇਹਨਾਂ ਖੇਡਾਂ ਲਈ ਇੱਕ ਗੱਲ ਹੋਰ ਮਸ਼ਹੂਰ ਹੈ ਕਿ ਇਹਨਾਂ ਦੌਰਾਨ ਬਹੁਤ ਸਾਰੇ ਰਿਸ਼ਤੇ ਗੰਢੇ ਜਾਂਦੇ ਹਨ।



ਸਾਊਥ ਆਸਟ੍ਰੇਲੀਆ ਦੇ ਮਲਟੀ ਕਲਚਰਲ ਗਵਰਨਰ
ਵੈਨ ਹੂਏ ਅਤੇ ਉਨ੍ਹਾਂ ਦੀ ਧਰਮ-ਪਤਨੀ ਨਾਲ ਲੇਖਕ



ਗ੍ਰਿਫ਼ਥ ਖੇਡਾਂ ਦੌਰਾਨ ਗਾਇਕ ਬਾਗ਼ੀ ਭੰਗੂ, ਦਵਿੰਦਰ ਧਾਲੀਵਾਲ,
ਅਮਨਦੀਪ ਸਿੱਧੂ ਅਤੇ ਸੁਲੱਖਣ ਸਹੋਤਾ

# ਕੁਝ ਪੱਖੋਂ ਅਣਗੌਲੀਆਂ ਆਸਟ੍ਰੇਲੀਅਨ ਸਿੱਖ ਖੇਡਾਂ

ਜਦੋਂ ਕਦੇ ਦੁਨੀਆਂ 'ਚ ਪੰਜਾਬੀ ਖੇਡਾਂ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਆਸਟ੍ਰੇਲੀਅਨ ਸਿੱਖ ਖੇਡਾਂ ਨੂੰ ਬਣਦਾ ਮਾਣ ਜ਼ਰੂਰ ਮਿਲੇਗਾ। ਪਰ ਇੱਕ ਇਨਸਾਨੀ ਫ਼ਿਤਰਤ ਹੈ ਕਿ ਜੋ ਅਕਸਰ ਹੀ ਸਹੇ ਨੂੰ ਨਹੀਂ ਪਹੇ ਨੂੰ ਰੋਂਦੀ ਹੈ। ਇਤਿਹਾਸ 'ਚ ਜ਼ਿਕਰ ਹੋਣਾ ਵੀ ਇੱਕ ਮਾਣ ਵਾਲੀ ਗੱਲ ਹੈ ਪਰ ਵਰਤਮਾਨ 'ਚ ਅਣਗੌਲਿਆ ਕਰਨਾ ਵੀ ਕਿਥੋਂ ਦਾ ਇਨਸਾਫ਼ ਹੈ ? ਸਵਾਲ ਇਹ ਵੀ ਪੈਦਾ ਹੋ ਸਕਦਾ ਹੈ ਕਿ ਪਿਛਲੇ 26 ਵਰ੍ਹਿਆਂ ਤੋਂ ਐਨੀਆਂ ਵਧੀਆ ਸਿੱਖ ਖੇਡਾਂ ਹੋ ਰਹੀਆਂ ਹਨ, ਫੇਰ ਅਣਗੌਲੀਆਂ ਕਿਹੜੇ ਪਾਸੇ ਤੋਂ ਹਨ ?

26 ਵਰ੍ਹੇ ਕੋਈ ਥੋੜਾ ਵਕਤ ਨਹੀਂ ਹੁੰਦਾ। ਜਦੋਂ ਅੱਜਕੱਲ੍ਹ ਤਾਂ ਕੋਈ ਸਾਂਝਾ ਕੰਮ ਦੋ ਵਰ੍ਹੇ ਨੇਪਰੇ ਚਾੜ੍ਹਨਾ ਸੁਖਾਲਾ ਨਹੀਂ ਹੈ ਤਾਂ ਸਿਲਵਰ ਜੁਬਲੀ ਮਨਾ ਚੁੱਕੀਆਂ ਇਹ ਖੇਡਾਂ ਆਪਣੇ ਆਪ 'ਚ ਇੱਕ ਮਿਸਾਲ ਹਨ। ਹੁਣੇ-ਹੁਣੇ ਕਾਮਯਾਬੀ ਨਾਲ ਨੇਪਰੇ ਚੜ੍ਹੀਆਂ 26ਵੀਆਂ ਸਿੱਖ ਖੇਡਾਂ ਦਾ ਵਿਸਤਾਰ ਮੇਰੇ ਬਹੁਤ ਸਾਰੇ ਕਲਮੀ ਭਰਾਵਾਂ ਨੇ ਆਪੋ ਆਪਣੇ ਨਜ਼ਰੀਏ ਨਾਲ ਕੀਤਾ ਹੈ, ਸੋ ਉਨ੍ਹਾਂ ਗੱਲਾਂ ਨੂੰ ਦੁਬਾਰਾ ਦੁਹਰਾਉਣਾ ਨਾਲੋਂ ਬਿਹਤਰ ਹੈ, ਇਨ੍ਹਾਂ ਦਾ ਅਣਛੋਹਿਆਂ ਪਹਿਲੂ ਛੋਹਿਆ ਜਾਵੇ। ਗੱਲ ਅੱਗੇ ਤੋਰਨ ਤੋਂ ਪਹਿਲਾਂ ਸਿੱਖ ਖੇਡਾਂ ਦੇ ਪਿਛੋਕੜ 'ਤੇ ਝਾਤ ਮਾਰ ਲਈ ਜਾਵੇ ਤਾਂ ਠੀਕ ਹੋਵੇਗਾ।

ਅੱਸੀ ਦੇ ਦਹਾਕੇ ਦੀ ਗੱਲ ਹੈ ਜਦੋਂ ਹਾਲੇ ਆਸਟ੍ਰੇਲੀਆ 'ਚ ਪੰਜਾਬੀਆਂ ਦੀ ਗਿਣਤੀ ਨਾ-ਮਾਤਰ ਸੀ। ਉਸ ਵਕਤ ਮਲੇਸ਼ੀਆ ਤੋਂ ਉੱਠ ਕੇ ਬਹੁਤ ਸਾਰੇ ਪਰਵਾਰ ਸਾਊਥ ਆਸਟ੍ਰੇਲੀਆ ਦੀ ਧਰਤੀ ਉਤੇ ਆਪਣੇ ਪੈਰ ਜਮਾਉਣ ਲੱਗੇ। ਹੌਲੀ-ਹੌਲੀ ਜਦੋਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੋਈਆਂ ਤਾਂ ਆਪਣਾ ਪਹਿਲਾ ਫ਼ਰਜ਼ ਐਡੀਲੇਡ ਵਿਖੇ 'ਗੁਰੂ ਦਾ ਘਰ' ਯਾਨੀ ਗੁਰਦੁਆਰਾ ਸਾਹਿਬ ਬਣਾਉਣ ਬਾਰੇ ਸੋਚਿਆ ਗਿਆ। ਭਾਵੇਂ ਵੱਖਰੇ ਵੱਖਰੇ ਥਾਵਾਂ 'ਤੇ ਕੀਰਤਨ ਦਰਬਾਰ ਦਾ ਸਿਲਸਿਲਾ ਬਹੁਤ ਪਹਿਲਾਂ ਤੋਂ ਸ਼ੁਰੂ ਹੋ ਗਿਆ ਸੀ। ਪਰ ਸੰਗਤਾਂ ਦੀ ਆਮਦ ਤੇ ਉਤਸ਼ਾਹ ਨੇ ਗੁਰੂ ਘਰ ਦੀ ਪੱਕੀ ਇਮਾਰਤ ਬਣਾਉਣ ਵੱਲ ਨੂੰ ਹੁੰਗਾਰਾ ਭਰਿਆ। 1988 'ਚ ਗੁਰੂ ਘਰ ਦੀ ਸ਼ੁਰੂਆਤ ਮੌਕੇ 'ਤੇ ਖੇਡਾਂ ਕਰਵਾਉਣ ਦੀ ਗੱਲ ਹੋਈ ਤਾਂ ਭਾਰਤ ਦੀ ਰਾਸ਼ਟਰੀ ਖੇਡ ਹਾਕੀ ਨੂੰ ਚੁਣਿਆ ਗਿਆ। ਜਿਸ ਦਾ ਇੱਕ ਵੱਡਾ ਕਾਰਨ ਮਲੇਸ਼ੀਆ ਦੇ ਪੰਜਾਬੀਆਂ ਵਿੱਚ ਵੀ ਹਾਕੀ ਕਾਫ਼ੀ ਪ੍ਰਚਲਿੱਤ ਹੋਣਾ ਵੀ ਸੀ। ਇਹਨਾਂ ਖੇਡਾਂ ਨਾਲ ਪਹਿਲੇ ਦਿਨ ਤੋਂ ਜੁੜੇ ਮਹਾਂਬੀਰ ਸਿੰਘ ਗਰੇਵਾਲ ਦੇ ਦੱਸਣ ਮੁਤਾਬਿਕ ਜਦੋਂ ਉਹ ਮਲੇਸ਼ੀਆ ਤੋਂ ਆਸਟ੍ਰੇਲੀਆ ਆਏ ਤਾਂ ਉਸ ਵਕਤ ਮਲੇਸ਼ੀਆ ਵਿੱਚ ਪੰਜਾਬੀ ਭਾਈਚਾਰੇ ਦੀਆਂ ਖੇਡਾਂ ਤਕਰੀਬਨ 36 ਸਾਲ ਤੋਂ ਲਗਾਤਾਰ ਹੋ ਰਹੀਆਂ ਸਨ, ਜੋ ਕਿ ਹੁਣ 62 ਸਾਲ ਦਾ ਆਪਣਾ ਸਫ਼ਰ ਤਹਿ ਕਰ ਚੁੱਕੀਆਂ ਹਨ। ਸੋ, ਉਹੀ ਪਿਰਤ ਆਸਟ੍ਰੇਲੀਆ 'ਚ ਸ਼ੁਰੂ ਕਰਨ ਬਾਰੇ ਸੋਚਿਆ ਗਿਆ। ਇਹਨਾਂ ਖੇਡਾਂ ਦਾ ਨਾਂ 'ਸਿੱਖ ਖੇਡਾਂ' ਰੱਖਣ ਬਾਰੇ ਉਨ੍ਹਾਂ ਦੱਸਿਆ ਕਿ ਗੁਰੂ ਘਰ ਦੀ ਸੰਗਤ ਵੱਲੋਂ ਕੀਤੇ ਇਸ ਉਪਰਾਲੇ ਕਰ ਕੇ ਇਹਨਾਂ ਦਾ ਨਾਂ ਸਿੱਖ ਖੇਡਾਂ ਰੱਖਿਆ ਗਿਆ ਤੇ ਇਸ ਪਿੱਛੇ ਦੀ ਸੋਚ ਵਿਦੇਸ਼ 'ਚ ਸਿੱਖੀ ਨੂੰ ਪ੍ਰਫੁੱਲਿਤ ਕਰਨਾ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਖੇਡਾਂ ਜਰੀਏ ਧਰਮ ਤੇ ਇੱਕ ਦੂਜੇ ਨਾਲ ਜੋੜਨਾ ਸੀ।

ਪਹਿਲੀਆਂ ਸਿੱਖ ਖੇਡਾਂ 'ਚ ਸਾਊਥ ਆਸਟ੍ਰੇਲੀਆ ਤੋਂ ਇਲਾਵਾ ਮੈਲਬਾਰਨ ਤੋਂ ਵੀ ਕੁਝ ਟੀਮਾਂ ਨੇ ਹਿੱਸਾ ਲਿਆ। ਇਥੇ ਜ਼ਿਕਰਯੋਗ ਹੈ ਕਿ ਉਸ ਵਕਤ ਕੁਝ ਇੱਕ ਗੋਰਿਆਂ ਦੀਆਂ ਟੀਮਾਂ ਨੇ ਵੀ ਇਹਨਾਂ ਪਹਿਲੀਆਂ ਸਿੱਖ ਖੇਡਾਂ 'ਚ ਆਪਣੇ ਜੌਹਰ ਦਿਖਾਏ। ਗਰੇਵਾਲ ਹੋਰਾਂ ਦੇ ਦੱਸਣ ਮੁਤਾਬਿਕ ਐਡੀਲੇਡ ਦੀਆਂ ਸੰਗਤਾਂ ਨੇ ਮੈਲਬਾਰਨ ਤੋਂ ਆਈਆਂ ਟੀਮਾਂ ਨੂੰ ਅਗਲੇ ਸਾਲ ਇਹ ਖੇਡਾਂ ਕਰਵਾਉਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਪ੍ਰਵਾਨ ਕਰ ਲਈ। ਮੈਲਬਾਰਨ 'ਚ ਹੋਈਆਂ ਸਿੱਖ ਖੇਡਾਂ 'ਚ ਸਾਊਥ ਆਸਟ੍ਰੇਲੀਆ ਤੋਂ ਇਲਾਵਾ ਸਿਡਨੀ ਤੋਂ ਵੀ ਖਿਡਾਰੀਆਂ ਨੇ ਹਿੱਸਾ ਲਿਆ ਤੇ ਇੰਝ ਹੌਲੀ-ਹੌਲੀ ਇਹ ਖੇਡਾਂ ਇੱਕ ਤੋਂ ਦੂਜੇ ਥਾਂ ਹੁੰਦੀਆਂ ਆਪਣੇ 26ਵੇਂ ਸਾਲ 'ਚ ਪਹੁੰਚ ਗਈਆਂ। ਹਰ ਸਾਲ ਇਹਨਾਂ ਦਾ ਵਿਸਤਾਰ ਹੁੰਦਾ ਗਿਆ ਤੇ ਹੌਲੀ-ਹੌਲੀ ਫੁੱਟਬਾਲ, ਕਬੱਡੀ, ਨੈਟਬਾਲ ਅਤੇ ਅਥਲੈਟਿਕਸ ਆਦਿ ਇਹਨਾਂ ਖੇਡਾਂ ਦਾ ਇੱਕ ਅਹਿਮ ਹਿੱਸਾ ਬਣ ਗਈਆਂ।

ਹੁਣ ਗੱਲ ਕਰਦੇ ਹਾਂ ਇਹਨਾਂ ਖੇਡਾਂ ਦੇ ਅਣਗੌਲੇ ਪੱਖ 'ਤੇ ; ਸਭ ਤੋਂ ਵੱਧ ਅਣਗੌਲੇ ਪੱਖ ਦੀ ਜੇ ਗੱਲ ਕੀਤੀ ਜਾਵੇ ਤਾਂ ਉਹ ਹੈ ਭਾਰਤੀ ਅਤੇ ਵਿਦੇਸ਼ੀ ਮੀਡੀਆ ਵੱਲੋਂ ਦੁਨੀਆਂ ਦੇ ਦੱਖਣੀ ਗੋਲੇ 'ਤੇ ਹੁੰਦੇ ਇਸ ਮਹਾਨ ਕੁੰਭ ਨੂੰ ਅਹਿਮੀਅਤ ਨਾ ਦੇਣਾ। ਇਥੇ ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਆਸਟ੍ਰੇਲੀਆ 'ਚ ਛਪਦੇ ਸਾਰੇ ਪੰਜਾਬੀ ਅਖ਼ਬਾਰ ਇਸ ਗੱਲੋਂ ਵਧਾਈ ਦੇ ਪਾਤਰ ਹਨ, ਜੋ ਇਹਨਾਂ ਖੇਡਾਂ ਲਈ ਮੁਫ਼ਤ ਇਸ਼ਤਿਹਾਰ ਛਾਪਣ ਤੋਂ ਇਲਾਵਾ ਇਹਨਾਂ ਦੀ ਪੂਰੀ ਕਵਰੇਜ਼ ਵੀ ਦਿਲ ਖੋਲ੍ਹ ਕੇ ਕਰਦੇ ਹਨ। 2006 'ਚ ਹਰਮਨ ਰੇਡੀਓ ਨੇ ਪਹਿਲੀ ਵਾਰ ਸਿੱਖ ਖੇਡਾਂ ਦਾ ਲਾਈਵ ਪ੍ਰਸਾਰਨ ਕਰ ਕੇ ਇੱਕ ਨਵਾਂ ਅਧਿਆਇ ਜੋੜਿਆ ਸੀ। ਆਸਟ੍ਰੇਲੀਅਨ ਪੰਜਾਬੀ ਮੀਡੀਆ ਦੀ ਇੱਕ ਵੱਡੀ ਮਜਬੂਰੀ ਇਹ ਹੈ ਕਿ ਇਹ ਘਰ ਫ਼ੂਕ ਤਮਾਸ਼ਾ ਦੇਖਣ ਵਾਲਾ ਧੰਦਾ ਹੋਣ ਕਾਰਣ ਇਹਨਾਂ ਦਾ ਦਾਇਰਾ ਬਹੁਤ ਸੀਮਤ ਹੈ।

ਜੇਕਰ ਭਾਰਤੀ ਜਾਂ ਕਹਿ ਲਓ ਪੰਜਾਬ ਦੇ ਮੀਡੀਆ ਦੀ ਗੱਲ ਕੀਤੀ ਜਾਏ ਤਾਂ ਸਭ ਨੂੰ ਪਤਾ ਹੀ ਹੈ ਕਿ ਅੱਜਕੱਲ੍ਹ ਖ਼ਬਰਾਂ 'ਚ ਰਹਿਣਾ ਕਿੰਨਾ ਕੁ ਔਖਾ ਹੈ ? ਕਿਤੇ ਵੀ ਇੱਕ ਬਿਆਨ ਦਿਓ, ਪੱਤਰਕਾਰ ਮਿੱਤਰ ਨੂੰ ਭੇਜ ਦਿਓ ਤੇ ਦਿਨ ਚੜ੍ਹਦੇ ਸਾਰ ਪਾ ਦਿਓ ਫੇਸ ਬੁੱਕ 'ਤੇ ਗਾਹ। ਵੀਹ-ਪੰਜਾਹ ਲਾਇਕ ਤੇ ਤੀਹ ਚਾਲੀ ਕਮੈਂਟ ਤਾਂ ਆ ਹੀ ਜਾਣੇ ਹੁੰਦੇ ਹਨ। ਬੱਸ ਏਨੀ ਕੁ ਸਾਡੀ ਮਾਰ ਹੁੰਦੀ ਹੈ ਆਪਣਾ ਆਪ ਚਿੱਤ ਪ੍ਰਚਾਉਣ ਦੀ। ਜ਼ਿੰਮੇਵਾਰੀਆਂ, ਫ਼ਰਜ਼ ਅਤੇ ਸੱਚਮੁੱਚ ਹੀ ਕੋਈ ਇਹੋ ਜਿਹਾ ਕੰਮ ਜੋ ਖ਼ੁਦ ਹੀ ਖ਼ਬਰ ਬਣੇ, ਉਸ ਵੱਲ ਸਾਡਾ ਧਿਆਨ ਘੱਟ ਹੀ ਜਾਂਦਾ ਹੈ। ਸਾਡੀ ਪੱਤਰਕਾਰੀ ਬੱਸ ਇਹਨਾਂ ਦਾਇਰਿਆਂ 'ਚ ਹੀ ਸਿਮਟੀ ਹੋਈ ਹੈ, ਜਿਸ ਦਾ ਨਤੀਜਾ ਇੱਕਾ ਦੁੱਕਾ ਪੱਤਰਕਾਰਾਂ ਨੂੰ ਛੱਡ ਕਿਸੇ ਨੂੰ ਬੇਗਾਨੀ ਧਰਤੀ 'ਤੇ 26 ਸਾਲ, ਪੰਦਰ੍ਹਾਂ-ਵੀਹ ਹਜ਼ਾਰ ਦਾ ਇਕੱਠ, ਦੋ ਹਜ਼ਾਰ ਦੇ ਕਰੀਬ ਖਿਡਾਰੀਆਂ 'ਚ ਕੋਈ ਖ਼ਬਰ ਦਿਖਾਈ ਨਹੀਂ ਦਿਤੀ। ਇੱਕਾ ਦੁੱਕਾ ਜੋ ਖ਼ਬਰਾਂ ਭਾਰਤੀ ਮੀਡੀਆ 'ਚ ਗਈਆਂ ਵੀ ਉਨ੍ਹਾਂ 'ਚ ਵੀ ਦੋ ਚਾਰ ਬੰਦਿਆਂ ਨੂੰ ਖ਼ੁਸ਼ ਕਰਨ ਨੂੰ ਛੱਡ ਹੋਰ ਕੁਝ ਨਹੀਂ ਦਿਸਿਆ। ਜਿੰਨਾਂ ਕੁ ਥਾਂ ਭਾਰਤੀ ਮੀਡੀਆ ਨੇ ਇਹਨਾਂ ਖੇਡਾਂ ਨੂੰ ਦਿੱਤਾ ਓਨੀ ਖ਼ਬਰ ਤਾਂ ਕਿਸੇ ਦੀ ਬੱਕਰੀ ਗੁਆਚਣ ਤੇ ਛਾਪ ਦਿੱਤੀ ਜਾਂਦੀ ਹੈ।

ਇਥੇ ਕਸੂਰ ਇਕੱਲਾ ਪੱਤਰਕਾਰਾਂ ਦਾ ਹੀ ਨਹੀਂ, ਮੂਹਰਲਿਆਂ ਨੂੰ ਕਿਸੇ ਇਤਿਹਾਸ ਤੱਕ ਕੋਈ ਲੈਣਾ ਦੇਣਾ ਨਹੀਂ, ਉਨ੍ਹਾਂ ਨੂੰ ਤਾਂ ਕੋਈ ਚਟਪਟੀ ਖ਼ਬਰ ਭੇਜੋ, ਫੇਰ ਦੇਖੋ ਕਿਵੇਂ ਮੂਹਰਲੇ ਪੰਨੇ 'ਤੇ

ਲਗਦੀ ਹੈ। ਇਥੇ ਮੈਨੂੰ ਮੇਰੇ ਮਿੱਤਰ ਸੁਖਨੈਬ ਸਿੱਧੂ ਦੀ ਗੱਲ ਚੇਤੇ ਆ ਰਹੀ ਹੈ। ਉਂਝ ਤਾਂ ਉਹ ਮੇਰੇ ਦੁੱਖ ਸੁੱਖ ਦਾ ਸਾਥੀ ਹੈ, ਅੱਧੀ ਆਵਾਜ਼ ਮਾਰੇ ਤੋਂ ਹਾਜ਼ਰ ਹੋ ਜਾਂਦਾ ਹੈ, ਪਰ ਆਹ ਪਾਣੀ ਮਾਰਨ ਵਾਲੀਆਂ ਖ਼ਬਰਾਂ ਪਿੱਛੇ ਉਹ ਕਈ ਵਾਰ ਮੇਰੀ ਲਾਹ-ਪਾਹ ਕਰ ਚੁੱਕਿਆ ਹੈ। ਪਹਿਲਾਂ ਤਾਂ ਇੱਕ ਦੋ ਵਾਰ ਮੈਨੂੰ ਵੀ ਬੁਰਾ ਲੱਗਿਆ ਤੇ ਉਸ 'ਤੇ ਗ਼ੁੱਸਾ ਵੀ ਆਇਆ। ਜਦੋਂ ਮੈਂ ਕੋਈ ਖ਼ਬਰ ਉਨ੍ਹਾਂ ਦੇ ਆਨਲਾਈਨ ਅਖ਼ਬਾਰ 'ਪੰਜਾਬੀ ਨਿਊਜ਼ ਆਨਲਾਈਨ' ਲਈ ਭੇਜਣੀ ਤਾਂ ਉਸ ਨੇ ਬੜੀ ਬੇਰੁਖ਼ੀ ਜਹੀ ਨਾਲ ਛਾਪਣ ਤੋਂ ਨਾਂਹ ਕਰ ਦੇਣੀ ਤੇ ਕਹਿਣਾ ਯਾਰ ਕੋਈ ਖ਼ਬਰ ਹੋਵੇ ਤਾਂ ਭੇਜਿਆ ਕਰੋ। ਉਹੀ ਪੰਜ ਸੱਤ ਬੰਦਿਆਂ ਦੇ ਨਾਂ ਅੱਗੇ ਪਿੱਛੇ ਕਰ ਕੇ ਭੇਜੀ ਖ਼ਬਰ ਮੈਂ ਨਹੀਂ ਛਾਪਣੀ, ਕੱਲ੍ਹ ਨੂੰ ਨਾਰਾਜ਼ ਹੁੰਦਾ ਭਾਵੇਂ ਅੱਜ ਹੋ ਜਾ। ਪਰ ਹੁਣ ਉਸ ਤੇ ਗ਼ੁੱਸਾ ਆਉਣੋਂ ਹਟ ਗਿਆ।

ਚਲੋ ਮੁੱਦੇ 'ਤੇ ਆਉਂਦੇ ਹਾਂ। ਹੁਣ ਆਸਟ੍ਰੇਲੀਆ ਦੇ ਮੀਡੀਆ ਤੇ ਨਜ਼ਰਸਾਨੀ ਕਰਦੇ ਹਾਂ। ਮੈਂ ਬਹੁਤ ਲੱਭਿਆ ਪਰ ਮੈਨੂੰ ਕੋਈ ਇਹੋ ਜਿਹੀ ਖ਼ਬਰ ਜਾਂ ਰਿਪੋਰਟ ਦੇਖਣ ਨੂੰ ਨਹੀਂ ਮਿਲੀ, ਜਿਸ ਵਿੱਚ ਇਹਨਾਂ ਸਿੱਖ ਖੇਡਾਂ ਦਾ ਕਿਤੇ ਜ਼ਿਕਰ ਕੀਤਾ ਹੋਵੇ। ਭਾਵੇਂ ਹਰ ਵਾਰ ਉਦਘਾਟਨ ਮੌਕੇ ਕੋਈ ਨਾ ਕੋਈ ਮੰਤਰੀ ਜਾਂ ਐਮ. ਪੀ. ਇਹਨਾਂ ਖੇਡਾਂ 'ਚ ਸ਼ਿਰਕਤ ਕਰਨ ਵੀ ਆਉਂਦਾ ਹੈ ਤੇ ਕਈ ਵਾਰ ਸਰਕਾਰੀ ਮੱਦਦ ਵੀ ਉਹ ਦੇ ਚੁੱਕੇ ਹਨ। ਪਰ ਫੇਰ ਵੀ ਆਸਟ੍ਰੇਲੀਆ ਦੇ ਮੀਡੀਆ ਨੂੰ ਇਹਨਾਂ ਖੇਡਾਂ 'ਚ ਕੋਈ ਦਿਲਚਸਪੀ ਨਹੀਂ। ਜਦੋਂ ਇਸ ਦੇ ਕਾਰਣ ਪੜਚੋਲਣ ਦੀ ਕੋਸ਼ਿਸ਼ ਕੀਤੀ ਤਾਂ ਇਕ ਗੱਲ ਤਾਂ ਇਹ ਸਾਹਮਣੇ ਆਈ ਕਿ ਇਹਨਾਂ ਨਾਲ ਕੋਈ ਅਧਿਕਾਰਤ ਤੌਰ 'ਤੇ ਸੰਪਰਕ ਹੀ ਨਹੀਂ ਕੀਤਾ ਜਾਂਦਾ। ਸੋ ਇਸੇ ਲਈ ਇਹ ਖੇਡਾਂ ਦੀ ਕਵਰੇਜ਼ ਨਹੀਂ ਕਰਦੇ। ਪਰ ਇਹ ਗੱਲ ਵੀ ਪੂਰੀ ਤਰ੍ਹਾਂ ਠੀਕ ਨਹੀਂ, ਇਸ ਲਈ ਇਕ ਹੱਡ ਬੀਤੀ ਸਾਂਝੀ ਕਰਨੀ ਚਾਹੁੰਦਾ ਹਾਂ। 2011 'ਚ ਐਡੀਲੇਡ ਇੱਕ ਵਾਰ ਫੇਰ ਸਿੱਖ ਖੇਡਾਂ ਦਾ ਮੇਜ਼ਬਾਨ ਸੀ। ਮੈਨੂੰ ਇਹਨਾਂ ਖੇਡਾਂ ਲਈ ਮੀਡੀਆ ਇੰਚਾਰਜ ਦੀ ਜ਼ਿੰਮੇਵਾਰੀ ਮਿਲੀ। ਸੋ ਮੇਰਾ ਪਹਿਲਾ ਕੰਮ ਹੀ ਇਹ ਸੀ ਕਿ ਇਸ ਵਾਰ ਅਸੀਂ ਆਸਟ੍ਰੇਲੀਅਨ ਮੀਡੀਆ ਨੂੰ ਇਸ ਕਾਰਜ ਵਿਚ ਸ਼ਾਮਿਲ ਜ਼ਰੂਰ ਕਰਾਂਗੇ। ਇਸੇ ਮੱਦੇਨਜ਼ਰ ਮੈਂ ਕੁਝ ਇੱਕ ਚੈਨਲਾਂ ਅਤੇ ਅਖ਼ਬਾਰਾਂ ਦੇ ਦਫ਼ਤਰਾਂ 'ਚ ਗਿਆ। ਪਰ ਹਰ ਇੱਕ ਤੋਂ ਮੈਨੂੰ ਇਕੋ ਜਵਾਬ ਮਿਲਿਆ ਕਿ ਤੁਸੀਂ ਤਿੰਨ ਮਹੀਨੇ ਪਹਿਲਾਂ ਬੁੱਕ ਕਰਵਾਉਣਾ ਸੀ, ਹੁਣ ਤਾਂ ਦੇਰੀ ਹੋ ਗਈ। ਉਨ੍ਹਾਂ ਦੀ ਦਲੀਲ ਸੀ ਕਿ ਖੇਡਾਂ ਈਸਟਰ ਦੀਆਂ ਛੁੱਟੀਆਂ 'ਚ ਹੁੰਦੀਆਂ ਤੇ ਉਸ ਵਕਤ ਸਟਾਫ਼ ਬਹੁਤ ਘੱਟ ਹੁੰਦਾ ਹੈ, ਸੋ ਉਹ ਕਵਰੇਜ਼ ਨਹੀਂ ਕਰ ਸਕਦੇ। ਉਸ ਵਕਤ ਖੇਡਾਂ 'ਚ ਦੋ ਮਹੀਨੇ ਬਾਕੀ ਸਨ। ਇੱਕ ਚੈਨਲ ਵਾਲੀ ਬੀਬੀ ਨਾਲ ਤਾਂ ਮੇਰੀ ਤੂੰ ਤੂੰ, ਮੈਂ ਮੈਂ ਵੀ ਹੋ ਗਈ ਸੀ ਜਦੋਂ ਮੈਂ ਉਸ ਨੂੰ ਇਹ ਕਹਿ ਬੈਠਾ ਕਿ ਜੇ ਅੱਜ ਸਾਡੇ ਕਿਸੇ ਪੰਜਾਬੀ ਕੋਲੋਂ ਕੋਈ ਨਿੱਕੀ ਜਿਹੀ ਗ਼ਲਤੀ ਹੋ ਜਾਵੇ ਤਾਂ ਤੁਸੀਂ ਉਸੇ ਵਕਤ ਉੱਥੇ ਪਹੁੰਚ ਕੇ ਮਿੱਟੀ ਪੱਟਣ ਲੱਗ ਜਾਵੋਗੇ। ਪਰ ਸਾਡੇ ਇਸ ਫ਼ਖ਼ਰ ਕਰਨ ਵਾਲੇ ਕੰਮ ਲਈ ਤੁਹਾਡੇ ਕੋਲ ਟਾਈਮ ਹੀ ਨਹੀਂ। ਉਹ ਤੂੰ ਤੂੰ, ਮੈਂ ਮੈਂ ਤਾਂ ਜ਼ਿਆਦਾ ਨਹੀਂ ਵਧੀ ਕਿਉਂਕਿ ਮਾਤ੍ਰੜ ਆਪਣੀ ਅੰਗਰੇਜ਼ੀ ਮੁੱਕਣ ਦੇ ਡਰੋਂ ਉੱਥੋਂ ਖਿਸਕ ਆਇਆ। ਪਰ ਗੱਲ ਸਪੱਸ਼ਟ ਹੈ ਕਿ ਕਿਤੇ ਨਾ ਕਿਤੇ ਦਾਲ ਕਾਲੀ ਜ਼ਰੂਰ ਹੈ।

ਸਰਕਾਰ ਦੀ ਦਿਲਚਸਪੀ ਘੱਟ ਹੋਣ ਦਾ ਕਾਰਨ ਤਾਂ ਸਪੱਸ਼ਟ ਹੀ ਹੈ ਕਿ ਹਾਲੇ ਤੱਕ ਸਾਡੇ ਭਾਈਚਾਰੇ ਕੋਲ ਵੋਟ ਦੀ ਤਾਕਤ ਨਹੀਂ ਹੈ। ਉਮੀਦ ਹੈ ਕੁਝ ਕੁ ਸਾਲਾਂ ਨੂੰ ਇਹ ਸਾਨੂੰ ਆਪ ਮੇਲੇ ਗੇਲੇ ਕਰਦੇ ਦਿਖਾਈ ਦੇਣਗੇ, ਜਦੋਂ ਅਸੀਂ ਵੋਟਾਂ ਵਾਲੇ ਹੋ ਗਏ। ਇਸ ਮਸਲੇ ਨੂੰ ਇਕ ਵਾਰ ਮੈਂ ਸਾਡੇ ਲੋਕਲ

ਫੈਡਰਲ ਐਮ. ਪੀ. ਨਾਲ ਸਾਂਝਾ ਕੀਤਾ ਸੀ ਤੇ ਉਸ ਨੂੰ ਅਹਿਸਾਸ ਕਰਵਾਇਆ ਸੀ ਕਿ ਅਸੀਂ ਇਹਨਾਂ ਖੇਡਾਂ ਨਾਲ ਆਸਟ੍ਰੇਲੀਅਨ ਅਰਥਚਾਰੇ 'ਚ ਕਿੰਨਾ ਯੋਗਦਾਨ ਦਿੰਦੇ ਹਾਂ। ਕਿਉਂਕਿ ਇਹਨਾਂ ਖੇਡਾਂ ਨੂੰ ਦੇਖਣ ਵਾਲੇ ਦੂਰੋਂ-ਦੂਰੋਂ ਹਜ਼ਾਰਾਂ ਡਾਲਰ ਖ਼ਰਚ ਕੇ ਆਉਂਦੇ ਹਨ। ਜਿਹੜਾ ਕਿ ਸਿੱਧੇ ਰੂਪ 'ਚ ਅਰਥਚਾਰੇ ਨੂੰ ਫ਼ਾਇਦਾ ਹੁੰਦਾ ਹੈ। ਪਰ ਆਪਣੀ ਆਵਾਜ਼ ਸਰਕਾਰ ਦੇ ਕੰਨੀਂ ਪਾਉਣ ਲਈ ਸਾਨੂੰ ਰਲ ਮਿਲ ਕੇ ਹੰਭਲਾ ਮਾਰਨਾ ਪੈਣਾ ਹੈ। ਨਹੀਂ ਤਾਂ ਅਸੀਂ ਇਸੇ ਤਰ੍ਹਾਂ ਹੀ ਅਣਗੌਲੇ ਰਹਿ ਜਾਣਾ। ਪਰ ਪਏਗਾ ਰਲ ਮਿਲ ਕੇ ਰਹਿਣਾ। 'ਰਲ ਮਿਲ ਕੇ ਰਹਿਣਾ' ਲਿਖਣ 'ਚ ਹੀ ਸੁਖਾਲਾ ਹੈ, ਅਸਲ 'ਚ ਤਾਂ ਸਾਡਾ ਇਕੱਲੇ-ਇਕੱਲੇ ਦਾ ਹਉਮੈ ਰਲ-ਮਿਲ ਕੇ ਸਰਬੱਤ ਦੇ ਭਲੇ ਦੀ ਸੋਚਣ ਹੀ ਕਿੱਥੇ ਦਿੰਦਾ ਹੈ ?

ਇੱਕ ਦੋ ਹੋਰ ਮਸਲੇ ਹਨ ਜੋ ਸੰਖੇਪ 'ਚ ਸਾਂਝੇ ਕਰਨਾ ਚਾਹਾਂਗਾ। ਇੱਕ ਤਾਂ ਜਦੋਂ ਸਿੱਖ ਖੇਡਾਂ 'ਚ ਸ਼ਾਮਿਲ ਖਿਡਾਰੀਆਂ 'ਤੇ ਝਾਤ ਮਾਰੀਦੀ ਹੈ ਤਾਂ ਇੱਕ ਵਾਰ ਸੋਚਣ 'ਤੇ ਮਜਬੂਰ ਕਰ ਦਿੰਦੀ ਹੈ, ਜਦੋਂ ਇਹਨਾਂ ਖੇਡਾਂ 'ਚ ਪੂਰਨ ਸਿੱਖੀ ਸਰੂਪ 'ਚ ਖੇਡਣ ਵਾਲੇ ਖਿਡਾਰੀਆਂ ਦੀ ਗਿਣਤੀ ਨਾ ਮਾਤਰ ਜਾਂ ਕਹਿ ਦੇਈਏ ਇੱਕਾ ਦੁੱਕਾ ਹੀ ਦਿਖਾਈ ਦਿੰਦੀ ਹੈ, ਜੋ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਭਾਵੇਂ ਮੇਰੇ ਜਿਹੇ ਸਿੱਖੀ ਦੇ ਦੋਸ਼ੀਆਂ ਦੀ ਬਹੁਤਾਤ ਹੋ ਗਈ ਹੈ ਪਰ ਸੱਚ ਜਾਣਿਓ, ਬਹੁਤਿਆਂ ਦੀਆਂ ਭਾਵਨਾਵਾਂ ਸਿੱਖੀ ਨੂੰ ਪ੍ਰਫੁੱਲਿਤ ਹੁੰਦਾ ਦੇਖਣ ਦੀਆਂ ਹਨ। ਅੱਜ ਜਦੋਂ ਗਹੁ ਨਾਲ ਇਹਨਾਂ ਖੇਡਾਂ ਦੀਆਂ ਤਸਵੀਰਾਂ ਦੇਖ ਰਿਹਾ ਸੀ ਤਾਂ ਇਹਨਾਂ ਖੇਡਾਂ 'ਚ ਸ਼ਾਮਿਲ ਲੋਕਾਂ 'ਚ ਪੂਰਨ ਸਿੱਖੀ ਸਰੂਪ 'ਚ ਇੱਕ-ਦੋ ਪ੍ਰਤੀਸ਼ਤ ਅਤੇ ਪੱਗ ਵਾਲੇ ਮਸਾਂ ਕੁ ਚਾਰ ਪ੍ਰਤੀਸ਼ਤ ਦੇਖਣ ਨੂੰ ਮਿਲ ਰਹੇ ਸਨ। ਜੋ ਵਾਕਿਆ ਸਾਡੇ ਧਰਮ ਲਈ ਚਿੰਤਾ ਦਾ ਵਿਸ਼ਾ ਹੈ। ਸਿੱਖ ਖੇਡਾਂ ਦਾ ਸਿਰਫ਼ ਇੱਕ ਝਲਕਾਰਾ ਤਿੰਨ ਦਿਨਾਂ 'ਚ ਉਦੋਂ ਦੇਖਣ ਨੂੰ ਮਿਲਿਆ, ਜਦੋਂ ਰਣਜੀਤ ਅਖਾੜਾ ਦੇ ਸਿੰਘਾਂ ਨੇ ਗਤਕੇ ਦੀ ਮਹਾਨ ਪਰੰਪਰਾ ਨੂੰ ਮੈਦਾਨ ਵਿੱਚ ਕੁਝ ਵਕਤ ਲਈ ਜਿਉਂਦਾ ਕਰ ਦਿੱਤਾ।

ਇਹਨਾਂ ਖੇਡਾਂ ਦੌਰਾਨ ਹੁੰਦੀ ਸਿੱਖ ਫੋਰਮ ਦਾ ਇਤਿਹਾਸ ਵੀ ਇਹਨਾਂ ਖੇਡਾਂ ਜਿੰਨਾਂ ਹੀ ਪੁਰਾਣਾ ਹੋ ਚੁੱਕਿਆ ਪਰ ਅਫ਼ਸੋਸ ਹਾਲੇ ਤੱਕ ਵੀਹ-ਤੀਹ ਬੰਦਿਆਂ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਨਹੀਂ ਜੋੜ ਸਕੀ। ਕਿਸੇ ਵੀ ਧਰਮ ਲਈ ਇਹੋ ਜਿਹੇ ਫੋਰਮ ਦਾ ਮਹੱਤਵ ਬਹੁਤ ਹੀ ਜ਼ਿਆਦਾ ਹੁੰਦਾ ਹੈ। ਇਸ ਪਾਸੇ ਸਾਨੂੰ ਹੋਰ ਸੋਚਣਾ ਪਵੇਗਾ। ਚਾਹੇ ਇਸ ਦਾ ਸਮਾਂ ਅੱਗੇ ਪਿੱਛੇ ਕੀਤਾ ਜਾਵੇ ,ਚਾਹੇ ਇਸ ਨਾਲ ਕੁਝ ਕੁ ਪ੍ਰਦਰਸ਼ਨੀਆਂ ਨੂੰ ਜੋੜਿਆ ਜਾਵੇ। ਜਿਸ ਨਾਲ ਨਵੀਂ ਪੁਰਾਣੀ ਪੀੜ੍ਹੀ ਨੂੰ ਇਸ ਫੋਰਮ ਵਿੱਚ ਹੋਰ ਜਿਗਿਆਸਾ ਪੈਦਾ ਹੋਵੇ। ਇਸ ਵਾਰ ਦੀ ਫੋਰਮ ਵਿੱਚ ਵੀ ਲੋਕਾਂ ਦੀ ਘਾਟ ਰੜਕੀ ਅਤੇ ਕੁਝ ਕੁ ਬੁਲਾਰੇ ਆਪਣੀ ਮਾਤ ਭਾਸ਼ਾ ਦਾ ਫ਼ਿਕਰ ਅੰਗਰੇਜ਼ੀ ਵਿੱਚ ਕਰਨ ਨੂੰ ਤਰਜੀਹ ਦਿੰਦੇ ਦਿਖਾਈ ਦਿੱਤੇ।

ਬਾਬਾ ਫੌਜਾ ਸਿੰਘ ਦੀ ਹਾਜ਼ਰੀ ਵੀ ਇਹਨਾਂ ਖੇਡਾਂ 'ਚ ਕਾਫ਼ੀ ਹਲਚਲ ਪੈਦਾ ਕਰ ਗਈ। ਮੈਨੂੰ ਨਹੀਂ ਲਗਦਾ ਸਿੱਖ ਖੇਡਾਂ 'ਚ ਆਇਆ ਕੋਈ ਵੀ ਜੀਅ (ਮੇਰੇ ਤੋਂ ਸਿਵਾਏ) ਬਾਬਾ ਜੀ ਨਾਲ ਫ਼ੋਟੋ ਨਾ ਖਿਚਵਾ ਕੇ ਗਿਆ ਹੋਵੇ। ਐਸ. ਬੀ. ਐਸ. ਰੇਡੀਓ ਤੋਂ ਬੀਬੀ ਮਨਪ੍ਰੀਤ ਕੌਰ ਨੂੰ ਬਾਬਾ ਜੀ ਦੇ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਕਾਫ਼ੀ ਮਸ਼ੱਕਤ ਕਰਨੀ ਪੈ ਰਹੀ ਸੀ।

ਖੇਡਾਂ ਦੌਰਾਨ ਖਾਣ-ਪੀਣ ਦੇ ਇੰਤਜ਼ਾਮ ਲਾਜਵਾਬ ਸਨ ਪਰ ਹਾਲੇ ਕਾਫ਼ੀ ਸੁਧਾਰ ਦੀ ਗੁੰਜਾਇਸ਼ ਹੈ। ਖੇਡਾਂ ਦੇ ਵਿਚਕਾਰਲੇ ਦਿਨ 2014 ਦੀਆਂ ਵੂਲਗੂਲਗਾ ਵਿਖੇ ਹੋ ਰਹੀਆਂ ਖੇਡਾਂ ਦੇ ਪ੍ਰਬੰਧਕ ਸਰਦਾਰ ਮਨਜੀਤ ਸਿੰਘ ਸਿੱਧੂ ਨਾਲ ਅਤੇ ਅਮਨਦੀਪ ਸਿੱਧੂ ਨਾਲ ਇਸ ਵਿਸ਼ੇ ਤੇ ਖੁੱਲ੍ਹ ਕੇ

ਗੱਲਬਾਤ ਹੋਈ ਕਿ ਖਿਡਾਰੀਆਂ ਅਤੇ ਪ੍ਰਬੰਧਕਾਂ ਲਈ ਵੱਖਰੇ ਲੰਗਰ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ ਕਿਉਂਕਿ ਮੈਚ ਤੋਂ ਬਾਅਦ ਖਿਡਾਰੀ ਲੰਮੀਆਂ ਲਾਈਨਾਂ 'ਚ ਖੜ੍ਹ ਕੇ ਆਪਣੀ ਵਾਰੀ ਦੀ ਉਡੀਕ ਕਰਦੇ ਅਕਸਰ ਹੀ ਦੇਖੇ ਜਾਂਦੇ ਹਨ। ਜਿਸ ਨਾਲ ਉਨ੍ਹਾਂ ਦੀ ਖੇਡ ਪ੍ਰਭਾਵਿਤ ਹੁੰਦੀ ਹੈ। ਸਾਡਾ ਗੱਲਬਾਤ ਦਾ ਦੂਜਾ ਵਿਸ਼ਾ ਮੀਡੀਆ ਲਈ ਇੱਕ ਸੈਂਟਰ ਪੁਆਇੰਟ ਬਣਾਉਣਾ ਸੀ, ਜਿਸ ਨਾਲ ਕਿ ਮੀਡੀਆ ਨੂੰ ਛੇਤੀ ਤੇ ਸਹੀ ਜਾਣਕਾਰੀ ਆਸਾਨੀ ਨਾਲ ਇਕੋ ਥਾਂ ਤੋਂ ਮਿਲ ਸਕੇ।

ਇੱਕ ਹੋਰ ਜਿਸ ਗੱਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਸਾਡੇ ਕੁਝ ਇੱਕ ਅਦਾਰੇ ਆਪਸੀ ਧੜੇਬੰਦੀ ਵਿੱਚ ਆਮ ਲੋਕਾਂ ਅਤੇ ਖਿਡਾਰੀਆਂ ਦਾ ਸ਼ਿਕਾਰ ਕਰ ਰਹੇ ਹਨ। ਅਕਸਰ ਹੀ ਦੇਖਣ ਨੂੰ ਮਿਲਦਾ ਹੈ ਕਿ ਜਿੱਥੇ ਵੀ ਸਿੱਖ ਖੇਡਾਂ ਹੋਣ, ਉਸ ਤੋਂ ਥੋੜ੍ਹਾ ਪਹਿਲਾਂ ਕੋਈ ਹੋਰ ਟੂਰਨਾਮੈਂਟ ਰੱਖ ਲਿਆ ਜਾਂਦਾ ਹੈ, ਜੋ ਅਸਿੱਧੇ ਰੂਪ 'ਚ ਇਹਨਾਂ ਖੇਡਾਂ ਨੂੰ ਪ੍ਰਭਾਵਿਤ ਕਰ ਜਾਂਦਾ ਹੈ। ਇਹਨਾਂ ਲੋਕਾਂ ਨੂੰ ਵੀ ਬੇਨਤੀ ਹੀ ਹੈ ਕਿ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਦੇ ਵਾਰਿਸੋ ਕਦੇ ਇਕੱਲੇ ਬੈਠ ਆਪਣਿਆਂ ਬਾਰੇ ਵੀ ਸੋਚ ਕੇ ਦੇਖ ਲਵੋ ਕਿ ਭਲਾ ਮੰਗਣ ਅਤੇ ਕਰਨ ਨਾਲ ਮਨ ਨੂੰ ਕਿੰਨਾਂ ਸਕੂਨ ਮਿਲਦਾ ਹੈ !

ਇਸ ਵਾਰ ਸਾਫ਼ ਸਫ਼ਾਈ ਅਤੇ ਪਾਣੀ ਪਿਲਾਉਣ ਦੀ ਸੇਵਾ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਛੇ ਕੁ ਮਹੀਨੇ ਪਹਿਲਾਂ ਇੱਕ ਹੋਰ ਕਲੱਬ ਮੈਲਬਾਰਨ 'ਚ ਪੰਜਾਬੀ ਸਪੋਰਟਸ ਅਤੇ ਕਲਚਰਲ ਦੇ ਨਾਂ ਹੇਠ ਹੋਂਦ 'ਚ ਆਇਆ ਸੀ। ਉਸ ਵਕਤ ਮੈਂ ਵੀ ਇਹੀ ਸੋਚਦਾ ਸੀ ਕਿ ਇਹ ਵੀ ਬੱਸ ਐਵੇਂ ਇੱਕਾ ਦੁੱਕਾ ਸੁਰਖ਼ੀਆਂ ਬਟੋਰਨ ਲਈ ਬਣਿਆ ਕਲੱਬ ਹੈ। ਪਰ ਉਨ੍ਹਾਂ ਸਿੱਖ ਖੇਡਾਂ 'ਚ ਚੌਧਰ ਦੀ ਥਾਂ ਅਸਲੀ ਸੇਵਾ ਦੀ ਜ਼ਿੰਮੇਵਾਰੀ ਪ੍ਰਬੰਧਕਾਂ ਕੋਲੋਂ ਲਈ ਸੀ। ਜਿਸ ਵਿਚ ਉਹ ਪੂਰਨ ਤੌਰ 'ਤੇ ਖਰੇ ਵੀ ਉਤਰੇ। ਤਿੰਨੇ ਦਿਨ ਇਸ ਕਲੱਬ ਦੇ ਨੌਜਵਾਨਾਂ ਨੇ ਪੀਲੀਆਂ ਟੀ ਸ਼ਰਟਾਂ ਪਾ ਕੇ ਹਜ਼ਾਰਾਂ ਬੋਤਲਾਂ ਪਾਣੀ ਦੀਆਂ ਵੰਡੀਆਂ ਤੇ ਨਾਲ-ਨਾਲ ਸਫ਼ਾਈ ਲਈ ਬਹੁਤ ਮਿਹਨਤ ਕੀਤੀ। ਗੋਲਡੀ ਬਰਾੜ, ਵਿੱਕੀ ਸੰਧੂ, ਬਲਦੇਵ ਸਿੰਘ ਹਰੀ, ਕੁਲਦੀਪ ਸਿੰਘ ਔਲਖ ਆਦਿ ਜਿੱਥੇ ਹਰ ਵਕਤ ਸੇਵਾ 'ਚ ਰੁੱਝੇ ਦਿਸੇ ਉੱਥੇ ਮਨਜਿੰਦਰ ਬਰਾੜ, ਪਾਇਲਟ ਬਰਾੜ, ਗੁਰਲਾਲ ਬਰਾੜ ਆਦਿ ਨੇ ਇਸ ਕਾਰਜ 'ਚ ਬਹੁਤ ਸਹਿਯੋਗ ਦਿੱਤਾ। ਫੋਕੀ ਬਿਆਨਬਾਜ਼ੀ ਕਰ ਕੇ ਖ਼ਬਰਾਂ 'ਚ ਰਹਿਣ ਵਾਲਿਆਂ ਲਈ ਇਹਨਾਂ ਨੌਜਵਾਨਾਂ ਨੇ ਇੱਕ ਚੰਗੀ ਮਿਸਾਲ ਪੇਸ਼ ਕੀਤੀ। ਗੋਲਡੀ ਬਰਾੜ ਦੀ ਇਥੇ ਖ਼ਾਸ ਪ੍ਰਸ਼ੰਸਾ ਕਰਨੀ ਬਣਦੀ ਹੈ ਕਿਉਂਕਿ ਉਨ੍ਹਾਂ ਸਿੱਖ ਖੇਡਾਂ ਦੀ ਕਮੇਟੀ ਅਤੇ ਸਰਕਾਰ ਵਿਚਾਲੇ ਇੱਕ ਕੜੀ ਦੀ ਜੋ ਭੂਮਿਕਾ ਨਿਭਾਈ ਉਹ ਕਾਬਿਲ-ਏ-ਤਾਰੀਫ਼ ਹੈ। ਆਉਣ ਵਾਲੇ ਦਿਨਾਂ 'ਚ ਇਸ ਨੌਜਵਾਨ ਤੋਂ ਪੰਜਾਬੀ ਭਾਈਚਾਰੇ ਨੂੰ ਕਾਫ਼ੀ ਉਮੀਦਾਂ ਹਨ। ਉਸ ਦਾ ਭਵਿੱਖ ਕਾਫ਼ੀ ਸੁਨਹਿਰਾ ਲੱਗ ਰਿਹਾ ਹੈ ਪਰ ਸ਼ਰਤ ਇਹ ਹੈ ਕਿ ਜੇਕਰ ਉਹ ਧਰਤੀ ਨਾਲ ਜੁੜ ਕੇ ਅੱਗੇ ਵਧਣ ਲਈ ਵਚਨਬੱਧ ਰਿਹਾ ਤਾਂ।

ਮਾਇਕ ਦੀ ਜ਼ਿੰਮੇਵਾਰੀ ਦੇਸ਼ੋਂ ਆਏ ਸੁਰਜੀਤ ਸਿੰਘ ਕਕਰਾਲੀ ਅਤੇ ਸੱਤੇ ਨਿਊਜ਼ੀਲੈਂਡੀਏ ਵੱਲੋਂ ਨਿਭਾਈ ਗਈ। ਕਿਤੇ ਨਾ ਕਿਤੇ ਆਸਟ੍ਰੇਲੀਆ ਦੀ ਆਪਣੀ ਕਬੱਡੀ ਕੰਮੈਂਟੇਟਰ ਜੋੜੀ ਰਣਜੀਤ ਖੇੜਾ ਅਤੇ ਚਰਨਾਮਤ ਸਿੰਘ ਦੀ ਗ਼ੈਰ ਹਾਜ਼ਰੀ ਰੜਕ ਰਹੀ ਸੀ। ਉਨ੍ਹਾਂ ਨੇ ਇੱਕ ਦਿਨ ਲਗਵਾਈ ਛੋਟੀ ਜਿਹੀ ਹਾਜ਼ਰੀ 'ਚ ਸਭ ਨੂੰ ਪ੍ਰਭਾਵਿਤ ਕੀਤਾ। ਇਸ ਵਾਰ ਵੀ ਹਰਮਨ ਰੇਡੀਓ 'ਤੇ ਲਾਈਵ ਕਮੈਂਟਰੀ ਚਲਾਈ ਗਈ ਪਰ ਗਰਾਊਂਡ ਦੇ ਰੌਲ਼ੇ ਰੱਪੇ 'ਚ ਉਹ ਸੁਆਦ ਨਹੀਂ ਆਇਆ, ਜੋ

ਆਉਣਾ ਚਾਹੀਦਾ ਸੀ। ਹਰਭਜਨ ਖੈਰ੍ਹਾ ਅਤੇ ਡਾ. ਪ੍ਰੀਤਇੰਦਰ ਗਰੇਵਾਲ ਦੀ ਮਿਹਨਤ ਦੇ ਨਤੀਜੇ ਵਜੋਂ ਰਾਤ ਦਾ ਰੰਗਾ-ਰੰਗ ਪ੍ਰੋਗਰਾਮ ਵੀ ਹਾਊਸ ਫੁਲ ਦਾ ਬੋਰਡ ਲਗਵਾ ਗਿਆ।

ਅਖੀਰ ਵਿੱਚ ਲੰਮੇ ਸਮੇਂ ਬਾਅਦ ਸਿੱਖ ਖੇਡਾਂ ਦੀ ਜ਼ਿੰਮੇਵਾਰੀ ਮਹਾਂਬੀਰ ਸਿੰਘ ਗਰੇਵਾਲ ਤੋਂ ਮਨਜੀਤ ਸਿੰਘ ਬੋਪਾਰਾਏ ਦੇ ਮੋਢਿਆਂ ਤੇ ਆਈ ਹੈ। ਉਨ੍ਹਾਂ ਨੂੰ ਸਰਬਸੰਮਤੀ ਨਾਲ ਇਹਨਾਂ ਖੇਡਾਂ ਦਾ ਪ੍ਰਧਾਨ ਬਣਾਇਆ ਗਿਆ ਹੈ। ਜਿਸ ਦਾ ਮੈਂ ਇੱਕ ਵੱਡਾ ਕਾਰਣ ਸੰਨ 2008 ਜਦੋਂ ਤੋਂ 'ਦੀ ਪੰਜਾਬ' ਅਖ਼ਬਾਰ ਹੋਂਦ ਵਿੱਚ ਆਇਆ ਹੈ, ਵੱਲੋਂ ਭਾਈਚਾਰੇ ਦੀ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੰਨਦਾ ਹਾਂ। ਹਰ ਇਨਸਾਨ ਦਾ ਕੰਮ ਕਰਨ ਦਾ ਵੱਖਰਾ ਤਰੀਕਾ ਹੁੰਦਾ ਹੈ। ਉਮੀਦ ਹੈ ਹੁਣ ਮਨਜੀਤ ਸਿੰਘ ਬੋਪਾਰਾਏ ਇਹਨਾਂ ਖੇਡਾਂ ਦੇ ਅਣਗੌਲੇ ਪੱਖਾਂ ਵੱਲ ਧਿਆਨ ਦੇਣਗੇ, ਜਿਨ੍ਹਾਂ ਵਿੱਚ ਮੀਡੀਆ ਕਵਰੇਜ਼ ਤੋਂ ਇਲਾਵਾ ਇਹਨਾਂ ਖੇਡਾਂ ਦੇ ਰਿਕਾਰਡ ਦੀ ਸਾਂਭ ਸੰਭਾਲ ਵੀ ਇੱਕ ਅਹਿਮ ਕੰਮ ਹੈ ਤਾਂ ਕਿ ਇਤਿਹਾਸ ਨੂੰ ਸਾਂਭਿਆ ਜਾ ਸਕੇ। ਅੱਜ ਦੇ ਯੁੱਗ 'ਚ ਇਹ ਕੰਮ ਕੋਈ ਔਖਾ ਵੀ ਨਹੀਂ, ਬੱਸ ਲੋੜ ਹੈ ਕਿਸੇ ਮਾਹਿਰ ਅਤੇ ਜ਼ਿੰਮੇਵਾਰ ਬੰਦੇ ਨੂੰ ਇਸ ਦੀ ਵਾਗਡੋਰ ਫੜਾਉਣ ਦੀ। ਜਾਂਦੇ ਜਾਂਦੇ ਕੁਲਦੀਪ ਬਾਸੀ ਦੇ ਨਵੀਂ ਖੋਜ ਮੀਕ ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਨੇ ਇਹਨਾਂ ਖੇਡਾਂ 'ਚ ਆਪਣੀ ਧਾਕ ਜਮਾਈ।

****

## ‘ਕੀ ਸਰਤਾਜ ਕੋਈ ਬੰਦੈ’

ਇਹ ਲੇਖ ਨਵੰਬਰ 2009 ’ਚ ਸਤਿੰਦਰ ਸਰਤਾਜ ਦੇ ਪਹਿਲੇ ਆਸਟ੍ਰੇਲੀਆ ਦੌਰ ਵੇਲੇ ਲਿਖਿਆ ਸੀ। ਪਰ ਇਸ ਲੇਖ ਦਾ ਸਿਰਲੇਖ ਇਸ ਤੋਂ ਪੰਦਰਾਂ ਸਾਲ ਪਹਿਲਾਂ ਪੈਦਾ ਹੋ ਗਿਆ ਸੀ। ਪਰ ਇਹ ਸਿਰਲੇਖ ਉਸ ਵਕਤ ਸਰਤਾਜ ਲਈ ਨਹੀਂ ਸੀ ਲਿਖਿਆ। ਇਹ ਤਾਂ ਮੈਂ ਇੱਕ ਲੇਖ ਲਿਖਿਆ ਸੀ ਗੁਰਦਾਸ ਮਾਨ ਹੋਰਾਂ ਤੇ ਅਤੇ ਇਹ ਉਸ ਲੇਖ ਦਾ ਸਿਰਲੇਖ ਸੀ। ਪਰ ਉਸ ਵਕਤ ਮੇਰਾ ਇਹ ਲੇਖ ਕਿਸੇ ਅਖ਼ਬਾਰ ਨੇ ਨਹੀਂ ਸੀ ਛਾਪਿਆ ਕਿਉਂਕਿ ਉਸ ਵਕਤ ਬਹੁਤਿਆਂ ਅਖ਼ਬਾਰ ਗੁਰਦਾਸ ਮਾਨ ਪ੍ਰਤੀ ਇਸ ਸਿਰਲੇਖ ਨਾਲ ਸਹਿਮਤ ਨਹੀਂ ਸਨ। ਉਸ ਵਕਤ ਆਨਲਾਈਨ ਮੀਡੀਆ ਦਾ ਯੁੱਗ ਅੱਜ ਵਾਂਗ ਨਹੀਂ ਸੀ। ਸੋ ਉਹ ਲੇਖ ਬਿਨਾਂ ਛਪਿਆ ਹੀ ਰਹਿ ਗਿਆ ਸੀ। ਜਦੋਂ ਸਰਤਾਜ ਨਾਲ ਮਿਲਿਆ ਤਾਂ ਮੈਨੂੰ ਲੱਗਿਆ ਕਿ ਇਹ ਮਾਨ ਸਾਹਿਬ ਦੀ ਰਵਾਇਤ ਨੂੰ ਅੱਗੇ ਤੋਰਨ ਦੀ ਸਮਰੱਥਾ ਰੱਖਦੇ ਹਨ। ਸੋ ਮੈਂ ਉਹ ਸਿਰਲੇਖ ਇਥੇ ਵਰਤ ਲਿਆ। ਪਰ ਇਸ ਲੇਖ ਦੇ ਲਿਖਣ ਤੋਂ ਪੰਜ ਸਾਲ ਬਾਅਦ ਕਈ ਸਮੀਕਰਨ ਬਦਲੇ ਅਤੇ ਹੁਣ ਲਗਦਾ ਕਿ ਗੁਰਦਾਸ ਮਾਨ ਤੱਕ ਪਹੁੰਚਣ ਤੱਕ ਹਾਲੇ ਸਰਤਾਜ ਮੂਹਰੇ ਬਹੁਤ ਲੰਬਾ ਪੈਂਡਾ ਹੈ।



ਉੱਘੇ ਗਾਇਕ ਸਤਿੰਦਰ ਸਰਤਾਜ ਨਾਲ ਲੇਖਕ




ਅਮਰੀਕਾ ਦੇ ਉੱਘੇ ਪ੍ਰਵਾਸੀ ਭਾਰਤੀ ਟੁੱਟ ਬ੍ਰਦਰਜ਼ ਅਮਰਜੀਤ ਸਿੰਘ ਟੁੱਟ ਨਾਲ ਲੇਖਕ

# 'ਕੀ ਸਰਤਾਜ ਕੋਈ ਬੰਦੈ'

ਦੋਸਤੋ ! ਹੋ ਸਕਦਾ ਇਸ ਲੇਖ ਦੇ ਸਿਰਲੇਖ ਨਾਲ ਤੁਸੀਂ ਨਾ ਸਹਿਮਤ ਹੋਵੋ ਪਰ ਉਮੀਦ ਕਰਦਾ ਹਾਂ ਕਿ ਪੂਰਾ ਲੇਖ ਪੜ੍ਹਨ ਤੋਂ ਬਾਅਦ ਕਿਸੇ ਹੱਦ ਤੱਕ ਤੁਹਾਨੂੰ ਇਹ ਸਿਰਲੇਖ ਢੁੱਕਵਾਂ ਲੱਗੇ। ਸੋ ਪੜ੍ਹੋ ਜੀ ਤੇ ਵਿਚਾਰੋ ਜੀ ਕੀ ਜੇ ਸਰਤਾਜ ਬੰਦਾ ਨਹੀਂ ਤਾਂ ਹੋਰ ਕੀ ਹੈ।

ਦੋਸਤੋ ਵਕਤ ਦਾ ਘੋੜਾ ਆਪਣੀ ਰਫ਼ਤਾਰ ਨਾਲ ਚਲਦਾ ਰਹਿੰਦਾ ਹੈ ਤੇ ਵੇਲੇ-ਵੇਲੇ ਸਿਰ ਇਸ ਦੇ ਸਵਾਰ ਬਦਲਦੇ ਰਹਿੰਦੇ ਹਨ ਅਤੇ ਕਿਸੇ ਦੇ ਪੱਲੇ ਕੁੱਝ ਪਲ ਦੀ ਸਵਾਰੀ ਆਉਂਦੀ ਹੈ ਤੇ ਕੋਈ ਕਿਸਮਤ ਵਾਲਾ ਲੰਬੀ ਰੇਸ ਲਾਉਣ 'ਚ ਕਾਮਯਾਬ ਹੋ ਜਾਂਦਾ ਹੈ ਤੇ ਫੇਰ ਲੋਕੀ ਉਸ ਨੂੰ ਸ਼ਾਹ-ਸਵਾਰ ਦਾ ਦਰਜਾ ਦਿੰਦੇ ਹਨ। ਅੱਜਕੱਲ੍ਹ ਪੰਜਾਬੀ ਮਾਂ ਬੋਲੀ ਦੇ ਇਸ ਵਕਤੀ ਘੋੜੇ 'ਤੇ ਸਵਾਰ ਦਾ ਨਾਂ ਹੈ 'ਸਤਿੰਦਰ ਸਰਤਾਜ'। ਕਰੀਬ ਦੋ ਕੁ ਵਰ੍ਹੇ ਪਹਿਲਾਂ ਇੱਕ ਦਿਨ ਯੂ ਟਿਊਬ 'ਤੇ ਅਚਾਨਕ ਨਜ਼ਰੀਂ ਪਈ 'ਫ਼ਿਲਹਾਲ' ਨਾਂ ਦੀ ਇੱਕ ਵੀਡੀਓ ਨੇ ਮੈਨੂੰ ਮਲੋ-ਮੱਲੀ ਕਮੈਂਟ ਲਿਖਣ ਲਈ ਮਜਬੂਰ ਕਰ ਦਿੱਤਾ ਸੀ ਤੇ ਮੇਰੇ ਚੰਗੀ ਤਰ੍ਹਾਂ ਉਹ ਕਮੈਂਟ ਯਾਦ ਹੈ, ਜਿਸ ਵਿੱਚ ਮੈਂ ਇਸ ਮੁੰਡੇ ਨੂੰ 'ਫ਼ਸਲੀ ਬਟੇਰਿਆਂ ਦੇ ਯੁੱਗ ਵਿੱਚ ਆਇਆ ਲੰਮੀ ਰੇਸ ਦਾ ਘੋੜਾ' ਲਿਖਿਆ ਸੀ। ਪਰ ਜਦੋਂ ਮੈਂ ਕਿਸੇ ਕੋਲ ਇਸ ਮੁੰਡੇ ਦਾ ਜ਼ਿਕਰ ਕਰਦਾ ਤਾਂ ਅੱਗੋਂ ਅਣਜਾਣ ਹੀ ਟੱਕਰ ਦਾ।

ਉਸ ਵਕਤ ਕੁੱਝ ਮਾਹਿਲਪੁਰ ਦੇ ਪੜ੍ਹਾਕੂ ਸਾਡੇ ਨਾਲ ਸਾਊਥ ਆਸਟ੍ਰੇਲੀਆ ਦੀ ਪੰਜਾਬੀ ਵਸੋਂ ਵਾਲੇ ਇਲਾਕੇ ਰਿਵਰਲੈਂਡ ਵਿੱਚ ਸ਼ੌਕ ਵੱਜੋ ਫੁੱਟਬਾਲ ਖੇਡਣ ਆਉਂਦੇ ਸਨ ਤੇ ਜਦ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਹਾਡੇ ਇਲਾਕੇ ਦੇ ਇਸ ਮੁੰਡੇ ਨੂੰ (ਸਰਤਾਜ) ਜਾਣਦੇ ਹੋ ? ਤਾਂ ਕਹਿੰਦੇ, "ਬਾਈ ਜੀ ਜਣਾ-ਖਣਾ ਗਾਉਣ ਤੁਰ ਪਿਆ ਕੀਹਨੂੰ-ਕੀਹਨੂੰ ਯਾਦ ਰੱਖੀਏ"। ਪਰ ਜਦ ਮੈਂ ਉਨ੍ਹਾਂ ਨੂੰ ਸਰਤਾਜ ਦੀ ਵੀਡੀਓ ਆਪਣੇ ਮੋਬਾਈਲ 'ਤੇ ਦਿਖਾਈ ਤਾਂ ਕਹਿੰਦੇ ਯਾਰ ਇਹ ਤਾਂ "ਬਾ-ਕਮਾਲ" ਹੈ ਤੇ ਸਾਨੂੰ ਪਤਾ ਹੀ ਨਹੀਂ। ਸਾਨੂੰ ਵੀ ਇਹ ਵੀਡੀਓ ਭੇਜ ਦਿਓ ਤੇ ਨਾਲੇ ਇਸ ਦੀ ਟੇਪ ਦਾ ਨਾਂ ਵੀ ਦੱਸ ਦਿਓ। ਮੈਂ ਕਿਹਾ ਬੱਸ ਇਹੀ ਤਾਂ ਰੌਲਾ ਵੀਰ, ਮੈਂ ਵੀ ਤਾਂ ਇਸ ਦੀ ਟੇਪ ਲੱਭਦਾ ਫਿਰਦਾਂ। ਹਾਲੇ ਤਕ ਤਾਂ ਕੋਈ ਮਿਲੀ ਨਹੀਂ, ਬੱਸ ਯੂ ਟਿਊਬ 'ਤੇ ਹੀ ਕੁੱਝ ਕੁ ਵੀਡੀਓ ਪਏ ਹਨ।

ਬੱਸ ਇਹੀ ਜਿਗਿਆਸਾ ਹਰ ਇੱਕ ਮੂਹਰੇ ਮੈਨੂੰ ਇਹ ਬਾਤ ਪਾਉਣ ਲਈ ਮਜਬੂਰ ਕਰਦੀ ਰਹੀ ਪਰ ਪੱਲੇ ਕੁੱਝ ਵੀ ਨਾਂ ਪਿਆ। ਹਰ ਇੱਕ ਸਰਤਾਜ ਨੂੰ ਸੁਣ ਕੇ ਇੱਕ ਫ਼ੋਨ ਜ਼ਰੂਰ ਕਰ ਦਿੰਦਾ ; "ਬਾਈ ਆਹ ਤਾਂ ਤੂੰ ਚੰਗਾ ਦੱਸ ਦਿਤਾ"। ਇਹ ਮੁੰਡਾ ਤਾਂ "ਕਿਆ ਬਾਤ ਹੀ-ਹੈ"। ਬੱਸ ਅੱਜਕੱਲ੍ਹ ਤਾਂ ਸਾਰਾ ਦਿਨ ਸਰਤਾਜ ਹੀ ਸੁਣੀਦਾ। ਹਰ ਕੋਈ ਉਸ ਨੂੰ ਸੁਣ ਕੇ ਉਸ ਦਾ ਮੁਰੀਦ ਹੋ ਜਾਂਦਾ ਤੇ ਉਸ ਦੇ ਮੁਰੀਦਾਂ ਦੀਆਂ ਬੜੀਆਂ ਦਿਲਚਸਪ ਗੱਲਾਂ ਸੁਣਨ ਨੂੰ ਮਿਲਦੀਆਂ, ਜਿਨ੍ਹਾਂ ਵਿਚੋਂ ਇੱਕ ਦਾ ਮੈਂ ਇਥੇ ਜ਼ਿਕਰ ਕਰਨਾ ਚਾਹਾਂਗਾ ਤੇ ਉਹ ਹੈ ; ਅਕਸਰ ਹੀ ਮੈਂ ਸੁਮਿਤ ਟੰਡਨ ਫ਼ੋਨ ਉੱਤੇ ਗੱਲੀਂ-ਬਾਤੀਂ ਦੁਨੀਆ ਦਾ ਬੋਝ ਢੋਂਦੇ ਹਾਂ। ਸਾਡੀ ਗੱਲ ਅਕਸਰ ਹੀ ਘੰਟਿਆਂ 'ਚ ਹੁੰਦੀ ਹੈ ਤੇ ਨਾਲ ਬੈਠੇ ਸੁਣਨ ਵਾਲੇ ਸਾਡੇ 'ਤੇ ਔਖੇ ਹੋ ਜਾਂਦੇ ਹਨ। ਜਦੋਂ ਇੱਕ ਦਿਨ ਮੈਂ ਸੁਮਿਤ ਨੂੰ ਸਰਤਾਜ ਬਾਰੇ ਦੱਸਿਆ ਤਾਂ ਉਹ ਆਪਣੇ ਸੁਭਾਅ ਮੁਤਾਬਿਕ ਕਹਿੰਦਾ ਵੀਰ ਜੀ ਇਹ ਕੀ ਸ਼ੈਅ ਆ ? ਇੱਕ ਵਾਰ ਤਾਂ ਮੈਨੂੰ ਲੱਗਿਆ ਕਿ ਉਹ ਅੱਜ ਵੀ ਰੋਜ਼ ਵਾਂਗ ਮੈਨੂੰ ਬਣਾ ਰਿਹਾ ਹੈ। ਪਰ ਸੱਚੀਂ ਉਸ ਨੇ ਹਾਲੇ ਤੱਕ ਸਰਤਾਜ ਨੂੰ ਨਹੀਂ ਸੀ ਸੁਣਿਆ। ਉਸ ਨੇ ਮੇਰੇ ਨਾਲ ਗੱਲਾਂ ਕਰਦੇ-ਕਰਦੇ ਹੀ ਨੈੱਟ 'ਤੇ ਸਰਤਾਜ ਭਾਲ ਲਿਆ ਅਤੇ ਥੋੜ੍ਹਾ ਜਿਹਾ ਸੁਣ ਕੇ

ਕਹਿੰਦਾ; ਬਾਈ ਜੀ ਆਪਾਂ ਫੇਰ ਗੱਲ ਕਰਦੇ ਆਂ, ਤੁਸੀਂ ਵੀ ਜਰਾ ਗਲ਼ੇ ਨੂੰ ਸਾਹ ਦੁਆ ਲਓ।

ਉਹ ਦਿਨ ਬੀਤਿਆ, ਕਈ ਦਿਨ ਉਸ ਦੀ ਆਵਾਜ਼ ਸੁਣਨ ਨੂੰ ਨਹੀਂ ਮਿਲੀ ? ਕਈ ਦਿਨਾਂ ਦੀ ਉਡੀਕ ਤੋਂ ਪਿੱਛੋਂ ਜਦ ਮੈਂ ਡਰਦੇ-ਡਰਦੇ ਜਿਹੇ ਉਸ ਨੂੰ ਫ਼ੋਨ ਕੀਤਾ ਕਿ ਖੌਰੇ ਸੁੱਖ ਹੀ ਹੋਵੇ ? ਤਾਂ ਮੂਹਰੋਂ ਉਸ ਦੀ ਹੋਮ ਮਨਿਸਟਰ ਨੇ ਫ਼ੋਨ ਚੁੱਕਿਆ, ਜਿਸ ਵਿਚਾਰੀ ਦਾ ਪੰਜਾਬੀ 'ਚ ਹੱਥ ਤੰਗ ਹੀ ਹੈ। ਜੇ ਕਦੇ ਬੋਲਣ ਦੀ ਕੋਸ਼ਿਸ਼ ਕਰਦੀ ਵੀ ਹੈ ਤਾਂ ਜਿਵੇਂ ਮੇਰੀ ਅੰਗਰੇਜ਼ੀ ਮੁੱਕ ਜਾਂਦੀ ਹੈ ਓਵੇਂ ਹੀ ਉਸ ਵਿਚਾਰੀ ਦੀ ਪੰਜਾਬੀ ਮੁੱਕ ਜਾਂਦੀ ਹੈ। ਜਦ ਮੈਂ ਉਸ ਤੋਂ ਖ਼ੈਰ-ਸੁੱਖ ਜਾਣਨੀ ਚਾਹੀ ਤਾਂ ਉਹ ਮੈਨੂੰ ਹਿੰਦੀ ਵਿੱਚ ਕਹਿਣ ਲੱਗੀ: "ਭਾਈ ਸਾਹਿਬ ਜਿਸ ਦਿਨ ਕਾ ਆਪ ਨੇ ਇਨ ਕੋ ਸਰਤਾਜ ਕੇ ਬਾਰੇ ਮੇਂ ਬਤਾਇਆ ਹੈ ਬੱਸ ਸਾਰਾ ਦਿਨ ਉਨ ਕੋ ਹੀ ਸੁਨਤੇ ਰਹਤੇ ਹੈਂ, ਲਗਤਾ ਹੈ, ਇਨ ਕੋ ਉਨ ਸੇ ਪਿਆਰ ਹੋ ਗਿਆ ਹੈ। ਅਬ ਤੋਂ ਮੈਂ ਭੀ ਸਾਈਂ ਵਾਲੇ ਗੀਤ ਕੋ ਬਿਨਾਂ ਸੁਨੇ ਗਾ ਸਕਤੀ ਹੂੰ "। ਸੋ ਕਹਿਣ ਦਾ ਮਤਲਬ ਹਰ ਕੋਈ 'ਪਹਿਲੀ ਨਜ਼ਰੇ ਸਰਤਾਜ ਦਾ ਮੁਰੀਦ ਬਣ ਜਾਂਦਾ ਹੈ'।

ਪਰ ਮੇਰੇ ਮਨ ਵਿੱਚ ਸਰਤਾਜ ਬਾਰੇ ਹੋਰ ਜਾਣਨ ਦੀ ਲਾਲਸਾ ਉਸੇ ਤਰ੍ਹਾਂ ਹੀ ਸੁਲਗਦੀ ਰਹੀ। ਹੌਲੀ-ਹੌਲੀ ਕੁੱਝ ਇੱਕ ਹੋਰ ਵੀਡੀਓ ਨੈੱਟ 'ਤੇ ਦੇਖਣ ਨੂੰ ਮਿਲੇ, ਉਨ੍ਹਾਂ ਨਾਲ ਵੀ ਸਬਰ ਨਾ ਆਇਆ, ਫੇਰ ਕੈਨੇਡਾ 'ਚ ਹੋਏ ਸਤਿੰਦਰ ਦੇ ਸ਼ੋਆਂ ਬਾਰੇ ਸੁਣਨ ਨੂੰ ਮਿਲਿਆ। ਹੌਲੀ-ਹੌਲੀ ਮੀਡੀਆ ਰਾਹੀਂ ਕਾਫ਼ੀ ਕੁੱਝ ਪਤਾ ਲੱਗ ਗਿਆ ਸਰਤਾਜ ਬਾਰੇ। ਕੀ ਇਸ ਦੀ ਪੀ.ਐੱਚ.ਡੀ. ਕੀਤੀ ਹੋਈ ਹੈ ਤੇ ਇਹ ਚੰਡੀਗੜ੍ਹ ਵਿੱਚ ਪ੍ਰੋਫੈਸਰ ਲੱਗਿਆ ਹੋਇਆ ਹੈ ਤੇ ਹਾਲੇ ਤੱਕ ਇਸ ਦੀ ਕੋਈ ਟੇਪ ਨਹੀਂ ਆਈ। ਹੋਰ ਵੀ ਬਹੁਤ ਕੁੱਝ ਪਤਾ ਚੱਲਿਆ ਇਸ ਬਾਰੇ ਪਰ ਮੇਰੇ ਜਿਹੇ ਨਜ਼ਰੀਏ ਵਾਲੇ ਇਨਸਾਨ ਲਈ ਇਹ ਸਭ ਕੁੱਝ ਕਾਫ਼ੀ ਨਹੀਂ ਸੀ।

ਇੰਨੇ ਨੂੰ ਕੰਨੀ ਖ਼ਬਰਾਂ ਪਈਆਂ ਕਿ ਸਰਤਾਜ ਹੋਰੀਂ ਆਸਟ੍ਰੇਲੀਆ ਆ ਰਹੇ ਹਨ। ਸੁਣਦੇ ਸਾਰ ਵਾਂਛਾ ਖਿੜ ਗਈਆਂ। ਪਰ ਮੇਰਾ ਇਹ ਚਾਅ ਇਕੋ ਝਟਕੇ ਖੁੱਸ ਗਿਆ ਜਦੋਂ ਮੈਨੂੰ ਪਤਾ ਲੱਗਿਆ ਕਿ ਮੇਰੇ ਸ਼ਹਿਰ ਐਡੀਲੇਡ ਵਿੱਚ ਉਹ ਛੇ ਦਸੰਬਰ ਨੂੰ ਆ ਰਹੇ ਹਨ ਅਤੇ ਮੈਂ ਪੂਰੇ ਢਾਈ ਵਰ੍ਹਿਆਂ ਪਿੱਛੋਂ 29 ਨਵੰਬਰ ਨੂੰ ਇੰਡੀਆ ਦੀਆਂ ਟਿਕਟਾਂ ਲਈ ਬੈਠਾ ਸੀ। ਰਹਿ-ਰਹਿ ਕੇ ਮੁਕੱਦਰ ਨੂੰ ਕੋਸ ਰਿਹਾ ਸਾਂ; ਤੇ ਅੰਦਰੋਂ-ਅੰਦਰੀ ਦੂਜਿਆਂ ਉੱਤੇ ਸੜ ਰਿਹਾ ਸਾਂ। ਪਰ ਅਚਾਨਕ ਹੀ ਇੱਕ ਦਿਨ ਅਮਨਦੀਪ ਸਿੱਧੂ ਜਿਸ ਨਾਲ ਭਾਵੇਂ ਮੇਰਾ ਪਹਿਲਾਂ ਕਦੇ ਮੇਲ ਨਹੀਂ ਸੀ ਹੋਇਆ ਪਰ ਮੈਨੂੰ ਉਸ ਵੱਲੋਂ ਪੰਜਾਬੀ ਕਲਚਰ ਵਿੱਚ ਪਾਏ ਜਾ ਰਹੇ ਯੋਗਦਾਨ ਬਾਰੇ ਡੱਕਾ-ਡੱਕਾ ਪਤਾ ਸੀ ਅਤੇ ਮੈਂ ਉਸ ਤੋਂ ਇਸ ਲਈ ਪ੍ਰਭਾਵਿਤ ਸੀ ਕਿਉਂਕਿ ਕਿ ਉਹ ਇੱਕ ਵੱਖਰੇ ਸੁਮੇਲ ਦਾ ਮਾਲਕ ਹੈ। ਜਿੱਥੇ ਉਸ ਨੂੰ ਅਤਿ-ਆਧੁਨਿਕ ਨੈੱਟਵਰਕਿੰਗ ਵਿੱਚ ਮੁਹਾਰਤ ਹਾਸਿਲ ਹੈ, ਉੱਥੇ ਉਹ ਉਨ੍ਹਾਂ ਹੀ ਆਪਣੇ ਪੁਰਾਣੇ ਵਿਰਸੇ ਪ੍ਰਤੀ ਚਿੰਤਤ ਵੀ ਹੈ ਜੋ ਬੜੀ ਸਫਲਤਾ ਨਾਲ ਵਿਰਾਸਤ ਨਾ ਦੀ ਇੱਕ ਨਿਰੋਲ ਗ਼ੈਰ ਵਪਾਰਕ ਸੰਸਥਾ ਨੂੰ ਚਲਾ ਰਿਹਾ ਹੈ। ਉਸੇ ਤਹਿਤ ਉਹ ਸਰਤਾਜ ਦੇ ਸ਼ੋਅ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿੱਚ ਕਰਵਾ ਰਿਹਾ। ਜਦ ਮੈਂ ਉਸ ਕੋਲ ਆਪਣੀ ਸਮੱਸਿਆ ਦੱਸੀ ਤਾਂ ਉਹ ਕਹਿੰਦਾ ਵੀਰ ਇਹ ਕਿਹੜੀ ਦਿਲ ਨੂੰ ਲਾਉਣ ਵਾਲੀ ਗੱਲ ਆ, ਤੁਸੀਂ 22 ਨਵੰਬਰ ਨੂੰ ਤਾਂ ਇਥੇ ਹੀ ਹੋਵੋਗੇ ਕਿ ਨਹੀ ? 22 ਨਵੰਬਰ ਨੂੰ ਸਰਤਾਜ ਹੋਰਾਂ ਦਾ ਸ਼ੋਅ ਬ੍ਰਿਸਬੇਨ 'ਚ ਹੋਵੇਗਾ ਤੇ ਬੱਸ ਐਡੀਲੇਡ ਤੋਂ ਜਹਾਜ਼ ਚੜ੍ਹਿਓ ਫੇਰ ਉੱਥੇ ਲਾਉਣੇ ਆ ਮਹਿਫ਼ਲਾਂ। 'ਨਾਲੇ ਅੱਜ ਕੱਲ੍ਹ ਤਾਂ ਦੁਨੀਆ ਸੁੰਗੜ ਗਈ, ਬਾਂਹ ਪਹੁੰਚਦੀ ਆ ਬ੍ਰਿਸਬੇਨ' । ਮੇਰੇ ਵੀ ਗੱਲ ਦਿਲ ਨੂੰ ਲੱਗ ਗਈ ਤੇ ਮੈਂ ਵੀ ਘੜ ਲਈ ਸਕੀਮ ਤੇ ਕਰਾ ਲਈ ਟਿਕਟ ਬੁੱਕ। ਜਦ ਮੇਰੇ ਇਸ ਪ੍ਰੋਗਰਾਮ ਦਾ ਪਤਾ

ਸੁਮਿਤ ਤੇ ਮੇਰੇ ਜੁੰਡੀ ਦੇ ਯਾਰ ਜੌਲੀ ਨੂੰ ਲੱਗਿਆ ਤਾਂ ਉਹ ਵੀ ਜੁਆਕਾ ਵਾਂਗੂੰ ਅੜ ਕੇ ਬਹਿ ਗਏ। ਕਹਿਣ ਲਗੇ: ਵੀਰ ਅਸੀਂ ਵੀ ਜਾਣਾ ਤੁਹਾਡੇ ਨਾਲ, ਕੇਰਾਂ 'ਕਲ੍ਹਾ ਜਾ ਕੇ ਦਿਖਾਈ ਤਾਂ ਸਹੀ। ਬ੍ਰਿਸਬੇਨ ਦੀਆਂ ਟਿਕਟਾਂ ਮੌਕੇ 'ਤੇ ਨਾ ਮਿਲਣ ਕਾਰਨ ਗੋਲਡ ਕੋਸਟ ਦੀਆਂ ਹੀ ਲੈ ਲਈਆਂ; ਕਿਤੇ ਆਹ ਵੀ ਹੱਥੋਂ ਨਾ ਜਾਂਦੀਆਂ ਰਹਿਣ ਤੇ ਜਦ ਮੈਂ ਇਹਨਾਂ ਨੂੰ ਦੱਸਿਆ ਤਾਂ ਇੱਕ ਗੱਲੋਂ ਤਾਂ ਇਹ ਖ਼ੁਸ਼ ਹੋਏ ਕੇ ਚਲੋ ਬਹਾਨੇ ਸਿਰ ਗੋਲਡ ਕੋਸਟ ਦੇਖ ਲਵਾਂਗੇ। ਪਰ ਫ਼ਿਕਰ ਇਸ ਗੱਲ ਦਾ ਕਰੀ ਜਾਣ ਕਿ ਗੋਲਡ ਕੋਸਟ ਤੋਂ ਅਗਾਂਹ ਦਾ ਕੀ ਜੁਗਾੜ ਬਣੂ ? ਮੈਨੂੰ ਫ਼ੋਨ ਕਰਕੇ ਪੁੱਛਿਆ ਤਾਂ ਮੈਂ ਕਿਹਾ ਕਿਉਂ ਘਬਰਾਉਣੇ ਹੋ ਯਾਰ ? ਦੱਸੋ ਆਪਣਾ ਵੱਡਾ ਬਾਈ ਬੋਪਾਰਾਏ ਕਦੋਂ ਕੰਮ ਆਊ ? ਤੇ ਜੇ ਨਾਲੇ ਅੱਜ ਨਾ ਵਰਤਿਆ ਤਾਂ ਫੇਰ ਆਪਾਂ ਕਿਹੜਾ 'ਰਗੜ ਕੇ ਫੋੜੇ 'ਤੇ ਲਾਉਣਾ'। ਆਪੇ ਸਾਂਭੂ।

ਪਰ ਇਹ ਗੱਲਾਂ ਤਾਂ ਸਭ ਠੀਕ ਸਨ, ਰੌਲਾ ਉਹੀ ; ਕਿ ਇੰਨੇ ਦਿਨ ਉਡੀਕ ਕਰੇ ਕੋਣ ? ਹਾਲੇ ਤਾਂ ਦੱਸ ਦਿਨ ਪਏ ਸਨ ਇਹ ਪ੍ਰੋਗਰਾਮ ਹੋਣ 'ਚ ਤਾਂ ! ਫੇਰ ਉਹੀ ਦੁਚਿੱਤੀ 'ਚ ਅਮਨਦੀਪ ਸਿੱਧੂ ਨੂੰ ਫ਼ੋਨ ਕੀਤਾ ਤਾਂ ਉਸ ਨੇ ਫੇਰ ਮੈਨੂੰ ਦੁਚਿੱਤੀ ਵਿਚੋਂ ਕੱਢਦੇ ਨੇ ਕਿਹਾ ਇਹ ਕਿਹੜੀ ਵੱਡੀ ਗੱਲ ਹੈ, ਆਪਾਂ ਉਸ ਤੋਂ ਪਹਿਲਾਂ ਹੀ ਤੁਹਾਡੀ ਗੱਲ ਫ਼ੋਨ 'ਤੇ ਕਰਵਾ ਦਿੰਦੇ ਹਾਂ। ਸਰਤਾਜ ਹੋਰਾਂ ਨਾਲ।

ਚਲੋ ਜੀ ਕਿਵੇਂ ਨਾ ਕਿਵੇਂ ਅੱਤ ਦੇ ਰੁਝੇਵਿਆਂ ਵਿੱਚ ਦੀ ਇੱਕ ਫ਼ੁਰਸਤ ਦੀ ਭੀੜੀ ਗਲੀ ਬਣਾ ਲਈ ਤੇ ਸੁੰਨਸਾਨ ਸੜਕ ਦੇ ਕੰਢੇ ਕਾਰ ਰੋਕ ਕੇ ਮਿਲਾ ਲਿਆ ਆਪਣੇ ਇਸ ਮਹਿਬੂਬ ਕਲਾਕਾਰ ਨੂੰ ਫ਼ੋਨ, ਕੁੱਝ ਨਵਾਂ ਜਾਣਨ ਲਈ। ਸਰਤਾਜ ਦੂਜੇ ਦਿਨ ਹੀ ਨਿਊਜ਼ੀਲੈਂਡ ਦੀ ਫਲਾਈਟ ਹੋਣ ਕਾਰਨ ਤਿਆਰੀ ਵਿੱਚ ਬਹੁਤ ਰੁੱਝਿਆ ਹੋਇਆ ਸੀ ਪਰ ਫੇਰ ਵੀ ਉਸ ਨਾਲ ਜਿੰਨਾ ਕੁ ਵਕਤ ਮੈਂ ਗੱਲ ਕਰ ਸਕਿਆ ਉਸ ਨੇ ਮੇਰੇ ਸਰਤਾਜ ਪ੍ਰਤੀ ਸਾਰੇ ਸਮੀਕਰਨ ਹੀ ਬਦਲ ਕੇ ਰੱਖ ਦਿਤੇ। ਜੋ ਮੈਂ ਸੋਚਦਾ ਹੁੰਦਾ ਸੀ, ਉਹ ਤਾਂ ਅਸਲ ਨਾਲੋਂ ਬਹੁਤ ਵੱਖਰਾ ਸੀ। ਕਿਉਂਕਿ ਉਸ ਬਾਰੇ ਹੁਣ ਤਕ ਜੋ ਮੈਂ ਪੜ੍ਹਿਆ ਸੁਣਿਆ ਸੀ ਉਸ ਨਾਲ ਉਸ ਵਿਚੋਂ ਇੱਕ ਸੂਫ਼ੀ ਗਾਇਕ ਤੇ ਜਾਂ ਫੇਰ ਇੱਕ ਪੜ੍ਹਿਆ ਲਿਖਿਆ ਡਾਕਟਰ ਸਤਿੰਦਰ ਸਰਤਾਜ ਦੇ ਦਰਸ਼ਨ ਹੀ ਹੋਏ ਸਨ। ਪਰ ਅੱਜ ਦੀ ਇਸ ਮੁਲਾਕਾਤ ਨੇ ਤਾਂ ਮੇਰੇ ਮੂਹਰੇ ਫੇਰ ਉਹੀ ਸਵਾਲ ਖੜ੍ਹਾ ਕਰ ਦਿਤਾ ਜੋ ਅੱਜ ਤੋਂ ਦਸ-ਪੰਦਰ੍ਹਾਂ ਵਰ੍ਹੇ ਪਹਿਲਾਂ ਗੁਰਦਾਸ ਮਾਨ ਪ੍ਰਤੀ ਪੈਦਾ ਹੋਇਆ ਸੀ ਕਿ : 'ਕੀ ਗੁਰਦਾਸ ਵੀ ਕੋਈ ਬੰਦੈ' ? ਪਰ ਅੱਜ ਸਵਾਲ ਗੁਰਦਾਸ ਦੇ ਇਰਦ-ਗਿਰਦ ਨਾ ਘੁੰਮ ਕੇ ਸਰਤਾਜ ਨੂੰ ਲਪੇਟੀ ਜਾ ਰਿਹਾ ਸੀ ਕਿ : 'ਕੀ ਸਰਤਾਜ ਕੋਈ ਬੰਦੈ' ?

ਹੁਣ ਤੱਕ ਦੀ ਜ਼ਿੰਦਗੀ ਵਿੱਚ ਬਹੁਤ ਸਾਰੇ ਫ਼ਨਕਾਰ ਸੁਣੇ ਤੇ ਦੇਖੇ ਪਰ ਜੇ ਅਦਬ ਨਾਲ ਕਿਸੇ ਮੂਹਰੇ ਸਿਰ ਝੁੱਕਦਾ ਹੈ ਤਾਂ ਉਹ ਗੁਰਦਾਸ ਮਾਨ ਹੀ ਹੈ, ਤੇ ਹਰ ਵਕਤ ਉਨ੍ਹਾਂ ਦੀ ਸਲਾਮਤੀ ਮੰਗਦੇ ਇਹੀ ਦੁਆ ਕੀਤੀ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਇਹ ਸਫ਼ਰ ਮੇਰੇ ਤੋਂ ਪਹਿਲਾਂ ਨਾ ਮੁੱਕੇ'। ਮਨ ਅੰਦਰ ਇੱਕ ਅਜੀਬ ਜਿਹੀ ਸੋਚ ਲੱਗੀ ਰਹਿੰਦੀ ਸੀ ਕੀ ਮੇਰਾ ਪੰਜਾਬ ਕਦੇ ਕੋਈ ਹੋਰ ਇਹੋ ਜਿਹਾ ਕਲਾਕਾਰ ਪੈਦਾ ਕਰ ਸਕੇਗਾ ਕਿ ਨਹੀਂ ?

ਪਰ ਕੁਦਰਤ ਦਾ ਇੱਕ ਅਸੂਲ ਰਿਹਾ ਕਿ ਉਹ ਹਰ ਇੱਕ ਦਾ ਬਦਲ ਜ਼ਰੂਰ ਪੈਦਾ ਕਰਦੀ ਹੈ ਤੇ ਕਰਦੀ ਵੀ ਉਸ ਨਾਲੋਂ ਕੁੱਝ ਵੱਧ ਕੇ ਹੈ, ਮੇਰਾ ਇਥੇ ਇਹ ਲਿਖਣਾ ਮਾਨ ਸਾਹਿਬ ਦੀ ਸ਼ਖ਼ਸੀਅਤ ਨੂੰ ਝੁਠਲਾਉਣਾ ਨਹੀਂ; ਮੇਰੇ ਕਹਿਣ ਦਾ ਮਤਲਬ ਹੈ ਜੋ ਕੁੱਝ ਲੋਕ ਉਨ੍ਹਾਂ ਦੀ ਗਾਇਕੀ 'ਤੇ ਕਿੰਤੂ ਪਰੰਤੂ ਕਰਦੇ ਸਨ ਸਤਿੰਦਰ ਦੇ ਰੂਪ ਵਿੱਚ ਜੋ ਬਦਲ ਗੁਰਦਾਸ ਮਾਨ ਦਾ ਸਾਨੂੰ ਮਿਲਿਆ ਉਹ ਅੱਜ ਦੀ ਘੜੀ ਤਾਂ ਚਾਰੇ ਖ਼ਾਨਿਓਂ ਪੂਰਾ ਜਾਪ ਰਿਹਾ ਤੇ ਕੱਲ੍ਹ ਕਿਸੇ ਦੇਖਿਆ ਨਹੀਂ। ਭਾਵੇਂ ਗੁਰਦਾਸ ਮਾਨ ਹੋਰਾਂ ਇਕ

ਲੰਮਾ ਪੈਂਡਾ ਤੈਅ ਕਰਕੇ ਜੋ ਕੁੱਝ ਸਾਬਤ ਕਰ ਦਿੱਤਾ ਹੈ ਉਸ ਨੂੰ ਛੂਹ ਸਕਣਾ ਹਾਲੇ ਸਤਿੰਦਰ ਲਈ ਖਾਲਾ ਜੀ ਦਾ ਵਾੜਾ ਨਹੀਂ।

ਲਓ ਜੀ ਇਹ ਸਿੱਟਾ ਤਾਂ ਅਸੀਂ ਸਰਤਾਜ ਨਾਲ ਇਕੱਲੀ ਫ਼ੋਨ ਤੇ ਗੱਲ ਕਰਕੇ ਕੱਢ ਲਿਆ ਸੀ। ਪਰ ਕਹਿੰਦੇ ਹਨ ਕਿ ਅੱਖੀਂ ਦੇਖੇ ਬਿਨਾਂ ਕਿਸੇ ਗੱਲ ਨੂੰ ਤੂਲ ਨਹੀਂ ਦੇਣਾ ਚਾਹੀਦਾ। ਸੋ ਉਹ ਦਿਨ ਵੀ ਆ ਪਹੁੰਚਿਆ ਜਦੋਂ ਅਸੀਂ ਐਡੀਲੇਡ ਦੇ ਏਅਰਪੋਰਟ ਤੇ ਚਾਈਂ-ਚਾਈਂ ਆ ਪਹੁੰਚੇ ਬ੍ਰਿਸਬੇਨ ਜਾਣ ਲਈ। ਪਰ ਸਾਡਾ ਇਹ ਚਾਅ ਤਾਂ ਕੁੱਝ ਇੱਕ ਪਲਾਂ ਵਿੱਚ ਹੀ ਸਾਥੋਂ ਖੁੱਸ ਗਿਆ ਜਦੋਂ ਇੱਕ ਯਾਦਗਾਰ ਫੋਟੋ ਲਾਹਉਂਦੇ-ਲਾਹਉਂਦੇ ਅਸੀਂ ਟਾਈਗਰ ਏਅਰਲਾਈਨਜ਼ ਦੇ ਕਾਊਂਟਰ ’ਤੇ ਪਹੁੰਚਣ ਵਿੱਚ ਦੋ ਮਿੰਟ ਲੇਟ ਹੋ ਗਏ। ਜਦੋਂ ਸੁਮਿਤ ਨੇ ਉੱਥੇ ਬੈਠੀ ਗੋਰੀ ਮੂਹਰੇ ਟਿਕਟ ਰੱਖੀ ਤਾਂ ਉਹ ਸਾਡੀ ਭੂਰੀ ਮੱਝ ਆਂਗੂ ਸਿਰ ਮਾਰੀ ਜਾਵੇ, ਆਖੇ ਹੁਣ ਤਾਂ ਬੱਸ ਕੱਲ੍ਹ ਨੂੰ ਹੀ ਭੇਜ ਸਕਦੇ ਹਾਂ ਤੁਹਾਨੂੰ। ਅਸੀਂ ਬਥੇਰੀਆਂ ਲੇਲ੍ਹੜੀਆਂ ਕੱਢੀਆਂ ਕਿ ‘ਤੀਆਂ ਮਗਰੋਂ ਅਸੀਂ ਕੀ ਲੁੰਗੀ ਫੂਕਣੀ ਆ’, ਸਤਿੰਦਰ ਦਾ ਸ਼ੋਅ ਤਾਂ ਅੱਜ ਰਾਤ ਦਾ। ਜਦੋਂ ਕੋਈ ਵਾਹ ਨਾ ਚਲਿਆ ਤਾਂ ਸਾਡੀ ਸ਼ਕਲ ਇੰਝ ਹੋ ਗਈ ਜਿਵੇਂ ਗੰਢਿਆਂ ਦੇ ਵਪਾਰ ਵਿੱਚ ਘਾਟਾ ਪੈ ਗਿਆ ਹੋਵੇ। ਦੂਜੀ ਏਅਰਲਾਈਨਜ਼ ਵਾਲਿਆਂ ਨਾਲ ਗੱਲ ਕੀਤੀ ਤਾਂ ਉਹ ਕਹਿਣ ਸਾਡੇ ਕੋਲ ਤਾਂ ਅੱਜ ਦੀਆਂ ਬੱਸ ਦੋ ਹੀ ਟਿਕਟਾਂ ਹਨ ਜੌਲੀ ਕਹੇ ਤੁਸੀਂ ਜਾ ਆਓ, ਸੁਮਿਤ ਕਹੇ ਨਹੀਂ ਤੁਸੀ ਦੋਨੋਂ ਜਾ ਆਓ। ਪਰ ਮੈਨੂੰ ਉਨ੍ਹਾਂ ਦੀ ਇਸ ਕੁਰਬਾਨੀ ਵਿੱਚੋਂ ਉਨ੍ਹਾਂ ਦੀ ਬੇਬਸੀ ਦਿਖਾਈ ਦੇ ਰਹੀ ਸੀ। ਹੋਰ ਤਰੀਕਿਆਂ ਬਾਰੇ ਸੋਚਿਆ ਕਿ ਕਿਵੇਂ ਪਹੁੰਚਿਆ ਜਾ ਸਕਦਾ। ਕਾਰ ਰਾਹੀਂ ਪੱਚੀ ਸੌ ਕਿੱਲੋਮੀਟਰ ਕਿਸੇ ਢੰਗ ਨਾਲ ਦੱਸ-ਬਾਰ੍ਹਾਂ ਘੰਟਿਆਂ ’ਚ ਹੋ ਨਹੀਂ ਸੀ ਸਕਦੀ। ਅਖੀਰ ਇੱਕ ਏਅਰਲਾਈਨਜ਼ ਵਾਲੇ ਦੁੱਗਣੇ ਡਾਲਰ ਲੈ ਕੇ ਸਾਨੂੰ ਲਿਜਾਣ ਲਈ ਰਾਜ਼ੀ ਹੋ ਗਏ।

ਕਿਵੇਂ ਨਾ ਕਿਵੇਂ ਉਹ ਵਕਤ ਆ ਹੀ ਪਹੁੰਚਿਆ ਜਦੋਂ ਇਸ ਫ਼ਨਕਾਰ ਨੂੰ ਅਸੀ ਛੂਹ ਸਕਦੇ ਸੀ। ਅਸੀਂ ਉਤੇਜਨਾ ਵਿੱਚ ਪਤਾ ਨਹੀਂ ਕੀ-ਕੀ ਸਵਾਲ ਸਤਿੰਦਰ ਨੂੰ ਕਰੀ ਗਏ, ਪਰ ਉਹ ਉੱਨੀ ਹੀ ਹਲੀਮਅਤ ਨਾਲ ’ਕੱਲੀ-’ਕੱਲੀ ਗੱਲ ਦਾ ਨਿਖੇੜਾ ਕਰਦਾ ਰਿਹਾ। ਉਸ ਦਾ ਹਰ ਇੱਕ ਜਵਾਬ ਸਾਨੂੰ ਖ਼ਾਮੋਸ਼ ਕਰਵਾ ਦਿੰਦਾ। ਥੋੜ੍ਹੀ ਜਿਹੀ ਦੇਰ ’ਚ ਉਹ ਵਕਤ ਵੀ ਆ ਗਿਆ ਜਦੋਂ ਮਹਿਫਿਲ-ਏ-ਸਰਤਾਜ ਦਾ ਆਗਾਜ਼ ਹੋਇਆ ਤੇ ਜਦੋਂ ਇਕਬਾਲ ਮਾਹਲ ਹੋਰਾਂ ਨੇ ਸਤਿੰਦਰ ਦੀ ਟੀਮ ਦੀ ਜਾਣ-ਪਛਾਣ ਦਰਸ਼ਕਾਂ ਨਾਲ ਕਰਵਾਈ ਤਾਂ ਜ਼ਿੰਦਗੀ ਵਿੱਚ ਪਹਿਲੀ ਵਾਰ ਢੋਲ ਬਾਜੇ ਵਜਾਉਣ ਵਾਲੇ ਮਾਸਟਰਜ਼ ਦੀਆਂ ਡਿਗਰੀਆਂ ਵਾਲੇ ਦੇਖ ਕੇ ਪਿੰਡੇ ਵਿਚੋਂ ਧੁੜ-ਧੜੀਆਂ ਜਿਹੀਆਂ ਨਿਕਲੀਆਂ। ਹੁਣ ਤੱਕ ਖ਼ਾਨਦਾਨੀ ਮੀਰ ਤਾਂ ਸਾਜਾਂ ਵਿੱਚ ਮੁਹਾਰਤ ਰੱਖਦੇ ਦੇਖੇ ਸਨ ਪਰ ਇੰਨੇ ਪੜ੍ਹੇ ਲਿਖੇ ਸਾਜਿੰਦਿਆਂ ਦੀ ਟੀਮ ਦੇਖ ਕੇ ਸ਼ੁਰੂ ਹੋਣ ਵਾਲੀ ਮਹਿਫ਼ਲ ਦੇ ਮੁਕਾਮ ਦਾ ਅਹਿਸਾਸ ਸਾਨੂੰ ਹੋ ਗਿਆ ਸੀ। ਬੱਸ ਫੇਰ ਜਦੋਂ ਇੱਕ ਵਾਰ ਸਾਈਂ ਨਾਲ ਤਾਰ ਜੋੜ ਲਈ ਸਰਤਾਜ ਨੇ ਤਾਂ ਪਤਾ ਹੀ ਨਹੀਂ ਚੱਲਿਆ ਕਿ ਕਦੋਂ ਗਿਆਰ੍ਹਾਂ ਵੱਜ ਗਏ। ਚਾਹ ਦੇ ਕੱਪ ਦੀਆਂ ਚੁਸਕੀਆਂ ਲੈਂਦਾ-ਲੈਂਦਾ ਇਹ ਫ਼ਨਕਾਰ ਲਗਾਤਾਰ ਬਿਨਾਂ ਕਿਸੇ ਬ੍ਰੇਕ ਦੇ ਚਾਰ ਘੰਟੇ ਦਰਸ਼ਕਾਂ ਨੂੰ ਤਾੜੀਆਂ ਪਾਉਣ ਤੇ ਮਜਬੂਰ ਕਰਦਾ ਰਿਹਾ। ਸਾਰੇ ਹਾਲ ਵਿੱਚ ਉਸ ਵੱਲੋਂ ਕਹੀ ਹਰ ਗੱਲ ਤੇ ‘ਵਾਹ-ਵਾਹ’ ਤੇ ‘ਜੀਓ’ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਸ਼ਾਇਦ ਹੀ ਕੋਈ ਇਹੋ ਜਿਹਾ ਸ਼ੇਅਰ ਹੋਵੇ ਜਿਸ ਨੂੰ ਸੁਣ ਕੇ ਲੋਕ ਮਜਬੂਰ ਨਾ ਹੋਏ ਹੋਣ ਤਾੜੀਆਂ ਪਾਉਣ ਲਈ ਤੇ ਕਈ ਵਾਰ ਤਾਂ ਉਸ ਵੱਲੋਂ ਗਾਈ ਕੋਈ ਲਾਈਨ ਲੋਕਾਂ ਦੇ ਦਿਲਾਂ ਨੂੰ ਐਨਾ ਲੱਗ ਜਾਂਦੀ ਕਿ ਉਹ ਮਜਬੂਰ ਹੋ ਜਾਂਦੇ ਖੜ੍ਹੇ ਹੋ ਕੇ ਤਾੜੀਆਂ ਪਾਉਣ ਲਈ। ਚਾਰ ਘੰਟੇ ਵਗੇ ਇਸ ਸ਼ਾਇਰੀ ਦੇ ਦਰਿਆ ਤੋਂ ਬਾਦ ਜਦ ਮੈਂ ਇੱਕ ਬਜ਼ੁਰਗ ਦਰਸ਼ਕ ਜੋ ਕਿ ਸਰਤਾਜ ਨਾਲ ਫੋਟੋ ਖਿਚਵਾਉਣ ਲਈ

ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ ਨੂੰ ਉਂਝ ਹੀ ਪੁੱਛ ਲਿਆ ਹੋਰ ਬਾਬਾ ਜੀ ਕਿੱਦਾਂ ਲੱਗਿਆ ਤਾਂ ਮੂਹਰੋਂ ਬਾਬਾ ਕਹਿੰਦਾ ਕੁੱਝ ਨਹੀਂ ਯਾਰ ਤੇਰਾ ਇਹ ਆੜੀ ਵੀ। ਮੈਂ ਠਠੰਬਰ ਕੇ ਜੇ ਬਾਬੇ ਨੂੰ ਪੁੱਛਿਆ ਕਿਉਂ ਕੀ ਹੋ ਗਿਆ ? ਬਾਬਾ ਕਹੇ ਪਤੰਦਰ ਨੇ ਮੇਰੇ ਤਾਂ ਹੱਥ ਦੁਖਣ ਲਾ ਤੇ ਤਾੜੀਆਂ ਪੁਆ-ਪੁਆ ਕੇ, ਕੋਲ ਖੜ੍ਹੇ ਇੱਕ ਹੋਰ ਨੌਜਵਾਨ ਨੇ ਕਿਹਾ ਕਿ ਜਿਹੜਾ ਅੱਜ ਸਰਤਾਜ ਦਾ ਸ਼ੋਅ ਦੇਖਣ ਨਹੀਂ ਆਇਆ ਉਹ ਬੜਾ ਪਛਤਾਊ। ਨਾਲ ਹੀ ਖੜ੍ਹੀ ਇੱਕ ਪੜ੍ਹਾਕੂ ਕੁੜੀ ਕਹੇ; ਪਛਤਾਊ ਕਿਹਾ ਬੜਾ ਕਿਹਾ ਬਾਲ ਪੱਟ-ਪੱਟ ਕੇ ਰੋਊ। ਮੇਰਾ ਇਥੇ ਇਹ ਲਿਖਣ ਦਾ ਇੱਕ ਮਕਸਦ ਇਹ ਹੈ ਕਿ ਹਰ ਵਰਗ ਦਾ ਸਰੋਤਾ ਸਰਤਾਜ ਦੇ ਸੰਮੋਹਨ ਵਿੱਚ ਸੰਮੋਹਿਤ ਹੋ ਚੁੱਕਿਆ ਸੀ।

ਅਸੀਂ ਤਾਂ ਸੋਚ-ਸੋਚ ਕੇ ਬੱਸ ਇਸੇ ਨਤੀਜੇ ਤੇ ਪਹੁੰਚੇ ਹਾਂ ਕਿ ਅੱਜ ਦੀ ਘੜੀ ਤਾਂ ਸਰਤਾਜ ਵਿਚੋਂ ਇੱਕ ਵੀ ਝਲਕ ਕਲਯੁਗੀ ਬੰਦੇ ਦੀ ਨਹੀਂ ਪੈ ਰਹੀ। ਉਹ ਤਾਂ ਰੱਬ ਵੱਲੋਂ ਭੇਜਿਆ ਕੋਈ ਫਕੀਰ ਲਗਦਾ। ਉਨ੍ਹਾਂ ਨਾਲ ਗੱਲ ਕਰਨ ਤੋਂ ਬਾਅਦ ਹੀ ਇਹ ਮਹਿਸੂਸ ਹੋਇਆ ਕਿ ਕਿਉਂ ਉਨ੍ਹਾਂ ਦੇ ਗੀਤਾਂ ਵਿੱਚ ਇਹੋ ਜਿਹੇ ਸ਼ਬਦ ਹੁੰਦੇ ਹਨ ਜੋ ਆਮ ਇਨਸਾਨ ਦੀ ਸੋਚ ਤੋਂ ਪਰੇ ਹੁੰਦੇ ਹਨ। ਜਿਵੇਂ ਕਿ;

ਫ਼ਿਲਹਾਲ ਹਵਾਵਾਂ ਰੁਮਕਦੀਆਂ ਜਦ ਝੱਖੜ ਝੁੱਲੂ ਦੇਖਾਂਗੇ,
ਹਾਲੇ ਘੜਾ ਅਕਲ ਦਾ ਊਣਾ ਹੈ, ਜਦ ਭਰ ਕੇ ਡੁੱਲ੍ਹ ਦੇਖਾਂਗੇ।

ਇਕ ਆਮ ਇਨਸਾਨ ਕੁਦਰਤ ਦੀਆਂ ਦਾਤਾਂ ਦਾ ਉਹ ਆਨੰਦ ਨਹੀਂ ਲੈ ਸਕਦਾ ਜੋ ਇੱਕ ਫ਼ੱਕਰ ਮਾਣ ਸਕਦਾ ਹੈ। ਆਮ ਇਨਸਾਨ ਲਈ ਤਾਂ ਹਵਾਵਾਂ ਵਗਦੀਆਂ ਹੁੰਦੀਆਂ ਹਨ, ਹਵਾਵਾਂ ਦੇ ਰੁਮਕਣ ਦਾ ਅਹਿਸਾਸ ਤਾਂ ਕੋਈ ਫ਼ਕੀਰ ਦੀ ਰੂਹ ਹੀ ਲੈ ਸਕਦੀ ਹੈ। ਆਪਣੀ ਅਕਲ ਦੇ ਘੜੇ ਨੂੰ ਊਣਾ ਮਾਤੜ੍ਹ-ਤਮ੍ਹਾਤੜ ਤਾਂ ਮੰਨ ਹੀ ਨਹੀਂ ਸਕਦਾ, ਸਾਡੀ ਅਕਲ ਤਾਂ ਡੁੱਲ੍ਹ-ਡੁੱਲ੍ਹ ਕੇ ਆਂਢ-ਗੁਆਂਢ ਨੂੰ ਵੀ ਖੱਜਲ ਕਰ ਰਹੀ ਹੁੰਦੀ ਹੈ, ਜਿਵੇਂ ਇੱਕ ਹੋਰ ਉਨ੍ਹਾਂ ਦੇ ਮਕਬੂਲ ਹੋਏ ਬੋਲ; ਸਾਈਂ-ਵੇ ਸਾਡੀ ਫ਼ਰਿਆਦ ਤੇਰੇ ਤਾਈਂ, ਮੇਰੇ ਵਿਚੋਂ ਮੈਂ ਨੂੰ ਮਾਰ ਮੁਕਾਈਂ।

ਹੁਣ ਤੁਸੀ ਦੱਸੋ; ਕਿ ਕਿਹੜਾ ਬੰਦਾ ਸਾਰਾ ਦਿਨ ਖੱਪ ਕੇ ਇਹ ਕਹੂ ਕਿ ਇਹ ਮੈਂ ਨਹੀਂ ਤੂੰ ਕੀਤਾ। ਅਸੀਂ ਰੱਬ ਤੋਂ ਦੋ ਵੇਲੇ ਇੱਕ 'ਮੈਂ' ਹੀ ਤਾਂ ਮੰਗਦੇ ਹਾਂ ਤੇ ਇਹ ਕਹਿੰਦਾ 'ਮੈਂ ਨੂੰ ਮਾਰ ਮੁਕਾਈਂ' ! ਸਿਆਣੇ ਕਹਿੰਦੇ ਆ ਕਿ ਅੱਧੀ ਲੜਾਈ ਤਾਂ ਮੈਂ ਦੀ ਹੁੰਦੀ ਹੈ। ਪਰ ਮੇਰੀ ਤਾਂ ਇਹ ਸੋਚ ਹੈ ਕਿ ਅੱਜ ਦਾ ਇਹ ਯੁੱਗ ਭੱਜਿਆ ਹੀ 'ਮੈਂ' ਮਗਰ ਫਿਰਦਾ। ਉਦਾਹਰਣ ਦੇਣ ਦੀ ਲੋੜ ਨਹੀਂ; ਹੁਣ ਤੱਕ ਦੇ ਇਸ ਲੇਖ 'ਚ ਮੈਂ ਘੱਟੋ-ਘੱਟ ਵੀਹ ਬਾਰ 'ਮੈਂ' ਲਿਖ ਚੁੱਕਿਆਂ, 'ਮੈਂ ਆਹ ਕੀਤਾ ਮੈਂ ਉਹ ਕਰਨਾ... ਇਸੇ ਲਈ ਤਾਂ ਕਹਿੰਦਾ ਹਾਂ ਕਿ ਸਰਤਾਜ ਬੰਦਾ ਨਹੀਂ ਇਹ ਜ਼ਰੂਰ ਕੋਈ ਸਾਧ ਹੈ। ਮੇਰੇ ਸਾਧ ਲਿਖਣ ਤੋਂ ਤੁਸੀਂ ਇਹ ਭਾਵ ਨਾ ਲਾ ਲਿਉ ਕਿ ਇਹ ਅੱਜਕੱਲ੍ਹ ਦੇ ਆਪੇ ਬਣੇ ਫਿਰਦੇ ਹਜ਼ਾਰਾਂ ਸਾਧਾਂ ਵਿਚੋਂ ਇੱਕ ਹੈ ਅੱਜ ਦੀ ਘੜੀ ਤਾਂ ਇਹ ਉਹ ਸਾਧ ਜਾਪ ਰਿਹਾ ਹੈ, ਜਿਸ ਨੇ ਸਭ ਕੁੱਝ ਸਾਧ ਲਿਆ ਹੈ ਨਾ ਕਿ ਡਰਾਮੇ ਬਾਜ ਸਾਧ।'

ਉਂਝ ਤਾਂ ਸਰਤਾਜ ਵੱਲੋਂ ਲਿਖੇ ਤੇ ਗਾਏ ਹਰ ਇੱਕ ਸ਼ਬਦ ਦੀ ਵਿਆਖਿਆ ਹੋ ਸਕਦੀ ਹੈ, ਜੇ ਕਦੇ ਇਹੋ ਜਿਹਾ ਵਕਤ ਆਇਆ ਤਾਂ ਕਰਨ ਦੀ ਕੋਸ਼ਿਸ਼ ਵੀ ਕਰਾਂਗਾ। ਪਰ ਇਸ ਲੇਖ 'ਚ ਤਾਂ ਬੱਸ ਇੱਕ ਹੋਰ ਗੀਤ ਨਿੱਕੀ ਜਿਹੀ ਕੁੜੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਇਹ ਗੀਤ ਸੁਣ ਕੇ ਸਹਿਜੇ ਹੀ ਅਹਿਸਾਸ ਹੋ ਜਾਂਦਾ ਕਿ ਉਸ ਦਾ ਨਜ਼ਰੀਆ ਬੰਦਿਆਂ ਦੇ ਤੁੱਲ ਨਹੀਂ; ਕਿਉਂਕਿ ਪਹਿਲੀ ਗੱਲ, ਜਿਸ ਸਚਾਈ ਨੂੰ ਉਸ ਨੇ ਇਸ ਗੀਤ 'ਚ ਪੇਸ਼ ਕੀਤਾ ਹੈ ਉਸ ਮੁਤਾਬਿਕ ਜਦੋਂ ਚਾਰ ਯਾਰ ਮਿਲੇ ਹੋਣ, ਲੰਡੀ

ਜੀਪ ਹੋਵੇ, ਫ਼ੁਰਸਤ ਦੇ ਪਲ ਹੋਣ ਤਾਂ ਇਹੋ ਜਿਹੇ ਵਕਤ ਸਾਨੂੰ ਕਲਯੁਗੀ ਜੀਆਂ ਨੂੰ ਤਾਂ ਇਕੱਲੀ ਮਸਤੀ ਤੋਂ ਸਿਵਾ ਹੋਰ ਕੁੱਝ ਨਹੀਂ ਸੁੱਝਦਾ।ਅਜਿਹੇ ਵਕਤ ਕੁੜੀ ਦੇ ਨਾਂ ਨੂੰ ਤਾਂ ਮਸਤੀ ਚਰਮ ਸੀਮਾ 'ਤੇ ਹੁੰਦੀ ਹੈ।

ਉਸ ਦੇ ਅਦਬ, ਉਸ ਦੇ ਸਲੀਕੇ, ਉਸ ਦੀ ਰੂਹਾਨੀਅਤ, ਉਸ ਦੀ ਸੋਚ, ਉਸ ਦੇ ਖ਼ਿਆਲ, ਉਸ ਦੇ ਤਰਕ ਤੇ ਉਸ ਦੇ ਚਿੰਤਨ ਬਾਰੇ ਜਾਣ ਕੇ ਮੇਰੇ ਕੋਲ ਤਾਂ ਬੱਸ ਇਕੋ ਰਾਹ ਰਹਿ ਗਿਆ ਕਿ ਉਸ ਨੂੰ ਆਮ ਬੰਦਾ ਮੰਨਣ ਤੋਂ ਪਰਹੇਜ਼ ਕਰਾਂ ਤੇ ਇਸ ਫ਼ਕੀਰ ਦੀ ਰਵਾਨੀ ਦਾ ਆਨੰਦ ਮਾਣਾ।ਪਰ ਮੇਰੀ ਇਹ ਸੋਚ ਤਾਂ ਸਿਰਫ਼ ਮੇਰੀ ਹੈ ? ਤੇ ਦੁਨੀਆ ਤਾਂ ਹਾਲੇ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਕਿਉਂਕਿ ਉਸ ਦਾ ਕਹਿਣਾ ਹੈ ਕਿ ਹਾਲੇ ਇਹ ਮੁੰਡਾ ਕੁੱਝ ਪਲ ਹੀ ਤਾਂ ਤੁਰਿਆ ਹੈ, ਦੇਖਦੇ ਹਾਂ ਜਦੋਂ ਮਾਇਆ ਨੇ ਆਪਣਾ ਜਾਲ ਸੁੱਟਿਆ, ਉਦੋਂ ਦੇਖਾਂਗੇ ਤੇਰੇ ਇਸ ਫ਼ਕੀਰ ਨੂੰ ! ਕਿੰਨਾ ਕੁ ਬਚਾਊ ਆਪਣੇ ਚੋਲੇ ਨੂੰ ਦਾਗ਼ ਲੱਗਣ ਤੋਂ ? ਦੋਸਤੋ ਇਸ ਦੁਨੀਆ ਨੂੰ ਵੀ ਅੱਖੋਂ ਓਹਲੇ ਨਹੀਂ ਕਰ ਸਕਦੇ।ਦੁਨੀਆ ਰੂਪੀ ਇਹ ਆਈਨਾ ਅਸਲੀ ਚਿਹਰਾ ਦਿਖਾਉਣ ਵਿੱਚ ਦੇਰ ਨਹੀਂ ਲਗਾਉਂਦੀ।

ਇਸ ਲਈ ਜਦੋਂ ਇਹ ਫ਼ਕੀਰ, ਦੁਨਿਆਵੀ ਦਾਨਵਾਂ ਦੇ ਹੱਥ ਚੜ੍ਹੇਗਾ ਤਾਂ ਹੀ ਇਸ ਸੋਨੇ ਦੀ ਪਰਖ ਹੋਵੇਗੀ ? ਕਿਉਂਕਿ ਮੈਨੂੰ ਉਹ ਦਿਨ ਦੂਰ ਨਹੀਂ ਦਿੱਖ ਰਹੇ ਜਦੋਂ ਇਸ ਦੇ ਘਰ ਮੂਹਰੇ ਵਪਾਰਕ ਬੰਦਿਆ ਦੀਆਂ ਲਾਈਨਾਂ ਲੱਗੀਆਂ ਹੋਣਗੀਆਂ।

ਇਸ ਦੀ ਆਵਾਜ਼ ਸੰਗੀਤ ਜਗਤ ਨੂੰ ਕੀਲ ਰਹੀ ਹੈ, ਇਸ ਦੀ ਕਲਮ ਸਾਹਿਤਕ ਹਲਕਿਆਂ ਵਿੱਚ ਰੰਗ ਜਮਾ ਰਹੀ ਹੈ ਅਤੇ ਇਸ ਦੀ ਮਨਮੋਹਕ ਮੁਸਕਾਨ ਤੇ ਮਸੂਮੀਅਤ ਭਾਰੀ ਸ਼ਕਲ ਫ਼ਿਲਮੀ ਜਗਤ 'ਤੇ ਰਾਜ ਕਰਨ ਦੇ ਕਾਬਿਲ ਦਿੱਖ ਰਹੀ ਹੈ। ਸੋ ਸਤਿੰਦਰ ਦੇ ਹਰ ਪਾਸੇ ਮਾਇਆ ਨਗਰੀ ਆਪਣਾ ਜਾਲ ਵਿਛਾਉਣ ਨੂੰ ਤਿਆਰ ਬੈਠੀ ਹੈ।ਭਾਵੇਂ ਇਹ ਜਾਲ ਅੱਜ ਸਮੇਂ ਦੀ ਮਜਬੂਰੀ ਵੀ ਹੈ, ਬਿਨਾਂ ਇਸ ਮਾਇਆ ਨਗਰੀ ਦੇ ਕੁੱਝ ਹੋ ਵੀ ਨਹੀਂ ਸਕਦਾ।ਹੁਣ ਇਮਤਿਹਾਨ ਦੀ ਘੜੀ ਆ ਚੁੱਕੀ ਹੈ ਬੱਸ ਫੇਰ ਪਤਾ ਲੱਗੂ ਬੰਦੇ ਤੇ ਪੀਰ ਵਾਲੇ ਫ਼ਰਕ ਦਾ ! ਮੇਰੀ ਤਾਂ ਇਕੋ ਦੁਆ ਹੈ ਕਿ ਇਹ ਫ਼ਕੀਰ ਇਹਨਾਂ ਦੁਨਿਆਵੀ ਭੱਠੀਆਂ ਦਾ ਸੇਕ ਝੱਲ ਕੇ ਹੋਰ ਵੀ ਨਿੱਖਰੇ।ਮੈਂ ਇਥੇ ਇਹ ਦਾਅਵੇ ਨਾਲ ਲਿਖਦਾ ਹਾਂ ਕਿ ਭਾਵੇਂ ਹੁਣ ਮੇਰੀ ਕਲਮ ਸਰਤਾਜ ਦੀ ਉਸਤਤ ਕਰਦੀ ਲੇਟ ਹੋ ਗਈ ਪਰ ਜੇ ਸਰਤਾਜ ਆਪਣੇ ਮੁਕਾਮ ਤੋਂ ਭਟਕਦਾ ਹੈ ਤਾਂ ਮੇਰੀ ਇਹੀ ਕਲਮ ਸਰਤਾਜ 'ਤੇ ਸਭ ਤੋਂ ਪਹਿਲਾਂ ਵਾਰ ਕਰੇਗੀ।

ਅੰਤ ਵਿੱਚ ਸਾਡੇ ਇਤਿਹਾਸ ਵਿਚੋਂ ਇੱਕ ਬੜਾ ਖ਼ੂਬਸੂਰਤ ਕਲਾਮ ਜੋ ਕਿ ਇੱਕ ਫ਼ਕੀਰ ਦੀ ਪਰਿਭਾਸ਼ਾ ਨੂੰ ਦਰਸਾਉਂਦਾ ਹੈ ਆਪ ਜੀ ਦੀ ਨਜ਼ਰ ਹੈ;

"ਹੱਦਾਂ ਟੱਪਣ ਅਉਲੀਏ, ਬੰਨੇ ਟੱਪਣ ਪੀਰ,
ਹੱਦਾਂ-ਬੰਨੇ ਜੋ ਟੱਪੇ ਉਹਨੂੰ ਜਾਣ ਫ਼ਕੀਰ।"

****

## ਲੱਚਰਤਾ ਤੋਂ ਕੋਹਾਂ ਦੂਰ ਅੱਜ ਦੀ ਪੰਜਾਬੀ ਫ਼ਿਲਮ

ਇਹ ਲੇਖ 2009 'ਚ ਉਸ ਵਕਤ ਹੋਂਦ 'ਚ ਆਇਆ ਸੀ ਜਦੋਂ ਕੁਝ ਕੁ ਪੰਜਾਬੀ ਫ਼ਿਲਮਾਂ ਦੇਖ ਕੇ ਮਨ ਖ਼ੁਸ਼ ਹੋਇਆ ਸੀ। ਬਿਨਾਂ ਲੱਚਰਤਾ ਅਤੇ ਦੋਹਰੀ ਸ਼ਬਦਾਵਲੀ ਦੇ ਪੰਜਾਬੀ ਸਿਨਮਾ ਇੱਕ ਨਵੇਂ ਰਾਹ ਤੁਰ ਪਿਆ ਦਿਖਾਈ ਦਿੱਤਾ ਸੀ। ਸੋ ਮੈਨੂੰ ਲੱਗਿਆ ਸੀ ਕਿ ਅਸੀਂ ਅਕਸਰ ਹੀ ਮਾੜੇ ਨੂੰ ਭੰਡਣ ਦਾ ਕੰਮ ਬੜਾ ਦਿਲ ਲਾ ਕੇ ਕਰਦੇ ਹਾਂ ਪਰ ਕਦੇ ਚੰਗੇ ਨੂੰ ਚੰਗਾ ਕਹਿਣ 'ਚ ਸਾਨੂੰ ਬਹੁਤ ਤਕਲੀਫ਼ ਮਹਿਸੂਸ ਹੁੰਦੀ ਹੈ। ਤਕਰੀਬਨ ਪੰਜ ਵਰ੍ਹੇ ਪਹਿਲਾਂ ਲਿਖਿਆ ਇਹ ਲੇਖ ਅੱਜ ਪੰਜਾਬੀ ਫ਼ਿਲਮਾਂ ਦੇ ਸੁਨਹਿਰੀ ਭਵਿੱਖ ਦੀ ਭਵਿੱਖਬਾਣੀ ਕਰਦਾ ਨਜ਼ਰ ਆਉਂਦਾ ਹੈ। ਭਾਵੇਂ ਇਹ ਗੱਲ ਵੱਖਰੀ ਹੈ ਕਿ ਜਿਹੜੀ ਲੱਚਰਤਾ ਤੋਂ ਦੂਰ ਹੋ ਕੇ ਨਵਾਂ ਸਫ਼ਰ ਵਿੱਢਿਆ ਸੀ ਅੱਜ ਉਹੀ ਲੱਚਰਤਾ ਕਿਤੇ ਨਾ ਕਿਤੇ ਫੇਰ ਦਿਖਾਈ ਦੇ ਰਹੀ ਹੈ। ਉਸ ਦੇ ਨਤੀਜੇ ਵੀ ਆਉਣੇ ਸ਼ੁਰੂ ਹੋ ਰਹੇ ਹਨ। ਬਹੁਤ ਸਾਰੀਆਂ ਫ਼ਿਲਮਾਂ ਦਾ ਪਤਾ ਹੀ ਨਹੀਂ ਲਗਦਾ ਕਦੋਂ ਆਈਆਂ ਤੇ ਕਦੋਂ ਲੰਘ ਗਈਆਂ।



ਐਡੀਲੇਡ ਸਿੱਖ ਖੇਡਾਂ ਦੌਰਾਨ ਮਨਜੀਤ ਬੋਪਾਰਾਏ, ਜਿੰਮੀ ਸ਼ੇਰਗਿੱਲ,
ਮਲਟੀ ਕਲਚਰਲ ਮੰਤਰੀ ਮਾਨਯੋਗ ਗ੍ਰੇਸ ਪਰੋਟੋਲੀਸਾ ਅਤੇ ਸਾਊਥ
ਆਸਟ੍ਰੇਲੀਆ ਦੇ ਪ੍ਰੀਮੀਅਰ ਮਾਇਕ ਰੈਨ ਨਾਲ ਲੇਖਕ



ਮੈਲਬਰਨ ਸਿੱਖ ਖੇਡਾਂ ਦੌਰਾਨ ਮਨਦੀਪ ਸੈਣੀ ਵੱਲੋਂ ਖਿੱਚੀ ਲੇਖਕ ਦੀ ਇਕ ਤਸਵੀਰ

# ਲੱਚਰਤਾ ਤੋਂ ਕੋਹਾਂ ਦੂਰ ਅੱਜ ਦੀ ਪੰਜਾਬੀ ਫ਼ਿਲਮ

ਕਹਿੰਦੇ ਹਨ ਕਿ ਜਦੋਂ ਮਾੜੀ ਹਵਾ ਵਗਦੀ ਹੈ ਤਾਂ ਸਭ ਕੁੱਝ ਆਪਣੇ ਨਾਲ ਉਡਾ ਕੇ ਲੈ ਜਾਂਦੀ ਹੈ ਤੇ ਜੇ ਕੋਈ ਇਹੋ ਜਿਹੇ ਵਕਤ ਵੀ ਆਪਣੇ ਆਪ ਨੂੰ ਮਾੜੀ ਹਵਾ ਤੋਂ ਬਚਾ ਕੇ ਉਲਟਾ ਕੁੱਝ ਚੰਗਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਵੀ ਇੱਕ ਕੁਰਬਾਨੀ ਹੀ ਹੁੰਦੀ ਹੈ ਤੇ ਇਹੋ ਜਿਹੀ ਕੁਰਬਾਨੀ ਕੋਈ ਕਰ ਰਿਹਾ ਹੋਵੇ ਤੇ ਲੋਕ ਉਸ ਦੀ ਤਾਰੀਫ਼ ਨਾ ਕਰਨ ਤਾਂ ਇਹ ਵੀ ਇਨਸਾਫ਼ ਨਹੀਂ ਹੋਵੇਗਾ। ਮੇਰਾ ਇਹ ਗੱਲਾਂ ਕਰਨ ਦਾ ਕਾਰਣ ਅੱਜ ਪੰਜਾਬੀ ਫ਼ਿਲਮਾਂ ਵਿੱਚ ਆਇਆ ਇਹ ਜ਼ਬਰਦਸਤ ਬਦਲਾਅ ਹੈ।

ਜਿਵੇਂ ਕਿ ਸਭ ਨੂੰ ਪਤਾ ਹੀ ਹੈ ਕਿ ਪਿਛਲੇ ਦਸ ਸਾਲ ਬਹੁਤ ਹੀ ਬਦਲਾਓ ਭਰੇ ਰਹੇ ਹਨ। ਭਾਵੇਂ ਉਹ ਆਰਥਿਕ ਹੋਵੇ ਭਾਵੇਂ ਸਭਿਆਚਾਰਕ ਹੋਵੇ, ਹਰ ਪਾਸੇ ਇਹੋ ਜਿਹੇ ਬਦਲਾਅ ਦੇਖਣ ਨੂੰ ਮਿਲੇ ਜੋ ਇੱਕ ਆਮ ਆਦਮੀ ਦੀ ਸੋਚ ਤੋਂ ਕਾਫ਼ੀ ਪਰੇ ਹਨ। ਬਾਕੀ ਗੱਲਾਂ ਨੂੰ ਕਦੇ ਫੇਰ ਦੇਖਾਂਗੇ ਅੱਜ ਆਪਾਂ ਇਕੱਲੇ ਸੱਭਿਆਚਾਰਕ ਬਦਲਾਅ ’ਤੇ ਹੀ ਵਿਚਾਰ ਕਰਾਂਗੇ। ਜਿਸ ਤਹਿਤ ਤੁਸੀ ਦੇਖ ਸਕਦੇ ਹੋ ਕਿ ਕਿੰਨੀ ਲੱਚਰਤਾ ਆ ਚੁੱਕੀ ਹੈ ਹਰ ਪਾਸੇ ਭਾਵੇਂ ਉਹ ਗੀਤ-ਸੰਗੀਤ ਜਗਤ ਹੋਵੇ ਤੇ ਭਾਵੇਂ ਹਿੰਦੀ ਫ਼ਿਲਮ ਜਗਤ ਹੋਵੇ ਹਰ ਪਾਸੇ ਦੇਖ ਤੇ ਸੁਣ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਕੀ ਕਹਿਣਾ ਜੇ ਇੱਕਾ-ਦੁੱਕਾ ’ਤੇ ਇਹ ਗੱਲ ਲਾਗੂ ਨਾ ਹੁੰਦੀ ਹੋਵੇ ਨਹੀਂ ਤਾਂ ਇਹ ਸਾਰੇ ਹੀ ਹਨੇਰੀ ਵਿੱਚ ਰੁੜ੍ਹ ਗਏ ਲਗਦੇ ਹਨ ਤੇ ਜੇ ਕੋਈ ਅੱਜ ਇਸ ਤੂਫ਼ਾਨ ਦੇ ਸਾਹਮਣੇ ਡਟ ਕੇ ਕੋਈ ਖੜਾ ਹੈ, ਤੇ ਨਵੇਂ-ਨਵੇਂ ਇਤਿਹਾਸ ਸਿਰਜ ਰਿਹਾ ਹੈ ਤਾਂ ਉਹ ਹੈ ਸਾਡਾ ਪੰਜਾਬੀ ਸਿਨਮਾ।

ਪੰਜਾਬੀ ਸਿਨੇਮੇ ਦੀ ਉਮਰ ਲਗਭਗ ਪਝੱਤਰ ਸਾਲ ਦੀ ਹੋ ਚੁੱਕੀ ਹੈ ਜਾਂ ਫੇਰ ਆਪਾਂ ਫ਼ਿਲਮੀ ਭਾਸ਼ਾ ’ਚ ਇਸ ਨੂੰ ਪਲਾਟੀਨਮ ਜੁਬਲੀ ਦੇ ਕਰੀਬ ਹੋ ਚੁੱਕੀ ਕਹਿ ਸਕਦੇ ਹਾਂ। ਇਸ ਦਾ ਸਫ਼ਰ 1935 ਵਿੱਚ ਕੇ. ਡੀ. ਮਹਿਰਾ ਦੀ ਫ਼ਿਲਮ ‘ਸ਼ੀਲਾ’ ਨਾਲ ਹੋਇਆ ਇਹ ਫ਼ਿਲਮ ‘ਪਿੰਡ ਦੀ ਕੁੜੀ’ ਦੇ ਨਾਂ ਨਾਲ ਵੀ ਜਾਣੀ ਜਾਂਦੀ ਹੈ। ਭਾਵੇਂ ਕੁੱਝ ਲੋਕ ਪੰਜਾਬੀ ਫ਼ਿਲਮਾਂ ਦੀ ਆਮਦ 1932 ’ਚ ਬਣੀ ‘ਹੀਰ ਰਾਂਝਾ’ ਜੋ ਕਿ ਅਬਦਲ ਰਸ਼ੀਦ ਕਾਰਦਾਰ ਦੇ ਨਿਰਦੇਸ਼ਨ ’ਚ ਬਣੀ ਸੀ ਨੂੰ ਮੰਨਦੇ ਹਨ ਤੇ ਉਸ ਤੋਂ ਪਿੱਛੋਂ 1933 ਵਿੱਚ ‘ਰਾਜਾ ਗੋਪੀ ਚੰਦ’ ਤੇ 1934 ਵਿੱਚ ਬਣੀ ‘ਮਿਰਜ਼ਾ ਸਾਹਿਬਾ’ ਨੂੰ ਗਿਣਦੇ ਹਨ ਤੇ ‘ਪਿੰਡ ਦੀ ਕੁੜੀ’(ਸ਼ੀਲਾ) ਨੂੰ ਚੌਥੀ ਪੰਜਾਬੀ ਫ਼ਿਲਮ ਮੰਨਦੇ ਹਨ। ਪਰ ਉਨ੍ਹਾਂ ਕੋਲ ਇਸ ਤੋਂ ਜ਼ਿਆਦਾ ਜਾਣਕਾਰੀ ਨਹੀਂ ਹੈ। ਸੋ ‘ਪਿੰਡ ਦੀ ਕੁੜੀ’ ਨਾਲ ਜੋ ਪੰਜਾਬੀ ਫ਼ਿਲਮਾਂ ਨੂੰ ਥਾਂ ਮਿਲਿਆ ਉਹ ਇੱਕ ਇਤਿਹਾਸ ਦਾ ਸੁਨਹਿਰੀ ਮੋੜ ਹੋ ਗੁਜ਼ਰਿਆ। ਇਸੇ ਕਰਕੇ ਇਸ ਫ਼ਿਲਮ ਨੂੰ ਪਹਿਲੀ ਪੰਜਾਬੀ ਫ਼ਿਲਮ ਹੋਣ ਦਾ ਮਾਣ ਮਿਲਿਆ।

ਪੰਜਾਬੀ ਫ਼ਿਲਮਾਂ ਦੀ ਗਿਣਤੀ ‘ਪਿੰਡ ਦੀ ਕੁੜੀ’ ਤੋਂ ਲੈ ਕੇ ‘ਲਗਦਾ ਇਸ਼ਕ ਹੋ ਗਿਆ’ ਤੱਕ ਤਕਰੀਬਨ ਇੱਕ ਹਜ਼ਾਰ ਦੇ ਆਕੜੇਂ ਦੇ ਬਹੁਤ ਹੀ ਕਰੀਬ ਹੈ। ਉਸ ਵਕਤ ਫ਼ਿਲਮ ਨਿਰਮਾਣ ਦਾ ਕੰਮ ਕਲਕੱਤੇ ਵਿੱਚ ਹੀ ਹੋਇਆ ਕਰਦਾ ਸੀ ਸੋ ਪਹਿਲੀ ਪੰਜਾਬੀ ਫ਼ਿਲਮ ਦਾ ਨਿਰਮਾਣ ਵੀ ਉਥੇ ਹੀ ਹੋਇਆ ਤੇ ਉਸ ਵਿੱਚ ਬੇਬੀ ਨੂਰ ਜਹਾਂ ਦੇ ਰੂਪ ’ਚ ਇੱਕ ਐਕਟ੍ਰੈੱਸ ਤੇ ਗਾਇਕਾ ਦੀ ਆਮਦ ਹੋਈ, ਜਿਸ ਨੇ ਅੱਗੇ ਚੱਲ ਕੇ ਬਹੁਤ ਸਾਰੇ ਮੀਲ ਪੱਥਰ ਗੱਡੇ। ਇਸ ਫ਼ਿਲਮ ਨੂੰ ਉਸ ਵੇਲੇ ਦੇ ਸਾਂਝੇ ਪੰਜਾਬ ਦੀ

ਰਾਜਧਾਨੀ ਲਾਹੌਰ ਵਿੱਚ ਪਹਿਲੀ ਵਾਰ ਰਿਲੀਜ਼ ਕੀਤਾ ਗਿਆ ਸੀ ਤੇ ਆਕੜੇਂ ਦੱਸਦੇ ਹਨ ਇਸ ਫ਼ਿਲਮ ਨੇ ਚਾਰੇ ਪਾਸੇ ਧੁੰਮਾ ਪਾ ਦਿਤੀਆਂ ਸਨ। ਬੱਸ ਫੇਰ ਕੀ ਸੀ ਇਸ ਸਫਲਤਾ ਨੇ ਕੇ. ਡੀ. ਮਹਿਰਾ ਦੇ ਨਾਲ-ਨਾਲ ਹੋਰ ਬਹੁਤ ਸਾਰੇ ਨਿਰਮਾਤਾਵਾਂ ਨੂੰ ਵੀ ਵਿਸ਼ਾਲ ਪੰਜਾਬੀ ਭਾਈਚਾਰੇ ਦਾ ਅਹਿਸਾਸ ਹੋਇਆ ਤੇ ਫੇਰ ਕਹਿੰਦੇ ਕਹਾਉਂਦੇ ਕਲਾਕਾਰਾਂ ਨੇ ਲਾਹੌਰ ਵੱਲ ਵਹੀਰਾਂ ਘੱਤ ਲਈਆਂ ਸੀ, ਤੇ ਦੇਖਦੇ ਹੀ ਦੇਖਦੇ ਲਾਹੌਰ ਬਾਲੀਵੁੱਡ ਦੀ ਤਰਜ਼ ਤੇ ਪੰਜਾਬੀਵੁੱਡ ਕਹਾਉਣ ਲੱਗਿਆ ਜੋ ਕਿ ਅੱਗੇ ਚੱਲ ਕੇ ਪਾਲੀਵੁੱਡ ਦਾ ਰੂਪ ਧਾਰਨ ਕਰ ਗਿਆ। ਕਲਾਕਾਰਾਂ ਦੇ ਨਾਲ-ਨਾਲ ਪੱਤਰਕਾਰਾਂ ਤੇ ਅਖ਼ਬਾਰਾਂ ਵਾਲਿਆਂ ਵੀ ਲਾਹੌਰ ਆ ਡੇਰੇ ਲਾਏ। ਇਥੇ ਸਭ ਤੋਂ ਪਹਿਲਾਂ ਆਉਣ ਵਾਲੇ ਪੱਤਰਕਾਰਾਂ ਵਿੱਚ ਅੱਜ ਦੇ ਮਸ਼ਹੂਰ ਨਿਰਮਾਤਾ ਨਿਰਦੇਸ਼ਕ ਬੀ.ਆਰ. ਚੋਪੜਾ ਤੇ ਰਾਮਾਨੰਦ ਸਾਗਰ ਵੀ ਸ਼ਾਮਿਲ ਸਨ। ਜਿਨ੍ਹਾਂ ਆਪਣੇ ਕੈਰੀਅਰ ਦੀ ਸ਼ੁਰੂਆਤ ਇੱਕ ਫ਼ਿਲਮੀ ਪੱਤਰਕਾਰ ਦੇ ਤੌਰ 'ਤੇ ਕੀਤੀ ਸੀ।

ਅਗਲੇ ਬਾਰ੍ਹਾਂ ਕੁ ਸਾਲ 'ਚ ਹਾਲੇ ਪੰਜਾਬੀ ਫ਼ਿਲਮ ਇੰਡਸਟਰੀ ਪੰਜਾਹ ਦਾ ਆਂਕੜਾ ਵੀ ਨਹੀਂ ਛੂਹ ਸਕੀ ਸੀ ਕਿ 1947 ਵਾਲਾ ਦੁਖਾਂਤ ਵਾਪਰ ਗਿਆ ਤੇ 'ਦੀਵਾਨੀ' ਸਾਂਝੇ ਪੰਜਾਬ 'ਚ ਬਣਨ ਵਾਲੀ ਆਖ਼ਰੀ ਫ਼ਿਲਮ ਸਾਬਤ ਹੋਈ। ਪਰ ਇਸ ਦੌਰਾਨ 45 ਦੇ ਕਰੀਬ ਪੰਜਾਬੀ ਫ਼ਿਲਮਾਂ ਲਾਹੌਰ ਵਿੱਚ ਬਣੀਆਂ ਜਿਨ੍ਹਾਂ ਵਿਚੋਂ ਕਈ ਫ਼ਿਲਮਾਂ ਨੇ ਟਿਕਟ ਖਿੜਕੀ 'ਤੇ ਹਿੰਦੀ ਫ਼ਿਲਮਾਂ ਨੂੰ ਮਾਤ ਪਾਈ ਜਿਨ੍ਹਾਂ ਵਿੱਚ ਕੁੱਝ ਇੱਕ ਫ਼ਿਲਮਾਂ ਧਾਰਮਿਕ ਤੇ ਕੁੱਝ ਇੱਕ ਪੰਜਾਬੀ ਕਿੱਸਿਆਂ 'ਤੇ ਆਧਾਰਤ ਸਨ। 'ਜੱਗਾ ਡਾਕੂ', 'ਯਮ੍ਹਲਾ ਜੱਟ', 'ਪਾਪੀ', 'ਮੰਗਤੀ', 'ਮੇਰਾ ਮਾਹੀ' ਅਤੇ 'ਸੱਸੀ ਪੁੰਨੂੰ' ਨੇ ਬੜਾ ਨਾਂ ਕਮਾਇਆ ਸੀ। ਇਥੇ ਇਹ ਵੀ ਦੱਸਣ ਯੋਗ ਹੈ ਕਿ ਉਸ ਵਕਤ ਜ਼ਿਆਦਾਤਰ ਫ਼ਿਲਮੀ ਨਿਰਮਾਤਾ ਨਿਰਦੇਸ਼ਕ ਗ਼ੈਰ ਪੰਜਾਬੀ ਸਨ।

ਦੋ ਹਿੱਸਿਆ 'ਚ ਵੰਡੀ ਪੰਜਾਬੀ ਫ਼ਿਲਮ ਇੰਡਸਟਰੀ ਦਾ ਕੁੱਝ ਹਿੱਸਾ ਤਾਂ ਲਾਹੌਰ ਵਿੱਚ ਰਹਿ ਗਿਆ ਤੇ ਉਨ੍ਹਾਂ ਆਪਣੇ ਬੈਨਰ ਦਾ ਨਾਂ ਲਾਲੀਵੁੱਡ ਰੱਖ ਲਿਆ ਤੇ ਦੂਜਾ ਹਿੱਸਾ ਬਾਲੀਵੁੱਡ ਦੇ ਬੈਨਰ ਥੱਲੇ ਬੰਬਈ ਜਾ ਪਹੁੰਚਿਆ। ਜਿਵੇਂ ਉੱਜੜੇ ਆਲ੍ਹਣੇ ਨੂੰ ਮੁੜ ਵਸਾਉਣ ਲਈ ਫੇਰ ਤੀਲਾ-ਤੀਲਾ ਇਕੱਠਾ ਕਰਨਾ ਪੈਂਦਾ ਹੈ ਤੇ ਇੱਕ ਵਾਰ ਜ਼ਿੰਦਗੀ ਵਿੱਚ ਖੜੋਤ ਜਿਹੀ ਆ ਜਾਂਦੀ ਹੈ, ਉਸੇ ਤਰ੍ਹਾਂ ਦੇਸ਼ ਦੀ ਵੰਡ ਪਿੱਛੋਂ ਪੰਜਾਬੀ ਸਿਨਮਾ ਦੀ ਰਫ਼ਤਾਰ ਵੀ ਕੁੱਝ ਹੋਲੀ ਹੋ ਗਈ ਸੀ ਤੇ ਇੱਕ ਦੋ ਸਾਲ ਨਾ ਦੇ ਬਰਾਬਰ ਫ਼ਿਲਮਾਂ ਹੀ ਬਣ ਸਕੀਆਂ। ਪਰ ਭਾਵੇਂ 1948 ਵਿੱਚ ਇਕੋ ਇੱਕ ਫ਼ਿਲਮ 'ਲੱਛੀ' ਹੀ ਰਿਲੀਜ਼ ਹੋ ਸਕੀ ਪਰ ਫੇਰ ਵੀ ਇਸ ਫ਼ਿਲਮ ਨੇ ਉਸ ਵਕਤ ਟਿਕਟ ਖਿੜਕੀ 'ਤੇ ਹਿੰਦੀ ਫ਼ਿਲਮਾਂ ਨੂੰ ਵੀ ਵਕਤ ਪਾ ਦਿਤਾ ਸੀ।

ਸੱਠ ਦੇ ਦਹਾਕੇ ਤੱਕ ਪੰਜਾਬੀ ਫ਼ਿਲਮ ਇੰਡਸਟਰੀ ਫੇਰ ਲੀਹ ਤੇ ਚੜ੍ਹ ਗਈ ਤੇ ਉਸ ਤੋਂ ਲੈ ਕੇ ਅੱਜ ਤੱਕ ਤਕਰੀਬਨ ਸੱਤ-ਅੱਠ ਫ਼ਿਲਮਾਂ ਹਰ ਸਾਲ ਰਿਲੀਜ਼ ਹੁੰਦੀਆਂ ਆ ਰਹੀਆਂ ਹਨ ਤੇ ਸਮੇਂ-ਸਮੇਂ ਸਿਰ ਕਹਿੰਦੇ ਕਹਾਉਂਦੇ ਹਿੰਦੀ ਫ਼ਿਲਮੀ ਸਟਾਰ ਪੰਜਾਬੀ ਫ਼ਿਲਮਾਂ 'ਚ ਆਪਣੇ ਜੌਹਰ ਦਿਖਾਉਂਦੇ ਰਹੇ ਹਨ। ਹੁਣ ਤਕ ਆਪਣੇ ਆਪਣੇ ਵਕਤ ਮਸ਼ਹੂਰ ਹੋਈਆਂ ਨਾਇਕਾਂ ਵਿਚੋਂ ਨੂਰ ਜਹਾਨ, ਇੰਦਰਾ ਬਿੱਲੀ, ਮਿਸ ਮੰਜੂ, ਨਿਸ਼ੀ, ਸਿੰਮੀ ਗਰੇਵਾਲ, ਦਲਜੀਤ ਕੌਰ, ਪ੍ਰੀਤੀ ਸਪਰੂ, ਭਾਵਨਾ ਭੱਟ, ਦਿਵਿਆ ਦੱਤਾ, ਕਿਮੀ ਵਰਮਾ, ਨੀਰੂ ਬਾਜਵਾ ਆਦਿ ਮੁੱਖ ਹਨ। ਜੇ ਹੁਣ ਤੱਕ ਦੇ ਮਸ਼ਹੂਰ ਹੋਏ ਨਾਇਕ ਦੇਖੀਏ ਤਾਂ ਇਸਲਾਮ, ਬਲਰਾਜ ਸਾਹਨੀ, ਪ੍ਰਿਥਵੀ ਰਾਜ ਕਪੂਰ, ਆਈ.ਐਸ. ਜੌਹਰ, ਦਾਰਾ ਸਿੰਘ,

ਵਰਿੰਦਰ, ਰਾਜ ਬੱਬਰ, ਯੋਗਰਾਜ, ਗੁਗੂ ਗਿੱਲ, ਗੁਰਦਾਸ ਮਾਨ, ਹਰਭਜਨ ਮਾਨ, ਜਿੰਮੀ ਸ਼ੇਰਗਿੱਲ ਅਤੇ ਬੱਬੂ ਮਾਨ ਦੇ ਨਾਂ ਲਏ ਜਾ ਸਕਦੇ ਹਨ। ਇਹਨਾਂ ਤੋਂ ਇਲਾਵਾ ਹਿੰਦੀ ਫ਼ਿਲਮਾਂ ਦੇ ਮਸ਼ਹੂਰ ਸਿਤਾਰੇ ਵੀ ਸਮੇਂ-ਸਮੇਂ ਸਿਰ ਪੰਜਾਬੀ ਫ਼ਿਲਮਾਂ ਦਾ ਸ਼ਿੰਗਾਰ ਬਣਦੇ ਰਹੇ ਹਨ ਜਿਨ੍ਹਾਂ ਵਿੱਚ ਅਮਿਤਾਭ ਬਚਨ, ਧਰਮਿੰਦਰ, ਸੰਜੀਵ ਕੁਮਾਰ, ਮਨੋਜ ਕੁਮਾਰ, ਅਸ਼ੋਕ ਕੁਮਾਰ, ਅਮਰੀਸ਼ ਪੁਰੀ, ਓਮ ਪੁਰੀ, ਕੁਲਭੂਸ਼ਨ ਖਰਬੰਦਾ, ਜੀਵਨ ਆਦਿ ਪ੍ਰਮੁੱਖ ਹਨ। ਕਾਮੇਡੀ ਵਿੱਚ ਆਈ.ਐਸ. ਜੌਹਰ, ਸੁੰਦਰ, ਮਿਹਰ ਮਿੱਤਲ, ਸੁਰਿੰਦਰ ਸ਼ਰਮਾ, ਗੁਰਪ੍ਰੀਤ ਘੁੱਗੀ, ਰਣਬੀਰ ਰਾਣਾ, ਜਸਵਿੰਦਰ ਭੱਲਾ, ਜਸਪਾਲ ਭੱਟੀ, ਭਗਵੰਤ ਮਾਨ ਆਦਿ ਦੇ ਨਾਂ ਲਏ ਜਾ ਸਕਦੇ ਹਨ।

ਮੇਰਾ ਇਥੇ ਇਨ੍ਹਾਂ ਸਿਤਾਰਿਆਂ ਦਾ ਨਾਂ ਲਿਖਣ ਦਾ ਮਕਸਦ ਪੰਜਾਬੀ ਫ਼ਿਲਮਾਂ ਦੀ ਵਿਸ਼ਾਲਤਾ ਨੂੰ ਦਰਸਾਉਣਾ ਹੈ। ਇਸ ਲਿਸਟ ਵਿੱਚ ਭਾਵੇਂ ਮੈਂ ਸਾਰੇ ਨਾਂ ਇਥੇ ਲਿਖ ਨਾ ਸਕਿਆ ਹੋਵਾਂ ਪਰ ਇਹ ਸਾਬਤ ਕਰਨ ਲਈ ਕਾਫ਼ੀ ਹਨ ਕਿ ਕਹਿੰਦੇ ਤੋਂ ਕਹਾਉਂਦਾ ਸਿਤਾਰਾ ਵੀ ਆਪਣੇ ਆਪ ਨੂੰ ਪੰਜਾਬੀ ਫ਼ਿਲਮ ਇੰਡਸਟਰੀ ਨਾਲ ਜੁੜਨ ਤੋਂ ਨਾ ਰੋਕ ਸਕਿਆ।

ਹੁਣ ਗੱਲ ਆਉਂਦੀ ਹੈ ਫੇਰ ਉਥੇ ਜਿੱਥੋਂ ਮੈਂ ਸ਼ੁਰੂ ਕੀਤੀ ਸੀ ਯਾਨੀ ਕਿ ਅੱਜ ਦੀ ਪੰਜਾਬੀ ਫ਼ਿਲਮ ਇੰਡਸਟਰੀ ਦੀ। ਅੱਜ ਦੀ ਪੰਜਾਬੀ ਫ਼ਿਲਮ ਇੰਡਸਟਰੀ ਨੇ ਜੋ ਆਪਣੇ ਆਪ 'ਚ ਬਦਲਾਓ ਲਿਆਂਦਾ ਹੈ ਉਹ ਇੱਕ ਕਾਬਲੇ ਤਾਰੀਫ਼ ਹੈ। ਜਿਸ ਇੱਕ ਗੱਲ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ ਉਹ ਹੈ ਅੱਜ ਦੀ ਪੰਜਾਬੀ ਫ਼ਿਲਮ ਦਾ ਲੱਚਰਤਾ ਤੋਂ ਕੋਹਾਂ ਦੂਰ ਹੋਣਾ। ਭਾਵੇਂ ਵਕਤ ਦੇ ਨਾਲ-ਨਾਲ ਹਰ ਖੇਤਰ ਵਿੱਚ ਲੱਚਰਤਾ ਦਾ ਬੋਲ ਬਾਲਾ ਵਧਦਾ ਜਾ ਰਿਹਾ ਹੈ ਪਰ ਐਨ ਇਸ ਦੇ ਉਲਟ ਪੰਜਾਬੀ ਫ਼ਿਲਮਾਂ ਲੱਚਰਤਾ ਨੂੰ ਅੰਗੂਠਾ ਦਿਖਾ ਕੇ ਕਾਮਯਾਬੀ ਦਾ ਇਤਿਹਾਸ ਸਿਰਜ ਰਹੀਆਂ ਹਨ। ਇਹੋ ਜਿਹਾ ਵੱਡਾ ਇਨਕਲਾਬ ਕੋਈ ਇੰਜ ਹੀ ਨਹੀਂ ਆ ਜਾਂਦਾ ਇਸ ਪਿੱਛੇ ਬਹੁਤ ਹੀ ਘਾਲਣਾ ਘਾਲਣੀ ਪੈਂਦੀ ਹੈ ਤੇ ਜੇ ਅੱਜ ਦੇ ਇਸ ਬਦਲਾਓ ਦਾ ਸਿਹਰਾ ਆਪਾਂ ਕੁੱਝ ਇੱਕ ਬੰਦਿਆ ਦੇ ਸਿਰ ਬੰਨ੍ਹਣਾ ਚਾਹੀਏ ਤਾਂ ਉਸ ਵਿੱਚ ਗੁਰਦਾਸ ਮਾਨ ਦੀ ਸਾਈਂ ਪ੍ਰੋਡਕਸ਼ਨ, ਮਨਮੋਹਨ ਸਿੰਘ ਦੀ ਟੀਮ ਤੇ ਇਹਨਾਂ ਸਾਰਿਆ ਤੋਂ ਵੱਧ ਕੇ ਹਰਭਜਨ ਮਾਨ ਦੇ ਸਿਰ ਬੱਝਦਾ ਹੈ। ਗੱਲ ਫੇਰ ਮਾਨਾਂ 'ਤੇ ਆ ਕੇ ਰੁਕਦੀ ਹੈ ਜੇ ਆਪਾਂ ਇਕੱਲੇ ਮਾਨਾਂ ਦੇ ਸਹਿਯੋਗ ਨੂੰ ਇਸ ਵਿਚੋਂ ਕੱਢ ਦਿੰਦੇ ਹਾਂ ਤਾਂ ਪਿੱਛੇ ਕੁੱਝ ਖ਼ਾਸ ਨਹੀਂ ਬਚਦਾ ਕਿਉਂਕਿ ਇੰਨਾ ਦੋ ਮਾਨਾਂ ਤੋਂ ਇਲਾਵਾ ਬਾਬਾ ਬੋਹੜ ਬਾਬੂ ਸਿੰਘ ਮਾਨ ਮਰਾੜ੍ਹ ਤੇ ਬੱਬੂ ਮਾਨ ਨੂੰ ਵੀ ਆਪਾਂ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਵੀ ਅੱਖੋਂ ਓਹਲੇ ਨਹੀਂ ਕਰ ਸਕਦੇ।

ਭਾਵੇਂ ਗੁਰਦਾਸ ਮਾਨ ਅੱਸੀ ਦੇ ਦਹਾਕੇ ਵਿੱਚ ਹੀ ਫ਼ਿਲਮਾਂ ਨਾਲ ਜੁੜ ਗਿਆ ਸੀ ਪਰ ਉਨ੍ਹਾਂ ਨਿੱਜੀ ਤੌਰ ਤੇ ਫ਼ਿਲਮਾਂ ਦਾ ਨਿਰਮਾਣ ਨੱਬੇ ਦੇ ਦਹਾਕੇ 'ਚ ਸ਼ੁਰੂ ਕੀਤਾ ਤੇ ਅੱਜ ਤੱਕ ਕਈ ਯਾਦਗਾਰ ਸਾਫ਼ ਸੁਥਰੀਆਂ ਫ਼ਿਲਮਾਂ ਪੰਜਾਬੀਆਂ ਦੀ ਝੋਲੀ ਪਾਈਆਂ। ਇਹ ਉਹ ਦੌਰ ਸੀ ਜਦੋਂ ਜੱਟਵਾਦ ਪੰਜਾਬੀ ਸਿਨਮਾ 'ਤੇ ਭਾਰੂ ਹੋ ਗਿਆ ਸੀ। ਪਰ ਇੱਕ ਗੱਲ ਹੈ ਇਸ ਵਕਤ ਤਕਰੀਬਨ ਦਸ ਫ਼ਿਲਮਾਂ ਹਰ ਸਾਲ ਰਿਲੀਜ਼ ਹੁੰਦੀਆਂ ਰਹੀਆਂ ਹਨ। ਭਾਵੇਂ ਵਰਿੰਦਰ ਦੇ ਦੌਰ ਤੋਂ ਸ਼ੁਰੂ ਹੋ ਕੇ ਯੋਗਰਾਜ ਤੇ ਗੁੱਗੂ ਗਿੱਲ ਤੱਕ ਬਹੁਤ ਸਾਰੀਆਂ ਹਿੱਟ ਫ਼ਿਲਮਾਂ ਪੰਜਾਬੀ ਦਰਸ਼ਕਾਂ ਨੂੰ ਦੇਖਣ ਨੂੰ ਮਿਲੀਆਂ ਪਰ ਕਿਸੇ ਨਾ ਕਿਸੇ ਪੱਖੋਂ ਇਹਨਾਂ ਨੂੰ ਸਾਫ਼ ਸੁਥਰੀਆਂ ਫ਼ਿਲਮਾਂ ਦਾ ਦਰਜਾ ਨਹੀਂ ਦੇ ਸਕਦੇ ਕਿਉਂਕਿ ਇਹਨਾਂ 'ਚ ਜ਼ਿਆਦਾ ਫ਼ਿਲਮਾਂ ਬਿਨਾਂ ਕਿਸੇ ਸੰਦੇਸ਼ ਦੇ ਕੇਵਲ ਲੜਾਈ-ਝਗੜਿਆਂ 'ਤੇ ਆਧਾਰਿਤ ਹੀ

ਸਨ। ਪਰ ਇਹ ਗੱਲ ਸਾਰੀਆਂ ਫ਼ਿਲਮਾਂ ਤੇ ਲਾਗੂ ਨਹੀਂ ਹੁੰਦੀ ਉਸ ਵਕਤ ਵੀ ਕੁੱਝ ਯਾਦਗਾਰ ਫ਼ਿਲਮਾਂ ਬਣੀਆਂ। ਇੱਕ ਖ਼ਾਸ ਗੱਲ ਪਿਛਲੇ ਦੋ-ਤਿੰਨ ਦਹਾਕਿਆਂ ਦੀ ਇਹ ਰਹੀ ਕਿ ਤੁਹਾਨੂੰ ਅਜਿਹੀ ਫ਼ਿਲਮ ਲੱਭਣੀ ਮੁਸ਼ਕਿਲ ਹੋ ਜਾਵੇਗੀ ਜਿਸ ਵਿੱਚ ਹਾਸਿਆਂ ਦਾ ਬਾਦਸ਼ਾਹ ਮਿਹਰ ਮਿੱਤਲ ਨਾ ਹੋਵੇ। ਭਾਵੇਂ ਉਨ੍ਹਾਂ ਦੇ ਜ਼ਿਆਦਾਤਰ ਸੰਵਾਦ ਦੋ ਅਰਥੀ ਹੁੰਦੇ ਸਨ ਪਰ ਇਸ ਨੂੰ ਫ਼ਿਲਮ ਦੀ ਕਾਮਯਾਬੀ ਦੀ ਚਾਬੀ ਸਮਝਿਆ ਜਾਂਦਾ ਸੀ।

ਫੇਰ ਨਵੀਂ ਸਦੀ ਚੜ੍ਹਦੇ-ਚੜ੍ਹਦੇ ਪੰਜਾਬੀ ਫ਼ਿਲਮਾਂ ਦੇ ਨਿਰਮਾਣ 'ਚ ਕੁੱਝ ਖੜੋਤ ਜਿਹੀ ਆ ਗਈ ਸੀ ਤੇ ਅਗਲੇ ਦੋ ਤਿੰਨ ਸਾਲ ਸਿਰਫ਼ ਇੱਕਾ-ਦੁੱਕਾ ਪੰਜਾਬੀ ਫ਼ਿਲਮਾਂ ਹੀ ਰਿਲੀਜ਼ ਹੋ ਸਕੀਆਂ ਸਨ।ਪਰ 2003 ਸਾਲ ਨੇ ਇੱਕ ਇਹੋ ਜਿਹੀ ਟੀਮ ਪੰਜਾਬੀ ਫ਼ਿਲਮ ਇੰਡਸਟਰੀ ਨੂੰ ਦਿੱਤੀ ਜਿਸ ਨੇ ਕਿ ਪੰਜਾਬੀ ਸਿਨੇਮੇ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿਤਾ ਇਹ ਟੀਮ ਦੀ ਕਮਾਨ ਸੀ ਮਨਮੋਹਨ ਸਿੰਘ ਦੇ ਤਜਰਬੇਕਾਰ ਹੱਥਾ 'ਚ ਤੇ ਨਵੀਂ ਤਾਜ਼ਗੀ ਨਾਲ ਭਰਿਆ ਹਰਭਜਨ ਮਾਨ ਦਾ ਜੋਸ਼ ਇਸ ਟੀਮ ਦੀ ਜਾਨ ਸੀ। ਬੱਸ ਫੇਰ ਕੀ ਸੀ ਇਹ ਟੀਮ ਹੁਣ ਤੱਕ ਉੱਤੇ ਥੱਲੇ ਪੰਜ-ਛੇ ਫ਼ਿਲਮਾਂ ਦੀ ਕਾਮਯਾਬੀ ਦਾ ਆਨੰਦ ਮਾਣ ਚੁੱਕੀ ਹੈ। ਇਹਨਾਂ ਦੀ ਫ਼ਿਲਮਾਂ ਦੀ ਇੱਕ ਖ਼ਾਸੀਅਤ ਇਹ ਰਹੀ ਹੈ ਕਿ ਜਿਸ ਨੂੰ ਆਪਾਂ ਲੱਚਰ ਜਾ ਅਸੱਭਿਅਕ ਕਹਿ ਸਕੀਏ ਉਹੋ ਜਿਹਾ ਤਿੰਨ ਘੰਟਿਆਂ ਦੀ ਫ਼ਿਲਮ 'ਚ ਇੱਕ ਪਲ ਵੀ ਨਹੀਂ ਮਿਲਦਾ ਤੇ ਹਰ ਫ਼ਿਲਮ ਇੱਕ ਨਵਾਂ ਸੰਦੇਸ਼ ਲੈ ਕੇ ਹਾਜ਼ਿਰ ਹੁੰਦੀ ਹੈ। ਇਸ ਟੀਮ ਦੇ ਨਾਲ-ਨਾਲ ਗੁਰਦਾਸ ਮਾਨ ਹੋਰਾਂ ਦੀ ਟੀਮ ਵੀ ਮਿਆਰੀ ਫ਼ਿਲਮਾਂ ਦਰਸ਼ਕਾਂ ਦੀ ਝੋਲੀ ਪਾਉਂਦੀ ਰਹੀ ਤੇ ਅੰਤਰਰਾਸ਼ਟਰੀ ਪੱਧਰ ਤੇ ਨਾਮਜ਼ਦ ਹੋਣ ਵਾਲੀਆਂ ਫ਼ਿਲਮਾਂ ਵੀ ਇਸੇ ਟੀਮ ਦੀ ਦੇਣ ਸੀ।

ਹੁਣ ਪੰਜਾਬੀ ਫ਼ਿਲਮਾਂ 'ਚ ਪੈਸਾ ਲਾਉਣ 'ਚ ਨਿਰਮਾਤਾ ਪਿੱਛੇ ਨਹੀਂ ਹਟਦੇ ਕਿਉਂਕਿ ਹੁਣ ਉਨ੍ਹਾਂ ਨੂੰ ਪਤਾ ਹੈ ਕਿ ਪੰਜਾਬੀ ਸਿਨਮਾ ਦਾ ਘੇਰਾ ਹੱਦਾਂ-ਬੰਨੇ ਟੱਪ ਕੇ ਬਹੁਤ ਵਿਸ਼ਾਲ ਹੋ ਚੁੱਕਿਆ ਹੈ। ਦੂਜੇ ਪਾਸੇ ਇੱਕ ਹੋਰ ਇਨਸਾਨ ਦਾ ਜ਼ਿਕਰ ਕਰਨਾ ਵੀ ਇਥੇ ਬਣਦਾ ਹੈ ਜਿਸ ਨੇ ਕਿ ਬਿਨਾਂ ਕਿਸੇ ਬਜ਼ਟ ਦੇ ਤੇ ਬਿਨਾਂ ਨਾਮੀ ਸਿਤਾਰਿਆਂ ਦੇ ਦਰਸ਼ਕਾਂ ਦਾ ਇੱਕ ਵੱਡਾ ਵਰਗ ਆਪਣੇ ਵੱਲ ਖਿੱਚਿਆ ਤਾਂ ਉਹ ਹੈ ਗੁਰਚੇਤ ਚਿੱਤਰਕਾਰ। ਇਸ ਇਨਸਾਨ ਨੇ ਸੀਮਤ ਸਾਧਨਾ ਨਾਲ ਨਿਰੋਲ ਪੇਂਡੂ ਸਭਿਆਚਾਰ ਲੋਕਾਂ ਸਾਹਮਣੇ ਪੇਸ਼ ਕੀਤਾ ਤੇ ਕੁੱਝ ਸਮਾਜਿਕ ਕੁਰੀਤੀਆਂ 'ਤੇ ਕਰਾਰੀ ਚੋਟ ਕੀਤੀ। ਫ਼ੌਜੀ ਦੀ ਫੈਮਲੀ ਤੋਂ ਲੈ ਕੇ ਹੁਣ ਤੱਕ ਉਹ ਸੱਤ-ਅੱਠ ਟੈਲੀ ਫ਼ਿਲਮਾਂ ਦਰਸ਼ਕਾਂ ਦੀ ਝੋਲੀ ਪਾ ਚੁੱਕਿਆ ਹੈ।

ਪਿਛਲੇ ਦਿਨੀਂ ਹਰਭਜਨ ਮਾਨ ਤੇ ਰਾਣਾ ਰਣਬੀਰ ਹੋਰਾਂ ਦੀ ਆਸਟ੍ਰੇਲੀਆ ਫੇਰੀ 'ਤੇ ਜਦ ਪੰਜਾਬੀ ਫ਼ਿਲਮਾਂ ਬਾਰੇ ਹਰਭਜਨ ਨਾਲ ਗੱਲ ਹੋਈ ਤਾਂ ਉਨ੍ਹਾਂ ਦੱਸਿਆ ਕਿ ਅੱਜ ਡੇਢ ਸੌ ਮੁਲਕਾਂ 'ਚ ਪੰਜਾਬੀ ਵੱਸਦੇ ਹਨ ਤੇ ਮੇਰੀ ਦਿਲੀ ਇੱਛਾ ਹੈ ਕਿ ਇੰਨਾ ਸਾਰੇ ਮੁਲਕਾਂ 'ਚ ਪੰਜਾਬੀ ਫ਼ਿਲਮਾਂ ਰਿਲੀਜ਼ ਹੋ ਸਕਣ ਤੇ ਇਸ ਲਈ ਜੱਦੋ-ਜਹਿਦ ਵੀ ਜਾਰੀ ਹੈ। ਉਨ੍ਹਾਂ ਦੀਆਂ ਇਹ ਗੱਲਾਂ ਮੈਨੂੰ ਉਸ ਵਕਤ ਸੱਚੀਆਂ ਜਾਪੀਆਂ ਜਦੋਂ ਅਗਲੇ ਕੁੱਝ ਹ਼ਫਤਿਆਂ ਬਾਅਦ ਆਸਟ੍ਰੇਲੀਆ ਦੇ ਇੱਕ ਬਿਲਕੁਲ ਹੀ ਪੇਂਡੂ ਹਲਕੇ ਰਿਵਰਲੈਂਡ ਦੇ ਸਿਨਮਾ 'ਚ ਉੱਤੇ ਥੱਲੇ ਦੋ ਨਵੀਆਂ ਪੰਜਾਬੀ ਫ਼ਿਲਮਾਂ ਦੇਖਣ ਨੂੰ ਮਿਲੀਆਂ। ਜਿੱਥੇ ਕਦੇ ਕੋਈ ਪੰਜਾਬੀ ਬੜੀ ਮੁਸ਼ਕਿਲ ਨਾਲ ਦੇਖਣ ਨੂੰ ਮਿਲਦਾ ਸੀ ਉਥੇ ਅੱਜ ਪੰਜਾਬੀ ਫ਼ਿਲਮਾਂ ਦੇਖਣ ਨੂੰ ਮਿਲ ਰਹੀਆਂ ਹਨ। ਜਦੋਂ ਮੈਂ ਉਸੇ ਵਕਤ ਰਾਣਾ ਰਣਬੀਰ ਨੂੰ ਸਵਾਲ ਕੀਤਾ ਕਿ ਅੱਜ ਦੀਆਂ ਤੇ ਪੁਰਾਣੀਆਂ ਪੰਜਾਬੀ ਫ਼ਿਲਮਾਂ 'ਚ ਤੁਸੀ ਕੀ ਅੰਤਰ ਦੇਖਦੇ ਹੋ ਤਾਂ ਉਨ੍ਹਾਂ ਕਿਹਾ ਸੀ ਕਿ ਅੱਜ ਦੀ ਫ਼ਿਲਮ

ਮੈਂ ਆਪਣੀ ਮਾਂ ਭੈਣ ਨਾਲ ਬੈਠ ਕੇ ਦੇਖਣ 'ਚ ਮਾਣ ਮਹਿਸੂਸ ਕਰਦਾ ਹਾਂ ਨਾ ਕਿ ਪਿਛਲੀਆਂ ਫ਼ਿਲਮਾਂ ਵਾਂਗੂੰ ਦੋ ਅਰਥੀ ਕਾਮੇਡੀ ਤੇ ਮਿਆਰ ਤੋਂ ਥੱਲੇ ਦੇ ਸੀਨ ਦੇਖਣ ਲਈ ਮਾਂ ਭੈਣ ਤਾਂ ਕੀ ਆਪਣੇ ਵੱਡੇ ਭਰਾ ਤੋਂ ਵੀ ਸੰਗ ਆਉਂਦੀ ਸੀ। ਭਾਵੇਂ ਉਸ ਵਕਤ ਮੈਨੂੰ ਰਾਣਾ ਰਣਬੀਰ ਦੀਆਂ ਇਹ ਗੱਲਾਂ ਵਿੱਚ ਕੁੱਝ ਨਿੰਦਿਆ ਝਲਕੀ ਪਰ ਮੇਰਾ ਮੂੰਹ ਛੇਤੀ ਹੀ ਅਗਲੀਆਂ ਦੋ ਪੰਜਾਬੀ ਫ਼ਿਲਮਾਂ ਦੇਖ ਕੇ ਬੰਦ ਹੋ ਗਿਆ ਜਦੋਂ ਮੈਂ ਮਿਆਰ ਤਾਂ ਕੀ ਉਸ ਤੋਂ ਵੀ ਕਈ ਗੁਣਾ ਸਾਫ਼ ਸੁਥਰੀਆਂ ਤੇ ਅਸਲੀ ਮਨੋਰੰਜਨ ਤੇ ਗਿਆਨ ਭਰਪੂਰ ਪੰਜਾਬੀ ਫ਼ਿਲਮਾਂ ਦੇਖੀਆਂ ਤੇ ਮੈਨੂੰ ਇਸ ਛੋਟੇ ਜਿਹੇ ਕੱਦ ਦੇ ਇਨਸਾਨ ਵਿੱਚ ਛਿਪਿਆ ਇੱਕ ਮਾਂ ਬੋਲੀ ਦਾ ਮਹਾਨ ਚਿੰਤਕ ਦਿਖਾਈ ਦਿਤਾ।

ਅਖੀਰ ਵਿੱਚ ਅੱਜ ਦੇ ਇਸ ਯੁੱਗ 'ਚ ਜਦੋਂ ਹਰ ਕੋਈ ਆਪਣੇ ਆਪ ਨੂੰ ਪੰਜਾਬੀ ਮਾਂ ਬੋਲੀ ਦਾ ਪਹਿਰੇਦਾਰ ਕਹਾ ਰਿਹਾ ਹੈ ਪਰ ਆਪਣੀ ਮਾਂ ਦਾ ਮੂੰਹ ਕਾਲਾ ਕਰ ਰਿਹਾ ਹੈ ਤਾਂ ਇਹਨਾਂ ਪੰਜਾਬੀ ਫ਼ਿਲਮਾਂ ਨੇ ਇੱਕ ਆਸ ਦੀ ਕਿਰਨ ਜਗਾਈ ਹੈ, ਤੇ ਹੁਣ ਲਗਦਾ ਹੈ ਉਹ ਦਿਨ ਵੀ ਕੋਈ ਦੂਰ ਨਹੀਂ ਜਦੋਂ ਸਾਡੇ ਸਭਿਆਚਾਰ ਦੇ ਇਹ ਭਟਕੇ ਹੋਏ ਸਰਮਾਏਦਾਰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਆਪਣੇ ਘਰ ਵਾਪਸ ਆਉਣਗੇ।

****

# ਦੋ ਸੱਭਿਆਚਾਰਾਂ ਦੀ ਗੱਲ- 'ਕੈਂਗਰੂਨਾਮਾ'

ਦੋ ਸੱਭਿਆਚਾਰਾਂ ਦਾ ਅਨੁਭਵੀ ਹੋਣ ਕਰਕੇ ਮਿੰਟੂ ਬਰਾੜ ਦੀ ਕਲਮ ਕਿਰਤ ਚੋਂ ਤੁਲਨਾਵਾਚੀ ਪ੍ਰਗਟਾਉ ਹੁੰਦਾ ਜਾਪਦਾ ਹੈ। ਸੁਭਾਵਕ ਤੌਰ 'ਤੇ ਸਰਲ ਸਪੱਸ਼ਟ ਤੇ ਥੋੜ੍ਹਾ ਜੇਹਾ ਮੂੰਹ ਫੱਟ ਹੋਣ ਕਰਕੇ ਮਿੰਟੂ ਬਰਾੜ ਫਿਰ ਵੀ ਸੱਚ ਦੇ ਨੇੜੇ-ਨੇੜੇ ਹੀ ਰਹਿ ਜਾਂਦਾ। ਆਸਟ੍ਰੇਲੀਆ ਵਿੱਚ ਪੰਜਾਬੀ ਭਾਈਚਾਰੇ ਦੀ ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਵਾਂਗ ਬਹੁਤਾਤ ਨਾ ਹੋਣ ਕਰਕੇ ਸੱਚ ਦੇ ਹਰਫ਼ਾਂ ਚੋਂ ਉਪਜੀ ਵਿਰੋਧਤਾ, ਆਲੋਚਨਾ, ਹੁੱਜਤਬਾਜ਼ੀ ਉਦਾਸੀਨਤਾ ਵੱਲ ਲਿਜਾ ਸਕਦੀ ਹੈ, ਲਿਜਾਂਦੀ ਵੀ ਹੈ, ਪਰ ਮਿੰਟੂ ਬਰਾੜ ਅਜਰ ਨੂੰ ਜਰ ਜਾਣ, ਆਪਣੀ ਲਿਖਤ ਦੇ ਹਵਾਲੇ ਨਾਲ ਉਦਾਸੀ ਦੇ ਆਲਮ ਵਿੱਚ ਨਹੀ ਡੁਬਦਾ, ਵਿਰੋਧ ਦੇ ਸਨਮੁੱਖ ਹੋ ਕੇ ਗੱਲ ਕਹਿਣ ਕਹਾਉਣ ਦਾ ਮੰਜਰ ਰਚਦਾ ਹੈ। ਸਹਿਮਣ ਹੀ ਰਚੀ ਹੋਈ ਮਿੰਟੂ ਬਰਾੜ ਦੀ ਲਿਖਤ, ਅਕਸਰ ਪਰਾਨਿਜ ਦੀ ਗੱਲ ਕਰਦੀ ਹੋਈ ਵਾਹਵਾ ਹਾਸਲ ਕਰ ਜਾਂਦੀ ਹੈ। ਮਿੰਟੂ ਬਰਾੜ ਨਾ ਸਿਆਸੀ ਹੈ, ਨਾ ਸੰਘੀ-ਸ਼ਰਧਾਵਾਨ ਹੈ ਤੇ ਨਾ ਹੀ ਬਹੁਤਾ ਸੱਜੇ ਖੱਬੇ ਪੱਖੀ ਸਾਹਿਤਕ ਹੈ, ਪਰ ਫਿਰ ਵੀ ਇਸ ਦੀਆਂ ਲਿਖਤਾਂ ਚੋਂ, ਇਸ ਵਿਚੋਂ ਇਨ੍ਹਾਂ ਸਭ ਧਾਰਨਾਵਾਂ ਦੇ ਜਰਾਸੀਮ ਮੌਜੂਦ ਜਾਪਦੇ, ਕਿਤੇ ਨਾ ਕਿਤੇ ਝਾਕਦੇ ਲਗਦੇ ਹਨ। ਮਿੰਟੂ ਬਰਾੜ ਆਮ ਸਾਧਾਰਨ ਬੰਦਿਆ ਵਾਂਗ ਇੱਕ ਦੁਬਿਧਾ ਦਾ ਸ਼ਿਕਾਰ ਹੈ; ਉਹ ਬਿਨਾਂ ਪਰਖੇ, ਬਿਨਾਂ ਕਸੌਟੀ ਵਰਤੇ ਅਨਜਾਣੇ ਹੀ ਅਖਾਉਤੀ ਬੰਦਿਆਂ ਨੂੰ ਸਿਰ 'ਤੇ ਚੁੱਕ ਲੈਂਦਾ, ਅੱਖੀਆਂ ਵਿਛਾ ਦਿੰਦਾ ਹੈ। ਪਰ ਜਦ ਇਸ ਨੂੰ ਪਤਾ ਲਗਦਾ ਇਹ ਤਾਂ ਜਾਅਲੀ, ਮਨਸੂਈ ਲੋਕ ਹਨ ਤਾਂ ਠਿੱਠ ਹੋ ਕੇ ਸੁੱਕੀ ਲੱਕੜ ਵਾਂਗੂੰ ਤੜੱਕ ਦੇਣੇ ਟੁੱਟ ਜਾਂਦਾ ਅਤੇ ਆਪਣੇ ਪਹਿਲੇ ਪਾਲੇ ਭਰਮ 'ਤੇ ਪਸ਼ਚਾਤਾਪ ਕਰਦਾ ਜਾਪਦਾ। ਪਰ ਜਿਸ ਤਰ੍ਹਾਂ ਇਸ ਨੇ ਕਈ ਖੇਤਰਾਂ 'ਚ ਲੱਤਾਂ ਪਸਾਰੀਆਂ ਹਨ, ਇਸ ਦੀ ਇਮਮੈਚਿਉਰਿਟੀ ਛੇਤੀ ਹੀ ਇਸ ਦੁਬਿਧਾ 'ਚੋਂ ਨਿਕਲ ਕੇ ਪ੍ਰਵੀਨਤਾ ਦਾ ਸਥਾਨ ਲੈ ਲਵੇਗੀ। ਮਿੰਟੂ ਬਰਾੜ ਦੇ ਅੰਦਰ ਦੇਸ਼ ਦੀ ਮਿੱਟੀ ਦੇ ਮੋਹ ਅਤੇ ਹੋ ਰਹੀ ਲੋਕ ਲੁੱਟ-ਖਸੁੱਟ ਦਾ ਆਪਸੀ ਵਿਰੋਧ ਜਾਰੀ ਹੈ; ਮਿੰਟੂ ਬਰਾੜ ਨੂੰ ਲਗਦਾ ਹੈ ਕਿ ਨਾ ਚਾਹੁੰਦੇ ਹੋਏ ਵੀ ਪ੍ਰਦੇਸ ਨੇ ਵਾਪਸ ਦੇਸ਼ ਪਰਤਣ ਨਹੀਂ ਦੇਣਾ, ਆਉਣ ਨਹੀਂ ਦੇਣਾ; ਉਹ ਇਸ ਵਿਚਾਰ ਹਿਤ ਆਪਣੇ ਅੰਦਰ ਚੱਲ ਰਹੇ ਆਪਸੀ ਵਿਰੋਧ ਦੇ ਘੋਲ ਚੋਂ ਪ੍ਰਦੇਸ 'ਚ ਹੀ ਆਪਣੇ ਸੁਭਾਅ ਤੇ ਆਪਣੀ ਸ਼ੈਲੀ ਦੀ ਸੰਸਾਰ ਸਿਰਜਣਾ ਕਰਨ ਦੇ ਵਿਸ਼ਾਲ ਜਤਨ ਵਿੱਚ ਹੈ।

**ਗੱਜਣਵਾਲਾ ਸੁਖਮਿੰਦਰ ਸਿੰਘ**

(ਰਿਸਰਚ ਸਕਾਲਰ)

# ਖੁੱਲ੍ਹੀ ਚਿੱਠੀ ਪੰਥ ਦੇ ਲੰਬੜਦਾਰਾਂ ਦੇ ਨਾਂ

ਜਦੋਂ ਬੰਦੇ ਨੂੰ ਨਵਾਂ-ਨਵਾਂ ਭਰਮ ਪੈਦਾ ਹੁੰਦਾ ਹੈ ਕਿ ਮੈਂ ਤਾਂ ਲੇਖਕ ਬਣ ਗਿਆ ਜਾਂ ਬਣ ਸਕਦਾ ਹਾਂ ਤਾਂ ਉਸ ਕੋਲ ਪਹਿਲੇ ਕੁਝ ਕੁ ਮੁੱਦਿਆਂ ਚੋਂ ਧਰਮ ਨਾਂ ਦਾ ਮੁੱਦਾ ਸਭ ਤੋਂ ਮੂਹਰੇ ਹੁੰਦਾ। ਵਕਤ ਨਾਲ ਭਾਵੇਂ ਸਾਰੇ ਭਰਮ ਦੂਰ ਹੋ ਜਾਂਦੇ ਹਨ ਪਰ ਫੇਰ ਵੀ ਇਸ ਦਾ ਮਤਲਬ ਇਹ ਨਹੀਂ ਕਿ ਬੰਦਾ ਭਰਮ ਪਾਲਣੋਂ ਹੱਟ ਜਾਂਦਾ ਹੈ। ਬੱਸ ਜੇ ਫ਼ਰਕ ਆਉਂਦਾ ਤਾਂ ਸਿਰਫ਼ ਏਨਾ ਕੁ ਆਉਂਦਾ ਕਿ ਆਪਣੀਆਂ ਕੀਤੀਆਂ ਪਿਛਲੀਆਂ ਕਾਰਵਾਈਆਂ ਤੇ ਕੁਝ ਕੁ ਹਾਸਾ ਆਉਂਦਾ ਤੇ ਕੁਝ ਕੁ ਸ਼ਰਮਿੰਦਗੀ ਵੀ ਆਉਂਦੀ ਹੈ। ਬੱਸ ਦੁਨੀਆਦਾਰੀ ਦੇ ਇਸੇ ਢਾਂਚੇ 'ਚ ਅਸੀਂ ਢਲੇ ਹੋਏ ਹਾਂ। ਸਾਨੂੰ ਵੀ ਨਵਾਂ-ਨਵਾਂ ਭੂਤ ਸਵਾਰ ਹੋਇਆ ਸੀ ਕਲਮ ਦਾ ਤੇ ਕਈ ਪਾਸਿਉਂ ਸੁਣ ਰੱਖਿਆ ਸੀ ਕਿ ਕਲਮ ਤਾਂ ਬਹੁਤ ਵੱਡਾ ਹਥਿਆਰ ਹੈ ਜਿੱਥੇ ਤਲਵਾਰ ਕੰਮ ਨਾ ਕਰੇ ਉੱਥੇ ਕਲਮ ਆਹੂ ਲਾਹੁੰਦੀ ਹੈ।ਪਰ ਇਹਨਾਂ ਸਾਰੀਆਂ ਗੱਲਾਂ 'ਚ ਆਉਣ ਵੇਲੇ ਇਹ ਭੁੱਲ ਗਏ ਕਿ ਹਰ ਹਥਿਆਰ ਦਾ ਕੋਈ ਚਾਲਕ ਵੀ ਹੁੰਦਾ ਤੇ ਉਸ ਚਾਲਕ ਦੀ ਕੁਸ਼ਲਤਾ ਤੇ ਨਿਰਭਰ ਹੁੰਦਾ ਉਸ ਦਾ ਵਾਰ। ਸੋ ਤੁਸੀ ਸਮਝ ਹੀ ਗਏ ਹੋਵੋਗੇ ਕਿ ਮੈਂ ਆਪਣੇ ਸ਼ੁਰੂ ਦੇ ਦੌਰ 'ਚ ਲਿਖੇ ਇਸ ਲੇਖ ਤੇ ਆਪਣੇ ਬਾਰੇ ਕੀ ਸੋਚਦਾ ਹਾਂ। ਭਾਵੇਂ ਉਸ ਵਕਤ ਮੈਂ ਇਹ ਲੇਹ ਲਿਖ ਕੇ ਪਹਿਲੀ ਝਾਤ ਮਾਰਨ ਲਈ ਆਪਣੇ ਉਸਤਾਦ ਗੁਰਮੇਲ ਸਰਾ ਨੂੰ ਭੇਜਿਆ ਸੀ। ਮੇਰੇ ਧੁੰਦਲਾ ਜਿਹਾ ਯਾਦ ਸੀ ਕਿ ਉਨ੍ਹਾਂ ਮਨਾ ਕਰ ਦਿਤਾ ਸੀ ਇਸ ਲੇਖ ਨੂੰ ਕਿਤੇ ਛਪਵਾਉਣ ਤੋਂ, ਪਰ ਫੇਰ ਵੀ ਅੱਜ ਮੈਂ ਜਦੋਂ ਪੁਰਾਣਾ ਰਿਕਾਰਡ ਫਰੋਲਿਆ ਤਾਂ ਮੇਰੇ ਉਹ ਈਮੇਲ ਹੱਥ ਲੱਗ ਗਈ ਜਿਸ ਵਿਚ ਉਨ੍ਹਾਂ ਮਨਾ ਕੀਤਾ ਸੀ । ਉਨ੍ਹਾਂ ਦੇ ਸ਼ਬਦ ਹੁਬਹੁ ਇਥੇ ਲਿਖ ਰਿਹਾ ਹਾਂ; ਉਨ੍ਹਾਂ ਲਿਖਿਆ ਸੀ 'ਕਿਉਂ ਲੱਸੀ ਰਿੜਕੀ ਜਾਣਾ ਕੁਝ ਨਹੀਂ ਨਿਕਲਦਾ ਇਸ 'ਚੋਂ, ਮੇਰੇ ਹਿਸਾਬ ਨਾਲ ਇਸ ਲੇਖ ਦੀ ਥਾਂ ਡਸਟਬਿਨ ਹੈ ਸੋ ਉਸ ਦੀ ਸ਼ੋਭਾ ਵਧਾ।

ਇਹੋ ਜਿਹੀ ਫੀਡ ਬੈਕ ਦੇ ਬਾਵਜੂਦ ਮੈਂ ਇਸ ਲੇਖ ਨੂੰ ਸਾਂਭਣਾ ਚਾਹੁੰਦਾ ਹਾਂ ਕਿਉਂਕਿ ਹੋ ਸਕਦਾ ਕੱਲ੍ਹ ਨੂੰ ਲਿਖਣਾ ਆ ਜਾਵੇ ਤਾਂ ਇਸ ਕਿਤਾਬ 'ਚ ਸਾਂਭੇ ਮੇਰੇ ਲੇਖ ਮੈਨੂੰ ਆਪਣਾ ਪਿਛੋਕੜ ਯਾਦ ਕਰਵਾਉਂਦੇ ਰਹਿਣਗੇ।



ਰਣਜੀਤ ਸਿੰਘ ਥਿੰਦ, ਸਰੂਪ ਸਿੰਘ ਜੌਹਲ, ਬਲਵਿੰਦਰ ਸਿੰਘ ਝਾਂਡੀ,
ਤਿਰਲੋਚਣ ਸਿੰਘ ਜੌਹਲ ਅਤੇ ਡਾਕਟਰ ਤੇਜਿੰਦਰ ਸਿੰਘ



ਰਿਵਰਲੈਂਡ ਦੇ ਵਾਸੀ ਤਿਰਲੋਚਣ ਸਿੰਘ ਜੌਹਲ, ਦਰਸ਼ਨ ਸਿੰਘ ਨਾਗਰਾ,
ਰਘਬੀਰ ਸਿੰਘ ਗਿੱਲ, ਜਸਬੀਰ ਸਿੰਘ, ਰਣਜੀਤ ਸਿੰਘ ਥਿੰਦ, ਬਲਵਿੰਦਰ ਸਿੰਘ ਝੰਡੀ,
ਮਾਸਟਰ ਜਗਦੇਵ ਸਿੰਘ, ਸੁਲੱਖਣ ਸਿੰਘ ਸਹੋਤਾ, ਅਤੇ ਮੱਖਣ ਸਿੰਘ ਦੁਸਾਂਝ

# ਖੁੱਲ੍ਹੀ ਚਿੱਠੀ ਪੰਥ ਦੇ ਲੰਬੜਦਾਰਾਂ ਦੇ ਨਾਂ

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ ।।
ਅੱਜ ਦੇ ਆਪੋ-ਧਾਪੀ ਵਾਲੇ ਇਸ ਯੁੱਗ ਵਿੱਚ ਜਦੋਂ ਹਰ ਕੋਈ ਲੰਬੜਦਾਰੀਆਂ ਦਾ ਭੁੱਖਾ ਆਪੋ ਆਪਣਿਆ ਰੋਟੀਆਂ ਸੇਕ ਰਿਹਾ ਤਾਂ ਦਾਸ ਦੇ ਮਨ ਵਿਚ ਇਹ ਅਹੁਦਾ ਹਾਸਿਲ ਕਰਨ ਦਾ ਵਿਚਾਰ ਆਇਆ। ਕਾਫ਼ੀ ਸੋਚ ਵਿਚਾਰ ਪਿੱਛੋਂ ਵਿਚਾਰ ਆਇਆ ਕਿ ਬੁੱਧੀਜੀਵੀਆਂ 'ਚ ਤਾਂ ਆਪਣੀ ਦਾਲ ਨਹੀਂ ਗਲਨੀ ਸੋ ਸੋਚਿਆ ਕਿਉਂ ਨਾ ਆਹ ਜਿਹੜੀ ਭੋਲੀ-ਭਾਲੀ ਸਾਧ-ਸੰਗਤ ਜੋ ਕਿ ਸਦਾ ਹੀ ਭੰਬਲਭੂਸੇ 'ਚ ਫਸੀ ਰਹਿੰਦੀ ਹੈ ਓਸ ਦਾ ਲੰਬੜਦਾਰ ਆਪਣੇ-ਆਪ ਨੂੰ ਥਾਪ ਲਿਆ ਜਾਵੇ। ਬੱਸ ਫੇਰ ਕੀ ਸੀ ਲੋਕ ਸਮਝਣ ਨਾ ਸਮਝਣ ਅਸੀਂ ਆਪਣੇ ਆਪ ਨੂੰ ਲੰਬੜਦਾਰ ਕਹਿਣਾ ਸ਼ੁਰੂ ਕਰ ਦਿੱਤਾ ਤੇ ਬਿਨਾਂ ਕਿਸੇ ਦੇ ਕਿਹਾ ਸਾਰੀਆਂ ਜ਼ੁੰਮੇਵਾਰੀਆਂ ਚੁੱਕਣੀਆਂ ਸ਼ੁਰੂ ਕਰ ਦਿੱਤੀਆਂ ਸੋ ਆਪਣਾ ਫ਼ਰਜ਼ ਸਮਝਦਾ ਹੋਇਆਂ ਅੱਜ ਕੁਝ ਆਪਣੀ ਸਾਧ ਸੰਗਤ ਨੂੰ ਭੁਲੇਖੇ ਵਿਚੋਂ ਕੱਢਣ ਲਈ ਪੰਥ ਦੇ ਇੰਨਾ ਠੇਕੇਦਾਰਾਂ ਤੋਂ ਇਸ ਲੇਖ ਰਾਹੀਂ ਕੁਝ ਪੁੱਛਣਾ ਚਾਹੁੰਦਾ ਉਮੀਦ ਹੈ ਕੋਈ ਨਾ ਕੋਈ ਜ਼ਰੂਰ ਸਾਨੂੰ ਉਚਿੱਤ ਮਾਰਗ ਦੱਸੇਗਾ।

ਪਰ ਓਸ ਤੋਂ ਪਹਿਲਾਂ ਦਾਸ ਆਪਣੇ-ਆਪ ਨੂੰ ਲੰਬੜਦਾਰ ਥਾਪਣ ਪਿੱਛੇ ਦਾ ਮਕਸਦ ਸਾਫ਼ ਕਰ ਦੇਣਾ ਚਾਹੁੰਦਾ। ਇਸ ਪਿੱਛੇ ਇੱਕ ਛੋਟੀ ਜਿਹੀ ਪਰ ਡੂੰਘੀ ਕਹਾਣੀ ਹੈ। ਗੱਲ ਕਾਫ਼ੀ ਸਾਲ ਪੁਰਾਣੀ ਹੈ ਕਿ ਸਾਡੇ ਪਿੰਡ ਵਿੱਚ ਰਾਤ ਵਾਲੇ ਇੱਕ ਵਾਕਿਆ ਹੋ ਗਿਆ ਤੇ ਦਿਨ ਚੜ੍ਹਦੇ ਨੂੰ ਥਾਣਾ ਆ ਚੜ੍ਹਿਆ ਲਓ ਜੀ ਸੱਥ 'ਚ ਇਕੱਠ ਹੋ ਗਿਆ ਪਿੰਡ ਦੇ ਪਤਵੰਤੇ ਬੰਦੇ ਇਕੱਠੇ ਹੋ ਗਏ ਤੇ ਪਿੰਡ ਦੀ ਸਰਪੰਚੀ ਰਾਖਵੇਂਕਰਨ ਕਰਕੇ ਪਿੰਡ 'ਚ ਮੀਟ ਦੀ ਦੁਕਾਨ ਕਰਨ ਵਾਲੇ ਅਨਪੜ੍ਹ ਬੰਦੇ ਹੱਥ ਸੀ ਉਹ ਵੀ ਓਥੇ ਪਹੁੰਚ ਗਿਆ ਬਾਗੜੀ ਜਾਟ ਥਾਣੇਦਾਰ ਲੱਗਿਆ, ਬਿਆਨ ਕਲਮਬੰਦ ਕਰਨ ਬੱਸ ਫੇਰ ਕੀ ਸੀ ਜਿੰਨਾਂ ਕੁ ਜਿਸ ਕੋਲ ਗਿਆਨ ਉਨ੍ਹੀਂ ਕੁ ਦਲੀਲ ਦੇਈ ਜਾਵੇ ਇੰਨੇ ਨੂੰ ਪਿੰਡ ਦਾ ਸਵੈਮਾਨੀ ਭੱਦਰ ਪੁਰਖ ਪੂਰਾ ਗੁਰੁ-ਸਿੱਖ ਆਪਣੇ ਵਕਤ ਦਾ ਐਫ.ਏ. ਪੜ੍ਹਿਆ ਤੇ ਪ੍ਰਤਾਪ ਸਿੰਘ ਕੈਰੋਂ ਵੇਲੇ ਦਾ ਪਟਵਾਰੀ ਪਰ ਆਪਣੇ ਸਵੈਮਾਨ ਪਿੱਛੇ ਸ਼ਰਤਾਂ ਨਾ ਮੰਨਣ ਕਰਕੇ ਨੌਕਰੀ ਨੂੰ ਅਲਵਿਦਾ ਕਹਿ ਆਇਆ ਸੀ ਨੇ ਇਕੱਠ ਵਿਚੋਂ ਖੜਾ ਹੋ ਕੇ ਬੜੀ ਨਿਮਰਤਾ ਨਾਲ ਹੱਥ ਜੋੜ ਕੇ ਥਾਣੇਦਾਰ ਕੋਲੋਂ ਕੁਝ ਕਹਿਣ ਦੀ ਇਜਾਜ਼ਤ ਮੰਗੀ ਤਾਂ ਪਹਿਲਾਂ ਤਾਂ ਥਾਣੇਦਾਰ ਟੇਢਾ ਜਿਹਾ ਝਾਕ ਕੇ ਬਾਗੜੀ ਭਾਸ਼ਾ 'ਚ ਕਹਿਣ ਲੱਗਿਆ, "ਅਰੇ ਤੂੰ ਹੈਂ ਕੇ ਵਲ਼ਾ ?" ਉਹ ਭੱਦਰ-ਪੁਰਖ ਨੇ ਆਪਣੀ ਪਛਾਣ ਦਿੰਦੇ ਕਿਹਾ ਕਿ ਆਹ ਮੇਰਾ ਨਾਂ ਤੇ ਮੈਂ ਵੀ ਇਸ ਪਿੰਡ ਦਾ ਆਮ ਵਸਨੀਕ ਹਾਂ। ਅੱਗੋਂ ਥਾਣੇਦਾਰ ਉੱਖੜੇ ਕੁਹਾੜੇ ਵਾਂਗ ਪੈ ਗਿਆ, "ਅਰੇ ਨਾ ਤੂੰ ਲੰਬੜਦਾਰ ਨਾ ਤੂੰ ਪੰਚ ਨਾ ਸਰਪੰਚ ਵੇਸੇ ਹੀ ਬੂਥਾ ਉਠਾ ਕੇ ਬੋਲਣ ਲਾਗ ਰਿਆ ਸੈ, ਬੈਠ ਜਾ, ਪਤਾ ਨਹੀਂ ਕੈਸੇ-ਕੈਸੇ ਲੋਗ ਚਲੇ ਆਤੇ ਹੈ ਟਾਈਮ ਖ਼ਰਾਬ ਕਰਨੇ, ਹਾਂ ਤੋ ਬੋਲੋ ਸਰਪੰਚ ਸਾਹਿਬ।"

ਲਓ ਜੀ ਜਿਹੜੇ ਬੰਦੇ ਦਾ ਸਵੈਮਾਨ ਕੈਰੋਂ ਵਰਗਾ ਮੁੱਖ ਮੰਤਰੀ ਨਹੀਂ ਤੋੜ ਸਕਿਆ ਅੱਜ ਇੱਕ ਥਾਣੇਦਾਰ ਅੱਗੇ ਲਾਚਾਰ ਦਿਸ ਰਿਹਾ ਸੀ ਬੱਸ ਇਸੇ ਘਟਨਾ ਨੇ ਦਾਸ ਨੂੰ ਵੀ ਇਹ ਸੋਚਣ 'ਤੇ

ਮਜਬੂਰ ਕਰ ਦਿੱਤਾ ਕਿ ਜੇ ਅੱਗੇ ਨੂੰ ਕਦੇ ਕੋਈ ਗੱਲ ਕਿਸੇ ਦੇ ਸਾਹਮਣੇ ਰੱਖਣੀ ਹੈ ਤਾਂ ਪਹਿਲਾਂ ਆਪਣੇ ਪਿੱਛੇ ਕੋਈ ਪੂਛ ਜ਼ਰੂਰ ਲਾਉਣੀ ਪਵੇਗੀ ਸੋ ਇਸੇ ਕਰਕੇ ਇਹ ਲੰਬੜਦਾਰੀ ਵਾਲੀ ਪੂਛ ਹੁਣ ਦਾਸ ਨੇ ਲਾ ਲਈ ਹੈ ਤੇ ਲਗਦਾ ਕਿ ਹੁਣ ਦਾਸ ਆਪਣੀ ਗੱਲ ਤੁਹਾਡੇ ਸਾਹਮਣੇ ਰੱਖ ਸਕਦਾ ਭਾਵੇਂ ਦਾਸ ਜ਼ਿਆਦਾ ਗੁਣੀ ਗਿਆਨੀ ਨਹੀਂ ਪਰ ਹੁਣ ਤਾਂ ਸਾਰਾ ਕੁਝ ਪੂਛ ਨੇ ਢੱਕ ਲਿਆ।

ਹੁਣ ਆਪਾਂ ਅਸਲੀ ਮੁੱਦੇ 'ਤੇ ਆਉਣੇ ਹਾਂ ਦੁਚਿੱਤੀ ਇਸ ਗੱਲ ਦੀ ਹੈ ਕਿ ਜਦੋਂ ਤੜਕੇ ਉੱਠ ਕੇ ਅਖ਼ਬਾਰ ਖੋਲ੍ਹੀ ਦਾ ਤਾਂ ਸਾਹਮਣੇ ਕੋਈ ਨਾ ਕੋਈ ਨਵਾਂ ਬਖੇੜਾ ਖੜ੍ਹਾ ਹੁੰਦਾ, ਸਿੱਖ ਧਰਮ ਦਾ, ਉਹ ਵੀ ਅੰਦਰੂਨੀ। ਸਿੱਖ ਇਤਿਹਾਸ ਦੇ ਲਈ ਭਾਵੇਂ ਇਹ ਨਵੀਂ ਗੱਲ ਨਹੀਂ ਕਿਉਂਕਿ ਇਸ ਦੇ ਜਨਮ ਤੋਂ ਲੈ ਕੇ ਹੁਣ ਤੱਕ ਇਹ ਚਲਦਾ ਹੀ ਆਇਆ ਪਰ ਰੋਣਾ ਤਾਂ ਇਸ ਗੱਲ ਦਾ ਕੀ ਉਹੀ ਗ਼ਲਤੀਆਂ ਵਾਰ-ਵਾਰ ਕਰਨ ਦੇ ਬਾਵਜੂਦ ਵੀ ਗੁਰੂ ਦਾ ਸਿੱਖ ਹਾਲੇ ਕੁਝ ਸਿੱਖ ਨਹੀਂ ਰਿਹਾ। ਚਲੋ ਆਪਾ ਬੀਤੇ ਵਕਤ ਨੂੰ ਛੱਡ ਕੇ ਅੱਜ ਦੇ ਤਾਜ਼ਾ ਮਸਲੇ ਹੀ ਦੇਖਦੇ ਹਾਂ ਇੰਨਾ ਨੂੰ ਨੰਬਰ ਵਾਰ ਦੇਖੀਏ ਤਾਂ ਇਹਨਾਂ ਵਿਚੋਂ ਕੁਝ ਹਨ ਜਿਵੇਂ :-

1. ਦਸਮ ਗ੍ਰੰਥ ਦਾ ਮਸਲਾ।
2. ਸਹਿਜਧਾਰੀ ਸਿੱਖ ਦੀ ਪਰਿਭਾਸ਼ਾ।
3. ਵੱਖੋ-ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ।
4. ਨਾਮ ਨਿਹਾਦ ਸੰਤ।
5. ਡੇਰਾ ਵਾਦ।

ਭਾਵੇਂ ਦਸਮ ਗ੍ਰੰਥ ਦੇ ਮਸਲੇ ਨੂੰ ਆਪਾ ਤਾਜ਼ਾ ਨਹੀਂ ਕਹਿ ਸਕਦੇ ਵੇਲੇ-ਵੇਲੇ ਸਿਰ ਬਹੁਤ ਸਾਰੇ ਬੁੱਧੀਜੀਵੀ ਸਿਰ ਖਪਾ ਕੇ ਬੈਠ ਗਏ ਪਰ ਹੁਣ ਇੱਕ ਵਾਰ ਫੇਰ ਸ਼੍ਰੀ ਹਜ਼ੂਰ ਸਾਹਿਬ ਵਿਚ 300 ਸਾਲਾ ਗੁਰੂਤਾ-ਗੱਦੀ ਦਿਵਸ ਨੇ ਇਸ ਨੂੰ ਫੇਰ ਹਰਾ ਕਰ ਦਿੱਤਾ। ਹੁਣ ਬੇਨਤੀ ਇਹ ਹੈ ਕਿ ਦਾਸ ਜਿਹੜੀ ਆਮ ਸੰਗਤ ਦੀ ਅਗਵਾਈ ਕਰਦਾ ਉਹ ਵਿਚਾਰੀ ਕਿੱਧਰ ਨੂੰ ਜਾਵੇ ਬੜੇ-ਬੜੇ ਪੰਥ ਦੇ ਠੇਕੇਦਾਰ ਲੱਦ-ਲੱਦ ਕੇ ਹਜ਼ੂਰ ਸਾਹਿਬ ਲੈ ਗਏ ਤੇ ਦੂਜਾ ਆਪਣੇ ਵਡੇ-ਵਡੇਰਿਆਂ ਦਾ ਕਿਹਾ ਕਿ ਸੱਠ ਸਾਲ ਤੱਕ ਓਥੇ ਹਰ ਸਿੱਖ ਦਾ ਇੰਤਜ਼ਾਰ ਹੁੰਦਾ ਜਿਵੇਂ ਤਿਵੇਂ ਉਥੇ ਪਹੁੰਚ ਗਏ ਤੇ ਅੱਗੇ ਉਹ ਹੀ ਭੰਬਲਭੂਸਾ ਕਿ ਸਾਨੂੰ ਤਾਂ ਦੱਸਿਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕੋਈ ਨਹੀਂ ਪਰ ਇਥੇ ਤਾਂ ਕੁਝ ਹੋਰ ਹੀ ਚੱਲ ਰਿਹਾ। ਜੇ ਇਸ ਅਣਜਾਣ ਸੰਗਤ ਨੂੰ ਦਸਮ ਗ੍ਰੰਥ ਬਾਰੇ ਪੁੱਛਦੇ ਹਾਂ ਤਾਂ ਉਨ੍ਹਾਂ ਸੋ ਵਿਚੋਂ ਮਸਾਂ ਕੁ ਚਾਰ ਨੂੰ ਬੱਸ ਇੰਨਾ ਕੁ ਗਿਆਨ ਹੈ ਕਿ ਇਹ ਦਸਮ ਪਿਤਾ ਦੀ ਬਾਣੀ ਹੈ ਤੇ ਦੋ ਕੁ ਨੂੰ ਇਸ ਤੋਂ ਅੱਗੇ ਇਹ ਪਤਾ ਕਿ ਇਸ ਵਿੱਚ ਗੁਰੂ ਸਾਹਿਬ ਨੇ ਆਪਣੀ ਭਗਤੀ ਤੇ ਦੁਨੀਆ 'ਚ ਆਉਣ ਦੇ ਮਕਸਦ ਦੇ ਬਾਰੇ ਦੱਸਿਆ ਤੇ ਇੱਕ ਅੱਧੇ ਨੂੰ ਚੰਡੀ ਦੀ ਵਾਰ ਤੇ ਜ਼ਫ਼ਰਨਾਮੇ ਦਾ ਪਤਾ। ਪਹਿਲਾਂ ਤਾਂ ਇਥੇ ਸਵਾਲ ਇਹ ਪੈਦਾ ਹੁੰਦਾ ਕਿ ਸਿੱਖ ਇਤਿਹਾਸ ਵਿੱਚ ਜੇ ਇਹ ਗ੍ਰੰਥ ਇੰਨਾ ਹੀ ਮਹੱਤਵਪੂਰਨ ਹੈ ਤਾਂ ਇਹ ਗਿਆਨ ਕੇਵਲ ਬੁੱਧੀਜੀਵੀਆਂ ਤੱਕ ਹੀ ਸੀਮਤ ਕਿਉਂ ? ਤੇ ਦੂਜਾ ਜੇ ਤੁਸੀਂ ਪੜ੍ਹੇ-ਲਿਖੇ ਬੁੱਧੀਜੀਵੀਆਂ ਦਾ ਸਤਿਕਾਰ ਕਰਦੇ ਹੋ ਤਾਂ ਉਨ੍ਹਾਂ ਦੀ ਗੱਲ ਮੰਨਣ 'ਚ ਕੀ ਝਿਜਕ ? ਤੇ ਸਭ ਤੋਂ ਖ਼ਾਸ ਗੱਲ ਸਿੱਖਾਂ ਦੀ ਸਰਵ ਉੱਚ ਅਦਾਲਤ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰਾਂ ਨੂੰ ਨਿੱਕੀ-ਨਿੱਕੀ ਗੱਲ 'ਤੇ ਤਾਂ ਫ਼ਰਮਾਨ ਚੇਤੇ ਆ ਜਾਂਦਾ ਕਿ ਹਰਭਜਨ ਸਿੰਘ ਟੀ. ਵੀ. 'ਤੇ ਰਾਵਣ ਬਣ ਕੇ ਨੱਚ ਪਿਆ

ਜਾ ਮੰਦਿਰਾ ਬੇਦੀ ਨੇ ਟੈਟੂ ਬਣਾ ਲਿਆ ਸ਼ਾਇਦ ਅੱਜ ਦੇ ਇਸ ਤੇਜ਼ ਤਰਾਰ ਯੁੱਗ 'ਚ ਇੰਨਾ ਕੋਲ ਟੀ. ਵੀ. ਸ਼ੋਅ ਦੇਖਣ ਦੀ ਫ਼ੁਰਸਤ ਤਾਂ ਹੈ ਪਰ ਪੰਥ ਦੇ ਮਸਲੇ ਹੱਲ ਕਰਨ ਦਾ ਵਕਤ ਨਹੀਂ ਜਾ ਇਹ ਵੀ ਹੋ ਸਕਦਾ ਕਿ ਮੀਡੀਆ ਵੀ ਚਟਪਟੀਆਂ ਖ਼ਬਰਾਂ ਚਾਹੁੰਦਾ ਨਾ ਕਿ ਪੰਥ ਦੇ ਅੰਦਰੂਨੀ ਮਸਲੇ। ਕਿੱਥੇ ਭੱਜੇ ਜਾਂਦੇ ਆ ਇਹ ਮਸਲੇ ਸਦੀਆਂ ਬੀਤ ਗਈਆਂ ਉੱਥੇ ਦੇ ਉੱਥੇ ਤਾਂ ਖੜ੍ਹੇ ਆ ਕਦੇ ਨਾ ਕਦੇ ਦੇਖਾਂਗੇ ਫ਼ਿਲਹਾਲ ਤਾਂ ਕੈਮਰਿਆਂ ਦੀ ਚਮਕ-ਦਮਕ ਵਿਚੋਂ ਫ਼ੁਰਸਤ ਨਹੀਂ।

ਹੁਣ ਜਦੋਂ ਕੈਮਰੇ ਦੀ ਗੱਲ ਚੱਲੀ ਹੈ ਤਾਂ ਇਥੇ ਇੱਕ ਹੱਡਬੀਤੀ ਚੇਤੇ ਆ ਰਹੀ ਹੈ ਗੱਲ ਸਾਲ 2006 ਦੇ ਅਖੀਰਲੇ ਮਹੀਨੇ ਦੀ ਹੈ ਦਾਸ 'ਤੇ ਕਿਰਪਾ ਹੋਈ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਦੀ ਆਥਣ ਵੇਲਾ ਜਦ ਦਾਸ ਦਰਬਾਰ ਸਾਹਿਬ ਦੇ ਬੂਹੇ 'ਤੇ ਪਹੁੰਚਿਆ ਤਾਂ ਇੱਕ ਸਿੰਘ ਆਪਣੇ ਘਰ ਮੋਬਾਈਲ 'ਤੇ ਕਹਿ ਰਿਹਾ ਕਿ ਟੀ.ਵੀ. ਦਰਬਾਰ ਸਾਹਿਬ ਤੋਂ ਲਾਈਵ ਪ੍ਰਸਾਰਨ 'ਤੇ ਲਾ ਲਓ ਕਿਉਂਕਿ ਹੁਣ ਮੈਂ ਮੱਥਾ ਟੇਕਣ ਜਾ ਰਿਹਾ ਤੇ ਤੁਸੀਂ ਮੈਨੂੰ ਟੀ.ਵੀ. 'ਤੇ ਦੇਖੋ ਤੇ ਨਾਲੇ ਸਾਰੇ ਆਂਢ-ਗੁਆਂਢ ਨੂੰ ਦੱਸ ਦੇਣਾ। ਦਾਸ ਹਾਲੇ ਉਸ ਆਮ ਜਿਹੇ ਸਿੰਘ ਦੀ ਇਸ ਅਦਾ 'ਤੇ ਅੰਦਰੋਂ-ਅੰਦਰੀ ਹੱਸ ਹੀ ਰਿਹਾ ਸੀ ਕਿ ਥੋੜ੍ਹਾ ਜਿਹਾ ਅੱਗੇ ਕੀ ਦੇਖਦਾ ਕਿ ਇਕ ਨਾਮੀ-ਗਰਾਮੀ ਜਥੇਦਾਰ ਆਪਣੇ-ਆਪ ਨੂੰ ਸੰਵਾਰਦਾ ਹੋਇਆ ਆਪਣੇ ਚੇਲੇ-ਬਾਲਕ ਨੂੰ ਹੁਕਮ ਦੇ ਰਿਹਾ ਸੀ ਕਿ ਅੰਦਰ ਕੈਮਰੇ ਵਾਲੇ ਨੂੰ ਕਹਿ ਦੇ ਕਿ ਮੈਂ ਆ ਰਿਹਾ ਜਿੰਨਾਂ ਚਿਰ ਮੈਂ ਓਥੇ ਰਹਾਂ ਕੈਮਰਾ ਇੱਕ ਪਲ ਵੀ ਮੇਰੇ ਉੱਪਰੋਂ ਨਹੀਂ ਹਟਣਾ ਚਾਹੀਦੇ। ਅੰਦਰ ਜਾ ਕੇ ਦਾਸ ਕਦੇ ਕੈਮਰੇ ਤੇ ਕਦੇ ਮੁੱਛਾਂ 'ਤੇ ਹੱਥ ਫੇਰਦੇ ਜਥੇਦਾਰ ਵੱਲ ਹੀ ਦੇਖਦਾ ਰਹਿ ਗਿਆ।

ਦਾਸ ਫੇਰ ਆਪਣੇ ਅਸਲੀ ਮੁੱਦੇ ਤੋਂ ਭੜਕ ਗਿਆ ਲੱਗਦਾ ਕਿਉਂਕਿ ਗੱਲ ਆਪਾਂ ਦਸਮ ਗ੍ਰੰਥ ਦੀ ਕਰ ਰਹੇ ਸੀ ਸੋ ਹੁਣ ਜਦੋਂ ਰੋਜ-ਰੋਜ ਦੇ ਰੌਲ਼ੇ-ਗੌਲੇ ਨੇ ਦਾਸ ਦੇ ਅੰਦਰ ਵੀ ਇੱਛਾ ਪੈਦਾ ਕੀਤੀ ਕਿ ਦਸਮ ਗ੍ਰੰਥ ਬਾਰੇ ਵਿਦਵਾਨਾਂ ਦੇ ਵਿਚਾਰ ਜਾਣੇ ਜਾਣ ਤਾਂ ਇੰਟਰਨੈੱਟ ਰਾਹੀਂ ਤੇ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਵਿੱਚ ਛਪੇ ਕੁੱਝ ਇੱਕ ਦਸਮ ਗ੍ਰੰਥ ਦੇ ਅਰਥਾਂ ਨੂੰ ਪੜ੍ਹ ਕੇ ਮਨ ਸ਼ਰਮਸਾਰ ਹੋ ਗਿਆ ਕਿ ਬਹੁਤ ਸਾਰੇ ਸਵਾਲਾਂ ਦੇ ਜਵਾਬ ਵੀ ਇੰਨਾ ਚਾਰ ਲਾਈਨਾਂ ਨੇ ਹੀ ਦੇ ਦਿੱਤੇ। ਪਰ ਮੁੱਦਾ ਦਾਸ ਦੇ ਸ਼ਰਮਸਾਰ ਹੋਣ ਜਾਂ ਨਾ ਹੋਣ ਦਾ ਨਹੀਂ, ਮੁੱਦਾ ਤਾਂ ਇਸ ਭੋਲੀ-ਭਾਲੀ ਸਾਧ ਸੰਗਤ ਨੂੰ ਸੰਤੁਸ਼ਟ ਕਰਨ ਦਾ। ਜਦੋਂ ਦਾਸ ਆਪਣੇ ਆਪ ਨੂੰ ਲੰਬੜਦਾਰ ਸਮਝਦੈ ਤਾਂ ਦਾਸ ਦਾ ਇਹ ਫ਼ਰਜ਼ ਬਣਦਾ ਕਿ ਸਾਧ ਸੰਗਤ ਦੇ ਹਰ ਸਵਾਲ ਦਾ ਜਵਾਬ ਵੀ ਲੱਭ ਕੇ ਦੇਵਾਂ ਸੋ ਪੰਥ ਦੇ ਠੇਕੇਦਾਰ ਜੀਓ ਕਿ ਤੁਸੀਂ ਸਾਨੂੰ ਸਰਲ ਭਾਸ਼ਾ 'ਚ ਇਹ ਦੱਸਣ ਦੇ ਕੋਸ਼ਿਸ਼ ਕਰੋਗੇ ਕਿ ਅਸੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਇਸ ਦਸਮ ਗ੍ਰੰਥ ਦੀ ਵੀ ਮੰਨੀਏ ਜਾਂ ਨਾ ? ਭਾਵੇਂ ਇਸ ਗ੍ਰੰਥ ਉੱਤੇ 18ਵੀ ਸਦੀ ਤੋਂ ਉਂਗਲ਼ਾਂ ਉੱਠ ਰਹੀਆਂ ਹਨ ਚਾਹੇ ਉਹ ਗ਼ੈਰ ਸਿੱਖ ਐਮ.ਏ. ਮਕੋਲਿਫ ਜਿਹਾ ਵਿਦਵਾਨ ਹੋਵੇ ਭਾਵੇਂ ਗਿਆਨੀ ਗਿਆਨ ਸਿੰਘ ਜਿਹਾ ਸਿੱਖ ਵਿਦਵਾਨ ਹੋਵੇ ਓਸ ਵੇਲੇ ਤੋਂ ਲੈ ਕੇ ਅੱਜ ਤੱਕ ਆਮ ਸਿੱਖ ਭੰਬਲਭੂਸੇ ਵਿੱਚ ਹੀ ਹੈ ਕਿ ਕੌਣ ਸਹੀ ਤੇ ਕੌਣ ਗ਼ਲਤ ਹੈ। ਸੋ ਹੁਣ ਇੰਤਜ਼ਾਰ ਹੈ ਕਿ ਕਦ ਜਥੇਦਾਰਾਂ ਨੂੰ ਵਿਹਲ ਮਿਲੇਗੀ ਆਮ ਸਿੱਖ ਬਾਰੇ ਸੋਚਣ ਦੀ ? ਦਾਸ ਦਾ ਦੂਜਾ ਮਸਲਾ ਸਹਿਜਧਾਰੀ ਸਿੱਖ ਦੀ ਪਰਿਭਾਸ਼ਾ ਦਾ ਹੈ। ਜਦੋਂ ਸਾਡੇ ਠੇਕੇਦਾਰਾਂ ਨੂੰ ਹੀ ਨਹੀਂ ਪਤਾ ਕਿ ਸਹਿਜਧਾਰੀ ਕਿਸ ਨੂੰ ਕਹਿੰਦੇ ਹਨ ? ਤੇ ਇਹ ਸ਼ਬਦ ਦੀ ਉਤਪਤੀ ਕਦੋਂ ਤੇ ਕਿਉਂ ਹੋਈ ਤਾਂ ਵਿਚਾਰੀ ਭੋਲੀ ਭਾਲੀ ਸਾਧ ਸੰਗਤ ਦਾ ਕੀ ਕਸੂਰ ਜਾਣੇ-ਅਨਜਾਣੇ ਦਾਸ ਹੁਣ ਤੱਕ ਆਪਣੇ ਆਪ ਨੂੰ ਸਹਿਜਧਾਰੀ ਸਮਝਦਾ ਸੀ ਪਰ ਜਦੋਂ ਦਾ ਜਥੇਦਾਰਾਂ ਅਦਾਲਤ ਵਿਚ

ਹਲਫ਼ਨਾਮਾ ਦਾਇਰ ਕੀਤਾ ਓਸ ਦਿਨ ਤੋਂ ਦਾਸ ਪਤਿਤ ਦੀ ਸ਼੍ਰੇਣੀ 'ਚ ਆ ਗਿਆ ? ਸੋ ਪਹਿਲੀ ਗੱਲ ਤਾਂ ਦਾਸ ਨੂੰ ਸਿੱਖੀ ਬਾਰੇ ਕੋਈ ਸਵਾਲ ਕਰਨ ਦਾ ਹੀ ਹੱਕ ਨਹੀਂ ਜੇ ਫੇਰ ਵੀ ਐਵੇਂ ਰੌਲਾ ਪਾਉਣਾ ਤਾਂ ਇੱਕ ਪਤਿਤ ਦੀ ਕੌਣ ਸੁਣਦਾ ? ਸ਼ਾਇਦ ਇਹ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੋਵੇਗਾ ਕਿ ਕਿਸੇ ਧਰਮ ਵਿੱਚ ਇਕੋ ਸੱਟੇ ਅੱਧੇ ਤੋਂ ਜ਼ਿਆਦਾ ਕਿ ਲਗਭਗ 85 ਪ੍ਰਤੀਸ਼ਤ ਲੋਕ ਅਧਰਮੇ ਹੋ ਗਏ ਹੋਣ। ਚਲੋ ਕੋਈ ਗੱਲ ਨਹੀਂ ਜਦੋਂ ਕਦੇ ਇਤਿਹਾਸ ਵਿੱਚ ਪਹਿਲਾ ਇਹ ਧਰਮ ਬਣੇ ਹੋਣਗੇ ਓਦੋਂ ਵੀ ਉਨ੍ਹਾਂ ਮਹਾਨ ਆਤਮਾਵਾਂ ਨੂੰ ਲੋਕਾਂ ਪਤਿਤ ਹੀ ਕਿਹਾ ਹੋਵੇਗਾ ਫੇਰ ਤੂੰ ਮੈਂ ਕਿਹੜੇ ਬਾਗ਼ ਦੀ ਮੂਲ਼ੀ ਹਾਂ। ਹੁਣ ਦਾਸ ਦੇ ਗੱਲ ਸਮਝ ਆਈ ਹੈ ਕਿ ਕਰਮ ਕਿਹੋ ਜਿਹੇ ਮਰਜ਼ੀ ਕਰੀ ਜਾਓ ਪਰ ਕਰੋ ਮਖੌਟਾ ਪਾ ਕੇ ਫੇਰ ਕੋਈ ਡਰ ਨਹੀਂ। ਇੱਕ ਦਾਸ ਨੂੰ ਇਹ ਸਮਝ ਨਹੀਂ ਆ ਰਹੀ ਕਿ ਜਿਨ੍ਹਾਂ ਲੋਕਾਂ ਨੂੰ ਇੰਨ੍ਹਾਂ ਠੇਕੇਦਾਰਾਂ ਸਹਿਜਧਾਰੀ ਹੋਣ ਦਾ ਪ੍ਰਮਾਣ ਪੱਤਰ ਦਿੱਤਾ ਉਨ੍ਹਾਂ ਵਿਚੋਂ ਕਿੰਨੇ ਪ੍ਰਤੀਸ਼ਤ ਪੂਰਨ ਸਿੱਖ ਬਣਦੇ ਹਨ ਸ਼ਾਇਦ ਸਾਲ ਵਿੱਚ ਇੱਕ ਜਾਂ ਦੋ ਤੇ ਜਿਨ੍ਹਾਂ ਤੋਂ ਇੰਨ੍ਹਾਂ ਇਹ ਹੱਕ ਖੋਹਿਆ, ਉਹ ਤੁਹਾਡੇ ਸਾਹਮਣੇ ਹੀ ਆ, ਜੋ ਹਰ ਰੋਜ਼ ਲੋਕ ਅੰਮ੍ਰਿਤ ਛੱਕ ਕੇ ਗੁਰਸਿੱਖੀ ਧਾਰਨ ਕਰ ਰਹੇ ਹਨ ਉਹ ਕਿਸੇ ਹੋਰ ਧਰਮ ਦੇ ਨਹੀਂ ਬਲਕਿ ਸਿੱਖ ਧਰਮ ਦੇ ਨਾਲ ਹੀ ਸੰਬੰਧਿਤ ਹੁੰਦੇ ਹਨ। ਗੱਲਾਂ ਤਾਂ ਹੋਰ ਵੀ ਬਹੁਤ ਆ ਜੋ ਦਾਸ ਨੂੰ ਅੰਦਰੋ-ਅੰਦਰੀ ਖਾ ਰਹੀਆਂ ਹਨ ਪਰ ਡਰ ਲਗਦਾ ਕਿ ਇਨ੍ਹਾਂ ਨੂੰ ਮੇਰੇ ਜਿਹੇ ਨਾ ਚੀਜ਼ ਦੇ ਕਸੂਰ ਤਾਂ ਦਿੱਖ ਜਾਣਗੇ ਪਰ ਫੇਰ ਵੀ ਰਹਿ ਨਹੀ ਸਕਦਾ ਤੇ ਬੱਸ ਸਿਰਫ਼ ਇੱਕ ਹੀ ਗੱਲ ਦਾ ਜਵਾਬ ਇਨ੍ਹਾਂ ਪੰਥ ਦੇ ਠੇਕੇਦਾਰਾਂ ਕੋਲੋਂ ਮੰਗਦਾ ਕਿ ਇਨ੍ਹਾਂ ਨੂੰ ਦੇਸ਼ ਤੇ ਵਿਦੇਸ਼ ਵਿੱਚ ਵੱਸਦੇ ਪਤਿਤ ਲੋਕਾਂ ਦੇ ਡਾਲਰ ਕਿਉਂ ਮਿੱਠੇ ਲਗਦੇ ਹਨ ? ਇਥੇ ਦਾਸ ਨੂੰ ਇੱਕ ਹੋਰ ਘਟਨਾ ਯਾਦ ਆਉਂਦੀ ਹੈ ਕਿ ਪੰਜਾਬ ਵਿੱਚ ਸਿਰਕੀ ਬਣਾਉਣ ਵਾਲਾ ਭਾਈਚਾਰਾ ਜਿਸ ਨੂੰ ਕੀ ਦਾਸ ਸ਼ੁਰੂ ਤੋਂ ਹੀ ਸਿੱਖੀ ਸਰੂਪ 'ਚ ਦੇਖ ਰਿਹਾ ਬਹੁਤ ਹੀ ਚਿਰਾਂ ਤੋਂ ਮੁਜ਼ਾਹਰੇ ਕਰਕੇ ਆਪਣੇ ਆਪ ਨੂੰ ਸਿੱਖ ਕਹਾਉਣ ਲਈ ਤਰਲੇ ਕੱਢ ਰਿਹਾ ਹਾਲਾਂਕਿ ਇਤਿਹਾਸ ਗਵਾਹ ਹੈ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਪਰ ਪਤਾ ਨਹੀਂ ਇਹ ਜਥੇਦਾਰ ਹੋਰ ਕਿਹੜੇ ਸਬੂਤ ਭਾਲਦੇ ਆ ਉਨ੍ਹਾਂ ਕੋਲੋਂ ਕਿ ਇਥੇ ਇੰਨਾ ਠੇਕੇਦਾਰਾਂ ਦਾ ਫ਼ਰਜ਼ ਨਹੀਂ ਬਣਦਾ ਕਿ ਇਸ ਭਾਈਚਾਰੇ ਨੂੰ ਓਸ ਦਾ ਬਣਦਾ ਹੱਕ ਸਰਕਾਰੇ-ਦਰਬਾਰੇ ਦੁਆਇਆ ਜਾਵੇ।

ਚੱਲ ਛੱਡ ਮਨਮੁਖਾ ਇੱਕ ਪਤਿਤ ਨੂੰ ਕੋਈ ਹੱਕ ਨਹੀਂ ਇਹੋ ਜਿਹੇ ਮਸਲੇ ਉਠਾਉਣ ਦਾ। ਹਾਂ ਨੰਗਾ ਸੱਚ ਬੋਲਣ ਤੋਂ ਤਾਂ ਨਹੀਂ ਕੋਈ ਰੋਕ ਸਕਦਾ। ਬਾਕੀ ਦੇ ਮਸਲੇ ਅਗਲੇ ਲੇਖ 'ਚ ਸੱਚ ਦੀ ਤੱਕੜੀ 'ਤੇ ਤੋਲਣ ਦੀ ਕੋਸ਼ਿਸ਼ ਕਰਾਂਗੇ ਹੋ ਸਕਦਾ ਦਾਸ ਤੋਂ ਕੁਝ ਵਾਧ-ਘਾਟ ਹੋ ਗਈ ਹੋਵੇ ਤਾਂ ਮਾਫ਼ ਕਰਨਾ ਤੇ ਅੰਤ ਵਿੱਚ ਇਹ ਹੀ ਕਹਾਂਗਾ

॥ ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥

****

# ਆਸਟਰੇਲੀਆ ਦਾ ਸੱਚਨਾਮਾ ਹੈ ਮਿੰਟੂ ਬਰਾੜ ਦਾ 'ਕੈਂਗਰੂਨਾਮਾ'

ਮੈਂ ਆਸਟਰੇਲੀਆ ਦੇਸ਼ ਵਿੱਚ ਕਈ ਵੇਰ ਜਾ ਚੁੱਕਾ ਹਾਂ। ਇਸ ਦੇਸ਼ ਬਾਰੇ ਮੈਨੂੰ ਸਰਵਪ੍ਰਥਮ ਸਫ਼ਰਨਾਮਾ 'ਮੈਂ ਇਵੇਂ ਦੇਖਿਆ ਆਸਟਰੇਲੀਆ' ਲਿਖਣ ਤੇ ਪ੍ਰਕਾਸ਼ਿਤ ਕਰਾਉਣ ਦਾ ਮਾਣ ਹਾਸਿਲ ਹੋਇਆ। ਮੈਂ ਇਸ ਸਫ਼ਰਨਾਮੇ ਦੀ ਸਿਰਜਣਾ ਕਰਨ ਹਿਤ ਆਸਟਰੇਲੀਆ ਦੇ ਸੱਭਿਆਚਾਰਕ, ਰਾਜਨੀਤਕ, ਧਾਰਮਿਕ ਅਤੇ ਆਰਥਿਕ ਮੁਹਾਜਾਂ ਬਾਰੇ ਬਰੀਕੀ ਨਾਲ ਵੇਖਿਆ ਘੋਖਿਆ। 2013 ਵਿੱਚ ਮੈਂ ਆਸਟਰੇਲੀਆ ਦੇ ਪਿੰਡਾਂ ਬਾਰੇ ਨਵਾਂ ਸਫ਼ਰਨਾਮਾ ਸਿਰਜਣ ਹਿਤ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕੀਤਾ।

ਆਸਟਰੇਲੀਆ ਵਿੱਚ ਪੰਜਾਬੀਆਂ ਦੀ ਹੁਣ ਦੂਜੀ ਪੀੜ੍ਹੀ ਹਰ ਮੁਹਾਜ਼ ਅਤੇ ਹਰ ਖੇਤਰ ਵਿੱਚ ਸਰਗਰਮ ਹੈ। ਮੈਂ ਇਸ ਦੇਸ਼ ਵਿਚਲੀਆਂ ਪੰਜਾਬੀ ਦੀਆਂ ਸਾਰੀਆਂ ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਦਾ ਲੇਖਾ ਜੋਖਾ ਕਰਦਿਆਂ 'ਮਿੰਟੂ ਬਰਾੜ' ਨੂੰ ਆਸਟਰੇਲੀਆ ਦੇ ਅੰਬਰਾਂ ਉੱਤੇ ਪੰਜਾਬੀਅਤ ਦੀ ਭਾਅ ਮਾਰਦੇ ਸਿਤਾਰੇ ਵਜੋਂ ਨਿਹਾਰਿਆ। ਜਿਸ ਪੀੜ੍ਹੀ ਦੀ ਨੁਮਾਇੰਦਗੀ ਮਿੰਟੂ ਬਰਾੜ ਕਰ ਰਿਹਾ ਹੈ ਉਸ ਪੀੜ੍ਹੀ ਨੇ ਆਸਟਰੇਲੀਆ ਵਿੱਚ ਅਮਰੀਕਾ, ਕਨੇਡਾ, ਇੰਗਲੈਂਡ ਆਦਿ ਦੇਸ਼ਾਂ ਵਾਂਗ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਸਾਹਿਤ ਦੇ ਝੰਡੇ ਝੁਲਾਉਣ ਦੇ ਕਾਰਜ ਨੂੰ ਆਪਣੇ ਸ਼ੌਕ ਅਤੇ ਆਪਣੀ ਹੋਂਦ ਦੇ ਪਰਤੌਅ ਵਜੋਂ ਆਪਣੀਆਂ ਰੋਜ਼ ਮਰ੍ਹਾ ਸਰਗਰਮੀਆਂ ਵਿੱਚ ਸ਼ਾਮਿਲ ਕਰ ਲਿਆ ਹੈ। ਮਿੰਟੂ ਬਰਾੜ ਦੀਆਂ ਰਗਾਂ ਵਿੱਚ ਪੰਜਾਬੀ ਭਾਸ਼ਾ ਅਤੇ ਪੰਜਾਬੀ ਕਲਚਰ ਦਾ ਗਰਮ ਲਹੂ ਹੈ।

ਮੈਂ ਆਸਟਰੇਲੀਆ ਦੇ ਸਾਹਿਤਕ ਮੁਹਾਜਾਂ ਨੂੰ ਨੇੜਿਓਂ ਵੇਖਿਆ ਤੇ ਜਾਣਿਆ ਹੈ। ਮਿੰਟੂ ਬਰਾੜ ਦੀਆਂ ਸਾਹਿਤਕ ਅਤੇ ਕਲਚਰਲ ਸਰਗਰਮੀਆਂ ਪੰਜਾਬੀ ਕੌਮ ਨੂੰ ਆਸਟਰੇਲੀਆ ਵਿੱਚ ਸਿਰ ਉੱਚਾ ਕਰਕੇ ਅਤੇ ਆਪਣੇ ਵਿਰਸੇ ਉੱਤੇ ਗੌਰਵ ਕਰਨ ਦਾ ਸਾਮਾਨ ਮੁਹੱਈਆ ਕਰਦੀਆਂ ਹਨ। ਮਿੰਟੂ ਬਰਾੜ ਇੱਕ ਵਧੀਆ ਸਾਹਿਤਕਾਰ ਅਤੇ ਵਕਤਾ ਵੀ ਹੈ। ਪੰਜਾਬੀ ਨੂੰ ਉਹ ਡਾਲਰ ਦੌੜ ਵਿੱਚ ਕੁੱਝ ਸਮਾਂ ਖਲ੍ਹਾਰ ਕੇ ਸੱਭਿਆਚਾਰਕ ਸਰਗਰਮੀਆਂ ਵੱਲ ਤੌਰ ਰਿਹਾ ਹੈ। ਉਹ ਸਮਾਂ ਦੂਰ ਨਹੀਂ ਜਦੋਂ ਮਿੰਟੂ ਬਰਾੜ ਵਰਗੇ ਉੱਦਮੀ ਪੰਜਾਬੀ ਨੌਜਵਾਨਾਂ ਦੇ ਬਲਬੂਤੇ ਆਸਟਰੇਲੀਆ ਵਿੱਚ ਵੀ ਵਿਸ਼ਵ ਪੰਜਾਬੀ ਕਾਨਫਰੰਸਾਂ ਹੋਣਗੀਆਂ। ਪਰਵਾਸੀ ਜੀਵਨ ਵਿੱਚ ਪੰਜਾਬੀਅਤ ਦੀ ਮਹਿਕ ਭਰਨ ਹਿਤ ਆਪਣੀਆਂ ਜੜ੍ਹਾਂ ਨੂੰ ਤਰੋਤਾਜ਼ਾ ਰੱਖਣਾ ਹੀ ਸਹੀ ਦਿਸ਼ਾ ਦਾ ਸੂਚਕ ਹੈ।

ਮਿੰਟੂ ਬਰਾੜ ਪੰਜਾਬ ਵਿੱਚ ਰਹਿੰਦਿਆਂ ਵੀ ਲੇਖਕ ਸੀ ਪਰ ਆਸਟਰੇਲੀਆ ਜਾ ਕੇ ਉਸ ਦੀ ਵਤਨਹੁੱਬ ਨੇ ਉਸ ਦੀ ਕਲਮ ਸਦਾ ਸਿੱਲੀ ਕਰੀ ਰੱਖੀ ਹੈ। ਉਸ ਨੇ ਆਸਟਰੇਲੀਆ ਵਿੱਚ ਵੱਸਦੇ ਪੰਜਾਬੀਆਂ ਦੇ ਮਸਲੇ ਉਭਾਰਨ ਹਿਤ ਪੰਜਾਬੀ ਦੀਆਂ ਉੱਘੀਆਂ ਅਖ਼ਬਾਰਾਂ ਵਿੱਚ ਕਈ ਲੇਖ ਲਿਖੇ ਜੋ ਕਿ ਚਰਚਾ ਵਿੱਚ ਰਹੇ। ਇਹਨਾਂ ਲੇਖਾਂ ਵਿੱਚੋਂ ਉਸ ਨੇ ਕੁਝ ਕੁ ਲੇਖਾਂ ਦੀ ਸ਼ਾਨਦਾਰ ਪੁਸਤਕ 'ਕੈਂਗਰੂਨਾਮਾ' ਪੰਜਾਬੀ ਪਾਠਕਾਂ ਨੂੰ ਸੌਂਪ ਕੇ ਵੱਡੇ ਅਹਿਸਾਨਾਂ ਦਾ ਕਾਰਨ ਕੀਤਾ ਹੈ।

ਮੈਨੂੰ ਉਹ ਪਹਿਲਾਂ ਵੀ ਉਪਰਾ ਨਹੀਂ ਸੀ ਪਰ 2013 ਵਿੱਚ ਜਦ ਮੈਂ ਉਸ ਨੂੰ ਐਡੀਲੇਡ

ਮਿਲਿਆ ਤਾਂ ਮੈਂ ਉਸ ਦੀ ਸ਼ਖ਼ਸ਼ੀਅਤ ਤੋਂ ਪ੍ਰਭਾਵਿਤ ਹੋਣੋਂ ਨਹੀਂ ਰਹਿ ਸਕਿਆ। ਉਸ ਨੇ ਮੇਰੇ ਨਾਲ ਰੇਡੀਓ ਉੱਤੇ ਵੀ ਇੰਟਰਵਿਊ ਦਾ ਪ੍ਰਬੰਧ ਕੀਤਾ ਅਤੇ ਆਪਣੀ ਅਖ਼ਬਾਰ ਵਿੱਚ ਵੀ ਲੰਮੀ ਇੰਟਰਵਿਊ ਛਾਪੀ। ਇਸ ਪੁਸਤਕ ਦਾ ਮੈਂ ਇੰਟਰਨੈਟ ਉੱਤੇ ਨਿੱਠ ਕੇ ਪਾਠ ਕੀਤਾ ਹੈ। ਇਸ ਪੁਸਤਕ ਪੰਜਾਬੀ ਪਾਠਕਾਂ ਵਾਸਤੇ ਆਸਟਰੇਲੀਆ ਦੇ ਅੰਤਰਮੁਖੀ ਗਿਆਨ ਦਾ ਖਜ਼ਾਨਾ ਹੀ ਨਹੀਂ ਨੈਤਿਕਤਾ ਦਾ ਪੁੰਜ ਵੀ ਹੈ।ਪੁਸਤਕ ਆਪਣੇ ਖੇਤਰ ਦੀ ਲਾਸਾਨੀ ਪ੍ਰਕਾਸ਼ਨਾ ਹੈ।

**ਸੁਲੱਖਣ ਸਰਹੱਦੀ**

ਮੋ. 094174-84337

# ਸਿਰੜ ਤੇਰੇ ਨੂੰ ਸਜਦਾ

ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਸਾਡਾ ਕਿਸੇ ਨਾ ਕਿਸੇ ਹਰ ਰੋਜ ਨਾਲ ਵਾਹ ਪੈਂਦਾ ਹੈ ਅਤੇ ਕਈਆਂ ਨਾਲ ਵਾਹ ਪੈਂਦਿਆਂ ਤੁਸੀ ਉਨ੍ਹਾਂ ਦੇ ਤੇ ਉਹ ਤੁਹਾਡੇ ਹੋ ਜਾਂਦੇ ਹਨ। ਮੈ ਵਾਰੇ ਜਾਵਾਂ ਇਸ ਕੰਪਿਊਟਰ ਯੁੱਗ ਦੇ ਜਿਸ ਨੇ ਉਹ ਸੱਜਣ ਵੀ ਮਿਲਾਏ ਜਿੰਨਾਂ ਬਾਰੇ ਕਦੇ ਚਿੱਤ ਚੇਤਾ ਵੀ ਨਹੀ ਸੀ। ਪੰਜਾਬੀ ਲੇਖਕ ਡਾਟ ਕਾਮ ਵੈੱਬ ਸਾਈਟ ਸ਼ੁਰੂ ਕੀਤੀ ਤਾਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਨਾਲ ਸਾਂਝ ਪਈ। ਇੱਕ ਸ਼ਖ਼ਸੀਅਤ ਦੀ ਇੱਕ ਦਿਨ ਈਮੇਲ ਆਈ ਤਾਂ ਭੇਜਣ ਵਾਲੇ ਦਾ ਨਾਮ ਸੀ 'ਮਿੰਟੂ ਬਰਾੜ' ਪਰ ਇੱਕ ਨਾਂ ਹੋਰ ਨਜ਼ਰੀ ਪਿਆ ਉਹ ਸੀ ਗੁਰਸ਼ਮਿੰਦਰ ਸਿੰਘ ਮੈਨੂੰ ਸਮਝ ਨਾ ਲੱਗੇ ਕਿ ਕਿਸ ਨਾਮ ਥੱਲੇ ਆਰਟੀਕਲ ਨੂੰ ਪਾਵਾਂ ! ਇਹ ਪੁਛਣ ਲਈ ਈਮੇਲ ਕੀਤੀ, ਤਾਂ ਬਾਈ ਜੀ ਕਹਿੰਦੇ ਕਿ 'ਮਿੰਟੂ ਬਰਾੜ' ਦੇ ਨਾਮ ਥੱਲੇ ਹੀ ਛਪਦਾ ਹਾਂ। ਬੱਸ ਏਥੋਂ ਹੀ ਫੇਰ ਸ਼ੁਰੂ ਹੋਈ ਮੇਰੀ ਜਾਣ ਪਛਾਣ ਮਿੰਟੂ ਬਰਾੜ ਨਾਲ। ਮਿੰਟੂ ਬਰਾੜ ਦੀ ਲੇਖਣੀ ਦਾ ਅੰਦਾਜ਼ ਮੈਨੂੰ ਬੜਾ ਹੀ ਪਸੰਦ ਆਇਆਂ। ਫ਼ੋਨ ਨੰਬਰ ਲੈ ਕੇ ਗੱਲਬਾਤ ਹੋਈ ਤੇ ਬਰਾੜ ਬਾਈ ਮੇਰੇ ਨਾਲ ਦੇ ਪਿੰਡ ਦਾ ਭਾਣਜਾ ਨਿਕਲਿਆਂ ਤਾਂ ਅਪਣੱਤ ਆਉਣੀ ਹੀ ਸੀ। ਮਿੰਟੂ ਦਾ ਮਾਮਾ ਜੀ ਵੀ ਸਾਡੇ ਇਲਾਕੇ ਵਿੱਚ ਕਿਸੇ ਜਾਣ ਪਛਾਣ ਦਾ ਮੁਥਾਜ ਨਹੀ ਕਿਉਂਕਿ ਉਸ ਨੇ ਵੀ ਸੱਚ ਲਈ ਪੰਗਾ ਲੈਂਦਿਆਂ ਕਦੇ ਕਹਿੰਦੇ ਕਹਾਉਂਦਿਆਂ ਦੀ ਪ੍ਰਵਾਹ ਨਹੀ ਕੀਤੀ ਤੇ ਉਹੀ ਹਾਲ ਸਾਡੇ ਇਸ ਬਾਈ ਦਾ ਹੈ।

ਇੰਨ੍ਹਾ ਲੇਖਾਂ ਨੂੰ ਕਿਤਾਬ ਦਾ ਰੂਪ ਦੇਣ ਦਾ ਉਪਰਾਲਾ ਲੇਖਾਂ ਨੂੰ ਇੱਕੋ ਥਾਂ ਸੰਭਾਲਣ ਲਈ ਵਧੀਆ ਜਰੀਆ ਹੈ। ਬਾਈ ਦਾ ਦੂਰ ਅੰਦੇਸ਼ੀ ਤਜਰਬਾ ਲੇਖਾਂ ਤੋ ਸਹਿਜੇ ਹੀ ਲੱਗ ਜਾਂਦਾ ਹੈ ਜਿਵੇਂ ਲੇਖ 'ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ ਉੱਤੇ ਹੋਏ ਹਮਲਿਆਂ ਪਿਛਲਾ ਸੱਚ' ਨੇ ਆਉਣ ਵਾਲੇ ਹਾਲਾਤ ਤੋ ਪਹਿਲਾ ਹੀ ਖ਼ਦਸ਼ਾ ਜ਼ਾਹਿਰ ਕਰ ਦਿੱਤਾ ਤੇ ਹੋਇਆ ਵੀ ਉਹੀ ਜਿਸ ਤੋ ਸੰਭਲਣ ਦੀ ਲੋੜ ਸੀ ਮਿੰਟੂ ਬਾਈ ਦੇ ਲੇਖਾਂ ਬਾਰੇ ਜਾ ਲੇਖਣੀ ਬਾਰੇ ਤਾਂ ਇਹੀ ਕਹਾਂਗਾ ਕਿ ਉਸ ਨੂੰ ਸੱਚ ਤੇ ਪਹਿਰਾ ਦਿੰਦਿਆਂ ਲਿਖਣ ਦਾ ਚਾਅ ਹੈ ਭਾਵੇ ਨਾਰਾਜ਼ਗੀ ਕਿਸੇ ਵੀ ਹੱਦ ਤੱਕ ਕਿਅ ਨਾ ਸਹਿਣੀ ਪਵੇ। ਉਸ ਦੀ ਪ੍ਰਵਾਹ ਨਹੀ ਪਰ ਸੱਚ ਨੂੰ ਲਿਖਣਾ ਉਸ ਦੀ ਅਸੂਲਨ ਆਦਤ ਹੈ ਰੱਬ ਕਰੇ ਇਹ ਆਦਤ ਇਸੇ ਤਰਾਂ ਬਰਕਰਾਰ ਰਹੇ। ਦੂਜੇ ਪਾਸੇ ਇਹ ਕਹਿਣਾ ਵੀ ਬਣਦਾ ਹੈ ਕਿ ਸੁਰਮਾ ਤਾ ਹਰੇਕ ਪਾ ਸਕਦਾ ਹੈ

ਮਟਕਾਉਣ ਦਾ ਚੱਜ ਕਿਸੇ ਕਿਸੇ ਨੂੰ ਹੀ ਹੁੰਦਾ ਹੈ।

ਮਿੰਟੂ ਨੇ ਹਰੇਕ ਵਿਸ਼ੇ ਤੇ ਲਿਖਿਆ ਚਾਹੇ ਵਿਅੰਗ ਤੇ ਭਾਵੇ ਰਾਜਨੀਤਕ, ਸਭਿਆਚਾਰ ਜਾਂ ਫਿਰ ਸਮਾਜਿਕ ਬੁਰਾਈਆਂ। ਰੱਬ ਇਸ ਕਲਮ ਨੂੰ ਸਲਾਮਤ ਅਤੇ ਸੱਜਰੀ ਸੋਚ ਹਮੇਸ਼ਾ ਬਖ਼ਸ਼ੀ ਰੱਖੇ। ਬਾਕੀ ਰੱਬ ਕੁੱਝ ਇਨਸਾਨਾਂ ਨੂੰ ਦੁਨੀਆ ਤੇ ਰਹਿੰਦਿਆਂ, ਵਿਚਰਦਿਆਂ ਜ਼ੁੰਮੇਵਾਰੀਆਂ ਲਾ ਕੇ ਭੇਜਦਾ ਹੈ ਕਿ ਉਹ ਇਸ ਸੰਸਾਰ ਤੇ ਜਿੱਥੇ ਆਪਣੇ ਸੰਗੀਆਂ, ਪਰਿਵਾਰ, ਆਸੇ-ਪਾਸੇ ਲਈ ਫ਼ਿਕਰਮੰਦ ਹੋਣ ਉੱਥੇ ਆਪਣੇ ਸਮਾਜ ਪ੍ਰਤੀ ਵੀ ਬਣਦਾ ਰੋਲ ਨਿਭਾਉਂਦੇ ਰਹਿਣ ਪਰ ਕਈਆਂ ਨੂੰ ਇਸ ਤੋ ਵੀ ਵੱਧ ਜ਼ੁੰਮੇਵਾਰੀ ਲਾ ਕੇ ਭੇਜਦਾ ਹੈ ਕਿ ਜਦੋਂ ਉਹ ਇਸ ਸੰਸਾਰ ਤੋ ਜਾਣ ਤਾਂ ਵੀ ਆਪਣਾ ਸਭ ਕੁੱਝ ਦੁਨੀਆਦਾਰੀ ਨੂੰ ਦੇ ਜਾਣ ਇਹ ਸਭ ਕੁੱਝ ਰੱਬ ਨੇ ਸਾਡੇ ਇਸ ਮਿੰਟੂ ਬਾਈ ਨੂੰ ਦਿੱਤਾ ਹੈ। ਜਿਸ ਨੇ ਆਪਣਾ ਸਾਰਾ ਸਰੀਰ ਵੀ ਦਾਨ ਕੀਤਾ ਹੋਇਆ ਹੈ ਜਦੋਂ ਇੱਕ ਵਾਰੀ ਮੈ ਫ਼ੋਨ ਤੇ ਸਰੀਰ ਦਾਨ ਦੀ ਵਿਧੀ ਬਾਰੇ ਪੁਛਿਆ ਮਿੰਟੂ ਕਹਿਣ ਲੱਗਾ ਬਾਈ ਜੀ ਮੈ ਇਸ ਦੇ ਸਾਰੇ ਪੇਪਰ ਤਿਆਰ ਕੀਤੇ ਹੋਏ ਹਨ ਅਤੇ ਦੱਸਣ ਵੇਲੇ ਚਾਅ ਇਸ ਤਰਾਂ ਜਿਵੇਂ ਕਿਸੇ ਲਾੜੇ ਨੂੰ ਬਰਾਤ ਚੜ੍ਹਨ ਵੇਲੇ ਹੁੰਦਾ ਹੋਵੇ ਮੇਰੇ ਦਿਲੋਂ ਨਿਕਲਿਆ ਸਦਕੇ ਜਾਵਾਂ ਤੇਰੇ ਮਲਵਈਆ

ਸਿਰੜ ਤੇਰੇ ਨੂੰ ਸਜਦਾ ਯਾਰਾ, ਕਲਮ ਨੂੰ ਕਰਾ ਸਲਾਮ
ਰੱਬ ਕਰੇ ਤੇਰੀ ਸੋਚ ਨੂੰ ਸੱਜਣਾਂ, ਮਿਲ ਜੇ ਹਰ ਮੁਕਾਮ

**ਗੁਰਮੁੱਖ ਸਿੰਘ ਭੁੱਲਰ**
ਕੈਲੀਫੌਰਨੀਆ

# ਮਿੰਟੂ ਬਰਾੜਾ, ਤੇਰੇ ਨਹੀਓਂ ਲੇਖੇ !

ਮੈਨੂੰ ਯਾਦ ਹੈ ਕਿ ਸਾਡੇ ਹਰਮਨ ਪਿਆਰੇ ਦੋਸਤ ਗੁਰਸ਼ਮਿੰਦਰ ਸਿੰਘ ਉਰਫ਼ 'ਮਿੰਟੂ ਬਰਾੜ' ਨੂੰ ਆਸਟ੍ਰੇਲੀਆ ਦੀ ਇੱਕ ਸੰਸਥਾ ਵੱਲੋਂ ਕਈ ਸਾਲ ਪਹਿਲਾਂ ਇੱਕ ਪੁਰਸਕਾਰ ਪ੍ਰਦਾਨ ਕੀਤਾ ਗਿਆ ਸੀ, ਤਾਂ ਉਸ ਪੁਰਸਕਾਰ ਦਾ ਨਾਂ 'ਯਾਰਾਂ ਦਾ ਯਾਰ ਮਿੰਟੂ ਬਰਾੜ' ਰੱਖਿਆ ਗਿਆ ਸੀ, ਤੇ ਇਹੋ ਗੱਲ ਮੈਂ ਕਿਤੇ ਛਪੀ ਹੋਈ ਪੜ੍ਹ ਲਈ ਹੋਈ ਸੀ। ਇਹ ਗੱਲ ਹੈ ਵੀ ਸੌ ਪ੍ਰਤੀਸ਼ਤ ਸੱਚੀ, ਕਿਉਂਕਿ ਉਹ ਹੈ ਵੀ ਯਾਰਾ ਦਾ ਯਾਰ...ਪੱਕਾ ਤੇ ਸੱਚਾ-ਸੁੱਚਾ ! ਮੈਂ ਉਸ ਨੂੰ ਬੜੀ ਨੇੜੇ ਤੋਂ ਦੇਖਿਆ ਹੈ। ਮਿੰਟੂ ਬਰਾੜ ਬਾਰੇ ਹਥਲੇ ਲੇਖ ਦਾ ਸਿਰਲੇਖ ਮੈਂ ਪੁਰਸਕਾਰ ਦੇਣ ਵਾਲੀ ਉਸ ਸਭਾ ਤੋਂ ਧੰਨਵਾਦ ਸਹਿਤ ਉਧਾਰਾ ਲੈ ਲਿਆ ਤੇ ਇਸੇ ਬਹਾਨੇ ਉਸ ਬਾਰੇ ਕੁਝ ਗੱਲਾਂ ਕਰਦੇ ਹਾਂ, ਮਿੰਟੂ ਬਾਰੇ ਜੇਕਰ ਗੱਲਾਂ ਕਰਨ ਲੱਗੀਏ ਤਾਂ ਕਦੇ ਮੁੱਕਣ ਵਿੱਚ ਆਉਣਗੀਆਂ ਨਹੀਂ।

ਉਹ ਭਾਵੁਕ ਹੈ। ਬੇਪਰਵਾਹ ਹੈ। ਨਿਡਰ ਹੈ। ਦਲੇਰ ਹੈ। ਸੂਝਵਾਨ ਹੈ। ਬਹੁਤੀ ਵਾਰੀ ਦਲੇਰ ਬੰਦੇ ਸੂਝਵਾਨ ਬੜੇ ਘੱਟ ਹੁੰਦੇ ਨੇ। ਮਿੰਟੂ ਵਿੱਚ ਇਹੋ ਜਿਹੇ ਕਈ ਗੁਣ 'ਕੱਠੇ ਹਨ ਸਮੋਏ ਹੋਏ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜੇਕਰ ਮੈਂ ਆਸਟ੍ਰੇਲੀਆ ਵਿੱਚ ਵਸਦੇ ਲੋਕਾਂ ਲਈ ਮਿੰਟੂ ਬਰਾੜ ਦੀ ਜਾਣ-ਪਛਾਣ ਕਰਵਾਵਾਂ ? ਇਹ ਗੱਲ ਆਪਣੇ ਆਪ ਵਿੱਚ ਬੜੀ ਹਾਸੋਹੀਣੀ ਜਿਹੀ ਜਾਪੇਗੀ, ਕਿਉਂਕਿ ਆਪਣੀ ਪਛਾਣ ਉਹ 'ਆਪ' ਹੈ ਤੇ ਸਾਰੇ ਲੋਕ ਉਸ ਨੂੰ ਬਹੁਤ ਨੇੜਿਓ ਪਿਆਰਦੇ-ਸਤਿਕਾਰਦੇ ਤੇ ਜਾਣਦੇ-ਪਛਾਣਦੇ ਹਨ। ਉਹ ਖ਼ੁਦ ਵੀ ਹਰੇਕ ਲਈ ਮਣਾਂ-ਮੂੰਹੀਂ ਮੋਹ ਤੇ ਸਤਿਕਾਰ ਦੇ ਟੋਕਰੇ ਭਰੀ ਰੱਖਦਾ ਹੈ। ਉਹ ਮੋਹਵੰਤਾ ਸੱਜਣ ਹੈ। ਉਸ ਨੇ ਆਪਣੀ ਛੋਟੀ ਉਮਰ ਵਿੱਚ ਹੀ ਆਪਣਾ ਨਾਂ ਸਮਾਜ ਸੇਵਾ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਲੈ ਆਂਦਾ। ਉਨ੍ਹਾਂ ਸਫ਼ਾਂ ਵਿੱਚ, ਜਿੰਨ੍ਹਾਂ ਸਫ਼ਾਂ ਵਿੱਚ ਬਹੁਤ-ਬਹੁਤ ਸਾਲਾਂ ਦੇ ਆਏ ਬੈਠੇ ਪੁਰਾਣੇ-ਪੁਰਾਣੇ ਬੰਦੇ ਆਪਣਾ ਨਾਂ ਨਹੀਂ ਲਿਆ ਸਕੇ, ਉਹ ਬਿਚਾਰੇ ਸਿਰਫ਼ ਤੇ ਸਿਰਫ਼ ਡਾਲਰ ਗਿਣਨ ਵਿੱਚ ਹੀ ਜੁਟੇ ਰਹੇ ਹਨ ਤੇ ਜਾਂ ਅਜਿਹੇ ਅਗਾਂਹ-ਵਧੂਆਂ ਨਾਲ ਸਾੜਾ ਕਰਨ ਵਿੱਚ ਆਪਣਾ ਵਕਤ ਗਾਲੀ ਜਾ ਰਹੇ ਹਨ। ਮਿੰਟੂ ਨਾ ਤਾਂ ਡਾਲਰਾਂ ਦੀ ਹੀ ਪ੍ਰਵਾਹ ਕਰਦਾ ਹੈ ਤੇ ਨਾ ਹੀ ਆਪਣੇ ਕੀਮਤੀ ਵਕਤ ਦੀ। 'ਸੱਦੀ ਹੋਈ ਮਿੱਤਰਾਂ ਦੀ ਮੈਂ ਪੈਰ ਜੁੱਤੀ ਨਾ ਪਾਵਾਂ' ਗੀਤ ਦੇ ਬੋਲਾਂ ਮੁਤਾਬਿਕ ਉਸ ਨੂੰ ਆਪਣੀ ਮੱਦਦ ਲਈ ਕੋਈ ਅੱਧੀ ਰਾਤੀਂ ਵੀ ਹਾਕ ਮਾਰੇ, ਤਾਂ ਉਹ ਬਿਨਾਂ ਪ੍ਰਵਾਹ ਕੀਤੇ ਤੋਂ ਨੰਗੇ ਪੈਰੀ ਵੀ ਤੁਰਨ ਲਈ ਤਿਆਰ ਹੁੰਦਾ ਹੈ। ਇਸ ਪ੍ਰਕਾਰ ਉਸ ਨੇ ਬਹੁਤ ਲੋਕਾਂ ਦਾ ਮਨ ਜਿੱਤਿਆ ਹੋਇਆ ਹੈ। ਇਹ ਲਿਖਦੇ ਵਕਤ ਮੈਨੂੰ ਆਸਟ੍ਰੇਲੀਆ ਫੇਰੀ ਸਮੇਂ ਦੀ ਇੱਕ ਯਾਦ ਨੇ ਆਣ ਹਲੂਣਿਆ ਹੈ। ਮੈਂ ਤੇ ਮਿੰਟ ਬਾਈ ਤੇ ਨਾਲ ਸੀ ਸੱਜਣ ਸੁਮੀਤ ਟੰਡਨ। ਇੱਕ ਪਾਰਕ ਵਿੱਚ ਸੈਰ ਕਰ ਰਹੇ ਸਾਂ। ਇੱਕ ਗੋਰੀ ਦੂਰੋਂ ਹੀ ਮਿੰਟੂ ਬਾਈ ਨੂੰ ਆਵਾਜ਼ ਮਾਰ ਕੇ ਪੁੱਛਦੀ ਹੈ ਕਿ ਤੇਰਾ ਕੀ ਹਾਲ ਹੈ ? ਇਹ ਪੁਛ ਕੇ ਉਹ ਖਲੋ ਜਾਂਦੀ ਹੈ ਤੇ ਅਸੀਂ ਓਸ ਵੱਲ ਤੁਰ ਪੈਂਦੇ ਹਾਂ। ਮਿੰਟੂ ਮੇਰੀ ਓਸ ਨਾਲ ਜਾਣ-ਪਛਾਣ ਕਰਵਾਉਂਦਾ ਹੈ ਤੇ ਦੱਸਦਾ ਹੈ ਕਿ ਇਹ ਸਾਡੀ ਸਟੇਟ ਦੀ ਸਭਿਆਚਾਰਕ ਮਾਮਲਿਆਂ ਦੀ ਮੰਤਰੀ ਹੈ ਤੇ ਏਸ ਵੇਲੇ ਸੈਰ ਕਰ ਰਹੀ ਹੈ। ਉਹ ਗੋਰੀ ਮੰਤਰੀ ਸਾਹਿਬਾ ਨੇ ਮਿੰਟੂ ਦੀ ਮੌਜੂਦਗੀ ਵਿੱਚ ਮੇਰਾ ਬਹੁਤ ਆਦਰ ਕੀਤਾ ਤੇ ਘਰ ਆਣ ਦਾ ਸੱਦਾ ਵੀ ਦਿੱਤਾ ਤੇ ਤੁਰਦੀ ਹੋਈ ਬੋਲੀ, '' ਮਿੰਟੂ ਗਰੇਟ

ਪਰਸਨ ਹੈ।''

ਮੈਂ ਮਹਿਸੂਸ ਕਰਦਾ ਹਾਂ ਕਿ ਸਮਾਜ ਭਲਾਈ ਦੇ ਅਜਿਹੇ ਗੁਣ ਕਿਧਰੋਂ ਮੁੱਲ ਨਹੀਂ ਮਿਲਦੇ ਹੁੰਦੇ, ਸਗੋਂ ਕੁਦਰਤ ਮਨੁੱਖ 'ਤੇ ਆਪ ਮਿਹਰਬਾਨ ਹੁੰਦੀ ਹੈ ਤੇ ਮਨੁੱਖ ਨੂੰ ਲੋਕਾਈ ਦੀ ਸੇਵਾ ਕਰਨ ਦੀ ਸੇਵਾ ਉਸ ਦੇ ਜ਼ਿੰਮੇ ਲਾਉਂਦੀ ਹੈ। ਕਾਲਿਆਂਵਾਲੀ ਮੰਡੀ ਦੇ ਕਹਿੰਦੇ-ਕੁਹਾਉਂਦੇ ਬਰਾੜਾਂ ਦੇ ਇਸ ਮੁੰਡੇ ਨੂੰ ਜਿਵੇਂ ਲੋਕਾਂ ਦੇ ਕੰਮ ਆਣ ਕੇ ਸੰਤੁਸ਼ਟੀ ਪ੍ਰਾਪਤ ਕਰਨ ਦਾ ਗੁਣ ਵੀ ਕੁਦਰਤ ਨੇ ਹੀ ਦਿੱਤਾ ਹੋਇਆ ਹੈ। ਅੱਜ ਜਦੋਂ ਉਹ ਆਸਟ੍ਰੇਲੀਆ ਬੈਠਾ ਹੈ ਤੇ ਕਾਲਿਆਂਵਾਲੀ ਮੰਡੀ ਦੇ ਨੇੜੇ ਪੈਂਦੇ ਸੱਠ ਪਿੰਡਾਂ ਦੇ ਲੋਕ ਉਸ ਨੂੰ ਉਸ ਦੀ ਦੇਰ ਪਹਿਲਾਂ ਦੋਸਤਾਂ ਨਾਲ ਮਿਲ ਕੇ ਬਣਾਈ 'ਸਹਾਰਾ ਵੈੱਲਫੇਅਰ ਕਲੱਬ' ਕਰਕੇ ਚੇਤੇ ਕਰਦੇ ਹਨ। ਆਪਣੇ ਖੇਤੀਬਾੜੀ ਆਦਿ ਦੇ ਕੰਮ ਅਧਵਾਟੇ ਛੱਡ ਕੇ ਅੱਧੀ-ਅੱਧੀ ਰਾਤ ਤੀਕ ਲੋਕਾਂ ਦੀ ਸੇਵਾ ਲਈ ਓਸ ਭੱਜੇ ਫਿਰਨਾ। ਕਲੱਬ ਦੇ ਮੈਂਬਰਾਂ ਨੂੰ ਸਰਗਰਮ ਕਰਕੇ ਨਾਲ ਤੋਰਨਾ। ਰਾਤਾਂ ਨੂੰ ਸੜਕ ਹਾਦਸਿਆਂ ਮੌਕੇ ਸਹਿਯੋਗੀਆਂ ਨਾਲ ਜਾ ਕੇ ਲੋਕਾਂ ਨੂੰ ਚੁੱਕ ਕੇ ਹਸਪਤਾਲਾਂ ਵਿੱਚ ਲਿਜਾਣਾ। ਖ਼ੂਨਦਾਨ ਤੋਂ ਲੈ ਕੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਪ੍ਰੇਰਨਾ ਦੇਣੀ। ਤਜਰਬੇ ਕੌੜੇ ਵੀ ਹੋਏ ਤੇ ਮਿੱਠੇ ਵੀ। ਕਲੱਬ ਦੀ ਸਥਾਪਨਾ ਦੇ ਜਦ ਪਹਿਲੇ ਸਾਲ (1996) ਦੇ ਵਰ੍ਹੇ ਹੀ ਇੱਕ ਐਕਸੀਡੈਂਟ ਵਾਲਿਆਂ ਨੂੰ ਚੁੱਕਿਆ ਤਾਂ ਪਹਿਲਾ ਪਰਚਾ ਇਹਨਾਂ ਦੇ ਦੋਸਤਾ 'ਤੇ ਦਰਜ ਹੋਇਆ। ਸਾਥੀਆਂ ਦੇ ਫੇਰ ਵੀ ਹੌਸਲੇ ਪਤਲੇ ਨਹੀ ਪਏ ਸਗੋਂ ਹੌਸਲੇ ਵੱਡੇ ਕਰਨ ਤੇ ਜੁਟੇ ਰਹਿਣ ਲਈ ਇਰਾਦੇ ਪੱਕੇ ਕਰਵਾਏ, ਤੇ ਅੱਜ ਵੀ ਇਹੋ ਕਲੱਬ ਬੜੀ ਸਰਗਰਮੀ ਨਾਲ ਨਿਰਵਿਘਨ ਆਪਣੇ ਸਮਾਜਿਕ ਕਾਰਜ ਕਰ ਰਹੀ ਹੈ।

ਮਿੰਟੂ ਬਰਾੜ ਦਾ ਇੱਕ ਹੋਰ ਵੱਡਾ ਗੁਣ, ਜੁ ਮੈਨੂੰ ਬਹੁਤ ਪ੍ਰਭਾਵਿਤ ਕਰਦਾ ਹੈ, ਉਹ ਇਹ ਕਿ ਉਹ ਬੇਬਾਕ ਬਹੁਤ ਹੈ, ਸੱਚ ਕਹਿਣਾ ਤੇ ਲਿਖਣਾ, ਇਹ ਤਹੱਈਆ ਅੱਜਕੱਲ੍ਹ ਹਾਰੀ-ਸਾਰੀ ਬੰਦੇ ਦੇ ਵੱਸ ਵਿੱਚ ਨਹੀਂ ਰਿਹਾ। ਪਰ ਉਹ ਜੋ ਕਹਿੰਦਾ ਹੈ, ਮੂੰਹ 'ਤੇ ਕਹਿੰਦਾ ਹੈ,ਤੇ ਜੋ ਲਿਖਦਾ ਹੈ, ਬਾ-ਦਲੀਲ ਤੇ ਤੱਥਾਂ ਦੇ ਅਧਾਰ 'ਤੇ ਬੜੇ ਪਾਰਦਰਸ਼ੀ ਢੰਗ ਨਾਲ ਲਿਖਦਾ ਹੈ। ਉਹਨੇ 'ਪਟਿਆਲੇ ਵਾਲੀ ਡਾਕਟਰਨੀ' ਨੂੰ ਲਿਖ ਕੇ ਬੜੇ ਢੰਗ ਨਾਲ ਪੁੱਛਿਆ ਵੀ ਸੀ ਤੇ ਸਮਝਾਇਆ ਸੀ ਕਿ, ''ਬੀਬੀ, ਤੈਂ ਚੌਂਦਾਂ ਦਿਨਾਂ ਵਿੱਚ ਕਿਹੜੀ ਐਨਕ ਨਾਲ ਆਸਟ੍ਰੇਲੀਆ ਦੇਖ ਲਿਆ ? ਤਾਂ ਜੋ ਖ਼ਾਹ-ਮਖ਼ਾਹ ਅਨੇਕਾਂ ਮੁੰਡੇ-ਕੁੜੀਆਂ ਨੂੰ ਲਿਖ ਕੇ ਬਦਨਾਮ ਕਰ ਗਈ ਏਂ ਤੇ ਲੱਖਾਂ ਦਿਲ ਵਲੂੰਧਰ ਗਈ ਏਂ ਝੂਠ ਬੋਲ ਕੇ !'' ਮਿੰਟੂ ਬਰਾੜ ਦੇ ਲਿਖੇ ਉਸ ਲੇਖ ਦੀ ਚੋਖੀ ਚਰਚਾ ਹੋਈ ਸੀ ਤੇ ਪੜ੍ਹਨ ਉਪਰੰਤ ਮੈਂ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿ ਸਕਿਆ। 'ਸਾਨੂੰ ਨਸਲਵਾਦ ਨੇ ਨਹੀਂ, ਅਸਲਵਾਦ ਨੇ ਮਾਰਿਆ' ਮਿੰਟੂ ਦਾ ਇਹ ਲੇਖ ਵੀ ਆਪਣੀ ਪੀੜ੍ਹੀ ਹੇਠਾਂ ਸੋਟਾ ਮਾਰਨ ਲਈ ਸੁਨੇਹਾ ਦਿੰਦਾ ਹੈ। ਬਹੁਤ ਸਾਰੇ ਉਹ ਲੋਕ, ਜੋ ਸਿਰਫ਼ ਆਪਣੀ ਵਡਿਆਈ ਹੀ ਸੁਣਨਾ ਲੋਚਦੇ ਹਨ, ਇਹ ਲੇਖ ਪੜ੍ਹ ਕੇ ਔਖੇ-ਭਾਰੇ ਹੋਏ ਸਨ। ਹੁਣ ਤੀਕ ਉਸ ਕੋਲ ਦੋ ਕਿਤਾਬਾਂ ਵਿੱਚ ਛਾਪਣ ਜੋਗੇ ਲੇਖ ਤਿਆਰ ਹੋਏ ਪਏ ਹਨ। ਉਸ ਦੇ ਲਿਖੇ ਲੇਖਾਂ ਨੇ ਪਾਠਕਾਂ ਦਾ ਵੱਡੀ ਗਿਣਤੀ ਵਿੱਚ ਧਿਆਨ ਆਪਣੀ ਤਰਫ਼ ਖਿੱਚਿਆ। ਮੈਨੂੰ ਬਹੁਤ ਖ਼ੁਸ਼ੀ ਹੈ ਕਿ ਉਸਦੇ ਚੋਣਵੇਂ ਲੇਖਾਂ ਦੀ ਕਿਤਾਬ ਅੱਜ ਸਾਡੇ ਹੱਥਾਂ ਵਿੱਚ ਹੈ। ਉਸਦੀ ਪਹਿਲੀ ਪੁਸਤਕ ਵਿੱਚ ਹਾਜ਼ਰੀ ਵਜੋਂ, ਇਸ ਨਿੱਕੇ ਨਿਬੰਧ 'ਚ ਉਸ ਬਾਰੇ ਤਰਦੀਆਂ-ਤਰਦੀਆਂ ਗੱਲਾਂ ਹੀ ਸਮੋ ਸਕੀਆਂ ਹਨ। ਬਾਕੀਆਂ ਲਈ ਕਿਤੇ ਸਬੱਬ ਫਿਰ ਸਹੀ। ਉਸ ਦੀ ਮਲਵਈ ਮਿੱਠੀ ਬੋਲੀ ਤੇ ਨਿਮਰ ਸੁਭਾਅ ਉਸ ਦੀ ਹਸਤੀ ਦੇ ਮੁੱਖ ਅੰਗ ਹਨ। ਚੰਗੇ ਲੋਕਾਂ ਦੀ ਸੰਗਤ ਕਰਨੀ ਅਤੇ ਉਨ੍ਹਾਂ ਨਾਲ ਨਿਰੰਤਰ ਨਾਤਾ ਰੱਖਣਾ, ਆਪਣੇ

ਵੱਡਿਆਂ ਪਾਸੋਂ ਮਿਲੀ ਵਿਰਾਸਤ ਹੈ। ਮਿੰਟੂ ਬਰਾੜ ਨੂੰ ਉਸ ਦੀਆਂ ਪੰਜਾਬ ਫੇਰੀਆਂ ਸਮੇਂ ਅਕਸਰ ਹੀ ਮੈਂ ਮਿਲਦਾ ਰਹਿੰਦਾ ਹਾਂ ਪਰ ਉਥੇ ਵੀ ਉਸ ਦੇ ਰੁਝੇਵੇਂ ਬਹੁਤ ਭਾਰੀ ਹੁੰਦੇ ਹਨ। ਕਿਧਰੇ ਕਿਸੇ ਟੀਵੀ ਚੈਨਲ 'ਤੇ ਆਸਟ੍ਰੇਲੀਆ ਦੇ ਭਖਦੇ ਮਸਲੇ ਬਾਰੇ ਮੁਲਾਕਾਤ ਪ੍ਰਸਾਰਿਤ ਹੋ ਰਹੀ ਹੁੰਦੀ ਹੈ।

ਕਿਧਰੇ ਕਿਸੇ ਵੱਡੇ ਅਖ਼ਬਾਰ ਦੇ ਸੰਪਾਦਕ ਨਾਲ ਬੈਠਾ ਚਾਹ ਪੀ ਰਿਹਾ ਹੁੰਦਾ ਹੈ। ਕਿਤੇ ਕਿਸੇ ਆਈ.ਜੀ. ਕੋਲ ਲੰਚ ਕਰ ਰਿਹਾ ਤੇ ਕਿਤੇ ਕਿਸੇ ਕਾਲਜ ਵਿੱਚ ਲੈਕਚਰ ਦੇ ਰਿਹਾ ਹੁੰਦਾ ਹੈ। ਉਹ ਦੂਰ-ਦੂਰ ਤੀਕ ਕਦਰਦਾਨ ਮਿੱਤਰਾਂ ਨੂੰ ਮਿਲਦਾ ਤੇ ਪੰਜਾਬੀਅਤ ਦੀ ਸੇਵਾ ਕਰਨ ਵਾਲਿਆਂ ਦੇ ਦਰਸ਼ਨ ਕਰਦਾ ਰਹਿੰਦਾ ਹੈ। 'ਹਰਮਨ ਰੇਡੀਓ' ਦੇ ਸੰਚਾਲਕ ਬਾਈ ਅਮਨ ਸਿੱਧੂ ਦੇ ਮੋਢੇ ਨਾਲ ਮੋਢਾ ਮਿਲਾ ਕੇ ਤੇ 'ਦਾ ਪੰਜਾਬ' ਦੇ ਮਾਲਕ-ਸੰਪਾਦਕ ਮਨਜੀਤ ਬੋਪਾਰਾਏ ਦਾ ਹੱਥ ਫੜ ਕੇ ਉਹ ਗੰਭੀਰ ਵਿਚਾਰਾਂ ਕਰਦਾ ਹੋਇਆ ਕੁਝ ਨਾ ਕੁਝ ਨਵਾਂ ਸਿਰਜਣ ਦੇ ਆਹਰ ਵਿੱਚ ਰਹਿੰਦਾ ਹੈ। ਹੈਰਾਨੀ ਹੁੰਦੀ ਹੈ ਕਿ ਇਹਨਾਂ ਮੁਲਕਾਂ ਵਿੱਚ ਤਾਂ ਲੋਕਾਂ ਕੋਲ ਸਿਰ ਖੁਰਕਣ ਦਾ ਵੀ ਵਿਹਲ ਨਹੀਂ ਹੁੰਦਾ ਤੇ ਇੱਕ-ਇੱਕ ਮਿੰਟ ਕੰਮ ਦੇ ਲੇਖੇ ਲੱਗਿਆ ਹੁੰਦਾ ਹੈ, ਪਰ ਮਿੰਟੂ ਲਈ ਡਾਲਰ ਹੀ ਤੇ ਕੰਮ ਹੀ ਸਭ ਕੁਝ ਨਹੀਂ ਹੈ। ਉਹ ਕਹਿੰਦਾ ਹੈ ਕਿ ਵੀਰੋ, ਭਾਈਆਂ ਨਾਲ ਹੀ ਸਰਦਾਰੀ ਸੋਭਦੀ ਹੈ :

ਭਾਈਆਂ ਬਿਨਾਂ ਨਾ ਮਜਲਿਸਾਂ ਸੋਂਹਦੀਆਂ ਨੇ
ਤੇ ਬਿਨਾਂ ਭਾਈਆਂ ਦੇ ਕੋਈ ਸਿਰਦਾਰ ਨਾਹੀਂ...

ਸੰਨ 2011 ਵਿੱਚ ਜਦ ਮੈਂ ਆਸਟ੍ਰੇਲੀਆ ਗਿਆ ਤਾਂ ਮਿੰਟੂ ਬਰਾੜ ਦੀ ਸੰਗਤ ਮਾਣਨ ਦਾ ਅਵਸਰ ਮਿਲਿਆ। ਉਸਦੀਆਂ ਗੱਲਾਂ ਵਿੱਚ ਆਪਣੇ ਪਿਆਰੇ ਪੰਜਾਬ ਪ੍ਰਤੀ ਤੜਫ਼ ਸੀ। ਝੋਰਾ ਸੀ ਤੇ ਹੇਰਵਾ ਵੀ। ਇਹੋ ਸਾਰਾ ਕੁਝ ਉਸਦੀ ਕਲਮ ਰਾਹੀਂ ਪੇਸ਼ ਹੋਇਆ ਹੈ। ਉਸਨੇ ਉਥੇ ਵੱਸਦੇ ਪੰਜਾਬੀਆਂ ਦੀਆਂ ਸਮੱਸਿਆਵਾਂ, ਹਮਦਰਦੀ, ਨੇਕ ਭਾਵਨਾ ਆਦਿ ਬਾਰੇ ਤਾਂ ਗੱਲ ਕੀਤੀ ਹੀ ਹੈ ਪਰ ਉਹ ਉਨ੍ਹਾਂ ਦੀਆਂ ਚੁਸਤ-ਚਲਾਕੀਆਂ ਨੂੰ ਇਗਨੋਰ ਨਹੀਂ ਕਰਦਾ ਤੇ ਲਿਖ ਕੇ ਖਰੀਆਂ-ਖਰੀਆਂ ਸੁਣਾ ਦਿੰਦਾ ਹੈ। ਅਜਿਹੇ ਅੰਸ਼ ਤੇ ਤੱਥ ਉਸਦੀਆਂ ਲਿਖਤਾਂ ਵਿਚੋਂ ਸੁਭਾਵਕ ਪ੍ਰਗਟ ਹੁੰਦੇ ਹਨ। ਮੈਨੂੰ ਖੁਸ਼ੀ ਹੈ ਕਿ ਮੇਰੇ ਮਿੱਤਰ ਦੀ ਕਿਤਾਬ ਤੁਹਾਡੇ ਸ਼ੁੱਭ-ਹੱਥਾਂ ਵਿੱਚ ਹੈ।

**-ਨਿੰਦਰ ਘੁਗਿਆਣਵੀ**
ਪਿੰਡ ਘੁਗਿਆਣਾ (ਫਰੀਦਕੋਟ)
ਮੋ : 094174-
21700

# ਮਿੱਠਾ ਕੌੜਤੁੰਮਾ

ਕੌੜਤੁੰਮੇ ਦੇ ਗੁਣ ਮਾਲਵੇ ਵਿੱਚ ਰਹਿੰਦੇ ਲੋਕਾਂ ਨੂੰ ਜ਼ਿਆਦਾ ਪਤਾ। ਜਿੰਨੀ ਕੁੜੱਤਣ ਇਸ ਫਲ ਵਿੱਚ ਹੁੰਦੀ ਉਸ ਨਾਲੋਂ ਕਈ ਗੁਣਾ ਫ਼ਾਇਦੇ ਵੀ ਹੁੰਦੇ ਨੇ। ਬਰਾਨੀ ਟਿੱਬਿਆਂ ਵਿੱਚ ਆਪ ਮੁਹਾਰੇ ਉੱਗੀਆਂ ਵੇਲਾਂ 'ਤੇ ਲੱਗੇ ਇਹ ਫਲ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਨ ਲਈ ਸਮਰੱਥ ਹਨ। ਮਿੰਟੂ ਬਰਾੜ ਵੀ ਕੌੜਤੁੰਮਿਆਂ ਦਾ 'ਵਤਨੀ' ਹੈ ਪਰ ਹੈ ਮਿਠਾਸ ਨਾਲ ਲਬਰੇਜ਼। ਵੱਖ ਵੱਖ ਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਉਸਨੂੰ 'ਮਿੰਟੂ ਬਰਾੜ' ਵਜੋਂ ਜਾਣਦੇ ਹਨ ਪਰ ਮਾਤਾ ਇੰਦਰਜੀਤ ਕੌਰ, ਸਵਰਗੀ ਸ: ਰਘਬੀਰ ਸਿੰਘ ਬਰਾੜ, ਇਕਲੌਤੀ ਭੈਣ ਪਰਮਿੰਦਰ ਕੌਰ ਸਮੇਤ ਅੰਗ ਸਾਕ ਅਤੇ ਦਫ਼ਤਰੀ ਦਸਤਾਵੇਜ਼ ਉਸਦੀ ਗੁਰਸ਼ਮਿੰਦਰ ਸਿੰਘ ਬਰਾੜ ਵਜੋਂ ਸ਼ਨਾਖ਼ਤ ਕਰਦੇ ਹਨ। ਮਿੰਟੂ ਉਹ ਇਲਾਕਿਆਂ ਵਿੱਚ ਮਾਂ ਬੋਲੀ ਦਾ ਰਾਖਾ ਪੁੱਤ ਬਣ ਕੇ ਖੜਿਆ ਹੈ। ਜਿਸ ਦਾ ਪੰਜਾਬੀ ਅਤੇ ਪੰਜਾਬ ਨਾਲ ਵਾਹ ਵਾਸਤਾ ਬਹੁਤ ਦੇਖਣ ਨੂੰ ਬਹੁਤ ਘੱਟ ਹੋ ਗਿਆ ਹੈ। ਕਈ ਦਹਾਕੇ ਪਹਿਲਾਂ ਰਾਜਨੀਤਕ ਯਤਨਾਂ/ਸਵਾਰਥਾਂ ਸਦਕੇ ਪੰਜਾਬ ਨੂੰ ਲੰਗੜਾ ਕਰਕੇ 'ਹਰਿਆਣਾ' ਬਣਾ ਦਿੱਤਾ ਗਿਆ। ਜ਼ਿਲ੍ਹਾ ਸਿਰਸਾ ਦੀ ਮੰਡੀ ਕਾਲਾਂਵਾਲੀ ਦੇ ਨਜ਼ਦੀਕੀ ਪਿੰਡ ਦੇਸੂ ਮਲਕਾਨਾ ਦਾ ਜੰਮਪਲ ਹੈ।

ਹਰਿਆਣੇ ਵਿੱਚ ਸਭ ਤੋਂ ਪਹਿਲਾਂ ਬਾਗ਼ਬਾਨੀ ਕਰਨ ਵਾਲੇ 'ਬਰਾੜ ਪਰਿਵਾਰ' ਦਾ ਇਹ ਵਾਰਿਸ ਬਠਿੰਡਾ ਦੇ ਸਹਾਰਾ ਜਨ ਸੇਵਾ ਕਲੱਬ ਵਿੱਚ ਸਮਾਜਿਕ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਮਿੱਤਰਾਂ ਨਾਲ ਬਠਿੰਡੇ ਵਿਜੇ ਗੋਇਲ ਕੋਲ ਸਹਾਰਾ ਦਾ ਮੈਂਬਰ ਬਣਨ ਗਿਆ। ਅੱਗਿਓਂ ਸਹਾਰਾ ਦੇ ਪ੍ਰਧਾਨ ਨੇ ਇਹ ਕਹਿ ਕੇ ਮੋੜ ਦਿੱਤਾ ਕਿ ਸਹਾਰਾ ਵਿੱਚ ਆਉਣਾ ਜਣੇ ਖਣੇ ਦੇ ਵੱਸ ਦਾ ਨਹੀਂ, ਕਿਉਂਕਿ ਮ੍ਰਿਤਕਾਂ ਦੀਆਂ ਮੁਸ਼ਕ ਮਾਰਦੀਆਂ ਲਾਸ਼ਾਂ ਦਾ ਅੰਤਿਮ ਸੰਸਕਾਰ ਆਦਿ ਹਰੇਕ ਬੰਦਾ ਨਹੀਂ ਕਰ ਸਕਦਾ। ਵਿਜੇ ਗੋਇਲ ਦੀਆਂ ਖਰੀਆਂ-ਖਰੀਆਂ ਗੱਲਾਂ ਤੋਂ ਤਰਕ ਖਾ ਕੇ ਮਿੰਟੂ ਅਤੇ ਇਸਦੇ ਹਮਖ਼ਿਆਲ ਦੋਸਤਾਂ ਨੇ ਉਸੇ ਦਿਨ ਸਹਾਰਾ ਕਲੱਬ ਕਾਲਾਂਵਾਲੀ ਦੀ ਬੁਨਿਆਦ ਰੱਖੀ ਅਤੇ ਮਨੁੱਖਤਾ ਦੀ ਸੇਵਾ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਵਾਲੇ ਵਿਅਕਤੀਆਂ ਦਾ ਕਾਫ਼ਲਾ ਬਣਾਇਆ ਜੋ ਹੁਣ ਤੱਕ ਬੇਰੋਕ ਅੱਗੇ ਵਧਦਾ ਹੋਇਆ ਲਾਵਾਰਸ, ਬੇਸਹਾਰਿਆਂ ਅਤੇ ਗ਼ਰੀਬਾਂ ਦੀ ਮੱਦਦ ਕਰ ਰਿਹਾ ਹੈ।

ਮਿੰਟੂ ਅਕਸਰ ਕਹਿੰਦਾ ਕਿ ਆਸਟ੍ਰੇਲੀਆ ਜਾਣ ਸਮੇਂ ਉਸਨੂੰ ਆਪਣੇ ਪਰਿਵਾਰ ਨਾਲੋਂ ਵਿਛੜਣ ਦਾ ਐਨਾਂ ਦੁੱਖ ਨਹੀਂ ਸੀ ਜਿੰਨ੍ਹਾਂ ਸਹਾਰਾ ਕਲੱਬ ਛੱਡ ਕੇ ਜਾਣ ਦਾ ਸੀ। ਪਰ ਆਸਟ੍ਰੇਲੀਆ ਵਿੱਚ ਵੀ ਉਸਨੇ ਮਨੁੱਖਤਾ ਦੀ ਭਲਾਈ ਯਤਨ ਨਹੀ ਛੱਡੇ। ਸੈਟੇਲਾਈਟ ਇੰਜੀਨੀਅਰ ਕਰਦੇ ਬਰਾੜ ਨੇ ਆਪਣੇ ਫੋਨ ਤੇ ਹੈਲਪ ਲਾਈਨ ਹੀ ਖੋਲ੍ਹੀ ਹੋਈ ਹੈ ਅਤੇ ਫੋਨ ਕਰਨ ਵਾਲੇ ਨੂੰ ਸਿਰਫ ਮਿਸ ਕਾਲ ਕਰਨ ਦੀ ਜ਼ਰੂਰਤ ਹੁੰਦੀ ਕਿ ਅੱਗਿਓਂ ਬੰਦ ਕਮਰੇ ਵਿੱਚ ਗੂੰਜਦੀ ਆਵਾਜ਼ ਵਾਂਗੂੰ ਪਲਾਂ ਵਿੱਚ ਮਿੰਟੂ ਦੇ ਫੋਨ ਦੀ ਕਾਲ ਵਾਪਸ ਆ ਜਾਂਦੀ ਹੈ। ਮਿੰਟੂ ਦੱਸਦਾ ਹੈ, 'ਇੱਥੇ ਫੋਨ ਕਾਲ ਮਹਿੰਗੀ ਹੋਣ ਕਾਰਨ ਕਈ ਵਾਰ ਮੁਸੀਬਤ ਵਿੱਚ ਫਸੇ ਵਿਦਿਆਰਥੀ ਦੇ ਫੋਨ ਵਿੱਚ ਐਨੇ ਪੈਸੇ ਨਹੀਂ ਹੁੰਦੇ ਕਿ ਉਹ ਆਪਣੀ ਗੱਲ ਪੂਰੀ ਕਰ ਸਕਣ। ਮੇਰਾ ਕੰਮ ਕਾਰ ਠੀਕ ਹੈ ਜੇ ਮਹੀਨੇ ਦੇ 100-50 ਵੱਧ ਲੱਗ ਜਾਣ ਤਾਂ ਕੀ ਫ਼ਰਕ

ਪੈਂਦੇ ਨਾਲੇ ਮੈਂ ਕਿਹੜਾ ਦਾਰੂ ਪੀਨਾਂ।'

ਖੈਰ, ਮਿੰਟੂ ਨੇ ਆਪਣੀ ਸੋਚ ਅਤੇ ਕਲਮ ਦੀ ਤਾਕਤ ਨੂੰ ਉਦੋਂ ਲੋਕਾਂ ਸਾਹਮਣੇ ਕੀਤਾ ਜਦੋਂ ਸਾਰਾ ਭਾਰਤੀ ਮੀਡੀਆ ਆਸਟ੍ਰੇਲੀਆ ਵਿੱਚ ਨਸਲੀ ਹਮਲਿਆਂ ਦੀ 'ਡੌਂਡੀ ਪਿੱਟ' ਰਿਹਾ ਸੀ। ਉਦੋਂ ਮਿੰਟੂ ਨੇ ਇੱਕ ਲੇਖ ਲਿਖਿਆ ਤਾਂ 'ਆਸਟ੍ਰੇਲੀਆ ਵਿੱਚ ਹੁੰਦੇ ਹਮਲਿਆਂ ਵਿਚਲਾ ਸੱਚ', ਇਹ ਲੇਖ ਜਦੋਂ ਸਾਨੂੰ ਪੰਜਾਬੀ ਨਿਊਜ਼ ਆਨਲਾਈਨ ਲਈ ਪ੍ਰਾਪਤ ਹੋਇਆ, ਇਸ ਮਗਰੋਂ 'ਦ ਸੰਡੇ ਇੰਡੀਅਨ' ਵਿੱਚ ਇਹੀ ਲੇਖ 14 ਭਾਸ਼ਾਵਾਂ ਵਿੱਚ ਛਪਿਆ ਫਿਰ ਸੱਚ 'ਤੇ ਪਹਿਰਾ ਦੇਣ ਲਈ ਜੁਟੇ ਦੇਸ਼ ਵਿਦੇਸ਼ ਦੇ ਪੰਜਾਬੀ ਮੀਡੀਆ ਨੇ ਇਸ ਨੂੰ ਥਾਂ ਥਾਂ ਛਾਪਿਆ।

ਇਹਨਾਂ ਦਿਨਾਂ ਵਿੱਚ ਹੀ ਪੰਜਾਬੋਂ ਗਏ ਅੱਲ੍ਹੜ ਮੁੰਡੇ- ਕੁੜੀਆਂ ਨੇ ਰਾਜਨੀਤਕ ਹੱਥਾਂ ਵਿੱਚ ਖੇਡਦੇ ਹੋਏ ਆਸਟ੍ਰੇਲੀਆ ਵਿੱਚ ਹਿੰਸਕ ਪ੍ਰਦਰਸ਼ਨ ਕਰਦੇ ਹੋਏ ਇੱਕ 150 ਸਾਲ ਪੁਰਾਣੇ ਸ਼ੀਸ਼ੇ ਨੂੰ ਪੱਥਰ ਮਾਰ ਕੇ ਤੋੜ ਦਿੱਤਾ ਤਾਂ ਮਿੰਟੂ ਬਰਾੜ ਦੀ ਕਲਮ ਨੇ ਫਿਰ ਸੱਚ ਬੋਲਿਆ ਤਾਂ ਲੇਖ ਸਾਹਮਣੇ ਆਇਆ, 'ਮੈਲਬੌਰਨ ਵਿੱਚ ਟੁੱਟੇ ਸ਼ੀਸ਼ੇ ਦੀ ਗੂੰਜ ਕਈ ਪੀੜੀਆਂ ਤੱਕ ਸੁਣਾਈ ਦੇਵੇਗੀ'। ਅਸਲ ਵਿੱਚ ਇਹ ਵਕਤੀ ਲੇਖ ਨਹੀਂ ਸੀ ਬਲਕਿ ਅਸ਼ਟਾਮ 'ਤੇ ਕੀਤੀ ਹੋਈ ਭਵਿੱਖਬਾਣੀ ਸੀ। ਹੋਇਆ ਵੀ ਉਸ ਤਰ੍ਹਾਂ ਹੀ ਭਾਰਤੀ ਵਿਦਿਆਰਥੀਆਂ ਨੂੰ ਪੱਕੇ ਕਰਨ ਲਈ ਆਸਟ੍ਰੇਲੀਆ ਵੱਲੋਂ ਖੋਲ੍ਹੇ ਹੋਏ ਦਰਵਾਜ਼ਿਆਂ 'ਤੇ ਸਖ਼ਤ ਨਿਯਮਾਂ ਦਾ ਸੈਂਸਰ ਬਿਠਾ ਦਿੱਤਾ ਗਿਆ ਜਿਸ ਵਿਚੋਂ ਹੁਣ ਕੋਈ ਕੋਈ ਪਾਰ ਲੰਘ ਸਕਦਾ ਹੈ।

5 ਕੁ ਸਾਲ ਪਹਿਲਾਂ ਮੈਂ ਪਟਿਆਲਾ ਵਿੱਚ ਆਨਲਾਈਨ ਬੈਠਾ ਸੀ ਤਾਂ ਮਿੰਟੂ ਬਰਾੜ ਨਾਲ ਮੇਰੀ ਪਹਿਲੀ ਵਾਰ ਔਰਕੁਟ 'ਤੇ ਚੈਟ ਹੋਈ। ਕੁਝ ਮਿੰਟਾਂ ਬਾਅਦ ਫੋਨ 'ਤੇ ਗੱਲ ਚੱਲੀ ਤਾਂ ਬਹੁਤ ਸਾਰੇ ਵਿਅਕਤੀ ਸਾਂਝੇ ਸੱਜਣ-ਮਿੱਤਰ ਨਿਕਲ ਆਏ। ਉਦੋਂ ਤੋਂ ਸਾਂਝਾ ਬਰਕਰਾਰ ਹਨ। ਦਸੰਬਰ 2009 ਦੀ ਗੱਲ ਹੋਣੀ, ਮੈਂ ਤੇ ਮਿੰਟੂ ਬਰਾੜ ਪਹਿਲੀ ਵਾਰ ਇੱਕ ਦੂਜੇ ਨੂੰ ਬਠਿੰਡੇ ਮਿਲੇ ਤਾਂ ਉੱਥੇ ਵੀ ਮਿੰਟੂ ਦੇ ਦਿਮਾ.ਗ ਵਿੱਚ ਸਵਾਲਾਂ ਦਾ ਲਾਵਾ ਫੁੱਟ ਰਿਹਾ ਸੀ। ਮਾਮਲਾ ਸੀ, ਡਾ. ਹਰਸ਼ਿੰਦਰ ਕੌਰ ਵੱਲੋਂ ਆਸਟ੍ਰੇਲੀਆ ਰਹਿੰਦੀਆਂ ਕੁੜੀਆਂ ਦੇ ਕਿਰਦਾਰ ਬਾਰੇ ਲਿਖੇ ਲੇਖ ਦਾ। ਮਿੰਟੂ ਨੇ ਇੱਕ ਲੇਖ ਮੈਨੂੰ ਭੇਜਿਆ ਜਿਸ ਵਿੱਚ ਬਹੁਤ ਸਾਰੇ ਸਵਾਲ ਅਤੇ ਸੱਚ ਡਾ. ਹਰਸ਼ਿੰਦਰ ਕੌਰ ਦੇ ਸਾਹਮਣੇ ਰੱਖੇ ਸਨ। ਇਹ ਲੇਖ ਸੀ 'ਕਿਹੜੀ ਐਨਕ ਨਾਲ ਦੇਖਿਆ ਹਰਸ਼ਿੰਦਰ ਕੌਰ ਨੇ ਆਸਟ੍ਰੇਲੀਆ'।

ਮਿੰਟੂ ਗਾਹੇ-ਬਗਾਹੇ ਬਹੁਤ ਪਾਸੇ ਲੱਤਾਂ ਫਸਾਈ ਰੱਖਦਾ। ਨਸ਼ਾ ਪੱਤਾ ਉਹ ਕੋਈ ਕਰਦਾ ਨਹੀਂ ਪਰ ਕਿਸੇ ਹੋਰ ਹੀ ਸਰੂਰ ਵਿੱਚ ਟੱਲੀ ਹੋਇਆ ਹਰ ਵੇਲੇ ਕੋਈ ਨਾ ਕੋਈ ਗਤੀਵਿਧੀ ਵਿੱਚ ਸਰਗਰਮ ਰਹਿੰਦਾ। ਕਦੇ 'ਹਰਮਨ ਰੇਡੀਓ' ਤੇ ਆਪਣਾ ਪ੍ਰੋਗਰਾਮ ਪੇਸ਼ ਕਰਦਾ ਤੇ ਕਦੇ 'ਪੰਜਾਬੀ ਅਖ਼ਬਾਰ' ਦਾ ਸੰਪਾਦਕ ਬਣ ਕੇ ਆਪਣੀ ਡਿਊਟੀ ਲਵਾ ਦਿੰਦਾ। ਹੋਰ ਬਹੁਤ ਸਾਰੇ ਮੀਡੀਆ ਹਾਊਸ ਤੇ ਸੰਸਥਾਵਾਂ ਨਾਲ ਜੁੜਿਆ ਹੈ।

ਮੈਂ ਤੇ ਮਿੰਟੂ ਲੋਕਾਂ ਸਾਹਮਣੇ ਇੱਕ ਦੂਜੇ ਦੀ ਜਿੰਨੀ ਬੱਲੇ-ਬੱਲੇ ਕਰਦੇ ਓਨੀ ਹੀ ਇੱਕ ਦੂਜੇ ਦੀ ਅਸੀਂ ਇਨ ਬਾਕਸ ਵਿੱਚ 'ਮਿੱਟੀ ਵੀ ਪੁੱਟਦੇ' ਹਾਂ। ਮੇਰੇ ਕਾਰਨਾਮਿਆਂ ਨਾਲ ਮਿੰਟੂ ਸਹਿਮਤ ਹੋਵੇ ਜ਼ਰੂਰੀ ਨਹੀਂ, ਮੈਂ ਵੀ ਮਿੰਟੂ ਦਾ ਲਿਖਿਆ ਅੱਖਾਂ ਮੀਚ ਕੇ ਅੱਪਲੋਡ ਕਰ ਦੇਵਾ ਇਹ ਵੀ ਨਹੀਂ ਹੁੰਦਾ। ਪਿਛਲੇ ਤਿੰਨ-ਚਾਰ ਲੇਖ ਉਸਨੇ ਗਾਇਕਾਂ ਜਾਂ ਗੀਤਕਾਰਾਂ ਤੇ ਲਿਖੇ, ਮੈਂ ਸਲਾਹ ਦਿੱਤੀ ਬਰਾੜ ਸਾਹਿਬ

ਇਹ ਤੁਹਾਡੇ ਲੈਵਲ ਦਾ ਕੰਮ ਨਹੀਂ ਜਿੰਨ੍ਹਾਂ ਬਾਰੇ ਤੁਸੀ ਲਿਖਿਆ ਉਹ ਵਧੀਆ ਹੋ ਸਕਦੇ ਪਰ ਐਨੇ ਵੀ ਵਧੀਆ ਨਹੀਂ ਕੇ ਤੁਸੀ ਕਿਸੇ ਸਮਾਜਿਕ ਮੁੱਦੇ ਦੀ ਥਾਂ ਗਾਉਣ ਵਜਾਉਣ ਵਾਲਿਆਂ ਦੀ ਸ਼ਰਧਾ ਵਿੱਚ ਲੇਖ ਲਿਖੋ।

ਬਰਾੜ ਮੇਰੀ ਗੱਲ ਨਾਲ ਸਹਿਮਤ ਹੁੰਦੇ ਹੋਏ ਕੁਝ ਤਰਕ ਨਾਲ ਉਹ ਗਾਇਕਾਂ ਦੇ ਹੱਕ ਵੱਲ ਪੱਲੜਾ ਭਾਰੀ ਕਰ ਗਿਆ। ਇਹ ਸੁਭਾਵਿਕ ਵੀ ਹੈ ਕਿ ਰੱਸੇ ਚੱਬਣ ਦੀ ਆਦਤ ਜਾਂਦੀ ਨਹੀ ਮਿੰਟੂ ਦਾ ਵਾਹ-ਵਾਸਤਾ ਲੰਬਾ ਸਮਾਂ ਪੰਜਾਬੀ ਸੰਗੀਤ ਨਾਲ ਰਿਹਾ ਹੈ। ਮਿੰਟੂ ਦੀਆਂ ਲਿਖਤਾਂ ਵਿੱਚ ਤਰਕ ਐਨੀ ਦਲੀਲ ਨਾਲ ਹੁੰਦੇ ਕਿ ਪੜਨ ਵਾਲੇ ਵਿਰੋਧਾਭਾਸ ਰੱਖਦਾ ਹੋਇਆ ਵੀ ਉਸ ਨਾਲ ਸਹਿਮਤ ਜ਼ਰੂਰ ਹੁੰਦਾ।

ਮਿੰਟੂ ਦੀਆਂ ਖ਼ੂਬੀਆਂ ਸਾਰੀ ਦੁਨੀਆਂ ਜਾਣਦੀ ਪਰ ਖ਼ਾਮੀਆਂ ਉਹਦੇ ਦੋਸਤ ਜਾਣਦੇ ਹਨ। ਮਿੰਟੂ ਆਪਣੀਆਂ ਖ਼ਾਮੀਆਂ ਨੂੰ ਖ਼ੂਬੀਆਂ ਵਿੱਚ ਵਰਤਣ ਦਾ ਜੁਗਾੜ ਜਾਣਦਾ ਹੈ। ਪਰ ਕਦੇ ਕਦੇ ਉਹ ਦੀਆਂ ਐਨੀਆਂ ਖ਼ੂਬੀਆਂ ਵਿਰੋਧੀਆਂ ਨਜ਼ਰਾਂ ਵਿੱਚ ਖ਼ਾਮੀਆਂ ਜਾਪਣ ਲੱਗ ਜਾਂਦੀਆਂ ਹਨ। ਪਰ ਹਵਾ ਵਿੱਚ ਉੱਡਦੇ ਮਿੰਟੂ ਦੀ ਪਤੰਗ ਨੂੰ ਤੁਣਕੇ ਮਾਰ ਕੇ ਸਹੀ ਦਿਸ਼ਾ ਨਿਰਦੇਸ਼ ਉਹਦੇ ਆਲੋਚਕ ਜ਼ਰੂਰ ਦੇ ਸਕਦੇ ਹਨ ਬਸ਼ਰਤੇ ਕਾਟੀ ਨਾ ਪਾਉਣ।

ਸੁਖਨੈਬ ਸਿੰਘ ਸਿੱਧੂ
ਮੁੱਖ ਸੰਪਾਦਕ
ਪੰਜਾਬੀ ਨਿਊਜ਼ ਆਨ ਲਾਈਨ
094174-25762

# ਮਿੰਟੂ ਬਰਾੜ 'ਕੈਂਗਰੂਨਾਮਾ'

ਮਿੰਟੂ ਬਰਾੜ ਉਰਫ਼ ਗੁਰਸ਼ਮਿੰਦਰ ਬਰਾੜ, ਜਿਵੇਂ ਰੰਗ ਦਾ ਪੱਕਾ ਜਿਹਾ ਹੈ ਓਵੇਂ ਇਰਾਦਿਆਂ ਦਾ ਉਸ ਤੋਂ ਵੀ ਪੱਕਾ ਹੈ । ਮੈਂ 3-4 ਸਾਲ ਪਹਿਲਾਂ ਏਸ ਨੂੰ ਫੇਸ-ਬੁੱਕ ਰਾਹੀਂ ਮਿਲਿਆ। ਰਾਬਤਾ ਕਾਇਮ ਹੋਣ ਪਿੱਛੋਂ ਮੈਨੂੰ ਮਹਿਸੂਸ ਹੋਵੇ ਏਸ ਬੰਦੇ ਨੂੰ ਤਾਂ ਮੈਂ ਕਈ ਚਿਰਾਂ ਦਾ ਜਾਣਦਾ ਹਾਂ, ਮੈਨੂੰ ਮਿੰਟੂ ਆਪਣਾ ਆਵਦਾ ਲੱਗਣ ਲੱਗ ਪਿਆ, ਮਿੰਟੂ ਦੇ ਨਿੱਘੇ ਤੇ ਮਿਲਵਰਤਣ ਵਾਲੇ ਸੁਭਾਅ ਦਾ ਨਤੀਜਾ ਇਹੀ ਹੈ ਕਿ ਅੱਜ ਦੁਨੀਆਂ ਦਾ ਕਿਹੜਾ ਮੁਲਕ ਹੈ ਜਿੱਥੇ ਮਿੰਟੂ ਦੇ ਜਾਣਕਾਰ/ਦੋਸਤ ਨਹੀਂ ਰਹਿੰਦੇ। ਆਸਟਰੇਲੀਆ 'ਚ ਰਹਿੰਦੇ ਰਿਸ਼ੀ ਗੁਲਾਟੀ ਅਤੇ ਰਵੀ ਸਚਦੇਵਾ ਤੋਂ ਵੀ ਏਸਦੀ ਖਾਸੀ ਤਾਰੀਫ਼ ਸੁਣੀ। ਮੈਨੂੰ ਜਲਦੀ ਹੀ ਬੋਧ ਹੋ ਗਿਆ ਮਿੰਟੂ ਕਿਸੇ ਇੱਕ ਵਿਅਕਤੀ ਵਿਸ਼ੇਸ਼ ਦਾ ਨਹੀਂ ਸਗੋਂ ਇਕ ਮੋਬਾਇਲ-ਸੰਸਥਾ ਦਾ ਨਾਂ ਹੈ । ਜੇ ਮਿੰਟੂ ਅੱਜ ਐਡੀਲੇਡ ਹੈ ਤਾਂ ਕਲ੍ਹ ਨੂੰ ਉਹ ਦੁਬਈ ਬੈਠਾ ਹੋਊ, 'ਖੀਵਾ' ਮਾਹੀ ਜੀ ਕੋਲ, ਤੇ ਪਰਸੋਂ ਚੰਡੀਗੜ੍ਹ ਦੇ 22 ਸੈਕਟੱਰ 'ਚ ਕੌਫੀ ਪੀਂਦਾ ਕਿਸੇ ਨਾਲ ਸਮਾਜ ਸੁਧਾਰ ਬਾਰੇ ਵਿਚਾਰ ਵਟਾਂਦਰਾ ਕਰਦਾ ਹੋਊ।

ਮਿੰਟੂ ਇਰਾਦੇ ਦਾ ਕਿਨਾ ਕੁ ਪੱਕਾ ਹੈ ਮੁਲਾਹਿਜਾ ਫਰਮਾਉ: ਇੱਕ ਵਾਰੀ ਇਸ ਦਾ ਕੋਈ ਦੋਸਤ ਜੋਤਿਸ਼ ਵਿੱਦਿਆ ਪੜ੍ਹ ਕੇ ਆਵਦਾ 'ਤੋਰੀ-ਫੁਲਕਾ' ਚੰਗਾ ਰੇਹੜਣ ਲੱਗ ਪਿਆ। ਮਿੰਟੂ ਸੁਭਾਅ ਦਾ ਖੋਜੀ ਇਨਸਾਨ ਹੋਣ ਕਰ ਕੇ ਉਸ ਅੰਦਰ ਜਗਿਆਸਾ ਰੂਪਮਾਨ ਹੋਈ, 'ਮਨਾ ਇਹ ਜੋਤਿਸ਼ ਹੈ ਕੀ' ਇਸ ਦਾ ਭੇਤ ਪਾਈਏ, ਮਿੰਟੂ ਜੋਤਿਸ਼ ਸਿੱਖਣ ਲੱਗ ਪਿਆ। ਪਹਿਲੇ ਦਿਨ ਜਦੋਂ ਮਿੰਟੂ ਸ਼ਾਸ਼ਤਰੀ ਜੀ ਦੀ ਕਲਾਸ 'ਚ ਗਿਆ ਤਾਂ ਸ਼ਾਸ਼ਤਰੀ ਜੀ ਐਨਕਾਂ ਦੇ ਉੱਤੋਂ ਦੀ, ਰਾਕੇਸ਼ ਖੰਨਾ ਦੇ ਪੋਜ ਵਿੱਚ, ਮਿੰਟੂ ਵੱਲ ਝਾਕਣ ਬਈ ਤਰੇਹਟ ਪੰਡਤਾਂ ਦੀ ਕਲਾਸ 'ਚ ਆਹ ਮਿੰਟੂ ਜੱਟ ਕੀ ਕਰਨ ਆਇਐ। ਉਸਦੀ ਸਰਦਾਰਨੀ ਏਸ ਗੱਲੋਂ ਪੂਰੀ ਨਾਰਾਜ਼ ਬਈ ਗੋਂਦਾਰੇ ਵਾਲੇ ਸਰਦਾਰਾਂ ਦਾ ਜਵਾਈ ਹੁਣ ਲੋਕਾਂ ਦੇ ਹੱਥ ਵੇਖ ਕੇ ਟੇਵੇ ਲਾਇਆ ਕਰੂ, ਲੋਕ ਕੀ ਆਖਣਗੇ ? ਪਰ ਮਿੰਟੂ ਟਲਣ ਵਾਲਾ ਕਿੱਥੇ ਸੀ ਜੋਤਿਸ਼ ਸਿੱਖ ਕੇ ਹੀ ਹਟਿਆ। ਏਸਨੇ ਉਸਨੂੰ ਲੋਕਾਂ ਨੂੰ ਲੁਟੱਣ ਦਾ ਜਰੀਆ ਨਾ ਬਣਾਕੇ ਸਗੋਂ ਲੋਕਾਂ ਨੂੰ ਜਾਣੂ ਕਰਾਇਆ ਕਿ ਇਹ ਸਾਰੇ ਪਾਖੰਡ ਹਨ ਇਹਨਾਂ ਪਾਖੰਡੀਆਂ ਤੋਂ ਬਚੋ। ਏਸੇ ਸੰਧਰਭ ਵਿੱਚ ਏਸਨੇ 'ਚਮਤਕਾਰ ਕੋ ਨਮਸਕਾਰ' ਨਾਂ ਦਾ ਲੇਖ ਏਸ ਕਿਤਾਬ ਵਿੱਚ ਲਿਖਿਆ ਹੈ ਜੋ ਕਿਸੇ ਮਨਦੀਪ ਕੌਰ ਬਾਰੇ ਹੈ। ਮਿੰਟੂ ਨੇ ਮੈਨੂੰ ਦੱਸਿਆ ਕਿ, ''ਜਿਨ੍ਹਾਂ ਨੂੰ ਪਤਾ ਲੱਗ ਜਾਂਦੈ ਬਈ ਮਿੰਟੂ ਹੱਥ-ਹੁੱਥ ਵੇਖ ਲੈਂਦੈ ਉਹ ਮੇਰੇ ਮੂਹਰੇ (ਆਹ ਮੂਹਰੇ ਸ਼ਬਦ ਨੂੰ ਮਿੰਟੂ ਬਹੁਤ ਵਰਤਦਾ ਹੈ, 'ਕੈਂਗਰੂਨਾਮਾ' ਦੇ 32 ਲੇਖਾਂ ਵਿੱਚ ਇਸਨੇ ਔਸਤਨ, 9 ਵਾਰੀ ਇਹ ਮੂਹਰੇ ਸ਼ਬਦ ਦੀ ਵਰਤੋਂ ਕੀਤੀ ਐ) ਹੱਥ ਕਰ ਦਿੰਦੈ ਬਾਈ ਵੇਖ ਭਲਾ ਮੇਰੇ ਦਿਨ ਵੀ ਫਿਰਨਗੇ ਕਦੇ ? ਮੈਂ ਉਹਨਾਂ ਨੂੰ ਦਸਦਾ ਹਾਂ ਕਿ ਭਲਿਉ ਮਾਣਸੋ ਇਹ ਸਭ ਫਰਾਡ ਐ ਏਸ 'ਚ ਨਾ ਫਸੋ।''

'ਕੰਗਰੂਨਾਮਾ' 'ਚ ਮਿੰਟੂ ਨੇ ਤਕਰੀਬਨ 32-33 ਲੇਖ ਲਿਖੇ ਹਨ। ਇਹਨਾਂ ਲੇਖਾਂ ਵਿੱਚ ਮਿੰਟੂ ਨੇ ਨਸ਼ਤਰ ਮਾਰ-ਮਾਰ ਸਮਾਜ ਅੰਦਰ ਜੋ ਫੋੜੇ ਪਾਕ ਨਾਲ ਭਰੇ ਪਏ ਹਨ, ਉਹਨਾਂ ਦੀ ਪਾਕ ਕਢੂਣ ਦਾ ਯਤਨ ਕੀਤਾ ਹੈ। ਮਿੰਟੂ ਦੇ ਦੋਸਤਾਂ ਦਾ ਘੇਰਾ ਵੀ ਵਿਸ਼ਾਲ ਹੈ ਪਰ ਆਵਦੇ ਧੜੱਲੇਦਾਰ

ਲੇਖਾਂ ਨਾਲ ਏਸਨੇ ਦੁਸ਼ਮਣ ਵੀ ਵਾਹਵਾ ਖੜ੍ਹੇ ਕਰ ਲਏ ਹਨ। ਕਿਸੇ ਦਾ ਲਿਹਾਜ ਕਰਨਾ ਤਾਂ ਏਸ ਨੂੰ ਆਉਂਦਾ ਹੀ ਨਹੀਂ ਸਿੱਧਾ ਸਿਰ 'ਚ ਹੀ ਫਾਹੁੜਾ ਮਾਰਦੈ। ਤੁਸੀਂ 'ਕੰਗਰੂਨਾਮਾ' ਵਿੱਚ ਵੇਖੋਗੇ ਕਿ ਇਸਨੇ ਸਮਾਜ ਦੇ ਹਰ ਵਰਗ ਨੂੰ ਨਿਸ਼ਾਨਾ ਬਣਾਇਆ ਹੈ ਕਿਸੇ ਦਾ ਲਿਹਾਜ ਨਹੀਂ ਕੀਤਾ। 'ਯੇਹ ਕੰਬਖਤ ਇਸ਼ਕ' ਲੇਖ ਵਿੱਚ ਮਿੰਟੂ ਨੇ ਚੰਦਰ ਮੋਹਣ ਉਰਫ਼ ਚਾਂਦ ਮੁਹੰਮਦ ਅਤੇ ਅਨੁਰਾਧਾ ਬਾਲੀ ਉਰਫ਼ ਫਿਜ਼ਾ ਦੇ ਇਸ਼ਕ ਦਾ ਕੱਚਾ ਚਿੱਠਾ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ, ਉਸਦੀ ਇਹ ਜੁਰੱਅਤ ਸਲਾਹੁਣਯੋਗ ਹੈ। ਅਕਸਰ ਵੇਖਿਐ ਲੋਕ ਕਿਸੇ ਪੁਲੀਟੀਕਲ ਹਸਤੀ ਬਾਰੇ ਘੱਟ ਹੀ ਰਾਜ ਖੋਲ੍ਹਦੇ ਹਨ ਪਰ ਇਹ ਤਾਂ ਫੇਰ ਆਪਣਾ ਮਿੰਟੂ ਬਰਾੜ 'ਕੈਂਗਰੂਨਾਮਾ' ਐ ਨਾ।

ਇਸਦੇ ਲੇਖ 'ਆਸਟਰੇਲੀਆ' 'ਚ ਭਾਰਤੀ ਵਿਦਿਆਰਥੀਆਂ ਉੱਤੇ ਹੋਏ ਹਮਲਿਆਂ ਪਿਛਲਾ ਸੱਚ' ਵਿੱਚੋਂ ਪਾਠਕ ਨੂੰ ਪੂਰੀ ਸਚਾਈ ਨਜ਼ਰ ਆਉਂਦੀ ਹੈ ਕਿ ਆਸਟਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ਉਪਰ ਹਮਲੇ ਹੋਣ ਦਾ ਅਸਲ ਵਿੱਚ ਕਾਰਣ ਕੀ ਸੀ। ਏਥੇ ਇੱਕ ਮਿਸਾਲ ਦੇਣ ਨਾਲ ਮਸਲਾ ਸਾਫ ਹੋ ਜਾਏਗਾ। ਆਸਟਰੇਲੀਆ ਦੇ ਸ਼ਹਿਰ ਬਰਿਸਬੇਨ ਦੇ ਬੱਸ ਸਟਾਪ 'ਤੇ ਹੋਈ ਘਟਨਾ ਦਾ ਮੋਟਾ ਜਿਹਾ ਵੇਰਵਾ ਇਹ ਹੈ। ਬੱਸ ਸਟਾਪ 'ਤੇ ਬੱਸ ਵਿੱਚ ਚੜ੍ਹਨ ਲਈ ਲੋਕ ਲਾਈਨ ਬਣਾਕੇ ਬੱਸ ਦੀ ਉਡੀਕ ਕਰ ਰਹੇ ਸਨ ਅਤੇ ਓਥੇ ਕੁਝ ਹਿੰਦੁਸਤਾਨੀ (ਮਿੰਟੂ ਨੇ ਸ਼ਬਦ 'ਮੇਰੇ ਹਮਵਤਨੀ' ਵਰਤਿਆ ਹੈ) ਵੀ ਬੱਸ ਵਿੱਚ ਚੜ੍ਹਨ ਆਏ ਲਾਈਨ ਤੋੜਕੇ ਉੱਚੀ- ਉੱਚੀ ਰੌਲਾ ਪਾਉਂਦੇ ਬੱਸ ਵਿੱਚ ਚੜ੍ਹ ਜਾਂਦੇ ਹਨ। ਬੱਸ ਵਿੱਚ ਚੜਨ ਪਿੱਛੋਂ ਵੀ ਸਬਰ ਨਹੀ ਕਰਦੇ ਫਿਰ ਬੱਸ ਅੰਦਰ ਵੀ ਅਸਭਿਆ ਹੋਣ ਦਾ ਪੂਰਾ ਪ੍ਰਣਾਮ ਦੇ ਰਹੇ ਹੁੰਦੇ ਹਨ। ਓਸਦੀ ਇਹ ਕਰਤੂਤ ਵੇਖਕੇ ਇੱਕ ਪੰਜਾਬਣ ਕੁੜੀ ਨੇ ਉਹਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ 'ਚੋਂ ਇੱਕ ਜਣਾ ਓਸ ਕੁੜੀ ਨੂੰ ਹੀ ਮੰਦਾ-ਚੰਗਾ ਬੋਲਣ ਲੱਗ ਪਿਆ। ਗੋਰੇ ਭਾਵੇਂ ਪੰਜਾਬੀ ਨਹੀਂ ਸਮਝਦੇ ਸਨ ਪਰ ਮਹਿਸੂਸ ਕਰ ਰਹੇ ਸਨ ਕਿ ਇਹ ਮੁੰਡਾ ਹੀ ਭਸੂੜੀ ਖੜ੍ਹੀ ਕਰੀ ਜਾਂਦੈ। ਉਹਨਾਂ ਗੋਰਿਆਂ ਨੇ ਫਿਰ ਪੰਜਾਬ ਪੁਲਿਸ ਵਾਂਗੂ ਓਸਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਤਾਂ ਓਸੇ ਕੁੜੀ ਨੇ ਹੀ ਫਿਰ ਉਹਨਾਂ ਗੋਰਿਆਂ ਤੋਂ ਉਸਨੂੰ ਛੁਡਵਾਇਆ। ਉਹ ਜਾਂਦਾ-ਜਾਂਦਾ ਫਿਰ ਵੀ ਇਹੀ ਕਹਿ ਰਿਹਾ ਸੀ 'ਤੈਨੂੰ ਹੁਣ ਗੋਰੇ ਹੀ ਚੰਗੇ ਲਗਦੇ ਹਨ'।

ਮਿੰਟੂ ਮਖੌਲੀਆ ਵੀ ਵਾਹਵਾ ਐ, ਦੋ ਕੁ ਸਾਲ ਹੋਗੇ ਮਿੰਟੂ ਨਾਲ ਫੋਨ 'ਤੇ ਗੱਲ ਹੋਈ ਮੈਂ ਪਹਿਲੀ ਵਾਰੀ ਉਸਦੀ ਆਵਾਜ਼ ਸੁਣੀ, ਅਤਾਉੱਲਾ ਈਸਾਖੇਲਵੀ ਵਾਂਗੂੰ ਮਿੰਟੂ ਦੀ ਆਵਾਜ਼ ਵਿੱਚ ਵੀ ਇੱਕ ਖਾਸ ਕਿਸਮ ਦੀ ਖਰਾਸ਼ ਜਿਹੀ ਹੈ। ਗਾਲੜੀ ਬਹੁਤ ਹੈ ਸਾਡੀ 40-45 ਮਿੰਟ ਗੱਲ ਹੋਈ ਹੋਣੀ ਐ ਮੇਰੇ ਹਿੱਸੇ ਏਸਨੇ 10-15 ਕੁ ਮਿੰਟ ਹੀ ਆਉਣ ਦਿੱਤੇ। ਓਸ ਦਿਨ ਵੀ ਬ੍ਰਿਸਬੇਨ ਤੋਂ ਐਡੀਲੇਡ ਹੀ ਜਾ ਰਿਹਾ ਸੀ ਕੋਈ ਪੋਲੀਟਿਕਲ ਫੰਕਸ਼ਨ ਅਟੈਂਡ ਕਰਕੇ ਘਰ ਨੂੰ ਵਾਪਿਸ ਆ ਰਿਹਾ ਸੀ। ਮੈਂ ਕਿਹਾ, "ਮਿੰਟੂ ਜਿਵੇਂ ਤੂੰ ਸਮਾਜ-ਸੁਧਾਰਕ ਐਂ ਇਹੋ ਜੇ ਬੰਦਿਆਂ ਦੀ ਸਾਨੂੰ ਐਥੇ ਕੈਨੇਡਾ ਵਿੱਚ ਬਹੁਤ ਲੋੜ ਐ ਤੂੰ ਐਥੇ ਮੂਵ ਹੋ ਜਾ।"

"ਹੱਦ ਕਰਦੈਂ ਬਾਈ ਮੇਲੇ 'ਚ ਅਮਰੂਦਾਂ ਦੀ ਰੇਹੜੀ ਵਾਲੇ ਨੂੰ ਕੌਣ ਪੁਛਦੈ।" ਓਸਦਾ ਜਵਾਬ ਸੀ

ਪਿਛਲੇ ਦਿਨੀ ਆਵਦੇ ਪਰਿਵਾਰ ਸਮੇਤ ਦੁਬਈ ਖੀਵਾ ਮਾਹੀ ਕੋਲ ਆਇਆ ਹੋਇਆ ਸੀ। ਗੱਲ ਹੋਈ ਤਾਂ ਕਹਿੰਦਾ, "ਹੁਣੇ ਚਾਹ ਪੀਕੇ ਹਟੇ ਹਾਂ, ਮੈਂ ਆਵਦੀ ਮਿਸਿਜ ਨੂੰ ਕਿਹਾ ਕਿ ਭਾਂਡੇ-ਟੀਂਡੇ ਸਾਂਭਣ 'ਚ ਮਦਦ ਕਰਦੇ, ਆਹ ਬਾਈ ਖੀਵਾ ਕਹਿੰਦਾ 'ਅਸੀਂ ਆਵਦੇ ਭਾਂਡੇ ਆਪੇ ਚੱਕਲਾਂਗੇ

ਅੱਗੇ 'ਥੋਡੇ' ਵਰਗਾ ਹੀ ਸਾਡੇ ਕੋਲ ਆਕੇ ਗਿਆ ਉਹਨਾਂ ਨੇ ਵੀ ਭਾਂਡੇ-ਭੁੰਡੇ ਸਾਂਭਣ ਦੀ ਸੇਵਾ ਨਿਭਾਈ ਸੀ, ਪਿੱਛੋਂ ਪਤਾ ਲੱਗਿਆ ਸਾਡੇ ਚਮਚੇ ਚੁਮਚੇ ਜੇ ਮਿਸਿੰਗ ਸਨ, ਸੋ ਤੁਸੀਂ ਰਹਿਣ ਈ ਦਿਉ ਏਸ ਖੇਚਲ ਨੂੰ।'' ਮਹੀਨਾ ਡੇਢ ਮਹੀਨਾ ਹੋ ਗਿਆ ਮੈਂ ਇੱਕ ਛੋਟੀ ਜਿਹੀ ਕਹਾਣੀ ਫੇਸ-ਬੁੱਕ ਤੇ ਪਾਤੀ, ਏਸ ਨੂੰ ਪਸੰਦ ਆਗੀ, ਮੈਨੂੰ ਕਹਿੰਦਾ, ''ਬਾਈ ਆਵਦੀ ਫੋਟੋ ਭੇਜ ਅਸੀਂ ਆਵਦੇ ਪੇਪਰ 'ਚ ਤੇਰੀ ਕਹਾਣੀ ਛਾਪਣੀ ਐ।'' ਮੈਂ ਫੋਟੋ ਭੇਜ 'ਤੀ, ਫੋਟੋ ਮਿਲਣ 'ਤੇ ਇਸਦੀ ਈ-ਮੇਲ ਆਈ, ਲਿਖਿਆ ਸੀ, ''ਬਾਈ ਜੀ ਐਨੀ ਸੋਹਣੀ ਫੋਟੋ ਵੇਖਕੇ ਜੇ ਕੋਈ ਆਸਟ੍ਰੇਲੀਅਨ ਗੋਰੀ ਦਾ ਦਿਲ ਆ ਗਿਆ ਮੈਨੂੰ ਉਲਾਂਭਾ ਨਾ ਦਿਆ ਜੇ, ਸਵਾਰੀ ਆਵਦੇ ਸਮਾਨ ਦੀ ਆਪ ਜੁਮੇਵਾਰ ਐ।''

ਮਿੰਟੂ ਦੇ ਲੇਖ ਪੜ੍ਹਦਿਆ ਮੈਂ ਇੱਕ ਗੱਲ ਮਹਿਸੂਸ ਕੀਤੀ ਐ। ਉਸਦੇ ਅੰਦਰ ਲਾਵਾ ਫੁਟਦੈ ਤੇ ਲੇਖਾਂ ਦੇ ਰੂਪ ਵਿੱਚ ਬਾਹਰ ਤੁਰਿਆ ਆਉਂਦੈ। ਸਮਾਜ ਅੰਦਰ ਹੋ ਰਹੀਆਂ ਧੱਕੇਸ਼ਹੀਆਂ ਤੇ ਅਣਸੁਖਾਵੀਆਂ ਘਟਨਾਵਾਂ ਮਿੰਟੂ ਤੋਂ ਝੱਲੀਆਂ ਨੀ ਜਾਂਦੀਆਂ ਫਿਰ ਉਹ ਕਲਮ ਚੁਕਦਾ ਹੈ ਤੇ ਕਾਗਜਾਂ ਦੇ ਕੈਨਵਸ ਤੇ ਉਸ ਵਲਵਲੇ ਦਾ ਚਿਤੱਰ ਵਾਹ ਦਿੰਦਾ ਹੈ। ਤੁਸੀਂ ਪੜ੍ਹੋਂਗੇ ਤਾਂ ਮਹਿਸੂਸ ਕਰੋਂਗੇ ਉਹ ਕਲਮ ਦੇ ਮਾਮਲੇ 'ਚ ਕਿਸੇ ਦਾ ਲਿਹਾਜ ਨੀ ਕਰਦਾ ਬੱਸ ਧੂੜਾਂ ਪੱਟ ਦਿੰਦਾ ਹੈ। ਉਹ ਸਮਾਜ ਦੇ ਕਿਸੇ ਇੱਕ ਅੰਗ ਨੂੰ ਨਿਸ਼ਾਨਾ ਨਹੀਂ ਬਣਾਉਂਦਾ ਬੱਸ ਜਿੱਥੇ ਝੋਲ ਪੈਂਦਾ ਵੇਖਿਆ ਕਲਮ ਫੜ੍ਹੀ ਤੇ ਕਾਗਜਾਂ 'ਤੇ ਉਤਾਰ ਦਿੱਤਾ।

ਮਿੰਟੂ ਦੇ ਲੇਖ ਬਹੁਤ ਹੀ ਜਾਣਕਾਰੀ ਭਰਪੂਰ ਹਨ। ਜਿਵੇਂ ਉਸਨੇ ਆਸਟਰੇਲੀਆ ਦੀ ਸਰਕਾਰ ਵੱਲੋਂ ਆਪਣੇ ਸ਼ਹਿਰੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਜ਼ਿਕਰ ਕੀਤਾ ਹੈ ਉਸਨੂੰ ਪੜ੍ਹਨ ਪਿੱਛੋਂ ਮੈਂ ਮਹਿਸੂਸ ਕੀਤਾ ਜੇ ਕਿਤੇ ਅੱਜ ਤੋਂ 38-40 ਸਾਲ ਪਹਿਲਾਂ ਇਹੋ ਜਿਹੀ ਜਾਣਕਾਰੀ ਮੈਨੂੰ ਮਿਲ ਜਾਂਦੀ ਤਾਂ ਮੈਂ ਕੈਨੇਡਾ ਨਾਲੋਂ ਆਸਟ੍ਰੇਲੀਆ ਨੂੰ ਤਰਜੀਹ ਦੇਣੀ ਸੀ। ਉਸਦੇ ਜਾਣਕਾਰੀ ਭਰਪੂਰ ਲੇਖ ਪੜ੍ਹਕੇ ਆਉਣ ਵਾਲੀਆ ਨਸਲਾਂ ਇਹਨਾਂ ਲੇਖਾਂ ਤੋਂ ਜ਼ਰੂਰ ਹੀ ਲਾਹਾ ਲੈਣਗੀਆਂ ।

ਜਿਵੇਂ ਮੈਂ ਪਹਿਲਾਂ ਵੀ ਦੱਸ ਚੁੱਕਿਆ ਹਾਂ ਕਿ ਮਿੰਟੂ ਕਿਸੇ ਦਾ ਲਿਹਾਜ ਨਹੀਂ ਕਰਦਾ ਏਸ ਬੁੱਕ ਦੇ ਆਖਰੀ ਲੇਖ ਵਿੱਚ ਉਸਨੇ, 'ਖੁੱਲ੍ਹੀ ਚਿੱਠੀ ਪੰਥ ਦੇ ਨੰਬਰਦਾਰਾਂ ਦੇ ਨਾਂ' ਵਾਲੇ ਲੇਖ ਵਿੱਚ ਧਰਮ ਦੇ ਠੇਕੇਦਾਰਾਂ ਨੂੰ ਵੀ ਮਾਂਜਾ ਲਾਇਐ।

ਅਖੀਰ ਵਿੱਚ ਮੈਂ ਮਿੰਟੂ ਨੂੰ ਉਸਦੀ ਪਲੇਠੀ ਕਿਤਾਬ 'ਕੈਂਗਰੂਨਾਮਾ' ਛਪਣ ਦੀ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ, ਹੁਣ ਮਿੰਟੂ ਦੀ ਕਾਨੀ ਦਮ ਮਾਰਨ ਨਹੀਂ ਬੈਠੇਗੀ, ਲਗਾਤਾਰ ਰਚਨਾ ਵਿੱਚ ਲੀਨ ਰਹੇਗੀ। ਆਮੀਨ।

**ਵਕੀਲ ਕਲੇਰ**
ਬਰੈਂਪਟਨ, ਕੈਨੇਡਾ
(647) 532-3303

# ਕੁਝ ਸ਼ਬਦ 'ਕੈਂਗਰੂਨਾਮਾ' ਕਿਤਾਬ ਬਾਰੇ

ਦੇਸ਼ੋਂ ਪਰਦੇਸ ਵੱਸਦੇ ਲੋਕ ਕਦੀ ਵੀ ਅਪਣੀ ਵਸੀਬ ਤੋਂ ਦੂਰ ਨਈ ਹੁੰਦੇ, ਪਰ ਜਿੱਦਾਂ ਪਰਦੇਸੋਂ ਵਾਪਸੀ ਤੇ ਅਸੀਂ ਕੁਝ ਸੁਗਾਤਾਂ ਲੈ ਕੇ ਮੋੜਨੇ ਹਾਂ। ਇੰਝ ਹੀ ਮਿੰਟੂ ਹੁਰਾਂ ਦੀ ਕਿਤਾਬ 'ਕੈਂਗਰੂਨਾਮਾ' ਵੀ ਇੱਕ ਸੌਗਾਤ ਹੈ। ਜਿਹਦੇ 'ਚ ਉਨ੍ਹਾਂ ਦੀਆਂ ਹੱਡ-ਬੀਤੀਆਂ ਵੀ ਹਨ, ਹਾਲਤਾਂ ਤੋਂ ਖਾਦੀ ਮਾਰ ਤੇ ਉਹ ਤਜਰਬੇ ਵੀ ਜਿਹੜੇ ਆਸਟ੍ਰੇਲੀਆ 'ਚ ਉਨ੍ਹਾਂ ਨਾਲ ਵਾਪਰੇ, ਇੱਕ ਮੀਡੀਆ ਵਰਕਰ ਹੋਣ ਨਾਤੇ ਮਿੰਟੂ ਹਾਲਤ 'ਤੇ ਬੜੀ ਗੂੜ੍ਹੀ ਨਜ਼ਰ ਰੱਖਦੇ ਨੇ, ਇਹਦਾ ਸਬੂਤ ਇਹ ਹੈ ਕਿ ਇਸ ਕਿਤਾਬ 'ਚ ਉਨ੍ਹਾਂ ਸਭ ਵਾਕਿਆ ਬਾਰੇ ਨਿਖਾਰ ਕੇ ਲਿਖਿਆ। ਜਿਹਦੇ ਤੋਂ ਇਹ ਪਤਾ ਲਗਦਾ ਹੈ ਕਿ ਉਹ ਆਪਣੇ ਸੋਚ ਦੇ ਪੰਛੀ ਨੂੰ ਆਪਣੀ ਮਰਜ਼ੀ ਮੁਤਾਬਿਕ ਉਡਾਰੀ ਮਾਰਨ ਦੇਂਦੇ ਹਨ, ਜਿੱਥੇ ਜਾ ਕਿ ਉਹ ਖਲੋਂਦਾ ਹੈ ਓਥੋਂ ਮਿੰਟੂ ਦਾ ਖ਼ਿਆਲ ਸ਼ੁਰੂ ਹੁੰਦਾ ਹੈ। ਵੇਖਣਾ, ਮਹਿਸੂਸ ਕਰਨਾ ਤੇ ਕਿਸੇ ਸ਼ੈਅ ਨਾਲ ਜੁੜਤ, ਇਹ ਸਾਡੇ ਸਭ ਦੇ ਹਯਾਤੀ ਦਾ ਹਿੱਸਾ ਹਨ, ਅਸੀਂ ਸਭ ਇਨ੍ਹਾਂ ਚੀਜ਼ਾਂ ਨੂੰ ਆਪਣੇ-ਆਪਣੇ ਢੰਗ ਨਾਲ ਜਾਚਦੇ ਹਾਂ, ਪਰ ਮਿੰਟੂ ਨੂੰ ਅੱਲਾ ਵੱਲੋਂ ਕੁਝ ਚੀਜ਼ਾਂ ਖ਼ਾਸ ਦਾਤ ਹੋਈਆਂ ਹਨ। ਜਿਨ੍ਹਾਂ ਦਾ ਪਤਾ ਇਸ ਕਿਤਾਬ ਨੂੰ ਪੜ੍ਹ ਕੇ ਤੁਹਾਨੂੰ ਲੱਗੇਗਾ।

ਹਰ ਕਿਤਾਬ 'ਚ ਕੁੱਝ ਕਮੀਆਂ ਰਹਿ ਜਾਂਦੀਆਂ ਹਨ, ਇਸ ਕਿਤਾਬ ਦੇ ਮਾਮਲੇ 'ਚ ਧੰਨਭਾਗ ਨੇ ਕਿ ਹਰ ਲੇਖ ਪੜ੍ਹਦੇ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਤੁਸੀਂ ਨਜ਼ਾਰੇ ਆਪਣੀ ਅੱਖੀਂ ਕਰ ਰਹੇ ਜੇ, ਜੋ ਕੁਝ ਰਹਿ ਗਿਆ ਉਮੀਦ ਹੈ ਉਸਨੂੰ ਮਿੰਟੂ ਅਗਲੇ ਆਡੀਸ਼ਨ 'ਚ ਪੂਰਾ ਕਰਕੇ ਇਸ ਕਿਤਾਬ ਦੇ ਹੁਸਨ ਨੂੰ ਕੁਮਲਾਉਣ ਤੂੰ ਬਚਾਉਣਗੇ।

ਅਖੀਰ 'ਚ ਮੈਂ ਇਹ ਗੱਲ ਕਰਦਿਆਂ ਬੜਾ ਆਧਾਰ ਮਹਿਸੂਸ ਕਰ ਰਿਹਾ ਹਾਂ ਕਿ ਉਹ ਸਟੂਡੈਂਟਸ ਜਿਹੜੇ ਹਿਸਟਰੀ ਤੇ ਗਲੋਬਲ ਸਬਜੈਕਟ ਪੜ੍ਹਦੇ ਨੇ ਉਨ੍ਹਾਂ ਲਈ ਇਹ ਬੁੱਕ ਇੱਕ ਗਾਈਡ ਸਾਬਤ ਹੋਵੇਗੀ। ਜਿਹੜੀ ਉਨ੍ਹਾਂ ਨੂੰ ਆਸਟ੍ਰੇਲੀਆ ਦੇ ਕਲਚਰ, ਰਹਿਣ ਸਹਿਣ, ਰਸਮਾਂ ਤੇ ਰਿਵਾਜ ਬਾਰੇ ਵੀ ਕੁਝ ਸੂਹ ਜ਼ਰੂਰ ਦੇਵੇਗੀ।

ਮਿੰਟੂ ਲਈ ਅਰਦਾਸ ਤੇ ਢੇਰਾਂ ਦੁਆਵਾਂ ਕਿ ਅੱਲਾ ਇਨ੍ਹਾਂ ਦੀ ਕਲਮ 'ਚ ਹੋਰ ਤਾਸੀਰ ਦੇਵੇ। ਧੰਨਵਾਦ।


**ਮਸੂਦ ਮੱਲ੍ਹੀ**

**ਸੀਨੀਅਰ ਬਰਾਡਕਾਸਟ**

ਸ਼ੇਖ਼ੁਪੁਰਾ, (ਲਹਿੰਦਾ

ਪੀ.ਯੂ.ਐੱਨ.ਜ਼ੇ.ਏ.ਬੀ.)

ਪਾਕਿਸਤਾਨ

0092 333 4740618

0092 300 7630117

# ਮਿਹਨਤ ਅਤੇ ਲਗਨ ’ਚੋਂ ਉਪਜਿਆ ਹੈ ਕੈਂਗਰੂਨਾਮਾ

4 ਅਗਸਤ 1770 ਨੂੰ ‘ਕੈਂਗਰੂ’ ਸ਼ਬਦ ਪਹਿਲੀ ਵਾਰੀ ਲੈਫ਼ਟੀਨੈਂਟ ਜੇਮਜ਼ ਕੁੱਕ ਦੀ ਨਿੱਜੀ ਡਾਇਰੀ ਵਿੱਚ ਅੰਕਿਤ ਹੈ। ਆਮ ਧਾਰਨਾ ਮੁਤਾਬਿਕ ਸਥਾਨਿਕ ਆਦਿ-ਵਾਸੀ ਨੂੰ ਜਦੋਂ ਇਸ ਜਾਨਵਰ ਦੇ ਨਾਮ ਬਾਰੇ ਪੁੱਛਿਆ ਤਾਂ ਉਸਨੇ ਕਿਹਾ ‘ਕੰਗੁਰੂ’ ਜਿਸ ਦਾ ਅਰਥ ਹੈ ‘ਮੈਨੂੰ ਤੇਰੀ ਸਮਝ ਨੀ ਆਈ’। ਇਹੀ ਹਾਲ ਮਿੰਟੂ ਬਰਾੜ ਦਾ ਹੈ। ਸਾਂਝੇ ਪੰਜਾਬ ਹਰਿਆਣੇ ਦੇ ਪਹਿਲੇ ਬਾਗ਼ਬਾਨਾਂ ਦੇ ਘਰ ਜੰਮਣ ਕਾਰਨ ‘‘ਬਾਗ਼ ਵਾਲਾ ਮਿੰਟੂ’ ਕਰਕੇ ਬਚਪਨ ’ਚ ਲੋਕ ਜਾਣਦੇ ਸਨ। ਸੁਣਿਆ ਹੈ ਕਿ ਇਸ ਨੂੰ ਜਵਾਨੀ ਵੇਲੇ ਫੁੱਟਬਾਲ ’ਚ ਮੱਲਾਂ ਮਾਰਨ ਕਰਕੇ ‘ਫੁਟਬਾਲਰ ਮਿੰਟੂ ਬਰਾੜ’ ਦੀ ਹੋਂਦ ਆਈ। ਕਹਿੰਦੇ ਆ ਕਿ ਇੱਕ ਵਾਰ ਜਦੋਂ ਬਾਦਲ ਪਾਕਿਸਤਾਨ ਤੋਂ ਭੇਡੂ ਲੈ ਆਇਆ ਤਾਂ ਦੇਖੋ-ਦੇਖੀ ਇਸ ਨੇ ਵੀ ਪਹਾੜੀ ਬੱਕਰੀਆਂ ਦਾ ਫਾਰਮ ਖੋਲ੍ਹ ਲਿਆ ਤੇ ਲੋਕ ਕਹਿਣ ਕਿ ਅੱਜਕੱਲ੍ਹ ਮਿੰਟੂ ਬਾਗ਼ ਵਾਲਾ ਨਹੀਂ ‘ਬੱਕਰੀਆਂ ਵਾਲਾ ਮਿੰਟੂ’ ਹੈ। ਸਮਾਜ ਸੇਵਾ ਦੇ ਕੀੜੇ ਨੇ ਇਸ ਨੂੰ ਸਹਾਰਾ ਵੈੱਲਫੇਅਰ ਜਿਹੀ ਵਕਾਰੀ ਸੰਸਥਾ ਨਾਲ ਜੋੜ ਦਿੱਤਾ ਤੇ ਲੋਕ ‘ਸਹਾਰਾ ਵਾਲੇ ਮਿੰਟੂ’ ਕਰਕੇ ਜਾਣਨ ਲੱਗ ਪਏ। ਫਿਰ ਬਠਿੰਡੇ ਰਿਸ਼ਤੇਦਾਰਾਂ ਨਾਲ ਰਲ ਗੈਸ ਏਜੰਸੀ ਜਾ ਸਾਂਭੀ ਤੇ ‘ਪਰਮਵੀਰ ਗੈਸ ਵਾਲਾ ਮਿੰਟੂ’ ਬਣ ਗਿਆ। ਸਿਲਸਿਲਾ ਜਾਰੀ ਰਿਹਾ, ਸੱਤ ਕੁ ਸਾਲ ਪਹਿਲਾਂ ਆਸਟ੍ਰੇਲੀਆ ਆ ਕੇ ਪੇਂਡੂ ਜਿਹੇ ਕਸਬੇ ਰਿਵਰਲੈਂਡ ਆ ਵਸਿਆ ਤੇ ਕਲਮ ਫੜ੍ਹ ਲਈ ਤੇ ਨਿੱਕੇ ਜਿਹੇ ਕਸਬੇ ‘ਬੈਰੀ’ ਤੋਂ ਦੁਨੀਆਂ ਭਰ ’ਚ ‘ਲਿਖਾਰੀ ਮਿੰਟੂ ਬਰਾੜ’ ਬਣ ਬੈਠਾ। ਫਿਰ ਆਸਟ੍ਰੇਲੀਆ ਦੇ ਮੀਡੀਏ ਨਾਲ ਜੁੜ ਕੇ ਇੱਕ ਪੜ੍ਹੀ ਲਿਖੀ ‘ਡਾਕਟਰ ਸਾਹਿਬਾ’ ਦੀ ਲੇਖਣੀ ਨੂੰ ਅੱਗਾ ਢੱਕਣ ਲਈ ਕਹਿ ਕੇ ਆਪਣੀ ਜੁਰੱਅਤ ਦਾ ਸਬੂਤ ਦਿੱਤਾ ਤੇ ਲੋਕਾਂ ਨੇ ਸੱਚ ਦੇ ਇੱਕ ਪਹਿਰੇਦਾਰ ਦੇ ਰੂਪ ’ਚ ਮਿੰਟੂ ਨੂੰ ਜਾਣਿਆ। ਫਿਰ ਲੱਚਰ ਗਾਇਕੀ ਦੇ ਖ਼ਿਲਾਫ਼ ਅੰਤਰ-ਰਾਸ਼ਟਰੀ ਮੋਰਚੇ ਨੂੰ ਖੋਲ੍ਹਦੇ ਹੋਏ ਹਨੀ ਸਿੰਘ ਦੇ ਪਿੱਠ ਪਿੱਛੇ ਨਾ ਸਗੋਂ ਮੂੰਹ ਤੇ ਉਸ ਨੂੰ ਵਰਜ ਕੇ ‘ਕਹਿਣੀ ਅਤੇ ਕਰਨੀ’ ਦਾ ਇੱਕ ਹੋਣ ਦਾ ਸਬੂਤ ਦਿੱਤਾ ਤੇ ਦੁਨੀਆ ਭਰ ’ਚ ਲੋਕ ‘ਹਨੀ ਸਿੰਘ ਵਾਲਾ ਮਿੰਟੂ ਬਰਾੜ’ ਕਹਿੰਦੇ ਸੁਣੇ ਗਏ।

ਹੁਣ ਜੇ ਮੈਂ ਆਪਣੀ ਮਿੰਟੂ ਨਾਲ ਸਾਂਝ ਦੀ ਗੱਲ ਕਰਾਂ ਤਾਂ ਤਕਰੀਬਨ 2007 ’ਚ ਆਸਟ੍ਰੇਲੀਆ ਆਉਣ ਤੋਂ ਲੈ ਕੇ ਮੈਂ ਇਹਨਾਂ ਬਾਰੇ ਕੁਝ ਨਾ ਕੁਝ ਸੁਣ ਰਿਹਾ ਸੀ ਪਰ ਸਾਡੀ ਸਾਂਝ ਸਰਤਾਜ ਦੇ ਪਹਿਲੇ ਆਸਟ੍ਰੇਲੀਆ ਦੌਰੇ ਦੌਰਾਨ ਪਈ। ਜੋ ਹੌਲੀ-ਹੌਲੀ ਪਰਿਵਾਰਕ ਬਣ ਗਈ। ਪਰ ਸੱਚ ਦੱਸਾਂ ਮੈਂ ਮਿੰਟੂ ਦੀ ਕਾਬਲੀਅਤ ’ਤੇ ਕੁਝ ਸ਼ੱਕ ਕਰਦਾ ਸੀ, ਕਿਉਂਕਿ ਮੈਨੂੰ ਇਹ ਪਤਾ ਲੱਗਿਆ ਸੀ ਕਿ ਜ਼ਿੰਦਗੀ ’ਚ ਇਸ ਨੇ ਅਣਗਿਣਤ ਕੰਮ ਕੀਤੇ ਤੇ ਕਿਸੇ ’ਚ ਵੀ ਕਾਮਯਾਬ ਨਾ ਹੋਇਆ ਕਦੇ ਸਪੇਅਰ ਪਾਰਟਸ ਦੀ ਦੁਕਾਨ ਕਦੇ ਫਲੌਰ ਮਿੱਲ ਲਾਕੇ ਤੇ ਕਦੇ ਟਰਾਂਸਪੋਰਟਰ ਬਣ ਕੇ ਆਪਣੇ ਮਾਂ ਬਾਪ ਦਾ ਬਹੁਤ ਧਨ ਜਾਇਆ ਕੀਤਾ ਸੀ। ਸੋ ਮੈਂ ਵੀ ਮਿੰਟੂ ਨੂੰ ਹਲਕੇ ਤੌਰ ’ਤੇ ਲੈ ਰਿਹਾ ਸੀ। ਜਦੋਂ ਹਰਮਨ ਰੇਡੀਓ ਦੀ ਦੂਜੀ ਪਾਰੀ ਸ਼ੁਰੂ ਕਰਨ ਦੀ ਗੱਲ ਆਈ ਤਾਂ ਮਿੰਟੂ ਨਾਲ ਗੱਲਬਾਤ ਹੋਈ ਤੇ ਮਦਦ ਦਾ ਭਰੋਸਾ ਲਿਆ, ਪਰ ਇਹ ਸਭ ਆਮ ਸਾਰੇ ਸੱਜਣਾਂ ਮਿੱਤਰਾਂ ਵਾਂਗ ਸੀ। ਪਰ 19 ਮਾਰਚ 2011 ਤੋਂ ਸ਼ੁਰੂ ਹੋਈ ਇਸ ਦੂਜੀ ਪਾਰੀ ’ਚ ਮਿੰਟੂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਹੌਲੀ-ਹੌਲੀ ਆਪਣਾ

ਥਾਂ ਬਣਾਉਣਾ ਸ਼ੁਰੂ ਕੀਤਾ। ਹਰਮਨ ਰੇਡੀਓ ਦੀ ਟੀਮ ਦੇ ਇੱਕ ਸਧਾਰਨ ਸਹਿਯੋਗੀ ਦੇ ਤੌਰ 'ਤੇ ਸ਼ੁਰੂ ਹੋਏ ਉਸ ਦੇ ਰੇਡੀਓ ਸਫ਼ਰ ਦੌਰਾਨ ਉਸ ਦੇ ਕੰਮ, ਉਸ ਦੀ ਫੀਡ ਬੈਕ, ਉਸ ਦੀ ਸੋਚ ਨੂੰ ਦੇਖਦਿਆਂ ਮੈਂ ਰੇਡੀਓ 'ਤੇ ਉਸ ਦੀ ਫੋਟੋ ਆਪਣੇ ਤੋਂ ਬਾਅਦ ਦੂਜੇ ਨੰਬਰ 'ਤੇ ਲਾਉਣ ਲਈ ਮਜ਼ਬੂਰ ਹੋ ਗਿਆ। ਕਈ ਵਾਰ ਮੈਂ ਇਕੱਲੇ ਬੈਠ ਮਿੰਟੂ ਬਾਰੇ ਸੋਚਦਾ ਹਾਂ ਪਰ ਸਮਝ ਤੋਂ ਬਾਹਰ ਹੈ ਇਸ ਦੀ ਬਹੁ-ਪੱਖੀ ਸ਼ਖ਼ਸੀਅਤ। ਰਹਿੰਦੀ ਕਸਰ ਪੂਰੀ ਹੁਣ ਇਹ ਨਵੀਂ ਕਿਤਾਬ ਕਰੇਗੀ ਅਤੇ ਲਗਦਾ 'ਕੈਂਗਰੂਨਾਮਾ ਵਾਲਾ ਮਿੰਟੂ ਬਰਾੜ' ਨਵਾਂ ਨਾਂ ਹੋਵੇਗਾ। ਕਹਿਣਾ ਪਵੇਗਾ 'ਕੰ-ਗਾ-ਰ'('ਮੈਨੂੰ ਤੇਰੀ ਸਮਝ ਨੀ ਆਈ')

ਅਮਨਦੀਪ ਸਿੱਧੂ
ਆਸਟ੍ਰੇਲੀਆ

# ਸਵਾਗਤ ਹੈ ਮਿੰਟੂ ਦੇ 'ਕੈਂਗਰੂਨਾਮਾ' ਨੂੰ !

ਸਾਹਿਤ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਸਮਕਾਲੀ ਸਮਾਜ ਦਾ ਅਕਸ ਹੁੰਦਾ ਹੈ; ਮੇਰਾ ਮਤ ਇਹ ਹੈ ਕਿ ਹੋਰ ਬਹੁਤ ਕੁਝ ਹੋਣ ਦੇ ਨਾਲ-ਨਾਲ, ਸਾਹਿਤ ਨੂੰ ਚੌਗਿਰਦੇ ਦਾ ਅਕਸ ਲਾਜ਼ਮੀ ਤੌਰ 'ਤੇ ਹੋਣਾ ਹੀ ਚਾਹੀਦਾ ਹੈ ਕਿਉਂਕਿ ਬਹੁਤਾ ਸਾਹਿਤ ਸਮਾਜਕ ਵਰਤਾਰਿਆਂ ਦਾ ਦਸਤਾਵੇਜ਼ ਹੁੰਦਾ ਹੈ, ਇਸ ਲਈ ਵਾਰਤਕ ਤੋਂ ਤਾਂ ਇਸ ਗੱਲ ਦੀ ਜ਼ਬਰਦਸਤ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਆਲੇ-ਦੁਆਲੇ ਦੀਆਂ ਘਟਨਾਵਾਂ, ਸਮਾਜਕ ਸਰੋਕਾਰਾਂ, ਰਾਜਨੀਤੀ ਦੇ ਮੁਹਾਂਦਰੇ, ਧਰਮ ਤੇ ਹੋਰ ਅਹਿਮ ਗੱਲਾਂ ਨੂੰ ਆਪਣੇ ਕਲਾਵੇ ਵਿੱਚ ਲਵੇ। ਮਿੰਟੂ ਬਰਾੜ ਨੂੰ ਜਦੋਂ ਇਸ ਨਜ਼ਰੀਏ ਤੋਂ ਪੜ੍ਹਦੇ ਹਾਂ, ਤਾਂ ਉਹ ਵਾਰਤਕ ਤੋਂ ਰੱਖੀਆਂ ਜਾਂਦੀਆਂ ਉਮੀਦਾਂ ਉੱਪਰ ਬਿਲਕੁਲ ਖਰਾ ਉੱਤਰਦਾ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਮਕਾਲ ਦੇ ਬਹੁਤੇ ਮੀਡੀਆਕਾਰ ਚੌਗਿਰਦੇ ਅਤੇ ਸਮਾਜਕ ਸਰੋਕਾਰਾਂ ਬਾਰੇ ਲਿਖਣ ਸਮੇਂ ਆਪਣੀ ਸੋਚ ਦਾ ਤਵਾਜ਼ਨ ਸਾਵਾਂ ਰੱਖਣ ਦੀ ਦਲੇਰੀ ਕਾਇਮ ਨਹੀਂ ਰੱਖ ਸਕਦੇ ਜਦੋਂ ਕਿ ਮੀਡੀਅਕਾਰ ਦਾ ਸਭ ਤੋਂ ਉੱਤਮ ਧਰਮ ਇਹ ਹੋਣਾ ਚਾਹੀਦਾ ਹੈ ਕਿ ਉਹ ਚੌਗਿਰਦੇ 'ਚ ਵਾਪਰ ਰਹੀਆਂ ਘਟਨਾਵਾਂ ਬਾਰੇ ਲਿਖਣ ਸਮੇਂ ਲਿਹਾਜ਼ਬਾਜ਼ੀ ਅਤੇ ਉਲਾਰਤਾ ਨੂੰ ਆਪਣੇ ਗੁਸਲਖ਼ਾਨੇ ਦੀਆਂ ਖੂੰਟੀਆਂ ਉੱਪਰ ਟੂੰਗ ਆਵੇ ਮਿੰਟੂ ਬਰਾੜ ਦੇ ਲੇਖ, ਲੇਖਕ ਦੇ ਇਸ 'ਉੱਤਮ ਧਰਮ' ਪ੍ਰਤੀ ਉਸਦੀ ਸੁਹਿਰਦਤਾ, ਦਲੇਰੀ ਅਤੇ ਨਿਰਪੱਖਤਾ ਦੀ ਸ਼ਾਅਦੀ ਭਰਦੇ ਹਨ।

ਵਿਦੇਸ਼ਾਂ ਵਿੱਚ ਨਸਲਵਾਦ ਹੈ, ਬਿਲਕੁਲ ਹੈ; ਪਰ ਨਸਲਵਾਦ ਹੈ ਕਿੱਥੇ ਨਹੀਂ ? ਨਸਲਵਾਦ ਦੇ ਪਰਸੰਗ ਵਿੱਚ ਅਸੀਂ ਪੰਜਾਬੀ ਕਿੰਨੇ ਕੁ ਦੁੱਧਧੋਤੇ ਹਾਂ ? ਗੁਰਾਂ ਦੇ ਨਾਲ 'ਤੇ ਵਸਦੇ ਪੰਜਾਬ ਉੱਤੇ ਇੱਕ ਪੇਤਲੀ ਜਿਹੀ ਨਜ਼ਰ ਮਾਰ ਕੇ ਦੇਖੋ ਕਿ ਅੱਜ ਵੀ ਦਲਿਤਾਂ ਦੇ ਵਿਹੜੇ ਪਿੰਡ ਦੀ ਇੱਕੋ ਬਾਹੀ 'ਚ ਹੀ ਹੋਣੇ, ਪਰਵਾਸੀ ਮਜ਼ਦੂਰਾਂ ਨੂੰ ਕਠੋਰ ਨਿਗ੍ਹਾ ਨਾਲ਼ ਦੇਖਣਾ, ਦਲਿਤਾਂ ਦੇ ਗੁਰਦਵਾਰੇ ਤੇ ਸ਼ਮਸ਼ਾਨਘਾਰ ਵੀ ਅਲੱਗ ਹੋਣੇ, ਇਹ ਸਭ ਕੁਝ ਜੇ ਨਸਲਵਾਦ ਨਹੀਂ ਤਾਂ ਹੋਰ ਕੀ ਹੈ ? ਕਿੰਨੇ ਕੁ ਪਿੰਡ ਹਨ ਜਿੱਥੇ ਦਲਿਤ ਭਾਈਚਾਰੇ ਨਾਲ ਸੰਬੰਧਤ ਕਿਸੇ ਵਿਅਕਤੀ ਨੂੰ ਜੱਟਾਂ ਦੇ ਘਰਾਂ ਵਿਚਕਾਰ ਘਰ ਬਣਾ ਕੇ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ ? ਚਾਰ ਦਹਾਕੇ ਬਿਦੇਸ਼ ਵਿੱਚ ਰਹਿੰਦਿਆਂ ਮੈਂ ਅਨੁਭਵ ਕੀਤਾ ਹੈ ਕਿ ਖ਼ੁਦ ਅੱਤ ਦੇ ਜਨੂੰਨੀ, ਕੱਟੜ, ਹੰਕਾਰੀ ਤੇ ਜਾਤ-ਪਾਤ ਦੇ ਅਧਾਰ 'ਤੇ ਵਿਤਕਰੇਬਾਜ਼ੀ ਵਿੱਚ ਗੜੁੱਚ ਹੋਏ ਲੋਕ, ਸਾਡੇ ਹੀ ਲੋਕਾਂ ਵੱਲੋਂ ਕੀਤੀਆਂ ਜ਼ਿਆਦਤੀਆਂ, ਬੇਨਿਯਮੀਆਂ ਅਤੇ ਬੇਵਕੂਫ਼ੀਆਂ ਉੱਤੇ ਲਾਹਣਤਾਂ ਪਾਉਣ ਦੀ ਥਾਂ, ਹਰ ਮੁੱਦੇ ਉੱਤੇ 'ਵਿਤਕਰਾ-ਵਿਤਕਰਾ' ਕੂਕਣ ਲੱਗ ਜਾਂਦੇ ਹਨ। ਵਿਤਕਰਾ ਹੈ ਅਤੇ ਉਸ ਉੱਤੇ ਨਾਰਾਜ਼ ਹੋਣਾ ਵੀ ਬਿਲਕੁਲ ਜਾਇਜ਼ ਹੈ, ਪਰ ਇਹਨਾਂ ਮੁਲਕਾਂ ਵਿੱਚ ਹਰ ਮੋੜ 'ਤੇ ਕੇਵਲ ਵਿਤਕਰਾ ਹੀ ਨਹੀਂ ਹੈ, ਸਗੋਂ ਬੜਾ ਕੁਝ ਵਿਤਕਰੇ ਤੋਂ ਸੁਰਖ਼ਰੂ ਵੀ ਹੈ। ਵਿਤਕਰੇਬਾਜ਼ੀ ਉੱਪਰ ਗੁੱਸੇ ਹੋਣ ਦੇ ਨਾਲ-ਨਾਲ ਇਹ ਗੱਲ ਸਵੀਕਾਰਨੀ ਵੀ ਬਣਦੀ ਹੈ ਕਿ ਬਹੁਤ ਸਾਰਾ ਵਿਤਕਰਾ ਸਾਡੇ ਲੋਕਾਂ ਨੇ ਆਪਣੀ ਜਹਾਲਤ, ਉਜੱਡਪੁਣੇ, ਅਤੇ ਜ਼ਿੱਦਪੁਣੇ ਨਾਲ ਵੀ ਸਿਰਜ ਲਿਆ ਹੈ ਪਰ ਮਿੰਟੂ ਬਰਾੜ ਨੂੰ ਏਸ ਗੱਲ ਦਾ ਕਰੈਡਿਟ ਦੇਣਾ ਬਣਦਾ ਹੈ ਕਿ ਉਸਨੇ ਗ਼ਫ਼ਲਤ

ਨੂੰ .ਗਲਤ ਕਹਿਣ ਦੀ ਜੁਰੱਅਤ ਨੂੰ ਆਪਣੇ ਹੱਥਾਂ ਵਿੱਚੋਂ ਖਿਸਕਣ ਨਹੀਂ ਦਿੱਤਾ¢ ਉਹ ਪੰਜਾਬੀ ਦੇ ਚੰਦ ਕੁ ਲੇਖਕਾਂ ਵਿੱਚੋਂ ਹੈ ਜਿਹੜੇ, ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਦੀਆਂ ਕਮਜ਼ੋਰੀਆਂ ਵੱਲ ਉਂਗਲ਼ ਕਰਨ ਦੀ ਜੁਰੱਅਤ ਰਖਦੇ ਹਨ।

ਅੱਤਵਾਦ ਦੇ ਕਾਲੇ ਦੌਰ ਦੌਰਾਨ ਧਾਰਮਿਕ ਜਨੂੰਨੀਆਂ ਨੇ ਧੱਕੇਖੋਰੀਆਂ ਅਤੇ ਖਰੂਦਵਾਦ ਅਤੇ ਬੇਲ.ਗਾਮ ਬੁਰਛਾਗਰਦੀਆਂ ਨਾਲ ਪੰਜਾਬੀਆਂ (ਖ਼ਾਸ ਤੌਰ 'ਤੇ ਸਿੱਖਾਂ) ਦਾ ਅਕਸ ਬੁਰੀ ਤਰ੍ਹਾਂ ਵਿਗਾੜਿਆ, ਪ੍ਰੰਤੂ ਕਨੇਡਾ ਅਮਰੀਕਾ 'ਚ ਵੱਖਵਾਦ 'ਚ ਲਿਬਰੇਜ਼ ਲੋਕਾਂ ਵਿੱਚੋਂ ਕਿਸੇ ਵਿਰਲੇ-ਵਾਂਝੇ ਨੇ ਵੀ ਇਹ ਨਹੀਂ ਸਵੀਕਾਰਿਆ ਕਿ, ਨਿਊਯੋਰਕ ਦੇ ਵਾਈਟ ਹਾਊਸ ਦੇ ਸਾਹਮਣੇ ਹਜ਼ਾਰਾਂ ਸਿੱਖਾਂ ਅਤੇ ਅਮਰੀਕਨ ਮੀਡੀਆ ਦੀ ਭ੍ਰਵੀਂ ਹਾਜ਼ਰੀ ਵਿੱਚ, ਕੁਝ ਬੇਲਾਗਾਮ ਪੰਜ-ਕਕਾਰੀ ਲੋਕਾਂ ਨੇ ਨੰਗੀਆਂ ਤਲਵਾਰਾਂ ਘੁੰਮਾਉਂਦਿਆਂ, 50-50 ਹਜ਼ਾਰ ਹਿੰਦੂ ਕਤਲ ਕਰਨ ਦੇ ਦਮਗੱਜੇ ਮਾਰ ਕੇ, ਸਿੱਖੀ ਦਾ ਕਿਹੜਾ ਰੂਪ ਬਦੇਸ਼ੀਆਂ ਦੇ ਸਾਹਮਣੇ ਪੇਸ਼ ਕੀਤਾ ਸੀ ਪਰ ਇਹ ਕੌੜਾ ਸੱਚ ਲਿਖਣਾ ਮਿੰਟੂ ਦੇ ਹਿੱਸੇ ਹੀ ਆਇਆ ਹੈ ਕਿ ਆਸਟ੍ਰੇਲੀਆ 'ਚ ਗਏ ਪੰਜਾਬੀ ਸਟੂਡੈਂਟਾਂ ਨੇ ਆਪਣੀਆਂ ਨਾਦਾਨੀਆਂ ਰਾਹੀਂ, ਬੇਨਿਯਮੀਆਂ ਰਾਹੀਂ, ਗੰਵਾਰਪੁਣੇ ਰਾਹੀਂ ਅਤੇ ਜਾਹਲਤ ਰਾਹੀਂ, ਮਹਿਮਾਨ-ਮੁਲਕ ਦੇ ਲੋਕਾਂ ਵਿੱਚ ਆਪਣੀ ਸਾਖ਼ ਕਮਜ਼ੋਰ ਪਾ ਲਈ ਸੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਆਸਟ੍ਰੇਲੀਆ 'ਚ ਵਸੇ ਪੰਜਾਬੀਆਂ ਨੂੰ, ਸਰਕਾਰ ਅਤੇ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ।

ਕੈਨੇਡਾ, ਅਮਰੀਕਾ ਤੇ ਆਸਟਰੇਲੀਆ ਵਰਗੇ ਮੁਲਕਾਂ ਦੇ ਬਾਸ਼ਿੰਦਿਆਂ ਨੂੰ ਸਲੀਕੇ ਨਾਲ ਵਿਚਰਨ ਦੀ ਆਦਤ ਹੈ; ਇਹਨਾਂ ਮੁਲਕਾਂ ਦੇ ਪੰਜਾਬੀ ਮੀਡੀਏ ਦੀ ਇਹ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਸਾਡੇ ਮੂਲ ਦੇ ਕੁਝ ਕੁ ਲੋਕਾਂ ਵੱਲੋਂ ਕੀਤੀਆਂ ਜਾਂਦੀਆਂ ਨਾਦਾਨੀਆਂ, ਬਚਗਾਨੀਆਂ, ਖਰੂਦ, ਤੇ ਬੇਹੂਦਗੀਆਂ ਤੋਂ ਪੰਜਾਬੀ ਭਾਈਚਾਰੇ ਨੂੰ ਖ਼ਬਰਦਾਰ ਕਰੇ, ਪ੍ਰੰਤੂ ਦੇਖਣ 'ਚ ਇਹੀ ਆਇਆ ਹੈ ਕਿ ਬਾਹਰਲੇ ਮੁਲਕਾਂ ਦੇ ਕਾਇਦੇ-ਕਾਨੂੰਨਾਂ ਵਿੱਚ ਰਹਿ ਕੇ, ਇਸ ਸਮਾਜ ਵਿੱਚ ਆਪਣਾ ਸੋਹਣਾ ਅਕਸ ਬਣਾਉਣ ਦੀ ਥਾਂ ਬਹੁਤੇ ਪੰਜਾਬੀ ਮਹਿਮਾਨ-ਮੁਲਕਾਂ ਦੇ ਸਾਫ਼ ਸੁਥਰੇ ਪ੍ਰਬੰਧ ਉੱਪਰ ਤਸਕਰੀਆਂ, ਹੇਰਾਫ਼ੇਰੀਆਂ, ਧੱਕੇਖੋਰੀਆਂ, ਬੇਨਿਯਮੀਆਂ ਤੇ ਬੇਕਨੂੰਨੀਆਂ ਦਾ ਰੰਗ ਚਾੜ੍ਹਨ ਵਿੱਚ ਰੁਚਿਤ ਹੋ ਗਏ ਹਨ ਅਤੇ ਇਹਨਾਂ ਦੇਸ਼ਾਂ ਦਾ ਪੰਜਾਬੀ ਮੀਡੀਆ ਇਸ ਸੱਚਾਈ ਨੂੰ ਲੋਕਾਂ ਦੇ ਸਾਹਮਣੇ ਲਿਆਉਣ ਤੋਂ ਕੰਨੀ ਕਤਰਾਉਂਦਾ ਹੈ। ਮਿੰਟੂ ਦੀ ਲੇਖਣੀ ਪੰਜਾਬੀਆਂ ਦੇ ਵਿਗੜ ਰਹੇ ਅਕਸ ਦਾ ਸੰਸਾ ਕਰਨ ਦੇ ਨਾਲ-ਨਾਲ, ਇਸ ਵਿਗਾੜ ਲਈ ਦੂਸਰਿਆਂ ਨੂੰ ਕੋਸਣ ਦੀ ਥਾਂ ਆਪਣੀ ਬੁੱਕਲ਼ ਵਿੱਚ ਝਾਕਣ ਦਾ ਸੁਨੇਹਾਂ ਦੇ ਕੇ ਇਕ ਇਤਿਹਾਸਕ .ਫਰਜ਼ ਨਿਭਾਅ ਰਹੀ ਹੈ।

ਆਖ਼ਿਰ ਵਿੱਚ ਇਹ ਗੱਲ ਕਹਿਣੀ ਵਾਜਬ ਸਮਝਦਾ ਹਾਂ ਕਿ ਆਸਟ੍ਰੇਲੀਆ ਵਿੱਚ ਪੰਜਾਬੀ ਸਾਹਿਤ ਦੀਆਂ ਜੜ੍ਹਾਂ ਲਾਉਣ ਵਾਲੇ ਲੇਖਕਾਂ ਦੇ ਕਾ.ਫਲੇ 'ਚ ਮਿੰਟੂ ਬਰਾੜ ਦਾ ਰੋਲ ਇਤਿਹਾਸਕ ਹੈ। ਇਹਨਾਂ ਵਰਗੇ ਲੇਖਕਾਂ ਨੇ ਹੀ ਆਸਟ੍ਰੇਲੀਆ ਦੇ ਪੰਜਾਬੀ ਸਮਾਜ ਨੂੰ ਸੇਧ ਦੇਣ ਤੇ ਪੰਜਾਬੀਅਤ ਨੂੰ ਪਰਸਾਰਨ ਦਾ ਜ਼ਿੰਮਾਂ ਨਿਭਾਉਣਾ ਹੈ। ਇਹਨਾਂ ਨੇ ਹੀ ਪੰਜਾਬੀਆਂ ਨੂੰ ਸਹਿਤ ਪੜ੍ਹਨ ਤੇ ਰਚਣ ਲਈ ਪ੍ਰੇਰਤ ਕਰਨਾ ਹੈ। ਮਿੰਟੂ ਦੀ ਇਸ ਕਿਤਾਬ ਦਾ ਸਵਾਗਤ ਕਰਦਿਆਂ ਮੈਂ ਉਸ ਤੋਂ ਅਤੇ ਆਸਟ੍ਰੇਲੀਆ ਦੇ ਹੋਰ ਲੇਖਕਾਂ ਤੋਂ ਇਸੇ ਤਰ੍ਹਾਂ ਦੀਆਂ ਉੱਚ-ਪੱਧਰੀ ਕਿਰਤਾਂ ਦੀ ਉਡੀਕ ਕਰਦਾ ਰਹਾਂਗਾ

ਇਕਬਾਲ (ਰਾਮੂਵਾਲੀਆ) ਟਰਾਂਟੋ

# ਕਹਿਣੀ, ਕਰਨੀ ਤੇ ਲੇਖਣੀ ਵਿੱਚ ਸਮਾਨਤਾ

ਬਰਾੜ ਸਾਹਬ ਨਾਲ ਸਾਂਝ ਪੰਜਾਬੀ ਅਖ਼ਬਾਰ 'ਦੀ ਪੰਜਾਬ' ਰਾਹੀਂ ਪਈ, ਪਹਿਲੀ ਵਾਰੀ ਫ਼ੋਨ 'ਤੇ ਗੱਲਾਂ-ਬਾਤਾਂ ਰਾਹੀਂ ਜਾਂ ਨਿੱਜੀ ਤੌਰ 'ਤੇ ਮਿਲ ਕੇ ਅਜਿਹਾ ਮਹਿਸੂਸ ਹੋਇਆ ਜਿਵੇਂ ਸ਼ਾਇਦ ਚਿਰਾਂ ਤੋਂ ਜਾਣਦੇ ਹੋਈਏ ਤੇ ਕੋਈ ਓਪਰਾਪਣ ਹੀ ਨੀ।

ਮਿੰਟੂ ਬਰਾੜ ਵਧੀਆ ਇਨਸਾਨ ਦੇ ਨਾਲ ਕਹਿਣੀ, ਕਰਨੀ ਤੇ ਲਿਖਣੀ ਵਿੱਚ ਸਮਾਨਤਾ ਰੱਖਦੇ ਹੋਏ ਇੱਕ ਸਮਾਜਿਕ ਚਿੰਤਕ ਤੇ ਸੂਝਵਾਨ ਲੇਖਕ ਹੈ ਜਿਸ ਦੀਆਂ ਲਿਖਤਾਂ ਤੋਂ ਝਲਕਦਾ ਹੈ ਕਿ ਕਿਵੇਂ ਸਰਸਰੀ ਗੱਲਬਾਤ ਰਾਹੀਂ ਸਾਡੇ ਸਮਾਜ ਦੀਆਂ ਕਦਰਾਂ ਕੀਮਤਾਂ ਵਿੱਚ ਕਮੀਆਂ ਦਾ ਚਾਹੇ ਉਹ ਆਸਟ੍ਰੇਲੀਆ ਆਏ ਵਿਦਿਆਰਥੀਆਂ ਦੇ ਮਸਲੇ, ਸਾਡੀਆਂ ਆਪਣੀਆਂ ਗ਼ਲਤੀਆਂ, ਰੋਹ ਮੁਜ਼ਾਹਰੇ, ਖੇਡ ਮੇਲਿਆਂ ਤੇ ਪ੍ਰਬੰਧ ਜਾਂ ਸਫ਼ਾਈ ਮਸਲੇ, ਕਬੱਡੀ ਵਿੱਚ ਗੁੱਟਬੰਦੀ, ਡੇਰਾਵਾਦ, ਪੰਜਾਬ ਦੀ ਸਿਆਸਤ ਸਮੇਤ ਪੰਜਾਬੀਅਤ ਦੇ ਹਰ ਮਸਲੇ 'ਤੇ ਪੜ੍ਹਨ ਵਾਲੇ ਨੂੰ ਅਹਿਸਾਸ ਕਰਵਾ ਇੱਕ ਸੁਨੇਹਾ ਛੱਡ ਸੋਚਣ ਲਈ ਮਜਬੂਰ ਕਰ ਜਾਂਦਾ ਹੈ ਕਿ ਅਸੀਂ ਸਭ ਬਰਾਬਰ ਦੇ ਹੀ ਜ਼ਿੰਮੇਵਾਰ ਹਾਂ ਸੁਧਾਰ ਲਈ।

ਮਿੰਟੂ ਬਰਾੜ ਆਪਣੇ ਆਪ 'ਚ ਸੰਸਥਾ ਹੈ ਜੋ ਫੁੱਲ ਟਾਈਮ ਜ਼ਿੰਮੇਵਾਰ ਜੌਬ ਦੇ ਨਾਲ ਗ੍ਰਹਿਸਤੀ ਜੀਵਨ ਜਿਉਣ ਦੇ ਨਾਲ ਹਰਮਨ ਰੇਡੀਉ ਲਈ, 'ਦੀ ਪੰਜਾਬ' ਲਈ, ਪੰਜਾਬੀ ਕਲਚਰਲ ਐਸੋਸੀਏਸ਼ਨ ਸਾਊਥ ਆਸਟ੍ਰੇਲੀਆ ਲਈ, 'ਪੰਜਾਬੀ ਅਖ਼ਬਾਰ' ਲਈ, 'ਕੂਕਾਬਾਰਾ' ਮੈਗਜ਼ੀਨ ਲਈ, ਕਮਿਊਨਿਟੀ ਮਸਲਿਆਂ ਲਈ ਵੀ ਸਮਾਂ ਕੱਢ ਯੋਗਦਾਨ ਬਾਖ਼ੂਬੀ ਪਾਉਂਦਾ ਹੈ।

ਸਾਨੂੰ ਸਭ ਨੂੰ ਮਾਣ ਹੈ ਕਿ ਇਹ ਸਾਡਾ ਯਾਰ ਹੈ....

**ਮਲਵਿੰਦਰ ਪੰਧੇਰ,**

**ਸਿਡਨੀ - ਆਸਟ੍ਰੇਲੀਆ**

# ਛਾਤੀ 'ਤੇ ਨੱਚਦਾ ਕੈਂਗਰੂ

ਇਸ ਕਿਤਾਬ ਬਾਰੇ ਨਹੀਂ ਮੈਂ 'ਮਿੰਟੂ ਬਰਾੜ' ਬਾਰੇ ਦੋ ਗੱਲਾਂ ਕਰਾਂਗਾ। ਕਿਤਾਬ ਬਾਰੇ ਤੁਸੀਂ ਅੰਦਾਜ਼ਾ ਆਪ ਲਾ ਲਿਓ। ਹਾਂ ਇਸ ਤਰ੍ਹਾਂ ਹੋ ਸਕਦਾ ਹੈ ਕਿ ਉਸਦੀ ਗੱਲ ਕਰਦੇ-ਕਰਦੇ ਉਸ ਦੀਆਂ ਲਿਖਤਾਂ ਦੀ ਗੱਲ ਹੋ ਜਾਏ ਕਿਉਂਕਿ ਦੋਂਹੇ ਇਕੋ ਹਨ। ਅਲੱਗ ਬਿਲਕੁਲ ਵੀ ਨਹੀਂ।
ਮਿੰਟੂ ਬਰਾੜ ਇੱਕ ਤੇਜ਼ ਤਰਾਰ, ਤਿੱਖਾ, ਬੇਬਾਕ, ਚਲਾਕ ਅਤੇ ਗੰਜਾ ਦਿੱਖ ਵਾਲਾ ਬੰਦਾ ਹੈ। ਜੋ ਬੜੀ ਆਸਾਨੀ ਨਾਲ ਧੋਖਾ ਖਾ ਜਾਂਦਾ ਹੈ। ਇਹ ਇਸ ਦੀ ਵਫ਼ਾਦਾਰੀ ਹੈ। ਇਹਦੇ ਨਾਲ ਰਹਿੰਦਿਆਂ ਮੈਂ ਇਸ ਦੇ ਮਿੱਤਰਾਂ ਅਤੇ ਵਿਰੋਧੀਆਂ ਤੋਂ ਚੰਗੀ ਤਰ੍ਹਾਂ ਵਾਕਫ਼ ਹਾਂ। ਇਹ ਦੋਨੇਂ ਇਸ ਨੂੰ ਪਾਗਲ ਦੱਸਦੇ। ਮੈਂ ਤੇ ਦਵਿੰਦਰ ਧਾਲੀਵਾਲ (ਸਾਡਾ ਸਾਂਝਾ ਮਿੱਤਰ) ਅਕਸਰ ਗੱਲਾਂ ਕਰਦੇ ਹਾਂ ਕਿ ਬਾਈ ਪੰਗੇ ਲੈਣੋਂ ਨਹੀਂ ਹਟਦਾ। ਇਸ ਕਿਤਾਬ ਵਿਚਲੇ ਬਹੁਤੇ ਲੇਖ ਸਾਡੇ ਸਾਹਮਣੇ ਹੀ ਲਿਖੇ ਗਏ ਹਨ। ਜਦੋਂ ਮਿੰਟੂ ਲਿਖਦਾ ਉਦੋਂ ਇੱਕ ਅਜੀਬ ਸ਼ਕਤੀ ਜਾਂ ਅਸ਼ਕਤੀ ਇਹਦੇ ਚਿਹਰੇ 'ਤੇ ਦੌੜ ਦੀ ਹੈ। ਲੇਖ ਪੜ੍ਹ ਕੇ ਮੈਂ ਸੋਚਦਾ ਹਾਂ ਕਿ ਇਹ ਬੰਦਾ ਲਿਖ ਕੇ ਬੋਲਦਾ ਜਾਂ ਬੋਲ-ਬੋਲ ਕੇ ਲਿਖਦਾ ਹੈ ਕਿਉਂਕਿ ਇਸ ਦੀਆਂ ਲਿਖਤਾਂ ਅਤੇ ਇਸ ਵਿੱਚ ਬੜੀ ਇੱਕਸੁਰਤਾ ਹੈ। ਥਾਂ ਸਿਰ ਪਈਆਂ ਚੀਜ਼ਾਂ।

ਮਿੰਟੂ ਬਰਾੜ ਦੇ ਲੇਖਾਂ ਵਿਚਲੀ 'ਮੈਂ' ਮੈਨੂੰ ਹਮੇਸ਼ਾ ਖੜਕਦੀ ਰਹੀ ਹੈ। ਸ਼ਾਇਦ ਇੱਕ ਵਾਰ ਈਗੋ ਗ੍ਰਸਤ ਲੱਗਣ। ਪਰ ਫਿਰ ਸੋਚਦਾਂ ਹਾਂ ਕਿ ਅੱਜ ਦੇ ਨਕੂਲੇ ਅਤੇ ਪਿੱਠ ਦਿਖਾਉ ਦੌਰ ਅੰਦਰ ਇਸ ਦੀ ਲੋੜ ਵੀ ਹੈ। ਇਸ ਬਾਰੇ ਮੈਂ ਪੂਰਨ ਸਹਿਮਤੀ ਤੋਂ ਬਿਨਾਂ ਸਹਿਮਤ ਹਾਂ। ਪਰ ਇਸ ਕਰਕੇ ਨਹੀਂ ਕਿ ਇਸ ਨੂੰ ਮਿੰਟੂ ਬਰਾੜ ਨੇ ਲਿਖਿਆ। ਸਾਡੇ ਵਿਚਾਲੇ ਕਈ ਮਤਭੇਦ ਹਨ, ਅਸੀਂ ਲੜੇ ਵੀ ਹਾਂ, ਟੁੱਟੇ ਵੀ ਹਾਂ, ਮੁੜ੍ਹਕੇ ਵੀ ਜੁੜੇ ਹਾਂ। ਰਹੇ ਅਸੀਂ ਮਿੱਤਰ ਹੀ।

ਮਿੰਟੂ ਦਾ ਇੱਕ ਡਾਇਲਾਗ ਹੈ, ''ਯਾਰ ਫਲਾਣੇ ਨੂੰ, ਮਿੰਟੂ-ਮਿੰਟੂ ਪੜ੍ਹ ਕੇ, ਸੁਣ ਕੇ ਇਵੇਂ ਲੱਗਾ ਕਿ ਜਿਵੇਂ ਮਿੰਟੂ ਕੋਈ ਜੁਆਕ ਹੋਵੇ। ਅੱਜ ਮਿਲੇ ਤੇ ਵੇਖਿਆ ਮਿੰਟੂ ਤਾਂ ਸਿਰ ਦੇ ਅੱਧੇ ਬਾਲ ਉਡਾਈ ਬੈਠਾ।'' ਇਸ ਤਰ੍ਹਾਂ ਦੇ ਫ਼ਿਕਰਿਆਂ ਨਾਲ ਜਿੱਥੇ ਉਹ ਆਪਣੀ ਗੱਲ ਕਹਿ ਜਾਂਦਾ ਉਥੇ ਆਪਣਾ ਗੰਜ ਵੀ ਕਵਰ ਕਰ ਲੈਂਦਾ। ਇਹ ਮਿੰਟੂ ਬਰਾੜ ਦਾ ਲਹਿਜ਼ਾ ਹੈ। ਸ਼ਰਾਬ ਨਹੀਂ ਪੀਂਦਾ ਪਰ ਸ਼ਰਾਬੀ ਹੋਣ ਦੀ ਐਕਟਿੰਗ ਕਰਦਾ, ਪੈਰ ਲੜਖੜਾਉਂਦਾ, ਮੋਢੇ 'ਚ ਮੋਢਾ ਮਾਰਦਾ, ਕਮਾਨ ਇੱਧਰ ਉੱਧਰ ਘੁਮਾਉਂਦਾ ਪਰ ਤੀਰ ਨਿਸ਼ਾਨੇ ਲਾ ਜਾਂਦਾ ਹੈ।

ਇਹ ਹੈ 'ਕੈਂਗਰੂਨਾਮਾ' ਦਾ ਲੇਖਕ 'ਮਿੰਟੂ ਬਰਾੜ'

**ਸ਼ਿਵਦੀਪ**

**ਐਡੀਟਰ, ਕੂਕਾਬਾਰਾ**

# ਅਦਾਰਾ 'ਦ-ਪੰਜਾਬ' ਵੱਲੋਂ ਵਿਸ਼ੇਸ਼ ਮੁਹਿੰਮ 'ਪੈੱਨ ਆਫ਼ ਦਾ ਈਅਰ'

(ਸੰਨ 2010 'ਚ 'ਪੈੱਨ ਆਫ਼ ਦੀ ਈਅਰ' ਸਨਮਾਨ ਮਿਲਣ ਮੌਕੇ ਮਨਜੀਤ ਬੋਪਾਰਾਏ ਵੱਲੋਂ ਲਿਖਿਆ ਇੱਕ ਲੇਖ)

'ਮੰਜ਼ਿਲ ਸਰ ਕਰਨਾ ਕੋਈ ਖਾਲ੍ਹਾ ਜੀ ਦਾ ਵਾੜਾ ਨਹੀਂ ਹੁੰਦਾ, ਇਸ ਨੂੰ ਹਾਸਲ ਕਰਨ ਲਈ ਲੰਮੇ ਅਤੇ ਪਥਰੀਲੇ ਰਸਤੇ ਤੈਅ ਕਰਨੇ ਪੈਂਦੇ ਹਨ। ਉਹੀ ਲੋਕ ਸਿਖਰ 'ਤੇ ਪਹੁੰਚਦੇ ਹਨ ਜਿਨ੍ਹਾਂ ਦੇ ਦਿਲ ਅੰਦਰ ਕੁਛ ਕਰ-ਗੁਜ਼ਰਨ ਦਾ ਜਜ਼ਬਾ ਹੋਵੇ। ਜਿਸ ਲਈ ਸ਼ਾਇਰ ਨੇ ਬਾਖ਼ੂਬ ਲਿਖਿਆ ਹੈ ਕਿ 'ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ'। ਜੋ ਵਿਅਕਤੀ ਸਿਰੜ ਦਾ ਪੱਕਾ ਹੋਵੇ, ਉਹੀ ਮੁਕਾਮ ਹਾਸਿਲ ਕਰ ਸਕਦਾ ਹੈ। ਅਜਿਹੇ ਲੋਕਾਂ ਦੀ ਗਿਣਤੀ ਭਾਵੇਂ ਥੋੜ੍ਹੀ ਹੁੰਦੀ ਹੈ ਪਰ ਇਹਨਾਂ ਦੇ ਪ੍ਰਸੰਸਕਾਂ ਦੀ ਮਾਤਰਾ ਅਥਾਹ ਹੁੰਦੀ ਹੈ। ਅਜਿਹੇ ਵਿਅਕਤੀਆਂ ਦੀ ਸਿਰੜ ਦਾ ਮੁੱਲ ਪਾਉਣ ਵਾਲੇ ਨੂੰ 'ਕਦਰਦਾਨ' ਕਿਹਾ ਜਾਂਦਾ। ਕਦਰਦਾਨਾਂ ਦੀ ਮਾਲਾ ਵਿੱਚ ਮੋਤੀਆਂ ਦੀ ਕੋਈ ਘਾਟ ਨਹੀਂ ਪਰ ਅਦਾਰਾ 'ਦ-ਪੰਜਾਬ' ਆਪਣਾ ਫ਼ਰਜ਼ ਸਮਝਦਾ ਹੋਇਆ ਹਰ ਸਾਲ ਕੁੱਝ ਇਹੋ ਜਿਹੇ ਕਲਮਧਾਰੀਆਂ ਦੀ ਹੌਂਸਲਾ ਅਫਜ਼ਾਈ ਕਰੇਗਾ, ਜਿਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਚਾਨਣ ਮੁਨਾਰੇ ਦਾ ਕੰਮ ਕੀਤਾ ਹੋਵੇ। ਇਸ ਲਈ ਅਦਾਰਾ 'ਦ-ਪੰਜਾਬ' ਐਸੀਆਂ ਸ਼ਖ਼ਸੀਅਤਾਂ ਨੂੰ ਹਰ ਸਾਲ ਸਨਮਾਨ ਚਿੰਨ੍ਹ ਨਾਲ ਨਿਵਾਜੇਗੀ।

ਅੱਜ ਇਸ ਕਾਰਜ ਦੀ ਸ਼ੁਰੂਆਤ ਅਸੀਂ ਜਿਸ ਇਨਸਾਨ ਤੋਂ ਕਰਨ ਜਾ ਰਹੇ ਹਾਂ ਉਸ ਦਾ ਨਾਂ ਕਿਸੇ ਪਹਿਚਾਣ ਦਾ ਮੁਹਤਾਜ ਨਹੀਂ। ਭਾਵੇਂ ਦੁਨੀਆ ਲਈ ਉਹ ਇੱਕ ਨਿਡਰ ਤੇ ਬੁਲੰਦ ਲੇਖਕ ਵਜੋਂ ਵਿਚਰ ਰਿਹਾ ਹੈ ਪਰ ਅਸੀਂ ਉਸ ਲਿਖਾਰੀ ਦੇ ਕੁੱਝ ਅਜਿਹੇ ਪਹਿਲੂਆਂ ਬਾਰੇ ਪੰਛੀ ਝਾਤ ਪੇਸ਼ ਕਰਾਂਗੇ ਜਿਹੜੀਆਂ ਉਸ ਇਨਸਾਨ ਨੂੰ ਕਾਬਲੀਅਤ ਪੱਖੋਂ ਹੋਰ ਉੱਚਾ ਚੁੱਕਦੀਆਂ ਹਨ। ਉਸ ਦਾ ਪੂਰਾ ਨਾਂ ਗੁਰਸ਼ਮਿੰਦਰ ਸਿੰਘ ਹੈ, ਪਰ ਦੁਨੀਆ ਭਰ ਦੇ ਸਾਹਿਤਕ ਹਲਕਿਆਂ ਵਿੱਚ ਉਹ ਮਿੰਟੂ ਬਰਾੜ ਕਰਕੇ ਜਾਣਿਆ ਜਾਂਦਾ ਹੈ। ਉੱਘੇ ਬਾਗ਼ਬਾਨ ਸਵਰਗੀ ਰਘੁਬੀਰ ਸਿੰਘ ਬਰਾੜ ਤੇ ਇੰਦਰਜੀਤ ਕੌਰ ਦਾ ਇਕਲੌਤੇ ਪੁੱਤਰ ਮਿੰਟੂ ਦਾ ਜੱਦੀ ਪਿੰਡ ਦੇਸੂ ਮਲਕਾਣਾ ਨੇੜੇ ਮੰਡੀ ਕਾਲਾਂਵਾਲੀ ਹੈ। ਜੋ ਅੱਜ ਕਲ ਪੇਸ਼ੇ ਵਜੋਂ ਔਸਟਾਰ (ਫੋਕਸਟੈਲ) ਵਿੱਚ ਸੈਟੇਲਾਈਟ ਇੰਜੀਨੀਅਰ ਦੇ ਤੌਰ 'ਤੇ ਸਾਊਥ ਆਸਟ੍ਰੇਲੀਆ ਵਿੱਚ ਆਪਣੀ ਧਰਮਪਤਨੀ ਖੁਸ਼ਵੰਤਪਾਲ ਕੌਰ ਅਤੇ ਇਕਲੌਤੇ ਪੁੱਤਰ ਅਨਮੋਲਵੀਰ ਸਿੰਘ ਬਰਾੜ ਨਾਲ ਰਹਿ ਰਿਹਾ ਹੈ।

ਆਪਣੀ ਉਮਰ ਦੇ ਚਾਲੀ ਵਰ੍ਹਿਆਂ ਵਿੱਚ ਉਹ ਇਹੋ ਜਿਹੇ ਕਾਰਜ ਕਰੀ ਬੈਠਾ ਹੈ, ਜਿਹੜੇ ਆਪਣੇ ਆਪ ਵਿੱਚ ਇੱਕ ਮਿਸਾਲ ਵੀ ਹਨ ਤੇ ਸੇਧ ਵੀ। ਲਿਖਾਰੀ ਹੋਣਾ ਜਿਸ ਲਈ ਸ਼ੌਕ ਵਾਲੀ ਗੱਲ ਹੈ ਪਰ ਇੱਕ ਨੇਕ ਤੇ ਚੰਗਾ ਸਮਾਜ ਸੇਵੀ ਹੋਣਾ ਮਾਣ ਵਾਲੀ ਗੱਲ। ਤਕਰੀਬਨ 20 ਕੁ ਵਰ੍ਹਿਆਂ ਤੋਂ ਸਮਾਜ ਸੇਵਾ ਨਾਲ ਜੁੜਿਆ ਇਹ ਇਨਸਾਨ ਹੁਣ ਤੱਕ 28 ਵਾਰ ਖ਼ੂਨਦਾਨ ਕਰ ਚੁੱਕਾ ਹੈ। 1994 ਵਿੱਚ ਆਪਣੇ ਇਲਾਕੇ ਵਿੱਚ ਸਭ ਤੋਂ ਪਹਿਲਾਂ ਅੱਖਾਂ ਦਾਨ ਕਰਨ ਦਾ ਪ੍ਰਣ ਕਰਕੇ ਲੋਕਾਂ ਨੂੰ ਪ੍ਰੇਰਨਾ ਕਰਦੇ-ਕਰਦੇ ਇੱਕ ਇਹੋ ਜਿਹਾ ਇਤਿਹਾਸ ਸਿਰਜ ਗਿਆ ਜੋ ਜੱਗ-ਜਾਹਰ ਹੈ। ਅੱਜ ਉਸ ਦੀ ਮੰਡੀ ਕਾਲਾਂਵਾਲੀ ਏਸ਼ੀਆ ਵਿੱਚ ਅੱਖਾਂ ਦਾਨ ਕਰਨ ਦੇ ਮਾਮਲੇ ਵਿੱਚ ਪਹਿਲੇ ਨੰਬਰ 'ਤੇ ਹੈ। ਇਕੱਲਿਆਂ ਅੱਖਾਂ ਹੀ ਨਹੀਂ ਉਸ ਨੇ ਆਪਣਾ ਸਰੀਰ ਵੀ ਦਾਨ ਕਰਨ ਦਾ ਪ੍ਰਣ ਲਿਆ ਹੋਇਆ ਹੈ ਤੇ ਇਸ ਕਾਰਜ

ਨੂੰ ਨੇਪਰੇ ਚਾੜ੍ਹਨ ਲਈ ਸਹਾਰਾ ਵੈੱਲਫੇਅਰ ਕਲੱਬ ਮੰਡੀ ਕਾਲਾਂਵਾਲੀ ਨੂੰ ਸਾਰੇ ਅਧਿਕਾਰ ਦਿੱਤੇ ਹੋਏ ਹਨ। ਜਦੋਂ ਸਹਾਰਾ ਵੈੱਲਫੇਅਰ ਕਲੱਬ ਦਾ ਨਾਂ ਆਇਆ ਹੈ ਤਾਂ ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਹ ਉਹੀ ਕਲੱਬ ਹੈ ਜਿਸ ਦੀ ਚਰਚਾ ਹਰ ਰੋਜ਼ ਅਖ਼ਬਾਰਾਂ 'ਚ ਹੁੰਦੀ ਹੈ। 1996 ਤੋਂ ਲੈ ਕੇ ਹੁਣ ਤੱਕ ਇਹ ਕਲੱਬ 2000 ਤੋਂ ਵੱਧ ਸੜਕ ਹਾਦਸਿਆਂ ਦੇ ਸ਼ਿਕਾਰ ਲੋਕਾਂ ਦੀ ਜਾਨ ਬਚਾਉਣ ਵਿੱਚ ਕਾਮਯਾਬ ਹੋ ਚੁੱਕਿਆ ਹੈ। ਅਣਗਿਣਤ ਖ਼ੂਨਦਾਨ ਕੈਂਪ ਲਾ ਚੁੱਕਿਆ ਹੈ। ਆਪਣੇ ਨੇੜੇ ਦੇ 50 ਪਿੰਡਾਂ ਵਿੱਚ ਲੋਕੀ ਇਸ ਕਲੱਬ ਨੂੰ ਕਿਸੇ ਧਾਰਮਿਕ ਥਾਂ ਜਿਹੀ ਤਰਜੀਹ ਦਿੰਦੇ ਹਨ ਤੇ ਇਸ ਕਲੱਬ ਦੀ ਇਸ ਕਾਮਯਾਬੀ ਵਿੱਚ ਇਸ ਇਨਸਾਨ ਦਾ ਬਹੁਤ ਵੱਡਾ ਯੋਗਦਾਨ ਹੈ ਤੇ ਅੱਜ ਵੀ ਜੇ ਇਸ ਨੂੰ ਸਵਾਲ ਕਰੀਏ ਕਿ ਵਿਦੇਸ਼ ਵਿੱਚ ਆ ਕੇ ਸਭ ਤੋਂ ਜ਼ਿਆਦਾ ਕਿਸ ਨੂੰ ਯਾਦ ਕਰਦੇ ਹੋ ਤਾਂ ਉਸ ਦਾ ਇਕੋ ਇੱਕ ਜਵਾਬ ਇਹ ਹੁੰਦਾ ਹੈ ਕਿ ਮੈਨੂੰ ਘਰ ਛੱਡਣ ਦਾ ਦੁੱਖ ਘੱਟ ਤੇ ਸਹਾਰਾ ਕਲੱਬ ਤੋਂ ਦੂਰ ਹੋਣ ਦਾ ਦੁੱਖ ਵੱਧ ਹੈ ਭਾਵੇਂ ਅੱਜ ਵੀ ਉਹ ਆਸਟ੍ਰੇਲੀਆ ਬੈਠਾ ਕਿਸੇ ਨਾ ਕਿਸੇ ਰੂਪ 'ਚ ਸਹਾਰਾ ਲਈ ਆਪਣਾ ਫ਼ਰਜ਼ ਨਿਭਾ ਰਿਹਾ ਪਰ ਫੇਰ ਵੀ ਉਸ ਨੂੰ ਤਨ ਦੀ ਸੇਵਾ ਨਾ ਕਰ ਸਕਣ ਦਾ ਮਲਾਲ ਹੈ। ਪਿਛਲੇ 2 ਸਾਲ ਤੋਂ ਰਿਵਰਲੈਂਡ ਸਿੰਘ ਸੁਸਾਇਟੀ ਦੇ ਮੈਂਬਰ ਦੇ ਤੌਰ 'ਤੇ ਸੇਵਾ ਨਿਭਾ ਰਿਹਾ ਮਿੰਟੂ ਧਰਮ ਦੇ ਨਾਲ-ਨਾਲ ਸਪੋਰਟਸ ਲਈ ਸਮਾਂ ਕੱਢਦਾ ਹੈ। ਫੁੱਟਬਾਲ ਦੇ ਇੱਕ ਚੰਗੇ ਖਿਡਾਰੀ ਦੇ ਤੌਰ 'ਤੇ ਉਹ ਕਾਫ਼ੀ ਨਾਮਣਾ ਖਟ ਚੁੱਕਿਆ ਹੈ। ਹੁਣ ਤੱਕ ਉਹ ਅਣਗਿਣਤ ਥਾਂਵਾਂ 'ਤੇ ਸਨਮਾਨ ਹਾਸਿਲ ਕਰ ਚੁੱਕਿਆ ਹੈ। ਪਰ ਉਸ ਲਈ ਹੁਣ ਤੱਕ ਦਾ ਸਭ ਤੋਂ ਵਡਾ ਸਨਮਾਨ ਲੋਕਾਂ ਵੱਲੋਂ ਦਿੱਤੇ 'ਯਾਰਾਂ ਦਾ ਯਾਰ' ਟਾਈਟਲ ਨੂੰ ਮੰਨਦਾ ਹੈ। ਹੁਣ ਤੱਕ ਉਹ ਦੁਨੀਆ ਭਰ ਦੇ ਬਹੁਤ ਸਾਰੇ ਟੀ.ਵੀ. ਅਤੇ ਰੇਡੀਓ ਸਟੇਸ਼ਨ ਤੇ ਟਾਕ ਸ਼ੋਅ ਵਿੱਚ ਹਿੱਸਾ ਲੈ ਚੁੱਕਿਆ ਹੈ।

1983 ਵਿੱਚ ਮਹਿਜ਼ ਸਾਢੇ ਤੇਰ੍ਹਾਂ ਸਾਲ ਦੀ ਉਮਰ ਵਿੱਚ ਕਾਲਜ ਜਾਣ ਤੋਂ ਲੈ ਕੇ ਅੱਜ ਤੱਕ ਉਹ ਕਿਸੇ ਨਾ ਕਿਸੇ ਰੂਪ ਵਿੱਚ ਪੜ੍ਹਾਈ ਨਾਲ ਜੁੜਿਆ ਰਿਹਾ ਹੈ। ਜਿਸ ਦਾ ਸਬੂਤ ਉਸ ਕੋਲ ਪਏ ਸਰਟੀਫਿਕੇਟ ਦਿੰਦੇ ਹਨ। ਉਹ ਪੰਜਾਬੀਅਤ 'ਤੇ ਡਾਕਟਰੇਟ ਕਰਨ ਦੀ ਤਮੰਨਾ ਰੱਖਦਾ ਤੇ ਉਸ ਦਾ ਸਿਰੜ ਛੇਤੀ ਹੀ ਉਸ ਮੂਹਰੇ ਡਾਕਟਰ ਲਿਖਵਾਉਣ ਵਿੱਚ ਕਾਮਯਾਬ ਹੋ ਜਾਵੇਗਾ।

1987 ਵਿੱਚ ਪਹਿਲੀ ਵਾਰ ਇੱਕ ਮੈਗਜ਼ੀਨ ਤੋਂ ਸ਼ੁਰੂ ਹੋਇਆ ਉਸ ਦਾ ਲਿਖਣ ਦਾ ਸਫ਼ਰ ਹਾਲੇ ਤਕ ਨਿਰਵਿਘਨ ਜਾਰੀ ਹੈ। ਉਸ ਦੀ ਲੇਖਣੀ ਦੀ ਇੱਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਉਹ ਦਲੀਲ ਰਹਿਤ ਗੱਲ ਲਿਖਣ ਤੋਂ ਗੁਰੇਜ਼ ਕਰਦਾ ਹੈ। ਉਸ ਦੇ ਲੇਖ ਆਉਣ ਵਾਲੇ ਕੱਲ੍ਹ ਦੀਆਂ ਸਮੱਸਿਆਵਾਂ ਤੋਂ ਸੁਚੇਤ ਕਰਨ ਦਾ ਸੁਨੇਹਾ ਜਾਪਦੇ ਹਨ। ਉਸ ਦੇ ਲੇਖ ਦੁਨੀਆ ਭਰ ਵਿੱਚ ਛਪਦੇ ਹਨ ਤੇ ਉਸ ਦੀ ਇੱਕ ਪ੍ਰਾਪਤੀ ਇਹ ਵੀ ਹੈ ਕਿ ਇੰਡੀਆ ਵਿੱਚ ਉਸ ਦੇ ਬਹੁਤ ਸਾਰੇ ਲੇਖ 14 ਭਾਸ਼ਾਵਾਂ ਵਿੱਚ ਛਪ ਚੁੱਕੇ ਹਨ ਤੇ ਪਾਕਿਸਤਾਨ ਵਿੱਚ ਸ਼ਾਹਮੁਖੀ ਵਿੱਚ ਵੀ ਉਸ ਦੇ ਲੇਖ ਪੜ੍ਹੇ ਜਾ ਸਕਦੇ ਹਨ। ਮਿੰਟੂ ਵੱਲੋਂ ਛੇਤੀ ਹੀ ਸਾਹਿੱਤਿਕ ਜਗਤ ਨੂੰ ਇੱਕ ਕਿਤਾਬ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਅਗਲੇ ਸਾਲ ਲਈ ਉਸ ਦਾ ਆਸਟ੍ਰੇਲੀਆ ਵਿੱਚ ਪੰਜਾਬੀ ਭਾਸ਼ਾ ਲਈ ਇੱਕ ਵਿਸ਼ੇਸ਼ ਟੀਚਾ ਹੈ। ਉਹ ਇਸ ਤਹਿਤ ਆਸਟ੍ਰੇਲੀਆ ਵਸਦੇ ਹਰ ਪੰਜਾਬੀ ਦੇ ਘਰ ਇੱਕ ਵਿਸ਼ੇਸ਼ ਪੰਜਾਬੀ ਕਾਇਦਾ ਪਹੁੰਚਾਉਣਾ ਚਾਹੁੰਦਾ ਹੈ ਜਿਸ ਨਾਲ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਿਆ ਜਾ ਸਕੇ।

ਜੇ ਹੁਣ ਸਿਆਸਤ ਬਾਰੇ ਝਾਤ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਮਿੰਟੂ ਨੇ 1991 ਤੋਂ ਲੈ ਕੇ

2003 ਤੱਕ ਪੰਜਾਬ ਦੀ ਸਿਆਸਤ ਨੂੰ ਨੇੜੇ ਤੋਂ ਤੱਕਿਆ। ਪਰ ਉਸ ਸਫ਼ਰ ਨੂੰ ਅੱਧ ਵਿਚਾਲੇ ਛੱਡ ਆਉਣ ਦਾ ਕਾਰਨ ਉਹ ਸਿਆਸਤ ਦੇ ਅਸਲੀ ਚਿਹਰੇ ਦੇ ਦਰਸ਼ਨਾਂ ਨੂੰ ਦਿੰਦਾ ਹੈ। ਉਸ ਦਾ ਕਹਿਣਾ ਹੈ ਕਿ ਸਿਆਸਤ ਵਿੱਚ ਜੋ ਸਾਨੂੰ ਉੱਪਰੋਂ ਦਿਖਾਈ ਦੇ ਰਿਹਾ ਹੁੰਦਾ ਉਹ ਅੰਦਰੋਂ ਅਜਿਹਾ ਨਹੀਂ ਹੁੰਦਾ। ਉਸ ਦਾ ਕਹਿਣਾ ਕੇ ਉਹ ਚੌਧਰ ਪਿੱਛੇ ਆਪਣੇ ਜਜ਼ਬਾਤ ਕਤਲ ਨਹੀਂ ਕਰਵਾ ਸਕਦਾ ਇਸੇ ਲਈ ਸਿਆਸਤ ਨੂੰ ਦੂਰ ਦਾ ਸਲਾਮ ਹੀ ਠੀਕ। ਉਸ ਦੀਆਂ ਪ੍ਰਾਪਤੀਆਂ ਲਿਖਣ ਲਈ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ।

ਇਹ ਅਦਾਰਾ ‘ਦ-ਪੰਜਾਬ’ ਦੀ ਖ਼ੁਸ਼ਕਿਸਮਤੀ ਹੈ ਕਿ ‘ਰਾਣੀ ਨੂੰ ਅੱਗਾ ਢੱਕਣ ਲਈ’ ਕਹਿਣ ਦੀ ਜੁਰੱਅਤ ਰੱਖਣ ਵਾਲਾ ਇਹ ਲੇਖਕ ‘ਦ-ਪੰਜਾਬ’ ਨਾਲ ਮੁੱਢ ਤੋਂ ਜੁੜਿਆ ਹੋਇਆ ਹੈ ਤੇ ਉਸ ਦਾ ਹਰ ਇੱਕ ਲੇਖ ਸਭ ਤੋਂ ਪਹਿਲਾਂ ‘ਦ ਪੰਜਾਬ’ ਦੀ ਸ਼ੋਭਾ ਬਣਦਾ ਹੈ। ਅਸੀਂ ਆਪਣੀ ਇਸ ਨਿਮਾਣੀ ਜਿਹੀ ਕੋਸ਼ਿਸ਼ ਨਾਲ ਇਸ ਸਿਰੜੀ ਇਨਸਾਨ ਨੂੰ ਸਲੂਟ ਕਰਦੇ ਹਾਂ ਅਤੇ ਉਸ ਨੂੰ ਇੱਕ ਲਿਖਾਰੀ ਦੇ ਤੌਰ ਤੇ ‘ਪੈੱਨ ਆਫ਼ ਦਾ ਈਅਰ’ ਦਾ ਐਵਾਰਡ ਦੇਣ ‘ਚ ਮਾਣ ਮਹਿਸੂਸ ਕਰਦੇ ਹਾਂ।

ਮਨਜੀਤ ਸਿੰਘ ਬੋਪਾਰਾਏ

ਐਡੀਟਰ ‘ਦ-ਪੰਜਾਬ’



# ਮਿੰਟੂ ਬਰਾੜ
## ਆਸਟ੍ਰੇਲੀਆ

ਬਚਪਨ ਤੋਂ ਜਿਹੜੇ ਇਕ ਸੁਫ਼ਨੇ ਨੇ ਮੈਨੂੰ ਕਦੇ ਚੰਗੀ ਤਰਾਂ ਸੌਣ ਨਹੀਂ ਦਿੱਤਾ ਉਹ ਹੈ: ਕਿਤਾਬ ਲਿਖਣ ਦਾ ਸੁਫ਼ਨਾ। ਚੰਗੀ ਤਰਾਂ ਤਾਂ ਯਾਦ ਨਹੀਂ ਪਰ ਜੋ ਕੁਝ ਗੱਲਾਂ ਚੇਤੇ ਆ ਰਹੀਆਂ ਹਨ ਉਨਾਂ ਚੋਂ ਇਕ ਗੱਲ ਜੋ ਮੈਂ ਅਕਸਰ ਆਪਣੇ ਬਚਪਨ ਦੇ ਸਾਥੀ ਤੇ ਭੂਆ ਦੇ ਪੁੱਤ ਖ਼ੁਸ਼ਦੀਪ ਸਿੰਘ ਚੱਠੇ ਨਾਲ ਸਾਂਝੀ ਕਰਦਾ ਹੁੰਦਾ ਸੀ ਉਹ ਇਹ ਸੀ, ਕਿ ਜ਼ਿੰਦਗੀ 'ਚ ਇਕ ਕਿਤਾਬ ਜ਼ਰੂਰ ਲਿਖਾਂਗਾ ਭਾਵੇਂ ਮੇਰੀ ਉਸ ਕਿਤਾਬ ਦੀ ਇਕੋ ਕਾਪੀ ਛਪੇ ਤੇ ਭਾਵੇਂ ਇਕੋ ਪਾਠਕ ਪੜ੍ਹੇ। ਬੱਸ ਇਸ ਸੁਫ਼ਨੇ ਨੇ ਲਿਖਣ ਲਾ ਦਿੱਤਾ। ਭਾਵੇਂ ਅੱਜ ਤੱਕ ਲਿਖਾਰੀ ਦੇ ਅੱਖਰੀ ਅਰਥ ਤਕ ਨਹੀਂ ਸਮਝ ਸਕਿਆ। ਪਰ ਇਸ ਸਮੁੰਦਰ ਚੋਂ ਲੰਮੇ ਚਿਰ ਤੋਂ ਉਹ ਹਰਫ਼ ਭਾਲਦੇ ਫਿਰਦੇ ਨੇ ਕੁਝ ਅੱਖਰ ਇਕੱਠੇ ਕੀਤੇ, ਕੁਝ ਅਖ਼ਬਾਰਾਂ ਰਸਾਲੀਆਂ ਨੇ ਆਪਣੀ ਸੋਨੇ ਦੀ ਥਾਲ਼ੀ 'ਚ ਚੰਗੀ ਪਕਵਾਨਾਂ ਨਾਲ ਮੇਰੇ ਤੁੱਕਿਆਂ ਦੇ ਆਚਾਰ ਜਿਹੇ ਲੇਖਾਂ ਨੂੰ ਥਾਂ ਦਿੱਤੀ। ਜਿਸ ਨੇ ਇਸ ਗਹਿਰੇ ਤੇ ਅਥਾਹ ਸਮੁੰਦਰ 'ਚ ਹੋਰ ਡੂੱਬਣ ਲਈ ਪ੍ਰੇਰਿਆ। ਕੁਝ ਸੱਜਣਾਂ ਨੇ ਸਲਾਹ ਦਿੱਤੀ ਕਿ ਆਪਣੀ ਇਸ ਅਣਘੜਤ ਮਹਿਨਤ ਨੂੰ ਇਕ ਲੜੀ 'ਚ ਪਰੋ ਲੈ, ਮਤਲਬ ਕਿਤਾਬ ਛਪਵਾ ਲੈ। ਇਕ ਵਾਰ ਇੰਞ ਲੱਗਿਆ ਕਿ ਸ਼ਾਇਦ ਬਚਪਨ ਵਾਲਾ ਸੁਫ਼ਨਾ ਪੂਰਾ ਹੋਣ ਜਾ ਰਿਹਾ। ਪਰ ਜਦੋਂ ਆਪਣੇ ਇਕਠੇ ਕੀਤੇ ਇਹਨਾਂ ਅੱਖਰਾਂ ਤੇ ਝਾਤ ਮਾਰੀ ਤਾਂ ਆਪਣੇ ਬਚਪਣੇ ਤੇ ਹਾਸਾ ਆਇਆ। ਪਰ ਫੇਰ ਸੋਚਿਆ ਕਿ ਜੋ ਕਿਤਾਬ ਲਿਖਣ ਦੇ ਤੂੰ ਸੁਫ਼ਨੇ ਲੈਂਦਾ ਸੀ, ਇਹ ਉਹ ਕਿਤਾਬ ਨਹੀਂ ਹੈ। ਪਰ ਫੇਰ ਵੀ ਜੇ ਆਪਣੇ ਸੁਫ਼ਨਿਆਂ ਦੀ ਉਸ ਕਿਤਾਬ ਤਕ ਪਹੁੰਚਣਾ ਹੈ ਤਾਂ ਇਸ ਪਹਿਲੀ ਪਉੜੀ ਰੂਪੀ ਕਿਤਾਬ "ਕੈਂਗਰੂਨਾਮਾ" ਨੂੰ ਤਾਂ ਹੋਂਦ 'ਚ ਲਿਆਉਣਾ ਹੀ ਪੈਣਾ ਹੈ। ਬੱਸ ਅੰਗਰੇਜ਼ੀ ਦੀ ਕਹਾਵਤ 'ਪਰੈਕਟਿਸ ਮੇਕਸ ਏ ਮੈਨ ਪਰਫੈਕਟ' ਦੇ ਫ਼ਾਰਮੂਲੇ ਤੇ ਚੱਲਦੀਆਂ। ਇਸ ਕਿਤਾਬ ਨੂੰ ਛਪਵਾਉਣ ਦਾ ਹੌਸਲਾ ਕਰ ਲਿਆ। ਇਕ ਲਿਖਾਰੀ ਦੇ ਤੌਰ ਤੇ ਹਾਲੇ ਬਚਪਣਾ ਹੰਢਾ ਰਹੇ ਤੋਂ ਇਸ ਕਿਤਾਬ 'ਚ ਬਹੁਤ ਸਾਰੇ ਬਚਪਣੇ ਹੋਏ ਹੋਣਗੇ। ਉਮੀਦ ਕਰਦਾ ਹਾਂ ਕੀ ਪਾਠਕ ਮੇਰੀ ਪਹਿਲੀ ਕੋਸ਼ਿਸ਼ ਦੀਆਂ ਗ਼ਲਤੀਆਂ ਨੂੰ ਅੱਖੋਂ ਓਹਲੇ ਨਾ ਕਰਕੇ ਮੈਨੂੰ ਉਨਾਂ ਤੋਂ ਜਾਣੂ ਕਰਵਾਉਣਗੇ ਤਾਂ ਕੀ ਮੈਂ ਆਪਣੇ ਸੁਫ਼ਨੇ ਨੂੰ ਸਾਕਾਰ ਕਰ ਸਕਾਂ ਤੇ ਇਕ ਦਿਨ ਸਦਾ ਲਈ ਸੁੱਖ ਦੀ ਨੀਂਦ ਸੌਂ ਸਕਾਂ ।

ਤਸਵੀਰ ਪ੍ਰਕਾਸ਼ਨ, ਕਾਲਾਂਵਾਲੀ
ਜ਼ਿਲ੍ਹਾ ਸਿਰਸਾ (ਹਰਿਆਣਾ)